# "ਗੁਰਮਤਿ ਸੇਵਾ ਦੇ ਅਧਿਆਤਮਕ ਸਰੋਕਾਰ:- ਇਕ ਵਿਸ਼ਲੇਸ਼ਣ"

## (ਗੁਰਬਾਣੀ ਅਤੇ ਇਤਿਹਾਸ ਅਨੁਸਾਰ)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਮਾਜਿਕ ਵਿਗਿਆਨ

ਫ਼ੈਕਲਟੀ ਅਧੀਨ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਵਿਚ

ਪੀਐਚ.ਡੀ ਦੀ ਉਪਾਧੀ ਲਈ ਪੇਸ਼ ਕੀਤਾ

**ਖੋਜ-ਪ੍ਰਬੰਧ**

2022


**ਖੋਜਾਰਥੀ:**

**ਅਰਸ਼ਵੀਰ ਸਿੰਘ**

***ਨਿਗਰਾਨ***

**ਡਾ. ਕੰਵਰਜੀਤ ਸਿੰਘ**

ਰਿਟਾਇਰਡ ਪ੍ਰਿੰਸੀਪਲ

ਗੁਰਮਤਿ ਕਾਲਜ, ਪਟਿਆਲਾ


**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

Scanned by Scanner Go

## ਅਧਿਆਇ ਪਹਿਲਾ

# ਸੇਵਾ: ਅਰਥ, ਪਰਿਭਾਸ਼ਾ ਤੇ ਸਰੂਪ

ਸੇਵਾ ਦਾ ਮਹੱਤਵ ਸਾਰੇ ਧਰਮਾਂ ਵਿਚ ਪ੍ਰਵਾਨ ਕੀਤਾ ਹੋਇਆ ਹੈ। ਸਮਾਜ ਵਿਚ ਸੇਵਾ ਮਜ਼ਬੂਰ ਤੇ ਨਿਮਾਣੇ ਵਿਅਕਤੀ ਦੁਆਰਾ ਆਪਣੇ ਮਾਲਕ ਲਈ ਕੀਤਾ ਗਿਆ ਕੰਮ ਸੀ। ਉਹ ਆਪਣੇ ਮਾਲਕ ਦੀ ਸੰਪੱਤੀ ਹੁੰਦੇ ਸਨ ਤੇ ਉਹਨਾਂ ਨੂੰ ਮਾਲਕ ਦੀ ਦਿਨ-ਰਾਤ ਸੇਵਾ ਕਰਨ ਤੋਂ ਬਿਨ੍ਹਾਂ ਹੋਰ ਕੋਈ ਕੰਮ ਨਹੀਂ ਹੁੰਦਾ ਸੀ। ਵਰਣ ਵਿਵਸਥਾ ਅਨੁਸਾਰ ਇਹਨਾਂ ਵਿਅਕਤੀਆਂ (ਸ਼ੂਦਰਾਂ) ਨੂੰ ਸਭ ਤੋਂ ਨੀਵੀਂ ਥਾਂ ’ਤੇ ਬੈਠਾਇਆ ਜਾਂਦਾ ਸੀ ਤੇ ਇਹਨਾਂ ਨੂੰ ਖਾਣ ਲਈ ਜੂਠਾ ਭੋਜਨ ਦਿਤਾ ਜਾਂਦਾ ਸੀ। ਗੁਰਮਤਿ ਅਨੁਸਾਰ ਸੇਵਾ ਵਖਰਾ ਜੀਵਨ ਜੀਉਣ ਦੀ ਕਲਾ ਹੈ। ਗੁਰੂ ਸਾਹਿਬ ਨੇ ਜਿਥੇ ਅਨੇਕਾਂ ਸੰਕਲਪਾਂ ਦੀ ਪੁਨਰ-ਸਿਰਜਣਾ ਕੀਤੀ, ਉਥੇ ਹੀ ਗੁਰੂ ਸਾਹਿਬ ਨੇ ਸੇਵਾ ਦੇ ਸੰਕਲਪ ਦਾ ਨਵੀਨ ਸਰੂਪ ਪਰਿਭਾਸ਼ਿਤ ਕੀਤਾ। ਗੁਰਮਤਿ ਸੇਵਾ ਵਿਚ ਦਰਜਾਬੰਦੀ ਨਹੀਂ ਹੈ ਅਤੇ ਨਾ ਹੀ ਕਿਸੇ ਵਰਗ ਦਾ ਵਖਰੇਵਾਂ ਹੈ। ਗੁਰੂ ਸਾਹਿਬ ਨੇ ਸੇਵਾ ਨੂੰ ਅਧਿਆਤਮਕ ਉਨਤੀ ਦਾ ਪੜਾਅ ਨਿਸ਼ਚਿਤ ਕੀਤਾ ਹੈ, ਜਿਸ ਰਾਹੀਂ ਮਨੁਖੀ ਮੈਂ (ਹਉਮੈ), ਤੂੰ (ਪੂਰਨ ਸਮਰਪਣ) ਵਿਚ ਤਬਦੀਲ ਹੋ ਜਾਂਦੀ ਹੈ। ਜਿਸ ਨਾਲ ਸੇਵਕ ਨੂੰ ਗੁਰੂ ਦੀ ਸੇਵਾ ਕਰਦਿਆਂ ਅਕਾਲ ਪੁਰਖ ਨਾਲ ਅਭੇਦ ਹੋਣ ਦਾ ਸਾਧਨ ਮਿਲਦਾ ਹੈ।

ਸੰਸਾਰ ਦੇ ਧਰਮ ਗ੍ਰੰਥਾਂ ਵਿਚ ‘ਸੇਵਾ’ ਦਾ ਸੰਕਲਪ ਮਿਲਦਾ ਹੈ, ਜੇਕਰ ਇਸ ਦੇ ਸ਼ਾਬਦਿਕ ਅਰਥਾਂ ਦੀ ਗਲ ਕਰੀਏ ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ “ਸੇਵਾ ਤੋਂ ਭਾਵ ਟਹਿਲ, ਖਿਦਮਤ; ਪੂਜਾ, ਬੰਦਗੀ; ਵਰਤੋਂ, ਪ੍ਰਯੋਗ, ਉਪਯੋਗ; ਆਸਰਾ, ਮਦਦ, ਸਹਾਰਾ; ਚਾਪਲੂਸੀ ਹੈ।”[1] ਵਿਵਹਾਰਿਕ ਹਿੰਦੀ ਵਿਆਕਰਣ ਕੋਸ਼ ਅਨੁਸਾਰ “ਸੇਵਾ ਸ਼ਬਦ ਸੰਸਕ੍ਰਿਤ ਭਾਸ਼ਾ ਤੋਂ ਨਿਕਲਿਆ ਹੈ, ਜਿਸ ਦਾ ਮੂਲ ਸੇਤ+ਅਡ+ਯਮ ਹੈ। ਇਸ ਵਿਚ ਸੇਵਾ ਦੇ ਅਰਥ ਕਿਸੇ ਨੂੰ ਸੁਖ ਪਹੁੰਚਾਉਣ ਲਈ ਕੀਤਾ ਗਿਆ ਕੰਮ ਜਾਂ ਧਾਰਮਿਕ ਵਿਚਾਰਾਂ ਨਾਲ ਈਸ਼ਵਰ, ਦੇਵਤਾ ਆਦਿ ਦੀ

---

[1] ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 1048.

ਪੂਜਾ ਕਰਨੀ ਹੈ।"[2] ਸਿੰਧੀ ਭਾਸ਼ਾ ਵਿਚ ਸੇਵਾ ਦਾ ਉਚਾਰਨ 'ਸ਼ੇਵਾ" ਹੈ, ਜਿਸਦਾ ਅਰਥ ਪੂਜਾ ਭੇਂਟਾ ਹੈ। ਉਰਦੂ, ਫਾਰਸੀ, ਅਰਬੀ ਆਦਿ ਬੋਲੀਆਂ ਵਿਚ ਸੇਵਾ ਨੂੰ ਨੌਕਰੀ, ਚਾਕਰੀ, ਕਾਮ (ਫਾਰਸੀ), ਖਿਦਮਤ (ਅਰਬੀ) ਦੇ ਸਮਤੋਲ ਮਾਪਿਆ ਹੈ। ਭਾਈ ਕਾਨ੍ਹ ਸਿੰਘ ਨਾਭਾ ਸੇਵਾ ਦਾ ਅਰਥ ਖਿਦਮਤ ਅਤੇ ਉਪਾਸਨਾ ਵੀ ਦਸਦੇ ਹਨ।[3] ਪੰਡਿਤ ਤਾਰਾ ਸਿੰਘ ਨਰੋਤਮ ਅਨੁਸਾਰ "ਸੇਵਾ ਸੰ. ਟਹਲ, ਖਿਜਮਤ, ਯਥਾ: ਗੁਰ ਕੀ ਸੇਵਾ ਗੁਰ ਭਗਤਿ ਹੈ। ਪਖਾ, ਪਾਨੀ, ਚਰਣ ਚਾਪਨਾਦਿ ਗੁਰੋਂ ਕੀ ਸੇਵਾ ਕਰਨੀ ਹੀ ਗੁਰੁ ਭਗਤੀ ਕਹਾਤੀ ਹੈ।"[4] ਪੰਜਾਬੀ ਭਾਸ਼ਾ ਦੇ ਨਿਰੁਕਤ ਕੋਸ਼ ਅਨੁਸਾਰ "ਸੇਵਾ ਸ਼ਬਦ ਦੇ ਅਰਥ ਸੇਵਣਾ ਸੇਵਾ ਕਰਨਾ, ਭਗਤੀ ਕਰਨਾ; ਦਾ ਪ੍ਰਯੋਗ ਕਰਨਾ; ਪਾਲੀ ਸੇਵ, ਸੇਵਨ ਕਰਨਾ; ਸਿੰਧੀ ਸੇਵਣੁ, ਸੇਵਾ ਕਰਨਾ, ਸੰਸ.Sev, ਸੇਵਾ ਕਰਨਾ; ਸੇਵਨ ਕਰਨਾ ਹਨ।"[5] ਪ੍ਰੋ. ਹਰਬੰਸ ਸਿੰਘ ਅਨੁਸਾਰ 'ਸੇਵਾ' ਸ਼ਬਦ ਦੇ ਅਰਥ ਦਸਦੇ ਹਨ ਕਿ "ਸੇਵਾ ਦੇ ਦੋ ਵਖ-ਵਖ ਅਰਥ ਹਨ; ਇਕ ਦਾ ਅਰਥ ਹੈ ਸੇਵਾ ਕਰਨਾ, ਹਾਜ਼ਰੀ ਭਰਨਾ, ਆਗਿਆਕਾਰੀ ਕਰਨਾ ਅਤੇ ਦੂਜਾ ਪੂਜਾ, ਸਤਿਕਾਰ, ਸ਼ਰਧਾਂਜਲੀ ਭੇਂਟ ਕਰਨਾ ਹੈ।"[6]

ਫ਼ਾਰਸੀ ਬੋਲੀ ਵਿਚ "ਟਹਲ, ਸੇਵਾ, ਚਾਕਰੀ ਨੂੰ ਖਿਦਮਤ ਕਹਿੰਦੇ ਹਨ; ਖਿਦਮਤ ਕਰਨ ਵਾਲੇ ਨੂੰ ਖਿਦਮਤ-ਗੁਜ਼ਾਰ ਜਾਂ ਖਾਦਮ ਅਤੇ ਜਿਸਦੀ ਖਿਦਮਤ ਕੀਤੀ ਜਾਵੇ ਉਸਨੂੰ ਮਖਦੂਮ ਕਿਹਾ ਜਾਂਦਾ ਹੈ। ਇਹ ਆਜ਼ੂਮ ਦਾ ਅਸੂਲ ਹੈ ਕਿ ਜਿਸਨੇ ਖਿਦਮਤ ਕੀਤੀ, ਸਿਰਫ ਉਹ ਹੀ ਮਖਦੂਮ ਬਣ ਸਕੇਗਾ ਅਤੇ ਜਿਸਨੇ ਆਪਣੇ

---

[2] ਤਨ ਸੁਖ ਰਾਮ (ਸੰਪਾ.), *ਵਿਵਹਾਰਿਕ ਹਿੰਦੀ ਵਿਆਕਰਣ ਕੋਸ਼,* ਹਿੰਦੀ ਪੁਸਤਕ ਭਵਨ, ਦਿੱਲੀ, 1961, ਪੰਨਾ 207.

[3] ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1994, ਪੰਨਾ 228.

[4] ਪੰਡਿਤ ਤਾਰਾ ਸਿੰਘ ਨਰੋਤਮ, *ਗੁਰੁ ਗਿਰਾਰਥ ਕੋਸ਼* (ਜਿਲਦ ਪਹਿਲੀ), ਸੰਪਾ., ਹਰਭਜਨ ਸਿੰਘ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ 108.

[5] ਜੀ. ਐਸ. ਰਿਆਲ (ਸੰਪਾ.), *ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006, ਪੰਨਾ 140.

[6] Harbans Singh (ed.), *The Encyclopaedia of Sikhism* (vol. iv), Publications Bureau Punjabi University, Patiala, Page 84.

"SEVA from Sanskrit root Sev (to serve, wait or attend upon, honour or worship), is usually translated as "Service or Serving" which commonly relates to work paid for, but does not convey the sense in which the term is used in Sikh tradition. The word Seva has infact, had two distinict connotations; one it means to serve, to attend to, to render obedience to, and the second to worship, to adore, to reverence, to pay homage to."

ਆਪ ਨੂੰ ਹੀ ਦੇਖਿਆ ਭਾਵ ਅਣਪਤ ਤਿਆਗ ਕੇ ਖਿਦਮਤ ਨਹੀਂ ਕੀਤੀ, ਉਹ ਮਹਿਰੂਮ ਖਾਲੀ ਦਾ ਖਾਲੀ ਰਹਿ ਜਾਵੇਗਾ।"[7] ਡਾ. ਰਤਨ ਸਿੰਘ ਜਗੀ ਅਨੁਸਾਰ "ਸੇਵਾ ਸ਼ਬਦ ਸੰਸਕ੍ਰਿਤ ਦੇ ਸੇਵ ਅਥਵਾ ਸਿਵ ਧਾਤੂ ਤੋਂ ਵਿਉਂਤਪਨ ਹੈ ਅਤੇ ਇਸਦਾ ਸ਼ਾਬਦਿਕ ਅਰਥ ਟਹਿਲ ਜਾਂ ਖਿਦਮਤ ਹੈ। ਫ਼ਾਰਸੀ ਵਿਚ ਸੇਵਾ ਸ਼ਬਦ ਨੂੰ 'ਸੇਵਹ' ਕਹਿੰਦੇ ਹਨ ਤੇ ਇਸਦਾ ਅਰਥ ਹੈ: ਤਰੀਕਾ ਅਥਵਾ ਕਾਇਦਾ। ਸੇਵਾ ਨੂੰ ਆਦਤ ਅਤੇ ਸੁਭਾਅ ਦੇ ਅਰਥਾਂ ਵਿਚ ਵੀ ਲਿਆ ਜਾਂਦਾ ਹੈ। ਸਿੰਧੀ ਭਾਸ਼ਾ ਵਿਚ ਸੇਵਾ ਦਾ ਉਚਾਰਣ 'ਸ਼ੇਵਾ' ਹੈ ਅਤੇ ਇਸਦਾ ਭਾਵ ਪੂਜਾ ਅਤੇ ਭੇਂਟਾ ਤੋਂ ਹੈ।"[8] ਪ੍ਰਿ. ਹਰਭਜਨ ਸਿੰਘ ਅਨੁਸਾਰ ਸੇਵਾ ਤੋਂ ਭਾਵ ਹੈ "ਕਿਸੇ ਦਾ ਤਨ, ਮਨ, ਧਨ ਕਰਕੇ ਸਰੀਰਕ, ਮਾਨਸਿਕ, ਅਧਿਆਤਮਕ ਦੁਖ ਦਰਦ ਅਥਵਾ ਸੰਤਾਪ ਦੂਰ ਕਰਨਾ ਅਤੇ ਉਸਨੂੰ ਰਾਹਤ ਪਹੁੰਚਾਉਣੀ ਹੀ ਸੇਵਾ ਹੈ।"[9] ਪ੍ਰੋ. ਗੁਲਵੰਤ ਸਿੰਘ ਅਨੁਸਾਰ "ਸੇਵਾ 'ਸੇਵ' ਧਾਤੂ ਤੋਂ ਬਣਿਆ ਸ਼ਬਦ ਹੈ ਜਿਸਦਾ ਅਰਥ ਹੈ ਉਪਾਸਨਾ, ਉਪਕਾਰ ਅਤੇ ਟਹਿਲ। ਗੁਰਮਤਿ ਇਕ ਆਸਥਾਪੂਰਣ ਧਰਮ-ਵਿਵਸਥਾ ਹੈ, ਜਿਸ ਵਿਚ ਅਕਾਲ ਪੁਰਖ ਦੀ ਉਪਾਸਨਾ ਨੂੰ ਸਰਵੋਪਰੀ ਮਹੱਤਵ ਪ੍ਰਾਪਤ ਹੈ। ਗੁਰਬਾਣੀ ਵਿਚ 'ਹਰਿ ਨਾਮ ਕੀ ਸੇਵਾ' 'ਭਗਵੰਤੁ ਕੀ ਟਹਿਲ' ਇਤਿਆਦਿ ਪੰਗਤੀਆਂ ਤੋਂ ਇਹ ਸਪਸ਼ਟ ਹੈ ਕਿ ਸੇਵਾ ਇਕ ਪ੍ਰਕਾਰ ਦੀ ਅਧਿਆਤਮਕ ਸਾਧਨਾ ਹੈ।"[10] ਪ੍ਰੋ. ਗਲਵੰਤ ਸਿੰਘ ਨੇ ਜਿਸ ਅਧਿਆਤਮਕ ਸਾਧਨਾਂ ਵਲ ਉਪਰ ਸੰਕੇਤ ਕੀਤਾ ਹੈ, ਉਸ ਬਾਰੇ ਡਾ. ਤਾਰਨ ਸਿੰਘ ਨੇ ਵੀ ਆਪਣੇ ਢੰਗ ਨਾਲ ਆਪਣੀ ਧਾਰਨਾ ਪ੍ਰਗਟ ਕੀਤੀ ਹੈ। 'ਨਾਮ ਦੀ ਬਖ਼ਸ਼ਿਸ਼', 'ਸੇਵਾ ਦੇ ਕਰਮ' ਸੰਬੰਧੀ ਚਰਚਾ ਕਰਦਿਆਂ ਡਾ. ਤਾਰਨ ਸਿੰਘ ਲਿਖਦੇ ਹਨ ਕਿ "ਸਤਿਗੁਰ ਮਨੁਖ ਨੂੰ ਨਾਮ ਬਖ਼ਸ਼ਦਾ ਹੈ। ਨਾਮ ਮਨੁਖ ਨੂੰ ਸੇਵਕ ਬਣਾਉਂਦਾ ਹੈ। ਸੇਵਾ ਇਕ ਆਤਮਿਕ ਪਧਰ ਹੈ, ਨਿਰਾ ਕਰਮ ਨਹੀਂ ਹੈ। ਸੇਵਕ ਦਾ ਸੇਵਾ ਦਾ ਕਰਮ ਉਸ ਦੀ ਨਾਮ ਦੁਆਰਾ ਪੈਦਾ ਹੋਈ ਆਤਮਿਕ ਪਧਰ ਵਿਚੋਂ ਹੀ ਉਪਜ ਸਕਦਾ ਹੈ।"[11] ਗਿਆਨੀ ਮਨੀ ਸਿੰਘ ਅਨੁਸਾਰ ਸੇਵਾ "ਕਿਸੇ ਦੁਖੀ

---

[7] ਮੁਹਿੰਦਰ ਸਿੰਘ ਪਾਲ, *ਗੁਰਮਤਿ ਜੀਵਨ,* ਗਰੇਟਰ ਪੰਜਾਬ ਪ੍ਰੈਸ, ਚੰਡੀਗੜ੍ਹ, 1990, ਪੰਨਾ 18.

[8] ਰਤਨ ਸਿੰਘ ਜੱਗੀ, *ਸਿੱਖ ਪੰਥ ਵਿਸ਼ਵਕੋਸ਼* (ਭਾਗ ਪਹਿਲਾ), ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005, ਪੰਨਾ 331.

[9] ਬਲਕਾਰ ਸਿੰਘ (ਸੰਪਾ.), *ਸੇਵਾ ਦਾ ਸਿੱਖ ਸੰਕਲਪ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998, ਪੰਨਾ 3.

[10] ਗੁਰਨਾਮ ਕੌਰ (ਸੰਪਾ.), *ਸਿੱਖ ਚਿੰਤਨ ਅਨੁਸਾਰ ਸੇਵਾ ਦਾ ਸੰਕਲਪ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986, ਪੰਨਾ 3.

[11] ਗੁਰਮੁਖ ਨਿਹਾਲ ਸਿੰਘ (ਸੰਪਾ.), *ਗੁਰੂ ਨਾਨਕ: ਜੀਵਨ ਯੁਗ ਅਤੇ ਉਪਦੇਸ਼,* ਨਵਯੁਗ ਪਬਲਿਸ਼ਰਜ਼, ਦਿੱਲੀ, 1969, ਪੰਨਾ 315.

ਦਾ ਦੁਖ ਮਿਟਾਨ ਲਈ, ਭੁਖੇ ਨੂੰ ਭੋਜਨ ਛਕਾਉਣ ਲਈ, ਥਕੇ ਨੂੰ ਆਰਾਮ ਦੇਣ ਲਈ, ਕਿਸੇ ਬਿਮਾਰ ਦਾ ਇਲਾਜ ਕਰਵਾਉਣ ਲਈ, ਕਿਸੇ ਗ਼ਰੀਬ ਦੀ ਸਹਾਇਤਾ ਕਰਨ ਲਈ ਕੀਤੇ ਮੁਫ਼ਤ ਕੰਮ ਜਾਂ ਦਾਨ ਨੂੰ ਸੇਵਾ ਕਹਿੰਦੇ ਹਨ। ਇਹ ਸੇਵਾ ਤਿੰਨ ਤਰ੍ਹਾਂ ਦੀ ਹੈ: ਮਨ, ਬਾਣੀ ਤੇ ਸਰੀਰ ਦੀ ਸੇਵਾ ਜਾਂ ਤਨ, ਮਨ ਤੇ ਧਨ ਨਾਲ ਸੇਵਾ।"[12]

ਸੇਵਾ ਨਿਸ਼ਕਾਮ ਸਾਧਨਾ ਹੈ। ਇਸ ਦਾ ਮਨੁਖਤਾ ਦੇ ਕਲਿਆਣ ਤੇ ਭਗਤੀ-ਮਾਰਗ ਵਿਚ ਵਿਸ਼ੇਸ਼ ਸਥਾਨ ਹੈ। ਸੇਵਾ ਅਸਲ ਵਿਚ ਬੜੀ ਉਚੀ ਸਾਧਨਾ ਹੈ। ਮਨੁਖ ਦਾ ਹਰ ਕਾਰਜ ਹਉਮੈ ਯੁਕਤ ਹੁੰਦਾ ਹੈ। ਸੇਵਾ ਦੀ ਭਾਵਨਾ ਹਉਮੈ ਨੂੰ ਨਸ਼ਟ ਕਰਦੀ ਹੈ ਕਿਉਂਕਿ ਹਉਮੈ ਧੁੰਧ-ਗੁਬਾਰ ਵਾਂਗ ਅਤੇ ਸੇਵਾ ਪ੍ਰਕਾਸ਼ ਵਰਗੀ ਹੈ। ਹਉਮੈ ਦੀ ਅਵਸਥਾ ਵਿਚ ਆਪਣੇ-ਆਪ ਲਈ ਜੀਉਣਾ ਪੈਂਦਾ ਹੈ, ਸੇਵਾ ਵਿਚ ਹੋਰਨਾਂ ਲਈ ਜੀਵਿਆ ਜਾਂਦਾ ਹੈ। ਜਦ ਤਕ ਜਗਿਆਸੂ ਹਉਮੈ ਜਾਂ ਮਨ ਦੀ ਭਾਵਨਾ ਨੂੰ ਨਸ਼ਟ ਨਹੀਂ ਕਰਦਾ, ਤਦ ਤਕ ਉਹ ਸੇਵਾ ਕਰਨ ਦਾ ਮਾਣ ਪ੍ਰਾਪਤ ਨਹੀਂ ਕਰ ਸਕਦਾ। ਸੇਵਾ ਕਰਨ ਦੀ ਰੁਚੀ ਹਰ ਇਕ ਮਨੁਖ ਦੇ ਮਨ ਵਿਚ ਪੈਦਾ ਨਹੀਂ ਹੋ ਸਕਦੀ। ਇਸ ਦੀ ਪ੍ਰਾਪਤੀ ਲਈ ਗੁਰੂ ਕਿਰਪਾ ਦੀ ਲੋੜ ਹੈ। ਇਸ ਵਿਚ ਕੋਈ ਸੰਤੋਖੀ ਸਾਧਕ ਹੀ ਲਗ ਸਕਦਾ ਹੈ, ਜਿਸ ਨੇ ਸਤਿ-ਸਰੂਪ ਅਕਾਲ ਪੁਰਖ ਦੀ ਆਰਾਧਨਾ ਕੀਤੀ ਹੋਵੇ। ਜਿਸਨੇ ਮਾੜੇ ਕੰਮਾਂ ਵਾਲੇ ਮਾਰਗ ਉਤੇ ਪੈਰ ਨਾ ਰਖੇ ਹੋਣ, ਸਦਾ ਧਰਮ ਅਨੁਸਾਰ ਕਾਰਜ ਕੀਤਾ ਹੋਵੇ, ਸੰਸਾਰਿਕ ਬੰਧਨਾਂ ਨੂੰ ਤੋੜ ਸੁਟਿਆ ਹੋਵੇ ਤੇ ਜੋ ਅਲਪ ਆਹਾਰ ਕਰਕੇ ਆਪਣੇ ਜੀਵਨ ਨੂੰ ਨਿਭਾ ਰਿਹਾ ਹੋਵੇ:

ਸੇਵ ਕੀਤੀ ਸੰਤੋਖੀਂਈ ਜਿਨੀ ਸਚੋ ਸਚੁ ਧਿਆਇਆ॥

ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥

ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥[13]

[12] ਗਿਆਨੀ ਮਨੀ ਸਿੰਘ, *ਸੇਵਾ ਚਮਤਕਾਰ,* ਜਸਵਿੰਦਰ ਕੌਰ ਤਕਦੀਰ, ਅੰਮ੍ਰਿਤਸਰ, 1976, ਪੰਨਾ ੳ.

[13] ਸ੍ਰੀ ਗੁਰੂ ਗ੍ਰੰਥ ਸਾਹਿਬ, 466-67.

ਸੇਵਾ ਦੇ ਫਲ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਚਨ ਕੀਤਾ ਹੈ ਕਿ ਸੇਵਾ ਸ੍ਰੇਸ਼ਟ ਕਰਨੀ ਹੈ, ਇਸ ਤੋਂ ਬਿਨ੍ਹਾਂ ਮਨੁਖ ਮੋਖ-ਪਦ ਪ੍ਰਾਪਤ ਨਹੀਂ ਕਰ ਸਕਦਾ:

ਬਿਨੁ ਸੇਵਾ ਫਲੁ ਕਬਹੁ ਨ ਪਾਵਸਿ ਸੇਵਾ ਕਰਣੀ ਸਾਰੀ॥[14]

ਸੇਵਾ ਆਪਣੇ ਆਪ ਦਾ ਤਿਆਗ ਹੈ, ਹਉਮੈ ਦਾ ਨਾਸ਼ ਹੈ, ਲਾਲਚ ਤੋਂ ਮੁਕਤੀ ਹੈ ਅਤੇ ਗੁਰੂ ਦੇ ਹੁਕਮ 'ਤੇ ਅਟੁਟ ਵਿਸ਼ਵਾਸ਼ ਹੈ। ਸੇਵਾ ਗੁਰੂ ਅਤੇ ਮਾਨਵਤਾ ਲਈ ਆਪਾ ਸਮਰਪਣ ਕਰਨ ਦੀ ਭਾਵਨਾ ਹੈ। ਇਹ ਦੂਸਰਿਆਂ ਨੂੰ ਗੁਰੂ ਪ੍ਰਤੀ ਪ੍ਰੇਰਿਤ ਕਰਨ ਦੀ ਕਿਰਿਆ ਹੈ। ਸੇਵਾ ਕਰਨ ਦੇ ਨਾਲ-ਨਾਲ ਨਾਮ ਦਾ ਜਾਪ ਕੀਤਾ ਜਾਵੇ, ਜੇਕਰ ਨਾਮ ਦਾ ਜਾਪ ਨਹੀਂ ਕੀਤਾ ਜਾਂਦਾ ਤਾਂ ਸੇਵਾ ਦਾ ਕੀ ਲਾਭ ਹੈ? ਨਾਮ ਜਾਪ ਦੇ ਬਿਨ੍ਹਾਂ ਤਾਂ ਸੇਵਾ ਦਾ ਥੋੜ੍ਹਾ ਮੁਲ ਹੋਵੇਗਾ ਤੇ ਹੰਕਾਰ ਦੀ ਭਾਵਨਾ ਵਧ ਜਾਵੇਗੀ। ਸੇਵਾ ਵਿਚੋਂ ਨਾਮ ਮਨਫੀ ਨਹੀਂ ਕੀਤਾ ਜਾ ਸਕਦਾ ਤੇ ਬਿਨ੍ਹਾਂ ਨਾਮ (ਉਸਦੀ ਹੋਂਦ ਦੇ ਅਹਿਸਾਸ) ਤੋਂ ਸੇਵਾ ਪ੍ਰਵਾਨ ਨਹੀਂ ਹੋ ਸਕਦੀ। ਜਿਸ ਵੇਲੇ ਸੇਵਾ ਦੇ ਨਾਲ ਨਾਮ ਦਾ ਜਾਪ ਮਿਲ ਜਾਵੇ ਫਿਰ ਇਸ ਦਾ ਮੁਲ ਵਧ ਜਾਂਦਾ ਹੈ ਭਾਵ ਕਿ ਸੇਵਾ ਪ੍ਰਵਾਨ ਹੁੰਦੀ ਹੈ। ਸੇਵਾ ਕਰਦਿਆਂ ਸੇਵਕ ਮੁਖ ਜਾਂ ਮਨ ਵਿਚ ਸਦਾ ਨਾਮ ਦੇ ਜਾਪ ਵਿਚ ਲਿਵ ਲਗਾਉਣੀ ਤੇ ਹਥਾਂ ਨਾਲ ਸੇਵਾ ਕਰਕੇ ਗੁਰੂ, ਸੰਗਤ ਨੂੰ ਪ੍ਰਸੰਨ ਕਰਨਾ ਤੇ ਸਮਝਣਾ ਕਿ ਇਹ ਮੇਰੇ ਸਭ ਤੋਂ ਪਿਆਰੇ ਹਨ। ਸੇਵਕ ਨਿਤ ਉਚੀ ਕਰਨੀ ਕਰੇ ਪਰ ਮਨ ਨੂੰ ਨੀਵਾਂ ਰਖੇ। ਗੁਰੂ ਦੇ ਸਨਮੁਖ ਸੇਵਕ ਦੀ ਸੁਰਤਿ ਗੁਰੂ ਦੀ ਦਸੀ ਸੇਵਾ ਵਿਚ ਜੁੜਦੀ ਹੈ।

ਸੇਵਾ ਕਰਨੀ ਸੇਵਕ ਦੇ ਲਈ ਭਗਤੀ ਕਰਨ ਦੇ ਬਰਾਬਰ ਹੈ ਤੇ ਸੇਵਾ ਤੋਂ ਬਿਨ੍ਹਾਂ ਸਭ ਨਿਸਫਲ ਵੀ ਹੈ। ਸੇਵਕ ਆਪਣੇ ਮਨ ਨੂੰ ਅਕਾਲ ਪੁਰਖ ਦੇ ਹਵਾਲੇ ਕਰੇ ਜੋ ਕਿ ਸੇਵਕ ਦੇ ਹਰ ਪ੍ਰਕਾਰ ਦੇ ਡਰ ਦੂਰ ਕਰਦਾ ਹੈ। ਇਸ ਲਈ ਅਕਾਲ ਪੁਰਖ ਦੀ ਸੇਵਾ ਨਾ-ਕੇਵਲ ਮਨ ਦੁਆਰਾ ਕੀਤੀ ਜਾਣੀ ਹੈ ਸਗੋਂ ਸਰੀਰ ਦੇ ਅੰਗ ਦੁਆਰਾ ਵੀ ਕਰਨੀ ਹੈ। ਇਸ ਦੇ ਨਾਲ-ਨਾਲ ਸਰੀਰ ਦੁਆਰਾ ਕਮਾਏ ਗਏ ਧਨ ਨਾਲ ਵੀ ਸੇਵਾ ਕੀਤੀ ਜਾਣੀ ਹੈ। ਅਕਾਲ

---

[14] ਸ੍ਰੀ ਗੁਰੂ ਗ੍ਰੰਥ ਸਾਹਿਬ, 992.

ਪੁਰਖ ਭਾਵੇਂ ਦੇਹ ਬਿਹੀਨ ਹੈ, ਪਰ ਉਸ ਦਾ ਪ੍ਰਗਟ ਰੂਪ ਸਾਰੀ ਸ੍ਰਿਸ਼ਟੀ ਹੈ। ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਕਿ:

ਸਰਬ ਜੋਤਿ ਮਹਿ ਜਾ ਕੀ ਜੋਤਿ॥ ਧਾਰਿ ਰਹਿਓ ਸੁਆਮੀ ਓਤਿ ਪੋਤਿ॥[15]

## ਸੇਵਾ: ਸਰੂਪ

ਵਿਦਵਾਨਾਂ ਨੇ ਆਪਣੀ ਸਮਝ ਮੁਤਾਬਿਕ ਸੰਸਾਰ ਦੇ ਪ੍ਰਮੁਖ ਧਰਮਾਂ ਨੂੰ ਦੋ ਹਿਸਿਆਂ ਵਿਚ ਵੰਡਿਆ ਹੋਇਆ ਹੈ: ਪਹਿਲੀ ਸਾਮੀ ਧਾਰਮਿਕ ਪਰੰਪਰਾ ਅਤੇ ਦੂਜੀ ਭਾਰਤੀ ਧਾਰਮਿਕ ਪਰੰਪਰਾ ਹੈ। ਇਹਨਾਂ ਦੋਵਾਂ ਪਰੰਪਰਾਵਾਂ ਵਿਚ ਜਦੋਂ ਅਸੀਂ ਸੇਵਾ ਦਾ ਸੰਕਲਪ ਤੇ ਸਰੂਪ ਨੂੰ ਵੇਖਦੇ ਹਾਂ ਤਾਂ ਇੰਝ ਜਾਪਦਾ ਹੈ ਕਿ ਸੇਵਾ ਦਾ ਸਰੂਪ ਲਗਪਗ ਇਕੋ ਜਿਹਾ ਹੀ ਹੈ ਕਿਉਂਕਿ ਲਗਪਗ ਸਾਰੇ ਧਰਮਾਂ ਵਿਚ ਸੇਵਾ ਨੂੰ ਨਿਸ਼ਕਾਮ ਰੂਪ ਵਿਚ ਕਰਨ ਲਈ ਕਿਹਾ ਹੈ ਤੇ ਉਹ ਸੇਵਾ ਹੀ ਉਤਮ ਮੰਨੀ ਗਈ ਹੈ ਜੋ ਨਿਰ-ਸੁਆਰਥ ਹੋਵੇ।

## ਸੇਵਾ: ਸਾਮੀ ਧਰਮਾਂ ਵਿਚ

ਸਾਮੀ ਧਰਮਾਂ ਵਿਚ ਪ੍ਰਮੁਖ ਤੌਰ ’ਤੇ ਤਿੰਨ (ਯਹੂਦੀ, ਈਸਾਈ ਤੇ ਇਸਲਾਮ) ਧਰਮ ਆ ਜਾਂਦੇ ਹਨ। ਯਹੂਦੀ, ਈਸਾਈ ਤੇ ਇਸਲਾਮ ਧਰਮ ਵਿਚ ਸੇਵਾ ਦੀ ਵਿਆਖਿਆ ਕੀਤੀ ਗਈ ਹੈ। ਯਹੋਵਾਹ ਪਰਮੇਸ਼ਰ ਮੂਸਾ ਦੁਆਰਾ ਮਨੁਖਾਂ ਨੂੰ ਸੰਦੇਸ਼ ਦਿੰਦਾ ਹੈ ਕਿ ਸਾਰੇ ਮਨੁਖਾਂ ਨੇ ਆਪਣੇ ਮਾਤਾ-ਪਿਤਾ ਦਾ ਸਤਿਕਾਰ ਕਰਨਾ ਹੈ ਅਤੇ ਉਨ੍ਹਾਂ ਪ੍ਰਤੀ ਆਪਣੇ ਫਰਜ਼ਾਂ ਨੂੰ ਨਿਭਾਉਣਾ ਹੈ। ਮਾਤਾ-ਪਿਤਾ ਦੇ ਸਤਿਕਾਰ ਤੋਂ ਬਿਨ੍ਹਾਂ ਮਨੁਖ ਨੂੰ ਪਰਮੇਸ਼ਰ ਦੀ ਭਗਤੀ ਦਾ ਫਲ ਨਹੀਂ ਮਿਲਦਾ ਕਿਉਂਕਿ ਮਾਤਾ-ਪਿਤਾ ਕਰਕੇ ਹੀ ਮਨੁਖ ਇਸ ਸੰਸਾਰ ’ਤੇ ਆਇਆ ਹੈ ਅਤੇ ਉਸ ਨੂੰ ਯਹੋਵਾਹ ਪਰਮੇਸ਼ਰ ਦਾ ਨਾਮ ਲੈਣ ਦਾ ਮੌਕਾ ਮਿਲਿਆ ਹੈ। ਇਸ ਬਾਰੇ ਕੂਚ ਦੀ ਪੋਥੀ ਵਿਚ ਲਿਖਿਆ ਮਿਲਦਾ ਹੈ ਕਿ “ਤੂੰ ਆਪਣੇ ਪਿਤਾ ਅਰ ਮਾਤਾ ਦਾ ਆਦਰ ਕਰ ਤਾਂ ਜੋ ਦਿਨ ਉਸ ਭੂਮੀ ਉਤੇ ਜਿਹੜੀ ਯਹੋਵਾਹ ਤੇਰਾ

---

[15] ਸ੍ਰੀ ਗੁਰੂ ਗ੍ਰੰਥ ਸਾਹਿਬ, 294.

ਪਰਮੇਸ਼ਰ ਤੈਨੂੰ ਦਿੰਦਾ ਹੈ ਲੰਮੇ ਹੋਣ"।[16] ਪਰਮੇਸ਼ਰ ਦੀ ਕ੍ਰਿਪਾ ਦ੍ਰਿਸ਼ਟੀ ਦਾ ਪਾਤਰ ਬਣਨ ਲਈ ਮਨੁਖ ਨੇ ਆਪਣੇ ਮਾਤਾ-ਪਿਤਾ ਦਾ ਸਤਿਕਾਰ ਜ਼ਰੂਰ ਕਰਨਾ ਹੈ। ਯਹੂਦੀ ਧਰਮ ਵਿਚ ਪਰਮੇਸ਼ਰ ਦੀ ਭਗਤੀ ਕਰਨ ਦੇ ਨਾਲ-ਨਾਲ ਮਾਤਾ-ਪਿਤਾ ਦੀ ਸੇਵਾ ਅਤੇ ਸਤਿਕਾਰ ਨੂੰ ਬਹੁਤ ਮਹਤਵ ਦਿਤਾ ਹੈ। ਈਸਾਈਆਂ ਦਾ ਯਕੀਨ ਹੈ ਕਿ ਮਨੁਖਤਾ ਦੀ ਸੇਵਾ ਹੀ ਅੰਤਿਮ ਰੂਪ ਵਿਚ ਰੂਹਾਨੀ ਸੇਵਾ ਵਿਚ ਬਦਲ ਜਾਂਦੀ ਹੈ। ਇਸ ਮਤ ਅਨੁਸਾਰ ਸਚੀ ਤੇ ਸੁਚੀ ਜ਼ਿੰਦਗੀ ਉਹ ਹੈ ਜੋ ਨਿਜੀ ਸੁਆਰਥ ਤੋਂ ਬੇਲਾਗ ਰਹਿਕੇ, ਪ੍ਰੇਮ ਤੇ ਸੇਵਾ ਦੇ ਰੰਗ ਵਿਚ ਰੰਗੀ ਹੋਈ ਹੈ।[17] ਈਸਾਈ ਵਿਸ਼ਵਾਸ਼ ਅਨੁਸਾਰ ਯਸੂ ਮਸੀਹ ਦਾ ਮੁਖ ਮੰਤਵ ਮਨੁਖੀ ਸਰੀਰ ਨੂੰ ਵਧੀਆ ਬਣਾਉਣਾ ਜਾਂ ਮਨੁਖੀ ਸਮਾਜ ਵਿਚ ਕੇਵਲ ਆਰਥਿਕ ਸੁਧਾਰ ਲਿਆਉਣਾ ਨਹੀਂ ਸੀ, ਸਗੋਂ ਪਾਪ ਅਤੇ ਕਸ਼ਟ ਤੋਂ ਮਨੁਖੀ ਜ਼ਿੰਦਗੀ ਨੂੰ ਮੁਕਤੀ ਕਰਵਾ ਕੇ ਇਸ ਨੂੰ ਭਰਪੂਰ ਅਤੇ ਸੰਪੂਰਨ ਬਣਾਉਣਾ ਸੀ। ਈਸਾਈ ਮਤ ਦਾ ਬੁਨਿਆਦੀ ਸਿਧਾਂਤ ਹੈ ਕਿ ਆਪਣੇ ਹਮਸਾਏ ਦੇ ਦੁਖ-ਸੁਖ ਵਿਚ ਭਾਈਵਾਲ ਬਣਨਾ ਹੈ। ਈਸਾਈ ਮਤ ਦੇ ਪਾਦਰੀ ਈਸਾਈਆਂ ਨੂੰ ਹਮੇਸ਼ਾ ਇਹ ਦ੍ਰਿੜ ਕਰਵਾਉਂਦੇ ਹਨ ਕਿ ਪਦਾਰਥਕ ਦਾਨ ਦੀ ਪ੍ਰਵਿਰਤੀ ਈਸਾਈ ਮਤ ਦੇ ਪਰ-ਉਪਕਾਰ ਅਥਵਾ ਪਰ-ਸੇਵਾ ਦਾ ਆਧਾਰ ਹੈ। ਈਸਾਈ ਮਤ ਵਿਚ ਧਨ ਨਾਲ ਸੇਵਾ ਦਾ ਵਿਸ਼ੇਸ਼ ਮਹਤਵ ਇਹ ਹੈ ਕਿ ਅਜਿਹੀ ਸੇਵਾ ਨੂੰ ਬਾਈਬਲ ਵਿਚ ਗੁਪਤ ਰਖਣ ਦੀ ਹਦਾਇਤ ਕੀਤੀ ਗਈ ਹੈ, ਇਥੋ ਤਕ ਕਿ "ਜੇ ਸਜਾ ਹਥ ਦਾਨ ਕਰਦਾ ਹੈ ਤਾਂ ਇਸ ਦਾ ਪਤਾ ਖਬੇ ਹਥ ਨੂੰ ਵੀ ਨਹੀਂ ਲਗਣਾ ਚਾਹੀਦਾ।"[18]

ਇਸਲਾਮ ਧਰਮ ਦੇ ਅਨੁਸਾਰ ਜਿਸ ਤਰ੍ਹਾਂ ਤੁਹਾਡੇ ਪ੍ਰਾਚੀਨ ਬਜ਼ੁਰਗਾਂ ਦਾ ਰੋਜ਼ਾ ਰਖਣਾ ਫਰਜ਼ ਸੀ ਤੇ ਤੁਹਾਡੇ ਉਪਰ ਵੀ ਇਹ ਫਰਜ਼ ਲਾਇਆ ਗਿਆ ਹੈ। ਇਸ ਤੋਂ ਇਲਾਵਾ ਜਿਸਦੇ ਕੋਲ ਭੋਜਨ ਦੇਣ ਦੀ ਸਮਰਥਾ ਹੈ, ਉਹ ਲੋੜਵੰਦਾਂ ਨੂੰ ਭੋਜਨ ਦੇਣ। ਇਹ ਕਰਮ ਰੋਜ਼ੇ ਰਖਣ ਦੇ ਬਰਾਬਰ ਸਮਝੇ ਗਏ ਹਨ। ਇਕ ਰੋਜ਼ੇ ਦਾ ਬਦਲਾ ਕਿਸੇ ਲੋੜਵੰਦ ਨੂੰ ਭੋਜਨ ਦੇਣ ਦੇ ਰੂਪ ਵਿਚ ਦਿਤਾ ਜਾ ਸਕਦਾ ਹੈ। ਜੋ ਆਦਮੀ ਆਪਣੇ ਵਲੋਂ ਭਲਾ ਕੰਮ ਕਰਨਾ

---

[16] ਪਵਿੱਤਰ ਬਾਈਬਲ (ਕੂਚ ਦੀ ਪੁਸਤਕ 20:12)

[17] Emil Burnner, *The Divine Imperative*, The Westminster Press, Philadelpha, 1936. Page 190.

"True sanctification consists in a life turned wholly outwards in love and service, a life free from all self-absorption in any shape or form."

[18] ਪਵਿੱਤਰ ਬਾਈਬਲ (ਮੈਥਿਊ 3:4)

ਚਾਹੁੰਦਾ ਹੈ ਤਾਂ ਇਹ ਉਸ ਦੇ ਲਈ ਬਹੁਤ ਉਤਮ ਕਰਮ ਹੈ। ਕੁਰਾਨ ਸ਼ਰੀਫ ਵਿਚ ਜ਼ਿਆਦਾ ਜ਼ੋਰ ਦਾਨ ਦੇਣ ’ਤੇ ਦਿਤਾ ਗਿਆ ਹੈ, ਜੇ ਤੁਸੀਂ ਦਾਨ ਪ੍ਰਗਟ ਰੂਪ ਵਿਚ ਦੇ ਸਕਦੇ ਹੋ ਤਾਂ ਉਹ ਵੀ ਚੰਗਾ ਹੈ ਤੇ ਜੇਕਰ ਦਾਨ ਗੁਪਤ ਰੂਪ ਵਿਚ ਦਿੰਦੇ ਹੋ ਤਾਂ ਹੋਰ ਵੀ ਚੰਗਾ ਹੈ।[19]

ਇਕ ਸਚਾ ਮੁਸਲਮਾਨ ਨਿਰਸੁਆਰਥ ਸੇਵਾ ਲਈ ਅੱਲਾ ਪਾਸ ਬੇਨਤੀ ਕਰਦਾ ਹੈ ਕਿ “ਤੇਰੀ ਹੀ ਅਸੀਂ ਸੇਵਾ ਕਰਦੇ ਹਾਂ ਅਤੇ ਤੇਰੀ ਹੀ ਸਹਾਇਤਾ ਲਈ ਅਸੀਂ ਯਾਚਨਾ ਕਰਦੇ ਹਾਂ। ਸਹੀ ਰਸਤੇ ਉਤੇ ਚਲਣ ਲਈ ਸਾਡਾ ਪਥ ਪ੍ਰਦਰਸ਼ਨ ਕਰੋ।”[20]

ਕੁਰਾਨ ਸ਼ਰੀਫ਼ ਵਿਚ ਅਨੇਕ ਵਾਰ ਜ਼ਕਾਤ ਤੇ ਇਬਾਦਤ ਦਾ ਇਕੋ ਥਾਂ ਜ਼ਿਕਰ ਕੀਤਾ ਗਿਆ ਹੈ। ਇਬਾਦਤ ਨੂੰ ਭਾਵੇਂ ਜ਼ਕਾਤ ਨਾਲੋਂ ਉਚੇਰਾ ਮੰਨਿਆ ਗਿਆ ਹੈ, ਪਰ ਇਹ ਦ੍ਰਿੜ ਕਰਵਾਉਣ ਲਈ ਥਾਂ-ਥਾਂ ਯਤਨ ਕੀਤਾ ਗਿਆ ਹੈ ਕਿ ਸਚੀ ਜ਼ਕਾਤ ਉਹ ਹੈ ਜਿਸ ਨਾਲ ਇਬਾਦਤ ਅਥਵਾ ਪ੍ਰਾਰਥਨਾ ਜੁੜੀ ਹੋਈ ਹੈ।[21] ਹਜ਼ਰਤ ਮੁਹੰਮਦ ਸਾਹਿਬ ਨੇ ਮੰਨੂੰ ਵਾਂਗ ਬ੍ਰਾਹਮਣ ਵਰਗੀ ਕਿਸੇ ਇਕ ਸ਼੍ਰੇਣੀ ਨੂੰ ਦਾਨ ਦੇਣ ਉਤੇ ਜ਼ੋਰ ਨਹੀਂ ਦਿਤਾ। ਉਨ੍ਹਾਂ ਨੇ ਗਰੀਬਾਂ, ਯਤੀਮਾਂ ਅਤੇ ਭਿਖਾਰੀਆਂ ਦੀ ਜ਼ਕਾਤ ਦੇ ਰੂਪ ਵਿਚ ਧਨ ਨਾਲ ਸੇਵਾ ਕਰਨ ਦੀ ਸਭ ਮੁਸਲਮਾਨਾਂ ਨੂੰ ਹਦਾਇਤ ਦਿਤੀ ਹੈ। ਜ਼ਕਾਤ ਸੰਬੰਧੀ ਇਸਲਾਮ ਦੇ ਸੰਕਲਪ ਨੂੰ ਸਪਸ਼ਟ ਕਰਦਿਆਂ ਮੌਲਾਨਾ ਅਸ਼ਰਫ ਅਲੀ ਥਾਨਵੀ ਲਿਖਦੇ ਹਨ ਕਿ “ਜਿਸ ਕੋਲ ਧਨ ਹੋਵੇ ਅਤੇ ਉਹ ਜ਼ਕਾਤ ਨਾ ਕਢਦਾ ਹੋਵੇ ਤਾਂ ਉਹ ਵਿਅਕਤੀ ਅੱਲਾ ਤਾਲਾ ਦੇ ਨਜ਼ਦੀਕ ਬੜਾ ਗੁਨਾਹਗਾਰ ਹੈ ਅਤੇ ਕਿਆਮਤ ਦੇ ਦਿਨ ਉਸ ਨੂੰ ਬਹੁਤ ਵਡਾ ਤਸੀਹਾ ਝਲਣਾ ਪਵੇਗਾ।”[22]

---

[19] ਪਵਿੱਤਰ ਕੁਰਾਨ, ਸੂਰਤ 2, ਆਇਤ 185.

[20] ਗੁਰਬਚਨ ਸਿੰਘ ਤਾਲਿਬ (ਸੰਪਾ.), *ਸੰਸਾਰ ਦੇ ਕੁਝ ਮੁਖ ਧਰਮ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977, ਪੰਨਾ 128.

[21] Mulana Muhammad Ali, *The Religion of Islam,* The Ahmadiyya Anjuman Ishaat Islam, Lahore, 1936, Page 458.
“It should be noted that when prayer and charity are spoken of together, and this combination is of frequent accurrence in the Holy Quran, prayer always takes precedence of charity.”

[22] ਸਈਦ ਅਖਤਰਬ ਇਸਲਾਮ, *ਦੀਨੀ ਬਹਿਸ਼ਤੀ ਜੇਵਰ,* ਦੀਨੀ ਬੁੱਕ ਡੀਪੂ, ਦਿੱਲੀ, 1982, ਪੰਨਾ 181.

ਜ਼ਰਤੁਸ਼ਤ ਮਤ ਅਨੁਸਾਰ ਸੇਵਾ ਦੀ ਭਾਵਨਾ ਦਾ ਪਾਲਣ ਚੰਗੇ ਕਰਮਾਂ ਦੁਆਰਾ ਕੀਤਾ ਜਾਂਦਾ ਹੈ। ਚੰਗੇ ਕਰਮਾਂ ਦੇ ਕਰਨ ਨਾਲ ਮਨੁਖ ਆਪਣੇ ਪਾਪਾਂ ਤੋਂ ਮੁਕਤ ਹੋ ਜਾਂਦਾ ਹੈ। ਇਸ ਮਤ ਅਨੁਸਾਰ ਨਿਮਰਤਾ ਤੋਂ ਬਿਨ੍ਹਾਂ ਨਾ ਪੂਜਾ ਤੇ ਨਾ ਹੀ ਸੇਵਾ ਸੰਪੂਰਨ ਹੁੰਦੀ ਹੈ। ਇਸ ਲਈ ਪ੍ਰਭੂ ਦੀ ਭਗਤੀ ਕਰਨ ਸਮੇਂ ਵੀ ਨਿਮਰਤਾ ਨੂੰ ਧਾਰਨ ਕਰਨਾ ਚਾਹੀਦਾ ਹੈ। ਇਸ ਮਤ ਦਾ ਸੇਵਾ ਦੇ ਸੰਕਲਪ ਦਾ ਬੁਨਿਆਦੀ ਨੁਕਤਾ ਇਹ ਹੈ ਕਿ "ਜੋ ਵੀ ਗਰੀਬਾਂ ਅਤੇ ਪਵਿਤਰ ਵਿਅਕਤੀਆਂ ਦੀ ਪਾਲਣਾ ਕਰਦਾ ਹੈ, ਉਹ ਬ੍ਰਹਿਮੰਡ ਉਤੇ ਅਹੁਰ ਦੀ ਬਾਦਸ਼ਾਹੀਅਤ ਨੂੰ ਪ੍ਰਵਾਨ ਕਰਦਾ ਹੈ।"[23]

## ਸੇਵਾ: ਪੂਰਬੀ ਧਰਮਾਂ ਵਿਚ

ਰਿਗ ਵੇਦ ਵਿਚ ਸੇਵਾ ਦਾ ਪਦਾਰਥਕ ਸੰਦਰਭ ਬਹੁਤ ਉਘੜ ਕੇ ਪੇਸ਼ ਹੋਇਆ ਹੈ। ਕਿਸੇ ਲੋੜਵੰਦ ਸਥਿਤੀ ਜਾਂ ਭਾਈ ਬੰਧੂ ਦੀ ਸਹਾਇਤਾ ਕਰਨਾ ਜਾਂ ਪ੍ਰਸਪਰ ਇਕ ਦੂਜੇ ਦੇ ਕੰਮ ਆਉਣ ਦਾ ਯਤਨ ਕਰਨਾ ਆਦਿ 'ਸੇਵਾ' ਦੇ ਅਰਥ ਰਿਗ ਵੇਦ ਦੇ ਲੇਖਕਾਂ ਦੀ ਦ੍ਰਿਸ਼ਟੀ ਵਿਚ ਰਹੇ ਹਨ, ਜਿਸਦੀ ਦੀ ਪੁਸ਼ਟੀ ਹੇਠ ਲਿਖੀਆਂ ਟੂਕਾਂ ਤੋਂ ਸਪਸ਼ਟ ਹੋ ਜਾਂਦੀ ਹੈ:

1. ਧਨੀ ਮਨੁਖ ਦਾ ਇਹ ਕਰਤਵ ਹੈ ਕਿ ਉਹ ਕਿਸੇ ਸਤ-ਕਾਰਜ ਲਈ ਮੰਗਣ ਵਾਲੇ ਸਤਿ-ਪਾਤਰ ਨੂੰ ਕਦੇ ਵੀ ਨਿਰਾਸ਼ ਨਾ ਕਰੇ, ਕੁਝ ਨਾ ਕੁਝ ਦਾਨ ਉਸ ਨੂੰ ਅਵਸ਼ ਕਰੇ।[24]
2. ਅਤਿਥੀ, ਭਾਈ-ਬੰਧਾਂ ਅਤੇ ਕਿਸੇ ਗਰੀਬ ਆਦਿ ਨੂੰ ਦਿਤੇ ਬਗੈਰ ਕੇਵਲ ਆਪ ਹੀ ਅੰਨ ਆਦਿਕ ਦਾ ਉਪਭੋਗ ਕਰਨ ਵਾਲਾ ਬੰਦਾ ਅੰਨ ਨੂੰ ਨਹੀਂ, ਦਰਅਸਲ ਪਾਪ ਨੂੰ ਖਾਂਦਾ ਹੈ।[25]

---

[23] ਗੁਰਬਚਨ ਸਿੰਘ ਤਾਲਿਬ (ਸੰਪਾ.), *ਸੰਸਾਰ ਦੇ ਕੁਝ ਮੁਖ ਧਰਮ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977, ਪੰਨਾ 24.

[24] ਜਗਤ ਪ੍ਰਿਯ, 'ਵੈਦਿਕ ਭਗਤੀ ਦੇ ਪ੍ਰਕਾਰ ਤੇ ਸਾਧਨ', *ਭਗਤੀ ਕਾਵਿ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 9.

[25] ਉਹੀ, ਪੰਨਾ 8.

3. ਇਕ ਦੂਸਰੇ ਦੀ ਸਹਾਇਤਾ ਕਰਨਾ ਅਤੇ ਇਕ ਦੂਸਰੇ ਦੀ ਰਖਿਆ ਕਰਨਾ ਮਨੁਖ ਦਾ ਮੁਖ ਕਰਤੱਵ ਹੈ।[26]

ਅਥਰਵ ਵੇਦ ਵਿਚ ਵੀ ਸੇਵਾ ਦਾ ਸੰਕਲਪ ਆਮ ਤੌਰ 'ਤੇ ਉਹ ਹੈ ਜਿਹੜਾ ਕਿ ਉਪਰੋਕਤ ਰਿਗ ਵੇਦ ਦੀਆਂ ਟੂਕਾਂ ਵਿਚੋਂ ਪ੍ਰਾਪਤ ਹੁੰਦਾ ਹੈ। ਰਿਗ ਵੇਦ ਵਿਚ ਸੇਵਾ ਸੰਬੰਧੀ ਕੀਤੀ ਗਈ ਹਦਾਇਤ ਨਾਲ ਇਥੇ 'ਉਤਸ਼ਾਹ' ਅਤੇ 'ਉਦਾਰਤਾ' ਨੂੰ ਜੋੜ ਕੇ ਪਦਾਰਥਕ ਸੰਦਰਭ ਵਿਚ ਸੇਵਾ ਦੇ ਇਸ ਸੰਕਲਪ ਨੂੰ ਹੋਰ ਵਧੇਰੇ ਸਾਰਥਿਕ ਬਣਾ ਦਿਤਾ ਗਿਆ ਹੈ। ਜਿਵੇਂ ਕਿ "ਐ ਇਨਸਾਨ! ਤੂੰ ਸੌ ਹਥਾਂ ਦੇ ਉਤਸ਼ਾਹ ਅਤੇ ਯਤਨਾਂ ਨਾਲ ਆਪਣੇ ਧਨ ਦੌਲਤ ਨੂੰ ਵਧਾ ਅਤੇ ਹਜ਼ਾਰ ਹਥਾਂ ਦੀ ਉਦਾਰਤਾ ਨਾਲ ਉਸ ਨੂੰ ਯੋਗ ਅਧਿਕਾਰੀਆਂ ਤੇ ਸਾਰੇ ਸੁਪਾਤਰਾਂ ਵਿਚ ਵੰਡ ਦੇ।"[27]

ਯੁਜਰ ਵੇਦ ਵਿਚ ਇਸ ਸੰਕਲਪ ਦਾ ਇਕ ਪਖ ਹੋਰ ਉਘੜਦਾ ਹੈ। ਜਦੋਂ ਸੇਵਾ ਭਾਵਨਾ ਵਾਲੇ ਅਥਵਾ ਕਲਿਆਣਕਾਰੀ ਮਨੁਖ ਨੂੰ ਸਤਿਕਾਰ ਨਾਲ 'ਭਦਰ' ਕਿਹਾ ਜਾਂਦਾ ਹੈ, ਜਿਵੇਂ ਕਿ "ਹੇ ਭਗਵਾਨ ਜੋ ਭਦਰ ਅਥਵਾ ਕਲਿਆਣਕਾਰੀ ਹੈ ਉਹ ਸਾਨੂੰ ਪ੍ਰਾਪਤ ਕਰਵਾ।"[28] ਗਿਆਨ ਸਾਹਿਤ ਦੇ ਖੇਤਰ ਵਿਚ ਵੇਦਾਂ ਤੋਂ ਬਾਅਦ ਉਪਨਿਸ਼ਦ ਆਉਂਦੇ ਹਨ। ਬੁਨਿਆਦੀ ਰੂਪ ਵਿਚ ਸ਼ਬਦ 'ਉਪਨਿਸ਼ਦ' ਦਾ ਅਰਥ ਹੈ ਕਿ ਗੁਪਤ ਸਿਖਿਆ, ਜੋ ਵਿਦਿਆਰਥੀ ਆਪਣੇ ਅਧਿਆਪਕ ਤੋਂ ਗ੍ਰਹਿਣ ਕਰਦਾ ਹੈ। ਅਸਲ ਵਿਚ ਭਾਰਤੀ ਦਰਸ਼ਨ ਦੀ ਸਿਧਾਂਤਕ ਵਿਚਾਰਧਾਰਾ ਦਾ ਆਰੰਭ ਉਪਨਿਸ਼ਦਾਂ ਤੋਂ ਹੀ ਹੁੰਦਾ ਹੈ। ਛੰਦੋਗਯ ਉਪਨਿਸ਼ਦ ਅਨੁਸਾਰ "ਸਭ ਤੋਂ ਪਹਿਲੀ ਸੇਵਾ ਭੋਜਨ ਦੀ ਦਸੀ ਗਈ ਹੈ, ਕਿਉਂਕਿ ਭੋਜਨ ਨਾਲ ਹੀ ਮਨੁਖੀ ਸਰੀਰ ਵਿਚ ਪ੍ਰਾਣਾਂ ਦਾ ਸਿਲਸਿਲਾ ਜਾਰੀ ਰਹਿੰਦਾ ਹੈ।"[29] ਤੈਤਰੀਆਂ ਉਪਨਿਸ਼ਦ ਵਿਚ ਦਾਨ ਦੇਣ 'ਤੇ ਜ਼ੋਰ ਦਿਤਾ ਗਿਆ ਹੈ। ਇਸ ਵਿਚ ਵਿਅਕਤ ਹੋਈ ਧਾਰਨਾ ਅਨੁਸਾਰ "ਦਾਨ ਸਾਡੀ ਲੋਭੀ ਆਦਤ ਨੂੰ ਦੂਰ ਕਰਦਾ ਹੈ ਅਤੇ ਇਸ ਨਾਲ ਜ਼ਰੂਰਤਮੰਦ ਦੀ ਜ਼ਰੂਰਤ ਪੂਰੀ ਹੁੰਦੀ ਹੈ। ਇਸ ਲਈ

---

[26] ਮੰਗਲਦੇਵ ਸ਼ਾਸਤਰੀ, *ਭਾਰਤੀਯ ਸੰਸਕ੍ਰਿਤੀ ਕਾ ਵਿਕਾਸ,* ਸਮਾਜ ਵਿਗਿਆਨ ਪ੍ਰੀਸ਼ਦ, ਬਨਾਰਸ, 1956, ਪੰਨਾ 122.

[27] ਜਗਤ ਪ੍ਰਿਯ, *ਭਗਤੀ ਕਾਵਿ,* 'ਵੈਦਿਕ ਭਗਤੀ ਦੇ ਪ੍ਰਕਾਰ ਤੇ ਸਾਧਨ', ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 8.

[28] ਮੰਗਲਦੇਵ ਸ਼ਾਸਤਰੀ, *ਭਾਰਤੀਯ ਸੰਸਕ੍ਰਿਤੀ ਕਾ ਵਿਕਾਸ,* ਸਮਾਜ ਵਿਗਿਆਨ ਪ੍ਰੀਸ਼ਦ, ਬਨਾਰਸ, 1956, ਪੰਨਾ 114.

[29] S. Radhakrishnan, *The Principal Upsnisads* (vol. 1), George Allen & Unwin Ltd., London, 1953, Page 441.

ਦਾਨ ਵੀ ਸ਼ਰਧਾ ਭਾਵ ਖੁਲ੍ਹੇ ਦਿਲ, ਨਿਮਰਤਾ ਅਤੇ ਹਮਦਰਦੀ ਨਾਲ ਦੇਣ ਦੀ ਪ੍ਰੇਰਨਾ ਕੀਤੀ ਗਈ ਹੈ।"[30] ਛੰਦੋਗਯ ਉਪਨਿਸ਼ਦ ਵੀ ਇਸ ਗਲ ਨੂੰ ਅਗੇ ਤੋਰਦਾ ਹੈ। ਇਸ ਅਨੁਸਾਰ "ਜੋ ਪ੍ਰਾਣੀ ਸੇਵਾ ਭਾਵ ਰਖਦੇ ਹਨ ਅਤੇ ਦਾਨ ਦਿੰਦੇ ਹਨ ਉਹ ਅੰਧਕਾਰ ਵਿਚੋਂ ਪਿਤਰਾਂ ਦੇ ਸੰਸਾਰ ਵਿਚ ਪਹੁੰਚ ਜਾਂਦੇ ਹਨ, ਪਿਤਰਾਂ ਤੋਂ ਬਾਅਦ ਆਕਾਸ਼ ਵਿਚ ਤੇ ਫਿਰ ਗੁਰਮੁਖਾਂ ਦੀ ਗਤੀ ਪ੍ਰਾਪਤ ਕਰ ਲੈਂਦੇ ਹਨ।"[31] ਪਰੂੰਤ ਮੁੰਡਕ ਉਪਨਿਸ਼ਦ ਵਿਚ ਸੇਵਾ ਦਾ ਇਕ ਹੋਰ ਮਹੱਤਵਪੂਰਨ ਪਖ ਉਘੜਕੇ ਸਾਹਮਣੇ ਆਇਆ ਹੈ। ਇਸ ਉਪਨਿਸ਼ਦ ਅਨੁਸਾਰ "ਸ਼ਿਸ਼ ਨੂੰ ਆਪਣੇ ਗੁਰੂ ਕੋਲ ਬੜੀ ਦੀਨਤਾ, ਨਿਮਰਤਾ ਅਤੇ ਸੇਵਾ ਭਾਵ ਨਾਲ ਜਾਣਾ ਚਾਹੀਦਾ ਹੈ।"[32]

ਪਰ ਭਾਰਤੀ ਸਮਾਜ ਵਿਚ ਇਸ ਦੇ ਉਲਟ ਸੇਵਾ ਕਰਨੀ ਨੀਵੀਂ ਜਾਤੀ ਦੇ ਲੋਕਾਂ ਦਾ ਕੰਮ ਸੀ। ਪੁਰਾਤਨ ਸਮੇਂ ਵਿਚ ਭਾਰਤੀ (ਹਿੰਦੂ) ਸਮਾਜ ਵਿਚ ਪੂਜਾ (ਦੇਵਤਿਆਂ ਦੀ) ਦੇ ਅਰਥਾਂ ਵਿਚ ਸੇਵਾ ਉਚ ਜਾਤੀ ਬ੍ਰਾਹਮਣਾਂ ਦਾ ਅਧਿਕਾਰ ਸੀ, ਜਦ ਕਿ (ਵਿਅਕਤੀ ਦੀ) ਸੇਵਾ ਦੇ ਸੰਦਰਭ ਵਿਚ ਇਸਨੂੰ ਨੀਵੀਆਂ ਜਾਤਾਂ ਦੇ ਸਪੁਰਦ ਕੀਤਾ ਹੋਇਆ ਸੀ।[33] ਵਰਣ ਵਿਵਸਥਾ ਵੰਡ ਦੇ ਬਾਨੀ ਮੰਨੂੰ ਦੇ ਸਿਮ੍ਰਿਤੀ ਗ੍ਰੰਥ ਅਨੁਸਾਰ ਪਰਮਾਤਮਾ ਨੇ ਮਨੁਖ ਨੂੰ ਚਾਰ ਭਾਗਾਂ ਭਾਵ ਚਾਰ ਵਰਣਾਂ ਵਿਚ ਵੰਡਿਆ ਹੈ, ਜਿਸ ਅਨੁਸਾਰ ਬ੍ਰਹਮਾ ਦੇ ਮੁਖ ਵਿਚੋਂ ਬ੍ਰਾਹਮਣ, ਭੁਜਾਵਾਂ ਵਿਚੋਂ ਕਸ਼ਤਰੀ, ਪਟਾਂ ਵਿਚੋਂ ਵੈਸ਼ ਅਤੇ ਪੈਰਾਂ ਵਿਚੋਂ ਸ਼ੂਦਰ ਪੈਦਾ ਹੋਏ ਹਨ। ਬ੍ਰਾਹਮਣਾਂ ਦਾ ਕਾਰਜ ਵੇਦ-ਮੰਤਰਾਂ ਦਾ ਉਚਾਰਣ ਕਰਨਾ, ਕਸ਼ਤਰੀ ਦਾ ਕੰਮ ਸੂਰਮੇ ਵਜੋਂ ਵਿਚਰਨਾ, ਵੈਸ਼ ਦਾ ਕਾਰਜ ਵਪਾਰ ਤੇ ਲੈਣ-ਦੇਣ ਅਤੇ ਸ਼ੂਦਰਾਂ

---

"Therefore that food which may come first should be an offering. The first offering he offers he should offer saying, 'hail to the prana breath'. The prana breath is satisfied."

[30] S. Radhakrishnan, *The Principal Upsnisads* (vol. 1), George Allen & Unwin Ltd., London, 1953, Page 110-111.

"Dana enjoys gifts. It is negatively freedom from greed and positively assistance to those in need. There is no hope of immortality by wealth. Possessiveness is condemned. The Taittiriya Upanisad regulates the art of giving. One should give with faith, one should not give without faith. One should give liberally with modesty, with fear, with sympaty."

[31] Swami Prabhananda, *The Spiritual Heritage of India,* George Allen & Unwin Ltd., London, 1962, Page 69.
"Those who offer sacrifices and do deeds of charity go to the region of shade; from shade to night, the world of fathers; from world of the fathers to the realm of ether; from ether to Soma."

[32] Ibid, Page 29.
"Approach a teacher with humility and with a desire to serve."

[33] ਜੋਧ ਸਿੰਘ (ਸੰਪਾ.), *ਸਿੱਖ ਧਰਮ ਵਿਸ਼ਵਕੋਸ਼* (ਭਾਗ ਪਹਿਲਾ), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, ਪੰਨਾ 563.

ਦਾ ਕੰਮ ਹੋਰਨਾਂ ਦੀ ਸੇਵਾ ਕਰਨੀ ਹੈ। ਸੇਵਕ ਸ਼ੂਦਰਾਂ ਨੂੰ ਜਿਲਤ ਦਾ ਅਹਿਸਾਸ ਕਰਾਉਣ ਲਈ ਉਨ੍ਹਾਂ ਦੀ ਸੇਵਾ ਬਦਲੇ ਬ੍ਰਾਹਮਣ ਵਲੋਂ ਜੂਠਾ ਅੰਨ, ਪੁਰਾਣੇ ਖਾਟ ਆਦਿ ਦਿਤੇ ਜਾਂਦੇ ਸਨ। ਸਮਾਜ ਵਿਚ ਹਰ ਇਕ ਸ਼੍ਰੇਣੀ ਲਈ ਖਾਸ ਸੇਵਾ ਹੀ ਸੌਂਪੀ ਗਈ ਸੀ।

ਹਿੰਦੂ ਧਰਮ ਵਿਚ ਸੇਵਾ ਦੇ ਦੋਵੇਂ ਅਰਥ (ਟਹਿਲ ਤੇ ਪੂਜਾ) ਤਾਂ ਮੌਜੂਦ ਹਨ, ਪਰ ਇਕ ਦੂਜੇ ਤੋਂ ਫਾਸਲਾ ਰਖਦੇ ਹਨ ਜੋ ਸ਼ਾਇਦ ਧਰਤੀ ਅਤੇ ਅਕਾਸ਼ ਵਿਚਾਲੇ ਹੈ। ਸੇਵਾ ਦਾ ਇਕ ਪਖ (ਪੂਜਾ) ਵਰਣ ਆਸ਼ਰਮ ਦੀ ਸਭ ਤੋਂ ਸ੍ਰੇਸ਼ਟ ਜਾਤੀ ਬ੍ਰਾਹਮਣ ਨੇ ਆਪਣੇ ਲਈ ਰਾਖਵਾਂ ਰਖ ਲਿਆ ਤੇ ਦੂਜਾ (ਟਹਿਲ) ਪਖ ਵਰਣ ਆਸ਼ਰਮ ਦੀ ਸਭ ਤੋਂ ਹੇਠਲੀ ਜਾਤ ਸ਼ੂਦਰ ਉਤੇ ਥੋਪ ਦਿਤਾ। ਕੇਵਲ ਬ੍ਰਾਹਮਣ ਹੀ ਪੂਜਾ ਕਰਦੇ ਤੇ ਸਿਵਾਏ ਸ਼ੂਦਰ ਦੇ ਬਾਕੀ ਦੋਹਾਂ ਜਾਤੀਆਂ ਤੋਂ ਸੇਵਾ (ਪੂਜਾ) ਕਰਵਾਉਂਦੇ। ਸ਼ੂਦਰ ਜਾਤੀ ਅਛੂਤ ਗਰਦਾਨੀ ਗਈ ਸੀ। ਸ਼ੂਦਰ ਦਾ ਪਰਛਾਵਾਂ ਵੀ ਉਸ ਦੇ ਰਸਤੇ ਉਤੇ ਨਹੀਂ ਪੈਣਾ ਚਾਹੀਦਾ ਜਿਸ ਰਸਤੇ ਤੋਂ ਬ੍ਰਾਹਮਣ ਗੁਜ਼ਰ ਰਿਹਾ ਹੋਵੇ। ਇਸ ਕਰਕੇ ਸੇਵਾ ਕਰਨ ਨੂੰ ਸਭ ਤੋਂ ਹੀਣ ਕਰਮ ਮੰਨਿਆ ਜਾਂਦਾ ਤੇ ਸੇਵਾ ਕਰਵਾਉਣ ਨੂੰ ਸਭ ਤੋਂ ਉਤਮ ਤੇ ਸੁਭਾਗਾ ਕਰਮ ਮੰਨਿਆ ਜਾਂਦਾ ਸੀ। ਨਤੀਜੇ ਵਜੋਂ ਸੇਵਾ ਨੂੰ ਘਟੀਆ ਤੇ ਦੁਰਕਾਰਿਆ ਕਰਮ ਮੰਨਿਆ ਜਾਂਦਾ ਸੀ।

ਜੈਨ ਧਰਮ ਅਨੁਸਾਰ ਇਛਾਵਾਂ ਉਤੇ ਕਾਬੂ ਪਾ ਕੇ ਸਰਵ ਉਚ ਲਕਸ਼ ਪ੍ਰਾਪਤ ਕਰਨਾ ਹੈ। ਇਸ ਮੰਤਵ ਦੀ ਪ੍ਰਾਪਤੀ ਲਈ ਜੈਨ ਧਰਮ ਸ਼ੁਧ ਆਚਰਣ, ਸ਼ੁਧ ਵਿਸ਼ਵਾਸ਼, ਸ਼ੁਧ ਗਿਆਨ ਤੇ ਜ਼ੋਰ ਦਿੰਦਾ ਹੈ। ਸ਼ੁਧ ਵਿਸ਼ਵਾਸ਼ ਅਨੁਸਾਰ ਤੀਰਥੰਕਰਾਂ ਅਤੇ ਜੈਨੀ ਸਿਧ ਪੁਰਖਾਂ ਦੀ ਸੇਵਾ ਕਰਕੇ ਹੀ ਜੈਨ ਧਰਮ ਵਿਚ ਸੇਵਾ ਦੇ ਸਿਧਾਂਤ ਨੂੰ ਸਮਝਿਆ ਜਾ ਸਕਦਾ ਹੈ। ਜੈਨ ਧਰਮ ਅਨੁਸਾਰ "ਸਚ ਬੋਲਣਾ, ਲੋਕਾਂ ਨੂੰ ਦਾਨ ਦੇਣਾ, ਵਿਵਹਾਰ ਠੀਕ ਰਖਣਾ, ਚੋਰੀ ਨਾ ਕਰਨਾ, ਮਨ, ਬਚਨ ਤੇ ਕਰਮਾਂ ਦੀ ਪਵਿਤਰਤਾ ਹੀ ਸਚੀ ਸੇਵਾ ਹੈ।"[34]

ਡਾ. ਰਾਧਾ ਕ੍ਰਿਸ਼ਨਨ ਜੈਨ ਮਤ ਉਤੇ ਵਿਚਾਰ ਕਰਦੇ ਹੋਏ ਲਿਖਦੇ ਹਨ ਕਿ "ਉਹ ਸਾਰੇ ਕਰਮ, ਜੋ ਮਨ ਨੂੰ ਸ਼ਾਂਤੀ ਬਖਸ਼ਦੇ ਹਨ, ਪੁੰਨ ਹਨ। ਮਾਨਸਿਕ ਸ਼ਾਂਤੀ ਨੂੰ ਪ੍ਰਾਪਤ ਕਰਨ ਲਈ ਜੋ ਸਾਧਨ ਦਸੇ ਗਏ ਹਨ, ਉਹਨਾਂ

[34] ਸ਼ਾਂਤੀ ਨਾਥ ਗੁਪਤਾ, *ਭਾਰਤੀ ਦਰਸ਼ਨ,* ਪੰਜਾਬ ਯੂਨੀਵਰਸਿਟੀ ਸਟੇਟ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1974, ਪੰਨਾ 72.

ਵਿਚ ਲੋੜਵੰਦ ਸਤਿਪਾਤਰ ਨੂੰ ਭੋਜਨ ਦੇਣਾ, ਪਿਆਸੇ ਨੂੰ ਪਾਣੀ ਪਿਲਾਉਣਾ, ਗਰੀਬਾਂ ਤੇ ਨੰਗਿਆਂ ਨੂੰ ਬਸਤਰ ਦੇਣਾ ਅਤੇ ਜੈਨ ਮੁਨੀਆਂ ਦੇ ਰਹਿਣ ਦਾ ਕਾਰਜ ਕਰਨਾ ਹੈ।"[35] ਜੈਨ ਧਰਮ ਅਨੁਸਾਰ ਹੋਰਾਂ ਨੂੰ ਸਹਾਇਤਾ ਦੇਣ ਲਈ ਤਤਪਰ ਰਹਿਣਾ ਹੀ ਸਭ ਮਨੁਖਾਂ ਦਾ ਧਰਮ ਹੈ।

ਮਹਾਤਮਾ ਬੁਧ ਦੁਆਰਾ ਨਿਰਵਾਣ ਦੀ ਪ੍ਰਾਪਤੀ ਤੋਂ ਉਪਰੰਤ ਜਦੋਂ ਬੁਧ ਧਰਮ ਹੀਨਯਾਨ ਅਤੇ ਮਹਾਂਯਾਨ ਦੋ ਸੰਪਰਦਾਵਾਂ ਵਿਚ ਵੰਡਿਆ ਗਿਆ ਤਾਂ ਮਹਾਂਯਾਨ ਸੰਪਰਦਾਇ ਨਾਲ ਸੰਬੰਧਿਤ ਭਿਖਸ਼ੂਆਂ ਨੇ ਸੇਵਾ ਦੇ ਸੰਕਲਪ ਨੂੰ ਹੋਰ ਵਧੇਰੇ ਨਿਮਰਤਾ, ਸ਼ੁਧਤਾ ਅਤੇ ਦ੍ਰਿੜ੍ਹਤਾ ਨਾਲ ਅਪਣਾਇਆ। ਇਸੇ ਲਈ ਸਰਬ ਸੰਮਤੀ ਨਾਲ ਇਸ ਤਥ ਨੂੰ ਸਵੀਕਾਰ ਕੀਤਾ ਗਿਆ ਕਿ ਮਹਾਂਯਾਨੀਆਂ ਨੇ ਹੀ 'ਬੋਧੀ ਸਤਵ' ਦੇ ਆਦਰਸ਼ ਨੂੰ ਪ੍ਰਾਪਤ ਕੀਤਾ। ਹਰ ਬੋਧੀ ਸਤਵ ਪ੍ਰਾਪਤ ਕਰਨ ਵਾਲੇ ਦਾ ਇਹ ਫਰਜ਼ ਸੀ ਕਿ "ਉਹ ਗਿਆਨ ਵੀ ਪ੍ਰਾਪਤ ਕਰੇ ਅਤੇ ਬੇਲਾਗ ਹੋ ਕੇ ਮਨੁਖਤਾ ਦੀ ਸੇਵਾ ਵੀ ਕਰੇ।"[36] ਬੁਧ ਧਰਮ ਦਾ ਸੇਵਕ ਅਸ਼ੋਕ ਮਨੁਖਾਂ ਅਤੇ ਪਸ਼ੂ-ਪੰਛੀਆਂ ਦੋਨਾਂ ਪ੍ਰਤੀ ਦਿਆਲੂ ਸੀ। ਅਸ਼ੋਕ ਨੇ ਮਨੁਖਾਂ ਅਤੇ ਪਸ਼ੂਆਂ ਲਈ ਹਸਪਤਾਲ ਖੋਲ੍ਹੇ, ਸੜਕਾਂ ਉਤੇ ਥੋੜ੍ਹੇ-ਥੋੜ੍ਹੇ ਫਾਸਲੇ ਉਤੇ ਖੂਹ, ਪਾਣੀ ਦੇ ਹੌਜ ਅਤੇ ਸਰਾਵਾਂ ਬਣਵਾਈਆਂ ਸਨ। ਅਸ਼ੋਕ ਦੇ ਸ਼ਿਲਾਲੇਖ ਉਤੇ ਇਹ ਲਿਖਿਆ ਹੋਇਆ ਹੈ ਕਿ ਮਾਤਾ-ਪਿਤਾ ਦੀ ਸੇਵਾ ਕਰਨੀ ਸ਼ਾਨਦਾਰ ਕਰਤੱਵ ਹੈ। ਬੁਧ ਮਤ ਵਿਚ ਧਨ ਦੇ ਰੂਪ ਵਿਚ ਦਾਨ ਦੇਣ ਦੀ ਕਿਰਿਆ ਦਾ ਬਹੁਤ ਮਹਤਵ ਮੰਨਿਆ ਜਾਂਦਾ ਰਿਹਾ ਹੈ। ਇਕ ਬੋਧੀਸਤਵ ਦੀ ਮੁਕਤੀ ਉਸ ਦੇ ਦਾਨ ਦੇਣ ਦੇ ਗੁਣਾਂ ਦੀ ਸੰਪੂਰਨਤਾ ਵਿਚ ਹੈ। ਬੋਧੀ ਜਗਿਆਸੂ ਤਾਂ ਹੀ ਮੁਕਤੀ ਦੀ ਪ੍ਰਾਪਤੀ ਕਰ ਸਕਦਾ ਹੈ ਜੇ ਉਹ ਦਾਨ ਦੇਣ ਦੇ ਕਰਮ ਵਿਚ ਸੰਪੂਰਨਤਾ ਪ੍ਰਾਪਤ ਕਰੇ। ਇਸ ਪ੍ਰਸੰਗ ਵਿਚ ਇਹ ਅਨੁਮਾਨ ਸਹਿਜੇ ਹੀ ਲਗਾਇਆ ਜਾ ਸਕਦਾ ਹੈ ਕਿ ਇਥੇ ਦਾਨ ਦਾ ਅਰਥ ਧਨ ਦੇ ਰੂਪ ਵਿਚ ਕੀਤਾ ਗਿਆ ਦਾਨ ਹੈ। ਬੁਧ ਦਾਨ ਨੂੰ ਸ਼੍ਰੋਮਣੀ ਮੰਨਿਆ ਗਿਆ ਹੈ। ਪਰੰਤੂ ਲੋੜਵੰਦਾਂ ਲਈ ਭੋਜਨ, ਕਪੜੇ, ਦਵਾਈਆਂ ਆਦਿ ਵਸਤਾਂ ਦੇਣ ਵਾਲੇ ਸੇਵਕ ਅਰਥਾਤ ਧਨ ਨਾਲ ਸੇਵਾ ਕਰਨ

[35] S. Radhakrishnan, *Indian Philosophy* (Vol. 1), George Allen & Unwin Ltd., London, 1966, Page 326.

"All those actions which lead to peace of mind are punya. There are nine ways of obtaining punya or merit such as giving food to the deserving, water to thirsty, clothes to the poor, shelter to monks etc."

[36] ਹਰੀ ਚੰਦ ਪਾਰਾਸ਼ਰ, 'ਬੁਧ ਮੱਤ ਅਤੇ ਭਗਤੀ' *ਭਗਤੀ ਕਾਵਿ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 26.

ਵਾਲੇ ਸੇਵਕ ਦੀ ਵੀ ਬਹੁਤ ਸ਼ਲਾਘਾ ਕੀਤੀ ਗਈ ਹੈ। ਪ੍ਰੋ. ਹਰਬੰਸ ਸਿੰਘ ਦੀ ਹੇਠ ਲਿਖੀ ਟੂਕ ਇਸ ਤਥ ਨੂੰ ਪੂਰੀ ਤਰ੍ਹਾਂ ਉਜਾਗਰ ਕਰਦੀ ਹੈ "ਭੋਜਨ, ਕਪੜੇ, ਦਵਾਈਆਂ, ਪੈਸਾ ਅਤੇ ਹੋਰ ਚੀਜ਼ਾਂ ਦੇਣੀਆਂ ਚੰਗੀਆਂ ਹਨ। ਧਰਮ ਸੰਬੰਧੀ ਗਿਆਨ ਦਾ ਵੰਡਣਾ (ਧਰਮ ਦਾਨ) ਹੋਰਨਾਂ ਸਾਰੇ ਦਾਨਾਂ ਤੋਂ ਉਚੇਰਾ ਹੈ।"[37]

ਬੁਧ ਧਰਮ ਅਨੁਸਾਰ ਜੇਕਰ ਮੈਂ ਆਪਣੇ ਹਿਤ ਲਈ ਕਿਸੇ ਹੋਰ ਦਾ ਨੁਕਸਾਨ ਕਰਾਂ ਤਾਂ ਮੈਨੂੰ ਨਰਕ ਵਿਚ ਧਕਿਆ ਜਾਣਾ ਚਾਹੀਦਾ ਹੈ। ਪਰ ਜੇ ਮੈਂ ਦੂਜਿਆ ਦੇ ਹਿਤ ਲਈ ਆਪ ਨੁਕਸਾਨ ਵੀ ਉਠਾ ਲਵਾ ਤਾਂ ਮੈਂ ਸਭ ਤੋਂ ਵਧ ਵਡਮੁਲੀਆਂ ਵਸਤਾਂ ਦਾ ਹਕਦਾਰ ਬਣਾ। ਜੇ ਮੈਂ ਆਪਣੇ ਆਪ ਨੂੰ ਬੜਾ ਉਚਾ ਜਾਣਾ ਤਾਂ ਆਪਣੇ ਆਪ ਨੂੰ ਭੈੜੇ, ਸੁੰਨਸਾਨ ਤੇ ਕਰੂਪ ਮੰਡਲਾਂ ਵਿਚ ਪਾਵਾਂ। ਪਰ ਜੇ ਦੂਜੇ ਲੋਕ ਮੇਰੇ ਨਾਲ ਇਉਂ ਕਰਨ ਤਾਂ ਮੈਨੂੰ ਆਨੰਦ ਵਾਲੇ ਖੰਡਾਂ ਵਿਚ ਸਥਾਨ ਪ੍ਰਾਪਤ ਹੋਵੇ। ਪਰ ਜੇ ਮੈਂ ਹੋਰਨਾਂ ਦੇ ਭਲੇ ਲਈ ਵਰਤਾਂ ਤਾਂ ਮੈਨੂੰ ਏਕਾਂਤ ਪ੍ਰਾਪਤ ਹੋਵੇ।

## ਗੁਰਮਤਿ ਅਨੁਸਾਰ ਸੇਵਾ

ਗੁਰੂ ਸਾਹਿਬਾਨਾਂ ਨੇ ਸੇਵਾ ਨੂੰ ਇਸਦੇ ਪੁਰਾਣੇ ਸੰਦਰਭ ਵਾਲੀ ਵਿਅਕਤੀਗਤ ਸੰਕੀਰਣਤਾ ਵਿਚੋਂ ਕਢ ਕੇ ਸੰਗਤ ਤੇ ਮਾਨਵਤਾ ਦੇ ਸਮੂਹਕ ਪ੍ਰਸੰਗ ਵਿਚ ਢਾਲਿਆ ਅਤੇ ਸਿਖ ਨੂੰ ਕੇਵਲ ਅਕਾਲ ਪੁਰਖ ਦੇ ਨਾਲ ਜੋੜਿਆ। ਉਹ ਸਾਰੀ ਕਾਇਨਾਤ ਵਿਚ ਉਸ ਅਕਾਲ ਪੁਰਖ ਦੀ ਹੋਂਦ ਨੂੰ ਮਹਿਸੂਸ ਕਰਦਾ ਹੋਇਆ ਬਿਨ੍ਹਾਂ ਕਿਸੇ ਜਾਤ, ਨਸਲ, ਰੰਗ, ਲਿੰਗ ਦੇ ਵਿਤਕਰੇ ਤੋਂ ਸਾਰੀ ਮਨੁਖਤਾ ਦੀ ਸੇਵਾ ਕਰਦਾ ਹੈ। ਜਦ ਤਕ ਸੇਵਕ ਆਪਣੇ ਜੀਵਨ ਨੂੰ ਸੇਵਾ ਵਿਚ ਨਹੀਂ ਲਾਉਂਦਾ, ਤਦ ਤਕ ਨਾ ਸਰੀਰ, ਨਾ ਤਪ, ਨਾ ਗਿਆਨ ਤੇ ਨਾ ਭਗਤੀ ਵਿਚੋਂ ਕੁਝ ਵੀ ਪਵਿਤਰ ਨਹੀਂ ਹੋ ਸਕਦਾ। ਜਦੋਂ ਸੇਵਕ ਸੇਵਾ ਕਰਦਾ ਹੈ ਤਾਂ ਉਸਨੂੰ ਸੇਵਾ ਦਾ ਖੁਸ਼ੀ ਹੁੰਦੀ ਹੈ ਕਿ ਅਕਾਲ ਪੁਰਖ ਨੇ ਉਸਦੇ ਮਾੜੇ ਕਰਮ ਕਟ ਦਿਤੇ ਹਨ ਤੇ ਉਸਨੂੰ ਆਪਣੀ ਸੇਵਾ ਵਿਚ ਲਾ ਲਿਆ ਹੈ। ਜਿਸ ਤਰ੍ਹਾਂ ਅਕਾਲ ਪੁਰਖ ਦਾ ਹੁਕਮ ਹੁੰਦਾ ਹੈ ਉਹੀ ਸੇਵਕ ਨੂੰ ਚੰਗਾ ਲਗਦਾ ਹੈ। ਇਸੇ ਕਰਕੇ ਸੇਵਕ ਉਹੀ ਸੇਵਾ ਕਰਦਾ ਹੈ ਜੋ ਉਸ (ਅਕਾਲ ਪੁਰਖ)

---

[37] ਹਰਬੰਸ ਸਿੰਘ ਅਤੇ ਐਲ. ਐਮ. ਜੋਸ਼ੀ, *ਸੰਸਾਰ ਦੇ ਧਰਮ,* ਅਨੁ., ਭਗਤ ਸਿੰਘ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980, ਪੰਨਾ 119.

ਨੂੰ ਭਾਉਂਦੀ ਹੈ। ਸੇਵਕ ਅਕਾਲ ਪੁਰਖ ਦਾ ਨਾਮ ਜਪਣ ਨਾਲ ਤੇ ਮਨੁਖਤਾ ਨੂੰ ਪ੍ਰੇਮ ਕਰਨ ਨਾਲ ਸਿਆਣਾ ਹੋ ਜਾਂਦਾ ਹੈ:

ਕਾਟਿ ਸਿਲਕ ਪ੍ਰਭਿ ਸੇਵਾ ਲਾਇਆ॥

ਹੁਕਮੁ ਸਾਹਿਬ ਕਾ ਸੇਵਕ ਮਨਿ ਭਾਇਆ॥

ਸੋਈ ਕਮਾਵੈ ਜੋ ਸਾਹਿਬ ਭਾਵੈ ਸੇਵਕੁ ਅੰਤਰਿ ਬਾਹਰਿ ਮਾਹਰੁ ਜੀਉ॥[38]

ਜੋ ਵੀ ਟਹਿਲ ਸੇਵਾ ਕੀਤੀ ਜਾਵੇ ਉਹ ਅਕਾਲ ਪੁਰਖ ਦੇ ਨਮਿਤ ਹੋਵੇ ਤਾਂ ਅਧਿਆਤਮਕ ਤੌਰ ਉਤੇ ਅਤਿਅੰਤ ਮਹੱਤਵਪੂਰਨ ਹੋ ਜਾਂਦੀ ਹੈ। ਇਸ ਲਈ ਜੋ ਵੀ ਸੇਵਾ ਕਰੀਏ, ਉਸ ਨੂੰ ਵਾਹਿਗੁਰੂ ਦੇ ਨਮਿਤ ਕੀਤੀ ਹੀ ਸਮਝੀਏ। ਇਸ ਤਰ੍ਹਾਂ ਸੇਵਾ ਕਰਨ ਨਾਲ ਸੇਵਕ ਨੂੰ ਜ਼ਿਆਦਾ ਖੁਸ਼ੀ ਮਿਲਦੀ ਹੈ। ਇਸ ਤੋਂ ਬਿਨ੍ਹਾਂ ਕੀਤੀ ਗਈ ਸੇਵਾ ਵਿਅਰਥ ਜਾਂਦੀ ਹੈ ਤੇ ਉਸਦੇ ਸਿਰ ’ਤੇ ਜਮਾਂ ਦੀ ਮਾਰ ਪੈਂਦੀ ਹੈ:

ਰੇ ਮਨ ਟਹਲ ਹਰਿ ਸੁਖ ਸਾਰ॥

ਅਵਰ ਟਹਲਾ ਝੂਠੀਆ ਨਿਤ ਕਰੈ ਜਮੁ ਸਿਰਿ ਮਾਰ॥[39]

ਗੁਰਮਤਿ ਅਨੁਸਾਰ ਅਕਾਲ ਪੁਰਖ ਤੇ ਗੁਰੂ ਇਕ ਦੂਸਰੇ ਦਾ ਰੂਪ ਹਨ। ਸਿਖ ਸਾਧਕ ਦਾ ਪਰਮਾਰਥਕ ਪੰਧ ’ਤੇ ਗੁਰੂ ਤੋਂ ਬਿਨ੍ਹਾਂ ਹੋਰ ਕੋਈ ਆਸਰਾ ਨਹੀਂ ਹੈ, ਜਿਸ ਕਾਰਨ ਸਿਖ ਨੂੰ ਗੁਰੂ ਦੀ ਓਟ ਲੈਣੀ ਪੈਦੀਂ ਹੈ। ਅਧਿਆਤਮਕ ਪ੍ਰਗਤੀ ਲਈ ਇਹ ਜ਼ਰੂਰੀ ਹੈ ਕਿ ਸਿਖ ਸਾਧਕ ਗੁਰੂ ਦੀ ਸੇਵਾ ਕਰੇ। ਜਦੋਂ ਉਹ ਆਪਾ ਭਾਵ ਤਿਆਗ ਕੇ, ਆਪਾ ਗੁਰੂ ਨੂੰ ਸਮਰਪਿਤ ਕਰਕੇ ਤਨ, ਮਨ, ਧਨ ਨਾਲ ਸੇਵਾ ਕਰਦਾ ਹੈ ਤਾਂ ਉਸ ਨੂੰ ਅਧਿਆਤਮਕ ਮੰਡਲਾਂ ਦੀ ਸੋਝੀ ਹੁੰਦੀ ਹੈ। ਸੇਵਕ ਦੁਆਰਾ ਸਰੀਰਕ ਸੁਖ ਤੇ ਆਰਾਮ ਦੇਣ ਵਾਲਾ ਹਰ ਕਰਮ

---

[38] ਸ੍ਰੀ ਗੁਰੂ ਗ੍ਰੰਥ ਸਾਹਿਬ, 101.

[39] ਉਹੀ, 986.

ਗੁਰੂ ਦੀ ਸੇਵਾ ਹੈ। ਸੇਵਕ ਦੁਆਰਾ ਚਰਨ ਘੁਟਣੇ, ਆਟਾ ਪੀਸਣਾ, ਜਲ ਢੋਣਾ, ਪਖਾ ਫ਼ੇਰਨਾ, ਸੰਗਤ ਨੂੰ ਸੁਖ ਦੇਣਾ ਆਦਿ ਗੁਰੂ ਦੀ ਸੇਵਾ ਦਾ ਰੂਪ ਹੈ:

ਚਰਨ ਪਖਾਰਿ ਕਰਉ ਗੁਰ ਸੇਵਾ ਮਨਹਿ ਚਰਾਵਉ ਭੋਗ॥[40]

ਸੇਵਕ ਗੁਰੂ ਸਾਹਿਬ ਦੁਆਰਾ ਦਸੀ ਸੇਵਾ ਕਰਦਾ ਹੈ ਕਿਉਂਕਿ ਗੁਰੂ ਸੰਪੂਰਨ ਹਨ। ਸੇਵਕ ਆਪਣੇ ਗੁਰੂ ਦੇ ਪੈਰ ਮਲ ਕੇ ਧੋਂਦਾ ਹੈ ਕਿਉਂਕਿ ਗੁਰੂ ਸਾਹਿਬ ਉਸਨੂੰ ਅਕਾਲ ਪੁਰਖ ਦੀ ਸਿਫਤ ਸਲਾਹ ਦਸਦੇ ਹਨ। ਸ੍ਰੀ ਗੁਰੂ ਰਾਮਦਾਸ ਜੀ ਬਚਨ ਕਰਦੇ ਹਨ:

ਹਮਰਾ ਠਾਕੁਰੁ ਸਤਿਗੁਰੁ ਪੂਰਾ ਮਨੁ ਗੁਰ ਕੀ ਕਾਰ ਕਮਾਵੈ॥

ਹਮ ਮਲਿ ਮਲਿ ਧੋਵਹ ਪਾਵ ਗੁਰੂ ਕੇ ਜੋ ਹਰਿ ਹਰਿ ਕਥਾ ਸੁਨਾਵੈ॥[41]

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਵਾਕ ਹੈ ਕਿ ਜਿਸ ਅਕਾਲ ਪੁਰਖ ਨੇ ਤੈਨੂੰ ਪੈਦਾ ਕੀਤਾ ਹੈ ਉਸ ਦੀ ਸੇਵਾ ਕਰ। ਜਿਸ ਨੇ ਤੈਨੂੰ ਮਨੁਖਾਂ ਦੇਹੀ ਦਿਤੀ ਹੈ ਤੂੰ ਉਸ ਦਾ ਨਾਮ ਸਿਮਰਿਆ ਕਰ, ਉਸਦੀ ਸੇਵਾ ਕਰਿਆ ਕਰ। ਜੇਕਰ ਸੇਵਕ ਉਸਦਾ ਦਾਸ ਬਣਿਆ ਰਹੇ ਤਾਂ ਕਿਸੇ ਦਾ ਵੀ ਡਰ ਨਹੀਂ ਰਹਿੰਦਾ:

ਤਿਸੁ ਤੂ ਸੇਵਿ ਜਿਨਿ ਤੂ ਕੀਆ॥ ਤਿਸੁ ਅਰਾਧਿ ਜਿਨਿ ਜੀਉ ਦੀਆ॥

ਤਿਸ ਕਾ ਚਾਕਰੁ ਹੋਹਿ ਫਿਰਿ ਡਾਨੁ ਨ ਲਾਗੈ॥ ਤਿਸ ਕੀ ਕਰਿ ਪੋਤਦਾਰੀ ਫਿਰਿ ਦੂਖੁ ਨ ਲਾਗੈ॥[42]

ਗੁਰਬਾਣੀ ਅਨੁਸਾਰ ਨਾਮ ਜਪਣਾ ਜਿਥੇ ਮਨੁਖੀ ਜੀਵਨ ਦੇ ਅਸਲ ਮੰਤਵ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ, ਉਥੇ ਨਾਮ ਜਪਣਾ, ਅਕਾਲ ਪੁਰਖ ਦਾ ਸਿਮਰਨ, ਗੁਰੂ ਦੀ ਸੇਵਾ ਦੇ ਰੂਪ ਵਿਚ ਸਾਹਮਣੇ ਆਉਂਦਾ ਹੈ। ਜੇ

---

[40] ਸ੍ਰੀ ਗੁਰੂ ਗ੍ਰੰਥ ਸਾਹਿਬ,, 713.

[41] ਉਹੀ, 172.

[42] ਉਹੀ, 1182.

ਅਕਾਲ ਪੁਰਖ ਦੀ ਸੇਵਾ ਦੀ ਸੇਵਾ ਕਰਨੀ ਹੈ ਤਾਂ ਪਹਿਲੀ ਪੌੜੀ 'ਗੁਰੂ ਦੀ ਸੇਵਾ' ਹੈ ਅਤੇ ਸੰਗਤ ਜਾਂ ਮਾਨਵਤਾ ਦੀ ਸੇਵਾ ਕਰਨੀ ਗੁਰੂ ਦੀ ਸੇਵਾ ਵਲ ਪਹਿਲਾ ਕਦਮ ਹੈ।

ਗੁਰਬਾਣੀ ਵਿਚ ਸੇਵਾ, ਟਹਲ, ਚਾਕਰੀ, ਕਾਰ ਅਤੇ ਭਗਤੀ ਸ਼ਬਦ ਇਕੋ ਹੀ ਲੜੀ ਦੇ ਮਣਕੇ ਹਨ। ਇਹ ਮਣਕੇ ਅਕਾਲ ਪੁਰਖ, ਗੁਰੂ ਦੀ ਪੂਜਾ, ਭਗਤੀ, ਵਿਸ਼ਵਾਸ਼ ਅਤੇ ਹੋਂਦ ਨੂੰ ਦ੍ਰਿੜਾਉਂਦੇ ਹਨ। ਅਕਾਲ ਪੁਰਖ ਦਾ ਨਾਮ ਸਿਮਰਨ, ਸੰਗਤ ਦੀ ਸੇਵਾ, ਸਾਰੀਆਂ ਕਿਰਿਆਵਾਂ ਅਕਾਲ ਪੁਰਖ ਦੀ ਭਗਤੀ 'ਤੇ ਹੀ ਕੇਂਦਰਤਿ ਹਨ। ਇਹ ਭਗਤੀ ਸੇਵਾ ਦਾ ਹੀ ਰੂਪ ਹੈ ਤੇ ਭਗਤੀ ਤਾਂ ਹੀ ਹੋ ਸਕਦੀ ਹੈ ਜੇ ਸਚੇ ਸ਼ਬਦ ਨਾਲ ਪਿਆਰ ਹੋਵੇਗਾ ਤੇ ਹਉਮੈ ਨੂੰ ਮਾਰਿਆ ਜਾਵੇਗਾ। ਜੋ ਸੇਵਕ ਆਪਣੇ ਅੰਦਰੋਂ ਹਉਮੈ ਨੂੰ ਮਾਰਦੇ ਹਨ ਉਹਨਾਂ ਨੂੰ ਅਕਾਲ ਪੁਰਖ ਦੀ ਹਜ਼ੂਰੀ ਵਿਚ ਥਾਂ ਪ੍ਰਾਪਤ ਹੋ ਜਾਂਦੀ ਹੈ। ਸ੍ਰੀ ਗੁਰੂ ਅਮਰਦਾਸ ਜੀ ਬਚਨ ਕਰਦੇ ਹਨ:

ਹਰਿ ਕੀ ਸੇਵਾ ਚਾਕਰੀ ਸਚੈ ਸਬਦਿ ਪਿਆਰਿ॥

ਹਰਿ ਕਾ ਮਹਲੁ ਤਿਨੀ ਪਾਇਆ ਜਿਨ੍ ਹਉਮੈ ਵਿਚਹੁ ਮਾਰਿ॥[43]

ਅਕਾਲ ਪੁਰਖ ਦੀ ਭਗਤੀ ਕਰਨਾ, ਨਾਮ ਜਪਣਾ, ਸਿਮਰਨ ਕਰਨ ਨਾਲ ਸੇਵਾ ਦੀ ਭਾਵਨਾ ਉਜਾਗਰ ਹੁੰਦੀ ਹੈ। ਮਾਨਵਤਾ, ਗੁਰੂ, ਸੰਗਤ ਦੀ ਸੇਵਾ ਕਰਨ ਨਾਲ ਸੇਵਾ ਪ੍ਰਤੀ ਦ੍ਰਿੜਤਾ ਪੈਦਾ ਹੁੰਦੀ ਹੈ। ਸਿਖ ਦਰਸ਼ਨ ਵਿਚ ਭਾਵੇਂ ਅਕਾਲ ਪੁਰਖ ਦੀ ਸੇਵਾ ਨੂੰ ਅਸਲ ਸੇਵਾ ਦਸਿਆ ਹੈ। ਸਿਖ ਦਰਸ਼ਨ ਦੀ ਵਿਸ਼ੇਸ਼ਤਾ ਇਹੋ ਹੈ ਕਿ ਸਿਖ ਦਾ ਹਰ ਕਾਰਜ ਅਕਾਲ ਪੁਰਖ ਉਪਰ ਨਿਰਭਰ ਹੁੰਦਾ ਹੈ। ਅਕਾਲ ਪੁਰਖ ਦੀ ਅਰਾਧਨਾ ਕਰਕੇ ਉਸਨੇ ਆਪਾ ਸਵਾਰਨਾ ਹੈ, ਉਥੇ ਸੰਗਤ ਅਤੇ ਮਾਨਵਤਾ ਦੀ ਸੇਵਾ ਕਰਕੇ ਉਸਨੇ ਦੂਜਿਆਂ ਪ੍ਰਤੀ ਆਪਣੇ ਫਰਜ਼ ਦੀ ਪਾਲਣਾ ਕਰਨੀ ਹੈ। ਸੇਵਕ ਦੁਆਰਾ ਕੀਤੀ ਸੇਵਾ ਨਾਲ ਉਹ (ਸੇਵਕ) ਸੰਸਾਰ ਤੋਂ ਪਾਰ ਲੰਘ ਜਾਂਦਾ ਹੈ ਤੇ ਨਾਲ ਆਪਣੇ ਸਾਰੇ ਕੁਲਾਂ ਨੂੰ ਵੀ ਪਾਰ ਲੰਘਾ ਲੈਂਦਾ ਹੈ। ਜੋ ਸੰਸਾਰ ਵਿਚ ਸੇਵਾ ਕਮਾਉਂਦੇ ਹਨ, ਇਹ ਭਲੇ ਪੁਰਖਾਂ ਦੀ ਸ਼੍ਰੇਣੀ ਹੁੰਦੀ

[43] ਸ੍ਰੀ ਗੁਰੂ ਗ੍ਰੰਥ ਸਾਹਿਬ, 512.

ਹੈ ਤੇ ਇਹ ਪੁਰਖਾਂ ਦੀ ਸ਼੍ਰੇਣੀ ਹੀ ਮਾਲਕ ਦੇ ਦਰ ’ਤੇ ਕਬੂਲ ਹੁੰਦੀ ਹੈ। ਸ੍ਰੀ ਗੁਰੂ ਅੰਗਦ ਦੇਵ ਜੀ ਫੁਰਮਾਉਂਦੇ ਹਨ:

ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ।।

ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ।।[44]

ਸੇਵਾ ਕਰਦੇ ਸਮੇਂ ਸੇਵਕ ਇਹ ਧਿਆਨ ਰਖੇ ਕਿ ਐਸੀ ਹਸਤੀ ਦੀ ਸੇਵਾ ਕਰਨੀ, ਜੋ ਤੁਹਾਡੀ ਸੇਵਾ ਦਾ ਨਜਾਇਜ਼ ਫਾਇਦਾ ਨਾ ਉਠਾ ਸਕੇ, ਤੁਹਾਨੂੰ ਨਿਜੀ ਫਾਇਦੇ ਤੇ ਸੁਆਰਥ ਲਈ ਨਾ ਵਰਤੇ। ਸੇਵਕ ਆਪਣੇ ਮਨ ਨੂੰ ਐਸੇ ਮਾਲਕ ਦੇ ਹਵਾਲੇ ਕਰੇ ਜੋ ਹਰ ਪ੍ਰਕਾਰ ਦੇ ਡਰ ਦੂਰ ਕਰ ਸਕੇ ਤੇ ਹਮੇਸ਼ਾ ਦਾਤਾਰ ਹੋ ਕੇ ਬਖਸ਼ਿਸ਼ ਕਰਦਾ ਰਹੇ। ਕੇਵਲ ਐਸੇ ਮਾਲਕ ਦੀ ਸੇਵਾ ਕਰਨੀ ਹੀ ਉਚਿਤ ਹੈ, ਜਿਸਦੀ ਸੇਵਾ ਤੋਂ ਸਦਾ ਸੁਖ ਮਿਲੇ। ਉਸ ਮਾਲਕ ਨੂੰ ਸਦਾ ਯਾਦ ਰਖਣਾ ਚਾਹੀਦਾ ਹੈ ਤੇ ਕਦੇ ਵੀ ਮਾੜੀ ਕਮਾਈ ਨਹੀਂ ਚਾਹੀਦੀ। ਸ੍ਰੀ ਗੁਰੂ ਅੰਗਦ ਦੇਵ ਜੀ ਬਚਨ ਕਰਦੇ ਹਨ:

ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮਾਲੀਐ।।

ਜਿਤੁ ਕੀਤਾ ਪਾਈਐ ਸਾ ਘਾਲ ਬੁਰੀ ਕਿਉ ਘਾਲੀਐ।।[45]

ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਸੇਵਾ ਕੇਵਲ ਹਰਿ ਦੀ ਕਰਨੀ ਉਚਿਤ ਹੈ, ਹੋਰ ਕਿਸੇ ਦੀ ਸੇਵਾ ਕਰਨ ਨਾਲ ਉਮਰ ਖਰਾਬ ਕਰਨ ਤੇ ਬਿਰਥਾ ਗਵਾਉਣ ਵਾਲੀ ਗਲ ਹੈ ਕਿਉਂਕਿ ਅਖੀਰ ਸਭ ਤੋਂ ਵਡੇ ਮਾਲਕ ਜਿਸਦਾ ਹੁਕਮ ਸਭ ਉਤੇ ਚਲਦਾ ਹੈ, ਉਸੇ ਦੀ ਹੀ ਸੇਵਾ ਕੀਤੀ ਜਾਣੀ ਚਾਹੀਦੀ ਹੈ। ਛੋਟੇ, ਜੋ ਆਪ ਉਸ ਦੇ ਹੁਕਮ ਵਿਚ ਚਲਦੇ ਹਨ, ਵਡੇ ਮਾਲਕ ਦੇ ਤਾਬਿਆ ਹੋਣ ਕਰਕੇ ਹੋ ਸਕਦਾ ਹੈ ਉਹ ਸਹੀ ਰਾਹ ਨਾ ਦਸ

[44] ਸ੍ਰੀ ਗੁਰੂ ਗ੍ਰੰਥ ਸਾਹਿਬ, 474.

[45] ਉਹੀ, 474.

ਸਕਣ। ਇਹਨਾਂ ਦੀ ਸੇਵਾ ਝੂਠੀ ਤੇ ਬੇ-ਅਰਥ ਹੋਵੇਗੀ, ਉਸੇ ਹੀ ਤਰ੍ਹਾਂ ਜਿਵੇਂ ਛੋਟੇ ਕਰਮਚਾਰੀ ਦੀ ਗਲ ਵਡਾ ਅਫਸਰ ਨਾ-ਮਨਜ਼ੂਰ ਕਰ ਦੇਵੇ ਤਾਂ ਉਸ ਛੋਟੇ ਨੂੰ ਖੁਸ਼ ਕੀਤਾ ਅਜਾਈ ਜਾਦਾ ਹੈ:

ਹਰਿ ਕੀ ਤੁਮ ਸੇਵਾ ਕਰਹੁ ਦੂਜੀ ਸੇਵਾ ਕਰਹੁ ਨ ਕੋਇ ਜੀ॥[46]

ਗੁਰਬਾਣੀ ਵਿਚ ਜਿਥੇ ਠਾਕੁਰ, ਸਤਿਗੁਰ ਤੇ ਸੰਗਤ ਦੀ ਸੇਵਾ ਦਾ ਆਦੇਸ਼ ਹੈ, ਉਥੇ ਸੰਤ ਤੇ ਸਾਧ ਦੀ ਸੇਵਾ ਦਾ ਵੀ ਆਦੇਸ਼ ਹੈ। (ਇਥੇ ਹੁਣ ਦੇ ਸਮੇਂ ਦੇ ਡੇਰੇਦਾਰਾਂ ਜਾਂ ਆਪ ਬਣੇ ਸਾਧੂਆਂ ਨਾਲ ਕੋਈ ਸੰਬੰਧ ਨਹੀਂ ਹੈ) ਇਹਨਾਂ ਨੂੰ ਅਕਾਲ ਪੁਰਖ ਦਾ ਰੂਪ ਹੀ ਮੰਨਿਆ ਜਾਂਦਾ ਹੈ:

ਸਾਧ ਕੀ ਸੋਭਾ ਸਾਧ ਬਨਿ ਆਈ॥

ਨਾਨਕ ਸਾਧ ਪ੍ਰਭ ਭੇਦੁ ਨ ਭਾਈ॥[47]

ਸੇਵਾ ਦਾ ਅਸਲੀ ਭਾਵ ਤਾਂ ਇਹ ਹੈ ਕਿ ਕਿਸੇ ਦੂਸਰੇ ਨੂੰ ਆਪਣੇ ਨਿਜੀ ਸੁਆਰਥ ਨੂੰ ਛਡਦਿਆ ਹੋਇਆ ਸੁਖ ਪਹੁੰਚਾਇਆ ਜਾਵੇ। ਕਿਸੇ ਦੂਸਰੇ ਦਾ ਦੁਖ ਆਪਣੀ ਕ੍ਰਿਆ ਦੁਆਰਾ ਦੂਰ ਕਰਨ ਤੇ ਉਸ ਨੂੰ ਸੁਖ ਪਹੁੰਚਾਣ ਵਿਚ ਇਕ ਅਜੀਬ ਤਸਲੀ ਜਿਹੀ ਮਿਲਦੀ ਹੈ, ਇਕ ਆਨੰਦ ਆਉਂਦਾ ਹੈ, ਜਿਸ ਨੂੰ ਸ਼ਬਦਾਂ ਰਾਹੀ ਬਿਆਨ ਕਰਨਾ ਸ਼ਾਇਦ ਮੁਸ਼ਕਿਲ ਹੋਵੇ। ਇਹ ਆਨੰਦ ਤੇ ਤਸਲੀ ਆਪਣੇ ਆਪ ਮਨ ਵਿਚ ਸ਼ਾਤੀ ਲਿਆਉਂਦੇ ਹਨ ਤੇ ਮਨ ਨੀਵਾਂ ਹੁੰਦਾ ਹੈ। ਹਰ ਉਹ ਕ੍ਰਿਆ ਜਿਸ ਨਾਲ ਦੂਸਰਿਆਂ ਨੂੰ ਸੁਖ ਮਿਲੇ, ਸੇਵਾ ਵਿਚ ਸ਼ਾਮਿਲ ਹਨ ਤੇ ਇਹ ਸੁਖ ਸੇਵਕ ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸ੍ਰੀ ਦਸਮ ਗ੍ਰੰਥ ਸਾਹਿਬ ਵਿਚ ਦਰਜ ਸੇਵਾ ਦੇ ਸਰੋਕਾਰਾਂ ਦੁਆਰਾ ਪਹੁੰਚਾਏ ਜਾ ਸਕਦੇ ਹਨ:

1. ਤਨ ਨਾਲ ਸੇਵਾ (ਗੁਰੂ ਦੀ ਸੇਵਾ, ਗੁਰਮੁਖ ਦੀ ਸੇਵਾ, ਸੰਗਤ ਦੀ ਸੇਵਾ)
2. ਮਨ ਨਾਲ ਸੇਵਾ

[46] ਸ੍ਰੀ ਗੁਰੂ ਗ੍ਰੰਥ ਸਾਹਿਬ, 490.

[47] ਉਹੀ, 272.

3. ਧਨ ਨਾਲ ਸੇਵਾ

4. ਸੁਰਤਿ ਨਾਲ ਸੇਵਾ (ਸ਼ਬਦ ਨਾਲ ਸੇਵਾ)

5. ਸ਼ਹੀਦੀ ਜਾਂ ਬਲੀਦਾਨ ਦੇਣਾ।

ਕੋਸ਼ਗਤ ਅਰਥਾਂ ਦੇ ਆਧਾਰ 'ਤੇ ਡਾ. ਭੰਡਾਰੀ ਨੇ 'ਮਨ' ਤੇ 'ਸੁਰਤਿ' ਤੋਂ ਇਲਾਵਾ ਇਸੇ ਸੰਦਰਭ ਵਿਚ 'ਚਿਤ' ਸ਼ਬਦ ਦੀ ਵੀ ਵਰਤੋਂ ਕੀਤੀ ਹੈ। "ਇਹ ਮਨੁਖੀ ਅੰਤਹਕਰਣ ਦਾ ਅਤੀ ਸੂਖਮ ਭਾਗ ਹੈ। ਇਸ ਨੂੰ 'ਚਿਤ' ਵੀ ਕਿਹਾ ਜਾਂਦਾ ਹੈ।"[48]

ਡਾ. ਅਜੀਤ ਸਿੰਘ ਸਿਕਾ ਨੇ ਗੁਰਮਤਿ ਸੇਵਾ ਦੀ ਪ੍ਰਕਾਰ ਵੰਡ ਕਰਦਿਆਂ ਸੇਵਾ ਦੀਆਂ ਕਿਸਮਾਂ ਗਿਣੀਆਂ ਹਨ: ਅਕਾਲ ਪੁਰਖ ਦੀ ਸੇਵਾ, ਗੁਰੂ ਦੀ ਸੇਵਾ, ਸਮਾਜ ਦੀ ਸੇਵਾ, ਮਾਤਾ-ਪਿਤਾ ਦੀ ਸੇਵਾ, ਮਨੁਖਤਾ ਦੀ ਸੇਵਾ।[49]

ਹੁਣ ਤਕ ਵਿਦਵਾਨਾਂ ਨੇ ਜੋ ਵੀ ਸੇਵਾ ਦੇ ਸਰੋਕਾਰਾਂ ਵਲ ਸੰਕੇਤ ਕੀਤਾ ਹੈ, ਉਹ ਸਾਰੀਆਂ ਸੇਵਾਵਾਂ ਵਾਸਤਵ ਵਿਚ ਸੇਵਕ ਆਪਣੇ ਤਨ ਨਾਲ ਕਰਦਾ ਹੈ ਜਾਂ ਆਪਣੇ ਧਨ ਨਾਲ ਕਰਦਾ ਹੈ। ਮਨ ਅਤੇ ਸੁਰਤਿ ਵਾਸਤਵ ਵਿਚ ਦੋ ਸੂਖਮ ਅਵਸਥਾਵਾਂ ਨੂੰ ਪ੍ਰਗਟ ਕਰਨ ਵਾਲੇ ਸੰਕਲਪ ਹਨ, ਜੋ ਤਨ ਅਤੇ ਧਨ ਨਾਲ ਸੇਵਾ ਕਰਦੇ ਸਮੇਂ ਸੇਵਕ ਦੇ ਅੰਤਹਕਰਣ ਵਿਚ ਹੁੰਦੀਆਂ ਹਨ।

ਗੁਰਮਤਿ ਅਨੁਸਾਰ ਆਦਰਸ਼ਕ ਸੇਵਕ ਉਹ ਹੈ ਜਿਹੜਾ ਦੋਵੇਂ ਮਾਧਿਅਮ ਨੂੰ ਵਰਤੋਂ ਵਿਚ ਲਿਆਵੇ ਅਤੇ ਉਸ ਦੀਆਂ ਦੋਵੇਂ ਹਾਲਾਤਾਂ ਦੋਵੇਂ ਮਾਧਿਅਮ ਨਾਲ ਇਕਸੁਰ ਰਹਿਣ। ਉਦਾਹਰਣ ਵਜੋਂ ਜੇ ਉਹ ਲੰਗਰ ਦੀ ਸੇਵਾ ਕਰ ਰਿਹਾ ਹੈ ਤਾਂ ਧਨ ਨਾਲ ਸਮਗਰੀ ਲੈ ਕੇ ਲੰਗਰ ਲਈ ਭੇਂਟ ਕਰੇ। ਫਿਰ ਤਨ ਨਾਲ ਲੰਗਰ ਦੀ ਤਿਆਰੀ ਅਤੇ ਲੰਗਰ ਵਰਤਾਉਣ ਵਿਚ ਸਹਾਇਕ ਹੋਵੇ। ਇਸ ਦੇ ਨਾਲ ਹੀ ਉਸਦਾ ਮਨ ਕਿਸੇ ਪ੍ਰਕਾਰ ਦੀ ਹਉਮੈ ਜਾਂ ਭੇਦ ਭਾਵ

---

[48] ਬਲਕਾਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪਤ੍ਰਿਕਾ*, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1984, ਪੰਨਾ 15.

[49] Ajit Singh Sikka, *Beacons of Light,* Bee Kay Publications, Ludhiana, 1973, Page 36-37.

"The Service of God, The Service rendered to the Guru or Teacher, Service to the society and holy congregation, Service rendered to mother, father and kith and kin & last but not the least important service of the humanity."

ਦਾ ਸ਼ਿਕਾਰ ਹੋਏ ਬਿਨ੍ਹਾਂ ਉਸ ਨੂੰ ਤਨ ਅਤੇ ਧਨ ਨਾਲ ਕੀਤੀ ਜਾ ਰਹੀ ਸੇਵਾ ਵਿਚ ਜੋੜੀ ਰਖੇ ਅਤੇ ਜਦੋਂ ਉਹ ਇਸ ਪ੍ਰਕਾਰ ਦੀ ਸੇਵਾ ਵਿਚ ਮਗਨ ਹੋਵੇ ਤੇ ਉਸ ਦੀ ਸੁਰਤਿ ਨਾਮ ਨਾਲ ਜੁੜੀ ਹੋਈ ਹੋਵੇ ਅਰਥਾਤ ਉਹ ਆਪਣੀ ਆਤਮਾ ਨੂੰ ਅਕਾਲ ਪੁਰਖ ਨਾਲ ਇਕਸੁਰ ਕਰਕੇ ਰਖੇ।

## 1. ਤਨ ਨਾਲ ਸੇਵਾ

ਤਨ ਨਾਲ ਸੇਵਾ ਕਰਨ ਨੂੰ ਨਿਖੇੜ ਕੇ ਪਰਿਭਾਸ਼ਤ ਕਰਨਾ ਹੋਵੇ ਤਾਂ ਸੰਖੇਪ ਰੂਪ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਸੇਵਕ ਦੁਆਰਾ ਆਪਣੇ ਸਰੀਰ ਦੇ ਅੰਗਾਂ ਨਾਲ ਕੀਤੀ ਗਈ ਹਰ ਪ੍ਰਕਾਰ ਦੀ ਸੇਵਾ ਤਨ ਨਾਲ ਸੇਵਾ ਹੈ। ਸੇਵਾ ਕਰਦੇ ਸਮੇਂ ਸੇਵਕ ਦੁਆਰਾ ਗੁਰੂ ਨੂੰ ਪਖਾ ਝਲਣਾ, ਪੈਰ ਧੋਣੇ ਤੇ ਅਕਾਲ ਪੁਰਖ ਦਾ ਨਾਮ ਜਪਦਾ ਹੈ ਤੇ ਬੇਨਤੀ ਕਰਦਾ ਹੈ ਕਿ ਤੁਹਾਡਾ ਸੇਵਕ ਉਸ ਤਰ੍ਹਾਂ ਸੇਵਾ ਨਹੀਂ ਕਰ ਰਿਹਾ ਜਿਸ ਤਰ੍ਹਾਂ ਤੁਸੀਂ ਵਡਿਆਈਆਂ ਬਖ਼ਸ਼ ਰਹੇ ਹੋ:

ਪਖਾ ਫੇਰੀ ਪੈਰ ਮਲੋਵਾ ਜਪਤ ਰਹਾ ਤੇਰਾ ਨਾਉ॥

ਲੂਣ ਹਰਾਮੀ ਨਾਨਕੁ ਲਾਲਾ ਬਖਸਿਹਿ ਤੁਧੁ ਵਡਿਆਈ॥[50]

ਸਰੀਰਕ ਤੌਰ ਤੇ ਕੀਤੀ ਗਈ ਸੇਵਾ ਦੇ ਅੰਤਰਗਤ ਸੰਗਤ ਨੂੰ ਪਖਾ ਝਲਣਾ, ਜਲ ਛਕਾਉਣਾ, ਜੂਠੇ ਬਰਤਨ ਸਾਫ਼ ਕਰਨਾ, ਲੰਗਰ ਪਕਾਉਣਾ, ਲੰਗਰ ਵਰਤਾਉਣਾ, ਲੰਗਰ ਲਈ ਲਕੜੀਆਂ ਲਿਆਉਣੀਆਂ, ਝਾੜੂ ਦੇਣਾ, ਵਿਛਾਈ ਕਰਨੀ, ਜੋੜੇ ਝਾੜਨੇ, ਰੋਗੀਆਂ ਦੀ ਦੇਖ ਭਾਲ ਕਰਨੀ ਜਾਂ ਲੋਕ ਭਲਾਈ ਲਈ ਉਸਾਰੀ ਜਾ ਰਹੀ ਇਮਾਰਤ ਵਿਚ ਤਨਖਾਹ ਲਏ ਬਿਨ੍ਹਾਂ ਸਰੀਰਕ ਮਿਹਨਤ ਦੁਆਰਾ ਆਪਣਾ ਹਿਸਾ ਪਾਉਣਾ ਆਦਿ ਸਭ ਤਨ ਨਾਲ ਸੇਵਾ ਦੇ ਘੇਰੇ ਵਿਚ ਆਉਣ ਵਾਲੀਆਂ ਸੇਵਾਵਾਂ ਹਨ। ਸੇਵਕ ਦੁਆਰਾ ਆਪਣੇ ਕੇਸਾਂ ਨਾਲ ਗੁਰੂ ਸਾਹਿਬ ਦੇ ਚਰਨ ਸਾਫ ਕਰਨਾ, ਮਨ-ਤਨ ਕਟ ਕੇ ਗੁਰੂ ਅਗੇ ਭੇਂਟ ਕਰਨਾ ਅਤੇ ਗੁਰੂ ਨੂੰ ਪਖਾ ਝਲਣਾ, ਪਾਣੀ ਲੈ ਕੇ

[50] ਸ੍ਰੀ ਗੁਰੂ ਗ੍ਰੰਥ ਸਾਹਿਬ, 991.

ਆਉਣਾ ਤੇ ਫਿਰ ਬੰਧਨਾ ਕਰਨੀ ਕਿ ਜੋ ਤੁਸੀਂ ਦਿੰਦੇ ਹੋ ਉਹ ਮੈਂ ਖਾਂਦਾ ਹਾਂ। ਇਸ ਪ੍ਰਕਾਰ ਸੇਵਾ ਕਰਨ ਦੀ ਕਿਰਿਆ ਅਲੌਕਿਕ ਹੈ:

ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ।।

ਪਖਾ ਫੇਰੀ ਪਾਣੀ ਢੋਵਾ ਜੋ ਦੇਵਹਿ ਸੋ ਖਾਈ।।[51]

## 1. 1 ਗੁਰੂ ਦੀ ਸੇਵਾ

ਗੁਰਮਤਿ ਅਨੁਸਾਰ ਮਨੁਖ ਨੇ ਆਪਣੇ ਤਨ ਨਾਲ ਆਪਣੇ ਗੁਰੂ, ਸਾਧ-ਸੰਗਤ ਦੀ ਸੇਵਾ ਕਰਨੀ ਹੈ। ਗੁਰੂ ਅਰਜਨ ਦੇਵ ਜੀ ਅਕਾਲ ਪੁਰਖ ਦੀ ਸੇਵਾ ਪ੍ਰਥਮ ਆਖਦੇ ਹਨ ਅਤੇ ਉਸ ਇਕ ਤੋਂ ਬਿਨ੍ਹਾਂ ਕਿਸੇ ਦੀ ਸੇਵਾ ਕਰਨ ਦੀ ਲੋੜ ਨਹੀਂ ਤੇ ਉਸਦੀ ਸੇਵਾ ਕਰਨ ਤੋਂ ਬਾਅਦ ਕਿਸੇ ਹਜ, ਕਾਅਬੇ ਜਾਂ ਤੀਰਥ ਦੀ ਪੂਜਾ ਦੀ ਜ਼ਰੂਰਤ ਨਹੀਂ ਰਹਿ ਜਾਂਦੀ:

ਹਜ ਕਾਬੈ ਜਾਉ ਨ ਤੀਰਥ ਪੂਜਾ।।

ਏਕੋ ਸੇਵੀ ਅਵਰੁ ਨ ਦੂਜਾ।।[52]

ਪਰੰਤੂ ਅਕਾਲ ਪੁਰਖ ਅਦ੍ਰਿਸ਼ਟ ਸੁਆਮੀ ਹੈ, ਜਿਸ ਤਕ ਸਾਡੀ ਪਹੁੰਚ ਨਹੀਂ, ਜਿਸ ਨੂੰ ਅਸੀਂ ਦੇਖਿਆ ਵੀ ਨਹੀਂ ਹੈ। ਬੇਸ਼ਕ ਉਹ ਇਸ ਕਾਇਆ ਦੇ ਅੰਦਰ ਹੀ ਹੈ, ਪਰ ਉਸ ਤਕ ਪਹੁੰਚ ਕਿਵੇਂ ਹੋਵੇ? ਗੁਰੂ ਰਾਮਦਾਸ ਜੀ ਇਸ ਦਾ ਜਵਾਬ ਦਿੰਦੇ ਹਨ:

ਕਾਇਆ ਨਗਰਿ ਬਸਤ ਹਰਿ ਸੁਆਮੀ ਹਰਿ ਨਿਰਭਉ ਨਿਰਵੈਰੁ ਨਿਰੰਕਾਰਾ।।

ਹਰਿ ਨਿਕਟਿ ਬਸਤ ਕਛੁ ਨਦਰਿ ਨ ਆਵੈ ਹਰਿ ਲਾਧਾ ਗੁਰ ਵੀਚਾਰਾ।।[53]

---

[51] ਸ੍ਰੀ ਗੁਰੂ ਗ੍ਰੰਥ ਸਾਹਿਬ, 757.

[52] ਉਹੀ, 1136.

ਸੇਵਕ ਦੁਆਰਾ ਸੇਵਾ ਕਰਦਿਆਂ ਪਾਣੀ ਭਰਨਾ, ਪਖਾ ਝਲਣਾ, ਆਟਾ ਪੀਸਣ ਆਦਿ ਸੇਵਾਵਾਂ ਕਰਨ ਦੁਆਰਾ ਸਰੀਰ ਦੇ ਸਾਰੇ ਅੰਗ ਗੁਰੂ ਦੀ ਸੇਵਾ ਵਿਚ ਰੁਝੇ ਰਹਿੰਦੇ ਹਨ। ਇਥੋਂ ਤਕ ਕਿ ਨੇਤਰ ਵੀ ਅਤਿਅੰਤ ਹਲੀਮੀ ਅਤੇ ਸੇਵਾ ਭਾਵ ਨਾਲ ਹੀ ਗੁਰੂ ਦੇ ਦਰਸ਼ਨਾਂ ਵਿਚੋਂ ਆਪਣੀ ਹੋਂਦ ਦਾ ਆਧਾਰ ਲਭ ਰਹੇ ਹਨ। ਹਲੀਮੀ ਨਾਲ ਕੀਤੀ ਗਈ ਤਨ ਦੀ ਸੇਵਾ ਦੇ ਮਹੱਤਵ ਦੀ ਸੀਮਾ ਇਹ ਹੈ ਕਿ ਇਸ ਨਾਲ ਸੇਵਕ ਦੀ ਜਨਮ-ਜਨਮ ਦੀ ਹਉਮੈ ਦੀ ਮੈਲ ਹਰ ਜਾਂਦੀ ਹੈ।

ਗੁਰੂ ਦੀ ਬਾਹਰਲੀ ਸੇਵਾ ਤਨ ਦੀ ਸੇਵਾ ਦੇ ਅੰਤਰਗਤ ਆਉਂਦੀ ਹੈ। ਇਹ ਸੇਵਾ ਗੁਰੂ ਸਾਹਿਬਾਨ ਦੇ ਦਸ ਜਾਮਿਆਂ ਤਕ ਹੁੰਦੀ ਰਹੀ, ਹੁਣ ਗੁਰੂ ਦਾ ਸਰੀਰ ਪੰਥ ਕੋਲ ਹੈ। ਇਸ ਲਈ ਗੁਰੂ ਪੰਥ ਦੀ ਸੇਵਾ ਗੁਰੂ ਦੀ ਸੇਵਾ ਹੈ। ਸੇਵਾ ਕਰਦਿਆਂ ਗੁਰੂ ਨਾਲ ਸੇਵਕ ਦਾ ਅਜਿਹਾ ਰਿਸ਼ਤਾ ਕਾਇਮ ਹੋ ਜਾਂਦਾ ਹੈ, ਜਿਹੜਾ ਬਾਕੀ ਦੁਨੀਆ ਦੇ ਰਿਸ਼ਤਿਆਂ ਤੋਂ ਵਧੇਰੇ ਪਕਾ ਹੈ, ਕਿਉਂਕਿ ਦੁਨੀਆਂ ਦੇ ਸਾਕ-ਸੰਬੰਧੀ ਜਿਉਂਦੇ ਜੀਅ ਸਾਥ ਛਡ ਜਾਂਦੇ ਹਨ, ਪਰ ਗੁਰੂ ਮੌਤ ਤੋਂ ਬਾਅਦ ਵੀ ਸੇਵਕ ਨੂੰ ਛਡ ਕੇ ਨਹੀਂ ਜਾਂਦਾ। ਸ੍ਰੀ ਗੁਰੂ ਰਾਮਦਾਸ ਜੀ ਬਚਨ ਕਰਦੇ ਹਨ:

ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ।।

ਓਇ ਜੀਵੰਦੇ ਵਿਛੁੜਹਿ ਓਇ ਮੁਇਆ ਨ ਜਾਹੀ ਛੋੜਿ।।[54]

ਸੇਵਕ ਨੂੰ ਆਪਣੇ ਗੁਰੂ ਦੀ, ਤਨ ਨਾਲ ਸੇਵਾ ਕਰਨ ਲਈ ਹਰ ਸੇਵਕ ਨੂੰ ਬਾਣੀ ਵਿਚੋਂ ਸਿਖਿਆ ਮਿਲਦੀ ਹੈ ਅਤੇ ਅਜਿਹੀ ਸੇਵਾ ਕਰਕੇ ਸ੍ਰੀ ਗੁਰੂ ਅੰਗਦ ਦੇਵ ਜੀ ਤੇ ਸ੍ਰੀ ਗੁਰੂ ਅਮਰਦਾਸ ਜੀ ਸੇਵਕ ਤੋਂ ਸੁਆਮੀ ਬਣ ਗਏ।

## 1. 2 ਗੁਰਮੁਖ ਦੀ ਸੇਵਾ

ਸਾਧੂ, ਸੰਤ, ਬ੍ਰਹਮ ਗਿਆਨੀ, ਗੁਰਮੁਖ ਆਦਿ ਸ਼ਬਦ ਗੁਰਬਾਣੀ ਵਿਚ ਆਏ ਹਨ। ਸੰਤ ਨੂੰ ਇਸੇ ਲਈ ਬ੍ਰਹਮ ਗਿਆਨੀ ਕਿਹਾ ਗਿਆ ਹੈ, ਕਿਉਂਕਿ ਉਸ ਦੀ ਸ਼ਖਸ਼ੀਅਤ ਵਿਚ ਗੁਰੂ ਵਲੋਂ ਬਖਸ਼ਿਸ਼ ਕੀਤੀਆਂ ਬਖਸ਼ਿਸ਼ਾਂ

---

[53] ਸ੍ਰੀ ਗੁਰੂ ਗ੍ਰੰਥ ਸਾਹਿਬ, 720.

[54] ਉਹੀ, 1102.

ਆ ਜਾਂਦੀਆਂ ਹਨ। ਆਪ ਗੁਰੂ ਸਾਹਿਬਾਨ ਨੇ ਵੀ ਜਿਸ ਪ੍ਰਕਾਰ ਗੁਰੂ ਦੇ ਸੰਦਰਭ ਵਿਚ ਤਨ ਦੀ ਸੇਵਾ ਦਾ ਜ਼ਿਕਰ ਕੀਤਾ ਹੈ, ਉਸੇ ਪ੍ਰਕਾਰ ਹੀ ਗੁਰਮੁਖਾਂ ਦੀ ਸੇਵਾ ਦਾ ਜ਼ਿਕਰ ਵੀ ਕੀਤਾ ਹੈ। ਗੁਰਮੁਖਾਂ ਦੇ ਚਰਨ ਆਪਣੇ ਕੇਸਾਂ ਨਾਲ ਸਾਫ ਕਰਾ ਤੇ ਅਠੇ ਪਹਿਰ ਗੁਰਮੁਖਾਂ ਦੇ ਦਰਸ਼ਨ ਕਰਾ। ਗੁਰਮੁਖਾਂ ਨੂੰ ਗੁਰੂ ਜਿੰਨਾ ਹੀ ਉਚਾ ਰੁਤਬਾ ਦਿੰਦਿਆਂ ਗੁਰਮੁਖਾਂ ਦੀ ਤਨ ਨਾਲ ਕੀਤੀ ਗਈ ਸੇਵਾ ਦੇ ਸੰਦਰਭ ਵਿਚ ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:

ਨੈਨਹੁ ਸੰਗਿ ਸੰਤਨ ਕੀ ਸੇਵਾ ਚਰਨ ਝਾਰੀ ਕੇਸਾਇਓ॥

ਆਠ ਪਹਰ ਦਰਸਨੁ ਸੰਤਨ ਕਾ ਸੁਖੁ ਨਾਨਕ ਇਹੁ ਪਾਇਓ॥[55]

ਸੇਵਕ ਲਈ ਆਪਣੇ ਗੁਰੂ ਦੇ ਆਦਰਸ਼ ਨੂੰ ਮੰਨਣ ਵਾਲੇ ਹੋਰ ਗੁਰਸਿਖਾਂ ਦੀ ਸੇਵਾ ਵੀ ਗੁਰੂ ਦੀ ਸੇਵਾ ਹੀ ਹੈ। ਜਿਹੜੇ ਗੁਰਸਿਖ ਆਪ ਨਾਮ ਜਪ ਕੇ ਹੋਰ ਗੁਰਸਿਖਾਂ ਨੂੰ ਨਾਮ ਜਪਾਉਂਦੇ ਹਨ ਉਹਨਾ ਬਾਰੇ ਗੁਰੂ ਸਾਹਿਬ ਆਖਦੇ ਹਨ, ਮੈਂ ਅਜਿਹੇ ਗੁਰਸਿਖਾਂ ਦਾ ਲਾਲਾ ਗੋਲਾ ਹਾਂ:

ਹਮ ਹੋਵਹ ਲਾਲੇ ਗੋਲੇ ਗੁਰਸਿਖਾ ਕੇ ਜਿਨਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ॥[56]

## 1. 3 ਸੰਗਤ ਦੀ ਸੇਵਾ

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੰਗਤ ਦੀ ਸੇਵਾ ਵੀ ਗੁਰੂ ਦੀ ਹੀ ਸੇਵਾ ਹੈ ਕਿਉਂਕਿ ਸਾਧ ਸੰਗਤ ਵਿਚ ਗੁਰੂ ਨਿਵਾਸ ਕਰਦੇ ਹਨ। ਸਾਧ ਸੰਗਤ ਬਾਰੇ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਅਨੁਸਾਰ ਗੁਰੂ ਦੁਆਰਾ ਸਥਾਪਿਤ ਸੰਗਤ ਦੀ ਸੰਸਥਾ ਦਾ ਗੁਣ ਇਹ ਹੈ ਕਿ ਇਸ ਵਿਚ ਗੁਰੂ ਆਪ ਉਪਸਥਿਤ ਰਹਿੰਦਾ ਹੈ। ਉਥੇ ਸਮੁਚੀ ਸੰਗਤ ਵਿਚ ਵੀ ਉਸ ਦੀ ਹੋਂਦ ਵਿਦਮਾਨ ਰਹਿੰਦੀ ਹੈ। ਸੰਗਤ ਵਿਚ ਜਾ ਕੇ ਸੇਵਾ ਕਰਨ ਨਾਲ ਨੈਤਿਕ ਅਤੇ ਅਧਿਆਤਮਿਕ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ। ਜਦ ਸੇਵਕ ਸੰਗਤ ਵਿਚ ਜਾ ਕੇ ਸੇਵਾ ਕਰਦੇ ਹਨ ਤਾਂ ਉਥੇ ਉਚ-ਨੀਚ, ਛੋਟੇ-ਵਡੇ ਅਤੇ ਗਰੀਬ-ਅਮੀਰ ਦਾ ਫ਼ਰਕ ਮਿਟ ਜਾਂਦਾ ਹੈ। ਅਜਿਹੀ ਤਨ ਦੀ ਸੇਵਾ ਕਰਨ ਨਾਲ ਹਉਮੈ ਮਿਟ ਜਾਂਦੀ ਹੈ।

---

[55] ਸ੍ਰੀ ਗੁਰੂ ਗ੍ਰੰਥ ਸਾਹਿਬ, 1217.

[56] ਉਹੀ, 493.

## 2. ਮਨ ਨਾਲ ਸੇਵਾ

'ਮਨ' ਧਨ ਵਾਂਗ ਵੰਡਿਆ ਨਹੀਂ ਜਾ ਸਕਦਾ। ਇਸ ਲਈ ਜਦੋਂ ਅਸੀਂ ਮਨ ਨਾਲ ਸੇਵਾ ਦੀ ਗਲ ਕਰਦੇ ਹਾਂ ਤਾਂ ਵਾਸਤਵ ਵਿਚ ਅਸੀਂ ਇਹ ਕਹਿਣ ਦਾ ਯਤਨ ਕਰ ਰਹੇ ਹੁੰਦੇ ਹਾਂ ਕਿ ਜਦੋਂ ਕੋਈ ਸੇਵਕ ਤਨ ਜਾਂ ਧਨ ਨਾਲ ਸੇਵਾ ਕਰਦਾ ਹੈ ਤਾਂ ਉਸ ਦੇ ਮਨ ਦੀ ਅਵਸਥਾ ਇਸ ਸੇਵਾ ਦੇ ਅਨੁਕੂਲ ਹੈ? ਤਨ ਜਾਂ ਧਨ ਦੁਆਰਾ ਕੀਤੀ ਸੇਵਾ ਕਿਸ ਪਧਰ ਦੀ ਹੈ? ਇਸ ਦਾ ਅੰਦਾਜ਼ਾ ਉਸ ਸਮੇਂ ਸੇਵਕ ਦੇ ਮਨ ਦੀ ਅਵਸਥਾ ਤੋਂ ਹੀ ਲਗਾਇਆ ਜਾ ਸਕਦਾ ਹੈ। ਤਨ ਜਾਂ ਧਨ ਦੁਆਰਾ ਸੇਵਾ ਕਰਦੇ ਸਮੇਂ ਸੇਵਕ ਦੇ ਮਨ ਦੀ ਅਵਸਥਾ ਕਿਹੋ ਜਿਹੀ ਹੋਣੀ ਚਾਹੀਦੀ ਹੈ, ਇਸ ਬਾਰੇ ਵਿਚਾਰ ਕਰਨ ਤੋਂ ਪਹਿਲਾਂ ਥੋੜ੍ਹਾ ਜਿਹਾ ਮਨ ਦੇ ਸਰੂਪ ਬਾਰੇ ਵਿਚਾਰ ਕਰਨਾ ਜ਼ਰੂਰੀ ਹੈ।

ਇਸ ਸੰਦਰਭ ਵਿਚ ਡਾ. ਬਲਬੀਰ ਸਿੰਘ ਆਪਣੇ ਵਿਚਾਰ ਪ੍ਰਗਟ ਕਰਦੇ ਹਨ ਕਿ "ਮਨੁਖਾ ਸਰੀਰ ਵਿਚ ਇਕ ਹੋਰ ਚੀਜ਼ ਮਨ ਹੈ, ਜਿਸ ਨਾਲ ਉਹ ਦਰਦ, ਦੁਖ ਅਤੇ ਖੁਸ਼ੀ ਮਹਿਸੂਸ ਕਰਦਾ ਹੈ।"[57] ਡਾ. ਅਜੀਤ ਸਿੰਘ ਸਿਕਾ ਅਨੁਸਾਰ ਮਨ, ਆਤਮਾ ਅਤੇ ਸਰੀਰ ਦੀ ਆਪਣੀ ਹੋਂਦ ਹੈ ਅਤੇ ਆਪਣੀ ਧਾਰਨਾ ਨੂੰ ਪ੍ਰਗਟਾਉਂਦੇ ਹੋਏ ਲਿਖਦੇ ਹਨ ਕਿ "ਮਨ, ਤਨ ਤੇ ਆਤਮਾ ਮਨੁਖੀ ਸਰੀਰ ਵਿਚ ਇਕ ਦੂਜੇ ਤੋਂ ਵਖਰੇ ਹਨ।"[58]

ਪਰੰਤੂ ਸਰਦੂਲ ਸਿੰਘ ਕਵੀਸ਼ਰ ਡਾ. ਸਿਕਾ ਦੇ ਇਸ ਕਥਨ ਨਾਲ ਸਹਿਮਤ ਨਹੀਂ ਹਨ ਕਿ ਮਨ ਤੇ ਸਰੀਰ ਇਕ ਦੂਜੇ ਨਾਲੋਂ ਵਖਰੇ ਹਨ। ਸਰਦੂਲ ਸਿੰਘ ਮਨ ਤੇ ਆਤਮਾ ਨੂੰ ਇਕੋ ਸਮਝਦੇ ਹੋਏ ਕਹਿੰਦੇ ਹਨ ਕਿ "ਨਵੀਨ ਮਨੋਵਿਗਿਆਨੀਆਂ ਵਾਂਗ ਗੁਰੂ ਸਾਹਿਬ ਨੇ ਮਨ ਤੇ ਆਤਮਾ ਵਿਚ ਕੋਈ ਭਿੰਨ-ਭੇਦ ਨਹੀਂ ਜਾਣਿਆ। ਗੁਰੂ ਸਾਹਿਬ ਨੇ ਮਨੁਖੀ ਮਨ ਤੇ ਆਤਮਾ ਨੂੰ ਇਕੋ ਗਿਣਿਆ ਹੈ।"[59]

---

[57] ਬਲਬੀਰ ਸਿੰਘ, *ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ* (ਜਿਲਦ ਪਹਿਲੀ), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972, ਪੰਨਾ 16.

[58] Ajit Singh Sikka, *The Philosophy of Mind in the Poetry on Guru Nanak,* Bee Kay Pub., Ludhiana, 1973, Page 57.
"Mind, body and Atma are seperate from one another in human beings."

[59] ਸਰਦੂਲ ਸਿੰਘ ਕਵੀਸ਼ਰ, *ਸਿੱਖ ਧਰਮ ਦਰਸ਼ਨ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969, ਪੰਨਾ 185.

ਸਾਂਖ ਦਰਸ਼ਨ ਦੇ ਪਰਵਰਤਕਾਂ ਨੇ ਮਨ ਨੂੰ ਚਿਤ ਕਿਹਾ ਹੈ। ਇਸ ਸੰਦਰਭ ਵਿਚ ਪ੍ਰਸਿਧ ਵਿਦਵਾਨ ਬਲਦੇਵ ਉਪਾਧਿਆਇ ਦਾ ਕਥਨ ਹੈ ਕਿ "(ਮਨ) ਗਿਆਨ ਇੰਦਰੀ ਵੀ ਹੈ ਅਤੇ ਕਰਮ ਇੰਦਰੀ ਵੀ ਹੈ।"[60] ਕਈ ਆਧੁਨਿਕ ਵਿਦਵਾਨਾਂ ਨੇ ਆਤਮਾ ਜਾਂ ਬੁਧੀ ਨਾਲ ਮਨ ਦਾ ਸੰਬੰਧ ਜੋੜਨ ਦੀ ਥਾਂ ਇਸ ਦਾ ਸੰਬੰਧ ਮਾਇਆ ਨਾਲ ਜੋੜਿਆ ਹੈ। ਉਦਾਹਰਣ ਵਜੋਂ ਸਵਾਮੀ ਸ਼ਿਵਾ ਨੰਦ ਅਨੁਸਾਰ ਮਾਇਆ ਹੀ ਮਨੁਖ ਦੇ ਆਵਾਗਵਣ ਵਿਚ ਬੰਧਨ ਦਾ ਕਾਰਨ ਮਾਤਰ ਹੈ। ਉਹ ਲਿਖਦੇ ਹਨ ਕਿ "ਮਨ ਹੀ ਮਾਇਆ ਹੈ।"[61]

ਜੇਕਰ ਮਨ ਦੇ ਸੰਦਰਭ ਬਾਰੇ ਗਲ ਕੀਤੀ ਜਾਵੇ ਤਾਂ ਇਸ ਦੇ ਦੋ ਹਿਸੇ ਜਾਂ ਸੁਭਾਅ ਹਨ, ਪ੍ਰਕਾਸ਼ਮਈ ਮਨ ਤੇ ਅੰਧਕਾਰਮਈ ਮਨ। ਗੁਰਬਾਣੀ ਵਿਚ ਉਨ੍ਹਾਂ ਸੇਵਕਾਂ ਦੀ ਸ਼ਲਾਘਾ ਕੀਤੀ ਗਈ ਹੈ, ਜਿਸ ਨੇ ਪ੍ਰਕਾਸ਼ਮਈ ਮਨ ਨਾਲ ਭਾਵ ਮਨ ਦੀ ਇਕਾਗਰਤਾ ਨਾਲ ਆਪਣੇ ਗੁਰੂ ਦੀ ਸੇਵਾ ਕੀਤੀ ਹੈ। ਸ੍ਰੀ ਗੁਰੂ ਅਮਰਦਾਸ ਜੀ ਤਾਂ ਇਥੋਂ ਤਕ ਕਹਿੰਦੇ ਹਨ ਕਿ ਇਕ ਮਨ, ਇਕ ਚਿਤ ਹੋ ਕੇ ਗੁਰੂ ਦੀ ਸੇਵਾ ਵਿਚ ਜੁਟੇ ਹੋਏ ਸੇਵਕ ਦੀ ਪਦਵੀ ਇੰਨੀ ਉਚੀ ਹੈ ਕਿ ਉਨ੍ਹਾਂ ਦਾ ਆਪਣਾ ਮਨ ਭਾਵੁਕ ਹੋ ਕੇ ਅਜਿਹੇ ਸੇਵਕ ਦੇ ਚਰਨ ਛੂਹਣ ਨੂੰ ਕਰਦਾ ਹੈ:

ਜਿਨਾ ਸਤਿਗੁਰੁ ਇਕ ਮਨਿ ਸੇਵਿਆ ਤਿਨ ਜਨ ਲਾਗਉ ਪਾਇ॥[62]

ਗੁਰਬਾਣੀ ਵਿਚ ਸੇਵਾ ਦੇ ਨਾਲ ਜਿਥੇ ਤਨ ਜਾਂ ਧਨ ਸ਼ਬਦ ਆਇਆ ਹੈ, ਉਥੇ ਬਹੁਤ ਵਾਰ ਮਨ ਸ਼ਬਦ ਵੀ ਆਇਆ ਹੈ। ਇਸ ਦਾ ਭਾਵ ਇਹੋ ਹੈ ਕਿ ਤਨ ਤੇ ਧਨ ਨਾਲ ਸੇਵਾ ਕਰਦੇ ਸਮੇਂ ਸੇਵਕ ਦੀ ਮਾਨਸਿਕ ਸਥਿਤੀ ਇਹੋ ਜਿਹੀ ਹੋਣੀ ਚਾਹੀਦੀ ਹੈ ਕਿ ਉਸਦਾ ਮਨ ਹਾਜ਼ਰ ਰਹੇ ਭਾਵ ਉਹ ਪੂਰੀ ਲਗਨ ਨਾਲ ਸੇਵਾ ਕਰ ਰਿਹਾ ਹੋਵੇ। ਜਿਹੜੇ ਸੇਵਕ ਮਨ ਤੋਂ ਹੋਰ ਅਤੇ ਮੁਖ ਤੋਂ ਹੋਰ ਹੋਣ, ਉਹ ਸੇਵਾ ਦੀ ਦ੍ਰਿਸ਼ਟੀ ਤੋਂ ਕਚੇ ਹੁੰਦੇ ਹਨ:

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ॥ ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥[63]

---

[60] ਬਲਦੇਵ ਉਪਾਧਿਆਇ, *ਭਾਰਤੀਯ ਦਰਸ਼ਨ*, ਚੌਖੰਬਾ ਓਰੀਅੰਟਾਲਿਯਾ, ਵਾਰਾਨਸੀ, 1976, ਪੰਨਾ 269.

[61] Swami Sivananda, *The Conquest of Mind, The Conquest of Mind,* The Divine Life Society, Shivanandanagar, 1968, Page 67.

"Mind is maya"

[62] ਸ੍ਰੀ ਗੁਰੂ ਗ੍ਰੰਥ ਸਾਹਿਬ, 1413.

ਇਸ ਪ੍ਰਕਾਰ ਇਹ ਪੰਗਤੀਆਂ ਇਕੋ ਸੰਕਲਪ ਵਲ ਸੰਕੇਤ ਕਰਦੀਆਂ ਹਨ, ਜਿਸਨੂੰ ਅਸੀਂ ਮਾਨਸਿਕ ਇਕਾਗਰਤਾ ਕਿਹਾ ਹੈ। ਸੇਵਕ ਭਾਵੇਂ ਆਪਣੇ ਗੁਰੂ ਦੀ ਸੇਵਾ ਕਰ ਰਿਹਾ ਹੋਵੇ, ਭਾਵੇਂ ਸੰਗਤ ਦੀ, ਭਾਵੇਂ ਕਿਸੇ ਮਹਿਮਾਨ ਜਾਂ ਲੋੜਵੰਦ ਦੀ, ਗੁਰੂ ਘਰ ਵਿਚ ਪ੍ਰਵਾਨ ਹੋਣ ਲਈ ਹਰ ਹਾਲਤ ਵਿਚ, ਸੇਵਾ ਕਰਨ ਵੇਲੇ ਉਸਦੇ ਮਨ ਦਾ ਗੁਰੂ ਚਰਨਾਂ ਵਿਚ ਇਕਾਗਰ ਹੋਣਾ ਜ਼ਰੂਰੀ ਹੈ। ਹਰ ਮਨੁਖ ਤਨ, ਮਨ ਤੇ ਸੁਰਤ ਰਖਦਾ ਹੈ। ਤਨ ਕਰਕੇ ਤਨ ਨਾਲ ਸੇਵਾ ਤੇ ਧਨ ਨਾਲ ਸੇਵਾ ਹੁੰਦੀ ਹੈ। ਮਨ ਨਾਲ ਸੇਵਾ ਦੇ ਦੋ ਅਰਥ ਹਨ: ਇਕ ਤਾਂ ਸੇਵਾ ਮਨ ਲਾਉਣ ਲਈ ਕਰੇ ਤੇ ਦੂਜੇ ਅਰਥ ਹਨ ਮਨ ਕਰਕੇ ਹੀ ਸੇਵਾ ਕਰਨੀ। ਇਸ ਤਰ੍ਹਾਂ ਮਨ ਨਾਲ ਸੇਵਾ ਕਰਕੇ ਗੁਰੂ ਦੇ ਮਨ ਤਕ ਪਹੁੰਚ ਹੋ ਜਾਂਦੀ ਹੈ। ਸੋ ਮਨ ਦੀ ਸਚੀ ਸੇਵਾ ਕਰੇ ਤੋਂ ਬਿਨ੍ਹਾਂ ਸੇਵਕ ਅਧਿਆਤਮਕ ਉਨਤੀ ਨਹੀਂ ਕਰ ਸਕਦਾ।

### 3. ਧਨ ਨਾਲ ਸੇਵਾ

ਸੇਵਕ ਆਪਣੇ ਗੁਰੂ ਦੇ ਪਿਆਰ ਵਿਚ ਆ ਕੇ ਗੁਰੂ ਦੇ ਚਰਨਾਂ ਵਿਚ ਜੁੜੀ ਸੰਗਤ ਦੀ ਭਲਾਈ ਜਾਂ ਮਾਨਵ ਜਾਤੀ ਲਈ ਕਿਸੇ ਦੁਖੀ ਅਤੇ ਲੋੜਵੰਦ ਦੀ ਧਨ ਖਰਚ ਕੇ ਸੇਵਾ ਕਰਦਾ ਹੈ, ਭੁਖੇ ਨੂੰ ਪ੍ਰਸ਼ਾਦਾ ਛਕਾਉਂਦਾ ਹੈ, ਕਿਸੇ ਰੋਗੀ ਦੇ ਦੁਖ ਦੂਰ ਕਰਨ ਲਈ ਉਸ ਦੀ ਮਾਇਕ ਸਹਾਇਤਾ ਕਰਦਾ ਹੈ। ਭਾਈ ਨੰਦ ਲਾਲ ਜੀ ਅਨੁਸਾਰ ਜਿਹੜਾ ਸਿਖ ਲੋੜਵੰਦਾਂ ਦੀ ਧਨ ਨਾਲ ਸੇਵਾ ਨਹੀਂ ਕਰਦਾ, ਉਸ ਨੂੰ ਦਰਗਾਹ ਵਿਚ ਮਾਣ ਨਹੀਂ ਮਿਲ ਸਕਦਾ:

ਅਤਿਥੀ ਦੇਖ ਨਹਿ ਦੇਵਹਿ ਦਾਨ ਸੋ ਨਹਿ ਪਾਵਹਿ ਦਰਗਹਿ ਮਾਨ॥[64]

ਧਨ ਨਾਲ ਸੇਵਾ ਕਰਨ ਲਗਿਆ ਸੇਵਕ ਭਗਤ ਕਬੀਰ ਜੀ ਦੇ ਬਚਨਾਂ ਤੋਂ ਸਿਖਿਆ ਲੈਂਦਾ ਕਿ ਆਪਣਾ ਆਪ ਅਕਾਲ ਪੁਰਖ ਦੇ ਹਵਾਲੇ ਕੀਤਾ ਜਾਵੇ ਤੇ ਅਰਦਾਸ ਕਰੇ ਕਿ ਜੋ ਕੁਝ ਮੇਰੇ ਪਾਸ ਹੈ (ਤਨ, ਮਨ, ਧਨ) ਇਹ ਸਭ ਤੇਰਾ ਹੀ ਹੈ। ਇਸ ਵਿਚ ਇਹੋ ਜਿਹਾ ਕੁਝ ਨਹੀਂ ਹੈ ਜਿਸ ਨੂੰ ਮੈਂ ਆਪਣਾ ਕਹਿ ਸਕਾ। ਜੋ ਕੁਝ ਦਿਤਾ

---

[63] ਸ੍ਰੀ ਗੁਰੂ ਗ੍ਰੰਥ ਸਾਹਿਬ, 488.

[64] ਪਿਆਰਾ ਸਿੰਘ ਪਦਮ, (ਸੰਪਾ.), *ਰਹਿਤਨਾਮੇ,* ਕਲਮ ਮੰਦਰਿ, ਪਟਿਆਲਾ, 1978, ਪੰਨਾ 58.

ਹੋਇਆ ਹੈ ਇਸ ਸਭ ਤੇਰਾ ਹੀ ਹੈ। ਜੇ ਅਕਾਲ ਪੁਰਖ ਦੀ ਪ੍ਰਵਾਨਗੀ ਹੋਵੇ ਤਾਂ ਤੇਰਾ ਦਿਤਾ ਹੋਇਆ ਇਹ ਸਭ ਕੁਝ ਮੈਂ ਤੇਰੀ ਭੇਂਟ ਕਰਦਾ ਹਾਂ।[65]

ਜਦੋਂ ਸੇਵਕ ਧਨ ਨਾਲ ਸੇਵਾ ਕਰਦਾ ਹੈ ਤਾਂ ਮਾਇਆ ਤੋਂ ਨਿਰਲੇਪ ਹੋਣਾ ਸ਼ੁਰੂ ਹੋ ਜਾਂਦਾ ਹੈ। ਉਹ ਪਾਪ ਕਰਕੇ ਜਾਂ ਦੂਜਿਆਂ ਦਾ ਹਕ ਮਾਰ ਕੇ ਮਾਇਆ ਨੂੰ ਇਕਠੀ ਕਰਨ ਤੋਂ ਸੰਕੋਚ ਕਰਦਾ ਹੈ। ਸੇਵਕ ਦਾ ਹਕ ਦੀ ਕਮਾਈ ਵਿਚ ਹੀ ਵਿਸ਼ਵਾਸ਼ ਬਝ ਜਾਂਦਾ ਹੈ। ਇਸ ਪ੍ਰਕਾਰ ਧਨ ਨਾਲ ਸੇਵਾ ਨੂੰ ਗੁਰਮਤਿ ਦੇ ਮੁਢਲੇ ਸਿਧਾਂਤਾਂ ਅਤੇ ਨਿਯਮਾਂ ਵਿਚ ਅਤਿਅੰਤ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਗੁਰਮਤਿ ਵਿਚ ਧਨ ਨਾਲ ਸੇਵਾ ਨੂੰ ਸੰਸਥਾ ਦੀ ਕਾਇਮੀ ਦਾ ਸ਼ਕਤੀਸ਼ਾਲੀ ਸਤੰਭ ਮੰਨਿਆ ਗਿਆ ਹੈ, ਜਿਸ ਦੁਆਰਾ ਸਮੁਚੀ ਮਾਨਵ ਜਾਤੀ ਦੀ ਸੇਵਾ ਦੀ ਕਲਪਨਾ ਕੀਤੀ ਗਈ ਹੈ। ਗੁਰਬਾਣੀ ਵਿਚ ਜਿਥੇ ਤਨ ਨਾਲ ਸੇਵਾ ਦਾ ਉਪਦੇਸ਼ ਹੈ, ਉਥੇ ਧਨ ਨਾਲ ਸੇਵਾ ਕਰਨ ਦੀ ਹਦਾਇਤ ਵੀ ਦਿਤੀ ਗਈ ਹੈ:

ਘਾਲਿ ਖਾਇ ਕਿਛੁ ਹਥਹੁ ਦੇਇ।।

ਨਾਨਕ ਰਾਹੁ ਪਛਾਣਹਿ ਸੇਇ।।[66]

ਗੁਰੂ ਸਾਹਿਬ ਦੇ ਉਪਰੋਕਤ ਫੁਰਮਾਨ ਦਾ ਸਾਰੰਸ਼ ਇਹ ਹੈ ਕਿ ਅਧਿਆਤਮਿਕ ਮਾਰਗ ਦੇ ਸਚੇ ਰਾਹ ਦੀ ਪਛਾਣ ਕੇਵਲ ਉਨ੍ਹਾਂ ਸਾਧਕਾਂ ਨੂੰ ਹੀ ਹੈ ਜੋ ਆਪਣੀ ਰੋਜ਼ੀ ਆਪ ਕਮਾਉਣ ਤੋਂ ਇਲਾਵਾ ਆਪਣੀ ਕਮਾਈ ਵਿਚੋਂ ਕੁਝ ਦਾਨ ਵੀ ਕਰਦੇ ਹਨ।

ਧਨ ਨਾਲ ਸੇਵਾ ਦੇ ਸੰਬੰਧ ਵਿਚ ਗੁਰਮਤਿ ਦਾ ਦ੍ਰਿਸ਼ਟੀਕੋਣ ਬੜਾ ਸਪਸ਼ਟ ਹੈ। ਗੁਰਮਤਿ ਧਨ ਦਾ ਦਾਨ ਕਰਨ ਨੂੰ ਬਹੁਤ ਜ਼ਰੂਰੀ ਸਮਝਦੀ ਹੈ, ਪਰ ਲਾਜ਼ਮੀ ਸ਼ਰਤ ਇਹ ਹੈ ਕਿ ਦਾਨ ਕੀਤਾ ਜਾਣ ਵਾਲਾ ਧਨ ਜਾਂ ਪਦਾਰਥ ਦਾਨ ਕਰਨ ਵਾਲੇ ਨੇ ਆਪਣੇ ਹਥਾਂ ਦੁਆਰਾ ਕਿਰਤ ਕਰਕੇ ਕਮਾਇਆ ਗਿਆ ਹੋਵੇ। ਪ੍ਰੋ. ਪੂਰਨ ਸਿੰਘ

---

[65] ਸ੍ਰੀ ਗੁਰੂ ਗ੍ਰੰਥ ਸਾਹਿਬ, 1375.

[66] ਉਹੀ, 1245.

ਤਾਂ ਸਚੀ ਕਿਰਤ ਨੂੰ ਰਬ ਦੀ ਪੂਜਾ ਦੇ ਬਰਾਬਰ ਦਾ ਦਰਜਾ ਦਿੰਦੇ ਹੋਏ ਕਹਿੰਦੇ ਹਨ ਕਿ "ਸੁਚੀ ਕਿਰਤ ਜ਼ਰੂਰ ਰਬ ਦੀ ਪੂਜਾ ਹੈ ਕਿਉਂਕਿ ਸਾਧ ਤੇ ਕਿਰਤੀ ਦੇ ਲਛਣ ਮਿਲਦੇ ਹਨ।"[67]

ਗੁਰਮਤਿ ਅਨੁਸਾਰ ਹੋਰ ਸੇਵਾ ਵਾਂਗ ਧਨ ਦੁਆਰਾ ਕੀਤੀ ਗਈ ਸੇਵਾ ਵੀ ਇਕ ਪ੍ਰਕਾਰ ਨਾਲ ਮਾਨਵ ਦੁਆਰਾ ਜਗਤ ਵਿਚ ਬੀਜੀ ਹੋਈ ਖੇਤੀ ਹੈ, ਜਿਸ ਦਾ ਫਲ ਉਸ ਨੂੰ ਪਰਲੋਕ ਵਿਚ ਪ੍ਰਾਪਤ ਹੋਣਾ ਹੈ। ਇਸ ਲਈ ਕੇਵਲ ਇਹ ਹੀ ਕਾਫੀ ਨਹੀਂ ਕਿ ਜਿਸ ਧਨ ਨੇ ਬੀਜ ਦਾ ਰੂਪ ਧਾਰਨ ਕਰਕੇ ਉਸ ਦੀ ਖੇਤੀ ਵਿਚ ਉਗਣਾ ਹੈ, ਉਹ ਸ਼ੁਧ ਤੇ ਸਵਛ ਹੋਵੇ। ਇਸਦੇ ਨਾਲ ਇਹ ਵੀ ਲਾਜ਼ਮੀ ਹੈ ਕਿ ਧਨ ਨਾਲ ਸੇਵਾ ਕਰਨ ਵਾਲੇ ਨੂੰ ਪੂਰਾ ਗਿਆਨ ਹੋਵੇ ਕਿ ਜਿਸ ਖੇਤ ਵਿਚ ਉਹ ਧਨ ਰੂਪੀ ਦਾਨ ਬੀਜ ਰਿਹਾ ਹੈ, ਉਹ ਬੰਜਰ ਜਾਂ ਕਲਰ ਨਾ ਹੋਵੇ ਸਗੋਂ ਜ਼ਰਖੇਜ਼ ਤੇ ਉਪਜਾਊ ਹੋਵੇ। ਕਹਿਣ ਤੋਂ ਭਾਵ ਇਹ ਹੈ ਕਿ ਦਾਨ ਦੇ ਰੂਪ ਵਿਚ ਜਿਹੜਾ ਧਨ ਕਿਸੇ ਲੋੜਵੰਦ ਵਿਅਕਤੀ ਨੂੰ ਦਿਤਾ ਜਾਂਦਾ ਹੈ ਕੇਵਲ ਉਸੇ ਨੂੰ ਹੀ ਉਪਜਾਊ ਧਰਤੀ ਵਿਚ ਬੀਜੀ ਹੋਈ ਸੇਵਾ ਕਿਹਾ ਜਾਵੇਗਾ। ਇਸ ਤੋਂ ਇਲਾਵਾ ਕਿਸੇ ਹੋਰ ਥਾਂ ਦਿਤੇ ਗਏ ਧਨ ਨੂੰ ਕਿਸੇ ਨਾਲ ਖੁਦਗਰਜ਼ੀ, ਡਰ ਜਾਂ ਧੋਖਾ ਦੇਣ ਦੇ ਸੰਬੰਧ ਨਾਲ ਕੀਤਾ ਗਿਆ ਖ਼ਰਚ ਮੰਨਿਆ ਜਾਵੇਗਾ, ਜੋ ਇਕ ਪ੍ਰਕਾਰ ਨਾਲ ਕਲਰ ਧਰਤੀ ਵਿਚ ਬੀਜਿਆ ਹੋਇਆ ਅਨਾਜ ਹੈ। ਇਸ ਅਨਾਜ ਤੋਂ ਅਗੇ ਜਾ ਕੇ ਕੋਈ ਲਾਹਾ ਪ੍ਰਾਪਤ ਨਹੀਂ ਹੋ ਸਕਦਾ:

ਕਲਰਿ ਖੇਤੀ ਬੀਜੀਐ ਕਿਉ ਲਾਹਾ ਪਾਵੈ॥[68]

ਧਨ ਨਾਲ ਸੇਵਾ ਕਰਦੇ ਸਮੇਂ ਸੇਵਕ ਲਈ ਜ਼ਰੂਰੀ ਹੈ ਕਿ ਉਸ ਦੇ ਮਨ ਵਿਚ ਨਾ ਤਾਂ ਕਿਸੇ ਕਿਸਮ ਦੀ ਹਉਮੈ ਆਉਣੀ ਚਾਹੀਦੀ ਹੈ ਅਤੇ ਨਾ ਹੀ ਜਿਸ ਦੀ ਸੇਵਾ ਕੀਤੀ ਜਾਵੇ ਉਸ ਬਾਰੇ ਤਰਸ ਦੀ ਭਾਵਨਾ ਆਉਣੀ ਚਾਹੀਦੀ ਹੈ। ਤਰਸ ਦੀ ਭਾਵਨਾ ਹਉਮੈ ਨੂੰ ਜਨਮ ਦਿੰਦੀ ਹੈ। ਇਸ ਤਰ੍ਹਾਂ ਹਉਮੈ ਰਹਿਤ ਅਤੇ ਆਪਾ ਭਾਵ ਗਵਾ ਕੇ ਧਨ ਦੁਆਰਾ ਕੀਤੀ ਗਈ ਸੇਵਾ ਹੀ ਸਕਾਰਥ ਹੁੰਦੀ ਹੈ। ਆਮ ਪੁੰਨ-ਦਾਨ ਅਤੇ ਧਨ ਨਾਲ ਸੇਵਾ ਵਿਚ ਅੰਤਰ ਹੈ, ਕਿਉਂਕਿ ਪੁੰਨ-ਦਾਨ ਨਾਲ ਮਨ ਵਿਚ ਹੰਕਾਰ ਦੇ ਵਧਣ ਦੀ ਸੰਭਾਵਨਾ ਬਣੀ ਰਹਿੰਦੀ ਹੈ, ਪਰੰਤੂ ਸੇਵਾ ਨਾਲ

[67] ਪੂਰਨ ਸਿੰਘ, *ਖੁੱਲ੍ਹੇ ਲੇਖ,* ਲਾਹੌਰ ਬੁਕ ਸ਼ਾਪ, ਲੁਧਿਆਣਾ, 1981, ਪੰਨਾ 108.

[68] ਸ੍ਰੀ ਗੁਰੂ ਗ੍ਰੰਥ ਸਾਹਿਬ, 419.

ਨਿਮਰਤਾ ਹੀ ਆਉਂਦੀ ਹੈ। ਨਿਮਰਤਾ ਤੋਂ ਬਿਨ੍ਹਾਂ ਕੇਵਲ ਮਨ ਵਿਚ ਪੈਦਾ ਹੋਈਆਂ ਅਕਾਂਖਿਆਵਾਂ ਜਾਂ ਇਛਾਵਾਂ ਦੀ ਪੂਰਤੀ ਲਈ ਕੀਤੇ ਗਏ ਪੁੰਨ-ਦਾਨ ਸੰਬੰਧੀ ਗੁਰਬਾਣੀ ਦੀਆਂ ਹੇਠ ਲਿਖੀਆਂ ਪੰਗਤੀਆਂ ਭਲੀ-ਭਾਂਤ ਚਾਨਣਾ ਪਾਉਂਦੀਆਂ ਹਨ:

ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ।।

ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰ।।[69]

ਸੇਵਕ ਨੂੰ ਸੇਵਾ ਕਰਦੇ ਸਮੇਂ ਅਕਾਲ ਪੁਰਖ ਦਾ ਸ਼ੁਕਰ ਕਰਨਾ ਚਾਹੀਦਾ ਹੈ ਕਿ ਉਸਨੇ ਸੇਵਕ ਨੂੰ ਸੇਵਾ ਕਰਨ ਦਾ ਮੌਕਾ ਦਿਤਾ ਹੈ। ਸੇਵਕ ਨੂੰ ਧਨ ਨਾਲ ਸੇਵਾ ਕਰਦੇ ਸਮੇਂ ਲੋੜਵੰਦਾਂ ਦਾ ਪੂਰੀ ਤਰ੍ਹਾਂ ਸਤਿਕਾਰ ਕਰਨਾ ਚਾਹੀਦਾ ਹੈ। ਇਕ ਸਾਖੀ ਅਨੁਸਾਰ ਭਗਤ ਨਾਮਦੇਵ ਜੀ ਨੇ ਨਦੀ ਦੇ ਕਿਨਾਰੇ ਰੋਟੀ ਪਕਾਈ ਅਤੇ ਇਸਨੂੰ ਤੰਦੂਰ ਦੇ ਪਾਸ ਰਖ ਕੇ ਆਪ ਪਾਣੀ ਲੈਣ ਚਲੇ ਗਏ। ਇਕ ਕੁਤਾ ਆਇਆ ਤੇ ਰੋਟੀ ਚੁਕ ਕੇ ਦੌੜ ਗਿਆ, ਨਾਮਦੇਵ ਜੀ ਨੇ ਸੋਚਿਆ ਇਹ ਵਿਠਲ ਹੋਵੇਗਾ, ਜੋ ਉਨ੍ਹਾਂ ਦੀ ਇੰਝ ਪ੍ਰੀਖਿਆ ਕਰ ਰਿਹਾ ਹੈ। ਸੋ ਭਗਤ ਨਾਮਦੇਵ ਜੀ ਕੁਤੇ ਦੇ ਪਿਛੇ ਦੌੜੇ ਤੇ ਉਸ ਨੂੰ ਤਾਜ਼ੇ ਮਖਣ ਦੀ ਕਟੋਰੀ ਭੇਂਟ ਕਰਨੀ ਚਾਹੀ, ਇਸ ਡਰੋਂ ਕਿ ਜੇਕਰ ਕੁਤੇ ਨੇ ਸੁਕੀ ਰੋਟੀ ਖਾ ਲਈ ਤਾਂ ਉਸਦੇ ਪੇਟ-ਦਰਦ ਨਾ ਹੋ ਜਾਵੇ।[70] ਭਗਤ ਨਾਮਦੇਵ ਜੀ ਹੁਣ ਉਸ ਅਵਸਥਾ ਵਿਚ ਪੁਜ ਚੁਕੇ ਸਨ ਜਿਥੇ ਉਨ੍ਹਾਂ ਨੂੰ ਹਰੇਕ ਜੀਵਤ ਹਸਤੀ ਵਿਚ ਦੈਵੀ ਕਿਰਨ ਦਿਖਾਈ ਦਿੰਦੀ ਸੀ।

ਪ੍ਰੋ. ਪੂਰਨ ਸਿੰਘ ਲਿਖਦੇ ਹਨ ਕਿ "ਗੁਰੂ ਨਾਨਕ ਦੇਵ ਜੀ ਨੇ ਸਭ ਤੋਂ ਪਹਿਲਾਂ ਲੰਗਰ ਦੀ ਸਥਾਪਨਾ ਕੀਤੀ। ਇਸ ਲੰਗਰ ਵਿਚ ਅਕਾਲ ਪੁਰਖ ਦੀ ਰੂਹ ਵਸਦੀ ਸੀ, ਇਸ ਲਈ ਇਥੋਂ ਕੋਈ ਭੁਖਾ ਨਹੀਂ ਜਾਂਦਾ ਸੀ।"[71] ਧਨ ਜਾਂ

---

[69] ਸ੍ਰੀ ਗੁਰੂ ਗ੍ਰੰਥ ਸਾਹਿਬ, 466.

[70] ਪ੍ਰਭਾਕਰ ਮਾਚਵੇ, *ਨਾਮਦੇਵ-ਜੀਵਨ ਤੇ ਦਰਸ਼ਨ,* ਅਨੁ., ਵਜ਼ੀਰ ਸਿੰਘ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969, ਪੰਨਾ 23.

[71] Puran Singh, *The Ten Masters,* Chief Khalsa Diwan, Amritsar, 1975, Page 127.
"The very first Temple made by Guru Nanak, therefore, was the Temple of Bread of Guru's Langar. In one common Temple of Bread, the Bread of God was made free to the children of man. Let none be hungry where the spirit of God Prevails."

ਹੋਰ ਵਸਤਾਂ ਦਾ ਦਾਨ ਦੇਣ ਬਾਰੇ ਤਾਰਨ ਸਿੰਘ ਲਿਖਦੇ ਹਨ ਕਿ "ਸੇਵਾ ਆਦਰਸ਼ ਹੈ ਤੇ ਦਾਨ ਸਾਧਨ ਹੈ ਕਿਉਂਕਿ ਦਾਨ ਤਾਂ ਦੂਜਿਆਂ ਦੀ ਲੋੜ ਪੂਰੀ ਕਰਦਾ ਹੈ ਜਦਕਿ ਸੇਵਾ ਨਿਜ ਨੂੰ ਨਿਛਾਵਰ ਕਰਨਾ ਹੈ। ਦਾਨ ਵਿਅਕਤੀਗਤ ਰਹਿੰਦਾ ਹੈ, ਸੇਵਾ ਸਮੂਹਿਕ ਹੋ ਜਾਂਦੀ ਹੈ।"[72]

## 4. ਸੁਰਤਿ ਨਾਲ ਸੇਵਾ

ਸੇਵਾ ਦੇ ਸੰਦਰਭ ਵਿਚ ਜਦੋਂ ਅਸੀਂ ਸੁਰਤਿ ਦੀ ਗਲ ਕਰਦੇ ਹਾਂ ਤਾਂ ਵਾਸਤਵ ਵਿਚ ਸਾਡਾ ਮੰਤਵ ਇਹ ਸਮਝਣ ਦਾ ਯਤਨ ਕਰਨਾ ਹੁੰਦਾ ਹੈ ਕਿ ਜਦੋਂ ਕੋਈ ਸੇਵਕ ਤਨ ਜਾਂ ਧਨ ਦੇ ਮਾਧਿਅਮ ਰਾਹੀਂ ਆਪਣੇ ਗੁਰੂ ਦੀ ਸੇਵਾ ਵਿਚ ਰੁਝਿਆ ਹੁੰਦਾ ਹੈ ਤਾਂ ਸੇਵਾ ਦੀ ਇਕ ਸਮੁਚੀ ਪ੍ਰਕਿਰਿਆ ਵਿਚ ਉਸਦੀ ਸੁਰਤਿ ਮੁਖ ਹੈ। ਸੁਰਤਿ ਨਾਲ ਸੇਵਾ ਬੜੀ ਉਤਮ ਤੇ ਉਤਕ੍ਰਿਸ਼ਟ ਹੈ। ਅਕਾਲ ਪੁਰਖ ਦੀ ਪ੍ਰਾਪਤੀ ਲਈ ਇਹ ਸਚੀ ਸੇਵਾ ਹੈ। ਸ੍ਰੀ ਗੁਰੂ ਰਾਮਦਾਸ ਜੀ ਦਾ ਕਥਨ ਹੈ:

ਸੋ ਸਤਿਗੁਰੂ ਸਾ ਸੇਵਾ ਸਤਿਗੁਰ ਕੀ ਸਫਲ ਹੈ ਜਿਸ ਤੇ ਪਾਈਐ ਪਰਮ ਨਿਧਾਨੁ।।

ਜੋ ਦੂਜੇ ਭਾਇ ਸਾਕਤ ਕਾਮਨਾ ਅਰਥਿ ਦੁਰਗੰਧ ਸਰੇਵਦੇ ਸੋ ਨਿਹਫਲ ਸਭੁ ਅਗਿਆਨੁ।।[73]

ਸੋ ਸੇਵਾ ਦਾ ਮਨੋਰਥ ਪਰਮ ਨਿਧਾਨ ਦੀ ਪ੍ਰਾਪਤੀ ਹੈ। ਇਸ ਪਰਮ ਨਿਧਾਨ ਦੀ ਪ੍ਰਾਪਤੀ ਸੁਰਤਿ ਦੁਆਰਾ ਹੋ ਸਕਦੀ ਹੈ। ਮਨ, ਬੁਧੀ ਤੇ ਇੰਦਰੀਆਂ ਸਭ ਭੌਤਿਕ ਹਨ ਤੇ ਪਰਮ ਨਿਧਾਨ ਅਰਥਾਤ 'ਰੂਹਾਨੀਅਤ ਦਾ ਖਜ਼ਾਨਾ' ਪਰਾਭੌਤਿਕ ਹੈ। ਇਸ ਲਈ ਪਰਾਭੌਤਿਕ ਵਖਰੇ, ਭੌਤਿਕ ਸਾਧਨਾਂ ਦੁਆਰਾ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਇਸ ਲਈ ਕੇਵਲ ਸੁਰਤਿ ਜੋ ਕਿ ਆਤਮਿਕ ਹੈ ਇਸਨੂੰ ਪ੍ਰਤਖ ਕਰ ਸਕਦੀ ਹੈ।

---

[72] Taran Singh (ed.), *The Teachings of Guru Nanak, The Teachings of Guru Nanak,* Publication Bureau Punjabi University, Patiala, 1977, Page 100.
"Service is the Ideal and Charity is the means because charity fulfils the need of others while sevice is self preservation. Charity remains individual, service becomes collective."

[73] ਸ੍ਰੀ ਗੁਰੂ ਗ੍ਰੰਥ ਸਾਹਿਬ, 734.

ਸੁਰਤਿ ਸਥੂਲ ਜਗਤ ਵਿਚ ਵਿਚਰਦੇ ਸਰੀਰਧਾਰੀ ਮਨੁਖ ਦੇ ਅੰਤਹਕਰਣ ਦਾ ਅਤਿਅੰਤ ਸੂਖ਼ਮ ਪਖ ਹੈ। ਅਨੇਕ ਵਿਦਵਾਨਾਂ ਨੇ ਆਪਣੇ-ਆਪਣੇ ਅਨੁਭਵ ਅਤੇ ਸੂਝ ਅਨੁਸਾਰ ਇਸ ਸ਼ਬਦ ਦੀ ਪਰਿਭਾਸ਼ਾ ਲਿਖੀ ਹੈ। ਉਦਾਹਰਣ ਵਜੋਂ ਭਾਈ ਕਾਨ੍ਹ ਸਿੰਘ ਨਾਭਾ ਦੇ ਅਨੁਸਾਰ ਸੁਰਤਿ "ਚਿਤ, ਅੰਤਹਕਰਣ ਦਾ ਉਹ ਭੇਦ, ਜਿਸ ਦਾ ਕੰਮ ਚੇਤਾ ਹੈ।"[74] ਡਾ. ਬਲਬੀਰ ਸਿੰਘ ਦੇ ਅਨੁਸਾਰ "ਚਿਤ, ਧਿਆਨ, ਉਤਮ ਪ੍ਰੀਤਿ, ਵੇਦ, ਸੁਣਨਾ, ਕੰਨ, ਸੂਦ ਦਾ ਵਿਭਾਗ ਹੈ।"[75]

ਡਾ. ਕਾਲਾ ਸਿੰਘ ਬੇਦੀ ਦੇ ਅਨੁਸਾਰ ਸੁਰਤਿ "ਤਵਜੋ, ਹੋਸ਼, ਧਿਆਨ, ਗਿਆਤ, ਰੂਹ ਜਾਂ ਜੀਵਾਤਮਾ ਹੈ।"[76] ਇਸ ਤਰ੍ਹਾਂ ਇਸ ਸ਼ਬਦ ਦੇ ਅਰਥ ਜ਼ਿਆਦਾ ਵਿਸ਼ਾਲ ਹੋ ਗਏ ਹਨ ਕਿ ਥੋੜ੍ਹੇ ਸ਼ਬਦਾਂ ਵਿਚ ਇਸ ਨੂੰ ਪਰਿਭਾਸ਼ਿਤ ਕਰਨਾ ਜ਼ਿਆਦਾ ਔਖਾ ਹੋ ਗਿਆ ਹੈ। ਪਰ ਇਹ ਗਲ ਪੂਰੀ ਤਰ੍ਹਾਂ ਸਪਸ਼ਟ ਹੋ ਜਾਂਦੀ ਹੈ ਕਿ ਇਸ ਸ਼ਬਦ ਦੇ ਅਰਥਾਂ ਦਾ ਸੰਬੰਧ ਮਨੁਖੀ ਸਰੀਰ ਵਿਚਲੇ ਅੰਤਹਕਰਣ ਦੇ ਆਤਮਿਕ ਮੰਡਲ ਨਾਲ ਹੈ। ਇਸੇ ਲਈ ਅਨੇਕ ਵਿਦਵਾਨ ਸੁਰਤਿ ਨੂੰ ਆਤਮਾ ਜਾਂ ਜੀਵਾਤਮਾ ਦਾ ਪਰਿਆਇਵਾਚੀ ਸ਼ਬਦ ਮੰਨਣ ਲਗ ਪਏ ਹਨ। ਇਸ ਕੇਂਦਰੀ ਨੁਕਤੇ ਦੇ ਵਿਭਿੰਨ ਪਹਿਲੂਆਂ ਉਤੇ ਰੌਸ਼ਨੀ ਪਾਉਣ ਲਈ ਡਾ. ਬਲਬੀਰ ਸਿੰਘ ਨੇ ਵਿਸਤਾਰ ਸਹਿਤ ਚਰਚਾ ਕੀਤੀ ਹੈ। ਉਨ੍ਹਾਂ ਨੇ ਸੁਰਤਿ ਨੂੰ ਪੰਜ ਗਿਆਨ ਇੰਦਰੀਆਂ ਤੋਂ ਨਿਖੇੜਕੇ 'ਛੇਵੀਂ ਸੂਝ' ਕਿਹਾ ਹੈ। ਉਹਨਾਂ ਦੇ ਕਥਨ ਅਨੁਸਾਰ "ਸੁਰਤਿ ਪੰਜ ਗਿਆਨ ਇੰਦ੍ਰੀਆਂ ਦੀ ਸੂਝ ਤੋਂ ਉਪਰ ਛੇਵੀਂ ਸੂਝ (Sixth sense) ਹੈ। ਇਹ ਨਿਰਗੁਣ ਅਤੇ ਸਰਗੁਣ ਦੋਹਾਂ ਦਾ ਜਾਇਜ਼ਾ ਲੈਂਦੀ ਹੈ। ਇਹ ਦੋਵਾਂ ਨੂੰ ਮਾਪਣ ਦਾ ਗਜ਼ ਹੈ।"[77]

ਪੰਜ ਗਿਆਨ ਇੰਦ੍ਰੀਆਂ ਦੀ ਪਕੜ ਤੋਂ ਬਾਹਰਲੀ ਇਸ ਛੇਵੀਂ ਸੂਝ 'ਸੁਰਤਿ' ਦਾ ਡਾ. ਬਲਬੀਰ ਸਿੰਘ ਨੇ ਅੰਤਹਕਰਣ (ਮਨ) ਵਿਚ ਵਿਸ਼ੇਸ਼ ਸਥਾਨ ਨਿਸ਼ਚਿਤ ਕਰਨ ਦਾ ਯਤਨ ਕੀਤਾ ਹੈ। ਆਪ ਮਨ, ਬੁਧੀ ਅਤੇ

---

[74] ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1994, ਪੰਨਾ 219.

[75] ਬਲਬੀਰ ਸਿੰਘ, *ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ* (ਜਿਲਦ ਪਹਿਲੀ), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972, ਪੰਨਾ 12.

[76] ਕਾਲਾ ਸਿੰਘ ਬੇਦੀ, *ਗੁਰੂ ਨਾਨਕ ਸ਼ਬਦ ਰਤਨਾਕਰ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1969, ਪੰਨਾ 85.

[77] ਬਲਬੀਰ ਸਿੰਘ, *ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ* (ਜਿਲਦ ਪਹਿਲੀ), ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972, ਪੰਨਾ 15.

ਸੁਰਤਿ ਦਾ ਨਿਖੇੜਾ ਕਰਕੇ ਦਸਣ ਦਾ ਯਤਨ ਕਰਦੇ ਹਨ ਕਿ "ਸੁਰਤਿ ਇਕ ਸ਼ਕਤੀ ਹੈ, ਉਹ ਸਭ ਜੰਤੂਆਂ ਅੰਦਰ ਹੈ, ਉਹ ਪ੍ਰਾਰੰਭਕ ਅਵਸਥਾ ਵਿਚ ਅਵਚੇਤਨ ਹੈ, ਉਹ ਸਭ ਕੰਮ ਆਪਣੀ ਅਗਿਆਤ ਸੂਝ ਨਾਲ ਸੰਵਾਰਦੀ ਹੈ। ਉਸ ਵਿਚ ਸੋਚ ਸਮਝ ਨਹੀਂ ਤਰਕ ਦਲੀਲ ਕੁਝ ਨਹੀਂ, ਉਸ ਦਾ 'ਕਰਤਬ' ਸੁਭਾਵਕ ਹੈ।"[78]

ਡਾ. ਬਲਬੀਰ ਸਿੰਘ ਅਨੁਸਾਰ 'ਸੁਰਤਿ' ਅੰਤਹਕਰਣ ਤੇ ਲਗਪਗ ਉਸੇ ਖੇਤਰ ਵਿਚ ਹੀ ਨਿਵਾਸ ਰਖਦੀ ਹੈ, ਜਿਸਦੇ ਨੇੜੇ-ਤੇੜੇ ਨਿਰੰਕਾਰ ਪਾਰਬ੍ਰਹਮ ਦਾ ਆਪਣਾ ਵਾਸਾ ਵੀ ਹੁੰਦਾ ਹੈ। ਡਾ. ਬਲਬੀਰ ਸਿੰਘ ਲਿਖਦੇ ਹਨ ਕਿ "ਸਰੀਰ ਦੇ ਅੰਦਰ ਅੰਤਰਯਾਮੀ ਪ੍ਰਭੂ ਬੈਠਾ ਹੈ। ਉਹ ਨਜ਼ਰ ਤੋਂ ਓਹਲੇ ਰਹਿੰਦਾ ਹੈ ਪਰ ਸੁਰਤਿ ਵਾਲੇ ਨੂੰ ਅੰਤਰ ਦ੍ਰਿਸ਼ਟੀ ਨਾਲ ਉਹ ਪ੍ਰਤਖ ਹੋ ਜਾਂਦਾ ਹੈ।"[79]

ਤਨ, ਮਨ ਤੇ ਧਨ ਨਾਲ ਕੀਤੀ ਗਈ ਸੇਵਾ, ਸੁਰਤਿ ਨਾਲ ਸੇਵਾ ਕਰਨ ਲਈ ਭੂਮੀ ਤਿਆਰ ਕਰਦੀ ਹੈ ਕਿਉਂਕਿ ਇਹਨਾਂ ਸੇਵਾਵਾਂ ਰਾਹੀਂ ਸੇਵਕ ਨਿਮਰ, ਨਿਰਮਲ ਤੇ ਨਿਸ਼ਕਾਮ ਹੁੰਦਾ ਹੈ। ਇਹ ਸੇਵਾ ਸੁਰਤਿ ਦੇ ਸਾਧਨ ਹਨ ਪਰ ਸੇਵਾ ਦਾ ਅੰਤਿਮ ਲਕਸ਼ 'ਸੇਵਾ ਸੁਰਤਿ ਏਕ ਲਿਵ ਲਾਇ' ਦੀ ਪ੍ਰਾਪਤੀ ਹੈ। ਇਸੇ ਨੂੰ ਸਚੀ ਭਗਤੀ ਕਿਹਾ ਜਾ ਸਕਦਾ ਹੈ। ਗੁਰਮਤਿ ਵਿਚ ਭਗਤੀ ਦਾ ਕੇਂਦਰ ਬਿੰਦੂ ਨਾਮ ਹੈ ਤੇ ਇਸ ਦੀ ਪ੍ਰਾਪਤੀ ਗੁਰੂ ਦੀ ਸੇਵਾ ਹੈ। ਤਨ, ਮਨ ਤੇ ਧਨ ਨਾਲ ਸੇਵਾ ਨਾਲ ਸੇਵਕ ਦੀ ਗੁਰੂ ਨਾਲ ਭਾਵਨਾਤਮਕ ਸਾਂਝ ਪੈਦਾ ਹੁੰਦੀ ਹੈ ਪਰ 'ਸੇਵਾ ਸੁਰਤਿ' ਅੰਦਰੂਨੀ ਸੇਵਾ ਹੈ ਜੋ ਗੁਰੂ ਦੇ ਭਾਣੇ ਅਨੁਸਾਰ ਚਲਣ ਦੀ 'ਉਭੀ ਸੇਵ ਕਰੇਇ' ਦੀ ਭਗਤੀ ਭਾਵਨਾ ਅਤੇ ਪ੍ਰਸਾਦਿ ਗੁਣ ਹੈ।

## 4.1 ਸ਼ਬਦ ਨਾਲ ਸੇਵਾ

ਅਕਾਲ ਪੁਰਖ ਦੀ ਰਜ਼ਾ ਅਨੁਸਾਰ ਜਗਤ ਦਾ ਨਿਯਮ ਇਹ ਹੈ ਕਿ ਜਿਥੇ ਅਕਾਲ ਪੁਰਖ ਦਾ ਨਾਮ ਨਹੀਂ, ਉਥੇ ਮਨ ਮਾਇਆ ਅਗੇ ਡੋਲ ਜਾਂਦਾ ਹੈ। ਅਕਾਲ ਪੁਰਖ ਦੇ ਨਾਮ ਦਾ ਚਾਨਣ ਕਰਨ ਨਾਲ ਹੀ ਅਕਾਲ ਪੁਰਖ ਦੇ

[78] ਸ੍ਰੀ ਗੁਰੂ ਗ੍ਰੰਥ ਸਾਹਿਬ, 16.

[79] ਉਹੀ, 14.

ਦਰਸ਼ਨ ਹੋ ਸਕਦੇ ਹਨ। ਜਿਸ ਮਨੁਖ ਦੇ ਸਰੀਰ ਵਿਚ ਗੁਰੂ ਦੀ ਬਾਣੀ ਦਾ ਉਪਦੇਸ਼ ਵਸ ਜਾਂਦਾ ਹੈ, ਉਸਨੂੰ ਅਕਾਲ ਪੁਰਖ ਦੇ ਹੁਕਮ ਅਨੁਸਾਰ ਸੇਵਾ ਕਰਨ ਨਾਲ ਆਤਮਿਕ ਆਨੰਦ ਮਿਲਦਾ ਹੈ ਤੇ ਸੇਵਕ ਨੂੰ ਸਮਝ ਆ ਜਾਂਦੀ ਹੈ ਕਿ ਜੋ ਇਹ ਜਗਤ ਦਿਖਾਈ ਦੇ ਰਿਹਾ ਹੈ, ਉਹ ਸਭ ਨਾਸ਼ਵੰਤ ਹੈ। ਜਿਹੜੇ ਮਨੁਖ ਆਪਣੇ ਸਾਫ ਹਿਰਦੇ ਵਿਚ ਗੁਰ ਸ਼ਬਦ ਰੂਪੀ ਬਾਗ ਦੇ ਰੁਖ ਲਾਉਂਦੇ ਹਨ ਤੇ ਪ੍ਰੇਮ ਰੂਪੀ ਪਾਣੀ ਨਾਲ ਸਿੰਜਦੇ ਹਨ, ਉਹਨਾਂ ਸਭ ਨੂੰ ਅਕਾਲ ਪੁਰਖ ਦਾ ਨਾਮ ਰੂਪੀ ਫਲ ਲਗਦਾ ਹੈ।

ਜਿਸ ਮਨੁਖ ਨੇ ਕਦੀ ਗੁਰੂ ਦੀ ਸੇਵਾ ਨਹੀਂ ਕੀਤੀ, ਗੁਰੂ ਦਾ ਸ਼ਬਦ ਕਦੇ ਆਪਣੇ ਹਿਰਦੇ ਵਿਚ ਟਿਕਾ ਕੇ ਨਹੀਂ ਰਖਿਆ, ਉਹ ਮਨੁਖ ਕਿਸ ਕੰਮ ਲਈ ਇਸ ਜਗਤ ਵਿਚ ਆਏ ਹਨ? ਉਹਨਾਂ ਦਾ ਮਨੁਖਾ ਜੀਵਨ ਦਾ ਸਮਾਂ ਫਿਟਕਾਰਨ ਯੋਗ ਹੈ, ਉਹ ਸਾਰੀ ਉਮਰ ਅਜਿਹੇ ਕੰਮ ਕਰਦੇ ਹਨ ਜਿਸਦੇ ਕਾਰਨ ਉਹਨਾਂ ਨੂੰ ਜਗਤ ਵਿਚ ਫਿਟਕਾਰਾ ਹੀ ਪੈਂਦੀਆਂ ਹਨ:

ਸਤਿਗੁਰੂ ਨ ਸੇਵਿਓ ਸਬਦੁ ਨ ਰਖਿਓ ਉਰ ਧਾਰਿ।।

ਧਿਗੁ ਤਿਨਾ ਕਾ ਜੀਵਿਆ ਕਿਤੁ ਆਏ ਸੰਸਾਰਿ।।[80]

ਜਿਸ ਮਨੁਖ ਨੇ ਆਪਣੇ ਆਤਮਿਕ ਜੀਵਨ ਨੂੰ ਪੜਤਾਲਣਾ ਸ਼ੁਰੂ ਕਰ ਦਿਤਾ, ਉਹ ਮਨੁਖ ਪਵਿਤਰ ਜੀਵਨ ਵਾਲਾ ਬਣ ਜਾਂਦਾ ਹੈ। ਗੁਰੂ ਦੇ ਸ਼ਬਦ ਵਿਚ ਰੰਗੇ ਹੋਏ ਮਨੁਖ ਦੀ ਜ਼ੁਬਾਨ ਸਦਾ ਅਕਾਲ ਪੁਰਖ ਦੇ ਗੁਣ ਗਾਇਨ ਕਰਦੀ ਰਹਿੰਦੀ ਹੈ ਤੇ ਉਹ ਮਨੁਖ ਸਦਾ ਕਾਇਮ ਰਹਿਣ ਵਾਲੇ ਅਕਾਲ ਪੁਰਖ ਦੇ ਦਰ ਤੇ ਇਜ਼ਤ ਪ੍ਰਾਪਤ ਕਰਦਾ ਹੈ। ਗੁਰੂ ਦੇ ਸ਼ਬਦ ਵਿਚ ਜੁੜਿਆ ਮਨੁਖ ਵਿਕਾਰਾਂ ਦਾ ਪ੍ਰਭਾਵ ਆਪਣੇ ਉਪਰ ਨਹੀਂ ਪੈਣ ਦਿੰਦਾ ਕਿਉਂਕਿ ਉਹ ਮਨੁਖ ਗੁਰੂ ਦੀ ਦਸੀ ਸੇਵਾ ਕਰਦਾ ਹੈ, ਗੁਰੂ ਦੇ ਸ਼ਬਦ ਨੂੰ ਧਾਰਨ ਕਰਦਾ ਹੈ ਤੇ ਹਉਮੈ ਨੂੰ ਆਪਣੇ ਅੰਦਰੋਂ ਮਾਰਦਾ ਹੈ। ਜਿਸ ਕਰਕੇ ਅਕਾਲ ਪੁਰਖ ਆਪਣੇ ਸੇਵਕ ਨੂੰ ਆਪਣੇ ਨਾਲ ਮਿਲਾ ਲੈਂਦਾ ਹੈ ਤੇ ਅਕਾਲ ਪੁਰਖ ਦੀ

[80] ਸ੍ਰੀ ਗੁਰੂ ਗ੍ਰੰਥ ਸਾਹਿਬ, 1414.

ਕਿਰਪਾ ਨਾਲ ਸੇਵਕ ਨੂੰ ਸਭ ਤੋਂ ਉਚਾ ਆਤਮਿਕ ਦਰਜਾ ਪ੍ਰਾਪਤ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਬਚਨ ਕਰਦੇ ਹਨ:

ਗੁਰ ਕੀ ਸੇਵਾ ਸਬਦੁ ਬੀਚਾਰੁ॥

ਹਉਮੈ ਮਾਰੇ ਕਰਣੀ ਸਾਰੁ॥[81]

## 5. ਸ਼ਹੀਦੀ ਜਾਂ ਬਲੀਦਾਨ ਦੀ ਸੇਵਾ

ਗੁਰਮਤਿ ਵਿਚ ਸੇਵਾ ਗੁਰੂ ਦੀ ਸੇਵਾ ਤੋਂ ਲੈ ਕੇ ਜੀਵਾਂ ਦੀ ਸੇਵਾ ਤਕ ਵਿਆਪਕ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਮੇਂ ਵਿਚ ਮਨੁਖਤਾ ਦੀ ਸੇਵਾ ਇਕ ਹੋਰ ਨਿਵੇਕਲਾ ਰੂਪ ਧਾਰਨ ਕਰਦੀ ਹੈ ਜੋ ਮਾਨਵੀ ਇਤਿਹਾਸ ਦੀ ਵਿਲਖਣ ਘਟਨਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਤਿਲਕ ਤੇ ਜੰਞੂ ਦੀ ਰਖਿਆ ਕੀਤੀ ਤੇ ਕਲਿਯੁਗ ਵਿਚ ਇਕ ਵਡਾ ਸਾਕਾ ਕਰਕੇ ਵਿਖਾਇਆ। ਗੁਰੂ ਸਾਹਿਬ ਨੇ ਸਾਧੂ ਪੁਰਸ਼ਾਂ ਲਈ ਆਪਣਾ ਸੀਸ ਵਾਰ ਕੇ ਕੁਰਬਾਨੀ ਕਰ ਦਿਤੀ। 'ਬਚਿਤ੍ਰ ਨਾਟਕ' ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਤਥ ਵਲ ਸੰਕੇਤ ਕਰਕੇ ਫੁਰਮਾਇਆ ਹੈ:

ਤਿਲਕ ਜੰਞੂ ਰਾਖਾ ਪ੍ਰਭ ਤਾ ਕਾ॥

ਕੀਨੋ ਬਡੋ ਕਲੂ ਮਹਿ ਸਾਕਾ॥

ਸਾਧਨ ਹੇਤਿ ਇਤਿ ਜਿਨਿ ਕਰੀ॥

ਸੀਸੁ ਦੀਯਾ ਪਰੁ ਸੀ ਨ ਉਚਰੀ॥[82]

[81] ਸ੍ਰੀ ਗੁਰੂ ਗ੍ਰੰਥ ਸਾਹਿਬ, 223.

[82] ਉਹੀ, 54.

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੇਵਾ ਦਾ ਆਦਰਸ਼ ਰਣ ਵਿਚ ਜੂਝ ਕੇ ਸ਼ਹੀਦੀ ਪ੍ਰਾਪਤ ਕਰਨ ਦਾ ਕਲਪਿਆ ਸੀ, ਜੋ ਹੁਣ ਸਿਖਾਂ ਦੀ ਅਰਦਾਸ ਦਾ ਅੰਗ ਹੈ:

ਦੇਹ ਸਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋ॥

ਨ ਡਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰਿ ਅਪੁਨੀ ਜੀਤ ਕਰੋ॥

ਅਰੁ ਸਿਖ ਹੌ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋ॥

ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝ ਮਰੋ॥[83]

ਸੇਵਕ ਯੁਧ ਵਿਚ ਜਾਣ ਲਈ ਗੁਰੂ ਸਾਹਿਬ ਅਗੇ ਬੇਨਤੀ ਕਰਦਾ ਹੈ ਕਿ ਮੈਂ ਤੁਹਾਡੇ (ਗੁਰੂ ਸਾਹਿਬ) ਤੋਂ ਹੋਰ ਕੁਝ ਨਹੀਂ ਮੰਗਦਾ। ਮੇਰੇ ਚਿਤ ਵਿਚ ਇਛਾ ਹੈ ਕਿ ਮੈਂ ਯੁਧ ਵਿਚ ਸ਼ਹੀਦ ਹੋਵਾ। ਇਸ ਦਾ ਵਰਣਨ ਸ੍ਰੀ ਦਸਮ ਗ੍ਰੰਥ ਵਿਚ ਦਰਜ ਹੈ:

ਹੇ ਰਵਿ ਹੇ ਸਸਿ ਹੇ ਕਰੁਨਾਨਿਧਿ ਮੇਰੀ ਅਬੈ ਬਿਨਤੀ ਸੁਨਿ ਲੀਜੈ॥

ਅਉਰ ਨ ਮਾਗਤ ਹਉ ਤੁਮ ਤੇ ਕਛੁ ਚਾਹਤ ਹਉ ਚਿਤ ਮੈ ਸੋਈ ਕੀਜੈ॥

ਸਸਤ੍ਰਨ ਸੋ ਅਤਿ ਹੀ ਰਨ ਭੀਤਰ ਜੂਝਿ ਮਰੋ ਕਹਿ ਸਾਚ ਪਤੀਜੈ॥

ਸੰਤ ਸਹਾਇ ਸਦਾ ਜਗ ਮਾਇ ਕ੍ਰਿਪਾ ਕਰ ਸਯਾਮ ਇਹੈ ਵਰ ਦੀਜੈ॥[84]

## ਸੇਵਕ: ਜਾਣ-ਪਛਾਣ

ਸੇਵਕ ਲਈ ਕੋਈ ਵੈਰੀ ਨਹੀਂ ਹੈ ਸਗੋਂ ਸਾਰੀ ਕਾਇਨਾਤ ਉਸਦੀ ਮਿਤਰ ਹੈ। ਸੇਵਕ ਦਾ ਅਕਾਲ ਪੁਰਖ ਦੀ ਹੋਂਦ-ਹਸਤੀ ਵਿਚ ਅਟੁਟ ਵਿਸ਼ਵਾਸ ਹੋਣਾ, ਸੰਜਮ, ਤਿਆਗ ਦੇ ਸਦਗੁਣ, ਸਹਿਜ, ਕਿਰਤ ਕਰਨ ਵਾਲਾ ਤੇ

[83] ਸ੍ਰੀ ਦਸਮ ਗ੍ਰੰਥ ਸਾਹਿਬ, 99.

[84] ਉਹੀ, 882.

ਸਤਿ ਸੰਤੋਖ ਆਦਿ ਨੂੰ ਧਾਰਨ ਕਰਨ ਵਾਲਾ ਹੋਵੇ। ਸੇਵਕ ਗੁਰੂ ਦੀ ਸੇਵਾ ਕਰ ਕੇ ਹੀ ਸੇਵਕ ਅਖਵਾ ਸਕਦਾ ਹੈ ਤੇ ਗੁਰੂ ਦੀ ਸੇਵਾ ਕਰਕੇ ਹੀ ਗੁਰੂ ਦਾ ਰੂਪ ਹੋ ਜਾਂਦਾ ਹੈ।

ਸੇਵਕ ਦੇ ਨਾਲ-ਨਾਲ ਕਈ ਥਾਵਾਂ 'ਤੇ ਚਾਕਰ ਸ਼ਬਦ ਵੀ ਆਉਂਦਾ ਹੈ ਜਿਸਦਾ ਅਰਥ ਆਮ ਤੌਰ ਤੇ ਪੈਸੇ ਲੈ ਕੇ ਕੰਮ ਕਰਨ ਵਾਲਾ ਹੈ। ਪਰ ਗੁਰਮਤਿ ਦੇ ਘੇਰੇ ਵਿਚ ਆ ਕੇ ਚਾਕਰ ਸ਼ਬਦ ਦੇ ਅਰਥ ਬਦਲ ਜਾਂਦੇ ਹਨ। ਚਾਕਰ ਗੁਰੂ ਨੂੰ ਮੁਖ ਰਖ ਕੇ ਚਾਕਰੀ ਕਰਦਾ ਹੈ ਤਾਂ ਉਸਦੇ ਦੁਆਰਾ ਕੀਤਾ ਗਈ ਸੇਵਾ ਗੁਰੂ ਨੂੰ ਪ੍ਰਸੰਨ ਕਰਦੀ ਹੈ। ਪਰ ਜੇ ਚਾਕਰ ਗੁਰਮਤਿ ਦੇ ਘੇਰੇ ਵਿਚ ਨਹੀਂ ਹੈ ਤਾਂ ਉਸਦੀ ਚਾਕਰੀ ਦੁਆਰਾ ਗੁਰੂ ਨੂੰ ਪ੍ਰਸੰਨ ਨਹੀਂ ਕੀਤਾ ਜਾ ਸਕਦਾ।

## ਸੇਵਕ: ਅਰਥ ਅਤੇ ਪਰਿਭਾਸ਼ਾ

ਸੰਸਕ੍ਰਿਤ ਪੰਜਾਬੀ ਕੋਸ਼ ਅਨੁਸਾਰ ਸੇਵਾਦਾਰ ਦਾ ਅਰਥ "ਸੇਵਕ, ਨੌਕਰ, ਸੇਵਾ ਕਰਨ ਵਾਲਾ, ਦਾਸ; ਪਿਛੇ-ਪਿਛੇ ਚਲਣ ਵਾਲਾ; ਅਧੀਨ ਰਹਿਣ ਵਾਲਾ, ਗੁਲਾਮ ਹੈ।"[85] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਸੇਵਾਦਾਰ ਦਾ ਅਰਥ "ਸੇਵਾ ਕਰਨ ਵਾਲਾ ਸੇਵਕ ਉਪਾਸਕ ਹੈ।"[86] ਡਾ. ਹਰਭਜਨ ਸਿੰਘ ਦੁਆਰਾ ਸੰਪਾ. ਕੀਤਾ ਗੁਰੁ ਗਿਰਾਰਥ ਕੋਸ਼ ਵਿਚ ਪੰਡਿਤ ਤਾਰਾ ਸਿੰਘ ਨਰੋਤਮ ਅਨੁਸਾਰ ਸੇਵਾਦਾਰ ਦਾ ਅਰਥ "ਸੇਵਾ ਕਰਨੇ ਵਾਲਾ, ਯਥਾ: ਪੂਜਾ ਸਤਿ ਸਤਿ ਸੇਵਦਾਰ।"[87] ਡਾ. ਹਰਭਜਨ ਸਿੰਘ ਦੁਆਰਾ ਸੰਪਾ. ਕੀਤਾ ਸ੍ਰੀ ਗੁਰੂ ਗ੍ਰੰਥ ਕੋਸ਼ ਵਿਚ ਸ੍ਰੀਮਹਿਤ ਪੰਡਿਤ ਗਿਆਨੀ ਹਜ਼ਾਰਾ ਸਿੰਘ ਅਨੁਸਾਰ ਸੇਵਕ "ਸੰਸਕ੍ਰਿਤ ਸੇਵਕ, ਟਹਿਲੀਆ, ਸੇਵਕ-ਆਪਣਿਆ ਸੇਵਕਾ ਕੀ ਆਪਿ ਪੈਜ ਆਪਣਿਆ ਭਗਤਾ ਕੀ ਪੈਰੀ ਪਾਵੈ; ਦਾਸ; ਭਗਤ, ਪੂਜਕ।"[88]

---

[85] ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002, ਪੰਨਾ 1048.
[86] ਭਾਈ ਕਾਨ੍ਹ ਸਿੰਘ ਨਾਭਾ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1994, ਪੰਨਾ 171.
[87] ਪੰਡਿਤ ਤਾਰਾ ਸਿੰਘ ਨਰੋਤਮ, *ਗੁਰੁ ਗਿਰਾਰਥ ਕੋਸ਼* (ਜਿਲਦ ਪਹਿਲੀ), ਸੰਪਾ., ਹਰਭਜਨ ਸਿੰਘ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010, ਪੰਨਾ 108.
[88] ਗਿਆਨੀ ਹਜ਼ਾਰਾ ਸਿੰਘ, *ਸ੍ਰੀ ਗੁਰੂ ਗ੍ਰੰਥ ਕੋਸ਼* (ਭਾਗ ਪਹਿਲਾ), ਸੰਪਾ., ਹਰਭਜਨ ਸਿੰਘ, ਡਾ. ਬਲਬੀਰ ਸਿੰਘ ਸਾਹਿਤ ਸਦਨ ਕੇਂਦਰ, ਦੇਹਰਾਦੂਨ, 2008, ਪੰਨਾ 141.

ਸੇਵਕ ਉਹ ਹੈ ਜੋ ਨਾਮ ਰਸੀਆ ਭਗਤ ਵੀ ਹੈ ਤੇ ਗਿਆਨੀ ਵੀ ਹੈ। ਉਸਨੇ ਅਕਾਲ ਪੁਰਖ ਨੂੰ ਪਛਾਣਿਆ ਹੈ ਤੇ ਉਸਦੀ ਆਗਿਆ ਵਿਚ ਰਹਿੰਦਾ ਹੈ। ਸੇਵਕ ਆਪਣੇ ਅੰਦਰ ਵਿਕਾਰਾਂ ਨੂੰ ਦਾਖਲ ਨਹੀਂ ਹੋਣ ਦਿੰਦਾ। ਉਹ ਕੇਵਲ ਅਕਾਲ ਪੁਰਖ ਦੇ ਗੁਣਾਂ ਨੂੰ ਥਾਂ ਦਿੰਦਾ ਹੈ। ਸੇਵਕ ਹਰ ਤਰ੍ਹਾਂ ਨਿਪੁੰਨ ਹੈ। ਇਸੇ ਲਈ ਗੁਰੂ ਸਾਹਿਬ ਜਿਥੇ ਸੇਵਕ ਵਿਚ ਕੋਈ ਘਾਟ ਵੇਖਦੇ ਸਨ, ਉਸਨੂੰ ਪੂਰਾ ਕਰਨ ਦਾ ਰਾਹ ਵੀ ਵਿਖਾਉਂਦੇ ਸਨ। ਇਸ ਕਰਕੇ ਦੂਜੇ ਮਤਾਂ ਵਿਚ ਆਏ ਸੇਵਾ ਦੇ ਸੰਕਲਪ ਨਾਲੋਂ ਇਸ ਦੀ ਵਿੰਭਿਨਤਾ ਹੈ।

## ਸੇਵਕ ਦੇ ਲਛਣ

ਸੇਵਾ ਵਿਚ ਲਗਨ ਨਾਲ ਸੇਵਾ ਕਰਨ ਵਾਲੇ ਨੂੰ ਸੇਵਕ ਕਿਹਾ ਜਾਂਦਾ ਹੈ। ਉਹ ਅਸਲੋਂ ਉਦਮੀ ਪੁਰਖ ਹੁੰਦਾ ਹੈ। ਸੇਵਾ ਵਲ ਨਾ ਕੋਈ ਆਲਸੀ ਤੇ ਨਾ ਕੋਈ ਵਿਹਲੜ ਹੀ ਰੁਚਿਤ ਹੋ ਸਕਦਾ ਹੈ। ਸੇਵਕ ਜਨ ਤਾਂ ਆਪਣੇ ਇਸ਼ਟ ਦੇਵ ਉਪਰ ਅਤੁਟ ਵਿਸ਼ਵਾਸ਼ ਰਖਣ ਵਾਲੇ ਹੁੰਦੇ ਹਨ। ਉਹ ਸਬਰ ਤੇ ਸੰਤੋਖ ਨਾਲ ਸੇਵਾ ਕਰਦੇ ਤੇ ਆਪਣੀ ਧਰਮ ਦੀ ਕਮਾਈ ਨੂੰ ਹੋਰਾਂ ਨਾਲ ਵੰਡ ਕੇ ਛਕਣ ਵਿਚ ਖੁਸ਼ੀ ਮਨਾਉਂਦੇ ਹਨ। ਉਹ ਦੁਨੀਆਂ ਦੇ ਬੰਧਨਾਂ ਤੋਂ ਵਿਰਕਤ, ਵਾਹਿਗੁਰੂ ਦੀ ਬਖਸ਼ਿਸ਼ ਦਾ ਭਾਗੀ ਬਣਦੇ ਹਨ:

ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥

ਤੂੰ ਬਖਸੀਸੀ ਅਗਲਾ ਨਿਤ ਦੇਵਹਿ ਚੜਹਿ ਸਵਾਇਆ॥ ਵਡਿਆਈ ਵਡਾ ਪਾਇਆ॥[89]

ਇਸ ਪ੍ਰਕਾਰ ਸੇਵਕ ਜਨ, ਸੇਵਾ ਦੀ ਵਡਿਆਈ ਸਦਕਾ, ਵਡੇ ਮਾਲਕ ਨੂੰ ਪਾ ਲੈਂਦੇ ਹਨ ਤੇ ਉਹ ਅਕਾਲ ਪੁਰਖ ਦੇ ਹੁਕਮ ਵਿਚ ਰਹਿੰਦੇ ਹਨ। ਅਕਾਲ ਪੁਰਖ ਉਹਨਾਂ ਸੇਵਕਾਂ ਦੀ ਆਪ ਰਖਿਆ ਕਰਦਾ ਹੈ ਤੇ ਸੇਵਕ ਤੋਂ ਆਪਣੇ ਨਾਮ ਦਾ ਸਿਮਰਨ ਆਪ ਕਰਵਾਉਂਦਾ ਹੈ। ਜਿਥੇ ਵੀ ਸੇਵਕ ਨੂੰ ਲੋੜ ਪਵੇ ਉਥੇ ਅਕਾਲ ਪੁਰਖ ਆਪ ਉਸਦਾ ਕਾਰਜ ਪੂਰਾ ਕਰਨ ਲਈ ਪਹੁੰਚਦਾ ਹੈ। ਜੋ ਕੁਝ ਸੇਵਕ ਅਕਾਲ ਪੁਰਖ ਪਾਸੋਂ ਮੰਗਦਾ ਹੈ ਉਸਦੀ ਮੰਗ ਉਸੇ ਸਮੇਂ ਪੂਰੀ ਹੋ ਜਾਂਦੀ ਹੈ। ਸ੍ਰੀ ਗੁਰੂ ਅਰਜਨ ਦੇਵ ਦੀ ਬਚਨ ਕਰਦੇ ਹਨ:

---

[89] ਸ੍ਰੀ ਗੁਰੂ ਗ੍ਰੰਥ ਸਾਹਿਬ, 466-467.

ਅਪੁਨੇ ਸੇਵਕ ਕੀ ਆਪੇ ਰਾਖੈ ਆਪੇ ਨਾਮੁ ਜਪਾਵੈ॥

ਜਹ ਜਹ ਕਾਜ ਕਿਰਤਿ ਸੇਵਕ ਕੀ ਤਹਾ ਤਹਾ ਉਠਿ ਧਾਵੈ॥

ਸੇਵਕ ਕਉ ਨਿਕਟੀ ਹੋਇ ਦਿਖਾਵੈ॥

ਜੋ ਜੋ ਕਹੈ ਠਾਕੁਰ ਪਹਿ ਸੇਵਕੁ ਤਤਕਾਲ ਹੋਇ ਆਵੈ॥[90]

ਐਸੇ ਸੇਵਕ ਦੇ ਸਾਰੇ ਭੈ, ਸਾਰੇ ਤੌਖਲੇ ਉਠ ਜਾਂਦੇ ਹਨ, ਉਹ ਨਿਰਭਉ ਹੋ ਜਾਂਦਾ ਹੈ। ਅੰਤ ਸੇਵਕ ਤੇ ਠਾਕੁਰ ਇਕ ਹੋ ਜਾਂਦੇ ਹਨ। ਪਰ ਐਸਾ ਸੇਵਕ ਤਾਂ ਕੋਈ ਵਿਰਲਾ ਹੀ ਹੁੰਦਾ ਹੈ, ਬਾਕੀ ਤਾਂ ਸਭ ਵਿਉਹਾਰੀ ਲੋਕ ਹੁੰਦੇ ਹਨ। ਉਹ ਸੇਵਕ ਆਪਣੇ ਗੁਰੂ ਦਾ ਭਾਣਾ ਮੰਨਦਾ ਹੈ ਤੇ ਭਜਨ-ਬੰਦਗੀ ਕਰਨ ਲਗਦਾ ਹੈ।

ਜੋ ਸੇਵਕ ਵਾਹਿਗੁਰੂ ਦੀ ਸੇਵਾ (ਅਰਾਧਨਾ) ਵਿਚ ਲਗਦਾ ਹੈ, ਉਸਨੂੰ ਸਾਰਾ ਕੁਝ ਬ੍ਰਹਮ ਦਾ ਪਸਾਰਾ ਲਗਦਾ ਹੈ। ਉਸਨੂੰ ਕਰਤਾਰ, ਕਰਤਾ ਪੁਰਖ ਨਜ਼ਰ ਆਉਂਦਾ ਹੈ, ਜੋ ਆਪਣੀ ਕਿਰਪਾ ਦ੍ਰਿਸ਼ਟੀ ਨਾਲ ਸਾਰੇ ਪਸਾਰੇ ਨੂੰ ਦੇਖਦਾ ਹੈ ਤੇ ਉਸ ਦੀ ਸੰਭਾਲ ਕਰਦਾ ਹੈ।

## ਸੇਵਕ ਦਾ ਵਿਕਾਸ

ਜਦੋਂ ਕਿਸੇ ਮਨੁਖ ਨੂੰ ਗੁਰਮੁਖਾਂ ਦੀ ਸੰਗਤ ਮਿਲ ਜਾਵੇ ਅਤੇ ਅਕਾਲ ਪੁਰਖ ਦੀ ਕਿਰਪਾ-ਦ੍ਰਿਸ਼ਟੀ ਉਸ ਉਤੇ ਹੋ ਜਾਵੇ ਤਾਂ ਉਹ ਸੇਵਾ ਦੇ ਰਾਹ ਉਤੇ ਤੁਰਨਾ ਸ਼ੁਰੂ ਕਰ ਦਿੰਦਾ ਹੈ। ਸੰਗਤ ਦੇ ਉਤਸ਼ਾਹ ਨਾਲ ਉਹ ਦੇਖਾ-ਦੇਖੀ ਸੇਵਾ ਕਰਦਾ ਹੈ ਅਤੇ ਇਸ ਤਰ੍ਹਾਂ ਸੇਵਕ ਹੌਲੀ-ਹੌਲੀ ਵਿਕਾਸ ਕਰਦਾ ਹੋਇਆ ਆਪਣੀ ਮੰਜ਼ਿਲ ਉਤੇ ਪਹੁੰਚ ਜਾਂਦਾ ਹੈ। ਸੇਵਕ ਦਾ ਇਹ ਪੜਾਅਵਾਰ ਵਿਕਾਸ ਵੀ ਹੂ-ਬ-ਹੂ ਉਸੇ ਪ੍ਰਕਿਰਿਆ ਅਨੁਸਾਰ ਹੁੰਦਾ ਹੈ, ਜਿਸ ਅਨੁਸਾਰ ਇਕ ਸਾਧਕ ਦੇ ਰੂਪ ਵਿਚ ਉਸ ਦਾ ਅਧਿਆਤਮਕ ਵਿਕਾਸ ਹੁੰਦਾ ਹੈ।

---

[90] ਸ੍ਰੀ ਗੁਰੂ ਗ੍ਰੰਥ ਸਾਹਿਬ, 403.

ਸੇਵਕ ਭਾਈ ਲਹਿਣਾ ਜੀ ਦਾ ਸ੍ਰੀ ਗੁਰੂ ਅੰਗਦ ਦੇਵ ਜੀ ਬਣਨ ਤਕ ਦਾ ਇਹ ਲੰਬਾ ਸਫ਼ਰ ਗੁਰਮਤਿ ਸੇਵਾ ਦੇ ਕਾਰਜ ਵਿਚ ਲਗੇ ਹੋਏ ਹਰੇਕ ਪ੍ਰਾਣੀ ਲਈ ਅਪਨਾਉਣ ਯੋਗ ਦਿਸ਼ਾ ਦਾ ਕੰਮ ਕਰਦਾ ਹੈ। ਉਸਦਾ ਆਪਣੇ ਗੁਰੂ ਜਾਂ ਪਾਰਬ੍ਰਹਮ ਨਾਲ ਰਿਸ਼ਤਾ ਉਹੋ ਜਿਹਾ ਹੋ ਹੀ ਜਾਂਦਾ ਹੈ ਜਿਵੇਂ ਦਾ ਰਿਸ਼ਤਾ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸੀ ਜਾਂ ਅਗੇ ਚਲ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਸ੍ਰੀ ਗੁਰੂ ਅਮਰਦਾਸ ਜੀ ਦਾ ਸੀ। ਇਹ ਇਕ ਅਲੌਕਿਕ ਸਥਿਤੀ ਹੈ ਜਿਸ ਵਿਚ ਪਹਿਲਾਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਤਾਰਿਆ ਅਤੇ ਸ੍ਰੀ ਗੁਰੂ ਅੰਗਦ ਦੇਵ ਜੀ ਵਿਚ ਇਹ ਦੈਵੀ ਯੋਗਤਾ ਪ੍ਰਵੇਸ਼ ਕਰ ਗਈ ਕਿ ਉਨ੍ਹਾਂ ਦੀ ਕ੍ਰਿਪਾ-ਦ੍ਰਿਸ਼ਟੀ ਨਾਲ ਜਗਤ ਦੇ ਅਨੇਕ ਪ੍ਰਾਣੀ ਤਰ ਗਏ। ਇਹੀ ਪ੍ਰਕ੍ਰਿਆ ਅਗੋਂ ਦੁਹਰਾਈ ਗਈ ਅਤੇ ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਪਾਸੋਂ ਪਹਿਲਾਂ ਆਪ ਸੰਪੂਰਨਤਾ ਗ੍ਰਹਿਣ ਕੀਤੀ ਅਤੇ ਫਿਰ ਉਹ ਆਪ ਆਪਣੇ ਤੋਂ ਅਗਲੇ ਗੁਰੂ ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੂੰ ਸੰਪੂਰਨਤਾ ਪ੍ਰਦਾਨ ਕਰਨ ਦੇ ਯੋਗ ਹੋਏ।

ਸੇਵਕ ਦਾ ਜ਼ਿਕਰ ਚਲਦਾ ਹੈ ਤਾਂ ਭਾਈ ਕਨਈਆ ਦਾ ਨਾਮ ਆਪਣੇ ਆਪ ਜ਼ੁਬਾਨ ’ਤੇ ਆ ਜਾਂਦਾ ਹੈ। ਜਦੋਂ ਗੁਰੂ ਤੇਗ ਬਹਾਦਰ ਜੀ ਮਾਖੋਵਾਲ (ਆਨੰਦਪੁਰ ਸਾਹਿਬ) ਪਹੁੰਚੇ ਤਾਂ ਭਾਈ ਕਨਈਆ ਨੇ ਉਥੇ ਪਹੁੰਚ ਕੇ ਸੇਵਾ ਆਰੰਭ ਕਰ ਦਿਤੀ। ਫਿਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪਾਸ ਰਹਿ ਕੇ ਭਾਈ ਕਨਈਆ ਸੇਵਾ ਕਰਦੇ ਰਹੇ। ਭਾਈ ਕਨਈਆ ਦੀ ਸੇਵਾ ਨੇ ‘ਸੇਵਾ ਪੰਥ’ ਨੂੰ ਜਨਮ ਦਿਤਾ। ਸੇਵਾ ਪੰਥੀ ਸਾਧੂਆਂ ਨੇ ਸਾਰਾ ਬਲ ਅਧਿਆਤਮਕ ਸਾਧਨਾ ਤੇ ਲੋਕ ਸੇਵਾ ’ਤੇ ਰਖਿਆ। ਇਹਨਾਂ ਦਾ ਮਨੋਰਥ ਤਾਂ ਜੀਵਾਂ ਦੀ ਸੇਵਾ ਕਰਕੇ ਅਕਾਲ ਪੁਰਖ ਦੀ ਪ੍ਰਸੰਨਤਾ ਤੇ ਨਾਮ ਜਪ ਕੇ ਮੁਕਤੀ ਪ੍ਰਾਪਤ ਕਰਨਾ ਸੀ। ਸੇਵਾ ਪੰਥੀ ਡੇਰਿਆਂ ਵਿਚ ਬੀਮਾਰਾਂ, ਬ੍ਰਿਧਾਂ ਤੇ ਦੁਖੀਆਂ ਦੀ ਸੇਵਾ-ਸੰਭਾਲ ਦੀ ਸੇਵਾ ਚਲਦੀ ਹੈ। ਜਦੋਂ ਕਿਸੇ ਸੇਵਕ ਨੂੰ ਡੇਰੇ ਦੀ ਸੇਵਾ-ਸੰਭਾਲ ਬਖਸ਼ਦੇ ਹਨ ਤਾਂ ਉਸ ਸੇਵਕ ਨੂੰ ਹੁਕਮ ਕੀਤਾ ਜਾਂਦਾ ਹੈ ਕਿ ਦੁਖੀਆਂ-ਰੋਗੀਆਂ ਆਦਿ ਦੀ ਸੇਵਾ ਨੂੰ ਪਹਿਲ ਦਿਤੀ ਜਾਵੇ।

ਜਦੋਂ ਅਬਦਾਲੀ ਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਕਤਲੇਆਮ ਕਰਵਾਇਆ ਤਾਂ ਭਾਈ ਭਾਰਾ, ਜੋ ਭਾਈ ਅਡਣਸ਼ਾਹ ਦਾ ਸੇਵਕ ਸੀ, ਉਸ ਦੀ ਗਰਦਨ ਜ਼ਿਆਦਾ ਕਟੀ ਗਈ ਤੇ ਸਿਰਫ ਸਾਹ ਰਗ ਬਚੀ। ਜਦੋਂ ਜ਼ਾਲਮ ਜ਼ੁਲਮ ਕਰਕੇ ਚਲੇ ਗਏ ਤਾਂ ਭਾਈ ਭਾਰਾ ਨੇ ਵੇਖਿਆ ਕਿ ਇਥੇ ਸੇਵਾ ਕਰਨ ਵਾਲਾ ਕੋਈ ਨਹੀਂ ਹੈ ਤੇ ਲੋਕ

ਦੁਖੀ ਹਨ। ਉਸਨੇ ਆਪਣੀ ਗਰਦਨ ਦੇ ਦੁਆਲੇ ਕਪੜਾ ਲਪੇਟਿਆ ਤੇ ਸੇਵਾ ਕਰਨੀ ਆਰੰਭ ਕੀਤੀ।[91] ਇਹ ਸੇਵਾ ਕਰਨ ਦੀ ਬਿਰਤੀ ਦਾ ਸਿਖਰ ਹੈ, ਜਦੋਂ ਸੇਵਕ ਆਪਣਾ ਦੁਖ ਭੁਲਾ ਕੇ ਮਨੁਖਤਾ ਦੇ ਦੁਖ ਨੂੰ ਨਵਿਰਤ ਕਰਨ ਲਈ ਯਤਨਸ਼ੀਲ ਹੁੰਦਾ ਹੈ।

ਸੋ ਸੇਵਾ ਦੇ ਸੰਕਲਪ ਨੂੰ ਪ੍ਰਸਤੁਤ ਕਰਨ ਤੋਂ ਬਾਅਦ ਇਹ ਸਿਟਾ ਨਿਕਲਦਾ ਹੈ ਸਿਖ ਧਰਮ ਵਿਚ ਸੇਵਾ ਅਕਾਲ ਪੁਰਖ ਨੂੰ ਅਨੁਭਵ ਕਰਨ ਲਈ ਇਕ ਸ਼ਕਤੀਸ਼ਾਲੀ ਭਗਤੀ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਵੀ ਸੇਵਾ-ਭਗਤੀ ਦੇ ਮਹੱਤਵ ਵਲ ਇਸ਼ਾਰਾ ਕਰਦੇ ਹੋਏ ਫੁਰਮਾਉਂਦੇ ਹਨ ਕਿ ਗੁਰੂ ਚਰਨਾਂ ਵਿਚ ਰਹਿ ਕੇ ਸੇਵਾ-ਭਗਤੀ ਕਰੋਗੇ ਤਾਂ ਉਚੇ ਜੀਵਨ ਵਾਲੇ ਬਣ ਜਾਵੋਗੇ ਤੇ ਤੁਸੀਂ ਸਭ ਨੂੰ ਆਪਣੇ ਨਾਲੋਂ ਚੰਗੇ ਸਮਝਣ ਲਗ ਜਾਵੋਗੇ। ਜਿਸ ਕਰਕੇ ਹੀ ਅਕਾਲ ਪੁਰਖ ਦੀ ਹਜ਼ੂਰੀ ਵਿਚ ਟਿਕੇ ਰਹਿ ਕੇ ਆਨੰਦ ਮਾਣ ਸਕੋਗੇ। ਅਜਿਹਾ ਸੰਤੋਖੀ ਸੇਵਕ ਸਾਰੀਆਂ ਦੁਬਿਧਾਵਾਂ, ਗਿਣਤੀਆਂ ਤੋਂ ਉਪਰ ਉਠ ਜਾਂਦਾ ਹੈ ਤੇ ਉਹ ਸੰਗਤ ਦੀ ਸੇਵਾ ਰਾਹੀਂ ਅਕਾਲ ਪੁਰਖ ਦੀ ਸੇਵਾ ਕਰਦਾ ਰਹਿੰਦਾ ਹੈ। ਇਸ ਲਈ ਉਹ ਸਭ ਪ੍ਰਕਾਰ ਦੇ ਡਰ ਤੋਂ ਮੁਕਤ ਹੋ ਜਾਂਦਾ ਹੈ। ਸੇਵਾ ਵਿਚ ਲੀਨ ਅਜਿਹੇ ਸੇਵਕ ਦਾ ਮੁਖ ਅਧਾਰ ਸ਼ਬਦ ਗੁਰੂ ਹੁੰਦਾ ਹੈ।

ਜਦ ਸੇਵਕ ਤਨ ਦੀ ਸੇਵਾ ਕਰਦਾ ਹੈ ਤਾਂ ਉਹ ਗੁਰੂ ਦੀ ਮਤ ਅਨੁਸਾਰ ਹੋ ਕੇ ਹਰ ਥਾਂ ਗੁਰੂ ਦੇ ਦਰਸ਼ਨ ਕਰਦਾ ਹੈ ਤੇ ਇਸੇ ਸਥਿਤੀ ਵਿਚ ਧਰਮਸ਼ਾਲਾ ਜਾਂ ਇਸ ਤੋਂ ਬਾਹਰ ਹਰ ਮਨੁਖ ਸਾਧ-ਸੰਗਤ ਦੇ ਰੂਪ ਵਿਚ ਨਜ਼ਰ ਆਉਂਦਾ ਹੈ। ਇਸ ਤਰ੍ਹਾਂ ਸੇਵਕ ਭਾਵੇਂ ਸੰਸਾਰ ਕਿਸੇ ਵੀ ਥਾਂ ਤੇ ਪਿਆਸੇ ਨੂੰ ਜਲ ਛਕਾ ਰਿਹਾ ਹੋਵੇ, ਮੁਠੀ-ਚਾਪੀ ਕਰ ਰਿਹਾ ਹੋਵੇ ਤਾਂ ਉਸਨੂੰ ਇਹੀ ਅਹਿਸਾਸ ਹੋ ਰਿਹਾ ਹੁੰਦਾ ਹੈ ਕਿ ਉਹ ਆਪਣੇ ਗੁਰੂ ਦੀ ਸੇਵਾ ਕਰ ਰਿਹਾ ਹੈ। ਉਹ ਆਪਣੇ ਗੁਰੂ ਨੂੰ ਸਾਰੀ ਸ੍ਰਿਸ਼ਟੀ ਵਿਚ ਵਿਆਪਕ ਦੇਖਦਾ ਹੈ। ਗੁਰਮਤਿ ਅਨੁਸਾਰ ਜਿਸ ਤਰ੍ਹਾਂ ਤਨ ਨਾਲ ਸੇਵਾ ਦਾ ਮਹਤਵ ਹੈ, ਉਸੇ ਤਰ੍ਹਾਂ ਹੀ ਧਨ ਨਾਲ ਸੇਵਾ ਕਰਨ ਦਾ ਮਹੱਤਵ ਹੈ। ਸੇਵਕ ਆਪਣੀ ਕਿਰਤ ਵਿਚੋਂ ਧਨ ਨਾਲ ਸੇਵਾ ਕਰਦਾ ਹੈ ਤਾਂ ਇਹ ਸੇਵਾ ਵੀ ਉਸੇ ਤਰ੍ਹਾਂ ਪ੍ਰਵਾਨ ਹੁੰਦੀ ਹੈ ਜਿਸ ਤਰ੍ਹਾਂ ਤਨ ਨਾਲ ਸੇਵਾ ਪ੍ਰਵਾਨ ਹੁੰਦੀ ਹੈ। ਜਦ ਸੇਵਾ ਤਨ ਤੇ ਧਨ ਨਾਲ ਕੀਤੀ ਜਾਂਦੀ ਹੈ ਤਾਂ ਉਸ ਸਮੇਂ ਸੇਵਕ ਦਾ ਮਨ ਸੇਵਾ ਵਿਚ ਹਾਜ਼ਰ ਰਹੇ। ਤਨ,

---

[91] ਸੰਤ ਲਾਲ ਚੰਦ, *ਸ੍ਰੀ ਸੰਤ ਰਤਨ ਮਾਲਾ,* ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ, ਅੰਮ੍ਰਿਤਸਰ, ਮਿਤੀਹੀਨ, ਪੰਨਾ 157.

ਧਨ, ਮਨ ਤੋਂ ਬਾਅਦ ਸੁਰਤਿ ਨਾਲ ਸੇਵਾ ਹੈ, ਜੋ ਕਿ ਗਿਆਨ ਇੰਦਰੀਆਂ ਤੋਂ ਮੁਕਤ ਹੁੰਦੀ ਹੈ। ਇਹਨਾਂ ਸੇਵਾਵਾਂ ਦੇ ਦੌਰਾਨ ਹੀ ਸੇਵਕ ਸ਼ਬਦ ਨਾਲ ਸੇਵਾ ਵੀ ਕਰਦਾ ਹੈ। ਉਹ ਗੁਰੂ ਦੇ ਸ਼ਬਦ ਨਾਲ ਹਰ ਸਮੇਂ ਜੁੜਿਆ ਰਹਿੰਦਾ ਹੈ ਤੇ ਵਿਕਾਰਾਂ ਦਾ ਪ੍ਰਭਾਵ ਆਪਣੇ ਉਪਰ ਨਹੀਂ ਪੈਣ ਦਿੰਦਾ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਗੁਰੂ ਸਾਹਿਬਾਨਾਂ ਦੇ ਸਮਕਾਲੀ ਸੇਵਕ ਤਨ, ਧਨ, ਮਨ, ਸੁਰਤਿ ਤੇ ਸ਼ਬਦ ਨਾਲ ਸੇਵਾ ਕਰਨ ਦੇ ਨਾਲ-ਨਾਲ ਜੰਗ ਦੇ ਮੈਦਾਨ ਵਿਚ ਜੂਝ ਕੇ ਸ਼ਹੀਦੀ ਪ੍ਰਾਪਤ ਕਰਦੇ ਸਨ। ਸੇਵਕ ਹਮੇਸ਼ਾ ਆਪਣੇ ਗੁਰੂ ਦਾ ਹੁਕਮ ਮੰਨਣ ਲਈ ਤਿਆਰ ਰਹਿੰਦਾ ਹੈ। ਗੁਰੂ ਸੇਵਕ ਨੂੰ ਘਾਹ ਖੋਤਣ ਦਾ ਹੁਕਮ ਕਰੇ ਭਾਵੇਂ ਜੰਗ ਦੇ ਮੈਦਾਨ ਵਿਚ ਜਾਣ ਦਾ ਹੁਕਮ ਕਰੇ। ਸੇਵਕ ਗੁਰੂ ਦਾ ਹੁਕਮ ਮੰਨ ਕੇ ਸੇਵਾ ਵਿਚ ਲਗਦਾ ਜਾਂਦਾ ਹੈ।

## ਅਧਿਆਇ ਦੂਜਾ

# ਗੁਰੂ ਸੇਵਕਾਂ ਦੇ ਸੰਦਰਭ ਵਿਚ ਸੇਵਾ

ਇਸ ਅਧਿਆਇ ਵਿਚ ਦਸ ਗੁਰੂ ਸਾਹਿਬਾਨਾਂ ਦੇ ਸਮਕਾਲੀ ਸੇਵਕਾਂ ਦੁਆਰਾ ਕੀਤੀ ਗਈ ਸੇਵਾ ਦੇ ਬਾਰੇ ਜਾਣਨ ਲਈ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ (ਕ੍ਰਿਤ ਮਹਾਂਕਵੀ ਭਾਈ ਸੰਤੋਖ ਸਿੰਘ) ਨੂੰ ਮੁਖ ਅਧਾਰ ਬਣਾਇਆ ਗਿਆ ਹੈ। ਪਹਿਲਾਂ ਭਾਈ ਸੰਤੋਖ ਸਿੰਘ ਦੇ ਜੀਵਨ, ਰਚਨਾਵਾਂ ਤੇ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਛੰਦਾਂ, ਅੰਸੂ, ਰਾਸ਼ੀਆਂ, ਰੁਤਾਂ ਤੇ ਐਨਾਂ ਆਦਿ ਬਾਰੇ ਜਾਣਕਾਰੀ ਦਿਤੀ ਗਈ ਹੈ।

### ਭਾਈ ਸੰਤੋਖ ਸਿੰਘ ਦਾ ਜੀਵਨ

ਭਾਈ ਸੰਤੋਖ ਸਿੰਘ ਇਤਿਹਾਸਕ ਖੋਜ ਦੀ ਬਿਰਤੀ ਵਾਲੇ ਸ੍ਰੇਸ਼ਠ ਅਤੇ ਗੰਭੀਰ ਵਿਦਵਾਨ ਕਵੀ ਸਨ। ਉਨ੍ਹਾਂ ਨੂੰ ਕਈ ਭਾਸ਼ਾਵਾਂ ਦਾ ਗਿਆਨ ਸੀ।।ਉਨ੍ਹਾਂ ਦਾ ਜਨਮ ਭਾਈ ਦੇਵਾ ਸਿੰਘ ਦੇ ਘਰ ਰਾਜਦੇਵੀ ਦੀ ਕੁਖੋਂ ਸੰਮਤ 1845 ਬਿ: ਵਿਚ ਹੋਇਆ। ਉਨ੍ਹਾਂ ਦਾ ਪਰਿਵਾਰ ਨੂਰਦੀ (ਜਿਲ੍ਹਾ ਅੰਮ੍ਰਿਤਸਰ) ਦਾ ਨਿਵਾਸੀ ਸੀ। ਪਿਤਾ ਦੇਵਾ ਸਿੰਘ ਦੀ ਤੀਬਰ ਇਛਾ ਸੀ ਕਿ ਉਨ੍ਹਾਂ ਦਾ ਪੁਤਰ ਪੜ੍ਹ ਲਿਖ ਕੇ ਵਿਦਵਾਨ ਬਣੇ ਅਤੇ ਗੁਰਮਤਿ ਅਤੇ ਸਿਖ ਇਤਿਹਾਸ ਦੀ ਖੋਜ ਤੇ ਗੁਰਬਾਣੀ ਦੀ ਵਿਆਖਿਆ ਕਰੇ। ਇਸ ਲਈ ਉਨ੍ਹਾਂ ਨੇ ਕੋਸ਼ਿਸ਼ ਕਰਕੇ ਨਿਰਮਲ ਪੰਥ ਵਿਚ ਉਸ ਸਮੇਂ ਪ੍ਰਸਿਧ ਵਿਦਵਾਨ ਗਿਆਨੀ ਸੰਤ ਸਿੰਘ ਦੇ ਕੋਲ ਸੰਤੋਖ ਸਿੰਘ ਨੂੰ ਪੜ੍ਹਨ ਲਈ ਛਡ ਦਿਤਾ। 15 ਸਾਲ ਉਥੇ ਰਹਿ ਕੇ ਸੰਤੋਖ ਸਿੰਘ ਨੇ ਭਾਰਤੀ ਦਰਸ਼ਨ, ਕਾਵਿ ਸ਼ਾਸਤਰ ਅਤੇ ਗੁਰਮਤਿ ਦਾ ਗੰਭੀਰ ਅਧਿਐਨ ਕੀਤਾ। ਫਿਰ ਉਹ ਬੂੜੀਆ (ਜਿਲ੍ਹਾ ਅੰਬਾਲਾ) ਚਲੇ ਗਏ ਅਤੇ ਉਥੇ ਰਹਿ ਕੇ ਕਾਵਿ-ਸਿਰਜਨ ਵਿਚ ਪ੍ਰਵ੍ਰਿਤ ਹੋਏ। ਉਥੇ ਹੀ ਉਹਨਾਂ ਦੇ ਮਨ ਵਿਚ ਸਿਖ ਇਤਿਹਾਸ ਲਿਖਣ ਦੀ ਰੁਚੀ ਪੈਦਾ ਹੋਈ। ਇਸ ਉਦੇਸ਼ ਦੀ ਪੂਰਤੀ ਲਈ ਉਨ੍ਹਾਂ ਨੇ 1880 ਬਿ: ਦੇ ਲਗਪਰ ਬੂੜੀਆ ਪਿੰਡ ਛਡ ਦਿਤਾ ਤੇ ਚਾਰ ਸਾਲ ਅਨੇਕ ਥਾਵਾਂ ’ਤੇ ਘੁੰਮਦੇ ਰਹੇ। ਇਸ ਸਮੇਂ ਨਾਲ-ਨਾਲ ਸਿਖ ਇਤਿਹਾਸ ਬਾਰੇ ਸਮਗ੍ਰੀ ਇਕਠੀ ਕਰਦੇ ਰਹੇ ਤੇ ਫਿਰ ਪਟਿਆਲੇ ਆ ਗਏ। ਭਾਈ ਸੰਤੋਖ ਸਿੰਘ ਦੀ ਵਿਦਵਤਾ ਦੀ ਪ੍ਰਸਿਧੀ ਤੋਂ ਪ੍ਰਭਾਵਿਤ ਹੋ ਕੇ ਕੈਂਥਲ ਰਿਆਸਤ ਦੇ ਰਾਜਾ

ਉਦਯ ਸਿੰਘ ਨੇ ਉਨ੍ਹਾਂ ਨੂੰ ਆਪਣੇ ਪਾਸ ਬੁਲਾ ਲਿਆ। ਭਾਈ ਸੰਤੋਖ ਸਿੰਘ ਆਪਣੇ ਅੰਤਿਮ ਸਮੇਂ ਤਕ ਉਥੇ ਹੀ ਰਹੇ। ਉਨ੍ਹਾਂ ਦਾ ਦੇਹਾਂਤ ਸੰਮਤ 1900 ਵਿਚ ਹੋਇਆ।

## ਰਚਨਾਵਾਂ

ਭਾਈ ਸੰਤੋਖ ਸਿੰਘ ਦੀਆਂ ਪ੍ਰਮਾਣਿਕ ਰੂਪ ਵਿਚ ਛੇ ਰਚਨਾਵਾਂ ਉਪਲਬਧ ਹਨ ਜਿਵੇਂ ਨਾਮਕੋਸ਼, ਗਰਬ ਗੰਜਨੀ ਟੀਕਾ, ਬਾਲਮੀਕੀ ਰਮਾਇਣ, ਆਤਮ ਪੁਰਾਣ, ਗੁਰ ਨਾਨਕ ਪ੍ਰਕਾਸ਼ ਅਤੇ ਗੁਰ ਪ੍ਰਤਾਪ ਸੂਰਜ। ਇਹਨਾਂ ਵਿਚੋ ਪਹਿਲੀਆਂ ਚਾਰ ਅਨੁਵਾਦਿਤ ਜਾਂ ਆਧਾਰਿਤ ਰਚਨਾਵਾਂ ਹਨ ਅਤੇ ਅੰਤਲੇ ਦੋ ਪ੍ਰਬੰਧ-ਕਾਵਿ ਇਤਿਹਾਸ ਦੇ ਗੌਰਵ ਗ੍ਰੰਥ ਹਨ। ਇਹਨਾਂ ਦੋਹਾਂ ਪੁਸਤਕਾਂ ਨੂੰ ਹਥਲੇ ਗ੍ਰੰਥ ਵਿਚ ਇਕਠਿਆਂ ਸੰਕਲਿਤ ਕੀਤਾ ਗਿਆ ਹੈ। ਗੁਰੂ ਨਾਨਕ ਪ੍ਰਕਾਸ਼ ਅਤੇ ਗੁਰ ਪ੍ਰਤਾਪ ਸੂਰਜ ਗ੍ਰੰਥ ਬਾਰੇ ਸੰਖੇਪ ਜਾਣਕਾਰੀ ਹੇਠ ਲਿਖੇ ਅਨੁਸਾਰ ਹੈ-

## ਗੁਰੂ ਨਾਨਕ ਪ੍ਰਕਾਸ਼

ਭਾਈ ਸੰਤੋਖ ਸਿੰਘ ਦੀ ਪਹਿਲੀ ਰਚਨਾ ਗੁਰੂ ਨਾਨਕ ਪ੍ਰਕਾਸ਼ ਹੈ। ਜਿਸ ਨੂੰ ਭਾਈ ਸੰਤੋਖ ਸਿੰਘ ਨੇ ਪਿੰਡ ਬੂੜੀਆ ਵਿਖੇ 1880 ਬਿ: ਵਿਚ ਮੁਕੰਮਲ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਸਿਖਿਆ ਤੇ ਅਧਾਰਿਤ ਇਸ ਰਚਨਾ ਵਿਚ ਕੁਲ 9700 ਬੰਦ ਹਨ। ਇਸਦੇ ਦੋ ਭਾਗ ਹਨ: ਪੂਰਵਾਧਿਆਇ ਤੇ ਉਤਰਾਧਿਆਇ। ਪੂਰਵਾਧਿਆਇ ਵਿਚ 73 ਅਤੇ ਉਤਰਾਧਿਆਇ ਵਿਚ 57 ਅਧਿਆਇ ਹਨ। ਇਸ ਰਚਨਾ ਨੂੰ ਪੂਰਾ ਕਰਨ ਵਿਚ ਲਗਪਗ ਦੋ ਸਾਲ ਦਾ ਸਮਾਂ ਲਗਿਆ। ਇਸ ਰਚਨਾ ਵਿਚ ਜ਼ਿਆਦਾਤਰ ਦੋਹਰਾ ਤੇ ਚੌਪਈ ਦੀ ਵਰਤੋਂ ਕੀਤੀ ਗਈ ਹੈ, ਪਰ ਇਨ੍ਹਾਂ ਤੋਂ ਇਲਾਵਾ ਲਗਪਗ 20 ਪ੍ਰਕਾਰ ਦੇ ਹੋਰ ਛੰਦ ਵੀ ਵਰਤੇ ਗਏ ਹਨ। 'ਗੁਰੂ ਨਾਨਕ ਪ੍ਰਕਾਸ਼' ਵਿਚ ਭਗਤੀ ਦੀ ਭਾਵਨਾ ਦੀ ਪ੍ਰਧਾਨਤਾ ਹੈ। ਇਸ ਗ੍ਰੰਥ ਦੀ ਰਚਨਾ ਨਾਲ ਭਾਈ ਸੰਤੋਖ ਸਿੰਘ ਨੂੰ ਸ੍ਰੇਸ਼ਠ ਕਵੀ ਦੇ ਰੂਪ ਵਿਚ ਮਾਨਤਾ ਪ੍ਰਾਪਤ ਹੋਈ।

## ਗੁਰ ਪ੍ਰਤਾਪ ਸੂਰਜ

ਭਾਈ ਸੰਤੋਖ ਸਿੰਘ ਦੀ ਅੰਤਿਮ ਅਤੇ ਸਰਬ-ਸ੍ਰੇਸ਼ਠ ਰਚਨਾ ਗੁਰ ਪ੍ਰਤਾਪ ਸੂਰਜ ਹੈ। ਇਸ ਨੂੰ ਭਾਈ ਸੰਤੋਖ ਸਿੰਘ ਦਾ ਸ਼ਾਹਕਾਰ ਵੀ ਕਿਹਾ ਜਾ ਸਕਦਾ ਹੈ। ਇਸ ਗ੍ਰੰਥ ਦਾ ਆਰੰਭ ਕੈਂਥਲ ਵਿਚ ਸੰਮਤ 1893 ਵਿਚ ਹੋਇਆ ਅਤੇ ਉਥੇ ਹੀ ਸੰਮਤ 1900 ਵਿਚ ਸੰਪੂਰਨ ਹੋਇਆ। ਇਹ ਗ੍ਰੰਥ ਭਾਈ ਸੰਤੋਖ ਸਿੰਘ ਦੇ 8 ਸਾਲ ਦੀ ਨਿਰੰਤਰ ਸਾਧਨਾ ਦਾ ਫਲ ਹੈ। 51829 ਬੰਦਾਂ ਵਿਚ ਲਿਖਿਆ ਇਕ ਮਹਾਨ ਕਾਵਿ ਹੈ। ਸ਼ਾਸਤਰੀ ਢੰਗ ਨਾਲ ਲਿਖੇ ਇਸ ਗ੍ਰੰਥ ਵਿਚ ਕੁਲ 20 ਅਧਿਆਇ ਹਨ, ਜੋ ਅਗੋ 1151 ਅੰਸੂਆਂ ਵਿਚ ਵੰਡੇ ਹੋਏ ਹਨ। ਇਸ ਦੇ ਨਾਂ ਤੋਂ ਹੀ ਸਪਸ਼ਟ ਹੈ ਕਿ ਗੁਰੂ ਸਾਹਿਬਾਨ ਦੇ ਪ੍ਰਤਾਪ ਰੂਪੀ ਸੂਰਜ ਦਾ ਪ੍ਰਕਾਸ਼ ਭਾਈ ਸੰਤੋਖ ਸਿੰਘ ਸਭ ਥਾਂ ਕਰਨਾ ਚਾਹੁੰਦਾ ਹੈ। ਇਸ ਲਈ ਸੂਰਜ ਦੀ ਗਤੀ ਦੇ ਆਧਾਰ ’ਤੇ ਇਸ ਗ੍ਰੰਥ ਨੂੰ 12 ਰਾਸ਼ੀਆਂ, 6 ਰੁਤਾਂ ਅਤੇ 2 ਐਨਾਂ ਵਿਚ ਵੰਡਿਆ ਗਿਆ ਹੈ। ਭਾਈ ਸੰਤੋਖ ਸਿੰਘ ਨੇ ਸਵੀਕਾਰ ਕਰਦੇ ਹਨ ਕਿ ਗੁਰੂ ਸਾਹਿਬਾਨ ਦੇ ਗਿਆਨ ਰੂਪੀ ਸੂਰਜ ਦੀਆਂ ਕਿਰਨਾਂ ਹਰ ਯੁਗ ਵਿਚ ਉਸ ਅੰਧਕਾਰ ਨੂੰ ਦੂਰ ਕਰਨ ਵਿਚ ਸਮਰਥ ਹਨ ਜੋ ਧਾਰਮਿਕ ਅੰਧ ਵਿਸ਼ਵਾਸ਼ਾਂ, ਪਾਖੰਡਾਂ, ਭਰਮਾਂ, ਅਨਿਆਂ ਅਤੇ ਅਸਹਿਨਸ਼ੀਲਤਾ ਤੋਂ ਪੈਦਾ ਹੁੰਦਾ ਹੈ। ਇਹ ਕਿਰਨਾਂ ਗੁਰਮੁਖਾਂ ਨੂੰ ਕਮਲ ਵਾਂਗ ਖਿੜਾ ਦਿੰਦੀਆ ਹਨ। ਇਸ ਰਚਨਾ ਵਿਚ 10 ਗੁਰੂ ਸਾਹਿਬਾਨ ਤੇ ਬੰਦਾ ਸਿੰਘ ਬਹਾਦਰ ਦਾ ਜੀਵਨ ਬਿਰਤਾਂਤ ਬੜੇ ਵਿਸਤਾਰ ਸਹਿਤ ਚਿਤਰਿਆ ਗਿਆ ਹੈ। ਭਾਈ ਸੰਤੋਖ ਸਿੰਘ ਦੁਆਰਾ ਇਸ ਗ੍ਰੰਥ ਦੇ ਪਹਿਲਾਂ ਆਰੰਭ ਵਿਚ ਤੇ ਫਿਰ ਹਰ ਰਾਸਿ ਜਾਂ ਰੁਤ ਦੇ ਆਰੰਭ ਵਿਚ ਮੰਗਲਾਚਰਣ ਅਤੇ ਆਪਣੇ ਇਸ਼ਟ ਅਕਾਲ ਪੁਰਖ, ਗੁਰੂ ਸਾਹਿਬਾਨ ਦੀ ਬੰਦਨਾ ਕੀਤੀ ਹੈ। ‘ਗੁਰੂ ਪ੍ਰਤਾਪ ਸੂਰਜ’ ਵਿਚ ਭਗਤੀ ਦੇ ਨਾਲ ਸ਼ਕਤੀ ਦੇ ਮਹੱਤਵ ਨੂੰ ਵੀ ਸਵੀਕਾਰ ਕੀਤਾ ਗਿਆ ਹੈ।

‘ਗੁਰ ਪ੍ਰਤਾਪ ਸੂਰਜ’ ਵੀ ਸ਼ਾਸਤਰੀ ਪਧਤੀ ਉਤੇ ਰਚਿਤ ਮਹਾਂ-ਕਾਵਿ ਹੈ। ‘ਗੁਰ ਪ੍ਰਤਾਪ ਸੂਰਜ’ ਦੇ ਵੀ ਆਰੰਭਕ 44 ਛੰਦਾਂ ਵਿਚ ਕ੍ਰਮਵਾਰ ਅਕਾਲ-ਪੁਰਖ, ਕਵੀ ਸੰਕੇਤ ਮਰਿਆਦਾ, ਦਸ ਗੁਰੂ-ਸਾਹਿਬਾਨ, ਗਣਪਤੀ, ਰਾਮ ਚੰਦਰ, ਨਰ ਸਿੰਘ, ਹਨੂਮਾਨ ਅਤੇ ਖਾਲਸਾ ਮਹਿਮਾ ਆਦਿ ਨਾਲ ਸੰਬੰਧਿਤ ਮੰਗਲਾਚਰਣ ਹਨ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਚਰਿਤਰ-ਗਾਥਾ ਨੂੰ ਸਭ ਤੋਂ ਜ਼ਿਆਦਾ

ਵਿਸਥਾਰ ਦਿਤਾ ਗਿਆ ਹੈ, ਕਿਉਂਕਿ ਇਨ੍ਹਾਂ ਦੋਵੇਂ ਗੁਰੂ ਸਾਹਿਬਾਨਾਂ ਨੇ ਸਿਖ-ਮਤ ਨੂੰ ਨਵੀਆਂ ਦਿਸ਼ਾਵਾਂ ਦਿਤੀਆਂ ਹਨ ਅਤੇ ਉਨ੍ਹਾਂ ਨੇ ਨਵੀਆਂ ਸੰਭਾਵਨਾਵਾਂ ਵਲ ਮੁਖ ਕੀਤਾ ਹੈ।

## ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸੇਵਕ

ਗੁਰੂ ਸਾਹਿਬ ਪ੍ਰਤੀ ਸੇਵਕ ਦਾ ਅਟੁਟ ਵਿਸ਼ਵਾਸ਼, ਹੁਕਮ ਵਿਚ ਰਹਿਣਾ, ਜਲ ਦੀ ਸੇਵਾ ਕਰਨਾ, ਲੰਗਰ ਤਿਆਰ ਕਰਨਾ, ਇਸ਼ਨਾਨ ਕਰਵਾਉਣਾ, ਬਸਤਰ ਧੋਣੇ ਆਦਿ ਸੇਵਾਵਾਂ ਕਰਨ ਵਾਲੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸੇਵਕ ਭਾਈ ਜੈ ਰਾਮ ਜੀ, ਬੇਬੇ ਨਾਨਕੀ ਜੀ, ਮਾਤਾ ਸੁਲਖਣੀ ਜੀ, ਸੁਲਤਾਨ ਪਿੰਡ ਦਾ ਜਿਮੀਦਾਰ, ਭਾਈ ਭਗੀਰਥ ਜੀ, ਭਾਈ ਲਾਲੋ ਜੀ, ਰਾਇ ਬੁਲਾਰ ਖਾਨ ਸਾਹਿਬ, ਸਾਲਸਰਾਇ ਜੌਹਰੀ, ਪਦਮਨੀ, ਭਾਈ ਮਧੁਰਬੈਨ ਜੀ, ਭਾਈ ਕਵਲ ਨੈਨ ਜੀ, ਰਾਜਾ ਧਰਮ ਚੰਦ ਜੀ, ਭਾਈ ਦੂਨੀ ਚੰਦ ਜੀ, ਭਾਈ ਸਰੇਵੜਾ ਜੀ, ਤਰਖਾਣ ਸਿਖ, ਬਾਦਸ਼ਾਹ, ਭਾਈ ਅਜਿਤਾ ਰੰਧਾਵਾ ਜੀ, ਖਤਰੀ ਸਿਖ, ਭਾਈ ਉਬਾਰ ਖਾਨ ਜੀ, ਤਰਖਾਣ ਸਿਖ ਤੇ ਧਨਹੀਣ ਸਿਖ, ਸਿਖ, ਭਾਈ ਬੂੜਾ ਜੀ, ਭਾਈ ਲਹਿਣਾ ਜੀ, ਭਾਈ ਸਧਾਰਣ ਜੀ, ਭਾਈ ਰਾਮਦਾਸ ਜੀ, ਕੌਡਾ ਰਾਖਸ਼ ਤੇ ਨਵਾਬ ਦੌਲਤ ਖਾਂ, ਦੋਦੇ ਪਿੰਡ ਦੀ ਮਾਤਾ ਆਦਿ ਸੇਵਕ ਗੁਰੂ ਸਾਹਿਬ ਦੀ ਸੇਵਾ ਕਰਦੇ ਸਨ। ਇਹਨਾਂ ਸੇਵਕਾਂ ਦੁਆਰਾ ਗੁਰੂ ਸਾਹਿਬ ਦੀ ਕੀਤੀ ਗਈ ਸੇਵਾ ਦਾ ਵਰਣਨ ਇਸ ਪ੍ਰਕਾਰ ਹੈ:

### ਸ੍ਰੀ ਗੁਰੂ ਨਾਨਕ ਪ੍ਰਕਾਸ਼: ਪੂਰਬਾਰਧ

### ਭਾਈ ਜੈ ਰਾਮ ਜੀ ਤੇ ਬੇਬੇ ਨਾਨਕੀ ਜੀ

ਬੇਬੇ ਨਾਨਕੀ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਡੇ ਭੈਣ ਸਨ, ਇਹਨਾਂ ਨੂੰ ਗੁਰੂ ਸਾਹਿਬ ਦੇ ਪਹਿਲੇ ਸਿਖ ਹੋਣ ਦਾ ਮਾਣ ਪ੍ਰਾਪਤ ਹੈ। ਬੇਬੇ ਨਾਨਕੀ ਜੀ ਨੇ ਗੁਰੂ ਸਾਹਿਬ ਦੇ ਆਤਮਿਕ ਝੁਕਾਅ ਦਾ ਅਹਿਸਾਸ ਕੀਤਾ। ਬੇਬੇ ਨਾਨਕੀ ਜੀ ਦਾ ਵਿਆਹ ਭਾਈ ਜੈ ਰਾਮ ਜੀ ਨਾਲ ਹੋਇਆ, ਜੋ ਕਿ ਮੋਦੀਖਾਨੇ ਵਿਚ ਕੰਮ ਕਰਦੇ ਸਨ।

ਰਾਇ ਬੁਲਾਰ ਖਾਨ ਸਾਹਿਬ ਨੇ ਭਾਈ ਜੈ ਰਾਮ ਦੇ ਨਾਂ 'ਤੇ ਇਕ ਚਿਠੀ ਲਿਖ ਕੇ ਦਿਤੀ। ਜਿਸਦੇ ਵਿਚ ਲਿਖਿਆ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਤੁਹਾਡੇ ਪਾਸ ਆ ਰਹੇ ਹਨ, ਆਪਣੇ ਵਡੇ ਭਾਗ ਸਮਝੋ। ਤੁਸੀਂ ਜਿਸ

ਪ੍ਰਕਾਰ ਦੀ ਵੀ ਸੇਵਾ ਕਰ ਸਕਦੇ ਹੋ, ਇਨ੍ਹਾਂ ਦੀ ਆਪ ਸੇਵਾ ਕਰੋ। ਗੁਰੂ ਸਾਹਿਬ ਜਦ ਭਾਈ ਜੈ ਰਾਮ ਦੇ ਘਰ ਗਏ ਤਾਂ ਭੈਣ ਬੇਬੇ ਨਾਨਕੀ ਵੇਖ ਕੇ ਭਜੇ ਆਏ ਤੇ ਗੁਰੂ ਸਾਹਿਬ ਦੇ ਚਰਨਾਂ ’ਤੇ ਆ ਕੇ ਸੀਸ ਰਖਿਆ। ਇਹ ਵੇਖ ਕੇ ਗੁਰੂ ਸਾਹਿਬ ਨੇ ਕਿਹਾ ਕਿ ਤੁਸੀਂ ਮੇਰੇ ਵਡੇ ਭੈਣ ਜੀ ਹੋ, ਮੈ ਤੁਹਾਨੂੰ ਬੰਦਨਾਂ ਕਰਦਾ ਹਾਂ ਤੇ ਇਹ ਮੇਰੇ ਯੋਗ ਬਣਦਾ ਹੈ।[1]

ਜਦ ਜੈ ਰਾਮ ਜੀ ਘਰ ਆਏ ਤਾਂ ਬੇਬੇ ਨਾਨਕੀ ਆਪਣੇ ਭਰਾ ਕੋਲ ਬੈਠੇ ਸਨ। ਜੈ ਰਾਮ ਨੂੰ ਵੇਖ ਕੇ ਗੁਰੂ ਸਾਹਿਬ ਬੰਦਨਾ ਕਰਨ ਲਈ ਉਠੇ। ਜੈ ਰਾਮ ਨੇ ਗੁਰੂ ਸਾਹਿਬ ਨੂੰ ਬੰਦਨਾ ਕਰਨ ਤੋਂ ਰੋਕਿਆ ਤੇ ਆਪ ਗੁਰੂ ਸਾਹਿਬ ਨੂੰ ਪ੍ਰਣਾਮ ਕੀਤਾ।[2] ਜੈ ਰਾਮ ਜੀ ਨੇ ਕਿਹਾ ਕਿ ਮੇਰੇ ਘਰ ਵਿਚ ਆ ਕੇ ਤੁਸੀਂ ਘਰ ਨੂੰ ਪਵਿਤਰ ਕਰ ਦਿਤਾ ਹੈ। ਤੁਸੀਂ ਜਿਸ ਪ੍ਰਕਾਰ ਦੀ ਪੁਸ਼ਾਕ ਤੇ ਭੋਜਨ ਚਾਹੁੰਦੇ ਹੋ, ਉਸ ਤਰ੍ਹਾਂ ਦਾ ਹੀ ਭਲੀ ਭਾਂਤ ਵਰਤੋ ਤੇ ਖਾਵੋ। ਜਿਸ ਤਰ੍ਹਾਂ ਮਰਜ਼ੀ ਰਹੋ, ਇਹ ਤੁਹਾਡਾ ਆਪਣਾ ਘਰ ਹੈ। ਜਿਸ ਪ੍ਰਕਾਰ ਦਿਲ ਕਰੇ ਸਤਿਸੰਗ ਕਰੋ ਅਤੇ ਨਾਮ ਦਾ ਅਭਿਆਸ ਕਰੋ। ਬੇਬੇ ਨਾਨਕੀ ਜੀ ਤੇ ਭਾਈਆ ਜੈ ਰਾਮ ਜੀ ਗੁਰੂ ਸਾਹਿਬ ਪ੍ਰਤੀ ਸ਼ਰਧਾ ਨਾਲ ਚਰਨਾਂ ਦੇ ਸੇਵਕ ਬਣ ਗਏ। ਸੋ ਪਹਿਲੇ ਸੇਵਕਾਂ ਵਿਚ ਬੇਬੇ ਨਾਨਕੀ ਜੀ ਤੇ ਭਾਈਆ ਜੈ ਰਾਮ ਦਾ ਨਾਮ ਵਿਸ਼ੇਸ਼ ਕਰਕੇ ਵਰਣਨਯੋਗ ਹੈ।

## ਮਾਤਾ ਸੁਲਖਣੀ ਜੀ

ਮਾਤਾ ਸੁਲਖਣੀ ਜੀ ਗੁਰੂ ਸਾਹਿਬ ਦੇ ਧਰਮ ਸੁਪਤਨੀ ਸਨ। ਉਹ ਸਦਾ ਗੁਰੂ ਸਾਹਿਬ ਦੀ ਆਗਿਆ ਵਿਚ ਰਹਿੰਦੇ ਤੇ ਗੁਰੂ ਸਾਹਿਬ ਜਿਵੇਂ ਵੀ ਮੁਖ ਤੋਂ ਕਹਿੰਦੇ ਮਾਤਾ ਸੁਲਖਣੀ ਜੀ ਉਸ ਤਰ੍ਹਾਂ ਹੀ ਸੇਵਾ ਕਰਦੇ ਸਨ। ਜਦ ਗੁਰੂ ਸਾਹਿਬ ਪਲੰਘ ’ਤੇ ਬਿਰਾਜਮਾਨ ਹੁੰਦੇ ਸਨ ਤਦ ਮਾਤਾ ਜੀ ਪਖਾ ਝਲਦੇ ਸਨ। ਮਾਤਾ ਜੀ ਠੰਡਾ

---

[1] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦੂਜੀ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989, ਪੰਨਾ 255.

ਇਹ ਬਿਧਿ ਕਹਿ ਕਰਿ ਰਾਇ ਪਾਤੀ ਲਿਖੀ ਜੈਰਾਮ ਕੋ। ਨਾਨਕ ਤੁਮ ਢਿਗ ਆਇ ਭਾਗ ਵਡੇ ਨਿਜ ਜਾਨੀਏ।।੪੦।।ਭੁਜੰਗ ਛੰਦ।।

ਜਿਤੀ ਸੇਵ ਹੋਵੈ ਕਰੋ ਆਪ ਯਾਂਕੀ। ਲਿਖੀ ਰਾਇ ਐਸੇ ਭਯੋ ਪ੍ਰੇਮ ਛਾਕੀ। (ਪੂਰਬਾਰਧ ਅਧਯਾਯ 16)

[2] ਉਹੀ, ਪੰਨਾ 255.

ਇਤੇ ਮਧ ਜੈ ਰਾਮ ਆਯੋ ਤਹਾਂ ਹੀ। ਸੁਸਾ ਨਾਨਕੀ ਸੋਂ ਮਿਲੇ ਬੈਸ ਜਾਂਹੀ। ਉਠੇ ਬੰਦਨਾ ਕੋ ਨਿਹਾਰੇ ਜੈ ਰਾਮਾ। (ਪੂਰਬਾਰਧ ਅਧਯਾਯ 17)

ਜਲ ਲੈ ਕੇ ਪ੍ਰੇਮ ਨਾਲ ਗੁਰੂ ਸਾਹਿਬ ਦੇ ਚਰਨ ਧੋਂਦੇ ਸਨ ਤੇ ਬਾਅਦ ਵਿਚ ਕਪੜੇ ਨਾਲ ਚਰਨਾਂ ਨੂੰ ਸਾਫ ਕਰਦੇ ਸਨ।[3]

ਤਵਾਰੀਖ ਗੁਰੂ ਖਾਲਸਾ ਕ੍ਰਿਤ ਗਿਆਨੀ ਗਿਆਨ ਸਿੰਘ ਅਨੁਸਾਰ ਇਕ ਦਿਨ ਕੰਨ ਪਾਟੇ ਫਕੀਰਾਂ ਦੀ ਜਮਾਤ (ਡੇਢ ਕੁ ਸੌ ਫਕੀਰ) ਰੋਟੀ ਦੇ ਸਮੇਂ ਆਈ। ਗੁਰੂ ਸਾਹਿਬ ਜੀ ਨੇ ਲਾਂਗਰੀਆਂ ਨੂੰ ਪੁਛਿਆ ਤਾਂ ਉਹਨਾਂ ਆਖਿਆ ਜੀ ਭੰਡਾਰੇ ਵਿਚ ਤਾਂ ਅਜ ਕੋਈ ਚੀਜ਼ ਨਹੀਂ ਤਾਂ ਬਾਬੇ ਜੀ ਨੇ ਭਾਈ ਕਮਲੀਏ ਨੂੰ ਆਖਿਆ ਕਿ ਚੋਣੀ (ਮਾਤਾ ਸੁਲਖਣੀ) ਨੂੰ ਪੁਛੋ ਘਰ ਵਿਚ ਜੋ ਪਦਾਰਥ ਹੈ (ਉਨ੍ਹਾਂ ਨੂੰ ਪੰਜ ਪ੍ਰਸਾਦੇ ਲੰਗਰੋਂ ਰੋਜ ਜਾਂਦੇ ਹੁੰਦੇ ਸੀ, ਉਹ ਅਜ ਛਕੇ ਨਹੀਂ ਹਨ) ਤਾਂ ਮਾਤਾ ਸੁਲਖਣੀ ਜੀ ਨੇ ਆਖਿਆ ਬਹੁਤ ਕੁਝ ਹੈ।[4] ਮਾਤਾ ਸੁਲਖਣੀ ਜੀ ਰਸੋਈ ਵਿਚੋ ਘਿਉ ਤੇ ਖੰਡ ਮਿਲਾ ਕੇ ਗੁਰੂ ਸਾਹਿਬ ਦਾ ਧਿਆਨ ਧਰ ਕੇ "ਪੰਚ ਪਰਵਾਨ ਪੰਚ ਪ੍ਰਧਾਨ" ਸ਼ਬਦ ਪੜ੍ਹਿਆ ਤੇ ਚੁੰਗਲ ਭਰ-ਭਰ ਮਿਠੇ ਘਿਉ ਦੇ ਸਮੇਤ ਦੋ-ਦੋ ਪ੍ਰਸ਼ਾਦੇ ਸਭ ਨੂੰ ਦਿਤੇ। ਸਾਧੂਆਂ ਦੀ ਸਾਰੀ ਜਮਾਤ ਪ੍ਰਸ਼ਾਦਾ ਛਕ ਕੇ ਤ੍ਰਿਪਤ ਹੋ ਗਈ ਪਰ ਇਕ ਸਿਧ ਛਕ ਰਿਹਾ ਸੀ। ਮਾਤਾ ਜੀ ਨੇ ਇਕ ਪ੍ਰਸ਼ਾਦਾ ਉਸ ਸਾਧੂ ਅਗੇ ਰਖ ਦਿਤਾ ਤੇ ਕਿਹਾ ਲੈ ਪੁਤਰ ਰਜ ਕੇ ਛਕੋ। ਮਾਤਾ ਸੁਲਖਣੀ ਜੀ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੇ ਵਰ ਦਿਤਾ ਚੋਣੀਏ ਤੇਰੀ ਸੰਤਾਨ ਬੇਅੰਤ ਹੋਵੇਗੀ। ਸੋ ਹੁਣ ਇਕ ਲਖਮੀ ਚੰਦ ਦੀ ਸੰਤਾਨ ਹੀ ਸਤ ਹਜ਼ਾਰ ਤੋਂ ਉਪਰ ਹੈ, ਇਹ ਸਾਖੀ ਲਿਖੀ ਹੋਈ ਤਾਂ ਕਿਤੇ ਨਹੀਂ ਪਰੰਤੂ ਨੌਰੰਗ ਸਿੰਘ ਬੇਦੀ ਦੀ ਜ਼ੁਬਾਨੀ ਸੁਣੀ ਹੈ।

## ਸੁਲਤਾਨ ਪਿੰਡ ਦਾ ਜਿਮੀਦਾਰ

ਤਵਾਰੀਖ ਗੁਰੂ ਖਾਲਸਾ ਅਨੁਸਾਰ ਗੁਰੂ ਸਾਹਿਬ ਬਯਾਸਾ (ਬਿਆਸ ਦਰਿਆ) ਪਾਰ ਕਰਕੇ ਫਤਿਆਬਾਦ ਰਾਤ ਕਟ ਕੇ ਸੁਲਤਾਨ ਪਿੰਡ ਦੀ ਜੂਹ ਵਿਚ ਪਹੁੰਚੇ, ਜਿਥੇ ਹੁਣ ਸ੍ਰੀ ਅੰਮ੍ਰਿਤਸਰ ਸਾਹਿਬ ਹੈ। ਗੁਰੂ ਸਾਹਿਬ ਢਾਬ ਦੇ ਕਿਨਾਰੇ ਬ੍ਰਿਛ ਹੇਠ ਬੈਠ ਕੇ ਸ਼ਬਦ ਗਾਉਣ ਲਗੇ। ਉਸ ਢਾਬ ਦੇ ਨੇੜੇ ਇਕ ਜਿਮੀਦਾਰ

---

[3] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦੂਜੀ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989 ਪੰਨਾ 348.
ਆਇਸੁ ਮਹਿਂ ਦਿਨ ਰੈਨ ਰਹਿਤਿ ਸੁਲਖਨੀ ਪੁਨ ਸੁਮਤਿ। ਜਿਉਂ ਉਚਰਤਿ ਮੁਖ ਬੈਨ ਤਯੋਂ ਸਭਿ ਕ੍ਰਿੱਤ ਕਮਾਵਈ।।੪੭।।ਦੋਹਰਾ।। (ਪੂਰਬਾਰਧ ਅਧਯਾਯ 26)

[4] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 280.

ਦੇ ਘਰ ਧਮਾਣ ਸੀ। ਉਹ ਗੁਰੂ ਸਾਹਿਬ ਕੋਲ ਖੀਰ, ਖੰਡ, ਕੜਾਹ ਆਦਿ ਲੈ ਕੇ ਆਇਆ। ਭਾਈ ਮਰਦਾਨਾ ਛਕ ਕੇ ਖੁਸ਼ ਹੋਇਆ ਤੇ ਕਈ ਸ਼ਬਦ ਪ੍ਰੇਮ ਨਾਲ ਗਾਏ। ਸੁਲਤਾਨ ਪਿੰਡ ਦੇ ਜਿਮੀਦਾਰ ਨੂੰ ਗੁਰੂ ਸਾਹਿਬ ਨੇ ਵਰ ਦਿਤਾ ਕਿ ਇਥੇ ਭੋਗ ਮੋਖ ਦਾ ਪ੍ਰਵਾਹ ਚਲੇਗਾ।[5] ਇਸ ਤਰ੍ਹਾਂ ਜਿਮੀਦਾਰ ਨੇ ਗੁਰੂ ਸਾਹਿਬ ਦੀ ਸੇਵਾ ਕਰਕੇ ਗੁਰੂ ਸਾਹਿਬ ਤੋਂ ਅਸੀਸਾਂ ਪ੍ਰਾਪਤ ਕੀਤੀਆ।

## ਭਾਈ ਭਗੀਰਥ ਜੀ

ਭਾਈ ਭਗੀਰਥ ਵੀ ਗੁਰੂ ਸਾਹਿਬ ਦਾ ਅਨਿੰਨ ਸਿਖ ਸੀ। ਇਕ ਵਾਰ ਜਦੋਂ ਭਾਈ ਭਗੀਰਥ ਜੀ ਨੇ ਗੁਰੂ ਸਾਹਿਬ ਦੀ ਸੇਵਾ ਵਿਚ ਸਾਰਾ ਦਿਨ ਬੀਤਤ ਕੀਤਾ ਤਾਂ ਫਿਰ ਵੀ ਉਸ ਨੇ ਆਪਣੇ ਚਿਤ ਵਿਚੋਂ ਮਾਤਾ ਕਾਲਕਾ ਦੀ ਪ੍ਰੀਤ ਨਾ ਛਡੀ ਤੇ ਰਾਤ ਕਾਲਕਾ ਮੰਦਰ ਵਿਚ ਹੀ ਰਿਹਾ। ਉਸਦੇ ਮਨ ਵਿਚ ਐਸਾ ਵੈਰਾਗ ਉਪਜਿਆ ਕਿ ਘਰ ਨਾ ਗਿਆ। ਜਦ ਅਧੀ ਰਾਤ ਹੋਈ ਤਾਂ ਅਲਸਾਇਆ। ਤਦ ਚੰਡੀ ਮਾਤਾ ਨੇ ਸੁਪਨੇ ਵਿਚ ਦਰਸ਼ਨ ਦਿਤੇ।[6] ਮਾਤਾ ਬੋਲੀ ਜੋ ਤੇਰਾ ਮਨੋਰਥ ਹੈ, ਉਹ ਪੂਰਾ ਹੋਵੇਗਾ, ਇਹ ਮੇਰਾ ਵਰ ਹੈ। ਜਦ ਤਕ ਤੇਰਾ ਸਰੀਰ ਤੰਦਰੁਸਤ ਹੈ ਤਦ ਤਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ ਦੀ ਸੇਵਾ ਕਰੋ। (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਦੇਵੀ ਨੂੰ ਮੁਕਤੀ ਦੇਣ ਤੋਂ ਅਸਮਰਥ ਲਿਖਿਆ ਹੈ, ਇਸੇ ਕਰਕੇ ਦੇਵੀ ਇਥੇ ਆਪਣੇ ਭਗਤ ਨੂੰ ਮੁਕਤੀ ਪ੍ਰਾਪਤੀ ਵਾਸਤੇ ਗੁਰੂ ਨਾਨਕ ਦੇਵ ਜੀ ਦੀ ਸੇਵਾ ਵਾਸਤੇ ਉਪਦੇਸ਼ ਦਿੰਦੀ ਦਸੀ ਹੈ। ਯਥਾ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ: 'ਤੂ ਕਹੀਅਤ ਹੀ ਆਦਿ ਭਵਾਨੀ॥ ਮੁਕਤਿ ਕੀ ਬਰੀਆ ਕਹਾ ਛਪਾਨੀ॥੪॥') ਭਾਈ ਭਗੀਰਥ, ਉਹ ਸੁਲਤਾਨਪੁਰ ਨਗਰ ਵਿਚ ਦੁਕਾਨ ਕਰਦੇ ਹਨ। ਉਹ ਛਿਪੇ ਰਹਿੰਦੇ ਹਨ ਤੇ ਹਾਲੇ ਤਕ ਉਨ੍ਹਾਂ ਆਪਣੇ ਆਪ ਨੂੰ ਜਾਹਰ ਨਹੀਂ ਕੀਤਾ ਹੈ। ਭਾਈ ਭਗੀਰਥ ਜੀ ਦੇ ਦਿਲ ਵਿਚ ਐਸੀ ਗਲ ਬੈਠੀ ਕਿ ਆਪਣਾ ਪਰਿਵਾਰ ਛਡ ਦਿਤਾ। ਪਿੰਡ, ਚੌਧਰਤਾ ਤੇ ਐਸ੍ਵਰਜ ਦੇ ਸਾਰੇ ਸਾਮਾਨ ਛਡ ਕੇ ਗੁਰੂ ਨਾਨਕ ਦੇਵ ਜੀ ਨੂੰ ਮਿਲਣ ਵਾਸਤੇ ਚਲਣ ਲਗਾ। ਪਿੰਡ ਦੇ ਲੋਕ ਉਸ ਨੂੰ ਰੋਕਣ ਲਗੇ, ਪਰ ਉਹ ਕਿਸ ਤਰ੍ਹਾਂ ਵੀ ਨਾ ਰੁਕਿਆ। ਪਿੰਡੋ ਚਲ ਕੇ

---

[5] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 63.

[6] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦੂਜੀ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989, ਪੰਨਾ 353.

ਏਕ ਦਿਵਸ ਸੁਚਿ ਸੰਜਮ ਸਾਥਾ। ਬੰਦਹਿ ਧਰ ਪਰ ਧਰਿ ਕਰਿ ਮਾਥਾ। ਸੇਵਾ ਕਰਤਯੋ ਬਾਸੁਰ ਬੀਤਾ। ਤਦਪਿ ਨ ਤਜਹਿ ਬਧੀ ਚਿਤ ਪ੍ਰੀਤਾ॥੧੩॥ (ਪੂਰਬਾਰਧ ਅਧਯਾਯ 27)

ਸੁਲਤਾਨਪੁਰ ਨਗਰ ਵਿਚ ਆ ਗਿਆ। ਜਿਸ ਦੁਕਾਨ ਉਤੇ ਮੰਗਤਿਆਂ ਦੀ ਬੜੀ ਭੀੜ ਸੀ, ਉਥੇ ਪਹੁੰਚ ਗਿਆ ਤੇ ਦਰਸ਼ਨ ਕਰਨ ਲਈ ਬੜਾ ਵਿਆਕੁਲ ਹੋਇਆ। ਗੁਰੂ ਸਾਹਿਬ ਨੂੰ ਵੇਖ ਕੇ ਉਨ੍ਹਾਂ ਦੇ ਚਰਨਾਂ ਉਤੇ ਡੰਡੇ ਵਾਂਗ ਲੰਮਾ ਪੈ ਰਿਹਾ। ਜਦ ਗੁਰੂ ਸਾਹਿਬ ਨੇ ਸਾਰਾ ਬ੍ਰਿਤਾਂਤ ਸੁਣਿਆ ਤਾਂ ਉਨ੍ਹਾਂ ਆਪਣਾ ਹਥ ਉਸ ਦੇ ਮਥੇ ਨੂੰ ਛੁਹਾਇਆ। ਬਾਂਹ ਫੜ ਕੇ ਫਿਰ ਉਸ ਨੂੰ ਬਿਠਾਇਆ ਤੇ ਗੁਰੂ ਸਾਹਿਬ ਨੇ ਆਪਣੇ ਮੁਖ ਤੋਂ ਫੁਰਮਾਇਆ ਕਿ ਤੇਰਾ ਕੀ ਮਨੋਰਥ ਹੈ ਅਤੇ ਕਿਥੋਂ ਆਇਆ ਹੈ? ਭਗੀਰਥ ਦਸਣ ਲਗਾ ਕਿ ਮੈਲਸੀਹਾਂ ਪਿੰਡ ਵਿਚ ਮੇਰਾ ਘਰ ਹੈ। ਮੈਂ ਕਾਲੀ ਮਾਤਾ ਦਾ ਉਪਾਸ਼ਕ ਹਾਂ ਤੇ ਉਸਨੇ ਸਾਰੀ ਗਲ ਸਮਝਾ ਕੇ ਮੈਨੂੰ ਸੋਝੀ ਕਰਵਾਈ ਹੈ। ਮੈਂ ਆਪ ਜੀ ਦੇ ਚਰਨਾਂ ਦੀ ਸੇਵਾ ਕਰਨ ਵਾਸਤੇ ਆਇਆ ਹਾਂ।

ਭਾਈ ਭਗੀਰਥ ਨੂੰ ਗੁਰੂ ਸਾਹਿਬ ਨੇ ਆਪਣੀ ਸੇਵਾ ਵਿਚ ਲਾ ਲਿਆ। ਉਹ ਹਰ ਰੋਜ਼ ਗੁਰੂ ਸਾਹਿਬ ਦੇ ਦਰਸ਼ਨ ਕਰਦਾ ਤੇ ਚਰਨ ਧੋਣ ਦੀ ਸੇਵਾ ਕਰਦਾ ਸੀ। ਜਿਸ ਤਰ੍ਹਾਂ ਗੁਰੂ ਸਾਹਿਬ ਹੁਕਮ ਕਰਦੇ ਸਨ, ਉਸ ਤਰ੍ਹਾਂ ਹੀ ਭਾਈ ਭਗੀਰਥ ਹੁਕਮ ਮੰਨ ਕੇ ਸੇਵਾ ਕਰਦਾ ਸੀ। ਭਾਈ ਭਗੀਰਥ ਦੀ ਸੇਵਾ ਤੋਂ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ ਤੇ ਉਸ ਨੂੰ ਬ੍ਰਹਮ ਗਿਆਨ ਦਾ ਗਿਆਨ ਕਰਵਾਇਆ।[7]

## ਭਾਈ ਲਾਲੋ ਜੀ

ਭਾਈ ਲਾਲੋ ਗੁਰੂ ਸਾਹਿਬ ਦੇ ਸਚੇ ਸੇਵਕ ਸਨ। ਗੁਰੂ ਸਾਹਿਬ 17 ਦਿਨ ਚਲ ਕੇ ਏਮਨਾਬਾਦ ਨਗਰ ਜਾ ਕੇ ਭਾਈ ਲਾਲੋ ਦੇ ਘਰ ਪਹੁੰਚੇ। ਭਾਈ ਲਾਲੋ ਨੇ ਹਥ ਜੋੜ ਕੇ ਚਰਨਾਂ 'ਤੇ ਬੰਦਨਾ ਕੀਤੀ ਤੇ ਦਰਸ਼ਨ ਕਰਕੇ ਹਿਰਦਾ ਆਨੰਦ ਨਾਲ ਖਿੜ ਉਠਿਆ। ਗੁਰੂ ਸਾਹਿਬ ਨੇ ਭਾਈ ਲਾਲੋ ਨੂੰ ਅਸੀਸਾਂ ਬਖਸ਼ੀਆਂ ਤੇ ਕਿਰਤ ਕਰਨ ਦਾ ਉਪਦੇਸ਼ ਦਿਤਾ। ਭਾਈ ਲਾਲੋ ਨੇ ਗੁਰੂ ਸਾਹਿਬ ਨੂੰ ਪੁਛਿਆ ਤੁਸੀਂ ਕਿਥੋਂ ਆਏ ਹੋ? ਗੁਰੂ ਸਾਹਿਬ ਜੀ ਨੇ ਕਿਹਾ ਕਿ ਅਸੀਂ ਪਰਦੇਸੀ ਹਾਂ, ਸਾਡਾ ਘਰ ਨੇੜੇ ਨਹੀ ਹੈ। ਸਾਡਾ ਫਕੀਰੀ ਵੇਸ ਹੈ, ਅਸੀਂ ਉਦਾਸੀਆਂ ਕਰਨ

[7] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦੂਜੀ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989, ਪੰਨਾ 354.
ਬਹੁਰੋ ਅਪਨੀ ਸੇਵ ਲਗਾਯੋ। ਰਹਤਿ ਭਯੋ ਦਰਸ਼ਨ ਨਿਤ ਕਰਿਹੀ। ਚਰਨ ਪਖਾਰਿ ਹਰਖ ਉਰ ਧਰਿਹੀ।।੨੬।। (ਪੂਰਬਾਰਧ ਅਧਯਾਯ 27)

ਲਈ ਆਏ ਹਾਂ। ਭਾਈ ਲਾਲੋ ਨੇ ਗੁਰੂ ਸਾਹਿਬ ਲਈ ਪਲੰਘ ਤਿਆਰ ਕਰਕੇ ਆਸਣ ਲਗਾਉਣ ਲਈ ਬੇਨਤੀ ਕੀਤੀ। ਗੁਰੂ ਸਾਹਿਬ ਤੋਂ ਆਗਿਆ ਲੈ ਕੇ ਭਾਈ ਲਾਲੋ ਉਸੇ ਵੇਲੇ ਆਪਣੇ ਘਰ ਭੋਜਨ ਤਿਆਰ ਕਰਨ ਲਈ ਚਲ ਗਿਆ।[8] ਜਦ ਭੋਜਨ ਤਿਆਰ ਹੋਇਆ ਤਾਂ ਗੁਰੂ ਸਾਹਿਬ ਅਗੇ ਬੇਨਤੀ ਕਰਨ ਲਗਾ ਕਿ ਕਿਰਪਾ ਕਰਕੇ ਮੇਰੇ 'ਤੇ ਕਿਰਤਾਰਥ ਕਰੋ ਤੇ ਆ ਕੇ ਭੋਜਨ ਛਕੋ। ਗੁਰੂ ਸਾਹਿਬ ਨੂੰ ਭਾਈ ਲਾਲੋ ਪ੍ਰੇਮ ਨਾਲ ਭੋਜਨ ਛਕਾਉਂਦਾ ਸੀ। ਜਿਸ ਕਰਕੇ ਗੁਰੂ ਸਾਹਿਬ ਭਾਈ ਲਾਲੋ ਦੀ ਸੇਵਾ ਤੋਂ ਬਹੁਤ ਖੁਸ਼ ਹੋਏ ਸਨ।

ਜਦ ਗੁਰੂ ਸਾਹਿਬ ਜਾਣ ਲਈ ਤਿਆਰੀ ਕਰ ਰਹੇ ਸਨ ਤਾਂ ਭਾਈ ਲਾਲੋ ਨੇ ਕੁਝ ਦਿਨ ਹੋਰ ਰੁਕਣ ਲਈ ਬੇਨਤੀ ਕੀਤੀ। ਗੁਰੂ ਸਾਹਿਬ ਨੇ ਆਪਣੇ ਸੇਵਕ ਦੀ ਦੀਨਤਾ ਵੇਖ ਕੇ ਬੇਨਤੀ ਸਵੀਕਾਰ ਕਰ ਲਈ ਤੇ ਬਚਨ ਕੀਤੇ ਕਿ ਲਾਲੋ ਦਾ ਬਚਨ ਮੋੜਿਆ ਨਹੀਂ ਜਾ ਸਕਦਾ। ਗੁਰੂ ਸਾਹਿਬ ਜੀ ਨੇ ਭਾਈ ਮਰਦਾਨਾ ਨੂੰ ਕਿਹਾ ਕਿ ਇਥੇ ਇਕ ਮਹੀਨਾ ਹੋਰ ਰਹੀਏ, ਫਿਰ ਕਿਤੇ ਹੋਰ ਥਾਂ ਚਲੇ ਜਾਵਾਂਗੇ। ਜਦ ਗੁਰੂ ਸਾਹਿਬ ਆਪਣੇ ਆਸਣ 'ਤੇ ਬਿਰਾਜਦੇ ਸਨ ਤਾਂ ਭਾਈ ਲਾਲੋ ਗੁਰੂ ਸਾਹਿਬ ਦੇ ਚਰਨਾਂ ਦੀ ਸੇਵਾ ਕਰਦਾ ਸੀ। ਦਿਨ ਦੇ ਸਮੇਂ ਗੁਰੂ ਸਾਹਿਬ ਜੰਗਲ ਵਿਚ ਜਾ ਬੈਠਦੇ ਸਨ, ਜਦ ਸੰਧਿਆ ਹੋ ਜਾਂਦੀ ਸੀ ਤਾਂ ਭਾਈ ਲਾਲੋ ਦੇ ਘਰ ਆ ਜਾਂਦੇ ਸਨ। ਭਾਈ ਲਾਲੋ ਭੋਜਨ ਤਿਆਰ ਕਰਦਾ ਤੇ ਬੇਨਤੀ ਕਰਕੇ ਭੋਜਨ ਛਕਾਉਂਦਾ ਸੀ। ਗੁਰੂ ਸਾਹਿਬ ਉਸਦੇ ਪ੍ਰੇਮਾ ਭਗਤੀ ਨੂੰ ਵੇਖ ਕੇ ਉਸ ਦੇ ਘਰ ਹੀ ਭੋਜਨ ਛਕਦੇ ਸਨ।

ਭਾਈ ਲਾਲੋ ਗੁਰੂ ਸਾਹਿਬ ਦੇ ਪੈਰ ਦਬਾਉਂਦਾ, ਪਖਾ ਝਲ ਕੇ ਸੇਵਾ ਕਰਦਾ ਸੀ। ਭਾਈ ਲਾਲੋ ਦਿਨ ਸਮੇਂ ਆਪਣੀ ਕਿਰਤ ਕਰਦਾ ਤੇ ਰਾਤ ਨੂੰ ਸੇਵਾ ਕਰਦਾ। ਭਾਈ ਲਾਲੋ ਦੀ ਆਤਮਿਕ ਅਵਸਥਾ ਨੂੰ ਵੇਖ ਕੇ ਗੁਰੂ ਸਾਹਿਬ ਨੇ ਫੁਰਮਾਇਆ ਕਿ ਤੂੰ ਸਤਿ ਚਿਤ ਆਨੰਦ ਹੈ। ਖੁਸ਼ੀ ਗਮੀ ਤੋਂ ਤੇਰਾ ਸਰੂਪ ਹੀਣ ਹੈ ਅਤੇ ਜਨਮ ਮਰਨ ਤੋਂ ਰਹਿਤ ਹੋ ਗਿਆ ਹੈ।

---

[8] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦੂਜੀ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989, ਪੰਨਾ 447.

ਬਾਸੁਰ ਦਸ ਸਪਤਮ ਮਹਿਂ ਪਹੁੰਚੇ ਨਗਰ ਏਮਨਾਵਾਦੂ। ਗਏ ਸਦਨ ਤਿਹ ਦੋਖ ਨਿਕੰਦਨ ਸੇਵਕ ਦਾ ਅਹਿਲਾਦੂ॥੮॥ ਹੇਰਿ ਮੁਖਾਰਬਿੰਦ ਠਾਂਢੋ, ਪਦ ਬੰਦਨ ਕਰਬੰਦੇ। ਦਰਸ ਬਿਲੋਕਤਿ ਸ਼ਾਂਤਿ ਭਈ ਮਨ ਲਾਲੋ ਰਿਦੇ ਅਨੰਦੇ। 'ਚਿਤ ਕਰਤਾਰ ਨਿੱਤ ਹ੍ਵੈ ਤੋਕੋ ਬੈਸ ਕਿਰਤਿ ਕੋ ਕਰਿਯੇ'। (ਪੂਰਬਾਰਧ ਅਧਯਾਯ 38)

ਤਵਾਰੀਖ ਗੁਰੂ ਖਾਲਸਾ ਕ੍ਰਿਤ ਗਿਆਨੀ ਗਿਆਨ ਸਿੰਘ ਅਨੁਸਾਰ ਜਿਥੇ ਹੁਣ ਰੋੜੀ ਸਾਹਿਬ ਗੁਰਦੁਆਰਾ ਹੈ। ਉਥੇ ਤਾਲਾਬ ਦੇ ਕਿਨਾਰੇ ਰੋੜਾਂ ਦੇ ਬਿਸਤਰੇ ਉਤੇ ਗੁਰੂ ਸਾਹਿਬ ਤਪ ਕਰਨ ਲਗ ਪਏ, ਭਾਈ ਲਾਲੋ ਤੇ ਅਨੇਕ ਸੰਤ ਭਗਤ ਸਤਸੰਗੀ ਲੋਕ ਗੁਰੂ ਸਾਹਿਬ ਦੀ ਸੇਵਾ ਕਰਦੇ ਰਹੇ। ਗੁਰੂ ਸਾਹਿਬ ਨੇ ਇਥੇ ਇਕ ਸਾਲ ਰਹਿ ਕੇ ਤਪ ਕੀਤਾ। ਜਿਸ ਕਰਕੇ ਦੜਪ ਦੇਸ਼ ਦੇ ਹਿੰਦੂ, ਮੁਸਲਮਾਨ ਸਭ ਗੁਰੂ ਸਾਹਿਬ ਦੇ ਸੰਗਤੀ ਬਣ ਗਏ ਸਨ।[9] ਭਾਈ ਸੰਤੋਖ ਸਿੰਘ ਨੇ ਗੁਰੂ ਸਾਹਿਬ ਦਾ ਭਾਈ ਲਾਲੋ ਦੇ ਘਰ ਠਹਿਰਣ ਦਾ ਸਮਾਂ ਇਕ ਮਹੀਨਾ ਅਤੇ ਗਿਆਨੀ ਗਿਆਨ ਸਿੰਘ ਨੇ ਇਕ ਸਾਲ ਲਿਖਿਆ ਹੈ। ਸੋ ਸਾਡਾ ਭਾਵ ਤਾਂ ਭਾਈ ਲਾਲੋ ਦੀ ਸੇਵਾ ਨੂੰ ਪ੍ਰਗਟ ਕਰਨਾ ਹੈ ਕਿਉਂਕਿ ਉਹਨਾਂ ਨੇ ਅਤਿ ਦੀ ਗਰੀਬੀ ਵਿਚ ਰਹਿੰਦਿਆਂ ਗੁਰੂ ਸਾਹਿਬ ਦੀ ਸੇਵਾ ਕੀਤੀ ਤੇ ਗੁਰੂ ਸਾਹਿਬ ਤੋਂ ਕਰਤਾਰ ਚਿਤ ਆਉਣ, ਕਿਰਤ ਕਰਕੇ ਵੰਡ ਛਕਣ ਦੀਆਂ ਅਸੀਸਾਂ ਪ੍ਰਾਪਤ ਕੀਤੀਆ ਸਨ। ਗੁਰੂ ਸਾਹਿਬ ਨੇ ਭਾਈ ਲਾਲੋ ਦੀ ਸੇਵਾ ਭਾਵਨਾ ਤੋਂ ਖੁਸ਼ ਹੋ ਕੇ ਉਹਨਾਂ ਨੂੰ ਸੰਬੋਧਨ ਕਰਕੇ ਆਪਣੀ ਬਾਣੀ ਵਿਚ "ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ॥ ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥" ਫੁਰਮਾਇਆ ਹੈ।

## ਰਾਇ ਬੁਲਾਰ ਖਾਨ ਸਾਹਿਬ

ਰਾਇ ਬੁਲਾਰ ਖਾਨ ਸਾਹਿਬ ਗੁਰੂ ਸਾਹਿਬ ਨੂੰ ਅੱਲਾ ਦਾ ਰੂਪ ਜਾਣਦੇ ਸਨ। ਇਕ ਵਾਰ ਜਦੋਂ ਗੁਰੂ ਸਾਹਿਬ ਆਪਣੇ ਘਰ ਆਏ ਤਾਂ ਰਾਇ ਬੁਲਾਰ ਖਾਨ ਗੁਰੂ ਸਾਹਿਬ ਲਈ ਭੋਜਨ ਤਿਆਰ ਕਰਕੇ ਛਕਾਉਣ ਲਈ ਬੇਨਤੀ ਕਰਦਾ ਹੈ।[10] ਇਸ ਤੋਂ ਰਾਇ ਬੁਲਾਰ ਖਾਨ ਨੇ ਇਕ ਨੌਕਰ ਨੂੰ ਭੇਜ ਕੇ ਬ੍ਰਾਹਮਣ ਨੂੰ ਬੁਲਾਇਆ ਤੇ ਉਸਨੂੰ ਬੜੇ ਪ੍ਰੇਮ ਭਾਵਨਾ ਦੇ ਬਚਨ ਕਹੇ ਕਿ ਮੈਨੂੰ ਖੁਦਾਵੰਦ ਕਰੀਮ ਆ ਕੇ ਮਿਲੇ ਹਨ, ਅਜ ਸਾਡੇ ਘਰ ਆ ਕੇ ਰਸੋਈ ਤਿਆਰ ਕਰੋ।

[9] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 65.

[10] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਤੀਜੀ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989, ਪੰਨਾ 477.
ਉਰ ਕਰਿ ਹਰਖਬੁਲਾਰ ਬਿਚਾਰਾ। ਪੂਰਬ ਪਾਕ ਕਰਾਉਂ ਅਹਾਰਾ॥੫੯॥ ਦਾਸ ਪਠਯੋ, ਦਿਜ ਦੂੱਤ ਬੁਲਾਯੋ। ਹੋਇ ਪ੍ਰੇਮ ਮੈਂ ਬਚਨ ਅਲਾਯੋ। (ਪੂਰਬਾਰਧ ਅਧਯਾਯ 41)

ਰਾਇ ਬੁਲਾਰ ਖਾਨ ਬ੍ਰਿਧ ਅਵਸਥਾ ਦੇ ਹੋਣ ਕਰਕੇ ਵੀ ਗੁਰੂ ਸਾਹਿਬ ਦੇ ਚਰਨ ਧੋਣ ਲਈ ਪਾਣੀ ਲੈ ਕੇ ਆਪ ਉਠੇ। ਰਾਇ ਬੁਲਾਰ ਖਾਨ ਨੇ ਜ਼ਮੀਨ ਤੇ ਬੈਠ ਕੇ ਚਰਨ ਧੋਤੇ ਤੇ ਸਤਿਕਾਰ ਨਾਲ ਚਰਨਾਂ ਨੂੰ ਹਥ ਵਿਚ ਫੜ ਕੇ ਸਾਫ਼ ਕੀਤਾ ਅਤੇ ਚਰਨਾਂਮ੍ਰਿਤ ਲੈ ਕੇ ਆਪਣੇ ਸਿਰ 'ਤੇ ਪਾਇਆ।

## ਸਾਲਸਰਾਇ ਜੌਹਰੀ

ਸਾਲਸਰਾਇ ਜੌਹਰੀ ਜਿਸਨੂੰ ਰੁਪਏ ਦਾ ਲਾਲਚ ਨਹੀਂ, ਕੁਝ ਮਿਠਾਈ ਆਪਣੇ ਟਹਿਲੂਏ ਅਧਰਕੇ ਅਰੋੜੇ ਦੇ ਸਿਰ ਚੁਕਵਾ ਗੁਰੂ ਕੇ ਪਾਸ ਆਇਆ ਤੇ ਦਰਸ਼ਨ ਕਰਕੇ ਨਿਹਾਲ ਹੋ ਗਿਆ।[11] ਸਾਲਸਰਾਇ ਜੌਹਰੀ ਗੁਰੂ ਸਾਹਿਬ ਨੂੰ ਆਪਣੀ ਧਰਮਸ਼ਾਲਾ ਵਿਚ ਲੈ ਗਿਆ ਤੇ ਬੇਨਤੀ ਕੀਤੀ ਕਿ ਗੁਰੂ ਸਾਹਿਬ ਆਪ ਜੀ ਹੁਕਮ ਕਰੋ, ਉਸੇ ਪ੍ਰਕਾਰ ਦਾ ਭੋਜਨ ਤਿਆਰ ਕਰੀਏ। ਸਾਲਸਰਾਇ ਨੇ ਛੱਤੀ (36) ਪ੍ਰਕਾਰ ਦੇ ਭੋਜਨ ਅਤੇ ਬਸਤਰਾਂ ਦੇ ਜੋੜੇ ਗੁਰੂ ਸਾਹਿਬ ਨੂੰ ਭੇਂਟ ਕੀਤੇ, ਭੋਜਨ ਛਕ ਬਸਤਰ ਭਾਈ ਬਾਲੇ, ਮਰਦਾਨੇ ਨੂੰ ਦਿਤੇ। ਜੋ ਬਾਕੀ ਬਸਤਰ ਸਨ ਉਹ ਸਭ ਗਰੀਬਾਂ ਨੂੰ ਵੰਡ ਦਿਤੇ। ਗੁਰੂ ਸਾਹਿਬ ਤਿੰਨ ਮਹੀਨੇ ਸਾਲਸਰਾਇ ਜੌਹਰੀ ਦੇ ਕੋਲ ਰਹੇ।

## ਪਦਮਨੀ

ਗੁਰੂ ਸਾਹਿਬ ਨੂੰ ਪਦਮਨੀ ਨੇ ਬੇਨਤੀ ਕੀਤੀ ਕਿ ਮੇਰੀ ਸ਼ਰਧਾ ਪੂਰਨ ਕਰਕੇ ਮੈਨੂੰ ਨਿਹਾਲ ਕਰੋ। ਜਦ ਪਦਮਨੀ ਨੇ ਇਸ ਤਰ੍ਹਾਂ ਅਧੀਨ ਹੋ ਕੇ ਬਚਨ ਕਹੇ ਤਾਂ ਗੁਰੂ ਸਾਹਿਬ ਬੋਲੇ ਕਿ ਸਤਿਨਾਮ ਦਾ ਸਿਮਰਨ ਕਰੋ, ਉਸੇ ਨਾਲ ਸੁਖ ਪ੍ਰਾਪਤ ਹੋਵੇਗਾ। ਇਹ ਜਨਮ ਇਕ ਵਾਰ ਮਿਲਿਆ ਹੈ, ਇਸ ਨੂੰ ਸਫਲ ਕਰ ਲਵੋ। ਵਿਕਾਰਾਂ ਦੇ ਸਵਾਦ ਵਿਚ ਆਪਣੀ ਉਮਰ ਨਾ ਗਵਾਉ। ਹਰੀ ਦਾ ਨਾਮ ਜਪ ਕੇ ਮੁਕਤੀ ਪ੍ਰਾਪਤ ਕਰੋ।[12] ਪਰ ਪਦਮਨੀ ਨੇ ਗੁਰੂ ਸਾਹਿਬ ਦੀ ਗਲ ਨੂੰ ਨਾ ਵੀਚਾਰਿਆ ਤੇ ਫਿਰ ਕਹਿਣ ਲਗੀ ਕਿ ਮੇਰੇ ਨਾਲ ਭੋਗ ਕਰੋ, ਤੁਸੀਂ

---

[11] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਤੀਜੀ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989, ਪੰਨਾ 477.

ਸਾਲਸਰਾਇ ਜੌਹਰੀ ਆਇ ਗੁਰ ਪਾਸ। (ਪੂਰਬਾਰਧ ਅਧਯਾਯ 41)

[12] ਉਹੀ, ਪੰਨਾ 523.

ਸੱਤਿਨਾਮੁ ਸਿਮਰਹੁ ਸੁਖ ਭਾਰੀ। ਸਫਲ ਜਨਮ ਕਰਿ ਲਿਹੁ ਇਹ ਬਾਰੀ। ਬਿਸ਼ੈ ਸਾਦ ਮਹਿਂ ਬੈਸ ਨ ਖੋਵਹੁ। ਹਰਿ ਕੋ ਭਜਹੁ ਮੁਕਤਿ ਸਭ ਹੋਵਹੁ।।੪੯।। (ਪੂਰਬਾਰਧ ਅਧਯਾਯ 47)

ਪੂਰਨ ਜੋਗ ਹੋ, ਇਸ ਲਈ ਮੇਰੀ ਕਾਮਨਾ ਪੂਰੀ ਕਰੋ। ਉਸ ਦੀ ਇਹ ਗਲ ਸੁਣ ਕੇ ਗੁਰੂ ਨਾਨਕ ਦੇਵ ਜੀ ਨੇ ਫੁਰਮਾਇਆ:

ਮਨੁ ਮੋਤੀ ਜੇ ਗਹਣਾ ਹੋਵੈ ਪਉਣੁ ਹੋਵੈ ਸੂਤ ਧਾਰੀ॥

ਖਿਮਾ ਸੀਗਾਰੁ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ॥

ਲਾਲ ਬਹੁ ਗੁਣਿ ਕਾਮਣਿ ਮੋਹੀ॥ ਤੇਰੇ ਗੁਣ ਹੋਹਿ ਨ ਅਵਰੀ॥

(ਸ੍ਰੀ ਗੁਰੂ ਗ੍ਰੰਥ ਸਾਹਿਬ, 359)

ਗੁਰੂ ਸਾਹਿਬ ਜੀ ਦੇ ਬਚਨ ਸੁਣ ਕੇ ਪਦਮਨੀ ਨੂੰ ਨਾਮ ਦੀ ਮਹਿਮਾ ਦੀ ਸਮਝ ਪਈ ਤੇ ਹਿਰਦੇ ਵਿਚ ਧਰਮ ਪ੍ਰੇਮ ਦੀ ਲਿਵ ਲਗੀ ਜਿਵੇਂ ਕੌਡੀ ਮੰਗ ਰਹੇ ਕੰਗਾਲ ਨੂੰ ਅਚਾਨਕ ਹੀ ਹੀਰਾ ਪ੍ਰਾਪਤ ਹੋ ਜਾਵੇ, ਇਸ ਤਰ੍ਹਾਂ ਉਸ ਨੂੰ ਆਨੰਦ ਮਿਲਿਆ। ਸਾਰੀ ਰਾਤ ਗੁਰੂ ਸਾਹਿਬ ਦੇ ਚਰਨ ਘੁਟਣ ਦੀ ਸੇਵਾ ਕੀਤੀ। ਗੁਰੂ ਸਾਹਿਬ ਵਲੋਂ ਮਿਹਰ ਦੀ ਦ੍ਰਿਸ਼ਟੀ ਕਰਨ ਤੇ ਪਦਮਨੀ ਦਾ ਉਧਾਰ ਹੋ ਗਿਆ।

## ਭਾਈ ਮਧੁਰਬੈਨ ਜੀ

ਗੁਰੂ ਸਾਹਿਬ ਭਾਈ ਮਧੁਰਬੈਨ ਨੂੰ ਬਚਨ ਸਣਾਉਣ ਲਗੇ ਕਿ ਮਨ ਐਸਾ ਹੈ ਜਿਸ ਤਰ੍ਹਾਂ ਪਸ਼ੂ ਹਰੇ ਖੇਤ ਵੇਖ ਕੇ ਉਨ੍ਹਾਂ ਵਲ ਭਜਦਾ ਹੈ। ਨਿਜੀ ਸਥਾਨ ਨੂੰ ਛਡ-ਛਡ ਜਾਂਦਾ ਹੈ, ਵਿਸ਼ਿਆ ਰੂਪੀ ਖੇਤੀ ਵਲ ਭਜਦਾ ਹੈ।[13] ਗੁਰੂ ਦਾ ਮਹਾਨ ਸ਼ਬਦ ਡਹੇ (ਜਿਹੜਾ ਪਸ਼ੂ ਜ਼ਿਆਦਾ ਭਜਦਾ ਹੋਵੇ ਅਤੇ ਚਰਵਾਹੇ ਨੂੰ ਖਰਾਬ ਕਰਦਾ ਹੋਵੇ ਤਾਂ ਉਸ ਪਸ਼ੂ ਦੇ ਗਲ ਲਕੜ ਦਾ ਮੋਟਾ ਡੰਡਾ ਬੰਨ੍ਹ ਦਿੰਦੇ ਹਨ, ਜਿਹੜਾ ਭਜਣ ਲਗਿਆ ਪਸ਼ੂ ਦੀਆਂ ਅਗਲੀਆਂ ਲਤਾਂ ਵਿਚ ਵਜਦਾ ਹੈ, ਉਸਨੂੰ ਡਹਾ ਕਹਿੰਦੇ ਹਨ) ਵਰਗਾ ਹੈ। ਨਾਮ ਮਾਨੋ ਇਕ ਡਹਿਆ ਹੈ, ਜਿਸ ਨੇ ਇਸ ਨੂੰ ਗਲ ਵਿਚ ਧਾਰਨ ਕੀਤਾ ਹੈ, ਉਸਦਾ ਪਸ਼ੂ ਰੂਪੀ ਮਨ ਦੌੜਦਾ ਨਹੀਂ ਅਤੇ ਆਪਣੇ ਮਾਲਕ ਅਨੁਸਾਰ

---

[13] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਤੀਜੀ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989, ਪੰਨਾ 588.

ਮਧੁਰਬੈਨ! ਸੁਨਿਯੇ ਮਨ ਐਸਾ। ਹੋਤਿ ਪਸੂ ਹਰਿਆਇਓ ਜੈਸਾ। ਨਿਜ ਸਥਾਨ ਕੋ ਤਜਿਤਜਿ ਜਾਈ। ਕ੍ਰਿਖੀ ਬਿਖੈ ਮਹਿਂ ਪਰ ਹੈ ਧਾਈ॥੩੬॥ (ਪੂਰਬਾਰਧ ਅਧਯਾਯ 54)

ਚਲਦਾ ਹੈ। ਇਸ ਤਰ੍ਹਾਂ ਉਪਦੇਸ਼ ਸੁਣ ਕੇ ਰਾਜੇ ਦੇ ਮਨ ਵਿਚ ਨਾਮ ਦੀ ਲਿਵ ਲਗ ਗਈ। ਗੁਰੂ ਸਾਹਿਬ ਨੂੰ ਬੇਨਤੀ ਕਰਕੇ ਮਧੁਰਬੈਨ ਨਗਰ ਵਿਚ ਲੈ ਗਿਆ ਤੇ ਗੁਰੂ ਸਾਹਿਬ ਦੀ ਸ਼ਰਧਾ ਨਾਲ ਸੇਵਾ ਕਰਨ ਲਗਾ।

ਗੁਰੂ ਸਾਹਿਬ ਨੇ ਸਤਿਸੰਗਤ ਦੀ ਰੀਤ ਪ੍ਰਚਲਿਤ ਕੀਤੀ। ਸਾਰਿਆਂ ਵਿਚ ਪ੍ਰੇਮ ਭਗਤੀ ਪ੍ਰਗਟ ਕੀਤੀ ਅਤੇ ਸਾਰੇ ਦੇਸ਼ ਨੂੰ ਨਾਮ ਜਪਾਇਆ। ਰਾਜੇ ਮਧੁਰਬੈਨ ਨੇ ਹਉਮੈ ਦੀ ਰੀਤੀ ਛਡ ਦਿਤੀ ਅਤੇ ਗੁਰੂ ਸਾਹਿਬ ਦੇ ਚਰਨਾਂ ਦੀ ਸੇਵਾ ਕੀਤੀ। ਜਗਤ ਦੇ ਸਾਰੇ ਭੈੜੇ ਬੰਧਨ ਨਾਸ਼ ਕੀਤੇ ਅਤੇ ਉਸ ਦੇ ਹਿਰਦੇ ਵਿਚ ਆਤਮ ਗਿਆਨ ਪ੍ਰਕਾਸ਼ ਕੀਤਾ।[14]

## ਭਾਈ ਕਵਲ ਨੈਨ ਜੀ (ਰਾਜਾ)

ਕਵਲਨੈਨ ਆਪਣੇ ਪਿਛਲੇ ਜਨਮ ਦਾ ਪ੍ਰਸੰਗ ਸੁਣ ਕੇ ਦਿਲ ਵਿਚ ਬੜਾ ਉਤਸ਼ਾਹਤ ਹੋਇਆ। ਨਿਮਰ ਹੋ ਕੇ ਗੁਰੂ ਸਾਹਿਬ ਦੇ ਚਰਨਾਂ 'ਤੇ ਢਹਿ ਪਿਆ।[15] ਗੁਰੂ ਸਾਹਿਬ ਅਗੇ ਬੇਨਤੀ ਕਰਨ ਲਗਾ ਕਿ ਆਪ ਨਗਰ ਵਿਚ ਚਲ ਕੇ ਉਸਨੂੰ ਪਵਿਤਰ ਕਰੋ ਅਤੇ ਮਹਿਲਾਂ ਦੇ ਵਿਚ ਜਾ ਕੇ ਬਿਰਾਜੋ। ਗੁਰੂ ਸਾਹਿਬ ਲਈ ਮਹਿਲਾਂ ਦੇ ਵਿਚ ਸੁੰਦਰ ਪਲੰਘ ਡਾਹ ਦਿਤਾ ਤੇ ਬੈਠਣ ਲਈ ਬੇਨਤੀ ਕੀਤੀ। ਰਾਜੇ ਨੇ ਆਪਣੇ ਹਥੀ ਗੁਰੂ ਸਾਹਿਬ ਦੀ ਸੇਵਾ ਕੀਤੀ।

## ਸ੍ਰੀ ਗੁਰੂ ਨਾਨਕ ਪ੍ਰਕਾਸ਼: ਉਤਰਾਰਧ

## ਰਾਜਾ ਧਰਮ ਚੰਦ ਜੀ

ਕਿੰਪੁਰਖ ਖੰਡ ਦਾ ਰਾਜਾ ਧਰਮ ਚੰਦ ਜੋ ਕਿ ਸੰਤਾਂ ਦੀ ਬੜੀ ਸੇਵਾ ਕਰਦਾ ਸੀ। ਰਾਜਾ ਗੁਰੂ ਸਾਹਿਬ ਪਾਸ ਆਇਆ ਤੇ ਆ ਕੇ ਪਦ ਪ੍ਰਣਾਮ ਕੀਤਾ। ਗੁਰੂ ਸਾਹਿਬ ਅਗੇ ਰਾਜੇ ਨੇ ਬੇਨਤੀ ਕੀਤੀ ਕਿ ਆਪ ਜੀ ਸੇਵਾ

---

[14] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਤੀਜੀ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989, ਪੰਨਾ 588.
ਸਤਸੰਗਤਿ ਕੀ ਰੀਤਿ ਪ੍ਰਕਾਸ਼ੀ। ਦੁਰਮਤਿ ਨਰ ਉਰ ਕੀਨ ਬਿਨਾਸੀ। ਸਭਿ ਮਹਿਂ ਭਾਉ ਭਗਤਿ ਪ੍ਰਗਟਾਵਾ। ਸਰਬ ਦੇਸ਼ ਤਿਹ ਨਾਮ ਜਪਾਵਾ॥੪੧॥ (ਪੂਰਬਾਰਧ ਅਧਯਾਯ 54)

[15] ਉਹੀ, ਪੰਨਾ 612.
ਬੀਚ ਰੁਚਿਰ ਪਰਯੰਕ ਡਸਾਵਾ। ਤਾਂ ਪਰ ਸ੍ਰੀ ਗੁਰੁ ਕੋ ਬੈਸਾਵਾ। ਨਾਨਾ ਭਾਂਤਿਨ ਸੇਵਾ ਠਾਨੀ। (ਪੂਰਬਾਰਧ ਅਧਯਾਯ 56)

ਲਈ ਹੁਕਮ ਕਰੋ। ਗੁਰੂ ਸਾਹਿਬ ਨੇ ਕਿਹਾ ਜੇ ਤੁਸੀਂ ਬੜੀ ਖੁਲ੍ਹ-ਦਿਲੀ ਨਾਲ ਸੇਵਾ ਕਰਦੇ ਹੋ ਤਾਂ ਪਹਿਲਾਂ ਇਸ ਸ਼ੇਰ ਨੂੰ ਭੋਜਨ ਛਕਾਉ।[16] ਇਹ ਕਿਸੇ ਹੋਰ ਪਸ਼ੂ ਪ੍ਰਾਣੀ ਨੂੰ ਨਹੀਂ ਖਾਂਦਾ, ਕੇਵਲ ਰਾਜੇ ਦੇ ਪੁਤਰ ਦਾ ਹੀ ਆਹਾਰ ਕਰਦਾ ਹੈ। ਇਹ ਸੁਣ ਕੇ ਰਾਜੇ ਦਾ ਹਿਰਦਾ ਨਾ ਡੋਲਿਆ। ਰਾਜਾ ਗੁਰੂ ਸਾਹਿਬ ਨੂੰ ਕਹਿਣ ਲਗਾ ਕਿ ਮੇਰੇ ਘਰ ਕੇਵਲ ਇਕ ਪੁਤਰ ਹੈ, ਆਗਿਆ ਕਰੋ ਮੈਂ ਉਸ ਨੂੰ ਲੈ ਆਵਾਂਗਾ। ਇਹ ਕਹਿ ਕੇ ਪੁਤਰ ਨੂੰ ਬੁਲਾ ਲਿਆ ਤੇ ਪੁਤਰ ਨੂੰ ਸ਼ੇਰ ਦੇ ਅਗੇ ਖੜਾ ਕਰ ਦਿਤਾ। ਗੁਰੂ ਸਾਹਿਬ ਨੇ ਬਚਨ ਕੀਤਾ ਕਿ ਧਰਮ ਚੰਦ ਤੂੰ ਧੰਨ ਹੈ। ਸੰਤਾਂ ਦੀ ਸੇਵਾ ਵਿਚ ਤੇਰਾ ਮਨ ਰੰਗਿਆ ਹੈ। ਹੁਣ ਸੁਖਾਂ ਦੀ ਦਾਤ ਸਤਿਨਾਮ ਦਾ ਜਾਪ ਕਰੋ।

## ਭਾਈ ਦੁਨੀ ਚੰਦ ਜੀ

ਦੁਨੀ ਚੰਦ ਲਾਹੌਰ ਦਾ ਵਡਾ ਵਪਾਰੀ ਸੀ। ਉਸ ਨੇ ਗੁਰੂ ਸਾਹਿਬ ਬਾਰੇ ਪਹਿਲਾਂ ਸੁਣਿਆ ਹੋਇਆ ਸੀ। ਜਦ ਉਸਨੇ ਗੁਰੂ ਸਾਹਿਬ ਦਾ ਲਾਹੌਰ ਵਿਖੇ ਆਉਣ ਬਾਰੇ ਸੁਣਿਆ ਤਾਂ ਗੁਰੂ ਸਾਹਿਬ ਨੂੰ ਲੈਣ ਲਈ ਅਗੇ ਆਇਆ। ਦੋਵੇਂ ਹਥ ਜੋੜ ਕੇ ਚਰਨਾਂ 'ਤੇ ਬੰਦਨਾ ਕੀਤੀ ਅਤੇ ਬੇਨਤੀ ਕੀਤੀ ਕਿ ਮੇਰੇ ਘਰ ਵਿਚ ਆਸਣ ਲਾਵੋ। ਉਸ ਦੇ ਪ੍ਰੇਮ ਨੂੰ ਵੇਖ ਕੇ ਗੁਰੂ ਸਾਹਿਬ ਉਠ ਕੇ ਉਸ ਦੇ ਨਾਲ ਚਲ ਪਏ।

ਉਸਨੇ ਬੇਨਤੀ ਕੀਤੀ ਕਿ ਮੈਨੂੰ ਸੇਵਾ ਕਰਨ ਦੀ ਆਗਿਆ ਬਖਸ਼ੋ ਕਿਉਂਕਿ ਤੁਸੀਂ ਸੰਤਾਂ ਦੇ ਚਿਤ ਨੂੰ ਸਦਾ ਹੀ ਚੰਗੇ ਲਗਦੇ ਹੋ। ਇਹ ਸੁਣ ਕੇ ਕ੍ਰਿਤਾਰਥ ਕਰਨ ਵਾਸਤੇ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਸਾਡੀ ਇਹ ਸੂਈ ਸੰਭਾਲ ਕੇ ਰਖੋ, ਅਸੀ ਇਸ ਨੂੰ ਪਰਲੋਕ ਵਿਚ ਜਾ ਕੇ ਲਵਾਂਗੇ। ਇਹ ਅਸੀ ਤੈਨੂੰ ਸੇਵਾ ਦਿਤੀ ਹੈ, ਹੋਰ ਕਿਸੇ ਸੇਵਾ ਦੀ ਸਾਡੀ ਅਭਿਲਾਸ਼ਾ ਨਹੀਂ ਹੈ।[17] ਦੁਨੀ ਚੰਦ ਬਚਨ ਮੰਨ ਕੇ ਸੂਈ ਆਪਣੇ ਘਰ ਗਿਆ ਅਤੇ ਆਪਣੀ ਪਤਨੀ ਨੂੰ ਕਿਹਾ ਕਿ ਇਹ ਸੂਈ ਸੰਭਾਲ ਕੇ ਰਖ ਲਵੋ, ਗੁਰੂ ਸਾਹਿਬ ਨੇ ਕਿਹਾ ਹੈ ਕਿ ਸੂਈ ਨੂੰ ਪਰਲੋਕ ਵਿਚ ਜਾ ਕੇ ਤੁਹਾਡੇ ਤੋਂ ਲਵਾਂਗੇ। ਇਹ ਸੁਣ ਕੇ ਉਸ ਦੀ ਪਤਨੀ ਨੇ ਕਿਹਾ ਕਿ ਤੁਸੀਂ ਪਰਲੋਕ ਵਿਚ

---

[16] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 67.

[17] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਥੀ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 800.

ਸੇਵਾ ਕਰਨ ਮੁਝੈ ਫੁਰਮਾਵਹੁ। ਤੁਮ ਸੰਤਨ ਕੇ ਨਿਤ ਚਿਤ ਭਾਵਹੁ। ਸੁਨਿ ਕਰਿ ਤਿਹ ਕੋ ਕਰਨ ਕ੍ਰਿਤਾਰਥ। ਬੋਲੇ ਦੇਨਹਾਰ ਪਰਮਾਰਥ। (ਉਤਰਾਰਧ ਅਧਯਾਯ 4)

ਸੂਈ ਨੂੰ ਕਿਸ ਤਰ੍ਹਾਂ ਲੈ ਕੇ ਜਾਵੋਗੇ? ਇਹ ਸੁਣ ਕੇ, ਵਿਚਾਰ ਕਰਕੇ ਸੂਈ ਵਾਪਸ ਲੈ ਆਇਆ ਤੇ ਗੁਰੂ ਸਾਹਿਬ ਪਾਸ ਆ ਕੇ ਬੇਨਤੀ ਕੀਤੀ ਕਿ ਸਚੇ ਪਾਤਸ਼ਾਹ, ਇਹ ਸੂਈ ਅਗੇ ਨਹੀਂ ਜਾ ਸਕਦੀ, ਇਸ ਤਰ੍ਹਾਂ ਮੇਰੇ ਤੋਂ ਨਹੀਂ ਹੋ ਸਕਦਾ। ਇਹ ਸੁਣ ਕੇ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਤੂੰ ਸਤ ਲਖ ਧਨ ਇਕਠਾ ਕੀਤਾ ਹੈ, ਉਹ ਪਰਲੋਕ ਵਿਚ ਕਿਵੇਂ ਨਾਲ ਲੈ ਜਾਵੇਗਾ? ਤੂੰ (ਦੁਨੀ ਚੰਦ) ਬੜੇ ਪਾਪਾਂ ਨਾਲ ਧਨ ਇਕਠਾ ਕਰਦਾ ਹੈ, ਝੂਠ ਬੋਲ ਕੇ ਵਛਲ ਕਰਦਾ ਹੈ। ਗੁਰੂ ਸਾਹਿਬ ਦੇ ਬਚਨ ਸੁਣ ਕੇ ਦੁਨੀ ਚੰਦ ਬੋਲਿਆ ਕਿ ਇਹ ਕਿਸ ਤਰ੍ਹਾਂ ਨਾਲ ਅਗੇ ਨਾਲ ਜਾ ਸਕਦੀ ਹੈ, ਸੋ ਕਿਰਪਾ ਕਰਕੇ ਮੈਨੂੰ ਦਸੋ, ਮੈਨੂੰ ਮਸਕੀਨ ਸਮਝ ਕੇ ਆਪਣਾ ਉਪਦੇਸ਼ ਦ੍ਰਿੜ ਕਰਾਵੋ।

ਗੁਰੂ ਸਾਹਿਬ ਨੇ ਕਿਹਾ ਕਿ ਧਨ ਨੂੰ ਭਲੇ ਕੰਮਾਂ ਵਾਸਤੇ ਵਰਤੋ। ਇਹ ਭਲੇ ਕੰਮ ਤੁਹਾਡੀ ਅਗੇ ਜਾ ਕੇ ਸਹਾਇਤਾ ਕਰਨਗੇ ਤੇ ਸਤਿਨਾਮ ਦਾ ਜਾਪ ਕਰੋ।[18] ਸਦਾ ਸਤਿ ਸੰਗਤ ਦਾ ਮਿਲਾਪ ਕਰੋ ਅਤੇ ਹੋਰ ਵਿਕਾਰ ਕਲਪਨਾਵਾਂ ਛਡ ਦਿਉ। ਗੁਰੂ ਸਾਹਿਬ ਦਾ ਬਚਨ ਸੁਣ ਕੇ ਦੁਨੀ ਚੰਦ ਪਾਸ ਜੋ ਵੀ ਵਾਧੂ ਧਨ ਇਕਠਾ ਕੀਤਾ ਹੋਇਆ ਸੀ, ਸਾਰਾ ਸੰਤਾਂ ਦੀ ਸੇਵਾ ਵਿਚ ਲਗਾ ਦਿਤਾ। ਅਨੇਕ ਪ੍ਰਕਾਰ ਦੇ ਪਦਾਰਥ ਤਿਆਰ ਕਰਵਾਏ ਤੇ ਸੰਤਾਂ ਵਿਚ ਵੰਡ ਦਿਤੇ। ਸਤਿਸੰਗਤ ਵਿਚ ਬੈਠ ਕੇ ਸਮਾਂ ਗੁਜ਼ਾਰਨ ਲਗਾ ਤੇ ਸਦਾ ਸਤਿਨਾਮ ਵਾਹਿਗੁਰੂ ਦੇ ਨਾਮ ਦਾ ਸਿਮਰਨ ਕਰਦਾ ਤੇ ਸਾਰੇ ਵਿਅਰਥ ਕੰਮ ਛਡ ਦਿਤੇ।

## ਭਾਈ ਸਰੇਵੜਾ ਜੀ

ਗੁਰੂ ਸਾਹਿਬ ਜਦੋਂ ਹਾਰੂ ਨਗਰ ਵਿਚ ਗਏ ਤਾਂ ਇਕ ਦਰਖਤ ਥਲੇ ਬੈਠ ਗਏ। ਰਾਜਾ ਸਮੇਤ ਪਰਜਾ ਦੇ ਗੁਰੂ ਸਾਹਿਬ ਪਾਸ ਆਇਆ ਤੇ ਨਮਸਕਾਰ ਕਰਕੇ ਬੇਨਤੀ ਕੀਤੀ ਕਿ ਤੁਸੀਂ ਸਾਨੂੰ ਆਪਣਾ ਉਪਦੇਸ਼ ਦਿਉ, ਸਾਨੂੰ ਆਪਣਾ ਸਿਖ ਬਣਾ ਲਵੋ ਤਾਂ ਕਿ ਅਸੀਂ ਸਾਰੇ ਤੁਹਾਡੀ ਸੇਵਾ ਕਰੀਏ।[19] ਅਸੀਂ ਤੁਹਾਡਾ ਜਸ ਸੁਣ ਕੇ

---

[18] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਥੀ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 801.

ਇਸ ਬਿਧਿ ਰਿਦੈ ਵਿਚਾਰ ਕਰੀਜੈ। ਦਰਬ ਭਲੇ ਕਰਮਨ ਮੈਂ ਦੀਜੈ। ਆਗੈ ਹੋਵੈਂ ਤੋਹਿ ਸਹਾਈ। ਸੱਤਿਨਾਮ ਜਪੀਐ ਲਿਵਲਾਈ॥੪੦॥ (ਉਤਰਾਰਧ ਅਧਯਾਯ 4)

[19] ਉਹੀ, ਪੰਨਾ 873.

ਤੁਹਾਡੀ ਸ਼ਰਨ ਆਏ ਹਾਂ, ਹੁਣ ਸਾਡੀ ਸੰਭਾਲ ਕਰੋ। ਗੁਰੂ ਸਾਹਿਬ ਨੇ ਆਪਣੇ ਚਰਨਾਂ ਦੀ ਪਾਹੁਲ ਦੇ ਕੇ ਸਭ ਨੂੰ ਨਿਹਾਲ ਕੀਤਾ ਤੇ ਸਤਿਨਾਮ ਦਾ ਉਪਦੇਸ਼ ਦੇ ਕੇ ਸਭ ਦੇ ਬੰਧਨ ਕਟ ਦਿਤੇ।

ਜਦ ਸਰੇਵੜਾ ਚੰਗੀ ਤਰ੍ਹਾਂ ਨਾਲ ਜਾਣ ਗਿਆ ਕਿ ਗੁਰੂ ਸਾਹਿਬ ਬਹੁਤ ਵਡੇ ਹਨ ਤਾਂ ਹਿਰਦੇ ਵਿਚ ਸ਼ਰਧਾ ਧਾਰਨ ਕਰ ਲਈ। ਨਮਸਕਾਰ ਕਰਕੇ ਪਾਹੁਲ ਲਈ ਅਤੇ ਪਿਛਲੀ ਰੀਤ ਤਿਆਗ ਦਿਤੀ। ਗੁਰੂ ਸਾਹਿਬ ਦੇ ਸਿਮਰਨ ਨਾਲ ਪ੍ਰੇਮ ਹੋ ਗਿਆ ਅਤੇ ਨਿਰਮਲ ਹੋ ਕੇ ਸੇਵਾ ਵਿਚ ਲਗ ਗਿਆ। ਉਸ ਨੇ ਆਪਣੇ ਨਗਰ ਵਿਚ ਧਰਮਸ਼ਾਲਾ ਬਣਵਾਈ ਤੇ ਉਸ ਵਿਚ ਗੁਰੂ ਸਾਹਿਬ ਦਾ ਉਤਾਰਾ ਕਰਵਾਇਆ।

## ਤਰਖਾਣ ਸਿਖ

ਹਾਰੂ ਨਗਰ ਤੋਂ ਗੁਰੂ ਸਾਹਿਬ ਅਗੇ ਚਲ ਪਏ ਤੇ ਚਲਦਿਆਂ-ਚਲਦਿਆਂ ਤਰਖਾਣ ਸਿਖ ਦੇ ਪਿੰਡ ਜਾ ਪਹੁੰਚੇ, ਜਿਸ ਦਾ ਭਗਤੀ ਨਾਲ ਬਹੁਤ ਪ੍ਰੇਮ ਸੀ। ਉਹ ਹਿਰਦੇ ਵਿਚ ਪ੍ਰੇਮ ਧਾਰ ਕੇ ਸੰਤਾਂ ਦੀ ਸੇਵਾ ਕਰਦਾ। ਗੁਰੂ ਸਾਹਿਬ ਦਾ ਆਪਣੇ ਸੇਵਕਾਂ ਦਾ ਕ੍ਰਿਤਾਰਥ ਕਰਨ ਨਾਲ ਹੀ ਪਿਆਰ ਸੀ, ਜਿਸ ਕਰਕੇ ਗੁਰੂ ਸਾਹਿਬ ਉਸ ਦੇ ਘਰ ਗਏ ਸਨ।

ਤਰਖਾਣ ਸਿਖ ਨੇ ਗੁਰੂ ਸਾਹਿਬ ਦਾ ਬਹੁਤ ਸਤਿਕਾਰ ਕੀਤਾ। ਸਿਖ ਨੇ ਰਾਤ ਦੇ ਸਮੇਂ ਬੜਾ ਮਨ ਲਾ ਕੇ ਸੇਵਾ ਕੀਤੀ। ਅਗਲੇ ਦਿਨ ਗੁਰੂ ਸਾਹਿਬ ਨੇ ਅਗੇ ਚਲਣ ਦੀ ਤਿਆਰੀ ਕੀਤੀ।[20]

## ਬਾਦਸ਼ਾਹ

ਗੁਰੂ ਸਾਹਿਬ ਹਬਸ਼ ਵਲਾਇਤ ਦੇਸ਼ ਵਿਚ ਚਲੇ ਗਏ। ਉਥੋਂ ਦੇ ਬਾਦਸ਼ਾਹ ਨੇ ਗੁਰੂ ਸਾਹਿਬ ਨਾਲ ਮਾੜਾ ਸਲੂਕ ਕੀਤਾ। ਇਥੋਂ ਤਕ ਕਿ ਗੁਰੂ ਸਾਹਿਬ ਦੇ ਦੁਆਰਾ ਪਹਿਨੇ ਹੋਏ ਪੋਸ਼ਾਕੇ ਤੇ ਸਵਾਲ ਉਠਾਇਆ।

---

ਨਿਜ ਉਪਦੇਸ਼ ਦੀਜੀਏ ਅਬਹੀ। ਕਰਹੁ ਸਿੱਖ ਸੇਵਹਿਂ ਹਮ ਸਭਿਹੀ। ਕਲਾ ਬਿਸਾਲ ਬਿਲੋਕਿ ਤੁਮਾਰੀ। ਸ਼ਰਨ ਗਹੀ ਅਬ ਕਰਹੁ ਸੰਭਾਰੀ'।।੮੧।। (ਉਤਰਾਰਧ ਅਧਯਾਯ 12)

[20] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਥੀ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 887.

ਉਠਿ ਤਿਖਾਨ ਸਾਦਰ ਬੈਸਾਏ। ਨਿਸਾ ਬਿਖੈ ਸੇਵੇ ਮਨ ਲਾਏ। ਭਈ ਭੋਰ ਗੁਰ ਕੀਨਿ ਤਿਆਰੀ।।੪।। (ਉਤਰਾਰਧ ਅਧਯਾਯ 13)

ਗੁਰੂ ਸਾਹਿਬ ਸ਼ਾਤ ਚਿਤ ਰਹਿ ਕੇ ਵਿਚਰ ਰਹੇ ਸਨ। ਅੰਤ ਗੁਰੂ ਸਾਹਿਬ ਦੀ ਮਹਿਮਾ ਅਤੇ ਬਚਨ ਸੁਣ ਕੇ ਬਾਦਸ਼ਾਹ ਡਰ ਨਾਲ ਕੰਬ ਉਠਿਆ।

ਬਾਦਸ਼ਾਹ ਨੂੰ ਮਹਿਸੂਸ ਹੋਇਆ ਕਿ ਮੈਂ ਬਹੁਤ ਵਡੀ ਗਲਤੀ ਕੀਤੀ ਹੈ, ਸਾਰਾ ਦੇਸ਼ ਗਰਕ ਹੋ ਜਾਵੇਗਾ। ਕਈ ਪ੍ਰਕਾਰ ਦੇ ਉਪਹਾਰ ਹਥ ਵਿਚ ਲੈ ਕੇ ਗੁਰੂ ਸਾਹਿਬ ਨੂੰ ਭੇਂਟ ਦੇਣ ਲਈ ਚਲ ਕੇ ਗਿਆ। ਬਾਦਸ਼ਾਹ ਆ ਕੇ ਗੁਰੂ ਸਾਹਿਬ ਦੇ ਚਰਨਾਂ ਨਾਲ ਲਿਪਟ ਗਿਆ ਅਤੇ ਹਥ ਜੋੜ ਕੇ ਬੋਲਿਆ ਕਿ ਮੈਂ ਵਡੀ ਭੁਲ ਕੀਤੀ ਹੈ, ਮੈਨੂੰ ਬਖਸ਼ ਦਿਉ। ਮੈਂ ਗਲਤੀ ਨਾਲ ਦੋਸ਼ ਕਰ ਬੈਠਾ ਹਾਂ, ਮਿਹਰ ਕਰੋ ਅਤੇ ਆਪਣੇ ਦਿਲ ਦਾ ਰੋਸ ਦੂਰ ਕਰੋ। ਗੁਰੂ ਸਾਹਿਬ ਨੇ ਜਦ ਨਿਮਰ ਹੋਇਆ ਵੇਖਿਆ ਤਾਂ ਫਿਰ ਉਪਕਾਰ ਕਰਨ ਵਾਸਤੇ ਕਿਹਾ ਕਿ ਜੇ ਮਨੁਖਾਂ ਨੂੰ ਮਾਰਨਾ ਛਡ ਦਿੰਦੇ ਹੋ ਤਾਂ ਬਖਸ਼ੇ ਜਾ ਸਕਦੇ ਹੋ। ਜੇ ਮਨੁਖ ਮਾਰਨ ਤੋਂ ਨਹੀਂ ਹਟੋਗੇ ਤਾਂ ਫਿਰ ਸਿਧਾ ਨਰਕਾਂ ਵਿਚ ਬਹੁਤ ਸਜ਼ਾ ਪਾਵੋਗੇ। ਬਾਦਸ਼ਾਹ ਇਹ ਸੁਣ ਕੇ ਬੋਲਿਆ ਕਿ ਜਦ ਤੋਂ ਤੁਹਾਡੇ ਚਰਨਾਂ ਨਾਲ ਜੁੜਿਆ ਹਾਂ, ਇਕ ਤੀਲਾ ਤੋੜਨ ਦੀ ਵੀ ਸ਼ਕਤੀ ਨਹੀਂ ਰਹੀ।

ਗੁਰੂ ਸਾਹਿਬ ਨੇ ਬਾਦਸ਼ਾਹ ਨੂੰ ਕਿਹਾ ਕਿ ਜੇ ਤੂੰ ਸਾਡੀ ਆਗਿਆ ਮੰਨੀ ਹੈ ਤਾਂ ਸੁਖ ਦੇਣ ਵਾਲੇ ਸਚੇ ਨਾਮ ਦਾ ਸਿਮਰਨ ਕਰ ਤੇ ਭੁਖੇ ਲੋਕਾਂ ਨੂੰ ਭੋਜਨ ਛਕਾਉਣ ਲਈ ਸਾਰੇ ਦੇਸ਼ ਵਿਚ ਲੰਗਰ ਲਾਵੋ।[21] ਕੋਈ ਵੀ ਭੁਖਾ ਨਾ ਰਹੇ, ਜਿਹੜਾ ਵੀ ਤੇਰੇ ਨਗਰ ਵਿਚ ਆਵੇ ਉਸ ਨੂੰ ਵਸਤਰ ਦਿਉ। ਗਰੀਬਾਂ ਦੀ ਪਾਲਣਾ ਕਰੋ ਤੇ ਪਾਪ ਕਰਨੇ ਛਡੋ। ਗੁਰੂ ਸਾਹਿਬ ਦੇ ਬਚਨ ਮੰਨ ਕੇ ਸਾਰੇ ਕੰਮ ਕੀਤੇ ਅਤੇ ਸਚੇ ਨਾਮ ਦਾ ਸਿਮਰਨ ਕਰਨ ਲਗਾ।

### ਭਾਈ ਅਜਿਤਾ ਰੰਧਾਵਾ ਜੀ

ਗੁਰੂ ਸਾਹਿਬ ਆਪਣਾ ਆਸਣ ਲਗਾ ਕੇ ਬੈਠੇ ਸਨ, ਤਦ ਅਜਿਤਾ ਰੰਧਾਵਾ ਉਨ੍ਹਾਂ ਪਾਸ ਗਿਆ। ਗੁਰੂ ਸਾਹਿਬ ਨੂੰ ਮਥਾ ਟੇਕਿਆ ਤੇ ਸਿਰ ਉਪਰ ਨਾ ਚੁਕਿਆ। ਗੁਰੂ ਸਾਹਿਬ ਕੁਝ ਵੀ ਨਾ ਬੋਲੇ ਤੇ ਚੁਪ ਕਰਕੇ ਬੈਠੇ

---

[21] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਥੀ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 914.
ਜੇ ਤੈਂ ਹਮਰੀ ਆਇਸੁ ਮਾਨੀ। ਸੱਤਿਨਾਨ ਸਿਮਰਹੁ ਸੁਖਦਾਨੀ। ਕਰਿ ਅਹਾਰ ਕੋ ਹੇਤੁ ਖੁਦਾਇ। ਦੇਸ਼ ਆਪਨੇ ਦੇਗ ਚਲਾਇ।।੩੫।।
(ਉਤਰਾਰਧ ਅਧਯਾਯ 17)

ਸਨ।[22] ਜਦੋਂ ਅਜਿਤਾ ਰੰਧਾਵੇ ਨੂੰ ਬੈਠਿਆ ਇਕ ਪਹਿਰ ਬੀਤ ਗਿਆ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਹੁਣ ਉਠੋ ਤੇ ਆਪਣਾ ਮਨੋਰਥ ਉਚਾਰਨ ਕਰੋ। ਅਜਿਤੇ ਰੰਧਾਵੇ ਨੇ ਹਥ ਜੋੜ ਕੇ ਬੇਨਤੀ ਕੀਤੀ ਕਿ ਮੇਰਾ ਕੀ ਬਣੇਗਾ? ਗੁਰੂ ਸਾਹਿਬ ਨੇ ਕਿਹਾ ਕਿ ਕਰਤਾਰ ਦੇ ਅਗੇ ਬੰਦਨਾਂ ਕਰੋ, ਤੁਹਾਡੀ ਮਨੋਕਾਮਨਾ ਪੂਰੀ ਹੋਵੇਗੀ। ਇਹ ਸੁਣ ਕੇ ਫਿਰ ਚਰਨਾਂ ਨਾਲ ਜੁੜ ਗਿਆ ਤੇ ਗੁਰੂ ਸਾਹਿਬ ਦੀ ਸੇਵਾ ਕਰਨ ਲਗਾ।

## ਖਤਰੀ ਸਿਖ

ਲਾਹੌਰ ਸ਼ਹਿਰ ਵਿਚ ਅਮੀਰ ਖਤਰੀ ਰਹਿੰਦਾ ਸੀ। ਉਹ ਗੁਰੂ ਸਾਹਿਬ ਦੀ ਉਸਤਤ ਸੁਣ ਕੇ ਦਿਲ ਵਿਚ ਬਹੁਤ ਕ੍ਰੋਧ ਕਰਦਾ ਸੀ। ਖਤਰੀ ਆਪਣੀ ਮਤ ਦੀ ਗਲਤ ਵਰਤੋਂ ਕਰਕੇ ਆਪਣੇ ਨਾਲ ਮਨੁਖ ਲੈ ਕੇ ਗੁਰੂ ਸਾਹਿਬ ਨੂੰ ਫੜਨ ਲਈ ਜਾਂਦਾ ਸੀ ਤਾਂ ਸਾਰੇ ਅੰਨ੍ਹੇ ਹੋ ਜਾਂਦੇ ਸਨ, ਉਹਨਾਂ ਨੂੰ ਅਗੇ ਕੁਝ ਨਹੀਂ ਦਿਸਦਾ ਸੀ। ਫਿਰ ਉਹਨਾਂ ਨੇ ਆਪਣੇ ਮਨ ਵਿਚ ਵੀਚਾਰ ਕੀਤਾ ਕਿ ਗੁਰੂ ਸਾਹਿਬ ਬਹੁਤ ਕਲਾਵਾਨ ਅਤੇ ਗੁਣਾਂ ਦੀ ਖਾਣ ਹਨ। ਗੁਰੂ ਸਾਹਿਬ ਬਾਰੇ ਜਾਣ ਕੇ ਫਿਰ ਚਰਨਾਂ 'ਤੇ ਆ ਪਿਆ ਤੇ ਨਿਮਰ ਭਾਵ ਨਾਲ ਗੁਰੂ ਸਾਹਿਬ ਅਗੇ ਬੇਨਤੀ ਕਿ ਆਪ ਜੀ ਇਥੇ ਇਕ ਧਰਮਸ਼ਾਲਾ ਤਿਆਰ ਕਰਵਾਵੋ।

ਗੁਰੂ ਸਾਹਿਬ ਨੇ ਖਤਰੀ ਸਿਖ ਦੀ ਬੰਦਨਾ ਸੁਣ ਕੇ ਧਰਮਸ਼ਾਲਾ ਤਿਆਰ ਕਰਵਾਈ ਤੇ ਖਤਰੀ ਸਿਖ ਨੂੰ ਭਗਤੀ ਦਾਨ ਦਾ ਵਰ ਦਿਤਾ। ਖਤਰੀ ਸਿਖ ਨੇ ਵਰ ਪ੍ਰਾਪਤ ਕਰਕੇ ਬੜੇ ਉਤਸ਼ਾਹ ਨਾਲ ਸੇਵਾ ਕੀਤੀ।[23]

## ਤਰਖਾਣ ਸਿਖ ਤੇ ਧਨਹੀਣ ਸਿਖ

ਇਕ ਵਾਰ ਸਿਖਾਂ ਦੇ ਪ੍ਰੇਮ ਨੂੰ ਵੇਖਣ ਵਾਸਤੇ ਗੁਰੂ ਸਾਹਿਬ ਚਲ ਪਏ। ਭਾਈ ਬਾਲਾ ਨਾਲ ਲੈ ਲਿਆ ਤੇ ਇਕ ਪਿੰਡ ਵਿਚ ਜਾ ਪਹੁੰਚੇ। ਉਸ ਨਗਰ ਵਿਚ ਤਰਖਾਣ ਸਿਖ ਦਾ ਘਰ ਸੀ, ਜਿਸਦੀ ਆਮਦਨ ਘਟ ਹੋਣ

---

[22] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਥੀ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1012.

ਬਹੁਰ ਨ ਊਪਰ ਸੀਸ ਉਠਾਵਾ। ਸ੍ਰੀ ਨਾਨਕ ਜੀ ਕਛੁ ਨ ਅਲਾਵਾ। ਬੈਠਿ ਰਹੇ ਤੂਸ਼ਨਿ ਕੋ ਧਾਰੀ। ਜੋ ਨਿਜ ਸੇਵਕ ਮੋਖ ਉਦਾਰੀ॥੪੧॥ (ਉਤਰਾਰਧ ਅਧਯਾਯ 29)

[23] ਉਹੀ, ਪੰਨਾ 1022.

ਸੁਨਿਕੈ ਬਿਨਤੀ ਡੇਰਾ ਕੀਨਾ। ਸ਼ੁਭ ਸਥਾਨ ਪ੍ਰਭੁ ਕੋ ਆਸੀਨਾ। (ਉਤਰਾਰਧ ਅਧਯਾਯ 41)

ਕਰਕੇ ਘਰ ਵਿਚ ਜੈਸਾ ਵੀ ਭੋਜਨ ਹੁੰਦਾ ਸੀ, ਉਹੋ ਕੁਝ ਸਿਖਾਂ ਨੂੰ ਭੇਂਟ ਕਰਦਾ ਸੀ। ਜੇ ਸ਼ਾਮ ਨੂੰ ਭੋਜਨ ਪ੍ਰਾਪਤ ਹੋ ਜਾਂਦਾ ਤਾਂ ਸਵੇਰ ਦੇ ਸਮੇਂ ਜ਼ਿਆਦਾ ਭੋਜਨ ਨਹੀਂ ਮਿਲਦਾ ਸੀ।[24] ਜੋ ਕੁਝ ਵੀ ਘਰ ਹੁੰਦਾ ਸਿਖਾਂ ਨੂੰ ਛਕਾ ਦਿੰਦਾ, ਜੇ ਘਰ ਵਿਚ ਕੁਝ ਨਹੀਂ ਹੁੰਦਾ ਸੀ ਤਾਂ ਮੰਗ ਕੇ ਲਿਆ ਦਿੰਦਾ। ਸਿਖਾਂ ਵਾਸਤੇ ਮੰਗਣ ਜਾਂਦਾ ਤੇ ਆਪਣੇ ਵਾਸਤੇ ਕਦੇ ਨਹੀ ਮੰਗਦਾ ਸੀ। ਜਦ ਕੋਈ ਸਿਖ ਉਸਦੇ ਘਰ ਆਉਂਦਾ ਤਾਂ ਉਸ ਦੇ ਭੋਜਨ ਦੀ ਇੰਤਜ਼ਾਮ ਕਰਦਾ। ਗੁਰੂ ਸਾਹਿਬ ਜਦ ਉਸ ਦੇ ਘਰ ਪਹੁੰਚੇ ਤਾਂ ਉਸ ਸਿਖ ਨੇ ਦੌੜ ਕੇ ਚਰਨ ਬੰਦਨਾ ਕੀਤੀ ਤੇ ਫਿਰ ਆਪਣੀ ਪਤਨੀ ਨੂੰ ਕਿਹਾ ਕਿ ਭੋਜਨ ਤਿਆਰ ਕਰੋ। ਇਸਤਰੀ ਨੇ ਕਿਹਾ ਤੁਸੀਂ ਸਭ ਕੁਝ ਜਾਣਦੇ ਹੋ, ਘਰ ਵਿਚ ਅੰਨ ਲਿਆਵੋ ਤਾਂ ਭੋਜਨ ਤਿਆਰ ਹੋਵੇ। ਇਹ ਸੁਣ ਕੇ ਤਰਖਾਣ ਪਿੰਡ ਵਿਚ ਚਲਾ ਗਿਆ। ਜਿਸ ਪਾਸੋ ਵੀ ਅੰਨ ਮੰਗਦਾ ਸੀ, ਉਹ ਦਿੰਦਾ ਨਹੀ ਸੀ। ਉਸ ਦਿਨ ਰਾਜੇ ਨੇ ਛਿੰਝ ਪਵਾਈ। ਸਿਖ ਦੇ ਚਿਤ ਵਿਚ ਚਿੰਤਾ ਬਹੁਤ ਵਧੀ ਹੋਈ ਸੀ। ਕਹਿਣ ਲਗਾ ਕਿ ਗੁਰੂ ਸਾਹਿਬ ਨੂੰ ਪ੍ਰਸ਼ਾਦਾ ਕਿਵੇਂ ਛਕਾਵਾ? ਮੈਨੂੰ ਧਿਰਕਾਰ ਹੈ ਜੇ ਇਹ ਪ੍ਰਸ਼ਾਦਾ ਛਕੇ ਤੋਂ ਬਗੈਰ ਚਲੇ ਗਏ।

ਪਹਿਲਵਾਨ ਨੇ ਸਿਖ ਨੂੰ ਕਿਹਾ ਕਿ ਤੂੰ ਕਿਉ ਇਹ ਪੰਗਾ ਲੈ ਰਿਹਾ ਹੈ ਤਾਂ ਸਿਖ ਨੇ ਦਸਿਆ ਕਿ ਮੇਰੇ ਘਰ ਸੰਤ ਆਏ ਹਨ, ਘਰ ਵਿਚ ਕੋਈ ਅੰਨ ਨਹੀਂ ਹੈ ਜੋ ਉਨ੍ਹਾਂ ਨੂੰ ਭੋਜਨ ਛਕਾ ਸਕਾ।[25] ਉਨ੍ਹਾਂ ਕਾਰਨ ਮੈਂ ਲੜਨ ਆਇਆ ਹਾਂ। ਜੇ ਮੇਰੀ ਮ੍ਰਿਤੂ ਹੋ ਜਾਵੇਗੀ ਤਾਂ ਅਧਿਕ ਸੁਖ ਪ੍ਰਾਪਤ ਹੋਵੇਗਾ। ਕੁਸ਼ਤੀ ਲੜਨ ਵਾਸਤੇ ਜਦ ਦੋਵੇਂ ਆਪਸ ਵਿਚ ਭਿੜੇ ਤਾਂ ਪਹਿਲਵਾਨ ਉਸ ਦੇ ਹੇਠਾਂ ਡਿਗ ਪਿਆ। ਪਰਸਵਾਰਥ ਨੂੰ ਵੇਖ ਕੇ ਉਸ ਨੇ ਜ਼ੋਰ ਨਾ ਲਾਇਆ। ਜਦ ਬਲੀ ਪਹਿਲਵਾਨ ਹੇਠਾਂ ਡਿਗਾ ਵੇਖਿਆ ਤਾਂ ਸਾਰੇ ਲੋਕ ਦਿਲਾਂ ਵਿਚ ਬਹੁਤ ਹੈਰਾਨ ਹੋਏ। ਰਾਜੇ ਨੇ ਸਿਖ ਨੂੰ ਸੁੰਦਰ ਬਸਤਰ ਪਵਾਏ ਤੇ ਗਿਣ ਕੇ ਹਜ਼ਾਰ ਰੁਪਏ ਇਨਾਮ ਦੇ ਦਿਤੇ। ਸਿਖ ਇਨਾਮ ਲੈ ਕੇ ਘਰ ਆਇਆ ਅਤੇ ਕਈ ਪ੍ਰਕਾਰ ਦੇ ਭੋਜਨ ਤਿਆਰ ਕਰਵਾਏ। ਗੁਰੂ ਸਾਹਿਬ ਨੂੰ ਚੰਗੀ ਥਾਂ ਬਿਠਾਇਆ ਤੇ

---

[24] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਥੀ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1133.
ਸਿੱਖੀ ਭਾਉ ਦੇਖਿਬੇ ਹੇਤਾ। ਗਮਨ ਕੀਨ ਬੇਦੀ ਕੁਲਕੇਤਾ। ਮੁਝ ਕੋ ਅਪਨੇ ਲੀਨ ਸੰਗਾਰੇ। ਪਹੁੰਚੇ ਇਕ ਪੁਰਿ ਜਾਇ ਮਝਾਰੇ।।੪।। (ਉਤਰਾਰਧ ਅਧਯਾਯ 44)

[25] ਉਹੀ, ਪੰਨਾ 1134.
ਨਿਕਟ ਮੱਲ ਕੇ ਜਬਿ ਹੀ ਆਯੋ। ਅਵਲੋਕਯੋ ਅਸ ਬਚਨ ਅਲਾਯੋ। 'ਤੂੰ ਕਿਉਂ ਮੌਤ ਚਹਿਤ ਬਿਨ ਆਈ?'। ਸੁਨਤਿ ਸਿੱਖ ਨੇ ਸਰਬ ਬਤਾਈ।।੧੭।। (ਉਤਰਾਰਧ ਅਧਯਾਯ 44)

ਚਰਨ ਕੰਵਲਾਂ ਨੂੰ ਸਾਫ ਕੀਤਾ। ਜਦ ਚਾਰਨਾਂਮ੍ਰਿਤ ਮੁਖ ਵਿਚ ਪਾਇਆ ਤਾਂ ਤਿੰਨਾਂ ਲੋਕਾਂ ਦੀ ਉਸਨੂੰ ਸੋਝੀ ਹੋਈ। ਗੁਰੂ ਸਾਹਿਬ ਦੀ ਕਿਰਪਾ-ਦ੍ਰਿਸ਼ਟੀ ਨਾਲ ਉਸ ਦੇ ਸਾਰੇ ਵੰਸ਼ ਦਾ ਉਧਾਰ ਹੋਇਆ। ਗੁਰੂ ਸਾਹਿਬ ਨੇ ਸਿਖ ਦਾ ਪ੍ਰੇਮ ਵੇਖ ਕੇ ਭੋਜਨ ਛਕਿਆ।

ਇਕ ਰਾਤ ਉਸ ਦੇ (ਤਰਖਾਣ ਸਿਖ) ਘਰ ਠਹਿਰ ਕੇ ਉਥੋਂ ਚਲ ਪਏ ਤੇ ਦੂਜੇ ਪਿੰਡ ਵਿਚ ਪਹੁੰਚ ਗਏ। ਉਸ ਪਿੰਡ ਵਿਚ ਵੀ ਇਕ ਧਨਹੀਣ ਸਿਖ ਰਹਿੰਦਾ ਸੀ। ਜਦ ਗੁਰੂ ਸਾਹਿਬ ਉਸ ਪਿੰਡ ਪਹੁੰਚੇ ਤਾਂ ਉਸ ਨੇ ਆ ਕੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਨਮਸਕਾਰ ਕਰਕੇ ਉਸ ਨੇ ਬੇਨਤੀ ਕੀਤੀ ਕਿ ਗੁਰੂ ਸਾਹਿਬ ਮੇਰੇ ਘਰ ਚਲੋ। ਤੁਹਾਡੇ ਚਰਨ ਪੈਣ ਨਾਲ ਘਰ ਪਵਿਤਰ ਹੋ ਜਾਵੇਗਾ। ਤਰਖਾਣ ਸਿਖ ਦੇ ਹਿਰਦੇ ਵਿਚ ਪ੍ਰੇਮ, ਮਨ ਅਤੇ ਬਾਣੀ ਵੇਖ ਕੇ ਗੁਰੂ ਸਾਹਿਬ ਘਰ ਚਲੇ ਗਏ। ਸਿਖ ਦੇ ਘਰ ਗਰੀਬੀ ਹੋਣ ਕਰਕੇ ਉਹ ਇਕ ਸਮੇਂ ਹੀ ਭੋਜਨ ਕਰਦਾ ਸੀ।

ਅਗਲੇ ਦਿਨ ਸਿਰ ਦੇ ਵਾਲ ਕਟਵਾ ਕੇ ਰਸੀ ਤਿਆਰ ਕੀਤੀ ਅਤੇ ਵੇਚ ਕੇ ਆਪਣੀ ਇਸਤਰੀ ਨੂੰ ਰਸਦ ਲਿਆ ਕੇ ਦਿਤੀ ਤੇ ਭੋਜਨ ਤਿਆਰ ਕਰਨ ਦੀ ਤਿਆਰੀ ਕਰ ਦਿਤੀ। ਉਸ ਦੀ ਪਤਨੀ ਨੇ ਚੁਲੇ-ਚੌਂਕੇ ਨੂੰ ਤਿਆਰ ਕੀਤਾ ਤੇ ਬੱਚੇ ਨੂੰ ਉਥੇ ਲਾਗੇ ਹੀ ਬਿਠਾ ਗਈ। ਪਿਛੋਂ ਬੱਚਾ ਅਗ ਵਿਚ ਡਿਗ ਪਿਆ ਤੇ ਉਸ ਦਾ ਸਾਰਾ ਸਰੀਰ ਸੜ ਗਿਆ। ਜਦ ਇਸਤਰੀ ਨੇ ਵਿਹੜੇ ਵਿਚ ਆ ਕੇ ਵੇਖਿਆ ਤਾਂ ਪੁਤ ਸੜ ਕੇ ਮਰ ਗਿਆ ਸੀ। ਹਿਰਦੇ ਵਿਚ ਇਸ ਤਰ੍ਹਾਂ ਜਾਣ ਕੇ ਚੁਪ ਰਹੀ ਕਿ ਸੰਤ ਕਿਤੇ ਇਹ ਗਲ ਸੁਣ ਨਾ ਲੈਣ। ਉਹ ਭੋਜਨ ਬਗੈਰ ਭੁਖੇ ਹੀ ਨਾ ਚਲੇ ਜਾਣ, ਤਦ ਮੇਰੇ ਸਿਰ ਭਾਰੀ ਦੋਸ਼ ਲਗੇਗਾ। ਪੁਤਰ ਨੂੰ ਕਪੜਿਆਂ ਨਾਲ ਚੰਗੀ ਤਰ੍ਹਾਂ ਲਪੇਟ ਦਿਤਾ ਅਤੇ ਘਰ ਅੰਦਰ ਪਾ ਦਿਤਾ। ਇਸ ਗਲ ਦਾ ਜ਼ਿਕਰ ਇਸਤਰੀ ਨੇ ਆਪਣੇ ਪਤੀ ਕੋਲ ਵੀ ਨਹੀਂ ਕੀਤਾ। ਪਰਮ ਸਿਆਣੀ ਨੇ ਭੋਜਨ ਤਿਆਰ ਕਰਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬੁਲਾ ਕੇ ਸਾਫ ਥਾਂ 'ਤੇ ਬੈਠਾਇਆ। ਜਦ ਭੋਜਨ ਨੂੰ ਅਗੇ ਧਰਿਆ ਤਾਂ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਤੁਹਾਡਾ ਸੁੰਦਰ ਬੱਚਾ ਹੁਣ ਘਰ ਵਿਚ ਦਿਸ ਨਹੀਂ ਰਿਹਾ। ਇਸਤਰੀ ਕਹਿਣ ਲਗੀ ਕਿ ਖੇਡਦਾ ਹੋਇਆ ਆਲਸੀ ਹੋ ਕੇ ਸੌਂ ਗਿਆ ਹੈ। ਗੁਰੂ ਸਾਹਿਬ ਨੇ ਬਚਨ ਕੀਤਾ ਕਿ ਬੱਚੇ ਨੂੰ ਜਗਾ ਲਵੋ ਤਾਂ ਕਿ ਭੋਜਨ ਛਕੇ। ਤਦ ਇਸਤਰੀ ਚੁਪ ਰਹੀ, ਗੁਰੂ ਸਾਹਿਬ ਨੇ ਫਿਰ ਉਸ (ਇਸਤਰੀ) ਨੂੰ ਕਿਹਾ ਕਿ ਬੱਚੇ ਦਾ ਕੀ ਨਾਂ ਰਖਿਆ ਹੈ? ਸਿਖ ਨੇ ਦਸਿਆ ਕਿ ਬੱਚੇ ਨੂੰ ਲਾਲਾ ਕਹਿੰਦੇ

ਹਾਂ। ਇਹ ਸੁਣ ਕੇ ਗੁਰੂ ਸਾਹਿਬ ਨੇ ਬੱਚੇ ਨੂੰ ਆਵਾਜ਼ ਮਾਰੀ ਲਾਲਾ ਆ ਕੇ ਭੋਜਨ ਛਕ ਲਵੋ। ਜਦ ਗੁਰੂ ਸਾਹਿਬ ਨੇ ਬੁਲਾਇਆ ਤਾਂ ਬੱਚਾ ਜ਼ਿੰਦਾ ਹੋ ਗਿਆ ਤੇ ਚਲ ਕੇ ਗੁਰੂ ਸਾਹਿਬ ਪਾਸ ਆ ਗਿਆ ਤੇ ਬੱਚੇ ਨੂੰ ਆਪਣੇ ਹਥਾਂ ਨਾਲ ਗੁਰੂ ਸਾਹਿਬ ਨੇ ਭੋਜਨ ਛਕਾਇਆ।

## ਸਿਖ

ਧਨਹੀਣ ਸਿਖ ਦੇ ਪਿੰਡੋਂ ਚਲ ਕੇ ਕਿਸੇ ਹੋਰ ਪਿੰਡ ਵਿਚ ਜਾ ਬੈਠੇ। ਉਥੇ ਇਕ ਸਿਖ ਰਹਿੰਦਾ ਸੀ। ਜਿਹੜਾ ਵੀ ਉਸ ਦੇ ਘਰ ਜਾਂਦਾ ਸੀ, ਉਸ ਦੀ ਬੜੇ ਪ੍ਰੇਮ ਨਾਲ ਸੇਵਾ ਕਰਦਾ ਸੀ। ਫਿਰ ਉਸ ਨੂੰ ਪ੍ਰਸ਼ਨ ਕਰਦਾ ਸੀ ਕਿ ਸਾਧ ਨੂੰ ਮਿਲਣ ਨਾਲ ਕੀ ਫਲ ਮਿਲਦਾ ਹੈ, ਇਹ ਦਸੋ? ਉਸ ਦੀ ਮਨਸ਼ਾ ਪੂਰਨ ਕਰਨ ਹਿਤ ਗੁਰੂ ਸਾਹਿਬ ਉਸ ਦੇ ਘਰ ਗਏ। ਉਸ ਨੇ ਆਦਰ ਨਾਲ ਗੁਰੂ ਸਾਹਿਬ ਦੇ ਚਰਨਾਂ 'ਤੇ ਬੰਦਨਾ ਕੀਤੀ।[26] ਸਿਖ ਨੇ ਬੜੇ ਪ੍ਰੇਮ ਨਾਲ ਸੇਵਾ ਕੀਤੀ, ਫਿਰ ਉਸੇ ਤਰ੍ਹਾਂ ਹੀ ਗੁਰੂ ਸਾਹਿਬ ਤੋਂ ਪੁਛਣ ਲਗਾ ਕਿ ਸਾਧੂ ਨੂੰ ਮਿਲਣ ਨਾਲ ਕੀ ਫਲ ਪ੍ਰਾਪਤ ਹੁੰਦਾ ਹੈ? ਬਹੁਤ ਸੰਤਾਂ ਨੂੰ ਮੈਂ ਇਹ ਪ੍ਰਸ਼ਨ ਕੀਤਾ ਹੈ, ਮੈਨੂੰ ਕਿਸੇ ਨੇ ਵੀ ਉਤਰ ਨਹੀਂ ਦਿਤਾ। ਆਪ ਪੂਰਨ ਗੁਰੂ ਹੋ, ਇਸ ਲਈ ਯੋਗ ਉਤਰ ਦਿਉ। ਗੁਰੂ ਸਾਹਿਬ ਨੇ ਫੁਰਮਾਇਆ ਕਿ ਤੁਸੀਂ ਵਡੀ ਉਜਾੜ ਦੇ ਵਿਚ ਜਾਵੋ, ਉਥੇ ਇਕ ਦਰਖਤ ਹੇਠ ਵਾਹਿਗੁਰੂ ਕਹਿ ਕੇ ਬੈਠ ਜਾਵੋ। ਇਹ ਸੁਣ ਕੇ ਸਿਖ ਉਜਾੜ ਵਿਚ ਗਿਆ ਤੇ ਦਰਖਤ ਹੇਠ ਜਾ ਕੇ ਵਾਹਿਗੁਰੂ ਕਹਿ ਕੇ ਬੈਠ ਗਿਆ। ਜਦ ਸਿਖ ਨੇ ਉਸ ਰੁਖ ਉਤੇ ਦੋ ਕਾਂ ਬੈਠੇ ਵੇਖੇ, ਕਾਵਾਂ ਨੇ ਜਦ ਸੰਤ ਦੇ ਦਰਸ਼ਨ ਕੀਤੇ ਤਾਂ ਬਗਲੇ ਹੋ ਗਏ। ਕੁਝ ਸਮਾਂ ਉਥੇ ਬੈਠ ਕੇ ਵਾਪਸ ਆ ਗਿਆ ਅਤੇ ਗੁਰੂ ਸਾਹਿਬ ਨੂੰ ਕਹਿਣ ਲਗਾ ਕਿ ਜਿਥੇ ਤੁਸੀਂ ਮੈਨੂੰ ਭੇਜਿਆ ਸੀ ਮੈਂ ਉਥੇ ਗਿਆ ਸੀ, ਉਥੇ ਮੈਨੂੰ ਕੋਈ ਮਨੁਖ ਨਹੀ ਮਿਲਿਆ ਤੇ ਨਾ ਹੀ ਉਤਰ ਪਾਇਆ ਹੈ। ਗੁਰੂ ਸਾਹਿਬ ਨੇ ਫੁਰਮਾਇਆ ਕਿ ਜਦ ਸਵੇਰ ਹੋਵੇਗੀ ਤਾਂ ਉਥੇ ਜਾ ਕੇ ਉਤਰ ਲੈ ਲੈਣਾ। ਜਦ ਸਵੇਰ ਹੋਈ ਤਾਂ ਸਿਖ ਉਥੇ ਗਿਆ ਤੇ ਵੇਖਿਆ ਕਿ ਸਿਖ ਦੇ ਦਰਸ਼ਨ ਪਾ ਕੇ ਬਗਲੇ ਹੰਸ ਹੋ ਗਏ ਹਨ। ਉਨ੍ਹਾਂ ਨੂੰ ਉਥੇ ਵੇਖ ਕੇ ਫਿਰ ਵਾਪਸ ਆ ਗਿਆ। ਗੁਰੂ ਸਾਹਿਬ ਦੇ ਨੇੜੇ ਬੈਠ ਕੇ ਸਾਰਾ ਹਾਲ

---

[26] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਥੀ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1137.
ਅਪਰ ਗ੍ਰਾਮ ਮਹਿਂ ਬੈਠੇ ਜਾਈ। ਹੁਤੋ ਸਿੱਖ ਇਕ ਤਹਾਂ ਬਸਾਈ। ਜਾਇ ਜੁ ਸੰਤ ਤਾਂਹਿ ਘਰਿ ਕੋਈ। ਹਿਤ ਧਰਿ ਸੇਵਾ ਕਰਿ ਹੈ ਸੋਈ॥੪੮॥ (ਉਤਰਾਰਧ ਅਧਯਾਯ 44)

ਸੁਣਾਇਆ। ਪਹਿਲੇ ਦਿਨ ਕਾਂ ਬਗਲੇ ਹੋ ਗਏ ਸਨ, ਅਜ ਮੈਂ ਦੋਵਾਂ ਬਗਲਿਆਂ ਨੂੰ ਹੰਸ ਹੋਏ ਵੇਖਿਆ ਹੈ। ਕਿਸੇ ਨੇ ਉਤਰ ਦੇ ਕੇ ਮੇਰੀ ਤਸਲੀ ਨਹੀਂ ਕੀਤੀ। ਮੇਰੀ ਮਤ ਸ਼ੰਕੇ ਵਿਚ ਭਿਜੀ ਰਹਿ ਗਈ ਹੈ। ਇਹ ਸੁਣ ਕੇ ਗੁਰੂ ਸਾਹਿਬ ਨੇ ਫੁਰਮਾਇਆ ਕਿ ਜਿਥੇ ਉਹ ਦੋ ਹੰਸ ਰਹਿ ਰਹੇ ਹਨ, ਫਿਰ ਇਕ ਵਾਰ ਉਸ ਥਾਂ ਜਾਵੋ, ਉਤਰ ਪਾ ਕੇ ਤੇਰਾ ਸ਼ੰਕਾ ਮਿਟ ਜਾਵੇਗਾ। ਅਗਲੀ ਸਵੇਰ ਸਿਖ ਫਿਰ ਉਠ ਕੇ ਚਲਾ ਗਿਆ। ਜਦ ਹੰਸਾਂ ਨੇ ਸਿਖ ਵਲ ਵੇਖਿਆ ਤਾਂ ਉਨ੍ਹਾਂ (ਹੰਸਾਂ) ਨੇ ਮਨਖੀ ਸਰੀਰ ਧਾਰਨ ਕਰ ਲਿਆ, ਦੋਵੇਂ ਬ੍ਰਿਛ ਦੇ ਹੇਠਾਂ ਬੈਠ ਗਏ। ਸਿਖ ਨੇ ਨੇੜੇ ਜਾ ਕੇ ਕਿਹਾ ਪੈਰੀਂ ਪੈਂਦਾ ਹਾਂ ਤੇ ਸਿਖ ਨੇ ਉਨ੍ਹਾਂ ਨੂੰ ਕਿਹਾ ਕਿ ਸਾਧੂ ਨੂੰ ਮਿਲਣ ਨਾਲ ਕੀ ਫਲ ਮਿਲਦਾ ਹੈ? ਮੈਨੂੰ ਇਹ ਗਲ ਦਸੋ ਤਾਂ ਇਹ ਸੁਣ ਕੇ ਉਨ੍ਹਾਂ ਮਨੁਖਾਂ ਨੇ ਕਿਹਾ ਕਿ ਪਹਿਲਾਂ ਸਾਡਾ ਸਰੀਰ ਕਾਵਾਂ ਦਾ ਸੀ, ਤੁਹਾਡੇ ਦਰਸ਼ਨ ਕਰਕੇ ਬਗਲੇ ਬਣ ਗਏ। ਤੁਹਾਡੇ ਦਰਸ਼ਨ ਕਰਨ ਨਾਲ ਫਿਰ ਹੰਸ ਹੋ ਗਏ ਤੇ ਫਿਰ ਦਰਸ਼ਨ ਕਰਕੇ ਮਨੁਖੀ ਸਰੀਰ ਧਾਰਨ ਕੀਤਾ।

ਗੁਰੂ ਸਾਹਿਬ ਅਗੇ ਜਾ ਕੇ ਸਿਖ ਨੇ ਦੋਵੇਂ ਹਥ ਜੋੜ ਕੇ ਬੰਦਨਾ ਕੀਤੀ ਕਿ ਜਦ ਕਰਤਾ ਪੁਰਖ ਹੀ ਮਿਲ ਜਾਵੇ ਫਿਰ ਤਸਲੀ ਕਿਉਂ ਨਹੀਂ ਹੋਵੇਗੀ। ਇਹ ਸੁਣ ਕੇ ਗੁਰੂ ਸਾਹਿਬ ਨੇ ਪ੍ਰਸੰਨ ਹੋਏ ਤੇ ਫੁਰਮਾਇਆ ਕਿ ਤੇਰੇ ਜਨਮ-ਮਰਨ ਦੇ ਬੰਧਨ ਸੰਤਾਂ ਦੀ ਸੇਵਾ ਕਰਨ ਨਾਲ ਨਾਸ਼ ਹੋ ਗਏ ਹਨ।

## ਭਾਈ ਬੂੜਾ ਜੀ

ਜਦ ਗੁਰੂ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਵਿਚਰ ਰਹੇ ਸਨ ਤਾਂ ਉਥੇ ਬਾਲਕ ਬਕਰੀਆਂ ਚਾਰ ਰਿਹਾ ਸੀ। ਉਸ ਨੂੰ ਵੇਖ ਕੇ ਗੁਰੂ ਸਾਹਿਬ ਨੇ ਬਾਲੇ ਨੂੰ ਕਿਹਾ ਕਿ ਉਸ ਬਾਲਕ ਨੂੰ ਬੁਲਾ ਕੇ ਲਿਆਵੋ। ਭਾਈ ਬਾਲਾ ਨੇ ਜਾ ਕੇ ਕਿਹਾ ਕਿ ਤੁਹਾਨੂੰ ਗੁਰੂ ਸਾਹਿਬ ਬੁਲਾ ਰਹੇ ਹਨ। ਉਹ ਕੁਝ ਕਹਿਣਾ ਚਾਹੁੰਦੇ ਹਨ, ਉਨ੍ਹਾਂ ਪਾਸ ਜਾ ਕੇ ਉਨ੍ਹਾਂ ਦੀ ਗਲ ਸੁਣੋ। ਇਹ ਸੁਣ ਕੇ ਬਾਲਕ ਆਇਆ ਤੇ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਬੜਾ ਪ੍ਰਸੰਨ ਹੋਇਆ। ਗੁਰੂ ਸਾਹਿਬ ਦੇ ਦਰਸ਼ਨ ਕਰਕੇ ਬਾਲਕ ਆਪਣੇ ਘਰ ਚਲ ਗਿਆ। ਜਦ ਅਗਲੀ ਸਵੇਰ ਹੋਈ ਤਾਂ ਬੂੜੇ ਨੇ ਇਕ ਬਰਤਨ ਵਿਚ ਮਖਣ ਪਾ ਕੇ ਚੁਕ ਲਿਆ ਤੇ ਮਾਤਾ ਪਿਤਾ ਤੋਂ ਚੋਰੀ ਕਰਕੇ ਉਥੇ

ਆ ਗਿਆ, ਜਿਥੇ ਗੁਰੂ ਸਾਹਿਬ ਬਿਰਾਜਮਾਨ ਸਨ।[27] ਗੁਰੂ ਸਾਹਿਬ ਅਗੇ ਮਖਣ ਵਾਲਾ ਬਰਤਨ ਰਖ ਕੇ ਬੰਦਨਾ ਕੀਤੀ ਤੇ ਪਾਸ ਬੈਠ ਗਿਆ। ਗੁਰੂ ਸਾਹਿਬ ਨੇ ਬੂੜੇ ਨੂੰ ਕਿਹਾ ਕਿ ਮਖਣ ਵਾਲਾ ਬਰਤਨ ਕਿਸਦੇ ਲਈ ਲਿਆਇਆ ਹੈ? ਇਹ ਸੁਣ ਕੇ ਬੂੜਾ ਕਹਿਣ ਲਗਾ ਕਿ ਮੈਂ ਆਪ ਜੀ ਦੇ ਲਈ ਆਪਣੇ ਘਰ ਤੋਂ ਮਖਣ ਲਿਆਇਆ ਹਾਂ। ਗੁਰੂ ਤੇ ਸੰਤ ਦੇ ਦਰਸ਼ਨ ਕਰਨ ਲਈ ਖਾਲੀ ਹਥ ਨਹੀਂ ਜਾਣਾ ਚਾਹੀਦਾ, ਇਹ ਵਿਚਾਰ ਕਰਕੇ ਮੈਂ ਇਹ ਮਖਣ ਚੁਕ ਕੇ ਲਿਆਇਆ ਹਾਂ। ਗੁਰੂ ਸਾਹਿਬ ਨੇ ਕਿਹਾ ਕਿ ਬਾਲਕ ਤੂੰ ਮਾਤਾ-ਪਿਤਾ ਪਾਸੋਂ ਮਖਣ ਚੁਰਾ ਕੇ ਲਿਆਇਆ ਹੈ, ਜਦ ਤੂੰ ਫਿਰ ਵਾਪਸ ਘਰ ਜਾਵੇਗਾ ਤਾਂ ਉਹ ਗੁਸੇ ਤੇਰੇ ਨਾਲ ਗੁਸੇ ਹੋਣਗੇ। ਇਹ ਮਖਣ ਅਸੀ ਨਹੀ ਲਵਾਂਗੇ, ਇਹ ਲੈ ਕੇ ਆਪਣੇ ਘਰ ਚਲੇ ਜਾਵੋ। ਜੋ ਤੂੰ ਲੈ ਕੇ ਆਇਆ ਹੈ, ਸਾਡੇ ਪਾਸ ਪਹੁੰਚ ਗਿਆ ਹੈ, ਅਸੀ ਹਿਰਦੇ ਵਿਚ ਤੇਰਾ ਪਿਆਰ ਵੇਖ ਕੇ ਬਹੁਤ ਪ੍ਰਸੰਨ ਹੋਏ ਹਾਂ। ਇਹ ਸੁਣ ਕੇ ਬੂੜਾ ਰੋਣ ਲਗ ਪਿਆ। ਗੁਰੂ ਸਾਹਿਬ ਨੇ ਕਿਹਾ ਕਿ ਅਸੀਂ ਕੁਝ ਮਾੜਾ ਨਹੀਂ ਕਿਹਾ, ਤੇਰਾ ਭਲਾ ਹੀ ਚਾਹਿਆ ਹੈ। ਬੂੜੇ ਨੇ ਕਿਹਾ ਕਿ ਜਿਸ ਤਰ੍ਹਾਂ ਤੁਸੀਂ ਮੈਨੂੰ ਮਾਰਿਆ ਹੈ, ਇਸ ਤੋਂ ਵਡੀ ਮਾਰ ਨਹੀਂ ਹੋ ਸਕਦੀ, ਪਹਿਲਾਂ ਮੇਰੇ ਮਨ ਦਾ ਦੀਪਕ ਜਗਾ ਕੇ ਮੈਨੂੰ ਪ੍ਰਕਾਸ਼ਮਾਨ ਕੀਤਾ ਸੀ, ਹੁਣ ਦੀਪਕ ਨੂੰ ਬੁਝਾ ਕੇ ਨਿਰਾਸ਼ ਕਰ ਦਿਤਾ ਹੈ। ਗੁਰੂ ਸਾਹਿਬ ਮੁਸਕਰਾਏ ਤੇ ਫਿਰ ਉਸ ਨੂੰ ਕਿਹਾ ਕਿ ਤੂੰ ਵਡੇ ਬੁਢਿਆਂ ਵਾਂਗ ਮੁਖ ਤੋਂ ਬੋਲਦਾ ਹੈ। ਇਸ ਕਰਕੇ ਉਸ ਸਮੇਂ ਤੋਂ ਹੀ ਉਨ੍ਹਾਂ ਦਾ ਨਾਂ "ਭਾਈ ਬੁਢਾ" ਪ੍ਰਚਲਿਤ ਹੋਇਆ।

## ਭਾਈ ਲਹਿਣਾ ਜੀ

ਮਤੇ ਦੀ ਸਰਾਇੰ ਜੋ ਜੰਗਲ ਮਾਲਵੇ ਵਿਚ ਸੀ, ਇਹ ਥਾਂ ਮੁਕਤਸਰ ਤੋਂ ਤਿੰਨ ਮੀਲ ਹੈ ਤੇ ਹੁਣ ਨਾਂਗੇ ਦੀ ਸਰਾਂ ਕਿਹਾ ਜਾਂਦਾ ਹੈ। ਭਾਈ ਫੇਰੂ ਜੀ ਉਸ ਪਿੰਡ ਵਿਚ ਰਹਿੰਦੇ ਸਨ। ਉਨ੍ਹਾਂ ਦੀ ਤ੍ਰੇਹਣ ਗੋਤ ਤੇ ਜਾਤ ਖਤਰੀ ਸੀ। ਉਹ ਕਰਮ ਧਰਮ ਵਿਚ ਬੜੇ ਮਸ਼ਹੂਰ ਸਨ। ਉਨ੍ਹਾਂ ਦੇ ਘਰ ਇਕ ਸੁਖਦਾਈ ਪੁਤਰ ਪੈਦਾ ਹੋਇਆ ਤੇ ਪ੍ਰੇਮ ਨਾਲ ਉਸਦਾ ਨਾਂ 'ਲਹਿਣਾ' ਰਖਿਆ। ਉਸ ਪਿੰਡ ਵਿਚ ਇਕ ਗੁਰੂ ਨਾਨਕ ਦੇਵ ਜੀ ਦਾ ਸਿਖ ਵਸਦਾ

---

[27] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਥੀ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1146.
ਬਹੁਰੋ ਭੋਰ ਜਬੈ ਹੁਇ ਆਈ। ਮਾਖਨ ਬਾਸਨ ਲੀਨ ਉਚਾਈ। ਮਾਤ ਪਿਤਾ ਤੇ ਕਰਿਕੈ ਚੋਰੀ। ਸਟਕਯੋ ਘਰ ਤੇ ਪ੍ਰਭੁ ਜਿਸ ਠੌਰੀ।।੧੯।। (ਉਤਰਾਰਧ ਅਧਯਾਯ 46)

ਸੀ। ਉਹ ਸਦਾ ਹੀ ਗੁਰੂ ਸਾਹਿਬ ਦੀ ਬਾਣੀ ਪੜ੍ਹਦਾ, ਹੋਰ ਕਿਸੇ ਦਾ ਸਿਮਰਨ ਨਹੀਂ ਕਰਦਾ ਸੀ। ਉਸ ਦੀ ਸ਼ਰਧਾ ਸਦਾ ਗੁਰੂ ਸਾਹਿਬ ਦੇ ਚਰਨਾਂ ਵਿਚ ਰਹਿੰਦੀ ਸੀ। ਇਕ ਦਿਨ ਸਿਖ ਇਕ-ਮਨ ਹੋ ਕੇ ਪ੍ਰੇਮ ਨਾਲ ਬਾਣੀ ਪੜ੍ਹ ਰਿਹਾ ਸੀ। ਭਾਈ ਲਹਿਣਾ ਜੀ ਨੇ ਜਦ ਸ਼ਬਦ ਸੁਣੇ ਤਾਂ ਉਸੇ ਵੇਲੇ ਦਿਲ ਵਿਚ ਪ੍ਰੇਮ ਜਾਗਿਆ। ਭਾਈ ਲਹਿਣੇ ਨੇ ਉਸ ਸਿਖ ਨੂੰ ਬੁਲਾਇਆ ਅਤੇ ਪੁਛਿਆ ਕਿ ਤੁਸੀਂ ਜਿਹੜਾ ਸ਼ਬਦ ਪੜ੍ਹਦੇ ਹੋ, ਇਹ ਕਿਸ ਦਾ ਲਿਖਿਆ ਹੋਇਆ ਹੈ? ਸਿਖ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਮੇਰੇ ਗੁਰੂ ਨੇ ਤੇ ਮੈਂ ਉਨ੍ਹਾਂ ਦਾ ਚੇਲਾ ਹਾਂ, ਮੈਂ ਉਨ੍ਹਾਂ ਦਾ ਸ਼ਬਦ ਪੜ੍ਹਦਾ ਹਾਂ। ਤਦ ਭਾਈ ਲਹਿਣਾ ਜੀ ਨੇ ਮਨ ਵਿਚ ਵਿਚਾਰ ਕੀਤੀ ਕਿ ਜਿਨ੍ਹਾਂ ਦੀ ਬਾਣੀ ਸੁਣ ਕੇ ਸੁਖ ਮਿਲਦਾ ਹੈ, ਉਨ੍ਹਾਂ ਨੂੰ ਮੈਂ ਆਪਣਾ ਗੁਰੂ ਧਾਰਨ ਕਰਾਂਗਾ।

ਭਾਈ ਲਹਿਣਾ ਜੀ ਨੇ ਨਗਰ ਦੇ ਬਾਹਰ ਖਲੋ ਕੇ ਆਦਮੀ ਪਾਸੋ ਪੁਛਿਆ, ਇਹ ਪਿੰਡ ਕਿਸਦਾ ਹੈ? ਉਸ ਆਦਮੀ ਨੇ ਕਿਹਾ ਇਹ ਨਗਰ ਗੁਰੂ ਨਾਨਕ ਦੇਵ ਜੀ ਦਾ ਹੈ, ਜਿਸ ਨੂੰ ਸਾਰੇ 'ਤਪਾ' ਕਰਕੇ ਕਹਿੰਦੇ ਹਨ। ਭਾਈ ਲਹਿਣਾ ਜੀ ਆਪਣੇ ਸਾਥੀਆਂ ਤੋਂ ਵਖ ਹੋ ਕੇ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਤੇ ਗੁਰੂ ਚਰਨਾਂ ਨੂੰ ਹੀ ਆਪਣਾ ਆਸਰਾ ਬਣਾ ਲਿਆ।

ਗੁਰੂ ਸਾਹਿਬ ਤੋਂ ਵਿਦਾ ਹੋ ਕੇ ਭਾਈ ਲਹਿਣਾ ਜੀ ਪਹਿਲੀ ਥਾਂ ਆ ਗਏ ਤੇ ਆਪਣੇ ਸਾਥੀਆਂ ਨੂੰ ਮਿਲ ਕੇ ਬੋਲੇ ਕਿ ਸਾਰਿਆਂ ਨੂੰ ਮੇਰੀ 'ਰਾਮ ਰਾਮ' ਹੈ, ਮੇਰੀ ਇਛਾ ਹੁਣ ਮੁੜ ਜਾਣ ਦੀ ਹੈ। ਆਪਣੇ ਘਰ ਵਿਚ ਜਾ ਕੇ ਬੈਠ ਗਏ। ਕਿਸੇ ਦੇ ਨਾਲ ਵੀ ਬੋਲਦੇ ਨਹੀਂ ਸਨ।[28] ਦਿਲ ਵਿਚ ਬੜਾ ਉਦਾਸ ਰਹਿੰਦੇ ਸਨ। ਇਕ ਰਾਤ ਆਪਣੇ ਘਰ ਵਿਚ ਰਹੇ ਤੇ ਦੂਜੇ ਦਿਨ ਸਵਾ ਮਣ ਲੂਣ ਦਾ ਢੇਲਾ ਆਪਣੇ ਘਰ ਵਿਚੋਂ ਕਢ ਲਿਆ। ਉਸ ਲੂਣ ਦੇ ਢੇਲੇ ਨੂੰ ਸਿਰ 'ਤੇ ਚੁਕ ਲਿਆ ਤੇ ਕਰਤਾਰਪੁਰ ਵਲ ਚਲ ਪਏ। ਭਾਈ ਲਹਿਣਾ ਉਸ ਥਾਂ ਪਹੁੰਚੇ ਜਿਥੇ ਗੁਰੂ ਨਾਨਕ ਦੇਵ ਜੀ ਦੇ ਭਵਨ ਸਨ। ਉਸ ਸਮੇਂ ਗੁਰੂ ਸਾਹਿਬ ਬਾਹਰ ਖੇਤ ਵੇਖਣ ਗਏ ਹੋਏ ਸਨ, ਇਸ ਲਈ ਮਾਤਾ ਸੁਲਖਣੀ ਜੀ ਪਾਸ ਗਏ, ਲੂਣ ਦੀ ਭਾਰੀ ਪੰਡ ਸਿਰ ਤੋਂ ਲਾਹ ਕੇ ਹੇਠਾਂ ਟਿਕਾ ਦਿਤੀ। ਤਦ ਭਾਈ ਲਹਿਣਾ ਜੀ ਖੇਤਾਂ ਵਾਲੇ

---

[28] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਥੀ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1157.
ਨਿਜ ਨਿਕੇਤ ਮਹਿਂ ਬੈਠਯੋ ਜਾਈ। ਕਿਸ ਕੇ ਸੰਗ ਨ ਕਛੂ ਅਲਾਈ। ਅਤਿਸ਼ੈ ਹਿਰਦੇ ਬਿਖੈ ਉਦਾਸੀ। ਏਕ ਨਿਸਾ ਨਿਜ ਬਸਯੋ ਅਵਾਸੀ॥੬੫॥ (ਉਤਰਾਰਧ ਅਧਯਾਯ 47)

ਪਾਸੇ ਚਲੇ ਗਏ ਤਾਂ ਦੂਰੋ ਹੀ ਗੁਰੂ ਸਾਹਿਬ ਨੂੰ ਵੇਖ ਕੇ ਬਹੁਤ ਖੁਸ਼ ਹੋਏ। ਸਾਰੇ ਸੇਵਕ ਧਾਨ ਦੇ ਖੇਤ ਵਿਚੋਂ ਨਦੀਨ ਕਢ ਰਹੇ ਸਨ। ਭਾਈ ਲਹਿਣਾ ਨੇ ਗੁਰੂ ਸਾਹਿਬ ਨੂੰ ਵੇਖ ਕੇ ਬਚਨ ਕੀਤਾ ਕਿ ਮੈਨੂੰ ਵੀ ਇਕ ਰੰਬੀ ਦਿਉ ਤਾਂ ਜੋ ਮੈਂ ਵੀ ਨਦੀਨ ਕਢ ਸਕਾ। ਇਕ ਘੜੀ ਲਗ ਕੇ ਇਹ ਕੰਮ ਕੀਤਾ ਫਿਰ ਗੁਰੂ ਸਾਹਿਬ ਨੇ ਵੇਖ ਕੇ ਭਾਈ ਲਹਿਣਾ ਨੂੰ ਆਖਿਆ ਕਿ ਇਹ ਕਿਰਤ ਤੁਹਾਡੇ ਤੋਂ ਚੰਗੀ ਤਰ੍ਹਾਂ ਨਹੀਂ ਹੋਣੀ, ਆਪਣੇ ਪਿਛੇ ਵੇਖੋ ਤੁਸੀਂ ਧਾਨ ਹੀ ਪੁਟੀ ਜਾ ਰਹੇ ਹੋ। ਖੇਤਾਂ ਵਿਚੋ ਬਾਹਰ ਆ ਜਾਉ, ਤੁਹਾਨੂੰ ਹੋਰ ਕੰਮ ਦਸਦੇ ਹਾਂ। ਤੁਸੀਂ ਇਹ ਨਦੀਨ ਦੀ ਪੰਡ ਪਸ਼ੂਆ ਵਾਸਤੇ ਘਰ ਲੈ ਕੇ ਜਾਵੋ। ਭਾਈ ਲਹਿਣਾ ਗਿਲੇ-ਸੁਕੇ ਨਦੀਨ ਦੀ ਪੰਡ ਬੰਨ੍ਹ ਕੇ ਸਿਰ 'ਤੇ ਰਖ ਕੇ ਘਰ ਵਲ ਤੁਰ ਪਏ। ਘਰ ਆ ਕੇ ਜਿਥੇ ਪਸ਼ੂ ਖੜੇ ਸਨ, ਉਨ੍ਹਾਂ ਅਗੇ ਨਦੀਨ ਪਾ ਦਿਤਾ। ਮਾਤਾ ਸੁਲਖਣੀ ਜੀ ਵੇਖ ਕੇ ਹੈਰਾਨ ਹੋਏ ਜਦ ਭਾਈ ਲਹਿਣਾ ਦਾ ਸਿਰ, ਮੁਖ, ਹਥ, ਪੈਰ ਅਤੇ ਸਾਰੇ ਰੇਸ਼ਮੀ ਕਪੜੇ ਗਾਰੇ ਨਾਲ ਦਾਗੀ ਹੋਏ ਵੇਖ ਕੇ ਵਿਚਾਰ ਕੀਤੀ ਕਿ "ਇਸ ਦਾ ਬਹੁਤ ਅਨਾਦਰ ਹੋਇਆ ਹੈ, ਪ੍ਰੇਮ ਕਰਕੇ ਬੜੀ ਦੂਰੋ ਆਇਆ ਹੈ"। ਸ਼ਾਮ ਹੋਈ ਤਾਂ ਗੁਰੂ ਸਾਹਿਬ ਸੇਵਕਾਂ ਸਮੇਤ ਘਰ ਆਏ। ਮਾਤਾ ਸੁਲਖਣੀ ਜੀ ਨੇ ਆਖਿਆ ਕਿ ਤੁਸੀਂ ਆਪਣੇ ਸੇਵਕ ਦਾ ਨਿਰਾਦਰ ਕਰਦੇ ਹੋ। ਗੁਰੂ ਸਾਹਿਬ ਨੇ ਕਿਹਾ ਕਿ ਇਹ ਪੰਡ ਗਾਰੇ ਨਾਲ ਨਹੀਂ ਭਰੀ ਸੀ, ਇਸ ਨੂੰ ਦੀਨ ਦੁਨੀਆਂ ਦਾ ਸੁੰਦਰ ਛਤਰ ਦਿਤਾ ਹੈ, ਇਸ ਦੇ ਬਰਾਬਰ ਜਗ ਵਿਚ ਕੋਈ ਨਹੀਂ ਹੋਵੇਗਾ।

ਭਾਈ ਲਹਿਣਾ ਜੀ ਪ੍ਰੇਮ ਕਾਰਨ ਗੁਰੂ ਸਾਹਿਬ ਜੀ ਦੇ ਪਾਸ ਹੀ ਰਹੇ। ਘਰ ਵਿਚ ਰਹਿ ਕੇ ਜੂਠੇ ਬਰਤਨ ਸਾਫ ਸੇਵਾ ਕਰਦੇ ਸਨ ਤੇ ਗੁਰੂ ਸਾਹਿਬ ਦੇ ਚਰਨ ਧੋ ਕੇ ਖੁਸ਼ ਹੁੰਦੇ ਸਨ। ਗੁਰੂ ਸਾਹਿਬ ਨੂੰ ਪਖਾ ਝਲਦੇ ਤੇ ਸਾਰੇ ਘਰ ਵਿਚ ਝਾੜੂ ਮਾਰ ਕੇ ਸਫਾਈ ਕਰਦੇ। ਗੁਰੂ ਸਾਹਿਬ ਦੇ ਪਹਿਨਣ ਵਾਲੇ ਕਪੜੇ ਧੋਣ ਦੀ ਸੇਵਾ ਵੀ ਕਰਦੇ ਸਨ।

ਤਵਾਰੀਖ ਗੁਰੂ ਖਾਲਸਾ ਅਨੁਸਾਰ ਗੁਰੂ ਸਾਹਿਬ ਪਾਸ ਸੁਚੇ ਸੁਲੇਮਾਨੀ ਪਥਰ ਦਾ ਕਟੋਰਾ ਸੀ, ਜਦ ਦਹੀ ਪਾ ਕੇ ਖੂਹ ਉਤੇ ਇਸ਼ਨਾਨ ਕਰਨ ਗਏ ਤਾਂ ਉਸ ਸਮੇਂ ਪੁਤਰ, ਸਿਖ ਸਭ ਨਾਲ ਸਨ। ਗੁਰੂ ਸਾਹਿਬ ਨੇ ਕਟੋਰਾ ਇਕ ਗੰਦੇ ਤੇ ਡੂੰਘੇ ਚਬਚੇ ਵਿਚ ਸੁਟ ਕੇ ਪੁਤਰਾਂ ਨੂੰ ਕਢਣ ਲਈ ਆਖਿਆ ਤਾਂ ਉਹਨਾਂ ਕਿਹਾ (ਦਮੜੀ ਦੀ ਬੁਢੀ ਟਕਾ ਸਿਰ ਮੁਨਾਈ) ਇਕ ਪੈਸਾ ਜਾਂ ਸੇਰ ਦਾਣੇ ਦੇ ਕੇ ਕਿਸੇ ਮਜ਼ਦੂਰ ਤੋਂ ਕਢਵਾ ਲਵਾਂਗੇ। ਫਿਰ ਗੁਰੂ

ਸਾਹਿਬ ਨੇ ਭਾਈ ਲਹਿਣੇ ਵਲ ਵੇਖਿਆ ਤਾਂ ਝਟ-ਪਟ ਚੁਬਚੇ ਵਿਚ ਵੜ ਕੇ ਕਟੋਰਾ ਕਢ ਲਿਆ ਤੇ ਕਟੋਰਾ ਸਾਫ ਕਰਕੇ ਕੇ ਗੁਰੂ ਸਾਹਿਬ ਦੇ ਹਥ 'ਤੇ ਰਖ ਦਿਤਾ।[29]

ਗੁਰੂ ਸਾਹਿਬ ਇਕ ਦਿਨ ਟਿਬੇ ਉਤੇ ਕਿਕਰ ਹੇਠ ਜਾ ਬੈਠੇ ਤੇ ਸ੍ਰੀ ਚੰਦ ਨੂੰ ਆਖਿਆ ਕਿਕਰ ਉਤੇ ਚੜ੍ਹ ਕੇ ਹਲੂਣਾ ਦਿਉ ਤਾਂ ਕਿ ਮਿਠਾਈ ਡਿਗੇ। ਉਹਨਾਂ ਗੁਰੂ ਸਾਹਿਬ ਨੂੰ ਕਿਹਾ ਕਿ ਤੁਸੀਂ ਹੁਣ ਸਤ੍ਰੇ ਬਹਤ੍ਰੇ ਹੋ ਗਏ ਹੋ। ਇਸੇ ਤਰ੍ਹਾਂ ਲਖਮੀ ਚੰਦ ਬੋਲੇ ਕਿ ਕਦੇ ਕਿਕਰਾਂ ਉਤੋਂ ਵੀ ਮਿਠਾਈ ਝੜੀ ਹੈ।[30] ਕੰਡੇ ਤੇ ਕੌੜੀਆਂ ਫਲੀਆਂ ਝੜ ਪੈਣਗੀਆਂ ਹੋਰ ਸਿਖ ਵੀ ਬਹੁਤ ਸਾਰੇ ਉਹਨਾਂ ਦੇ ਹੀ ਬਚਨ ਦੀ ਗਵਾਹੀ ਦੇਣ ਲਗੇ। ਫਿਰ ਗੁਰੂ ਸਾਹਿਬ ਨੇ ਭਾਈ ਲਹਿਣਾ ਨੂੰ ਕਿਹਾ ਕਿ ਕਿਕਰ ਨੂੰ ਹਿਲਾਉ। ਭਾਈ ਲਹਿਣੇ ਨੇ ਚੜ੍ਹ ਕੇ ਕਿਕਰ ਨੂੰ ਹਿਲਾਇਆ ਤਾਂ ਮਿਠਾਈ ਦੇ ਢੇਰ ਲਗ ਗਏ ਤੇ ਸਾਰੀ ਸੰਗਤ ਨੇ ਮਿਠਾਈ ਛਕੀ।

ਇਕ ਦਿਨ ਗੁਰੂ ਸਾਹਿਬ ਰਾਵੀ ਕਿਨਾਰੇ ਜਾ ਬੈਠੇ, ਸੰਗਤ ਉਥੇ ਹੀ ਇਕਠੀ ਹੋ ਗਈ। ਗੁਰੂ ਸਾਹਿਬ ਨੇ ਇਕ ਮੁਰਦਾ ਪਿਆ ਦੇਖਕੇ ਹੁਕਮ ਕੀਤਾ ਜੋ ਮੇਰਾ ਸਚਾ ਸਿਖ ਹੈ ਸੋ ਮੁਰਦੇ ਨੂੰ ਖਾਵੇ, ਜੋ ਨਾ ਖਾਵੇ, ਸੋ ਚਲਾ ਜਾਵੇ, ਇਹ ਸੁਣਕੇ ਸਭ ਚਲੇ ਗਏ। ਭਾਈ ਲਹਿਣਾ ਨੇ ਬੇਨਤੀ ਕੀਤੀ ਕਿ ਮੁਰਦੇ ਨੂੰ ਪੈਰਾਂ ਵਲੋਂ ਖਾਵਾਂ ਜਾਂ ਸਿਰ ਤੋਂ ਖਾਵਾਂ ਤਾਂ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਵਿਚਕਾਰੋ ਖਾਵੋ। ਜਦ ਜਾ ਕੇ ਭਾਈ ਲਹਿਣਾ ਨੇ ਪੜਦਾ ਚੁਕਿਆ ਤਾਂ ਕੜਾਹ ਪ੍ਰਸ਼ਾਦ ਨਜ਼ਰ ਆਇਆ।[31] ਇਥੇ ਕੁਝ ਤਥ ਸਪੱਸ਼ਟ ਕਰ ਦੇਣੇ ਜ਼ਰੂਰੀ ਹਨ ਕਿ ਗੁਰਿਆਈ ਗੱਦੀ ਦੀ ਪ੍ਰਾਪਤੀ ਪ੍ਰਭੂ ਦੀ ਪੂਰਬਲੀ ਕਿਰਪਾ ਨਾਲ ਹੀ ਪ੍ਰਾਪਤ ਹੋ ਸਕਦੀ ਹੈ। ਕੋਈ ਮਨੁਖ ਭਾਵੇਂ ਕਿਤਨਾ ਹੀ ਸੇਵਾ ਸਿਮਰਨ ਕਰ ਲਵੇ ਪਰ ਗੁਰਿਆਈ ਗੱਦੀ ਨੂੰ ਪ੍ਰਾਪਤ ਨਹੀਂ ਹੋ ਸਕਦਾ। ਜਿਵੇਂ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਰਾਮਦਾਸ ਸਾਹਿਬ ਨੂੰ ਗੁਰਤਾਗੱਦੀ ਪ੍ਰਾਪਤ ਹੋਣ ਪਿਛੇ ਪੁਰਾਤਨ ਵਰਦਾਨ ਦਾ ਹਵਾਲਾ ਦਿੰਦੇ ਵਾਰ 1 ਪਉੜੀ 47 ਵਿਚ ਲਿਖਿਆ ਹੈ:

ਦਿਚੈ ਪੂਰਬਿ ਦੇਵਣਾ ਜਿਸਦੀ ਵਸਤੁ ਤਿਸੈ ਘਰਿ ਆਵੈ॥

[29] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 289.

[30] ਉਹੀ, ਪੰਨਾ 290.

[31] ਉਹੀ, ਪੰਨਾ 290.

ਬੈਠਾ ਸੋਢੀ ਪਾਤਿਸਾਹੁ ਰਾਮਦਾਸੁ ਸਤਿਗੁਰੂ ਕਹਾਵੈ॥

ਇਹੀ ਤੱਥ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਬਚਿਤ੍ਰ ਨਾਟਕ ਵਿਚ ਬਿਆਨ ਕੀਤਾ ਹੈ:

ਜਬਿ ਬਰਦਾਨਿ ਸਮੈ ਵਹੁ ਆਵਾ॥ ਰਾਮਦਾਸ ਤਬ ਗੁਰੂ ਕਹਾਵਾ॥

ਤਿਹ ਬਰਦਾਨਿ ਪੁਰਾਤਨ ਦੀਆ॥ ਅਮਰਦਾਸਿ ਸੁਰਪੁਰਿ ਮਗ ਲੀਆ॥

ਇਤਨਾ ਹੀ ਨਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਸ ਪੁਰਾਤਨ ਵਰਦਾਨ ਦੀ ਸਾਖੀ ਵੀ ਬਚਿਤ੍ਰ ਨਾਟਕ ਦੇ ਅਧਿਆਇ ਚੌਥੇ ਵਿਚ ਅੰਕਿਤ ਕੀਤੀ ਹੈ:

ਜਬ ਨਾਨਕ ਕਲ ਮੈਂ ਹਮ ਆਨਿ ਕਹਾਇ ਹੈ॥

ਹੋ ਜਗਤ ਪੂਜ ਕਰ ਤੋਹਿ ਪਰਮਪਦੁ ਪਾਇ ਹੈ॥

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਦੋਂ ਪਹਿਲੀ ਵਾਰ ਭਾਈ ਲਹਿਣਾ ਜੀ ਮਿਲੇ ਸਨ ਤਾਂ ਗੁਰੂ ਸਾਹਿਬ ਦੁਆਰਾ ਨਾਮ ਪੁਛਣ ਤੋਂ ਜਵਾਬ ਮਿਲਿਆ ਸੀ, 'ਜੀ ਲਹਿਣਾ' ਤਾਂ ਗੁਰੂ ਸਾਹਿਬ ਨੇ ਸਹਿਜ ਸੁਭਾਇ ਬਚਨ ਕੀਤੇ ਸਨ ਕਿ 'ਤੁਸੀਂ ਲੈਣਾ ਤੇ ਅਸੀਂ ਦੇਣਾ।' ਉਥੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਭਾਈ ਲਹਿਣਾ ਜੀ ਧੁਰ ਤੋਂ ਹੀ ਗੁਰਤਾਗੱਦੀ ਦੇ ਅਧਿਕਾਰੀ ਬਣ ਕੇ ਆਏ ਸਨ।

ਜਿਥੋ ਤਕ ਭਾਈ ਲਹਿਣਾ ਜੀ ਦੀ ਸੇਵਾ ਤੇ ਸਿਮਰਨ ਸਾਧਨਾ ਦੀ ਗੱਲ ਹੈ ਉਹ ਭਾਈ ਲਹਿਣਾ ਜੀ ਦੇ ਨਾਲ-ਨਾਲ ਕੁਝ ਹੋਰ ਸਿਖਾਂ ਦੀ (ਸੇਵਾ ਤੇ ਸਿਮਰਨ ਸਾਧਨਾ) ਬਹੁਤ ਸੀ। ਜਿਵੇਂ ਕਿ ਬਾਬਾ ਬੁੱਢਾ ਜੀ, ਭਾਈ ਜਿਤਾ ਰੰਧਾਵਾ ਜੀ, ਸੀਹਾਂ ਉਪਲ ਜੀ ਆਦਿ। ਜਿੰਨ੍ਹਾਂ ਦਾ ਜ਼ਿਕਰ ਭਾਈ ਗੁਰਦਾਸ ਜੀ 11ਵੀਂ ਵਾਰ ਦੀ 14ਵੀਂ ਪਉੜੀ ਵਿਚ ਕਰਦੇ ਹਨ। ਪਰ ਉਹਨਾਂ ਸਭ ਸੇਵਕਾਂ ਦੀ ਸੇਵਾ, ਘਾਲਣਾ ਤੇ ਭਾਈ ਲਹਿਣਾ ਜੀ ਦੀ ਸੇਵਾ ਘਾਲਣਾ ਵਿਚ ਕੁਝ ਬੁਨਿਆਦੀ ਅੰਤਰ ਸਨ:

1. ਪਹਿਲਾ ਇਹ ਕਿ ਭਾਈ ਲਹਿਣਾ ਜੀ ਵਿਚ ਪੂਰਨ ਆਤਮ ਸਮਰਪਣ ਸੀ। ਜੋ ਹੋਰਨਾ ਸੇਵਕਾਂ ਨਾਲੋਂ ਬਹੁਤ ਵਧੇਰੇ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ 'ਕਿਤਨੀ ਰਾਤ ਬੀਤੀ ਅਤੇ ਕਿਤਨੀ ਬਾਕੀ'

ਪੁਛਣ ਤੇ ਬਾਬਾ ਬੁੱਢਾ ਦੀ ਨੇ ਬਚਨ ਤਾਂ ਮੰਨਿਆ ਪਰ ਆਪਣੀ ਮਤ (ਅਕਲ) ਨਾਲ ਤਾਰੇ ਵੇਖ ਕੇ ਸਮਾਂ ਦਸਿਆ। ਪਰ ਭਾਈ ਲਹਿਣਾ ਜੀ ਨੇ ਖੜੇ ਹੋ ਕੇ ਹਥ ਜੋੜ ਕੇ ਬਚਨ ਕੀਤਾ 'ਮਹਾਰਾਜ ਜੀ ਜਿੰਨੀ ਤੁਸੀਂ ਰਾਤ ਬਿਤਾਈ ਉਤਨੀ ਹੀ ਬੀਤੀ ਹੈ। ਜਿਤਨੀ ਤੁਸੀ ਰਖੀ ਉਤਨੀ ਹੀ ਰਹਿੰਦੀ ਹੈ।'

2. 'ਸਤ ਬਚਨ' ਕਹਿਣਾ ਭਾਵ ਹੁਕਮ ਦੇ ਤਾਬੇ ਰਹਿਣਾ ਵੀ ਭਾਈ ਲਹਿਣਾ ਜੀ ਦਾ ਬਾਕੀਆਂ ਸੇਵਕਾਂ ਨਾਲੋਂ ਲਾ ਮਿਸਾਲ ਸੀ। ਕਿੱਕਰ ਉਤੇ ਚੜ੍ਹ ਕੇ ਕਿੱਕਰ ਝਾੜਨਾ, ਟੋਭੇ (ਚੁਬਚੇ) ਵਿਚ ਛਾਲ ਮਾਰ ਕੇ ਚਿਕੜ ਨਾਲ ਲਥਪਥ ਹੋ ਕੇ ਕਟੋਰਾ ਕਢ ਲਿਆਉਣਾ ਆਦਿ। ਪਰ ਆਖਰੀ ਘਟਨਾ ਦਾ ਕੋਈ ਸਾਨੀ ਨਹੀਂ। ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਬਾ ਬੁੱਢਾ ਜੀ ਤੇ ਭਾਈ ਲਹਿਣਾ ਜੀ ਨੂੰ ਇਕ ਮੁਰਦਾ ਖਾਣ ਦਾ ਹੁਕਮ ਦਿਤਾ ਤਾਂ ਬਾਬਾ ਬੁੱਢਾ ਜੀ ਦਾ ਕਦਮ ਪਿਛੇ ਹੋਇਆ ਅਤੇ ਭਾਈ ਲਹਿਣਾ ਜੀ ਨੇ ਹਥ ਜੋੜ ਕੇ ਬੇਨਤੀ ਕਰਕੇ ਪੁਛਿਆ ਕਿ 'ਸਤਿਗੁਰੂ ਜੀ ਕਿਹੜੇ ਪਾਸੇ ਤੋਂ ਸ਼ੁਰੂ ਕਰਾਂ।'

ਇਹ ਦੋਵੇਂ ਕਾਰਨ ਭਾਈ ਲਹਿਣਾ ਜੀ ਦੀ ਵਡਿਆਈ ਪ੍ਰਗਟ ਕਰਦੇ ਹਨ। ਜੋ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਗਟ ਕੀਤੀ।

## ਭਾਈ ਸਧਾਰਣ ਜੀ

ਗੁਰੂ ਸਾਹਿਬ ਨੇ ਮੁਖ ਤੋਂ ਬਚਨ ਕੀਤਾ ਕਿ ਭਾਈ ਕਮਲੇ ਤੁਸੀਂ ਸਧਾਰਣ ਨਾਮੀਂ ਸਿਖ ਦੇ ਘਰ ਜਾਵੋ ਤੇ ਉਸ ਨੂੰ ਸਾਡੇ ਪਾਸ ਬੁਲਾ ਕੇ ਲਿਆਵੋ। ਗੁਰੂ ਸਾਹਿਬ ਦੀ ਆਗਿਆ ਪਾ ਕੇ ਕਮਲਾ ਚਲੇ ਗਿਆ।[32] ਸਧਾਰਣ ਨੂੰ ਘਰ ਤੋਂ ਬੁਲਾ ਕੇ ਆਪਣੇ ਨਾਲ ਲੈ ਲਿਆ। ਗੁਰੂ ਸਾਹਿਬ ਬੜੇ ਉਤਸ਼ਾਹ ਨਾਲ ਬਾਹਰ ਗਏ। ਹੋਰ ਦਾਸ ਸਭ ਪਿਛੇ ਮੋੜ ਦਿਤੇ। ਗੁਰੂ ਸਾਹਿਬ ਪਿਛੇ ਵਾਪਸ ਆ ਕੇ ਸਧਾਰਣ ਨੂੰ ਮਿਲੇ ਅਤੇ ਉਸ ਨੂੰ ਥਾਂ ਵਿਖਾਉਣ ਚਲੇ ਗਏ। ਅਠਾਂ ਵਿਘਿਆਂ ਦਾ ਖੇਤ ਸੀ, ਇਥੇ ਖੜੇ ਹੋ ਕੇ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਸਧਾਰਣ ਸੁਣੋ। ਇਥੇ ਮੇਰੇ ਸਰੀਰ ਉਪਰ ਲਕੜੀਆਂ ਪਾ ਦੇਣੀਆਂ। ਜੇ ਕੋਈ ਰੋਕੇ ਤਾਂ ਉਸ ਦੀ ਗਲ ਨਹੀਂ ਮੰਨਣੀ, ਇਸ ਥਾਂ ਹੀ

[32] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਥੀ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1220.

ਬਹੁਰ ਬਚਨ ਉਚਰੇ ਸ੍ਰੀ ਬਦਨਾ। 'ਕਮਲੇ! ਜਾਹੁ ਸਧਾਰਣ ਸਦਨਾ॥੧੯॥ ਆਨਹੁ ਹਮਰੇ ਨਿਕਟਿ ਬੁਲਾਈ'। ਗਮਨਯੋ ਕਮਲਾ ਆਇਸੁ ਪਾਈ। (ਉਤਰਾਰਧ ਅਧਯਾਯ 54)

ਲਿਆਉਣਾ ਹੈ। ਉਸ ਨੂੰ ਚੰਗੀ ਤਰ੍ਹਾਂ ਸਮਝਾ ਕੇ ਫਿਰ ਨਗਰ ਵਿਚ ਪ੍ਰਵੇਸ਼ ਕੀਤਾ। ਭਾਈ ਸਧਾਰਣ ਨੂੰ ਕਿਹਾ ਕਿ ਜਲ ਨਾਲ ਕਪੜੇ ਧੋ ਕੇ ਲਿਆਵੋ। ਗੁਰੂ ਸਾਹਿਬ ਦੀ ਆਗਿਆ ਮੰਨ ਕੇ ਕਪੜਿਆਂ ਨੂੰ ਧੋਣ ਲਗ ਗਿਆ। ਜਦ ਭਾਈ ਸਧਾਰਣ ਕਪੜਿਆਂ ਨੂੰ ਸੁਕਾ ਕੇ ਗੁਰੂ ਸਾਹਿਬ ਪਾਸ ਆਇਆ ਤਾਂ ਹੁਕਮ ਕੀਤਾ ਕਿ ਇਨ੍ਹਾਂ ਨੂੰ ਅੰਦਰ ਰਖੋ ਅਤੇ ਸਾਰੇ ਘਰ ਵਿਚ ਪੋਚਾ ਲਗਾਉ। ਭਾਈ ਸਧਾਰਣ ਨੇ ਝਾੜੂ ਫੇਰਿਆ ਤੇ ਫਿਰ ਸਾਰੇ ਘਰ ਵਿਚ ਪੋਚਾ ਫੇਰਿਆ। ਭਾਈ ਸਧਾਰਣ ਹੇਠਾਂ ਉਪਰ ਸਾਰੇ ਸਫਾਈ ਕਰਕੇ ਗੁਰੂ ਸਾਹਿਬ ਪਾਸ ਗਿਆ ਤੇ ਹਥ ਜੋੜ ਕੇ ਕਿਹਾ ਕਿ ਗੁਰੂ ਸਾਹਿਬ ਘਰ ਨੂੰ ਵੇਖ ਲਵੋ। ਜੇ ਕਿਤੇ ਕਮੀ ਰਹਿ ਗਈ ਹੋਵੇ ਤਾਂ ਮੈਨੂੰ ਸਮਝਾ ਦਿਉ। ਮੈਂ ਉਸ ਤਰ੍ਹਾਂ ਹੀ ਉਸ ਦਾ ਸੁਧਾਰ ਕਰ ਲਵਾਂਗਾ। ਇਹ ਸੁਣ ਕੇ ਗੁਰੂ ਸਾਹਿਬ ਉਠੇ ਤੇ ਸੁੰਦਰ ਬਣਾਈ ਧਰਮਸ਼ਾਲਾ ਨੂੰ ਵੇਖਣ ਚਲੇ ਗਏ। ਭਾਈ ਸਧਾਰਣ ਦੁਆਰਾ ਕੀਤੀ ਗਈ ਸੇਵਾ ਨੂੰ ਵੇਖ ਕੇ ਗੁਰੂ ਸਾਹਿਬ ਬਹੁਤ ਖੁਸ਼ ਹੋਏ।

ਭਾਈ ਲਹਿਣਾ ਜੀ ਤੋਂ ਬਾਅਦ ਸਧਾਰਣ ਹੀ ਗੁਰੂ ਸਾਹਿਬ ਦੀ ਦਿਨ ਰਾਤ ਸੇਵਾ ਕਰਦਾ ਸੀ। ਸਾਰੇ ਵਸਤਰ ਸਾਫ ਕਰਦਾ ਤੇ ਚਰਨ ਧੋ ਕੇ ਖੁਸ਼ ਹੁੰਦਾ ਸੀ। ਜੋ ਵੀ ਸੇਵਾ ਕਰਦਾ ਸੀ, ਉਹ ਸਦਾ ਮਨ ਲਾ ਕੇ ਕਰਦਾ ਸੀ।

## ਭਾਈ ਰਾਮਦਾਸ ਜੀ (ਸੰਤ)

ਤਵਾਰੀਖ ਗੁਰੂ ਖਾਲਸਾ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਮਕਸੂਦਾਵਾਦ ਤੋਂ ਚਲ ਕੇ ਕਲੇਰੀ ਨਾਮ ਨਦੀ ਪਾਰ ਹੋਏ ਤਾਂ ਜਲ ਹੀ ਜਲ ਨਜ਼ਰ ਆਇਆ। ਗੁਰੂ ਸਾਹਿਬ ਬੇੜੀ ਰਾਹੀ ਕੰਧਰਾ ਪਾਸ ਜਾ ਉਤਰੇ, ਉਥੇ ਰਾਮਦਾਸ ਨਾਮੀਂ ਸਾਧੂ ਰਹਿੰਦਾ ਸੀ। ਉਸ ਦਾ ਚੇਲਾ ਗੁਰੂ ਸਾਹਿਬ ਨੂੰ ਅਗੇ ਲੈਣ ਲਈ ਆਇਆ।[33]

ਉਹਨਾਂ ਦੇ ਸ਼੍ਰੋਮਣੀ ਰਾਮਦਾਸ ਸੰਤ ਨੇ ਉਠ ਕੇ ਗੁਰੂ ਸਾਹਿਬ ਨੂੰ ਨਮਸਕਾਰ ਕੀਤੀ। ਰਾਮਦਾਸ ਸੰਤ ਨੇ ਗੁਰੂ ਸਾਹਿਬ ਲਈ ਭੋਜਨ ਦਾ ਪ੍ਰਬੰਧ ਕੀਤਾ। ਰਾਮਦਾਸ ਸੰਤ ਗੁਰੂ ਸਾਹਿਬ ਲਈ ਫਲ ਮੰਗਵਾ ਕੇ ਭੇਟ

[33] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 91.

ਕਰਦਾ ਸੀ। ਇਥੇ ਗੁਰੂ ਸਾਹਿਬ ਅਠ ਦਿਨ ਰਹੇ ਤੇ ਨੌਵੇਂ ਦਿਨ ਉਹਨਾਂ ਤੋਂ ਵਿਦਾ ਲੈ ਕੇ ਕੰਧਰਾਂ ਤੋਂ ਬਾਹਰ ਆਏ।

## ਕੌਡਾ ਰਾਖਸ਼

ਤਵਾਰੀਖ ਗੁਰੂ ਖਾਲਸਾ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਬਿੰਧਯਾਚਲ ਦੇ ਇਰਦ-ਗਿਰਦ ਜੰਗਲਾਂ ਦੀ ਸੈਰ ਕਰਦੇ ਜਾ ਰਹੇ ਸਨ ਤਾਂ ਇਕ ਦਿਨ ਭੁਖ ਤੋਂ ਜ਼ਿਆਦਾ ਤੰਗ ਹੋ ਕੇ ਭਾਈ ਮਰਦਾਨਾ ਪੰਜਾਬ ਵਲ ਉਠ ਤੁਰਿਆ, ਅਗੇ ਭੀਲ ਕੀਰਾਤ ਮਿਲੇ, ਮਰਦਾਨੇ ਨੂੰ ਫੜ ਕੇ ਆਪਣੇ ਸਰਦਾਰ ਕੌਡੇ ਨਾਮ ਰਾਖਸ਼ ਪਾਸ ਲੈ ਗਏ।[34] ਉਸ ਨੇ ਜਦ ਭਾਈ ਮਰਦਾਨੇ ਨੂੰ ਤਲ ਕੇ ਖਾਣਾ ਚਾਹਿਆ ਤਾਂ ਮਰਦਾਨੇ ਨੇ ਪਛਤਾ ਕੇ ਗੁਰੂ ਸਾਹਿਬ ਨੂੰ ਯਾਦ ਕੀਤਾ ਤਾਂ ਗੁਰੂ ਸਾਹਿਬ ਮਰਦਾਨੇ ਦੇ ਪਿਛੇ-ਪਿਛੇ ਆ ਪੁਜੇ ਤੇ ਸ਼ਬਦ ਬੋਲੇ 'ਤਪਤ ਕੜਾਹਾ ਬੁਝ ਗਇਆ ਗੁਰ ਸੀਤਲ ਨਾਮ ਦੀਓ॥' ਇਹ ਸ਼ਬਦ ਸੁਣ ਗੁਰੂ ਸਾਹਿਬ ਦਾ ਦਰਸ਼ਨ ਕਰ ਕੌਡੇ ਦਾ ਮਨ ਫਿਰ ਗਿਆ ਤੇ ਚਰਨ ਆ ਫੜੇ। ਕੌਡੇ ਰਾਖਸ਼ ਨੇ ਤਿੰਨ ਦਿਨ ਗੁਰੂ ਸਾਹਿਬ ਨੂੰ ਆਪਣੇ ਪਾਸ ਰਖਿਆ ਤੇ ਭਾਂਤ-ਭਾਂਤ ਦੇ ਮੇਵੇ, ਕੰਦ-ਮੂਲ ਛਕਾਏ।

## ਭਾਈ ਦੌਲਤ ਖਾਂ ਜੀ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੁਲਤਾਨਪੁਰ ਪਹੁੰਚਣ ਦੀ ਖ਼ਬਰ ਸੁਣ ਕੇ ਦੌਲਤਖਾਨ ਨਵਾਬ ਲੋਧੀ ਬਹੁਤ ਖੁਸ਼ ਹੋਇਆ।[35] ਗੁਰੂ ਸਾਹਿਬ ਦੇ ਦਰਸ਼ਨ ਕਰਕੇ ਬੇਨਤੀ ਕੀਤੀ ਮਹਾਰਾਜ ਆਪ ਨੇ ਬਹੁਤ ਸੈਰ ਕਰ ਲਈ ਹੈ, ਹੁਣ ਇਥੇ ਅਰਾਮ ਕਰੋ, ਅਸੀਂ ਹਰ ਪ੍ਰਕਾਰ ਤੁਹਾਡੀ ਸੇਵਾ ਕਰਾਂਗੇ। ਤਦ ਗੁਰੂ ਸਾਹਿਬ ਨੇ ਫੁਰਮਾਇਆ:

ਕਿਰਤ ਪਇਆ ਨਹਿ ਮੇਟੈ ਕੋਇ॥

ਕਿਆ ਜਾਣਾ ਕਿਆ ਆਗੈ ਹੋਇ॥

---

[34] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 107.

[35] ਉਹੀ, ਪੰਨਾ 279.

ਜੋ ਤਿਸੁ ਭਾਣਾ ਸੋਈ ਹੂਆ॥

ਅਵਰੁ ਨ ਕਰਣੈ ਵਾਲਾ ਦੂਆ॥੧॥

(ਸ੍ਰੀ ਗੁਰੂ ਗ੍ਰੰਥ ਸਾਹਿਬ, 154)

ਇਹ ਸ਼ਬਦ ਸੁਣ ਕੇ ਦੌਲਤ ਖਾਂ ਨੇ ਗੁਰੂ ਸਾਹਿਬ ਦੇ ਚਰਨ ਫੜ ਲਏ ਤੇ ਗੁਰੂ ਸਾਹਿਬ ਦੀ ਸੇਵਾ ਕਰਨ ਲਗਾ। ਗੁਰੂ ਸਾਹਿਬ ਸੇਵਾ ਤੋਂ ਖੁਸ਼ ਹੋ ਕੇ ਇਥੇ 15 ਦਿਨ ਰੁਕੇ ਸਨ।

## ਦੋਦੇ ਪਿੰਡ ਦੀ ਮਾਈ

ਸ੍ਰੀ ਗੁਰੂ ਨਾਨਕ ਦੇਵ ਜੀ ਕਰਤਾਰਪੁਰ ਸਾਹਿਬ ਤੋਂ ਚਲ ਕੇ ਜੰਗਲ ਵਿਚ ਜਾ ਬੈਠੇ ਤੇ ਹੁਕਮ ਦਿਤਾ ਕੇ ਸਾਡੇ ਪਾਸ ਕੋਈ ਨਾ ਆਵੇ। ਭਾਈ ਬੁਢਾ ਬੂੜਾ ਕਲਾਲ, ਧੀਰੂ ਨਾਈ, ਅਜਿਤਾ ਰੰਧਾਵਾ, ਇਹ ਸਿਦਕੀ ਸਿਖ ਹਰ ਵੇਲੇ ਪਾਸ ਰਹਿਣ ਵਾਲੇ ਸਨ, ਇਹ ਵੀ ਸਭ ਵਿਦਾ ਕਰ ਦਿਤੇ।[36] ਭਾਈ ਬਾਲੇ ਨੂੰ ਪਹਿਲੇ ਹੀ ਵਿਦਾ ਕਰ ਦਿਤਾ ਸੀ, ਉਹ ਆਪਣੇ ਪਿੰਡ ਧਾਲੇ ਨੁਸ਼ੈਹਰੇ (ਜਿਥੇ ਹੁਣ ਉਸ ਦੀ ਸੰਤਾਨ ਹੈ) ਜਾ ਰਿਹਾ ਸੀ। ਸਿਰਫ ਭਾਈ ਕਮਲੀਆ ਗੁਰੂ ਸਾਹਿਬ ਦੇ ਪਾਸ ਜਾਂਦਾ ਸੀ। ਇਸੇ ਤਰ੍ਹਾਂ ਕਈ ਦਿਨ ਜੰਗਲ ਵਿਚ ਰਾਵੀ ਕਿਨਾਰੇ ਰਹੇ। ਦੋਦੇ ਪਿੰਡ ਦੀ ਇਕ ਮਾਈ (ਜਿਸਨੂੰ ਪਰਮੇਸ਼ਵਰ ਦੇ ਦਰਸ਼ਨ ਕਰਨ ਦੀ ਚਾਹਤ ਸੀ) ਸੇਵਾ ਕਰਦੀ ਰਹੀ।

[36] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 282.

## ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮਕਾਲੀ ਸੇਵਕ

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮਕਾਲੀ ਸੇਵਕ ਤਖਤਮਲ ਚੌਧਰੀ, ਭਾਈ ਜੀਵਾ ਜੀ, ਭਾਈ ਗੁੱਜਰ ਜੀ, ਭਾਈ ਧਿੰਗਾ ਨਾਈ ਜੀ, ਭਾਈ ਪਾਰੋ ਜੁਲਕਾ ਜੀ, ਸ੍ਰੀ ਅਮਰਦਾਸ ਜੀ, ਭਾਈ ਖੀਓ ਭੱਲਾ ਜੀ, ਭਾਈ ਸ਼ੀਹਾ ਉਪਲ ਜੀ, ਭਾਈ ਖੇਮਾ ਜੀ ਤੇ ਮਾਤਾ ਖੀਵੀ ਜੀ ਆਦਿ ਸੇਵਕ ਗੁਰੂ ਸਾਹਿਬ ਦੀ ਸੇਵਾ ਕਰਦੇ ਸਨ। ਇਹਨਾਂ ਸੇਵਕਾਂ ਦੁਆਰਾ ਗੁਰੂ ਸਾਹਿਬ ਦੀ ਕੀਤੀ ਗਈ ਸੇਵਾ ਦਾ ਵਰਣਨ ਇਸ ਪ੍ਰਕਾਰ ਹੈ:

### ਤਖਤਮਲ ਚੌਧਰੀ

ਤਵਾਰੀਖ ਗੁਰੂ ਖਾਲਸਾ ਅਨੁਸਾਰ ਤਖਤਮਲ ਚੌਧਰੀ ਖਡੂਰ ਦਾ ਖਹਿਰਾ ਜਟ ਸੀ ਜੋ ਕਿ ਗੁਰੂ ਘਰ ਦੀ ਸੇਵਾ ਬਹੁਤ ਕਰਦਾ ਸੀ। ਜੋ ਵੀ ਸੰਗਤ ਵਿਦੇਸ਼ ਤੋਂ ਗੁਰੂ ਸਾਹਿਬ ਪਾਸ ਆਉਂਦੀ ਸੀ, ਸਾਰੀ ਸੰਗਤ ਦੀ ਹਰ ਪ੍ਰਕਾਰ ਦੀ ਸੇਵਾ ਤਖਤਮਲ ਚੌਧਰੀ ਕਰਦਾ ਸੀ।[1] ਤਖਤਮਲ ਚੌਧਰੀ ਗੁਰੂ ਘਰ ਦੇ ਲੰਗਰ ਵਿਚ ਮੱਝਾਂ ਤੇ ਗਊਆਂ ਦਾ ਦੁਧ ਪਹੁੰਚਾਉਦਾ ਸੀ, ਜਿਸਨੂੰ ਵੇਖ ਕੇ ਪਿੰਡ ਦੇ ਹੋਰ ਸਿਖ ਲੰਗਰ ਵਿਚ ਦੁਧ ਪਹੁੰਚਾਉਣ ਲਗੇ।

### ਭਾਈ ਜੀਵਾ ਜੀ

ਗੁਰੂ ਸਾਹਿਬ ਦੇ ਪਾਸ ਜੀਵਾ ਨਾਮ ਦਾ ਸੇਵਕ ਰਹਿੰਦਾ ਸੀ। ਉਹ ਗੁਰੂ ਸਾਹਿਬ ਦੀ ਸੇਵਾ ਕਰਦਾ ਤੇ ਗੁਰੂ ਸਾਹਿਬ ਲਈ ਦਹੀਂ, ਖਿਚੜੀ ਤਿਆਰ ਕਰਕੇ ਲਿਆਉਂਦਾ ਸੀ।[2] ਇਸੇ ਪ੍ਰਕਾਰ ਕਈ ਹੋਰ ਭੋਜਨ ਵੀ ਗੁਰੂ ਸਾਹਿਬ ਨੂੰ ਛਕਾਉਂਦਾ ਸੀ। ਭਾਈ ਜੀਵਾ ਭੋਜਨ ਅੰਮ੍ਰਿਤ ਵੇਲੇ ਤਿਆਰ ਕਰਦਾ ਤੇ ਰੋਜ਼ਾਨਾ ਤਿੰਨ ਕੋਹ ਦੀ ਦੂਰੀ ਤਹਿ ਕਰਕੇ ਗੁਰੂ ਸਾਹਿਬ ਅਗੇ ਹਾਜ਼ਰ ਹੁੰਦਾ। ਜਦ ਤਕ ਭਾਈ ਜੀਵਾ ਜਿਉਂਦਾ ਰਿਹਾ, ਗੁਰੂ ਸਾਹਿਬ ਦੀ ਸੇਵਾ

---

[1] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 295.

[2] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1352.
ਸੇਵਕ ਰਹੈ ਪਾਸ ਇਕ ਜੀਵਾ। ਸੇਵਹਿ ਸ਼ਰਧਾ ਧਰੇ ਸਦੀਵਾ। ਦਧਿ ਸੌਂ ਖਿਚਰੀ ਕਰਿ ਕੈ ਤਯਾਰਿ। ਲਯਾਇ ਅਚਾਵਤਿ ਅਪਰ ਅਹਾਰ॥੨॥ (ਰਾਸਿ 1 ਅੰਸੂ 11)

ਕਰਦਾ ਰਿਹਾ। ਫਿਰ ਭਾਈ ਜੀਵਾ ਦੀ ਪੁਤਰੀ ਤੇ ਜਵਾਈ ਭੋਜਨ ਤਿਆਰ ਕਰਕੇ ਲਿਆਉਂਦੇ ਸਨ। ਇਸ ਤਰ੍ਹਾਂ ਉਹਨਾਂ ਨੇ ਦਸ ਸਾਲ ਲਗਾਤਾਰ ਸੇਵਾ ਕੀਤੀ।

## ਭਾਈ ਗੁੱਜਰ ਜੀ

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸੇਵਕ ਗੁੱਜਰ ਲੁਹਾਰ ਜਾਤ ਨਾਲ ਸੰਬੰਧਿਤ ਸੀ। ਉਹ ਚਲ ਕੇ ਗੁਰੂ ਸਾਹਿਬ ਦੇ ਦਰਬਾਰ ਆਇਆ ਤੇ ਬੰਦਨਾ ਕਰਕੇ ਗੁਰੂ ਸਾਹਿਬ ਦੇ ਪਾਸ ਬੈਠ ਗਿਆ। ਗੁਰੂ ਸਾਹਿਬ ਦੇ ਦਰਸ਼ਨ ਕਰਕੇ ਉਸਨੇ ਬੇਨਤੀ ਕੀਤੀ ਕਿ ਗੁਰੂ ਸਾਹਿਬ ਅਸੀਂ ਭੋਜਨ ਤੇ ਕਪੜੇ ਲਈ ਸਾਰਾ ਦਿਨ ਕੰਮ ਵਿਚ ਲਗੇ ਰਹਿੰਦੇ ਹਾਂ।[3] ਅਸੀਂ ਗ੍ਰਿਹਸਤ ਵਿਚ ਫਸੇ ਹੋਣ ਕਰਕੇ ਵਿਹਲੇ ਨਹੀਂ ਹੁੰਦੇ ਤਾਂ ਕਿ ਤੁਹਾਡੇ ਪਾਸ ਰਹਿ ਕੇ ਤੁਹਾਡੀ ਸੇਵਾ ਕਰੀਏ। ਸਾਡਾ ਕਿਸ ਤਰ੍ਹਾਂ ਕਲਿਆਣ ਹੋਵੇਗਾ? ਇਹ ਸੁਣ ਕੇ ਗੁਰੂ ਸਾਹਿਬ ਨੇ ਉਪਦੇਸ਼ ਦਿਤਾ ਕਿ ਇਕ ਚਿਤ ਹੋ ਕੇ ਸਦਾ ਜਪੁਜੀ ਸਾਹਿਬ ਦਾ ਪਾਠ ਕਰੋ। ਜਿੰਨੀ ਵਾਰ ਨਿਤ ਪੜ੍ਹਿਆ ਜਾਵੇ, ਪੜ੍ਹਦੇ ਰਹੋ ਤਾਂ ਵਡਾ ਫਲ ਪ੍ਰਾਪਤ ਹੋਵੇਗਾ। ਜਪੁਜੀ ਸਾਹਿਬ ਦੇ ਅਰਥਾਂ 'ਤੇ ਵਿਚਾਰ ਕਰੋ ਅਤੇ ਆਪਣੇ ਸਵਾਸ-ਸਵਾਸ ਅੰਦਰ ਧਾਰਨ ਕਰੋ। ਸੇਵਾ, ਉਪਕਾਰ ਜੋ ਵੀ ਭਲੇ ਕੰਮ ਗੁਰੂ ਸਾਹਿਬ ਨੂੰ ਮੁਖ ਰਖ ਕੇ ਕਰੋ। ਜੇ ਕੋਈ ਗਰੀਬ ਵੇਖੋ ਤਾਂ ਉਸ ਦਾ ਕਾਰਜ ਕਰੋ, ਉਸ ਪਾਸੋਂ ਮਜ਼ਦੂਰੀ ਨਾ ਲਵੋ। ਸਦਾ ਗਰੀਬਾਂ 'ਤੇ ਦਇਆ ਕਰੋ। ਸਾਧਨਾ ਕਰਨ ਵਾਲੇ ਸਿਖ ਜੇ ਤੁਹਾਡੇ ਘਰ ਆਉਣ ਤਾਂ ਬਹੁਤ ਪ੍ਰੇਮ ਕਰਕੇ ਉਨ੍ਹਾਂ ਦੀ ਸੇਵਾ ਕਰੋ। ਗੁਰੂ ਸਾਹਿਬ ਦਾ ਹੁਕਮ ਮੰਨ ਕੇ ਭਾਈ ਗੁੱਜਰ ਸੇਵਾ, ਉਪਕਾਰ ਗੁਰੂ ਸਾਹਿਬ ਨੂੰ ਮੁਖ ਰਖ ਕੇ ਕਰਨ ਲਗਾ।

## ਭਾਈ ਧਿੰਗਾ ਨਾਈ ਜੀ

ਗੁਰੂ ਸਾਹਿਬ ਦਾ ਸੇਵਕ ਧਿੰਗਾ ਨਾਈ ਨੁਰੰਗਾਬਾਦ ਦਾ ਰਹਿਣ ਵਾਲਾ ਸੀ। ਧਿੰਗਾ ਨਾਈ ਚਲ ਕੇ ਆਇਆ ਤੇ ਗੁਰੂ ਸਾਹਿਬ ਦੇ ਚਰਨਾਂ 'ਤੇ ਸੀਸ ਨਿਵਾਇਆ। ਸਿਖਾਂ ਦੇ ਪਾਸ ਬੈਠ ਗਿਆ ਅਤੇ ਉਨ੍ਹਾਂ ਨੂੰ ਵੇਖਣ

---

[3] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1354.

ਗੁੱਜਰ ਨਾਮ ਸੁ ਜਾਤ ਲੁਹਾਰ। ਚਲਿ ਆਯਹੁ ਗੁਰੁ ਕੇ ਦਰਬਾਰ।।੨੦।। ਬੰਦਨ ਕਰਿ ਬੈਠਯੋ ਗੁਰ ਪਾਸਿ। ਦਰਸ਼ਨ ਦੇਖਿ ਕਰੀ ਅਰਦਾਸ। ਸੁਨਹੁ ਗੁਰੂ ਸਾਹਿਬ ਹੇਤ ਅਹਾਰ। ਦਿਨ ਸਗਰੇ ਹਮ ਠਾਨਹਿਂ ਕਾਰ।।੨੧।। (ਰਾਸਿ 1 ਅੰਸੂ 11)

ਲਗਾ। ਸਿਖ ਆਪਸ ਵਿਚ ਮਿਲ ਕੇ ਸੇਵਾ ਕਰ ਰਹੇ ਸਨ। ਧਿੰਗਾ ਨਾਈ ਸਿਖਾਂ ਨਾਲ ਮਿਲ ਕੇ ਸੇਵਾ ਕਰਨ ਲਗਾ। ਧਿੰਗਾ ਨਾਈ ਸਿਖਾਂ ਨੂੰ ਗਰਮ ਜਲ ਨਾਲ ਇਸ਼ਨਾਨ ਕਰਵਾਉਂਦਾ ਤੇ ਸਿਖਾਂ ਦੇ ਕਪੜੇ ਧੋਣ ਲਗਾ। ਦਿਨ ਦੇ ਸਮੇਂ ਸਿਖਾਂ ਦੀ ਮੁਠੀ ਚਾਪੀ ਕਰਦਾ, ਪਖਾ ਝਲਦਾ ਤੇ ਭਾਂਡੇ ਧੋਣ ਦੀ ਸੇਵਾ ਕਰਦਾ ਸੀ।[4] ਕਦੇ-ਕਦੇ ਗੁਰੂ ਸਾਹਿਬ ਦੀ ਸੇਵਾ ਕਰਨ ਦਾ ਅਵਸਰ ਮਿਲਦਾ ਤਾਂ ਬੜੇ ਪ੍ਰੇਮ ਨਾਲ ਸੇਵਾ ਕਰਦਾ ਸੀ। ਗੁਰੂ ਸਾਹਿਬ ਦੇ ਅੰਗੂਠੇ 'ਤੇ ਜਖ਼ਮ ਹੋਣ ਕਰਕੇ ਨੀਂਦ ਨਹੀਂ ਆਉਂਦੀ ਸੀ। ਧਿੰਗਾ ਨਾਈ ਸਾਰੀ ਰਾਤ ਮੁਠੀਆਂ ਭਰਦਾ ਰਹਿੰਦਾ ਤਾਂ ਗੁਰੂ ਸਾਹਿਬ ਨੇ ਖੁਸ਼ ਹੋ ਕੇ ਉਸਨੂੰ ਭਗਤ ਸੈਣ ਦੀ ਕਥਾ ਸੁਣਾਈ ਤੇ ਕਥਾ ਸੁਣ ਕੇ ਧਿੰਗਾ ਨਾਈ ਤਨ, ਮਨ ਨਾਲ ਸੰਤਾਂ ਦੀ ਸੇਵਾ ਕਰਨ ਲਗਾ ਤੇ ਨਾਲ-ਨਾਲ ਭਜਨ ਬੰਦਗੀ ਵਲ ਧਿਆਨ ਕਰਨ ਲਗਾ।

## ਭਾਈ ਪਾਰੋ ਜੁਲਕਾ ਜੀ

ਪਾਰੋ ਜੁਲਕਾ ਨਾਮ ਦਾ ਸਿਖ ਸ੍ਰੀ ਗੁਰੂ ਅੰਗਦ ਦੇਵ ਜੀ ਪਾਸ ਆਇਆ।[5] ਉਹ ਕਾਫ਼ੀ ਲੰਮੇ ਸਮੇਂ ਤਕ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਦਾ ਰਿਹਾ ਤੇ ਫਿਰ ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ। ਸ੍ਰੀ ਗੁਰੂ ਅਮਰਦਾਸ ਜੀ ਪਾਸ ਰਹਿ ਕੇ ਉਸ ਨੇ ਬ੍ਰਹਮ-ਗਿਆਨੀ ਦੀ ਪਦਵੀ ਪ੍ਰਾਪਤ ਕੀਤੀ।

## ਸ੍ਰੀ ਅਮਰਦਾਸ ਜੀ

ਸ੍ਰੀ ਗੁਰੂ ਅੰਗਦ ਦੇਵ ਜੀ ਕੋਲ ਸ੍ਰੀ ਅਮਰਦਾਸ ਜੀ ਕਈ ਦਿਨ ਰਹੇ ਤੇ ਮਨ ਵਿਚ ਇਹ ਗਲ 'ਤੇ ਵਿਚਾਰ ਕੀਤੀ ਕਿ ਗੁਰੂ ਸਾਹਿਬ ਦੀ ਸੇਵਾ ਕਰਨੀ ਚਾਹੀਦੀ ਹੈ ਤਾਂ ਕਿ ਉਹ ਪ੍ਰਸੰਨ ਹੋਣ।[6] ਫਿਰ ਸੋਚਿਆ ਕਿ ਗੁਰੂ ਸਾਹਿਬ ਬੇਪਰਵਾਹ ਹਨ, ਭਾਵੇਂ ਉਹਨਾਂ ਦੇ ਮਨ ਵਿਚ ਕੋਈ ਚਾਹਤ ਨਹੀਂ ਹੈ, ਫਿਰ ਵੀ ਦਾਸ ਨੂੰ ਆਪਣਾ

---

[4] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1355.

ਇਕ ਨਾਈ ਧਿੰਗਾ ਚਲਿ ਆਯੋ। ਸ੍ਰੀ ਅੰਗਦ ਪਗ ਸੀਸ ਨਿਵਾਯੋ। ਬੈਠਿ ਗਯੋ ਢਿਗ ਸਿਖ ਗਨ ਹੇਰੇ। (ਰਾਸਿ 1 ਅੰਸੂ 11)

[5] ਉਹੀ, ਪੰਨਾ 1356.

ਪਾਰੋ ਜੁਲਕਾ ਨਾਮ ਸੁ ਆਯੋ। (ਰਾਸਿ 1 ਅੰਸੂ 11)

[6] ਉਹੀ, ਪੰਨਾ 1377.

ਕਿਤਿਕ ਦਯੋਸ ਬੀਤੇ ਜਬੈ ਚਿਤ ਮਹਿਂ ਚਿਤਵਨ ਕੀਨ। ਸੇਵਾ ਚਹੀਯੇ ਗੁਰੂ ਕੀ ਜਿਸ ਤੇ ਹੋਇਂ ਪ੍ਰਸੀਨ॥੧॥ (ਰਾਸਿ 1 ਅੰਸੂ 16)

ਧਰਮ ਵਿਚਾਰ ਕੇ ਪ੍ਰੇਮ ਨਾਲ ਗੁਰੂ ਸਾਹਿਬ ਦੀ ਸੇਵਾ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਸ੍ਰੀ ਅਮਰਦਾਸ ਜੀ ਨੇ ਵਿਚਾਰ ਕੀਤਾ ਕਿ ਮੈਂ ਆਪਣੇ ਹਥਾਂ ਨਾਲ ਜਲ ਭਰ ਕੇ ਲਿਆਵਾਂਗਾ।

ਸ੍ਰੀ ਅਮਰਦਾਸ ਜੀ ਨੇ ਸਾਰੇ ਸਿਖਾਂ ਨੂੰ ਮਿਲ ਕੇ ਕਿਹਾ ਕਿ ਜਲ ਦੀ ਸੇਵਾ ਮੈਨੂੰ ਬਖਸ਼ੋ। ਆਗਿਆ ਲੈ ਕੇ ਗਾਗਰ ਨੂੰ ਸਿਰ ਉਤੇ ਚੁਕ ਲਿਆ ਤੇ ਜਲ ਲਿਆਉਣ ਲਗੇ। ਜਿਥੇ ਲੰਗਰ ਤਿਆਰ ਹੁੰਦਾ ਸੀ, ਉਥੇ ਜਲ ਦਿੰਦੇ ਤੇ ਸਭ ਸਿਖਾਂ ਨੂੰ ਜਲ ਛਕਾਉਂਦੇ। ਸ੍ਰੀ ਗੁਰੂ ਅੰਗਦ ਦੇਵ ਜੀ ਜਦ ਪਹਿਰ ਰਾਤ ਰਹਿੰਦਿਆਂ ਜਾਗਦੇ ਸਨ ਤਾਂ ਉਸ ਸਮੇਂ ਇਸ਼ਨਾਨ ਕਰਦੇ ਸਨ। ਇਸ ਲਈ ਗੁਰੂ ਸਾਹਿਬ ਦੇ ਜਾਗਣ ਤੋਂ ਪਹਿਲਾਂ ਹੀ ਸ੍ਰੀ ਅਮਰਦਾਸ ਜੀ ਜਲ ਦੀ ਗਾਗਰ ਭਰ ਕੇ ਲੈ ਆਉਂਦੇ ਸਨ। ਪਹਿਲਾਂ ਇਸ਼ਨਾਨ ਕਰਵਾਉਂਦੇ ਸਨ, ਫਿਰ ਕਪੜੇ ਧੋਣ ਦੀ ਸੇਵਾ ਕਰਦੇ ਸਨ। ਇਸ ਦੇ ਨਾਲ-ਨਾਲ ਗੁਰੂ ਸਾਹਿਬ ਦੇ ਸਾਰੇ ਬਰਤਨ ਸਾਫ ਕਰਨੇ ਤੇ ਗਰਮੀ ਦੇ ਸਮੇਂ ਪਖਾ ਝਲਣਾ, ਗੁਰੂ ਸਾਹਿਬ ਦੇ ਸੌਣ ਲਈ ਉਹਨਾਂ ਦੇ ਬਿਸਤਰੇ ਨੂੰ ਝਾੜ ਕੇ ਵਿਛਾਉਣਾ ਆਦਿ ਸੇਵਾਵਾਂ ਸ੍ਰੀ ਅਮਰਦਾਸ ਜੀ ਕਰਦੇ ਸਨ। ਜਦ ਇਸ ਤਰ੍ਹਾਂ ਸੇਵਾ ਕਰਦਿਆਂ ਸਾਲ ਬੀਤ ਗਿਆ ਤਾਂ ਗਲ ਵਿਚ ਜਿਹੜੇ ਕਪੜੇ ਪਾਏ ਸਨ, ਉਹ ਬਹੁਤ ਪੁਰਾਣੇ ਹੋ ਗਏ ਸਨ। ਫਿਰ ਵੀ ਹਰ ਵੇਲੇ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਕਰਨ ਨੂੰ ਤਿਆਰ ਰਹਿੰਦੇ ਸਨ, ਹੋਰ ਕੋਈ ਮਨੋਰਥ ਨਹੀਂ ਸੀ। ਜਦ ਭੁਖ ਪਿਆਸ ਲਗਦੀ ਤਾਂ ਜੀਵਨ ਨਿਰਬਾਹ ਲਈ ਕੁਝ ਖਾਂਦੇ ਪੀਂਦੇ ਸਨ।

ਜਦੋਂ ਉਮਰ ਬਹਤਰ (72) ਸਾਲ ਦੀ ਹੋ ਗਈ ਸੀ ਤੇ ਸਰੀਰ ਨਿਰਬਲ ਹੋ ਗਿਆ ਫਿਰ ਵੀ ਸੇਵਾ ਬਹੁਤ ਪ੍ਰਸੰਨ ਹੋ ਕੇ ਕਰਦੇ ਸਨ। ਆਲਸ ਛਡ ਕੇ ਬੜੇ ਉਦਮ ਨਾਲ ਸੇਵਾ ਕਰਦੇ ਸਨ। ਗਾਗਰ ਚੁਕ ਕੇ ਜਲ ਭਰ ਲਿਆਉਂਦੇ ਸਨ। ਆਪਣੇ ਸਰੀਰ ਦੀ, ਆਪਣੇ ਘਰ ਦੀ, ਆਪਣੇ ਪਰਿਵਾਰ ਦੀ ਸੁਧ ਭੁਲ ਗਈ ਸੀ। ਤਨ ਕਰਕੇ ਗੁਰੂ ਸਾਹਿਬ ਦੀ ਸਭ ਸੇਵਾ ਕਰਦੇ ਸਨ ਤੇ ਮਨ ਕਰਕੇ ਗੁਰੂ ਸ਼ਬਦ ਦੀ ਸਦਾ ਸੰਭਾਲ ਕਰਦੇ ਸਨ। ਤੀਸਰੇ ਸਾਲ ਵਿਚ ਸ੍ਰੀ ਅੰਗਦ ਦੇਵ ਜੀ ਨੇ ਸ੍ਰੀ ਅਮਰਦਾਸ ਨੂੰ ਤੀਜਾ ਡੇਢ ਗਜ਼ ਦਾ ਕਪੜਾ ਦਿਤਾ।[7] ਸ੍ਰੀ

---

[7] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1380.
ਤ੍ਰਿਤੀ ਬਰਖ ਮਹਿਂ ਸ੍ਰੀ ਗੁਰੁ ਅੰਗਦ ਤ੍ਰਿਤੀ ਡੇਢ ਗਜ ਦੀਨਹੁ ਚੀਰ। ਨਹਿਂ ਬੋਲਹਿਂ ਤਿਹਂ ਸੰਗੁ ਕਬਹਿ ਕਛੁ ਬੈਠਹਿਂ ਦੂਰ ਕੋ ਹੋਵਹਿਂ ਤੀਰ। (ਰਾਸਿ 1 ਅੰਸੂ 16)

ਅਮਰਦਾਸ ਕਦੇ ਵੀ ਬੋਲਦੇ ਨਹੀਂ ਸਨ, ਕਦੇ ਦੂਰ ਹੋ ਕੇ ਬੈਠਦੇ ਸਨ ਤੇ ਕਦੇ ਨੇੜੇ ਹੋ ਜਾਂਦੇ ਸਨ। ਉਹਨਾਂ ਦੇ ਹਥ ਪੈਰ ਦੋਵੇਂ ਹੋਰ ਰੰਗ ਦੇ ਹੋ ਗਏ ਸਨ ਤੇ ਠੰਡਾ ਜਲ ਲਗਣ ਨਾਲ ਮਾਸ ਫਟ ਗਿਆ ਸੀ। ਫਿਰ ਹਰ ਸਮੇਂ ਧੀਰਜ ਨਾਲ ਸੇਵਾ ਕਰਨ ਲਈ ਤਤਪਰ ਰਹਿੰਦੇ ਸਨ।

## ਭਾਈ ਖੀਓ ਭੱਲਾ ਜੀ

ਸ੍ਰੀ ਗੁਰੂ ਅੰਗਦ ਦੇਵ ਜੀ ਇਕ ਦਿਨ ਭੈਰੋਂਪੁਰ ਪਿੰਡ ਵਿਖੇ ਪਹੁੰਚੇ। ਇਸ ਪਿੰਡ ਵਿਚ ਖੀਓ ਭੱਲਾ ਨਾਮੀਂ ਸਿਖ ਵਸਦਾ ਸੀ। ਜਦ ਉਸਨੇ ਸੁਣਿਆ ਕਿ ਗੁਰੂ ਸਾਹਿਬ ਨਗਰ ਵਿਚ ਆਏ ਹਨ ਤਾਂ ਖੁਸ਼ ਹੋਇਆ ਹੋ ਕੇ ਗੁਰੂ ਸਾਹਿਬ ਪਾਸ ਆਇਆ ਤੇ ਗੁਰੂ ਸਾਹਿਬ ਦੇ ਚਰਨਾਂ 'ਤੇ ਸਿਰ ਰਖਿਆ। ਫਿਰ ਗੁਰੂ ਸਾਹਿਬ ਅਗੇ ਬੇਨਤੀ ਕੀਤੀ ਕਿ ਤੁਸੀਂ ਇਥੇ ਠਹਿਰੋ ਮੈਂ ਭੋਜਨ ਲਿਆਉਂਦਾ ਹਾਂ, ਭੋਜਨ ਛਕ ਕੇ ਮੇਰੇ 'ਤੇ ਕਿਰਪਾ ਕਰੋ।

ਬੇਨਤੀ ਕਰਕੇ ਗੁਰੂ ਸਾਹਿਬ ਦਾ ਆਪਣੇ ਪਿੰਡ ਡੇਰਾ ਕਰਵਾਇਆ ਤੇ ਘਰ ਵਿਚ ਭੋਜਨ ਤਿਆਰ ਕਰਵਾਏ।[8] ਖੀਓ ਭੱਲੇ ਦਾ ਪ੍ਰੇਮ ਵੇਖ ਕੇ ਗੁਰੂ ਸਾਹਿਬ ਉਸਦੇ ਘਰ ਚਲ ਗਏ। ਖੀਓ ਭੱਲੇ ਨੇ ਜਲ ਦਾ ਛਿੜਕਾਅ ਕਰਕੇ ਸੁੰਦਰ ਵਸਤਰ ਵਿਛਾਏ ਅਤੇ ਉਤੇ ਸੁੰਦਰ ਚੌਂਕੀ ਡਾਹ ਦਿਤੀ। ਉਸ ਚੌਂਕੀ ਉਤੇ ਵਸਤਰ ਵਿਛਾ ਕੇ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਬਿਠਾਇਆ। ਇਕ ਵਡਾ ਥਾਲ ਗੁਰੂ ਸਾਹਿਬ ਅਗੇ ਰਖ ਦਿਤਾ ਤੇ ਖੀਰ, ਖੰਡ, ਘਿਉ ਉਸ ਥਾਲ ਵਿਚ ਪਾ ਦਿਤਾ। ਖੀਓ ਭਲਾ ਨੇ ਗੁਰੂ ਸਾਹਿਬ ਨੂੰ ਆਪਣੇ ਹਥਾਂ ਨਾਲ ਖਾਣਾ ਪਰੋਸਿਆ। ਗੁਰੂ ਸਾਹਿਬ ਆਪਣੇ ਸੇਵਕ ਦੁਆਰਾ ਕੀਤੀ ਗਈ ਸੇਵਾ ਤੋਂ ਬਹੁਤ ਪ੍ਰਸੰਨ ਹੋਏ।

## ਭਾਈ ਸ਼ੀਹਾਂ ਉਪਲ ਜੀ

ਇਕ ਦਿਨ ਸ੍ਰੀ ਗੁਰੂ ਅੰਗਦ ਦੇਵ ਜੀ ਗੋਇੰਦਵਾਲ ਗਏ। ਉਥੇ ਜਾ ਕੇ ਆਪਣੇ ਸੇਵਕ ਸ੍ਰੀ ਅਮਰਦਾਸ ਜੀ ਨੂੰ ਦਰਸ਼ਨ ਦਿਤੇ ਤੇ ਬਚਨ-ਬਿਲਾਸ ਕੀਤੇ। ਉਥੋਂ ਜਦ ਗੁਰੂ ਸਾਹਿਬ ਵਾਪਸ ਆ ਰਹੇ ਸਨ ਤਾਂ ਰਸਤੇ ਵਿਚ ਸ਼ੀਹਾਂ ਉਪਲ ਮਿਲ ਪਿਆ। ਉਸ ਨੇ ਵੇਖਦਿਆਂ ਹੀ ਗੁਰੂ ਸਾਹਿਬ ਦੇ ਚਰਨਾਂ 'ਤੇ ਬੰਦਨਾਂ ਕੀਤੀ।

---

[8] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1416.

ਇਮਿ ਕਹਿ ਸਤਿਗੁਰ ਗ੍ਰਾਮ ਟਿਕਾਏ। ਸਦਨ ਅਹਾਰ ਤਯਾਰ ਕਰਿਵਾਏ।।੨੨।। (ਰਾਸਿ 1 ਅੰਸੂ 24)

ਸ਼ੀਹਾਂ ਗੁਰੂ ਸਾਹਿਬ ਦਾ ਸਿਖ ਹੋਇਆ ਤੇ ਗੁਰੂ ਸਾਹਿਬ ਦੇ ਚਰਨਾਂ ਦੀ ਸੇਵਾ ਕਰਦਾ ਰਿਹਾ।[9] ਗੁਰੂ ਸਾਹਿਬ ਬਾਰੇ ਉਸਦੀ ਪ੍ਰਤੀਤ ਦ੍ਰਿੜ ਹੋ ਗਈ ਤੇ ਬਾਕੀ ਸਭ ਦੀ ਪੂਜਾ ਛਡ ਦਿਤੀ।

## ਭਾਈ ਖੇਮਾ ਜੀ

ਜਦ ਗੁਰੂ ਸਾਹਿਬ ਭੈਰੋਂ ਨਾਮ ਪਿੰਡ ਪਾਸ ਆਏ ਤਾਂ ਸਤਰ ਬਰਸ ਦਾ ਬੁਢਾ ਆਦਮੀ ਗੁਰੂ ਸਾਹਿਬ ਦਾ ਪ੍ਰੇਮੀ ਭਾਈ ਖੇਮਾ ਖ਼ਬਰ ਸੁਣ ਕੇ ਅਗੇ ਆ ਖੜੋਤਾ ਤੇ ਬਹੁਤ ਬੇਨਤੀਆਂ ਕਰਕੇ ਗੁਰੂ ਸਾਹਿਬ ਨੂੰ ਆਪਣੇ ਘਰ ਲੈ ਗਿਆ।[10] ਉਸ ਨੇ ਵਿਆਹ ਵੀ ਦੋ ਕਰਵਾਏ ਸਨ, ਪਰ ਔਲਾਦ ਨਹੀਂ ਸੀ। ਉਸ ਨੇ ਸੰਗਤ ਤੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ, ਪ੍ਰਸ਼ਾਦ ਛਕ ਚੁਕੇ ਤਾਂ ਸ੍ਰੀ ਅਮਰਦਾਸ ਜੀ ਨੇ ਅਰਦਾਸ ਕਰ ਦਿਤੀ ਕਿ ਭਾਈ ਖੇਮੇ ਦੇ ਘਰ ਪੁਤਰ ਹੋਵੇ। ਗੁਰੂ ਸਾਹਿਬ ਦੇ ਬਚਨਾਂ ਸਦਕਾ ਸਾਲ ਬਾਅਦ ਭਾਈ ਖੇਮੇ ਦੇ ਘਰ ਪੁਤਰ ਪੈਦਾ ਹੋਇਆ।

## ਮਾਤਾ ਖੀਵੀ ਜੀ

ਮਾਤਾ ਖੀਵੀ ਜੀ (ਗੁਰੂ ਕੇ ਮਹਿਲ) ਆਪ ਲੰਗਰ ਵਿਚ ਬੈਠਕੇ ਕੜਾਹ ਪ੍ਰਸ਼ਾਦ ਤੇ ਲੰਗਰ ਵਿਚ ਸੰਗਤ ਨੂੰ ਖੀਰ ਵਰਤਾਉਣ ਦੀ ਸੇਵਾ ਕਰਦੇ ਸਨ।[11] ਭਾਈ ਸਤਾ ਤੇ ਬਲਵੰਡ ਜੀ 'ਰਾਮਕਲੀ ਦੀ ਵਾਰ' ਵਿਚ ਮਾਤਾ ਖੀਵੀ ਨੂੰ 'ਨੇਕ ਜਨ' ਤੇ 'ਬਹੁਤੀ ਛਾਉ ਪਤ੍ਰਾਲੀ' ਲਕਬ ਨਾਲ ਸਨਮਾਨ ਦਿੰਦੇ ਹਨ:

ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥
ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ॥[12]

---

[9] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1424.
ਭਯੋ ਸਿੱਖ ਤਿਸੁ ਦਿਨਤੇ ਗੁਰ ਕੋ। ਸੇਵਹਿ ਚਰਨ ਭਾਉ ਕਰਿ ਉਰਕੋ। (ਰਾਸਿ 1 ਅੰਸੂ 24)

[10] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆ ਪੰਨਾ 304.

[11] ਉਹੀ, ਪੰਨਾ 310.

[12] ਸ੍ਰੀ ਗੁਰੂ ਗ੍ਰੰਥ ਸਾਹਿਬ, 967.

## ਸ੍ਰੀ ਗੁਰੂ ਅਮਰਦਾਸ ਜੀ ਦੇ ਸਮਕਾਲੀ ਸੇਵਕ

ਸ੍ਰੀ ਗੁਰੂ ਅਮਰਦਾਸ ਜੀ ਦੇ ਸਮਕਾਲੀ ਸੇਵਕ ਭਾਈ ਬੱਲੂ ਜੀ, ਭਾਈ ਭਾਨਾ ਜੀ, ਭਾਈ ਸਚਨਿ ਸਚ ਜੀ, ਭਾਈ ਪਾਰੋ ਜੁਲਕਾ ਜੀ, ਭਾਈ ਲਾਲੋ ਜੀ, ਭਾਈ ਖਾਨ ਛੁਰਾ ਜੀ, ਭਾਈ ਮਹੇਸ਼ਾ ਜੀ, ਭਾਈ ਲਾਲੂ ਜੀ, ਭਾਈ ਦੁਰਗਾ ਜੀ, ਭਾਈ ਜੀਵੰਦਾ ਜੀ, ਭਾਈ ਜੱਗਾ ਜੀ, ਭਾਈ ਜੋਧ ਜੀ, ਭਾਈ ਮਲਣ ਜੀ, ਭਾਈ ਜੇਠਾ ਜੀ, ਭਾਈ ਮਾਣਕ ਚੰਦ ਜੀ, ਪਤੀਬ੍ਰਤਾ ਮਾਈ ਜੀ, ਭਾਈ ਸੰਤ ਸਧਾਰਨ ਜੀ, ਬੀਬੀ ਭਾਨੀ ਜੀ, ਬਾਦਸ਼ਾਹ ਅਕਬਰ ਤੇ ਭਾਈ ਲੰਗਾਹ ਜੀ ਆਦਿ ਸੇਵਕ ਗੁਰੂ ਸਾਹਿਬ ਦੀ ਸੇਵਾ ਕਰਦੇ ਸਨ। ਇਹਨਾਂ ਸੇਵਕਾਂ ਦੁਆਰਾ ਕੀਤੀ ਗਈ ਸੇਵਾ ਦੇ ਸਰੋਕਾਰਾਂ ਦਾ ਵਰਣਨ ਇਸ ਪ੍ਰਕਾਰ ਹੈ:

## ਭਾਈ ਬੱਲੂ ਜੀ

ਭਾਈ ਬੱਲੂ ਨਾਮ ਦੇ ਸਿਖ ਤੋਂ ਗੁਰੂ ਸਾਹਿਬ ਪ੍ਰਸੰਨ ਹੋ ਕੇ ਨਿਤ ਸੇਵਾ ਕਰਵਾਉਂਦੇ ਸਨ। ਬੱਲੂ ਹਿਤ ਲਾ ਕੇ ਗੁਰੂ ਸਾਹਿਬ ਦੇ ਸਾਹਮਣੇ ਖੜਾ ਰਹਿੰਦਾ ਸੀ। ਜਦ ਗੁਰੂ ਸਾਹਿਬ ਟਹਿਲ ਸੇਵਾ ਫੁਰਮਾਉਂਦੇ ਸਨ ਤਾਂ ਉਹ ਉਸੇ ਤਰ੍ਹਾਂ ਪ੍ਰੇਮ ਨਾਲ ਸੇਵਾ ਕਰਦਾ ਸੀ।[1] ਇਸ ਕਰਕੇ ਗੁਰੂ ਸਾਹਿਬ ਭਾਈ ਬੱਲੂ ਦੀ ਸੇਵਾ ਤੋਂ ਪ੍ਰਸੰਨ ਹੁੰਦੇ ਸਨ। ਜਦ ਗੁਰੂ ਸਾਹਿਬ ਕੋਲ ਸਿਖ ਦਰਸ਼ਨਾਂ ਲਈ ਆਏ ਸਨ ਤਾਂ ਸਿਖਾਂ ਦੇ ਮਨ ਦੀ ਬੇਨਤੀ ਸੁਣ ਕੇ ਗੁਰੂ ਸਾਹਿਬ ਨੇ ਭਾਈ ਬੱਲੂ ਨੂੰ ਹੁਕਮ ਕੀਤਾ ਕਿ ਫਰਸ਼ ਉਤੇ ਸੁੰਦਰ ਚੰਦੋਆ ਤਾਣ ਕੇ ਉਸ ਥਾਂ ਸਾਰੇ ਸਿਖ ਬੈਠਾ ਦਿਉ। ਜਿਵੇਂ-ਜਿਵੇਂ ਗੁਰੂ ਸਾਹਿਬ ਨੇ ਹੁਕਮ ਕੀਤਾ ਸੀ, ਭਾਈ ਬੱਲੂ ਨੇ ਉਸ ਤਰ੍ਹਾਂ ਹੀ ਤਿਆਰੀ ਕੀਤੀ।

ਗੁਰੂ ਸਾਹਿਬ ਅੰਮ੍ਰਿਤ ਵੇਲੇ ਜਾਗ ਪੈਂਦੇ ਸਨ ਤੇ ਸਿਮਰਨ ਦਾ ਸਮਾਂ ਜਾਣ ਕੇ ਭਾਈ ਬੱਲੂ ਨੂੰ ਹੁਕਮ ਕਰਦੇ ਸਨ ਕਿ ਜਲ ਦੀ ਗਾਗਰ ਲੈ ਕੇ ਆਵੋ। ਭਾਈ ਬੱਲੂ ਹੁਕਮ ਮੰਨ ਕੇ ਬਿਆਸ ਨਦੀ ਤੋਂ ਜਲ ਦੀ ਗਾਗਰ ਭਰ ਕੇ ਲਿਆਉਂਦਾ ਸੀ। ਜਿਸ ਨਾਲ ਗੁਰੂ ਸਾਹਿਬ ਇਸ਼ਨਾਨ ਕਰਦੇ। ਗੁਰੂ ਸਾਹਿਬ ਸਦਾ ਸਵੇਰੇ ਕੇਸੀ

---

[1] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1436.
ਬਲੂ ਤੇ ਨਿਤ ਪ੍ਰਤਿ ਸਭਿ ਸੇਵਾ ਹੁਇ ਪ੍ਰਸੰਨ ਸਤਿਗੁਰ ਕਰਵਾਇ। ਪ੍ਰੇਮ ਜੁਗਤਿ ਸੋ ਨੀਕੇ ਕਰਤਾ ਸਨਮੁਖ ਖਰੋ ਰਹੈ ਹਿਤ ਲਾਇ।
ਜਬਿ ਕੁਛ ਟਹਿਲ ਕਰਹਿ ਫੁਰਮਾਵਨਿ ਤਬਿ ਸੋ ਕਰਤਿ ਸੁਧਾਰਿ ਬਨਾਇ। (ਰਾਸਿ 1 ਅੰਸੂ 29)

ਇਸ਼ਨਾਨ ਦਹੀਂ ਨਾਲ ਕਰਦੇ ਸਨ, ਬਹੁਤ ਬ੍ਰਿਧ ਹੋਣ ਕਰਕੇ ਕੇਸ ਚਿਟੇ ਹੋ ਗਏ ਸਨ। ਇਸ ਕਰਕੇ ਆਪਣੇ ਹਥਾਂ ਨਾਲ ਦਾੜੇ ਨੂੰ ਧੋਂਦੇ ਸਨ। ਭਾਈ ਬੱਲੂ ਸਾਰੇ ਸਰੀਰ ਨੂੰ ਆਪਣੇ ਹਥਾਂ ਨਾਲ ਚੰਗੀ ਤਰ੍ਹਾਂ ਵਟਣਾ ਮਲ ਕੇ ਮਾਲਸ਼ ਕਰਦੇ ਸਨ।

## ਭਾਈ ਭਾਨਾ ਜੀ

ਸ੍ਰੀ ਗੁਰੂ ਅਮਰਦਾਸ ਜੀ ਨਿਤ ਅੰਮ੍ਰਿਤ ਵੇਲੇ ਜਾਗਦੇ ਸਨ। ਸਾਧ ਸੰਗਤ ਨੂੰ ਵੀ ਗੁਰੂ ਸਾਹਿਬ ਨੇ ਉਸੇ ਵੇਲੇ ਉਠ ਕੇ ਇਸ਼ਨਾਨ ਤੇ ਨਾਮ ਜਪਣ ਦਾ ਹੁਕਮ ਦਿਤਾ ਸੀ।[2] ਆਪ ਗੁਰੂ ਸਾਹਿਬ ਇਸ਼ਨਾਨ ਬਿਆਸ ਨਦੀ ਦੇ ਜਲ (ਜੋ ਭਾਈ ਭਾਨਾ ਜ਼ਿਮੀਦਾਰ ਸਿਖ ਨੇਮ ਨਾਲ ਲਿਆਇਆ ਕਰਦਾ ਸੀ) ਨੂੰ ਗਰਮ ਕਰਕੇ ਇਸ਼ਨਾਨ ਕਰਦੇ ਤੇ ਫਿਰ ਅਕਾਲ ਪੁਰਖ ਦੇ ਧਿਆਨ ਵਿਚ ਜੁੜ ਜਾਂਦੇ। ਪਹੁ ਫੁਟੀ ਤੋਂ ਸਫੈਦ ਪੁਸ਼ਾਕਾ ਪਹਿਨ ਕੇ ਸਿੰਘਾਸਨ ਉਤੇ ਆ ਕੇ ਬੈਠ ਜਾਂਦੇ ਸਨ। ਭਾਈ ਸਾਦੂ, ਬਾਦੂ ਕੀਰਤਨ ਕਰਦੇ ਤੇ ਗੁਰੂ ਸਾਹਿਬ ਸਿਖਾਂ ਨੂੰ ਦਰਸ਼ਨ ਦੇ ਕੇ ਨਿਹਾਲ ਕਰਦੇ।

## ਭਾਈ ਸਚਨਿ ਸਚ ਜੀ

ਇਕ ਸੇਵਕ ਸਦਾ ਲੰਗਰ ਲਈ ਜੰਗਲ ਵਿਚ ਜਾ ਕੇ ਲਕੜਾਂ ਦੀ ਪੰਡ ਲਿਆਉਂਦਾ ਸੀ। ਉਸ ਦੀ ਕੇਵਲ ਗੁਰੂ ਦੇ ਚਰਨਾਂ ਨਾਲ ਹੀ ਪ੍ਰੇਮ ਸੀ, ਉਹ ਹੋਰ ਕਿਸੇ ਨੂੰ ਪ੍ਰੇਮ ਨਹੀ ਕਰਦਾ ਸੀ। ਕ੍ਰਿਆਕਰਮ, ਵਿਵਹਾਰ ਆਚਰਣ ਤੇ ਯੁਕਤੀ ਆਦਿ ਕੁਝ ਨਹੀਂ ਜਾਣਦਾ ਸੀ। ਪੜ੍ਹਨ-ਸੁਣਨ, ਕਿਸੇ ਨਾਲ ਲੈਣ-ਦੇਣ ਆਦਿ ਕੁਝ ਨਹੀਂ ਜਾਣਦਾ ਸੀ ਭਾਵ ਬਿਲਕੁਲ ਸਿਧਾ-ਸਾਧਾ ਸੀ।[3] ਉਸ ਨੇ ਸੇਵਾ ਕਰਨ ਵਿਚ ਹੀ ਪ੍ਰੇਮ ਧਾਰਨ ਕੀਤਾ ਹੋਇਆ ਸੀ। ਹਰ ਵੇਲੇ ਮੁਖ ਤੋਂ ਸਚਨਿ-ਸਚ ਬੋਲਦਾ ਸੀ, ਦੂਜੀ ਕੋਈ ਗਲ ਸੁਣਦਾ ਨਹੀ ਸੀ। ਉਠਦਾ-ਬੈਠਦਾ,

---

[2] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 341.

[3] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1457.

ਇਕ ਸੇਵਕ ਨਿਤ ਲੰਗਰ ਕੇ ਹਿਤ ਸਮਧਾ ਬਨ ਤੇ ਭਾਰ ਸੁ ਲਯਾਇ। ਪ੍ਰੀਤਿ ਰਿਦੈ ਸਤਿਗੁਰ ਪਦ ਪੰਕਜ ਅਪਰ ਨ ਪ੍ਰੇਮ ਕਰੇ ਕਿਸਿ ਥਾਇਂ। ਕ੍ਰਿਆ ਕਰਮ, ਬਿਵਹਾਰ ਅਚਾਰਨਿ, ਜੁਕਤਿ ਨ ਕੋਊ ਜਾਨਿ ਸਕਾਇ। ਪਠਨਿ ਸੁਨਨਿ, ਬੋਲਨਿ ਗਤਿ ਮਿਲਿਬੋ, ਦੇਨ, ਲੇਨ, ਕੁਛ ਨਹੀਂ ਲਖਾਇ।।੧੯।। (ਰਾਸਿ 1 ਅੰਸੂ 33)

ਆਉਦਾ-ਜਾਂਦਾ ਜੰਗਲ ਵਿਚ, ਨਗਰ ਵਿਚ, ਸਭ ਥਾਂ 'ਸਚਨਿ-ਸਚ' ਬਚਨ ਦਾ ਹੀ ਉਚਾਰਨ ਕਰਦਾ ਸੀ ਤੇ ਮਨ ਵਿਚ ਹਰ ਵੇਲੇ ਗੁਰੂ ਦਾ ਧਿਆਨ ਰਖਦਾ ਸੀ। ਸਾਰੀ ਸਿਖ-ਸੰਗਤ ਨੇ ਉਸ ਦੇ ਇਹ ਵਾਰ-ਵਾਰ ਕਹੇ 'ਸਚਨਿ-ਸਚ' ਸ਼ਬਦ ਸੁਣ ਕੇ ਉਸ ਦਾ ਨਾਂ ਹੀ 'ਸਚਨਿ-ਸਚ' ਰਖ ਦਿਤਾ। ਗੁਰੂ ਸਾਹਿਬ ਉਸ 'ਤੇ ਬਹੁਤ ਦਇਆ ਕਰਦੇ ਸਨ ਤੇ ਹਿਰਦੇ ਵਿਚ ਪ੍ਰਸੰਨ ਹੋ ਕੇ ਬਹੁਤ ਹਸਦੇ ਸਨ। ਗੁਰੂ ਸਾਹਿਬ ਕਹਿੰਦੇ ਸਨ ਕਿ ਆਵੋ 'ਸਚਨਿ-ਸਚ' ਬਾਅਦ ਵਿਚ ਉਸ ਦੀ ਸੇਵਾ ਵੇਖ ਕੇ ਬਹੁਤ ਸ਼ਲਾਘਾ ਕਰਦੇ ਸਨ।

ਭਾਈ ਸਚਨਿ-ਸਚ ਆਪਣੇ ਉਤੇ ਇਕ ਕੰਬਲ ਲੈਂਦੇ ਸਨ, ਜਿਸ ਕਰਕੇ ਉਹਨਾਂ ਨੂੰ ਭੂਰੀ ਵਾਲਾ ਕਹਿੰਦੇ ਸਨ। ਭਾਈ ਸਚਨਿ ਸਚ ਬਾਲਣ ਲੈਣ ਲਈ ਜੰਗਲ ਵਿਚ ਜਾਂਦੇ ਸਨ। ਇਕ ਦਿਨ ਉਹ ਬਾਲਣ ਦੀ ਪੰਡ ਬੰਨਣ ਲਈ ਜੰਗਲ ਵਿਚ ਗਏ ਤਾਂ ਉਹਨਾਂ ਨੂੰ ਵੇਖ ਕੇ ਹਰੀਪੁਰ ਦੇ ਰਾਜੇ ਦੀ ਪਾਗਲ ਇਸਤਰੀ ਬੜਾ ਭਿਆਨਕ ਰੂਪ ਬਣਾ ਕੇ ਉਹਨਾਂ ਵਲ ਦੌੜੀ ਆਈ।[4] ਭਾਈ ਸਚਨਿ ਸਚ ਨੂੰ ਵੇਖ ਕੇ ਉਸਨੇ ਆ ਫੜਿਆ। ਉਸਨੇ ਨੌਹਾਂ ਨਾਲ ਸਚਨਿ-ਸਚ ਦੇ ਸਾਰੇ ਸਰੀਰ ਨੂੰ ਜ਼ਖਮੀ ਕਰ ਦਿਤਾ। ਸਚਨਿ-ਸਚ ਨੇ ਲਕੜੀ ਨਾਲ ਨੂੰ ਡਰਾਇਆ ਤੇ ਉਹ ਛਡ ਕੇ ਜੰਗਲ ਵਲ ਚਲੀ ਗਈ। ਭਾਈ ਸਚਨਿ ਸਚ ਨੇ ਡਰਦੇ-ਡਰਦੇ ਕੁਝ ਬਾਲਣ ਇਕਠਾ ਕੀਤਾ ਤੇ ਤੁਰੰਤ ਪੰਡ ਬੰਨ੍ਹ ਕੇ ਨਗਰ ਵਲ ਚਲਾ ਗਿਆ। ਉਸਦੇ ਸਰੀਰ ਵਿਚੋਂ ਖ਼ੂਨ ਸਿੰਮ ਰਿਹਾ ਸੀ ਤੇ ਬਾਲਣ ਬਹੁਤ ਥੋੜਾ ਸੀ। ਸਾਰੀ ਸੰਗਤ ਨੇ ਵੇਖ ਕੇ ਪੁਛਿਆ ਕਿ ਤੁਹਾਡੀ ਇਹ ਹਾਲਤ ਕਿਸ ਨੇ ਕੀਤੀ ਹੈ? ਗੁਰੂ ਸਾਹਿਬ ਨੇ ਭਾਈ ਸਚਨਿ ਸਚ ਨੂੰ ਆਪਣੇ ਪਾਸ ਬੁਲਾਇਆ ਤੇ ਪੁਛਿਆ ਇਹ ਸਭ ਕਿਥੇ ਹੋਇਆ ਹੈ? ਗੁਰੂ ਸਾਹਿਬ ਅਗੇ ਹਥ ਜੋੜ ਕੇ ਭਾਈ ਸਚਨਿ-ਸਚ ਨੇ ਕਿਹਾ ਕਿ ਜੰਗਲ ਵਿਚ ਇਕ ਬਲਾ ਰਹਿੰਦੀ ਹੈ, ਉਸ ਦੇ ਵਾਲ ਖਿਲਰੇ ਹੋਏ ਸਨ ਤੇ ਸਾਰੇ ਅੰਗ ਨੰਗੇ ਸਨ, ਮੈਨੂੰ ਵੇਖ ਝਟ ਆ ਗਈ ਤੇ ਦੰਦਾਂ, ਨੌਹਾਂ ਨਾਲ ਮੈਨੂੰ ਕਟਿਆ। ਇਹ ਸੁਣ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹਾ ਕਿ ਡਰਨ ਦੀ ਕੋਈ ਲੋੜ ਨਹੀ, ਉਹ ਕੋਈ ਬਲਾ ਨਹੀਂ ਹੈ। ਜਦੋਂ ਤੁਸੀਂ ਕਲ ਜੰਗਲ ਵਿਚ ਗਏ ਤਾਂ ਨਾਲ ਮੇਰੀ ਖੜਾਂਵ ਲੈ ਕੇ ਜਾਵੋ ਤੇ ਜਦ ਉਹ ਤੁਹਾਡੇ ਵਲ ਦੌੜ ਕੇ ਆਵੇ ਤਾਂ ਖੜਾਂਵ ਨੂੰ ਉਸ ਦੇ ਸਿਰ ਵਿਚ ਮਾਰੋ।

---

[4] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1457.
ਸੇਵਹਿ ਸਦਾ ਦੇਗ ਕੀ ਸੇਵਾ, ਲਯਾਵਨਿ ਸਮਧਾ ਆਦਿ ਜਿ ਕਾਰ। ਸੋ ਬਨ ਬਿਖੈ ਨਿਤਾਪ੍ਰਤਿ ਗਮਨਤਿ ਇਕ ਦਿਨ ਗਯੋ ਬੰਧਿਬੇ ਭਾਰ। ਸੋ ਨ੍ਰਿਪ ਕੀ ਦਾਰਾ ਇਸ ਪਿਖਿ ਕਰਿ ਆਈ ਦੌਰ ਮਹਾਂ ਬਿਕਰਾਰ।।੨੩।। (ਰਾਸਿ 1 ਅੰਸੂ 33)

ਭਾਈ ਸਚਿਨ ਸਚ ਅਗਲੇ ਦਿਨ ਜੰਗਲ ਵਿਚ ਗਏ ਤਾਂ ਉਹ ਦੂਰੋਂ ਹੀ ਵੇਖ ਕੇ ਚੀਕਾਂ ਮਾਰਨ ਲਗ ਗਈ। ਜਦੋਂ ਭਾਈ ਸਚਨਿ ਸਚ ਦੇ ਨੇੜੇ ਆ ਗਈ ਤਾਂ ਉਸ ਦੇ ਸਿਰ ਵਿਚ ਖੜਾਂਵ ਮਾਰੀ। ਗੁਰੂ ਸਾਹਿਬ ਦੀ ਖੜਾਂਵ ਛੂਹੰਦਿਆਂ ਹੀ ਉਸਨੂੰ ਸੋਝੀ ਆ ਗਈ। ਦੋਵੇਂ ਚਲ ਕੇ ਗੁਰੂ ਸਾਹਿਬ ਅਗੇ ਜਾ ਖਲੋਤੇ। ਉਹਨਾਂ ਨੂੰ ਵੇਖ ਕੇ ਗੁਰੂ ਸਾਹਿਬ ਮੁਸਕਰਾਏ ਤੇ ਆਖਿਆ ਤੁਸੀਂ ਪਤੀ-ਪਤਨੀ ਬਣ ਕੇ ਇਕ ਥਾਂ ਰਹੋ। ਭਾਈ ਸਚਨਿ ਸਚ ਨੂੰ ਗੁਰੂ ਸਾਹਿਬ ਨੇ ਕਿਹਾ ਕਿ ਤੇਰੀ ਘਾਲ ਕਮਾਈ ਹੁਣ ਸਫਲ ਹੋਈ ਹੈ, ਘਰ ਜਾ ਕੇ ਮੇਰਾ ਧਿਆਨ ਧਾਰਨ ਕਰੋ। ਮੇਰੀ ਪੈਰ ਦੀ ਦੂਸਰੀ ਖੜਾਂਵ ਵੀ ਲੈ ਲਵੋ, ਜੇ ਕਿਸੇ ਨੂੰ ਦੁਖ ਤਕਲੀਫ ਹੋਵੇ, ਇਸਨੂੰ ਛੂਹਣ ਦੇ ਨਾਲ ਹੀ ਸਭ ਰੋਗ ਦੂਰ ਹੋ ਜਾਣਗੇ। ਤੁਹਾਡੇ ਮੁਖ ਤੋਂ ਜਿਹੜਾ ਵੀ ਸ੍ਰੇਸ਼ਟ ਬਚਨ ਨਿਕਲੇਗਾ ਉਸ ਨਾਲ ਸਭ ਸਰਾਪ ਦੂਰ ਹੋ ਜਾਣਗੇ। ਇਸ ਤਰ੍ਹਾਂ ਸ੍ਰੀ ਗੁਰੂ ਅਮਰਦਾਸ ਜੀ ਨੇ ਵਡੀ ਬਖਸ਼ਿਸ ਕੀਤੀ। ਭਾਈ ਸਚਨਿ ਸਚ ਵਰਗਾ ਸਾਧਾਰਣ ਵਿਅਕਤੀ ਜੋ ਕੁਝ ਵੀ ਨਹੀਂ ਸੀ, ਉਸ ਨੂੰ ਸੁਮੇਰ ਪਰਬਤ ਵਰਗਾ ਉਚਾ ਕਰ ਦਿਤਾ ਤੇ ਉਸ ਦੀ ਘਾਲ ਕਮਾਈ ਸਫਲ ਹੋਈ। ਇਹ ਖੜਾਂਵ ਹੁਣ ਵੀ ਮਾਨਸਾ ਜਿਲ੍ਹੇ ਦੇ ਪਿੰਡ ਸੈਦੇਵਾਲਾ ਵਿਖੇ ਗੁਰੂ ਘਰ ਵਿਚ ਸੁਸ਼ੋਭਿਤ ਹੈ ਤੇ ਨਗਰ ਦੇ ਇਕ ਪਰਿਵਾਰ ਵਲੋ ਹੀ ਇਸ ਖੜਾਂਵ ਦੀ ਸੇਵਾ ਕੀਤੀ ਜਾਂਦੀ ਹੈ। ਅਜ ਵੀ ਉਸੇ ਪ੍ਰਕਾਰ ਸਿਰ 'ਤੇ ਖੜਾਂਵ ਨੂੰ ਲਗਾਇਆ ਜਾਂਦਾ ਹੈ ਤੇ ਰੋਗਾਂ ਦੀ ਨਵਿਰਤੀ ਹੁੰਦੀ ਹੈ।

## ਭਾਈ ਪਾਰੋ ਜੁਲਕਾ ਜੀ

ਭਾਈ ਪਾਰੋ ਜੁਲਕਾ ਡੱਲੇ ਪਿੰਡ ਦਾ ਰਹਿਣ ਵਾਲਾ ਸੀ। ਉਹ ਗੁਰੂ ਸਾਹਿਬ ਦੀ ਮਹਿਮਾ ਨੂੰ ਜਾਣ ਕੇ ਗੁਰਬਾਣੀ 'ਤੇ ਵਿਚਾਰ ਕਰਦਾ ਰਹਿੰਦਾ ਸੀ। ਇਕ ਵਾਰ ਭਾਈ ਪਾਰੋ ਜੁਲਕਾ ਗੁਰੂ ਸਾਹਿਬ ਪਾਸ ਆਇਆ ਤੇ ਨਮਸਕਾਰ ਕਰਕੇ ਪਾਸ ਬੈਠ ਗਿਆ, ਮਨ ਵਿਚ ਪ੍ਰੇਮ ਦਾ ਪ੍ਰਕਾਸ਼ ਹੋਇਆ।[5] ਗੁਰੂ ਸਾਹਿਬ ਨੇ ਜਾਣ ਲਿਆ ਤੇ ਉਸ ਨੂੰ 'ਪਰਮਹੰਸ' ਕਹਿ ਕੇ ਬੁਲਾਇਆ। ਇਹ ਕਹਿਣ ਨਾਲ ਹੀ ਹਿਰਦੇ ਵਿਚ ਪੂਰਨ ਗਿਆਨ ਆ ਗਿਆ, ਸਾਰਾ ਜਗ ਇਕ ਰੂਪ ਨਜ਼ਰੀ ਆਇਆ। ਭਾਈ ਪਾਰੋ ਜੁਲਕਾ ਹਿਰਦੇ ਵਿਚ ਗੁਰੂ ਸਾਹਿਬ ਦੇ ਚਰਨਾਂ ਨੂੰ ਧਾਰ ਕੇ ਆਪਣਾ ਕਾਰ-ਵਿਹਾਰ ਕਰਦੇ। ਇਕ ਦਿਨ ਭਾਈ ਪਾਰੋ ਜੁਲਕਾ ਘੋੜੀ 'ਤੇ ਚੜ ਕੇ ਆ ਰਹੇ ਸਨ। ਉਸ ਦਿਨ

---

[5] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1472.

ਸਤਿਗੁਰ ਪਹਿ ਆਯਹੁ ਇਕ ਬੇਰੀ। ਨਮਸਕਾਰ ਕਰਿ ਬੈਠਯੋ ਪਾਸ। ਮਨ ਮਹਿਂ ਦੀਰਘ ਪ੍ਰੇਮ ਪ੍ਰਕਾਸ਼।।੭।। (ਰਾਸਿ 1 ਅੰਸੂ 37)

ਦਿਲੀ ਦਾ ਨਵਾਬ ਵੀ ਉਸੇ ਰਸਤੇ ਸਾਰੀ ਫੌਜ ਸਮੇਤ ਹਾਥੀਆਂ ਦੇ ਜਾ ਰਹੇ ਸਨ। ਉਨ੍ਹਾਂ ਜਦ ਭਾਈ ਪਾਰੋ ਜੁਲਕਾ ਨੂੰ ਵੇਖਿਆ ਤਾਂ ਦਿਲ ਵਿਚ ਬਹੁਤ ਹੈਰਾਨ ਹੋਏ। ਨਵਾਬ ਹਾਥੀ ਤੋਂ ਉਤਰ ਕੇ ਭਾਈ ਪਾਰੋ ਜੁਲਕਾ ਦੇ ਚਰਨਾਂ 'ਤੇ ਢਹਿ ਪਿਆ। ਉਸ ਵੇਲੇ ਨਵਾਬ ਨੇ ਬੜਾ ਪ੍ਰੇਮ ਕੀਤਾ ਤੇ ਆਪਣੀ ਸਾਰੀ ਫੌਜ ਨੂੰ ਆਪਣੇ ਪੁਤਰ ਦੇ ਹਵਾਲੇ ਕਰਕੇ ਆਪ ਭਾਈ ਪਾਰੋ ਜੁਲਕਾ ਨਾਲ ਚਲਾ ਗਿਆ। ਗੁਰੂ ਸਾਹਿਬ ਪਾਸ ਪਹੁੰਚ ਕੇ ਨਵਾਬ ਨਮਸਕਾਰ ਕਰਕੇ ਬੈਠ ਗਿਆ। ਗੁਰੂ ਸਾਹਿਬ ਉਨ੍ਹਾਂ ਨੂੰ ਵੇਖ ਕੇ ਬਹੁਤ ਖੁਸ਼ ਹੋਏ ਤੇ ਕਿਹਾ ਧੰਨ-ਧੰਨ ਭਾਈ ਪਾਰੋ ਉਪਕਾਰੀ। ਜਿਹੜਾ ਆਪ ਤਰਿਆ ਹੈ ਤੇ ਹੋਰਨਾਂ ਨੂੰ ਵੀ ਤਾਰ ਦਿੰਦਾ ਹੈ ਕਿਉਂਕਿ ਸੰਤਾਂ ਨੂੰ ਮਿਲਣਾ ਤੇ ਉਨ੍ਹਾਂ ਨਾਲ ਬਚਨ ਕਰਨੇ ਸਭ ਤੋਂ ਚੰਗਾ ਕਰਮ ਹੈ। ਇਸ ਨਾਲ ਮਨੁਖ ਦੇ ਹਿਰਦੇ ਦੇ ਸੰਕਟ ਕਟ ਜਾਂਦੇ ਹਨ।

## ਭਾਈ ਲਾਲੂ ਜੀ

ਡੱਲੇ ਪਿੰਡ ਵਿਚ ਭਾਈ ਲਾਲੂ ਨਾਮ ਦਾ ਸਿਖ ਵਸਦਾ ਸੀ। ਉਹ ਭਾਈ ਪਾਰੋ ਜੀ ਦੀ ਸੰਗਤ ਦਾ ਬਹੁਤ ਪ੍ਰੇਮੀ ਸੀ। ਗੁਰੂ ਸ਼ਬਦ ਦਾ ਦਿਨ-ਰਾਤ ਜਾਪ ਜਪਦਾ ਰਹਿੰਦਾ ਸੀ। ਇਕ ਦਿਨ ਭਾਈ ਪਾਰੋ ਜੀ ਦੇ ਮਨ ਵਿਚ ਗੁਰੂ ਦਰਸ਼ਨਾਂ ਲਈ ਪ੍ਰੇਮ ਜਾਗਿਆ ਤੇ ਉਹ ਗੁਰੂ ਸਾਹਿਬ ਪਾਸ ਜਦ ਆਉਣ ਲਗੇ ਤਾਂ ਭਾਈ ਲਾਲੂ ਨੇ ਕਿਹਾ ਕਿ ਜੇ ਤੁਸੀਂ ਗੁਰੂ ਸਾਹਿਬ ਦੇ ਪਾਸ ਚਲੇ ਹੋ ਤਾਂ ਮੈਨੂੰ ਵੀ ਉਨ੍ਹਾਂ ਦੇ ਦਰਸ਼ਨ ਕਰਾਵੋ।[6] ਭਾਈ ਪਾਰੋ ਤੇ ਭਾਈ ਲਾਲੂ ਚਲ ਕੇ ਗੁਰੂ ਸਾਹਿਬ ਦੇ ਦਰਬਾਰ ਪਹੁੰਚੇ ਤੇ ਆਪਣੇ ਸਾਰੇ ਸਰੀਰ ਨੂੰ ਗੁਰੂ ਘਰ ਦੀ ਧੂੜ ਲਾਈ। ਫਿਰ ਲੰਗਰ ਵਿਚ ਜਾ ਕੇ ਭੋਜਨ ਛਕਿਆ ਤੇ ਅੰਦਰ ਜਾ ਕੇ ਗੁਰੂ ਸਾਹਿਬ ਦੇ ਚਰਨ-ਕੰਵਲਾਂ 'ਤੇ ਬੰਦਨਾਂ ਕੀਤੀ। ਗੁਰੂ ਸਾਹਿਬ ਸਹਿਜ ਸੁਭਾਅ ਬੋਲੇ ਕਿ ਭਾਈ ਲਾਲੂ ਤਾਂ ਹਰੀ ਦੇ ਰੰਗ ਵਿਚ ਪੂਰੀ ਤਰ੍ਹਾਂ ਰੰਗਿਆ ਗਿਆ ਹੈ। ਗੁਰੂ ਸਾਹਿਬ ਨੇ ਕਿਰਪਾ ਕਰਕੇ ਭਾਈ ਲਾਲੂ ਦੇ ਮਥੇ 'ਤੇ ਹਥ ਰਖ ਕੇ ਉਸਨੂੰ ਨਿਹਾਲ ਕਰ ਦਿਤਾ। ਇਕ ਦਿਨ ਗੁਰੂ ਸਾਹਿਬ ਖੁਸ਼ ਹੋਏ ਤੇ ਉਨ੍ਹਾਂ ਨੇ ਭਾਈ ਲਾਲੂ ਨੂੰ ਇਕ ਵਡੀ ਬਖਸ਼ਿਸ਼ ਦਿਤੀ ਕਿ ਜਿੰਨੇ ਵੀ ਭੂਤ, ਪ੍ਰੇਤ ਆਦਿ

[6] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1474.
ਸਤਿਗੁਰ ਜਾਪ ਜਪੇ ਦਿਨ ਰੈਨ। ਹਰੇ ਬਿਕਾਰਨ ਤੇ ਮਨ ਚੈਨਿ॥੨੫॥ ਪਾਰੋ ਇਕ ਦਿਨ ਆਵਨਿ ਲਾਗਾ। ਗੁਰ ਦਰਸ਼ਨ ਕੋ ਮਨ ਅਨੁਰਾਗਾ। ਕਹਿ ਲਾਲੋ 'ਗੁਰ ਕੇ ਢਿਗ ਜਾਵਹੁ। ਮੋ ਕੋ ਭੀ ਦਰਸ਼ਨ ਕਰਿਵਾਵਹੁ॥੨੬॥ (ਰਾਸਿ 1 ਅੰਸੂ 37)

ਗੁਪਤ ਲੋਕ ਜਗ ਵਿਚ ਹਨ, ਉਹਨਾਂ ਸਭ ਗੁਪਤ ਲੋਕਾਂ ਦਾ ਭਾਈ ਲਾਲੂ ਨੂੰ ਗੁਰੂ ਥਾਪ ਦਿਤਾ। ਗੁਪਤ ਲੋਕਾਂ ਦੀ ਜਿੰਨ੍ਹੀ ਵੀ ਸੰਗਤ ਹੈ, ਉਹ ਸਾਰੀ ਸੰਗਤ ਭਾਈ ਲਾਲੂ ਦੇ ਚਰਨਾਂ ਦੀ ਪੂਜਾ ਕਰਨਗੇ।

## ਭਾਈ ਮਹੇਸ਼ਾ ਜੀ

ਸੁਲਤਾਨਪੁਰ ਵਿਚ ਇਕ ਮਹੇਸ਼ਾ ਨਾਮ ਦਾ ਸਿਖ ਰਹਿੰਦਾ ਸੀ ਤੇ ਨਗਰ ਵਿਚੋਂ ਬਹੁਤ ਪਤੀਆਂ ਵਾਲਾ ਵਡਾ ਧਨੀ ਸੀ। ਗੁਰੂ ਸਾਹਿਬ ਦੀ ਮਹਿਮਾ ਸੁਣ ਕੇ ਭਾਈ ਮਹੇਸ਼ਾ ਗੋਇੰਦਵਾਲ ਸਾਹਿਬ ਚਲ ਕੇ ਆਇਆ। ਪਹਿਲਾਂ ਲੰਗਰ ਛਕਿਆ ਫਿਰ ਜਾ ਕੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ।[7] ਗੁਰੂ ਸਾਹਿਬ ਨੇ ਜਦ ਉਸਦੇ ਬਾਰੇ ਪੁਛਿਆ ਤਾਂ ਹਥ ਜੋੜ ਕੇ ਭਾਈ ਮਹੇਸ਼ਾ ਨੇ ਉਤਰ ਦਿਤਾ ਕਿ ਮੈਂ ਆਪ ਜੀ ਦੀ ਸ਼ਰਨ ਆਇਆ ਹਾਂ, ਹੋਰ ਸਾਰਿਆਂ ਦੀ ਆਸ ਮੈਂ ਛਡ ਦਿਤੀ ਹੈ। ਗੁਰੂ ਸਾਹਿਬ ਨੇ ਫੁਰਮਾਇਆ ਕਿ ਭਾਈ ਸਾਡੀ ਸ਼ਰਨ ਤੇਰੇ ਤੋਂ ਪਿਆ ਨਹੀਂ ਜਾਣਾ। ਜੇ ਤੂੰ ਸਾਡਾ ਸਿਖ ਹੋਣਾ ਚਾਹੁੰਦਾ ਹੈ ਤਾਂ ਤੇਰੇ ਪਾਸ ਧਨ-ਦੌਲਤ ਤੇ ਐਸ਼-ਆਰਾਮ ਦਾ ਸਾਮਾਨ ਨਹੀਂ ਰਹਿਣਾ ਚਾਹੀਦਾ। ਜਦ ਨਿਰਧਨ ਹੋ ਜਾਵੇਗਾ ਤਾਂ ਫਿਰ ਲੋਕ ਤੇਰਾ ਮਜ਼ਾਕ ਉਡਾਉਣਗੇ ਤੇ ਤੈਨੂੰ ਸਮਝਾਉਣਗੇ ਕਿ ਸਿਖ ਹੋ ਕੇ ਕੀ ਪ੍ਰਾਪਤ ਕੀਤਾ, ਫਿਰ ਤੈਨੂੰ ਦੁਖ ਹੋਵੇਗਾ ਤੇ ਤੂੰ ਪਛਤਾਵਾ ਕਰੇਗਾ। ਇਹ ਸੁਣ ਕੇ ਭਾਈ ਮਹੇਸ਼ੇ ਨੇ ਕਿਹਾ ਕਿ ਗੁਰੂ ਸਾਹਿਬ ਤਨ, ਮਨ ਤੇ ਧਨ ਤੁਹਾਡੇ ਉਤੋਂ ਵਾਰ ਦੇਵਾਂਗਾ, ਬੇਸ਼ਕ ਸਭ ਕੁਝ ਨਾਸ਼ ਹੋ ਜਾਵੇ, ਮੈਂ ਕੁਝ ਨਹੀਂ ਚਾਹੁੰਦਾ। ਸਭ ਪਾਸਿਆਂ ਤੋਂ ਮੈਂ ਆਸ ਛਡ ਦਿਤੀ ਹੈ, ਹੁਣ ਮੈਨੂੰ ਆਪਣੇ ਚਰਨਾਂ ਵਿਚ ਰਖੋ। ਗੁਰੂ ਸਾਹਿਬ ਨੇ ਸਤਿਨਾਮ ਦਾ ਮੰਤਰ ਜਪਾਇਆ ਤੇ ਭਾਈ ਮਹੇਸ਼ੇ ਨੇ ਮੰਤਰ ਦਾ ਜਾਪ ਕਰਕੇ ਸੁਖ ਪਾਇਆ।

## ਭਾਈ ਲਾਲੂ ਜੀ, ਭਾਈ ਦੁਰਗਾ ਜੀ ਤੇ ਭਾਈ ਜੀਵੰਦਾ ਜੀ

ਭਾਈ ਲਾਲੂ ਬੁਧੀਵਾਨ ਮਨੁਖ ਸੀ ਤੇ ਦੂਸਰੇ ਦਾ ਨਾਂ ਭਾਈ ਦੁਰਗਾ ਸੀ, ਤੀਸਰਾ ਭਾਈ ਜੀਵੰਦਾ ਸੀ। ਤਿੰਨੇ ਸਿਖ ਮਿਲ ਕੇ ਗੁਰੂ ਸਾਹਿਬ ਦੀ ਸ਼ਰਨ ਵਿਚ ਆਏ ਤੇ ਗੁਰੂ ਸਾਹਿਬ ਨੂੰ ਬੰਦਨਾ ਕਰਕੇ ਸੇਵਾ ਕਰਨ

---

[7] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1476.

ਗੋਇੰਦਵਾਲ ਗਯੋ ਤਬਿ ਆਇ। ਦਰਸ਼ਨ ਕਰਿ ਗੁਰ ਕੋ ਹਰਖਾਇ। ਪੂਰਬ ਭੋਜਨ ਲੰਗਰ ਖਾਯੋ। ਬਹੁਰ ਜਾਇ ਸਤਿਗੁਰ ਦਰਸਾਯੋ।।੫।। (ਰਾਸਿ 1 ਅੰਸੂ 38)

ਲਗੇ।[8] ਇਕ ਦਿਨ ਗੁਰੂ ਸਾਹਿਬ ਅਗੇ ਹਥ ਜੋੜ ਕੇ ਬੇਨਤੀ ਕੀਤੀ ਕਿ ਆਪਣੇ ਦਾਸ ਜਾਣ ਕੇ ਉਪਦੇਸ਼ ਦਿਉ। ਜਿਸ ਨਾਲ ਸਾਡਾ ਉਧਾਰ ਹੋ ਜਾਵੇ।

ਇਹ ਸੁਣ ਕੇ ਸ੍ਰੀ ਗੁਰੂ ਅਮਰਦਾਸ ਜੀ ਨੇ ਬਚਨ ਕੀਤੇ ਕਿ ਪਰਉਪਕਾਰ ਵਰਗਾ ਹੋਰ ਕੋਈ ਚੰਗਾ ਕੰਮ ਨਹੀਂ। ਜਿਹੜਾ ਸਦਾ ਪਰਉਪਕਾਰ ਕਰੇ, ਉਸ ਨੂੰ ਸੁਖ ਦਾ ਸਥਾਨ ਪ੍ਰਾਪਤ ਹੁੰਦਾ ਹੈ। ਗੁਰੂ ਸਾਹਿਬ ਨੇ ਤਿੰਨਾਂ ਨੂੰ ਪਰਉਪਕਾਰ ਬਾਰੇ ਸਮਝਾਇਆ ਕਿ ਪਰਉਪਕਾਰ ਤਿੰਨ ਪ੍ਰਕਾਰ ਦਾ ਹੈ: ਪਹਿਲਾਂ ਜੇ ਆਪਣੇ ਪਾਸ ਧਨ ਹੈ, ਉਹ ਗਰੀਬਾਂ ਨੂੰ ਦਿਉ। ਜਿਥੇ ਵੀ ਗਰੀਬ ਅਨਾਥ ਵੇਖਦੇ ਹੋ, ਉਨ੍ਹਾਂ ਨੂੰ ਕਪੜੇ ਅਤੇ ਭੋਜਨ ਦਿਉ। ਦੁਖੀ ਨੂੰ ਵੇਖ ਦਇਆ ਧਾਰਨ ਕਰੋ, ਜਿੰਨੀ ਤੁਹਾਡੇ ਵਿਚ ਸਮਰਥਾ ਹੈ, ਉਸ ਦਾ ਦੁਖ ਦੂਰ ਕਰੋ। ਦੂਸਰਾ ਜੇ ਆਪਣੇ ਪਾਸ ਵਿਦਿਆ ਹੋਵੇ ਤਾਂ ਪ੍ਰਸੰਨ ਹੋ ਕੇ ਦੂਸਰਿਆਂ ਨੂੰ ਪੜ੍ਹਾਵੋ। ਤੀਸਰੇ ਆਪਣੇ ਮਨ ਨਾਲ ਸਭ ਦਾ ਭਲਾ ਚਾਹੋ, ਬੁਰਾ ਕਰਨ ਲਈ ਕਦੀ ਵੀ ਤਿਆਰ ਨਾ ਹੋਵੋ। ਇਹ ਤਿੰਨ ਉਪਕਾਰ ਫਿਰ ਇਸ ਤਰ੍ਹਾਂ ਹੋਏ: ੧. ਪਾਸ ਪਦਾਰਥ ਹੋਣ ਵਾਲੇ ਦਾ ਭਾਵ ਦੇਣਾ, ੨. ਬਾਣੀ ਦਾ ਭਾਵ ਸ਼ੁਭ ਬਚਨ ਕਹਿਣਾ, ੩. ਮਨ ਦਾ ਭਾਵ ਕਿ ਬੁਰਾ ਕਿਸੇ ਦਾ ਨਾ ਚਾਹੇ। ਇਸ ਤਰ੍ਹਾਂ ਤਿੰਨ ਪ੍ਰਕਾਰ ਨਾਲ ਪਰਉਪਕਾਰ ਹੁੰਦਾ ਹੈ, ਸਦਾ ਦੂਸਰੇ ਦਾ ਦੁਖ ਦੂਰ ਕਰੋ। ਸਭ ਦਾਨਾਂ ਨਾਲੋਂ ਵਡਾ ਅੰਨ-ਦਾਨ ਹੈ। ਹਰ ਸਮੇਂ ਅੰਨ (ਅਨਾਜ) ਦਾ ਦਾਨ ਕਰਦੇ ਰਹੋ। ਜਿਸ ਅੰਨ ਦੇ ਖਾਣ ਨਾਲ ਪ੍ਰਾਣੀ ਜੀਉਂਦਾ ਹੈ, ਹੋਰ ਕੋਈ ਦਾਨ ਇਸ ਦੇ ਬਰਾਬਰ ਨਹੀਂ ਹੈਂ। ਕਚਾ-ਪਕਾ ਜੋ ਕੁਝ ਵੀ ਹੈ, ਜਿਵੇਂ-ਕਿਵੇਂ ਦਿਉ। ਭੁਖਾ ਵੇਖ ਕੇ ‘ਨਾਂਹ’ ਨਾ ਕਰੋ। ਕੋਈ ਵੀ ਸਮਾਂ ਹੋਵੇ, ਬੇਸ਼ਕ ਸ਼ਾਮ ਹੋਵੇ ਜਾਂ ਸਵੇਰਾ, ਵਿਚਾਰ ਕੀਤੇ ਬਗੈਰ ਭੋਜਨ ਦਾਨ ਕਰੋ। ਉਚੀ-ਨੀਵੀਂ ਜਾਤ ਨਾ ਪਰਖੋ, ਅੰਨ ਦਾਨ ਕਰਕੇ ਭੁਖੇ ਨੂੰ ਤ੍ਰਿਪਤ ਕਰੋ।

ਸ੍ਰੀ ਗੁਰੂ ਅਮਰਦਾਸ ਜੀ ਦੇ ਬਚਨਾਂ ਨੂੰ ਤਿੰਨਾਂ ਨੇ ਹੀ ਸ਼ਰਧਾ ਧਾਰ ਹਿਰਦੇ ਵਿਚ ਧਾਰਨ ਕਰ ਲਿਆ। ਉਹ ਤਿੰਨਾਂ ਤਰੀਕਿਆਂ ਅਨੁਸਾਰ ਉਪਕਾਰ ਕਰਦੇ ਸਨ ਅਤੇ ਭੁਖਿਆ ਨੂੰ ਬਹੁਤ ਭੋਜਨ ਦਿੰਦੇ ਸਨ। ਇਸ ਗੁਰ ਉਪਦੇਸ਼ ਅਨੁਸਾਰ ਉਹ ਗੁਰੂ ਸਾਹਿਬ ਦੇ ਸਿਖ ਹੋ ਗਏ ਤੇ ਨਾਮ ਜਪ ਕੇ ਸੇਵਾ ਕਰਦੇ ਸਨ।

---

[8] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1480.
ਕਰਿ ਬੰਦਨ ਕੋ ਲਾਗੇ ਸੇਵਾ। ਇਕ ਦਿਨ ਬੈਠਿ ਨਿਕਟ ਗੁਰ ਦੇਵਾ। ਹਾਥ ਜੋਰਿ ਅਰਦਾਸ ਬਖਾਨੀ। (ਰਾਸਿ 1 ਅੰਸੂ 39)

## ਭਾਈ ਜੱਗਾ ਜੀ

ਭਾਈ ਜੱਗਾ ਨੇ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਸਿਰ ਨਿਵਾਇਆ। ਗੁਰੂ ਸਾਹਿਬ ਪਾਸ ਸਿਖ ਬੈਠੇ ਵੇਖ ਕੇ ਬਹੁਤ ਪ੍ਰਸੰਨ ਹੋਇਆ ਅਤੇ ਹਥ ਜੋੜ ਕੇ ਬੇਨਤੀ ਕੀਤੀ ਕਿ ਸਚੇ ਪਾਤਸ਼ਾਹ ਮੈਂ ਆਪਣਾ ਕਲਿਆਣ ਚਾਹੁੰਦਾ ਹਾਂ। ਮੈਨੂੰ ਇਕ ਦਿਨ ਜੋਗੀ ਮਿਲਿਆ, ਉਸ ਪਾਸ ਮੈਂ ਇਹ ਬੇਨਤੀ ਕੀਤੀ ਸੀ। ਤਦ ਉਸ ਨੇ ਕਿਹਾ ਕਿ ਤੁਸੀਂ ਸਭ ਕੁਝ ਛਡ ਕੇ ਫ਼ਕੀਰ ਹੋ ਜਾਵੋ ਤੇ ਆਪਣੇ ਕਲਿਆਣ ਹਿਤ ਮੇਰਾ ਉਪਦੇਸ਼ ਲਵੋ ਅਤੇ ਕਲੇਸ਼ਾਂ-ਭਰੇ ਘਰ ਨੂੰ ਛਡ ਦਿਉ।[9] ਮੈਂ ਆਪ ਜੀ ਤੋਂ ਉਪਦੇਸ਼ ਲੈਣ ਆਇਆ ਹਾਂ ਕਿ ਮੇਰਾ ਕਲਿਆਣ ਕਿਵੇਂ ਹੋਵੇ ਅਤੇ ਮਨ ਕਿਵੇਂ ਪਵਿਤਰ ਬਣੇ? ਸੇਵਕ ਦੀ ਸ਼ਰਧਾ ਜਾਣ ਕੇ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਘਰ ਤਿਆਗਣ ਦੀ ਇਛਾ ਨਾ ਧਾਰਨ ਕਰੋ। ਗੁਰਮੁਖ ਗ੍ਰਿਹਸਤ ਵਿਚ ਰਹਿ ਕੇ ਭਗਤੀ ਕਰਦੇ ਹਨ, ਮੁਕਤੀ ਪ੍ਰਾਪਤ ਕਰਦੇ ਹਨ। ਸੇਵਾ ਕਰਨ ਵਾਲੇ ਉਸ ਤੋਂ ਫਲ ਲੈਂਦੇ ਹਨ, ਜਿਸ ਪਾਸੋਂ ਨਿਤ ਖਾਂਦੇ ਪੀਂਦੇ ਹਨ। ਗ੍ਰਿਹਸਤੀ ਆਪਣਾ ਪੁੰਨ ਨਹੀਂ ਦਿੰਦੇ ਹਨ, ਸਗੋਂ ਸੇਵਾ ਕਰਕੇ ਦੂਸਰੇ ਪਾਸੋਂ ਪੁੰਨ ਲੈ ਲੈਂਦੇ ਹਨ। ਜਿਵੇਂ ਗਾਂ ਨੂੰ ਘਾਹ ਖਵਾ ਕੇ ਲੋਕ ਉਸ ਦਾ ਦੁਧ ਚੋ ਲੈਂਦੇ ਹਨ, ਉਸ ਤਰ੍ਹਾਂ ਹੀ ਨਾਮ-ਪ੍ਰੇਮੀ ਦੀ ਸੇਵਾ ਕਰਕੇ ਲੋਕ ਉਸ ਦੇ ਆਤਮ ਸੁਖ ਦਾ ਹਿਸਾ ਵੰਡ ਲੈਂਦੇ ਹਨ। ਭਾਈ ਜੱਗਾ ਗੁਰੂ ਸਾਹਿਬ ਦੀ ਸਿਖਿਆ ਭਲੀ ਪ੍ਰਕਾਰ ਮੰਨ ਕੇ ਉਸ ਤਰ੍ਹਾਂ ਹੀ ਕਰਨ ਲਗਾ ਤੇ ਗੁਰੂ ਸਾਹਿਬ ਦੀ ਸੇਵਾ ਵਿਚ ਲਗ ਗਿਆ।

## ਭਾਈ ਜੋਧ ਜੀ

ਭਾਈ ਜੋਧ (ਰਸੋਈਆ) ਗੁਰੂ ਸਾਹਿਬ ਲਈ ਭੋਜਨ ਬਣਾਉਂਦਾ ਸੀ ਜੋ ਕਿ ਬ੍ਰਾਹਮਣ ਜਾਤ ਨਾਲ ਸੰਬੰਧ ਰਖਦਾ ਸੀ। ਸਿਖ ਸੰਗਤ ਜੋ ਧਨ ਆਦਿ ਲੈ ਕੇ ਆਉਂਦੀ ਸੀ, ਉਹ ਗੁਰੂ ਸਾਹਿਬ ਦੇ ਅਗੇ ਭੇਂਟਾ ਧਰ ਦਿੰਦੇ ਸਨ। ਉਹ ਸਾਰੀਆਂ ਭੇਟਾਵਾਂ ਭਾਈ ਜੋਧ ਰਸੋਈਆ ਲੈ ਲੈਂਦਾ ਸੀ ਅਤੇ ਸਭ ਕੁਝ ਲੰਗਰ ਤਿਆਰ ਕਰਨ

[9] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1481.
ਕਰਿ ਦਰਸ਼ਨ ਕੋ ਸੀਸ ਨਿਵਾਯੋ। ਸਿਖ ਗੁਰ ਕੇ ਗਨ ਦੇਖਿ ਹੁਲਾਸਾ। ਹਾਥ ਜੋਰਿ ਕਰਿ ਬਾਕ ਪ੍ਰਕਾਸ਼ਾ॥੧੩॥ 'ਮੈਂ ਚਾਹਤਿ ਅਪੁਨੀ ਕੱਲਯਾਨ। ਮਿਲਯੋ ਏਕ ਦਿਨ ਜੋਗੀ ਆਨਿ। ਤਿਸ ਆਗੇ ਮੈਂ ਬਿਨੈ ਸੁਨਾਈ। ਤਬਿ ਐਸੇ ਭਾਖਯੋ ਮੁਝ ਤਾਂਈ'॥੧੪॥ (ਰਾਸਿ 1 ਅੰਸੂ 39)

ਵਿਚ ਲਾ ਦਿੰਦਾ ਸੀ।[10] ਇਕ ਦਿਨ ਵਿਚ ਜਿੰਨਾ ਵੀ ਰਾਸ਼ਨ ਲਗਦਾ ਸੀ ਉਹ ਲੰਗਰ ਵਿਚ ਲਾ ਦਿੰਦਾ ਸੀ। ਅਗਲੇ ਦਿਨ ਲਈ ਕੁਝ ਵੀ ਰਹਿਣ ਨਹੀਂ ਦਿੰਦਾ ਸੀ। ਜੋ ਰਾਸ਼ਨ ਵਧ ਜਾਂਦਾ ਸੀ ਉਹ ਪਸ਼ੂਆਂ ਨੂੰ ਬਾਹਰ ਖਵਾ ਦਿੰਦਾ ਸੀ। ਜੇ ਪਸ਼ੂ ਵੀ ਨਹੀਂ ਸੀ ਖਾਂਦੇ ਤਾਂ ਦਰਿਆ ਵਿਚ ਸੁਟ ਦਿੰਦਾ ਸੀ। ਜੇ ਗਾਗਰ ਵਿਚ ਜਲ ਵੀ ਬਚ ਜਾਂਦਾ ਸੀ ਤਾਂ ਉਸ ਨੂੰ ਵੀ ਡੋਲ ਦਿੰਦਾ ਸੀ। ਜਲ ਸਵੇਰ ਲਈ ਨਹੀਂ ਰਖਦਾ ਸੀ। ਇਸ ਤਰ੍ਹਾਂ ਭਾਈ ਜੋਧ ਗੁਰੂ ਸਾਹਿਬ ਦੇ ਹੁਕਮ ਦੀ ਪਾਲਣਾ ਕਰਦਾ ਸੀ। ਬੜੇ ਪ੍ਰੇਮ ਨਾਲ ਲੰਗਰ ਦੀ ਕਾਰ ਕਰਦਾ ਸੀ। ਜਿਹੜਾ ਪਿਛੋਂ ਕੁਝ ਭੋਜਨ ਰਹਿ ਜਾਂਦਾ ਸੀ, ਭਾਈ ਜੋਧ ਉਸ ਨੂੰ ਖਾ ਕੇ ਦਿਨ ਬਤੀਤ ਕਰਦਾ ਸੀ। ਜਿਸ ਸਮੇਂ ਵੀ ਨਗਰ ਵਿਚ ਕੋਈ ਵਿਅਕਤੀ ਆਉਂਦਾ ਸੀ, ਉਸ ਸਮੇਂ ਹੀ ਭੋਜਨ ਤਿਆਰ ਕਰਕੇ ਛਕਾਉਂਦਾ ਸੀ। ਉਸ ਦੀ ਸੇਵਾ ਵੇਖ ਗੁਰੂ ਸਾਹਿਬ ਪ੍ਰਸੰਨ ਹੋਏ ਤੇ ਭਾਈ ਜੋਧ ਨੂੰ ਸਤਿਨਾਮ ਦਾ ਗਿਆਨ ਕਰਵਾਇਆ।

## ਭਾਈ ਮਲਣ ਜੀ

ਜਦ ਗੁਰੂ ਸਾਹਿਬ ਬਚਨ ਕਰ ਰਹੇ ਸਨ ਕਿ ਜਿਨ੍ਹਾਂ ਨੇ ਸਦਾ ਸਤਿਨਾਮ ਦਾ ਸਿਮਰਨ ਕੀਤਾ ਹੈ ਤੇ ਮਨ ਨੀਵਾਂ ਕਰਕੇ ਸਿਖਾਂ ਦੀ ਸੇਵਾ ਕੀਤੀ ਹੈ, ਉਨ੍ਹਾਂ ਦੀ ਇਜ਼ਤ ਆਬਰੂ ਲੇਖੇ ਵਿਚ ਪੈਂਦੀ ਹੈ, ਜਾਤ-ਕੁਜਾਤ ਨੂੰ ਕੋਈ ਨਹੀਂ ਪਰਖਦਾ। ਇਹ ਸੁਣ ਕੇ ਭਾਈ ਮਲਣ ਗੁਰੂ ਸਾਹਿਬ ਦੇ ਚਰਨਾਂ 'ਤੇ ਢਹਿ ਪਿਆ ਤੇ ਬੰਦਨਾਂ ਕਰਕੇ ਬੇਨਤੀ ਕੀਤੀ ਕਿ ਮੈਨੂੰ ਉਪਦੇਸ਼ ਦਿਉ।

ਗੁਰੂ ਸਾਹਿਬ ਨੇ ਕਿਹਾ ਕਿ ਹਉਮੈ ਦਾ ਤਿਆਗ ਕਰੋ, ਸੰਤਾਂ ਦੀ ਸੇਵਾ ਕਰਕੇ ਸੁਖੀ ਹੋਵੋ ਤੇ ਸ਼ਰਧਾ ਧਾਰਨ ਕਰਕੇ ਸੰਤਾਂ ਦੇ ਚਰਨ ਧੋ ਕੇ, ਪ੍ਰੇਮ ਨਾਲ ਭੋਜਨ ਛਕਾਉ। ਗੁਰੂ ਸਾਹਿਬ ਦੇ ਪਿਆਰ ਹਿਤ, ਸੰਤਾਂ ਨੂੰ ਕਪੜੇ ਬਣਾ ਕੇ ਦਿਉ, ਭੁਖਿਆ ਅਤੇ ਨੰਗਿਆ ਤੋਂ ਅਸ਼ੀਰਵਾਦ ਲਵੋ।[11] ਹੰਕਾਰ ਛਡ ਕੇ ਸਤਿਨਾਮ ਦਾ ਸਿਮਰਨ

---

[10] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1485.
ਬਿੱਪ੍ਰ ਜਾਤਿ ਸੇਵਾ ਕਰੇ ਉਰ ਹੰਕਾਰ ਨਿਵਾਰਿ॥੧॥ ਚੌਪਈ॥ ਧਨ ਆਦਿਕ ਜੇ ਸਿਖ ਗਨ ਲਯਾਵੈਂ। ਭੇਟ ਧਰਹਿਂ ਸਤਿਗੁਰੂ ਮਨਾਵੈਂ। ਸੋ ਸਭਿ ਜੋਧ ਰਸੋਈਆ ਲੇਤਿ। ਲੰਗਰ ਪਰ ਲਗਾਇ ਕਰਿ ਦੇਤਿ॥੨॥ (ਰਾਸਿ 1 ਅੰਸੂ 40)

[11] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1486.

ਕਰੋ ਤਾਂ ਅੰਤ ਨੂੰ ਤੁਹਾਡਾ ਕਲਿਆਣ ਹੋ ਜਾਵੇਗਾ। ਗੁਰੂ ਸਾਹਿਬ ਦੇ ਬਚਨ ਮੰਨ ਕੇ ਭਾਈ ਮਲਣ ਉਸੇ ਤਰ੍ਹਾਂ ਸੇਵਾ ਕਰਨ ਲਗਿਆ।

## ਭਾਈ ਜੇਠਾ ਜੀ (ਸ੍ਰੀ ਰਾਮਦਾਸ ਜੀ)

ਭਾਈ ਜੇਠਾ ਜੀ ਇਕ ਦਿਨ ਜਦੋਂ ਗੋਇੰਦਵਾਲ ਨਗਰ ਵਲ ਸੰਗਤ ਜਾਂਦੀ ਵੇਖੀ ਤਾਂ ਮਨ ਵਿਚ ਵਿਚਾਰ ਬਣਾਇਆ ਤੇ ਉਸ ਸੰਗਤ ਦੇ ਨਾਲ ਹੀ ਚਲ ਪਏ। ਸਾਰੀ ਸੰਗਤ ਨੇ ਪਹੁੰਚ ਕੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤੇ ਕੁਝ ਸਮਾਂ ਰਹਿ ਕੇ ਵਿਦਾ ਹੋ ਗਏ। ਪਰ ਭਾਈ ਜੇਠਾ ਸ੍ਰੀ ਗੁਰੂ ਅਮਰਦਾਸ ਜੀ ਦੀ ਹਜ਼ੂਰੀ ਵਿਚ ਰਹੇ। ਜਿਸ ਤਰ੍ਹਾਂ ਗੁਰੂ ਸਾਹਿਬ ਹੁਕਮ ਕਰਦੇ ਸਨ ਭਾਈ ਜੇਠਾ ਜੀ ਉਸੇ ਤਰ੍ਹਾਂ ਭਾਈ ਜੇਠਾ ਜੀ ਆਗਿਆ ਵਿਚ ਰਹਿੰਦੇ ਸਨ। ਭਾਈ ਜੇਠਾ ਜੀ ਗੁਰੂ ਸਾਹਿਬ ਕੋਲ ਰਹਿ ਕੇ ਲੰਗਰ ਵਿਚ ਸਭ ਪ੍ਰਕਾਰ ਦੀ ਸੇਵਾ ਕਰਨ ਲਗੇ ਤੇ ਸਾਰੀ ਸੰਗਤ ਦੀ ਆਗਿਆ ਅਨੁਸਾਰ ਚਲਦੇ ਸਨ।[12]

ਗੁਰੂ ਸਾਹਿਬ ਨੇ ਭਾਈ ਜੇਠਾ ਦੇ ਪਰਿਵਾਰ ਨਾਲ ਸਾਰੀ ਗਲ ਕਰਕੇ ਬੀਬੀ ਭਾਨੀ ਜੀ ਦਾ ਰਿਸ਼ਤਾ ਭਾਈ ਜੇਠਾ ਨਾਲ ਤਹਿ ਕਰ ਦਿਤਾ। ਭਾਈ ਜੇਠਾ ਗੁਰੂ ਸਾਹਿਬ ਪਾਸ ਉਨ੍ਹਾਂ ਦੇ ਅਨੁਸਾਰੀ ਹੋ ਕੇ ਰਹਿ ਪਏ ਤੇ ਗੁਰੂ ਸਾਹਿਬ ਦੀ ਸੇਵਾ ਕਰਦੇ ਰਹੇ। ਇਸ ਤਰ੍ਹਾਂ ਕਈ ਸਾਲ ਬਤੀਤ ਕੀਤੇ ਤੇ ਸੇਵਾ ਕਰਕੇ ਸਭ ਨੂੰ ਪ੍ਰਸੰਨ ਕੀਤਾ। ਜਦੋਂ ਬਾਉਲੀ ਦੀ ਸੇਵਾ ਹੋ ਰਹੀ ਸੀ ਤਾਂ ਭਾਈ ਜੇਠਾ ਸਾਰਿਆਂ ਨਾਲ ਮਿਲ ਕੇ ਬਾਉਲੀ ਦੀ ਵਿਸ਼ਾਲ ਕਾਰ ਸੇਵਾ ਕਰ ਰਹੇ ਸਨ। ਭਾਈ ਜੇਠਾ ਮਿਟੀ ਦੀ ਟੋਕਰੀ ਸਿਰ 'ਤੇ ਚੁਕ ਕੇ ਬਾਹਰ ਕਢਦੇ ਸਨ। ਉਹਨਾਂ ਨੇ ਆਪਣੀ ਕੁਲ ਦੀ ਲਾਜ ਨੂੰ ਤੇ ਸ਼ਰੀਕਾਂ ਦੀ ਸ਼ਰਮ ਨੂੰ ਛਡ ਕੇ ਸੇਵਾ ਵਿਚ ਲਗੇ ਰਹਿੰਦੇ ਸਨ। ਭਾਈ ਜੇਠਾ ਦਿਨ-ਰਾਤ ਪ੍ਰੇਮ ਭਗਤੀ ਵਿਚ ਰਹਿੰਦੇ ਤੇ ਹੋਰ ਕਿਸੇ ਨਾਲ ਈਰਖਾ ਨਹੀਂ ਕਰਦੇ ਸਨ। ਉਹ ਜਾਣਦੇ ਸਨ ਕਿ

---

ਸਤਿਗੁਰ ਕਹਯੋ 'ਤਯਾਗ ਹੰਕਾਰਾ। ਸੰਤਨ ਸੇਵੋ ਹੋਹਿਂ ਸੁਖਾਰਾ। ਸ਼ਰਧਾ ਧਰਿ ਅਹਾਰ ਕਰਿਵਾਵਹੁ। ਚਰਨ ਪਖਾਰਹੁ ਰੁਚਿ ਤ੍ਰਿਪਤਾਵਹੁ।।੧੫।। (ਰਾਸਿ 1 ਅੰਸੂ 40)

[12] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1492.

ਗੋਇੰਦਵਾਲ ਸਮੂਹ ਉਤਾਲਾ। ਸਭਿ ਸੰਗਤਿ ਗੁਰ ਦਰਸ਼ਨ ਪਾਈ। ਕਛੁਕ ਕਾਲ ਰਹਿਬਿਦਾ ਸਿਧਾਈ।।੧੦।। ਰਹਤਿ ਭਏ ਗੁਰਕੇਰ ਹਦੂਰਾ। ਜੋ ਭਾਖੈਂ ਕਰਿ ਹੈਂ ਦ੍ਰਿਤਿ ਰੂਰਾ। ਲੰਗਰ ਸੇਵਾ ਸਰਬ ਸੁ ਕਰਿਹੈਂ। ਸਭਿ ਸੰਗਤਿ ਅਨੁਸਾਰੀ ਚਰਿ ਹੈਂ।।੧੧।। (ਰਾਸਿ 1 ਅੰਸੂ 41)

ਟਹਲ ਸੇਵਾ ਤੋਂ ਹੀ ਸੁਖ ਦਾ ਮਹਿਲ (ਮਰਾਤਬਾ) ਮਿਲਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਉਨ੍ਹਾਂ ਦੀ ਸਾਰੀ ਸੇਵਾ ਨੂੰ ਵੇਖ ਰਹੇ ਸਨ।

ਇਕ ਵਾਰ ਲਾਹੌਰ ਦੇ ਇਕ ਸੰਗ ਨੇ ਗੋਇੰਦਵਾਲ ਵਿਖੇ ਚੰਗਾ ਥਾਂ ਵੇਖ ਕੇ ਆਪਣਾ ਡੇਰਾ ਕੀਤਾ। ਉਸ ਸੰਗ ਵਿਚ ਭਾਈ ਜੇਠਾ ਦੇ ਸੰਬੰਧੀ ਵੀ ਸ਼ਾਮਿਲ ਸਨ। ਸਾਰੇ ਆਪਸ ਵਿਚ ਮਿਲ ਕੇ ਕਹਿਣ ਲਗੇ ਕਿ ਇਥੇ ਸ੍ਰੀ ਹਰਿਦਾਸ ਦਾ ਪੁਤਰ ਰਹਿੰਦਾ ਹੈ। ਸ੍ਰੀ ਗੁਰੂ ਅਮਰਦਾਸ ਨੇ ਜਦ ਗੁਰਿਆਈ ਲਈ ਸੀ ਤਾਂ ਉਨ੍ਹਾਂ ਗੋਇੰਦਵਾਲ ਦੀ ਨਗਰੀ ਵਸਾਈ ਸੀ। ਗੁਰੂ ਸਾਹਿਬ ਦੀ ਸ਼ਰਨ ਵਿਚ ਆ ਕੇ ਬਹੁਤ ਸੁਖ ਲਿਆ ਹੈ ਅਤੇ ਸਹੁਰਾ ਘਰ ਹੀ ਆ ਕੇ ਰਹਿ ਪਿਆ ਹੈ। ਉਹ ਭਾਈ ਜੇਠਾ ਬਾਰੇ ਗਲਾਂ ਕਰਦੇ ਹੋਏ ਬਾਉਲੀ ਸਾਹਿਬ ਵਾਲੇ ਸਥਾਨ ’ਤੇ ਪਹੁੰਚੇ, ਜਿਥੇ ਕਾਰ ਸੇਵਾ ਹੋ ਰਹੀ ਸੀ। ਉਸ ਵੇਲੇ ਭਾਈ ਜੇਠਾ ਨੇ ਸਿਰ ’ਤੇ ਟੋਕਰੀ ਚੁਕ ਕੇ ਮਿਟੀ ਸੁਟ ਰਹੇ ਸਨ।

ਸਾਰੇ ਵੇਖ ਕੇ ਸਾਹਮਣੇ ਆ ਗਏ ਤੇ ਭਾਈ ਜੇਠਾ ਨੇ ਸਿਰ ’ਤੇ ਚੁਕੀ ਹੋਈ ਟੋਕਰੀ ਨੂੰ ਉਥੇ ਹੀ ਸੁਟ ਦਿਤਾ। ਸਾਰਿਆਂ ਨੂੰ ਸਾਹਮਣੇ ਖਲੋਤੇ ਵੇਖ ਕੇ ਉਨ੍ਹਾਂ ਨੇ ‘ਰਾਮ-ਰਾਮ’ ਉਚਾਰੀ ਤੇ ਵਡੇਰਿਆਂ ਨੂੰ ‘ਪੈਰੀਂ ਪੈਂਦਾ ਹਾਂ’ ਕਹਿ ਕੇ ਟੋਕਰੀ ਫੜ ਕੇ ਸੰਗ ਦੇ ਪਾਸ ਖਲੋ ਗਏ।[13] ਜਿਹੜੇ ਬ੍ਰਿਧ ਸਨ ਉਹ ਤਾਂ ਵੇਖ ਕੇ ਗੁਸੇ ਵਿਚ ਆ ਗਏ ਤੇ ਕਈ ਐਸੀ ਹਾਲਤ ਵੇਖ ਕੇ ਮੁਸਕਰਾਏ। ਭਾਈ ਜੇਠਾ ਦੇ ਧੂੜ ਨਾਲ ਸਾਰੇ ਕਪੜੇ ਭਰੇ ਹੋਏ ਸਨ। ਸਾਰਿਆਂ ਨੇ ਕਿਹਾ ਕਿ ਤੂੰ ਕੁਲ ਨੂੰ ਲਾਜ ਲਾਈ ਹੈ। ਇਹ ਸੁਣ ਕੇ ਭਾਈ ਜੇਠਾ ਨੇ ਕਿਹਾ ਤੁਸੀਂ ਗੁਰੂ ਸਾਹਿਬ ਦੀ ਮਹਿਮਾ ਨਹੀਂ ਜਾਣਦੇ ਹੋ। ਜੇ ਉਹ ਇਕ ਵਾਰ ਕਿਸੇ ਵਲ ਕਿਰਪਾ ਕਰਕੇ ਵੇਖਣ ਤਾਂ ਸੰਕਟ ਦੂਰ ਹੋ ਜਾਂਦੇ ਹਨ ਤੇ ਜਨਮ ਮਰਨ ਦੇ ਸੰਕਟ ਕਟੇ ਜਾਂਦੇ ਹਨ। ਜਿਹੜਾ ਕਿਸੇ ਕਿਰਤ ਨਾਲ ਵੀ ਪਾਇਆ ਨਹੀਂ ਜਾ ਸਕਦਾ, ਉਹ ਗੁਰੂ ਪਾਸੋਂ ਸਹਿਜੇ ਹੀ ਮਿਲ ਜਾਂਦਾ ਹੈ। ਉਨ੍ਹਾਂ ਦੀ ਸੇਵਾ ਵਿਅਰਥ ਨਹੀਂ ਜਾਂਦੀ। ਜਿਸਦੇ ਸ਼ੁਭ ਭਾਗ ਹਨ, ਉਸ ਨੂੰ ਹੀ ਗੁਰੂ ਦੀ ਸੇਵਾ ਮਿਲਦੀ ਹੈ।[14] ਇਸ ਤੋਂ ਵਡਾ ਹੋਰ ਕੋਈ ਲਾਭ ਨਹੀਂ ਹੈ, ਗੁਰੂ ਸਾਹਿਬ ਦਾ ਸੇਵਕ ਸਭ ਤੋਂ

---

[13] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1544.
ਸਭਿਨਿ ਬਿਲੋਕਯੋ ਸਨਮੁਖ ਆਵਤ। ਸਿਰ ਤੇ ਮ੍ਰਿਤਕਾ ਤਹਾਂ ਗਿਰਾਵਤਿ। ਪਿਖਿ ਸਭਿ ਕੋ ਸਨਮੁਖ ਹੁਇ ਕਰਿਕੈ। ਰਾਮ-ਰਾਮ ਤਿਨਿ ਸਾਥ ਉਚਰਿਕੈ॥੩੮॥ (ਰਾਸਿ 1 ਅੰਸੂ 51)
[14] ਉਹੀ, ਪੰਨਾ 1545.

ਸ਼੍ਰੋਮਣੀ ਹੁੰਦਾ ਹੈ। ਭਾਈ ਜੇਠਾ ਨੇ ਉਹਨਾਂ ਦੇ ਹਿਤ ਦੀ ਗਲ ਕਹੀ ਪਰ ਉਹ ਹੁਜਤਾਂ ਕਰਦੇ ਸਨ। ਜਦ ਚਾਰ ਘੜੀ ਦਿਨ ਰਹਿ ਗਿਆ ਤਾਂ ਸਾਰੇ ਸੰਗੀ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਤਿਆਰ ਹੋ ਗਏ। ਭਾਈ ਜੇਠਾ ਦੇ ਸੰਗੀ ਗੁਰੂ ਸਾਹਿਬ ਨਾਲ ਗਲ ਕਰਨ ਲਗੇ ਤੇ ਕਿਹਾ ਕਿ ਤੁਸੀਂ ਇਸ ਨੂੰ ਯੋਗ ਕੰਮ ਨਹੀਂ ਦਿਤਾ ਹੈ। ਇਹ ਸੁਣ ਕੇ ਗੁਰੂ ਸਾਹਿਬ ਨੇ ਭਾਈ ਜੇਠਾ ਵਲ ਵੇਖਿਆ ਤਾਂ ਉਹਨਾਂ ਦਾ ਮੁਖ ਪ੍ਰਸੰਨ ਸੀ। ਗੁਰੂ ਸਾਹਿਬ ਨੇ ਪ੍ਰਸੰਨ ਹੋ ਕੇ ਬਚਨ ਕਹੇ ਕਿ ਮੈਂ ਇਨ੍ਹਾਂ ਨੂੰ ਸਾਰੇ ਜਗਤ ਦਾ ਛਤਰ ਦਿਤਾ ਹੈ। ਤੁਹਾਡੇ ਸਿਰਾਂ 'ਤੇ ਮਿਟੀ ਪਈ ਹੈ ਕਿਉਂਕਿ ਤੁਸੀਂ ਗੁਰੂ ਦੇ ਭਗਤ ਨਹੀਂ ਹੋ। ਜੇ ਇਹ (ਭਾਈ ਜੇਠਾ) ਤੁਹਾਡੇ ਵੰਸ਼ ਵਿਚ ਜਨਮ ਨਾ ਲੈਂਦੇ ਤਾਂ ਤੁਸੀਂ ਸਭ ਨਰਕਾਂ ਦੇ ਅਧਿਕਾਰੀ ਹੁੰਦੇ। ਗੁਰੂ ਸਾਹਿਬ ਅਗੇ ਭਾਈ ਜੇਠਾ ਨੇ ਹਥ ਜੋੜ ਕੇ ਕਿਹਾ ਕਿ ਪਾਪੀਆਂ ਦਾ ਉਧਾਰ ਕਰਨਾ ਤੁਹਾਡਾ ਧਰਮ ਹੈ। ਗੁਰੂ ਮਹਿਮਾ ਦਾ ਇਨ੍ਹਾਂ ਨੂੰ ਭੇਦ ਨਹੀਂ ਹੈ, ਇਹ ਤਾਂ ਜਗਤ ਦੇ ਜੰਜ਼ਾਲਾਂ ਵਿਚ ਫਸੇ ਹੋਏ ਹਨ। ਇਹ ਸੁਣ ਕੇ ਗੁਰੂ ਸਾਹਿਬ ਨੇ ਫੁਰਮਾਇਆ ਕਿ ਭਾਈ ਜੇਠਾ ਤੁਸੀਂ ਧੰਨ ਹੋ, ਤੁਸੀਂ ਸੇਵਾ ਕਰਕੇ ਮੈਨੂੰ ਵਸ ਵਿਚ ਕਰ ਲਿਆ ਹੈ। ਭਾਈ ਜੇਠਾ ਨੇ ਗੁਰੂ ਸਾਹਿਬ ਦੇ ਚਰਨ ਕੰਵਲਾਂ 'ਤੇ ਬੰਦਨਾਂ ਕੀਤੀ ਤੇ ਫਿਰ ਕਰਮ, ਮਨ ਅਤੇ ਬਾਣੀ ਕਰਕੇ ਸੇਵਾ ਕਰਦੇ ਰਹੇ।

ਤਵਾਰੀਖ ਗੁਰੂ ਖਾਲਸਾ ਅਨੁਸਾਰ ਬਾਉਲੀ ਸਾਹਿਬ ਵਿਚ ਇਸ਼ਨਾਨ ਤੇ ਜਪੁਜੀ ਸਾਹਿਬ ਦੇ ਪਾਠ ਹੋਣ ਲਗੇ, ਵਡੇ-ਵਡੇ ਦੇਗਬਰੇ ਕੜ੍ਹਾਹੇ, ਲੋਹਾਂ ਚੜ੍ਹ ਗਏ ਤੇ ਪ੍ਰਸ਼ਾਦ ਤਿਆਰ ਕਰਕੇ ਵਰਤਾਉਣ ਲਗੇ। ਸ੍ਰੀ ਰਾਮਦਾਸ ਜੀ ਦਿਨ-ਰਾਤ ਪ੍ਰੇਮ ਤੇ ਉਤਸ਼ਾਹ ਨਾਲ ਸੰਗਤ ਦੀ ਸੇਵਾ ਕਰਦੇ ਰਹੇ, ਭੰਡਾਰ ਦੀ ਕੁੰਜੀ ਉਹਨਾਂ ਪਾਸ ਹੀ ਸੀ।[15]

ਸ੍ਰੀ ਗੁਰੂ ਅਮਰਦਾਸ ਜੀ ਦੇ ਦੋ ਪੁਤਰ, ਜਵਾਈ ਤੇ ਹੋਰ ਸੇਵਕ ਬਹੁਤ ਸਨ। ਸੰਮਤ 1627 ਬਿ: ਨੂੰ ਸਭ ਦੀ ਪ੍ਰੀਖਿਆ ਲਈ ਹੁਕਮ ਦਿਤਾ ਕਿ ਬਾਉਲੀ ਦੇ ਆਸੇ-ਪਾਸੇ ਥੜ੍ਹੇ ਬਣਾਉ। ਸਭ ਸੇਵਕਾਂ ਨੇ ਥੜ੍ਹੇ ਬਣਾਏ ਤੇ ਗੁਰੂ ਸਾਹਿਬ ਨੂੰ ਸਹੀ ਨਾ ਲਗਣ ਕਰਕੇ ਢਾਅ ਦਿਤੇ, ਫਿਰ ਬਣਵਾਏ ਤਾਂ ਉਹ ਵੀ ਢਾਅ ਦਿਤੇ। ਇਸ ਪ੍ਰਕਾਰ ਕੋਈ ਦੋ ਵਾਰੀ, ਕੋਈ ਚਾਰ ਵਾਰੀ ਬਣਾ–ਬਣਾ ਕੇ ਹਟਦੇ ਗਏ, ਪਰ ਇਕ ਸ੍ਰੀ ਰਾਮਦਾਸ ਜੀ ਹਰ ਰੋਜ਼

---

ਜਿਸ ਕੇ ਬਡੇ ਭਾਗ ਸ਼ੁਭ ਅਹੈਂ। ਸੋ ਸਤਿਗੁਰ ਕੀ ਸੇਵਾ ਲਹੈ। ਇਸਤੇ ਪਰੈ ਲਾਭ ਨਹਿਂ ਔਰ। ਹੁਇ ਗੁਰ ਦਾਸ ਸਭਿਨਿ ਸਿਰ ਮੌਰ॥੪੮॥ (ਰਾਸਿ 1 ਅੰਸੂ 51)

[15] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 361.

ਬਣਾਉਣ ਤੇ ਗੁਰੂ ਸਾਹਿਬ ਢੁਆ ਦੇਣ, ਪਰ ਸ੍ਰੀ ਰਾਮਦਾਸ ਜੀ ਨੇ ਜ਼ਰਾ ਵੀ ਰੰਜ ਨਾ ਮੰਨਿਆ। ਸਗੋਂ ਜਦ ਪੁਤਰਾਂ ਤੇ ਸੇਵਕਾਂ ਨੇ ਸ੍ਰੀ ਰਾਮਦਾਸ ਜੀ ਨੂੰ ਆਖਿਆ ਕਿ ਗੁਰੂ ਸਾਹਿਬ ਦੀ ਤਾਂ ਬ੍ਰਿਧ ਹੋਣ ਕਰਕੇ ਅਕਲ ਟਿਕਾਣੇ ਨਹੀਂ ਰਹੀ, ਤੁਸੀਂ ਬੇਅਰਥ ਕਿਉਂ ਖਪਦੇ ਹੋ। ਇਹ ਸੁਣ ਕੇ ਸ੍ਰੀ ਰਾਮਦਾਸ ਜੀ ਨੇ ਆਖਿਆ ਕਿ ਮੈ ਤਾਂ ਮਹਾਰਾਜ ਦਾ ਹੁਕਮ ਮੰਨਣਾ ਹੈ ਤੇ ਸੇਵਾ ਕਰਨੀ ਹੈ, ਚਾਹੇ ਉਮਰ ਭਰ ਇਹੋਂ ਕੰਮ ਕਰਵਾਈ ਜਾਣ।

ਸ੍ਰੀ ਗੁਰੂ ਅਮਰਦਾਸ ਜੀ ਆਪਣੇ ਸੇਵਕ ਦੀ ਸੇਵਾ ਤੋਂ ਬਹੁਤ ਪ੍ਰਸੰਨ ਹੋਏ। ਜਦ ਸ੍ਰੀ ਰਾਮਦਾਸ ਜੀ ਗੁਰਗਦੀ ਦੇ ਯੋਗ ਹੋਏ ਤਾਂ ਗੁਰੂ ਸਾਹਿਬ ਨੇ ਸ੍ਰੀ ਰਾਮਦਾਸ ਜੀ ਨੂੰ ਗੁਰਗਦੀ ਉਪਰ ਬੈਠਾਇਆ ਤੇ ਸ੍ਰੀ ਰਾਮਦਾਸ ਜੀ ਤੋਂ ਸ੍ਰੀ ਗੁਰੂ ਰਾਮਦਾਸ ਜੀ ਬਣਾਇਆ।

## ਭਾਈ ਮਾਣਕ ਚੰਦ ਜੀ (ਜੀਵੜਾ)

ਬਾਉਲੀ ਦੀ ਕਾਰ ਸੇਵਾ ਚਲ ਰਹੀ ਸੀ ਤੇ ਸਾਰੀ ਸੰਗਤ ਹਰ ਰੋਜ਼ ਮਿਟੀ ਬਾਹਰ ਕਢ ਕੇ ਸੁਟਦੀ ਸੀ। ਖੂਹ ਪੁਟਦੇ-ਪੁਟਦੇ ਜਲ ਦੀ ਤਹਿ ਤਕ ਪਹੁੰਚ ਗਏ ਅਤੇ ਹੇਠਾਂ ਰੋੜ੍ਹਾਂ ਦੇ ਕੜ ਨੂੰ ਵੇਖਿਆ। ਉਹ ਪਥਰੀਲਾ ਕੜ ਟੁਟਦਾ ਨਹੀਂ ਸੀ। ਸਾਰਿਆਂ ਆਪਣੇ ਬੁਧੀ ਨਾਲ ਬਲ ਧਾਰਨ ਕੀਤੇ। ਪਰ ਟੁਟਿਆ ਨਹੀਂ।

ਸੰਗਤ ਵਿਚ ਪਥਰੀਆ ਜਾਤੀ ਦਾ ਭਾਈ ਮਾਣਕ ਚੰਦ ਸਿਖ ਸੀ, ਜੋ ਖਤਰੀ ਕੁਲ ਵਿਚ ਪੈਦਾ ਹੋਇਆ ਸੀ। ਉਸਦਾ ਸਰੀਰ ਬਹੁਤ ਤਕੜਾ ਸੀ। ਗੁਰੂ ਸਾਹਿਬ ਨੇ ਉਸ ਨੂੰ ਕਿਹਾ ਕਿ ਮਾਣਕ ਚੰਦ ਤੁਸੀ ਵਿਦਾਨ ਫੜੋ ਤੇ ਜ਼ੋਰ ਨਾਲ ਵਿਦਾਨ ਮਾਰ ਕੇ ਇਸ ਪਥਰੀਲੇ ਕੜ ਨੂੰ ਤੋੜ ਦਿਉ।[16] ਇਹ ਸੁਣ ਕੇ ਭਾਈ ਮਾਣਕ ਚੰਦ ਗੁਰੂ ਸਾਹਿਬ ਦੇ ਚਰਨਾਂ 'ਤੇ ਬੰਦਨਾ ਕੀਤੀ ਤੇ ਗੁਰੂ ਸਾਹਿਬ ਨੇ ਉਸਨੂੰ ਥਾਪੜਾ ਦਿਤਾ। ਭਾਈ ਮਾਣਕ ਚੰਦ ਵਿਦਾਨ ਲੈ ਕੇ ਬਾਉਲੀ ਦੇ ਵਿਚ ਗਿਆ ਤੇ ਵਿਦਾਨ ਨੂੰ ਪਥਰੀਲੀ ਤਹਿ ਉਤੇ ਬਹੁਤ ਜ਼ੋਰ ਨਾਲ ਮਾਰਿਆ। ਜਿਸ ਕਰਕੇ ਕੜ ਟੁਟ ਗਿਆ ਤੇ ਸਾਰਾ ਖੂਹ ਜਲ ਨਾਲ ਭਰ ਗਿਆ। ਸਾਰਿਆਂ ਨੇ ਕਿਹਾ ਮਾਣਕ ਚੰਦ ਡੁਬ ਗਿਆ ਹੈ। ਪਰ ਜਦ ਗੁਰੂ ਨੇ ਇਹ ਬ੍ਰਿਤਾਂਤ ਸੁਣਿਆ ਤਾਂ ਉਨ੍ਹਾਂ ਕਿਹਾ ਜੋ ਮਾਣਕ ਹੈ, ਉਹ ਮਰਦਾ ਨਹੀਂ। ਉਸ ਨੂੰ ਮੇਰੇ ਪਾਸ ਲੈ

---

[16] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1554.

ਮਾਣਕ ਚੰਦ ਪਥਰੀਆ ਜਾਤਿ। ਖੱਤ੍ਰੀ ਕੁਲ ਸੁੰਦਰ ਦ੍ਰਿੜ ਗਾਤ। ਤਿਹ ਸੰਗ ਸਤਿਗੁਰ ਕੀਨਿ ਬਖਾਨ। ਹੇ ਮਾਣਕ ਚੰਦ ਲੇਹੁ ਵਿਦਾਨ।।੩੦।। (ਰਾਸਿ 1 ਅੰਸੂ 53)

ਆਵੋ। ਇਹ ਸੁਣ ਕੇ ਸਾਰੇ ਸੇਵਕ ਭਾਈ ਮਾਣਕ ਚੰਦ ਨੂੰ ਕਢ ਕੇ ਲੈ ਆਏ ਅਤੇ ਉਸ ਦੇ ਸਰੀਰ ਨੂੰ ਗੁਰੂ ਸਾਹਿਬ ਦੇ ਪਾਸ ਰਖ ਦਿਤਾ। ਜਦ ਗੁਰੂ ਸਾਹਿਬ ਨੇ ਆਪਣਾ ਸੱਜਾ ਪੈਰ ਉਸ ਦੇ ਸਿਰ ਨੂੰ ਛੁਹਾਇਆ ਤਾਂ ਇਸ ਤਰ੍ਹਾਂ ਉਠ ਕੇ ਬੈਠ ਗਿਆ ਜਿਵੇਂ ਸੁਤਾ ਉਠਿਆ ਹੋਵੇ। ਗੁਰੂ ਸਾਹਿਬ ਭਾਈ ਮਾਣਕ ਚੰਦ ਦੀ ਸੇਵਾ ਤੋਂ ਪ੍ਰਸੰਨ ਹੋਏ ਤੇ ਉਸ ਦਾ ਨਾਂ 'ਜੀਵੜਾ' ਰਖਿਆ।

## ਪਤੀਬ੍ਰਤਾ ਮਾਈ

ਇਕ ਸਿਖ ਕਾਬਲ ਵਿਚ ਰਹਿੰਦਾ ਸੀ, ਜਿਸ ਦੀ ਇਸਤਰੀ ਪਤੀਬ੍ਰਤਾ ਸੀ। ਉਹ ਆਪਣੇ ਪਤੀ ਦਾ ਸਤਿਕਾਰ ਕਰਦੀ ਤੇ ਉਸ ਦੇ ਮਨ ਵਿਚ ਕਦੇ ਵੀ ਕਿਸੇ ਦੂਸਰੇ ਮਰਦ ਬਾਰੇ ਖਿਆਲ ਨਹੀਂ ਆਉਂਦਾ ਸੀ। ਪਤੀਬ੍ਰਤਾ ਹੋਣ ਕਰਕੇ ਉਸ ਵਿਚ ਵਿਸ਼ਾਲ ਸ਼ਕਤੀ ਆ ਗਈ, ਜਿਸ ਕਰਕੇ ਉਹ ਫੌਰਨ ਪਹੁੰਚ ਜਾਂਦੀ ਸੀ। ਹਜ਼ਾਰਾਂ ਕੋਹਾਂ 'ਤੇ ਇਕ ਘੜੀ ਵਿਚ ਪਹੁੰਚ ਜਾਂਦੀ ਸੀ ਅਤੇ ਪਹੁੰਚਣ ਵਿਚ ਜ਼ਰਾ ਵੀ ਦੇਰ ਨਹੀਂ ਲਗਦੀ ਸੀ। ਉਸ ਨੇ ਇਸ ਤਰ੍ਹਾਂ ਦੀਆਂ ਕਈ ਹੋਰ ਸ਼ਕਤੀਆਂ ਵੀ ਧਾਰਨ ਕੀਤੀਆਂ ਸਨ ਕਿਉਂਕਿ ਉਹ ਸਦਾ ਹੀ ਪਤੀ ਪ੍ਰੇਮ ਦੀ ਪ੍ਰੀਤ ਨੂੰ ਪਾਲਦੀ ਸੀ।[17] ਜਦ ਉਸ ਨੂੰ ਬਾਉਲੀ ਦੀ ਕਾਰ ਸੇਵਾ ਦਾ ਪਤਾ ਲਗਾ ਤਾਂ ਉਹ ਗੁਰੂ ਸਾਹਿਬ ਦੀ ਸੇਵਾ ਕਰਨ ਲਈ ਤਿਆਰ ਹੋ ਗਈ। ਉਹ ਸਿਖਣੀ ਕਾਬਲ ਤੋਂ ਆਉਂਦੀ ਸੀ ਤੇ ਸਵੇਰ ਹੋਣ ਸਮੇਂ ਸੇਵਾ ਕਰਨ ਲਗ ਜਾਂਦੀ ਸੀ ਅਤੇ ਸਾਰਾ ਦਿਨ ਕਾਰ ਸੇਵਾ ਕਰਦੀ। ਉਹ ਮਿਟੀ ਪੁਟ ਕੇ ਸਿਰ 'ਤੇ ਚੁਕ ਕੇ ਬਾਹਰ ਕਢਦੀ। ਚੂਨਾ ਅਤੇ ਇਟਾਂ ਵੀ ਪਹੁੰਚਾਉਂਦੀ ਸੀ। ਇਸ ਸਮੇਂ ਕਿਸੇ ਨਾਲ ਬੋਲਦੀ ਨਹੀਂ ਸੀ। ਜਦ ਰਾਤ ਪੈ ਜਾਂਦੀ ਤਾਂ ਅੰਤਰ ਧਿਆਨ ਹੋ ਕੇ ਆਪਣੇ ਘਰ ਕਾਬਲ ਚਲੀ ਜਾਂਦੀ ਸੀ। ਸਵੇਰ ਹੋਣ ਸਮੇਂ ਫਿਰ ਅਚਾਨਕ ਆ ਜਾਂਦੀ। ਉਸ ਨੂੰ ਵੇਖ ਕੇ ਸਿਖ ਹੈਰਾਨ ਰਹਿੰਦੇ ਸਨ ਤੇ ਉਸ ਇਸਤਰੀ ਦਾ ਕੋਈ ਭੇਦ ਨਹੀਂ ਪਾ ਰਿਹਾ ਸੀ। ਸਿਖ ਕਹਿੰਦੇ ਸਨ ਕਿ ਸੇਵਾ ਕਰਦੀ ਖਲੋ ਕੇ ਹਥਾਂ ਨੂੰ ਇਸ ਤਰ੍ਹਾਂ ਹਿਲਾਉਂਦੀ ਹੈਂ ਜਿਵੇਂ ਪੰਘੂੜੇ ਨੂੰ ਝੂਲਾ ਰਹੀ ਹੋਵੇ ਅਤੇ ਫਿਰ ਕਾਰ ਸੇਵਾ ਕਰਨ ਲਗ ਜਾਂਦੀ ਹੈ। ਇਕ ਘੜੀ ਬਾਅਦ ਫਿਰ ਉਸ ਤਰ੍ਹਾਂ ਹੀ ਹਥ ਹਿਲਾਉਂਦੀ ਹੈ ਜਿਵੇਂ ਪਘੂੰੜਾ

[17] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1560.
ਜਹਿਂ ਚਾਹੈ ਪਹੁਂਚੈ ਤਤਕਾਲਾ॥੬॥ ਕੋਸ ਹਜਾਰਹੁਂ ਘਟਿਕਾ ਮਾਂਹੀ। ਪਹੁੰਚਤਿ ਦੇਰ ਲਗਹਿ ਜਿਸ ਨਾਂਹੀ। ਇੱਤਯਾਦਿਕ ਸ਼ਕਤੀ ਕਹੁ ਧਾਰਤਿ। ਸਦਾ ਪ੍ਰੇਮਪਤਿ ਸੋਂ ਪ੍ਰਤਿਪਾਰਤਿ॥੭॥ (ਰਾਸਿ 1 ਅੰਸੂ 55)

ਝੂਲਾ ਰਹੀ ਹੋਵੇ। ਸਾਰੇ ਇਹ ਜਾਣ ਕੇ ਬਹੁਤ ਹੈਰਾਨ ਹੁੰਦੇ ਸਨ। ਉਹ ਪ੍ਰੇਮ ਨਾਲ ਸੇਵਾ ਕਰ ਰਹੀ ਸੀ ਕਿ ਉਸ ਨੂੰ ਪੁਛ ਵੀ ਨਹੀਂ ਸਕਦੇ ਸਨ। ਕਈ ਦਿਨ ਇਸ ਤਰ੍ਹਾਂ ਬਤੀਤ ਕੀਤੇ ਫਿਰ ਸਾਰੇ ਮਿਲ ਕੇ ਗੁਰੂ ਸਾਹਿਬ ਦੇ ਪਾਸ ਗਏ ਤੇ ਦਸਣ ਲਗੇ ਕਿ ਗੁਰੂ ਸਾਹਿਬ ਹਰ ਰੋਜ਼ ਇਕ ਇਸਤਰੀ ਆਉਂਦੀ ਹੈ, ਸਾਰਿਆਂ ਨਾਲ ਮਿਲ ਕੇ ਕਾਰ ਸੇਵਾ ਕਰਦੀ ਹੈ। ਸ਼ਾਮ ਨੂੰ ਉਹ ਸਾਰਿਆਂ ਦੇ ਵੇਖਦਿਆਂ-ਵੇਖਦਿਆਂ ਅਲੋਪ ਹੋ ਜਾਂਦੀ ਹੈ। ਸਵੇਰ ਹੁੰਦਿਆਂ ਫਿਰ ਪਹਿਲਾਂ ਵਾਂਗ ਪ੍ਰਗਟ ਹੋ ਜਾਂਦੀ ਹੈ ਤੇ ਬਾਕੀ ਸਿਖਾਂ ਵਾਂਗ ਕਾਰ-ਸੇਵਾ ਕਰਦੀ ਹੈ। ਇਕ ਅਸਚਰਜ ਕੰਮ ਹੋਰ ਵੀ ਕਰਦੀ ਹੈ। ਉਹ ਕਾਰ ਸੇਵਾ ਕਰਦੀ-ਕਰਦੀ ਜਿਸ ਥਾਂ ਬੈਠਦੀ ਹੈ ਤੇ ਹਥ ਫੈਲਾ ਕੇ ਫਿਰ ਪਿਛੇ ਹਟਾ ਲੈਂਦੀ ਹੈ, ਕੁਝ ਸਮਝ ਨਹੀਂ ਆਉਂਦੀ। ਅਸੀ ਵੇਖ-ਵੇਖ ਕੇ ਹਾਰ ਗਏ ਹਾਂ ਤੇ ਅਜ ਤੁਹਾਡੇ ਤੋਂ ਇਹ ਭੇਦ ਜਾਣਨਾ ਚਾਹੁੰਦੇ ਹਾਂ।

ਸ੍ਰੀ ਗੁਰੂ ਅਮਰਦਾਸ ਜੀ ਉਨ੍ਹਾਂ ਦੀ ਇਹ ਗਲ ਸੁਣ ਕੇ ਉਸ ਇਸਤਰੀ ਦਾ ਸਾਰਾ ਪ੍ਰਸੰਗ ਸੁਣਾਉਣ ਲਗੇ। ਕਾਬਲ ਵਿਚ ਮੇਰਾ ਇਕ ਸਿਖ ਰਹਿੰਦਾ ਹੈ, ਇਹ ਉਸ ਸਿਖ ਦੀ ਇਸਤਰੀ ਹੈ। ਭਲੇ ਵਡੇ ਭਾਗਾਂ ਵਾਲੀ ਪਤੀਬ੍ਰਤਾ ਹੈ, ਗੁਰੂ ਸੇਵਾ ਕਰਨ ਲਈ ਸਦਾ ਤਤਪਰ ਰਹਿੰਦੀ ਹੈ। ਆਪਣੇ ਪਤੀ ਨੂੰ ਪਰਮੇਸ਼ਵਰ ਕਰਕੇ ਜਾਣਦੀ ਹੈ ਤੇ ਉਸ ਦਾ ਹੁਕਮ ਹਰ ਵੇਲੇ ਮੰਨਦੀ ਹੈ। ਉਹ ਹਿਰਦੇ ਵਿਚ ਸਦਾ ਗੁਰੂ ਦਾ ਧਿਆਨ ਧਾਰ ਕੇ ਰਖਦੀ ਹੈ ਤੇ ਬਾਹਰ ਕਿਸੇ ਨਾਲ ਵੀ ਬੋਲਦੀ ਨਹੀਂ। ਉਸ ਨੇ ਆਪਣੇ ਪਤੀ ਦੀ ਸੇਵਾ ਕਰਕੇ ਇਹ ਸ਼ਕਤੀ ਪ੍ਰਾਪਤ ਕੀਤੀ ਹੈ, ਜਿਸ ਕਰਕੇ ਆਪਣੀ ਇਛਾ ਅਨੁਸਾਰ ਕਿਤੇ ਵੀ ਆ-ਜਾ ਸਕਦੀ ਹੈ। ਸਿਧਾਂ ਵਾਂਗ ਇਹ ਸਾਰੀਆਂ ਸਿਧੀਆਂ ਨਾਲ ਭਰਪੂਰ ਹੈ। ਸਵੇਰੇ ਇਥੇ ਆ ਕੇ ਕਾਰ ਸੇਵਾ ਕਰਦੀ ਹੈ ਤੇ ਸ਼ਾਮ ਹੋਣ ਸਮੇਂ ਕਾਬਲ ਆਪਣੇ ਘਰ ਚਲੀ ਜਾਂਦੀ ਹੈ। ਸਵੇਰੇ ਆਉਣ ਸਮੇਂ ਆਪਣੇ ਛੋਟੇ ਪੁਤਰ ਨੂੰ ਪੰਘੂੜੇ ਵਿਚ ਲਿਟਾ ਆਉਂਦੀ ਹੈ ਤੇ ਆਪਣੀ ਸ਼ਕਤੀ ਨਾਲ ਉਸ ਦਾ ਪੰਘੂੜਾ ਝੁਲਾਉਂਦੀ ਹੈ। ਬਾਉਲੀ ਦੀ ਕਾਰ-ਸੇਵਾ ਕਰਦੀ ਹੋਈ ਵੀ ਆਪਣੇ ਪੁਤਰ ਦੀ ਹਾਲਤ ਨੂੰ ਜਾਣਦੀ ਹੈ ਤੇ ਜਦ ਉਹ ਰੋਣ ਲਗਦਾ ਤਾਂ ਹਥ ਫੈਲਾ ਕੇ ਪੰਘੂੜੇ ਨੂੰ ਝੂਲਾ ਦਿੰਦੀ ਹੈ। ਇਸ ਥਾਂ ਬੈਠੀ ਆਪਣੇ ਪੁਤਰ ਨੂੰ ਲਾਡ ਲਡਾਉਂਦੀ ਹੈ ਤੇ ਨਾਲ-ਨਾਲ ਸੇਵਾ ਕਰਦੀ ਹੈ। ਰਾਤ ਨੂੰ ਘਰ ਜਾ ਕੇ ਆਪਣਾ ਘਰ-ਬਾਰ ਸੰਭਾਲ ਲੈਂਦੀ ਹੈ ਤੇ ਆਪਣੇ ਪੁਤਰ, ਪਤੀ ਨੂੰ ਮਿਲ ਕੇ ਆਨੰਦ ਧਾਰਨ ਕਰਦੀ ਹੈ।

ਇਸਤਰੀ ਪਾਸ ਪਤੀਬ੍ਰਤਾ ਤੋਂ ਵਡਾ ਹੋਰ ਕੋਈ ਵੀ ਧਰਮ ਨਹੀਂ ਹੈ, ਜਿਸ ਕਾਰਨ ਹਿਰਦੇ ਵਿਚ ਮਹਾਂ ਸ਼ਕਤੀ ਪ੍ਰਾਪਤ ਹੁੰਦੀ ਹੈ।

## ਭਾਈ ਸੰਤ ਸਧਾਰਨ ਜੀ

ਜਦੋਂ ਬਾਉਲੀ ਦੀ ਕਾਰ ਸੇਵਾ ਹੋ ਰਹੀ ਸੀ ਤਾਂ ਉਥੇ ਇਕ ਲੁਹਾਰ ਸਿਖ ਕਾਰ-ਸੇਵਾ ਕਰਦਾ ਸੀ। ਉਹ ਲਕੜ ਦੀਆਂ ਪੌੜੀਆਂ ਘੜ ਕੇ ਬਣਾਉਂਦਾ ਸੀ ਤੇ ਹੋਰ ਕੰਮ ਵੀ ਜੋ ਹੁੰਦਾ ਉਹ ਕਰਦਾ ਸੀ। ਲੁਹਾਰ ਲਕੜ ਤੇ ਲੋਹਾ ਆਪਣੇ ਹਥਾਂ ਨਾਲ ਘੜਦਾ ਸੀ।[18] ਬਾਉਲੀ ਦੇ ਜਲ ਨੇੜੇ ਰਖਣ ਲਈ ਉਸ ਨੇ ਲਕੜ ਦੀਆਂ ਸਤ ਪੌੜੀਆਂ ਬਣਾਈਆਂ, ਜਿਸ ਕਾਰਨ ਜਲ ਬੜੀ ਆਸਾਨੀ ਨਾਲ ਲਿਆ ਜਾ ਸਕਦਾ ਸੀ। ਗੁਰੂ ਸਾਹਿਬ ਉਸ ਦੀ ਸੇਵਾ ਵੇਖ ਕੇ ਬਹੁਤ ਪ੍ਰਸੰਨ ਹੋਏ ਤੇ ਉਸ ਲੁਹਾਰ ਸਿਖ ਨੂੰ ਆਪਣੇ ਪਾਸ ਬੁਲਾ ਕੇ ਸਤਿਨਾਮ ਦਾ ਉਪਦੇਸ਼ ਦਿਤਾ। ਉਸ ਦਾ ਨਾਂ 'ਸੰਤ ਸਧਾਰਨ' ਰਖ ਦਿਤਾ। ਗੁਰੂ ਸਾਹਿਬ ਨੇ ਫੁਰਮਾਇਆ ਕਿ ਤੇਰੀ ਸੇਵਾ ਹੁਣ ਹਰ ਤਰ੍ਹਾਂ ਨਾਲ ਪ੍ਰਵਾਨ ਹੋਈ ਹੈ। ਹੁਣ ਜਾ ਕੇ ਆਪਣੇ ਘਰ ਵਿਚ ਰਹੋ ਤੇ ਬੈਠ ਕੇ ਭਜਨ ਕਰੋ। ਉਸ ਲੁਹਾਰ ਸਿਖ ਨੇ ਨਿਹਾਲ ਹੋ ਕੇ ਗੁਰੂ ਸਾਹਿਬ ਦਾ ਬਚਨ ਮੰਨਿਆ ਤੇ ਸਦਾ ਹੀ ਸਤਿਨਾਮ ਦਾ ਸਿਮਰਨ ਕਰਦਾ ਰਿਹਾ।

## ਬੀਬੀ ਭਾਨੀ ਜੀ

ਸ੍ਰੀ ਗੁਰੂ ਅਮਰਦਾਸ ਜੀ ਦੀ ਛੋਟੀ ਪੁਤਰੀ ਬੀਬੀ ਭਾਨੀ ਉਨ੍ਹਾਂ ਦੀ ਨਿਤ ਸੇਵਾ ਕਰਦੀ ਸੀ। ਉਹ ਆਪਣੇ ਪਿਤਾ ਜੀ ਨੂੰ ਪਿਤਾ ਸਮਝ ਕੇ ਨਹੀਂ ਬਲਕਿ ਗੁਰੂ ਸਮਝ ਕੇ ਸੇਵਾ ਕਰਦੀ ਸੀ। ਬੀਬੀ ਭਾਨੀ ਜੀ ਭਾਉ-ਭਗਤੀ ਦਾ ਹੀ ਸਰੂਪ ਸੀ[19] ਬੀਬੀ ਭਾਨੀ ਸ਼ਰਧਾ ਧਾਰ ਕੇ ਸੇਵਾ ਕਮਾਉਂਦੀ ਸੀ ਜਿਵੇਂ ਗੁਰੂ ਸਾਹਿਬ ਪ੍ਰਸੰਨ ਹੁੰਦੇ

---

[18] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1572.
ਇਕ ਲੁਹਾਰ ਤਹਿਂ ਕਾਰ ਕਰਤਿ ਹੈ। ਕਾਠਨਿ ਕੀ ਪੌਰੀ ਸੁ ਘਰਤਿ ਹੈ। ਅਪਰ ਕਾਜ ਜੋ ਹੋਹਿ ਸੁ ਕਰਿਹੀ। ਕਾਸ਼ਟ ਲੋਹਾ ਨਿਜ ਕਰ ਘਰਿਹੀ॥੧੧॥ (ਰਾਸਿ 1 ਅੰਸੂ 58)

[19] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1606.

ਸਨ, ਉਸ ਤਰ੍ਹਾਂ ਨਿਤ ਸੇਵਾ ਕਰਦੀ ਸੀ। ਪਹਿਰ ਰਾਤ ਰਹਿੰਦਿਆਂ ਇਸ਼ਨਾਨ ਕਰਦੀ ਸੀ। ਫਿਰ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਚਲੀ ਜਾਂਦੀ। ਬੀਬੀ ਭਾਨੀ ਦੀ ਸੇਵਾ ਗੁਰੂ ਸਾਹਿਬ ਨੂੰ ਚੰਗੀ ਲਗਦੀ ਸੀ।

ਇਕ ਦਿਨ ਗੁਰੂ ਸਾਹਿਬ ਇਸ਼ਨਾਨ ਲਈ ਗਏ। ਉਸ ਸਮੇਂ ਉਨ੍ਹਾਂ ਦੀ ਪੁਤਰੀ ਬੀਬੀ ਭਾਨੀ, ਜਿਸ ਦੀ ਭਗਤੀ ਗੁਰੂ ਸਾਹਿਬ ਨੂੰ ਚੰਗੀ ਲਗੀ ਸੀ। ਬੀਬੀ ਭਾਨੀ ਦਰਸ਼ਨਾਂ ਲਈ ਗੁਰੂ ਸਾਹਿਬ ਪਾਸ ਪਹੁੰਚੀ।[20] ਇਸ਼ਨਾਨ ਕਰਨ ਲਈ ਤਦ ਗੁਰੂ ਸਾਹਿਬ ਲਕੜ ਦੀ ਚੌਂਕੀ ਉਤੇ ਚੜ ਕੇ ਬੈਠ ਗਏ। ਉਸ ਸਮੇਂ ਚੌਂਕੀ ਦਾ ਪਾਵਾ ਟੁਟ ਗਿਆ ਤੇ ਇਹ ਵੇਖ ਕੇ ਬੀਬੀ ਭਾਨੀ ਨੇ ਮਨ ਵਿਚ ਸੋਚਿਆ ਕਿ ਜਦ ਪਿਤਾ ਜੀ ਹਿਲ ਕੇ ਇਸ ਪਾਸੇ ਹੋਣਗੇ ਤਾਂ ਚੌਂਕੀ ਦੀ ਸਥਿਤੀ ਉਸੇ ਵੇਲੇ ਡੋਲ ਜਾਵੇਗੀ ਤਾਂ ਉਨ੍ਹਾਂ ਦੀ ਸਮਾਧੀ ਖੁਲ੍ਹ ਜਾਵੇਗੀ। ਬੀਬੀ ਭਾਨੀ ਜੀ ਨੂੰ ਉਥੋਂ ਕੋਈ ਹੋਰ ਵਸਤੂ ਨਾ ਲਭੀ, ਜਿਸ ਨੂੰ ਪਾਵੇ ਦੇ ਹੇਠਾਂ ਰਖਦੀ। ਉਤਾਵਲੀ ਹੋ ਕੇ ਆਪਣਾ ਹਥ ਹੀ ਪਾਵੇ ਦੇ ਥਾਂ ਰਖ ਦਿਤਾ ਤਾਂ ਕਿ ਉਸ ਨਾਲ ਚੌਂਕੀ ਨਾ ਡੋਲੇ। ਚਾਰੇ ਪਾਵਿਆਂ ਤੇ ਬਰਾਬਰ ਭਾਰ ਹੋਣ ਕਰਕੇ ਬੀਬੀ ਭਾਨੀ ਨੇ ਉਸ ਨੂੰ ਸਹਾਰ ਲਿਆ। ਚੌਂਕੀ ਦੇ ਹਿਲ ਜਾਣ ਦੇ ਡਰ ਕਰਕੇ ਹਥ ਪਾਸੇ ਨਾ ਕੀਤਾ ਤੇ ਹਿਰਦੇ ਵਿਚ ਧੀਰਜ ਧਾਰਨ ਕਰਕੇ ਬੈਠੀ ਰਹੀ। ਬੀਬੀ ਭਾਨੀ ਦੇ ਹਥ ਵਿਚ ਪਾਵਾ ਗਡਿਆ ਰਿਹਾ ਤੇ ਉਸ ਥਾਂ ਨੂੰ ਛਡ ਕੇ ਹਥ ਬਾਹਰ ਨਾ ਕਢਿਆ। ਬੀਬੀ ਭਾਨੀ ਸਵੇਰ ਹੋਣ ਤਕ ਉਥੇ ਹੀ ਬੈਠੇ ਰਹੇ। ਜਦ ਸਵੇਰ ਸਮੇਂ ਗੁਰੂ ਸਾਹਿਬ ਨੇ ਆਪਣੀ ਪੁਤਰੀ ਨੂੰ ਪਾਸ ਬੈਠੀ ਵੇਖਿਆ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਇਥੇ ਕੀ ਕਰ ਰਹੇ ਹੋ? ਤੇਰੀ ਬਾਂਹ ਬਹੁਤ ਪੀੜਤ ਦਿਸ ਰਹੀ ਹੈ। ਇਹ ਸੁਣ ਕੇ ਬੀਬੀ ਭਾਨੀ ਬੋਲੇ ਕਿ ਗੁਰੂ ਸਾਹਿਬ ਮੈਂ ਚੌਂਕੀ ਇਕ ਪਾਵੇ ਤੋਂ ਬਗੈਰ ਵੇਖੀ ਸੀ। ਇਥੇ ਨੇੜੇ ਚੌਂਕੀ ਦੇ ਹੇਠਾਂ ਦੇਣ ਲਈ ਕੁਝ ਵੀ ਨਾ ਦਿਸਿਆ ਜਿਸ ਕਰਕੇ ਮੈਂ ਹਥ ਚੌਂਕੀ ਦੇ ਹੇਠਾਂ ਰਖ ਦਿਤਾ। ਮੈਂ ਇਹ ਡਰਦੀ ਸੀ ਕਿ ਚੌਂਕੀ ਦੇ ਹਿਲਣ ਨਾਲ ਆਪ ਦੀ ਸਮਾਧੀ ਖੁਲ੍ਹ ਜਾਵੇਗੀ, ਇਸ ਕਰਕੇ ਮੈਂ ਚੌਂਕੀ ਨੂੰ ਸਥਿਰ ਟਿਕਾਈ ਰਖਿਆ। ਬੀਬੀ ਭਾਨੀ ਨੇ ਕਿਹਾ ਗੁਰੂ ਸਾਹਿਬ ਮੇਰੀ ਗਿਆਨ-ਹੀਣ

---

ਛੋਟੀ ਸੁਤਾ ਸੇਵ ਨਿਤਿ ਕਰੈ। ਲਖਹਿ ਪ੍ਰਭੂ ਇਮਿ ਭਾਉ ਸੁ ਧਰੈ॥੨॥ ਪਿਤ ਕਰਿ ਨਹਿਂ ਜਾਨਹਿ ਬਹੁ ਸਯਾਨੀ। ਭਾਉ ਭਗਤਿ ਤੋ ਤਨ ਜਨੁ ਭਾਨੀ। ਮਨਹੁਂ ਕੀਰਤੀ ਰੂਪ ਕਰਯੋ ਹੈ। ਕੈ ਙ੍ਰੀ ਸ੍ਰੀ ਨਿਜ ਬੇਸੁ ਧਰਯੋ ਹੈ॥੩॥ (ਰਾਸਿ 1 ਅੰਸੂ 64)

[20] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1612.

ਇਕ ਦਿਨ ਪ੍ਰਭੁ ਕ੍ਰਿਪਾਲ। ਕਰੀ ਸੌਚ ਮੱਜੇ ਤਿਸ ਕਾਲ। ਹਿਤ ਦਰਸ਼ਨ ਕੇ ਤਨੁਜਾ ਭਾਨੀ। ਪਹੁੰਚੀ ਨਿਕਟ ਭਗਤੀ ਜਿਹ ਭਾਨੀ॥੨੨॥ (ਰਾਸਿ 1 ਅੰਸੂ 65)

ਮਤ ਹੈ, ਆਪ ਜੀ ਦੀ ਮੇਰੇ ਤੋਂ ਸੇਵਾ ਹੋ ਨਹੀਂ ਸਕਦੀ, ਆਪ ਜੀ ਦੇ ਦਰਸ਼ਨ ਕਰਕੇ ਨੇਤਰ ਸਫਲ ਹੋ ਜਾਂਦੇ ਹਨ। ਆਪ ਜੀ ਦੀ ਆਗਿਆ ਅਨੁਸਾਰ ਟਹਿਲ-ਸੇਵਾ ਕਰਨ ਨਾਲ ਹਥ ਸਫਲ ਹੋ ਜਾਂਦੇ ਹਨ। ਜੋ ਆਪ ਜੀ ਦੀ ਸੇਵਾ ਵਿਚ ਲਗੇ ਹਨ, ਉਨ੍ਹਾਂ ਵਡਭਾਗੀਆਂ ਦੇ ਸਾਰੇ ਸਰੀਰ ਹੀ ਸਫਲ ਹਨ। ਗੁਰੂ ਸਾਹਿਬ ਆਪਣੀ ਪੁਤਰੀ ਦੇ ਬਚਨ ਸੁਣ ਕੇ ਤੇ ਉਸ ਵਲੋਂ ਕੀਤੇ ਸੇਵਾ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ। ਗੁਰੂ ਸਾਹਿਬ ਨੇ ਪ੍ਰਸੰਨ ਹੋ ਕੇ ਵਰ ਦਿਤਾ ਕਿ ਤੇਰੀ ਸੰਤਾਨ ਮਹਾਨ ਵਧੇਗੀ। ਉਨ੍ਹਾਂ ਦੀ ਸਾਰੇ ਜਗ ਵਿਚ ਪੂਜਾ ਹੋਵੇਗੀ ਜਿਵੇਂ ਦੂਜ ਦਾ ਚੰਦਰਮਾ ਵਧਦਾ ਹੈ। ਜੋ ਵੀ ਸੇਵਕ ਉਨ੍ਹਾਂ ਦੀ ਸੇਵਾ ਕਰੇਗਾ ਉਹ ਵਡੇ ਭਾਗਾਂ ਵਾਲਾ ਹੋਵੇਗਾ। ਉਹਨਾਂ ਦੇ ਅਗੇ ਵੰਸ਼ ਵਿਚ ਜਿਹੜੇ ਮਨੁਖ ਪੈਦਾ ਹੋਣਗੇ, ਉਹ ਜਗਤ ਵਿਚ ਵਡੇ ਮਹਾਂਬਲੀ ਹੋਣਗੇ। ਤਿੰਨ ਕਾਲਾਂ ਵਿਚ ਤੇਰੇ ਜੈਸੀ ਨਾ ਕੋਈ ਹੋਈ ਹੈ, ਨਾ ਹੁਣ ਹੈ ਅਤੇ ਨਾ ਹੀ ਅਗੇ ਐਸੀ ਕੋਈ ਹੋਵੇਗੀ। ਤੇਰੇ ਪਿਤਾ ਜੀ ਗੁਰੂ ਹਨ, ਤੇਰਾ ਪਤੀ, ਇਸ ਜਗਤ ਦਾ ਗੁਰੂ ਹੋਵੇਗਾ ਅਤੇ ਪੋਤਰਾ ਗੁਰੂ ਮੀਰੀ-ਪੀਰੀ ਦਾ ਮਾਲਕ ਹੋਵੇਗਾ। ਸ੍ਰੀ ਗੁਰੂ ਅਮਰਦਾਸ ਜੀ ਨੇ ਅਤਿ ਕ੍ਰਿਪਾਲ ਹੋ ਕੇ ਇਸ ਤਰ੍ਹਾਂ ਦੇ ਕਈ ਵਰ ਦਿਤੇ।

## ਭਾਈ ਲੰਗਾਹ ਜੀ

ਗੋਇੰਦਵਾਲ ਤੋਂ ਤਿੰਨ ਕੋਹ ਦੂਰ ਇਕ ਤਲਵੰਡੀ ਨਾਮੀਂ ਨਗਰ ਵਿਚ ਗੁਰੂ ਸਾਹਿਬ ਦਾ ਸਿਖ ਰਹਿੰਦਾ ਸੀ, ਜਿਸ ਨੂੰ ਭਾਈ ਲੰਗਾਹ ਕਹਿੰਦੇ ਸਨ। ਉਸ ਦੇ ਇਕ ਲਤ ਹੋਣ ਕਰਕੇ ਉਹ ਲੰਗਾ ਕੇ ਚਲਦਾ ਸੀ, ਇਸ ਕਰਕੇ ਉਸਦਾ ਨਾਮ ਲੰਗਾਹ ਪਿਆ। ਪਰ ਉਹ ਹਰ ਰੋਜ਼ ਸ਼ਰਧਾ ਧਾਰ ਕੇ ਗੁਰੂ ਸਾਹਿਬ ਲਈ ਦਹੀਂ ਲਿਆਉਂਦਾ ਸੀ ਤੇ ਬੜੇ ਪ੍ਰੇਮ ਨਾਲ ਗੁਰੂ ਸਾਹਿਬ ਨੂੰ ਛਕਾਉਂਦਾ ਸੀ। ਗੁਰੂ ਸਾਹਿਬ ਦੀ ਸੇਵਾ ਕਰਦਿਆਂ ਬਹੁਤ ਸਮਾਂ ਬੀਤ ਗਿਆ ਪਰ ਉਹ ਆਪਣਾ ਨੇਮ ਸਦਾ ਪਾਲਦਾ ਰਿਹਾ। ਜੇ ਭਾਰੀ ਵਰਖਾ ਵੀ ਹੁੰਦੀ ਸੀ ਤਾਂ ਵੀ ਦਹੀਂ ਲੈ ਕੇ ਆਉਂਦਾ ਸੀ ਤੇ ਦੇਰ ਨਹੀਂ ਕਰਦਾ ਸੀ। ਉਹ ਟੁਟੀ ਟੰਗ ਨੂੰ ਲਕੜ ਦੀ ਬਣੀ ਘੋੜੀ 'ਤੇ ਰਖਦਾ ਸੀ। ਭਾਈ ਲੰਗਾਹ ਠੰਡ ਦੇ ਸਮੇਂ ਵੀ ਦਹੀਂ ਹਥ ਵਿਚ ਚੁਕ ਕੇ ਲਿਆਉਂਦਾ ਸੀ।[21] ਇਕ ਦਿਨ ਦਹੀਂ ਲੈ ਕੇ ਚਲਿਆ

---

[21] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1606.
ਨਿਤਿ ਸ਼ਰਧਾ ਧਰਿ ਦਧਿ ਕੋ ਲਯਾਵਤਿ। ਧਰਤਿ ਪ੍ਰੀਤਿ ਸਤਿਗੁਰੂ ਖੁਲਾਵਤਿ। ਕਰਤਿ ਸੇਵ ਬੀਤਯੋ ਚਿਰਕਾਲ। ਅਪਨੋ ਨੇਮ ਰਖਯੋ ਪ੍ਰਤਿਪਾਲ।।੧੫।। (ਰਾਸਿ 1 ਅੰਸੂ 64)

ਤਾਂ ਰਾਹ ਦੇ ਵਿਚ ਪਿੰਡ ਦਾ ਚੌਧਰੀ ਸਹਿਜ-ਸੁਭਾਅ ਹੀ ਮਿਲ ਗਿਆ। ਹਾਸਾ ਮਜ਼ਾਕ ਕਰਕੇ ਉਸ ਨੇ ਭਾਈ ਲੰਗਾਹ ਨੂੰ ਫੜ ਲਿਆ ਤੇ ਲਕੜ ਦੀ ਘੋੜੀ ਖੋਹ ਲਈ। ਚੌਧਰੀ ਨੇ ਕਿਹਾ ਕਿ ਤੂੰ ਰੋਜ਼ ਗੁਰੂ ਸਾਹਿਬ ਪਾਸ ਜਾਂਦਾ ਹੈ, ਪ੍ਰੇਮ ਧਾਰ ਕੇ ਉਨ੍ਹਾਂ ਨੂੰ ਸਦਾ ਦਹੀਂ ਛਕਾਉਂਦਾ ਹੈ ਪਰ ਤੇਰੀ ਲੰਗੀ ਲਤ ਉਨ੍ਹਾਂ ਸਾਬਤ ਨਹੀਂ ਕੀਤੀ, ਤੇਰੀ ਸਾਰੀ ਮਿਹਨਤ ਵਿਅਰਥ ਜਾਂਦੀ ਹੈ। ਤੇਰਾ ਇਹ ਦੁਖ ਵੀ ਉਨ੍ਹਾਂ ਦੂਰ ਨਹੀਂ ਕੀਤਾ। ਭਾਈ ਲੰਗਾਹ ਨੇ ਇਹ ਸੁਣ ਕੇ ਕਿਹਾ ਮੈਨੂੰ ਰੋਕੋ ਨਾ ਸਮਾਂ ਇਸ ਥਾਂ ਹੀ ਬੀਤਦਾ ਜਾਂਦਾ ਹੈ। ਮੇਰੇ ਗੁਰੂ ਸਾਹਿਬ ਬੇਪਰਵਾਹ ਹਨ ਜੋ ਵੀ ਚਾਹੁੰਦੇ ਹਨ ਇਕ ਛਿਣ ਵਿਚ ਵੀ ਕਰ ਸਕਦੇ ਹਨ। ਜਿਵੇਂ ਉਨ੍ਹਾਂ ਦੀ ਰਜ਼ਾ ਹੁੰਦੀ ਉਸ ਤਰ੍ਹਾਂ ਹੀ ਅਸੀ ਵਿਚਰਦੇ ਹਾਂ ਤੇ ਸਦਾ ਹੀ ਬਹੁਤ ਪ੍ਰਸੰਨ ਹੋ ਕੇ ਰਹਿੰਦੇ ਹਾਂ। ਕਿਸੇ ਜੀਵ ਦਾ ਜਿਵੇਂ ਭਲਾ ਹੋ ਜਾਵੇ, ਉਸ ਤਰ੍ਹਾਂ ਹੀ ਗੁਰੂ ਸਾਹਿਬ ਸਿਖਾਂ ਲਈ ਕਰਦੇ ਹਨ।

ਇਹ ਕਹਿ ਕੇ ਭਾਈ ਲੰਗਾਹ ਨੇ ਲਕੜ ਦੀ ਘੋੜੀ ਮੰਗੀ ਤਾਂ ਕਾਫੀ ਸਮੇਂ ਦੇ ਬਾਅਦ ਉਸ ਨੇ ਲਕੜ ਦੀ ਘੋੜੀ ਦਿਤੀ। ਫਿਰ ਆਪਣੀ ਲੰਗੀ ਲਤ ਲਕੜ ਦੀ ਘੋੜੀ ’ਤੇ ਰਖ ਕੇ ਕਾਹਲੀ-ਕਾਹਲੀ ਚਲ ਪਿਆ। ਗੁਰੂ ਸਾਹਿਬ ਲੰਗਰ ਵਿਚ ਆਏ ਥਾਲ ਪਰੋਸ ਕੇ ਉਨ੍ਹਾਂ ਅਗੇ ਰਖ ਦਿਤਾ। ਸਾਰੀ ਸੰਗਤ ਨੂੰ ਕਈ ਪ੍ਰਕਾਰ ਦੇ ਭੋਜਨ ਛਕਾਉਣ ਲਗੇ। ਉਸ ਸਮੇਂ ਗੁਰੂ ਸਾਹਿਬ ਬੈਠੇ ਪਰ ਭੋਜਨ ਨਾ ਛਕਿਆ। ਸਾਰੀ ਸੰਗਤ ਨੇ ਵੀ ਗੁਰੂ ਸਾਹਿਬ ਵਲ ਵੇਖ ਕੇ ਭੋਜਨ ਨਾ ਛਕਿਆ। ਭਾਈ ਬੱਲੂ ਪੁਛਣ ਲਗਾ ਗੁਰੂ ਸਾਹਿਬ ਤੁਸੀਂ ਭੋਜਨ ਕਿਉਂ ਨਹੀਂ ਛਕ ਰਹੇ? ਸੰਗਤ ਭੋਜਨ ਛਕਣ ਲਈ ਤਿਆਰ ਬੈਠੀ ਹੈ ਕਿਸੇ ਨੇ ਗ੍ਰਾਹੀ ਆਪਣੇ ਮੂੰਹ ਵਿਚ ਨਹੀਂ ਪਾਈ ਹੈ। ਇਹ ਸੁਣ ਕੇ ਗੁਰੂ ਸਾਹਿਬ ਨੇ ਕਿਹਾ ਤਦ ਤਕ ਭੋਜਨ ਨਹੀਂ ਛਕਾਂਗੇ, ਜਦ ਤਕ ਭਾਈ ਲੰਗਾਹ ਇਥੇ ਨਹੀਂ ਪਹੁੰਚਦਾ। ਉਸ ਨੂੰ ਪਿੰਡ ਦੇ ਚੌਧਰੀ ਨੇ ਆਉਂਦੇ ਨੂੰ ਰੋਕਿਆ ਹੈ। ਭਾਈ ਲੰਗਾਹ ਵੀ ਛੇਤੀ-ਛੇਤੀ ਚਲ ਕੇ ਆ ਗਿਆ ਤੇ ਉਸਨੇ ਗੁਰੂ ਸਾਹਿਬ ਅਗੇ ਦਹੀਂ ਧਰ ਕੇ ਸਿਰ ਨਿਵਾਇਆ। ਗੁਰੂ ਸਾਹਿਬ ਨੇ ਦਹੀਂ ਲੈ ਕੇ ਭੋਜਨ ਛਕਿਆ ਅਤੇ ਹੋਰ ਸਾਰੀ ਸੰਗਤ ਨੇ ਵੀ ਭੋਜਨ ਛਕਿਆ। ਫਿਰ ਭਾਈ ਲੰਗਾਹ ਨੇ ਹਥ ਜੋੜ ਕੇ ਸਭ ਕੁਝ ਦਸਿਆ ਤੇ ਸੁਣ ਕੇ ਗੁਰੂ ਸਾਹਿਬ ਨੇ ਕਿਹਾ ਕਿ ਹੁਣੇ ਹੀ ਸ਼ਾਹ ਹੁਸੈਨ ਪਾਸ ਜਾਵੋ, ਉਸ ਪਾਸੋਂ ਆਪਣੀ ਲਤ ਠੀਕ ਕਰਵਾਵੋ। ਜਦ ਤੂੰ ਉਸ ਨੂੰ ਪ੍ਰੇਮ ਨਾਲ ਮਿਲੇਗਾ ਤਾਂ ਤੇਰੀ ਲਤ ਠੀਕ ਹੋ ਜਾਵੇਗੀ।

ਭਾਈ ਲੰਗਾਹ ਗੁਰੂ ਸਾਹਿਬ ਦੇ ਬਚਨ ਮੰਨ ਕੇ ਲਾਹੌਰ ਪਹੁੰਚ ਕੇ ਸ਼ਾਹ ਹੁਸੈਨ ਦੇ ਪਾਸ ਚਲਾ ਗਿਆ। ਸ਼ਾਹ ਹੁਸੈਨ ਦਾ ਇਸ ਤਰ੍ਹਾਂ ਦਾ ਸੁਭਾਅ ਸੀ ਕਿ ਜਿਹੜਾ ਵੀ ਉਸ ਦੇ ਪਾਸ ਜਾਂਦਾ ਸੀ ਉਸ ਨੂੰ ਡੰਡੇ ਮਾਰ ਕੇ ਭਜਾ ਦਿੰਦਾ ਸੀ। ਸ਼ਾਹ ਹੁਸੈਨ ਨੇ ਉਸ ਨੂੰ ਕੁਝ ਨਾ ਕਿਹਾ ਅਤੇ ਪੁਛਣ ਲਗਾ ਕਿ ਕਿਥੋਂ ਆਇਆ ਹੈ? ਭਾਈ ਲੰਗਾਹ ਨੇ ਬੰਦਨਾ ਕਰਕੇ ਸਾਰੀ ਗਲ ਦਸੀ ਤਾਂ ਸ਼ਾਹ ਹੁਸੈਨ ਗਲ ਸੁਣ ਕੇ ਗੁਸੇ ਵਿਚ ਬੋਲਿਆ ਤੇ ਭਾਈ ਲੰਗਾਹ ਨੂੰ ਦਬਕਾ ਮਾਰ ਕੇ ਡੰਡਾ ਮਾਰਨ ਲਈ ਚੁਕ ਲਿਆ। ਭਾਈ ਲੰਗਾਹ ਨੇ ਜਦ ਵੇਖਿਆ ਕਿ ਡੰਡਾ ਵਜਣ ਲਗਿਆ ਹੈ ਤਾਂ ਉਹ ਜ਼ੋਰ ਨਾਲ ਭਜਣ ਲਗਾ, ਉਸੇ ਵੇਲੇ ਦੂਸਰੀ ਲਤ ਵੀ ਠੀਕ ਹੋ ਗਈ। ਭਾਈ ਲੰਗਾਹ ਹੈਰਾਨ ਹੋ ਕੇ ਫਿਰ ਪਿਛੇ ਮੁੜਿਆ ਤੇ ਸ਼ਾਹ ਹੁਸੈਨ ਦੇ ਅਗੇ ਹੋ ਕੇ ਉਸ ਦੇ ਚਰਨ ਫੜ ਕੇ ਬੇਨਤੀ ਕਰਨ ਲਗਾ ਕਿ ਮੇਰੇ ਲੰਗੜੇ ਦੀ ਤੁਸੀਂ ਲਤ ਬਣਾ ਦਿਤੀ ਹੈ, ਇਹ ਆਪ ਦੀ ਬਹੁਤ ਵਡਿਆਈ ਹੈ। ਤਦ ਸ਼ਾਹ ਹੁਸੈਨ ਨੇ ਕਿਹਾ ਕਿ ਕਰਨ ਵਾਲਾ ਕੋਈ ਹੋਰ ਹੈ। ਸ੍ਰੀ ਗੁਰੂ ਅਮਰਦਾਸ ਜੀ ਸਭ ਦੇ ਮਾਲਕ ਹਨ। ਜਦ ਭਾਈ ਲੰਗਾਹ ਚਲ ਕੇ ਗੁਰੂ ਸਾਹਿਬ ਪਾਸ ਆਇਆ ਤਾਂ ਸ੍ਰੀ ਗੁਰੂ ਅਮਰਦਾਸ ਜੀ ਉਸ ਵਲ ਵੇਖ ਕੇ ਮੁਸਕਰਾਏ।

## ਭਾਈ ਖਾਨ ਛੁਰਾ ਜੀ

ਡੱਲੇ ਪਿੰਡ ਦਾ ਰਹਿਣ ਵਾਲਾ ਖਾਨ ਛੁਰਾ ਗੁਰੂ ਸਾਹਿਬ ਦਾ ਸ਼ਰਧਾਵਾਨ ਸਿਖ ਸੀ।[22] ਉਹ ਸਦਾ ਹੀ ਗੁਰੂ ਸਾਹਿਬ ਦੇ ਚਰਨਾਂ ਦੀ ਸੇਵਾ ਕਰਦਾ ਸੀ ਤੇ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਸੇਵਾ ਕਰਨ ਦੇ ਜਾਪ ਕਰਦਾ ਸੀ।

## ਅਕਬਰ ਬਾਦਸ਼ਾਹ

ਸੰਮਤ 1622 ਬਿ: ਨੂੰ ਅਕਬਰ ਬਾਦਸ਼ਾਹ ਲਾਹੌਰ ਵਲ ਆਇਆ ਤਾਂ ਬਿਆਸ ਨਦੀ ਲੰਘਕੇ ਗੋਇੰਦਵਾਲ ਵਿਖੇ ਲੰਗਰ ਛਕ ਕੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤੇ ਪੰਜ ਸੌ ਮੋਹਰ ਭੇਟ ਕੀਤੀ।[23]

---

[22] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1476.

ਖਾਨ ਛੁਰਾ ਡਲੇ ਬਿਖੈ ਗੁਰਮੁਖ ਸਿੱਖ ਬਿਸਾਲ। ਪੂਜਹਿ ਪਗਪੰਕਜ ਸਦਾ ਸ੍ਰੀ ਗੁਰ ਅਮਰ ਕ੍ਰਿਪਾਲ। (ਰਾਸਿ 1 ਅੰਸੂ 38)

[23] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 360.

## ਸ੍ਰੀ ਗੁਰੂ ਰਾਮਦਾਸ ਜੀ ਦੇ ਸਮਕਾਲੀ ਸੇਵਕ

ਸ੍ਰੀ ਗੁਰੂ ਰਾਮਦਾਸ ਜੀ ਦੇ ਸਮਕਾਲੀ ਸੇਵਕ ਭਾਈ ਹੰਦਾਲ ਜੀ, ਭਾਈ ਪਦਾਰਥ ਜੀ, ਭਾਈ ਤਾਰੂ ਜੀ, ਭਾਈ ਭਾਰੂ ਜੀ, ਭਾਈ ਆਦਮ ਜੀ, ਭਾਈ ਸੋਮਾਨ ਅਰੋੜਾ ਜੀ ਤੇ ਭਾਈ ਗੁਰਦਾਸ ਜੀ ਆਦਿ ਸੇਵਕ ਸੇਵਾ ਕਰਦੇ ਸਨ। ਇਹਨਾਂ ਸੇਵਕਾਂ ਦੁਆਰਾ ਕੀਤੀ ਗਈ ਸੇਵਾ ਦਾ ਵਰਣਨ ਇਸ ਪ੍ਰਕਾਰ ਹੈ:

### ਭਾਈ ਹੰਦਾਲ ਜੀ

ਭਾਈ ਹੰਦਾਲ ਗੁਰੂ ਸਾਹਿਬ ਦੀ ਬੜੀ ਸੇਵਾ ਕਰਦਾ ਸੀ। ਉਹ ਅਠੇ ਪਹਿਰ 'ਸਤਿਨਾਮ' ਦਾ ਜਾਪ ਕਰਦਾ ਰਹਿੰਦਾ ਤੇ ਕਿਸੇ ਹੋਰ ਨੂੰ ਮਿਲਦਾ ਨਹੀਂ ਸੀ। ਭਾਈ ਹੰਦਾਲ ਦਾ ਕਿਸੇ ਹੋਰ ਨਾਲ ਪ੍ਰੇਮ, ਈਰਖਾ ਨਹੀਂ ਸੀ ਤੇ ਉਹ ਹਰ ਰੋਜ਼ ਲੰਗਰ ਲਈ ਆਟਾ ਛਾਣਦਾ ਸੀ। ਭਾਈ ਹੰਦਾਲ ਅਨਿਨ ਪ੍ਰੇਮ ਵਾਲਾ ਸੇਵਕ ਸੀ ਤੇ ਗੁਰੂ ਬਿਨ੍ਹਾਂ ਹੋਰ ਕਿਸੇ ਨੂੰ ਜਾਣਦਾ ਨਹੀਂ ਸੀ।[1] ਭਾਈ ਹੰਦਾਲ ਨੂੰ ਨਿਸ਼ਕਾਮ ਸੇਵਾ ਕਰਦੇ ਸਮੇਂ ਗੁਰੂ ਸਾਹਿਬ ਹਮੇਸ਼ਾ ਵੇਖਦੇ ਸਨ। ਇਕ ਦਿਨ ਗੁਰੂ ਸਾਹਿਬ ਹੌਲੀ-ਹੌਲੀ ਚਲ ਕੇ ਨਦੀ ਕਿਨਾਰੇ ਪਹੁੰਚੇ ਤੇ ਇਸ਼ਨਾਨ ਕਰਕੇ ਫਿਰ ਨਗਰ ਵਲ ਆਏ। ਜੋ ਵੀ ਸਿਖ ਨਗਰ ਵਿਚ ਸੇਵਾ ਕਰ ਰਹੇ ਸਨ, ਸਭ ਨੇ ਜਾ ਕੇ ਗੁਰੂ ਸਾਹਿਬ ਨੂੰ ਨਮਸਕਾਰ ਕੀਤੀ। ਭਾਈ ਹੰਦਾਲ ਉਸ ਸਮੇ ਦੋਵੇਂ ਹਥਾਂ ਨਾਲ ਆਟਾ ਗੁੰਨ੍ਹ ਰਿਹਾ ਸੀ। ਭਾਈ ਹੰਦਾਲ ਦੇ ਹਥਾਂ ਨੂੰ ਆਟਾ ਲਗਾ ਹੋਣ ਕਰਕੇ ਉਸਨੇ ਦੋਵੇਂ ਹਥ ਪਿਛੇ ਕਰਕੇ ਗੁਰੂ ਸਾਹਿਬ ਦੇ ਚਰਨ-ਕੰਵਲਾਂ 'ਤੇ ਮਥਾ ਟੇਕਿਆ। ਗੁਰੂ ਸਾਹਿਬ ਨੇ ਉਸ ਦੇ ਪ੍ਰੇਮ ਨੂੰ ਵੇਖ ਕੇ ਬਚਨ ਕੀਤਾ ਕਿ ਤੇਰਾ ਪ੍ਰੇਮ ਮੇਰੇ ਮਨ ਨੂੰ ਬਹੁਤ ਭਾਇਆ ਹੈ, ਤੂੰ ਨਵੀਂ ਰੀਤੀ ਨਾਲ ਮਥਾ ਟੇਕਿਆ ਹੈ। ਤੇਰੀ ਸੇਵਾ ਹੁਣ ਪੂਰੀ ਹੋਈ ਹੈ, ਤੇਰੀ ਕਿਸੇ ਸੰਸੇ ਤੋਂ ਬਗੈਰ ਮਨ ਦੀ ਮੁਰਾਦ ਹੋਵੇਗੀ। ਗੁਰੂ ਸਾਹਿਬ ਨੇ ਆਪਣੇ ਹਥਾਂ ਨਾਲ ਭਾਈ ਹੰਦਾਲ ਦਾ ਮਥਾ ਚੁਕਿਆ ਤੇ ਆਪਣਾ ਸਿਰੋਪਾਉ ਉਸ ਨੂੰ ਬਖਸ਼ਿਆ। ਭਾਈ ਹੰਦਾਲ ਕਹਿਣ ਲਗਾ ਕਿ ਗੁਰੂ ਸਾਹਿਬ ਦੀ ਨਿਆਰੀ ਗਤੀ ਕਥਨ ਨਹੀਂ ਕੀਤੀ ਜਾ

---

[1] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1699.
ਸਤਿਗੁਰ ਸੇਵਾ ਕਰਤਿ ਬਿਸਾਲ। 'ਸੱਤਿਨਾਮ' 'ਕਰਤਾਰ' ਅਪਾਰਾ। ਆਠਹੁੰ ਜਾਮ ਜਾਪ ਜਿਨ ਧਾਰਾ॥੪੯॥ ਮਿਲਹਿ ਨ ਕਿਹ ਸੋਂ, ਰਾਗ ਨ ਦ੍ਵੈਸ਼। ਬੋਲਹਿ ਸੁਨਹਿ ਨ, ਸ਼ਾਂਤਿ ਹਮੈਸ਼। ਦੇਗ ਬਿਖਹਿ ਸਭਿ ਚੁਨ ਛਾਨਹਿ। ਇਕ ਅੰਗੀ, ਬਿਨ ਗੁਰੂ ਨ ਜਾਨਹਿ॥੫੦॥
(ਰਾਸਿ 2 ਅੰਸੂ 14)

ਸਕਦੀ। ਮੈਂ ਤੁਹਾਡੇ ਵਰਗਾ ਹੋਰ ਕੋਈ ਕਿਰਪਾਲੂ ਨਹੀਂ ਵੇਖਿਆ। ਤਦ ਗੁਰੂ ਸਾਹਿਬ ਨੇ ਆਪਣੇ ਮੁਖ ਤੋਂ ਬਚਨ ਕੀਤੇ ਕਿ ਹੁਣ ਆਪਣੇ ਘਰ ਚਲੇ ਜਾਵੋ, ਸਤਿਨਾਮ ਦਾ ਮੰਤਰ ਜਪਾਵੋ ਤੇ ਲੋਕਾਂ ਨੂੰ ਉਪਦੇਸ਼ ਦ੍ਰਿੜ ਕਰਾਵੋ।

ਇਸ ਤਰ੍ਹਾਂ ਗੁਰੂ ਸਾਹਿਬ ਨੇ ਬਚਨ ਦੇ ਕੇ ਭਾਈ ਹੰਦਾਲ ਨੂੰ ਵਿਦਾ ਕਰ ਦਿਤਾ। ਗੁਰੂ ਸਾਹਿਬ ਦਾ ਹੁਕਮ ਮੰਨ ਕੇ ਭਾਈ ਹੰਦਾਲ ਆਪਣੇ ਪਿੰਡ ਜੰਡਿਆਲਾ ਗੁਰੂ ਵਿਖੇ ਆਇਆ ਤੇ ਭਜਨ ਬੰਦਗੀ ਕਰਦਾ ਹੋਇਆ ਪਰਮਗਤੀ ਨੂੰ ਪ੍ਰਾਪਤ ਹੋਇਆ। ਜੰਡਿਆਲਾ ਗੁਰੂ ਵਿਖੇ ਭਾਈ ਹੰਦਾਲ ਦੀ ਸਮਾਧ ਬਣੀ ਹੋਈ ਹੈ ਤੇ ਉਹਨਾਂ ਦੀ ਸੰਤਾਨ ਉਸਦੀ ਵਾਰਸ ਹੈ।

## ਭਾਈ ਪਦਾਰਥ ਜੀ, ਭਾਈ ਤਾਰੂ ਜੀ ਅਤੇ ਭਾਈ ਭਾਰੂ ਜੀ

ਭਾਈ ਪਦਾਰਥ, ਭਾਈ ਤਾਰੂ ਅਤੇ ਭਾਈ ਭਾਰੂ ਤਿੰਨ ਸਿਖ ਗੁਰੂ ਸਾਹਿਬ ਕੋਲ ਚਲ ਕੇ ਆਏ। ਗੁਰੂ ਸਾਹਿਬ ਅਗੇ ਵਡਾ ਦੀਵਾਨ ਲਗਾ ਹੋਇਆ ਸੀ। ਗੁਰੂ ਸਾਹਿਬ ਦੇ ਬਚਨ ਸੁਣ ਕੇ ਡਰ ਗਏ ਅਤੇ ਹਥ ਜੋੜ ਕੇ ਬੇਨਤੀ ਕੀਤੀ ਕਿ ਅਸੀਂ ਪਰਿਵਾਰਕ ਰੁਝੇਵਿਆਂ ਵਿਚ ਬਹੁਤ ਰੁਝੇ ਹੋਏ ਹਾਂ। ਗੁਰੂ ਸਾਹਿਬ ਦੇ ਸ਼ਬਦ ਦਾ ਪੜ੍ਹਨਾ-ਸੁਣਨਾ ਨਹੀਂ ਮਿਲਦਾ ਹੈ। ਕਦੀ ਵੀ ਸਤਿਸੰਗਤ ਵਿਚ ਨਹੀਂ ਆਉਂਦੇ। ਗੁਰੂ ਸਾਹਿਬ ਸਾਡਾ ਉਧਾਰ ਕਿਵੇਂ ਹੋਵੇਗਾ? ਸ੍ਰੀ ਗੁਰੂ ਰਾਮਦਾਸ ਜੀ ਨੇ ਬਚਨ ਕੀਤੇ ਕਿ ਵਾਹਿਗੁਰੂ ਨੇ ਜੋ ਪ੍ਰਾਣੀਆਂ ਨੂੰ ਬਣਾਇਆ ਹੈ, ਉਹਨਾਂ ਲਈ ਭੋਜਨ ਵੀ ਤਿਆਰ ਕੀਤਾ ਹੈ। ਤੁਸੀਂ ਹਿਰਦੇ ਵਿਚ ਸਿਦਕ ਧਾਰਨ ਕਰੋ ਤੇ ਆਪਣੇ ਮਨ ਵਿਚ ਵਾਹਿਗੁਰੂ ਦਾ ਸਿਮਰਨ ਕਰੋ। ਇਹ ਸੁਣ ਕੇ ਤਿੰਨਾਂ ਸਿਖਾਂ ਨੇ ਆਪਣੇ ਪੁਤਰ ਬੁਲਾ ਲਏ ਤੇ ਉਹਨਾਂ ਨੂੰ ਕਿਹਾ ਕਿ ਤੁਸੀਂ ਹੁਣ ਜਵਾਨ ਹੋ ਗਏ ਹੋ। ਹੁਣ ਆਪਣੀ ਕਿਰਤ ਕਰੋ ਤੇ ਜੋ ਲਾਭ ਹੋਵੇ ਉਸ ਵਿਚੋਂ ਗੁਰੂ ਸਾਹਿਬ ਦਾ ਦਸਵੰਧ ਕਢੋ। ਤੁਹਾਡੇ ਘਰ ਜਿਹੜੇ ਸਿਖ ਆਉਣ ਉਨ੍ਹਾਂ ਦੀ ਸੇਵਾ ਕਰੋ ਤੇ ਅਸੀਂ ਹੁਣ ਗੁਰੂ ਸਾਹਿਬ ਦੇ ਦੁਆਰੇ ਹੀ ਰਹਾਂਗੇ।[2] ਜਲ ਢੋ ਕੇ, ਪਖਾ ਝਲ ਕੇ ਸੇਵਾ ਦੀ ਕਮਾਈ ਕਰਾਂਗੇ ਤੇ ਸਤਿਸੰਗ ਕਰਕੇ ਸੇਵਾ ਵਿਚ ਮਨ ਨੂੰ

---

[2] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਪੰਜਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 1713.

ਆਵਹਿ ਸਿਖ ਕਰਹੁ ਤਿਹ ਸੇਵਾ। ਹਮ ਅਬਿ ਰਹੈਂ ਦ੍ਵਾਰ ਗੁਰਦੇਵਾ। ਪਾਨੀ ਪੱਖਾ ਸੇਵ ਕਮਾਵਹਿਂ। ਸਤਿ ਸੰਗਤਿ ਕਰਿ ਸੇਵ ਰਿਝਾਵਹਿਂ।।੫੦।। (ਰਾਸਿ 2 ਅੰਸੂ 18)

ਲਾਵਾਂਗੇ। ਇਸ ਤਰ੍ਹਾਂ ਉਹਨਾਂ ਸਿਖਾਂ ਆਪਣੇ ਪਰਿਵਾਰ ਨੂੰ ਸਿਖਿਆ ਦਿਤੀ। ਗੁਰੂ ਸਾਹਿਬ ਉਹਨਾਂ ਦੀ ਸੇਵਾ ਤੋਂ ਬਹੁਤ ਪ੍ਰਸੰਨ ਹੋਏ ਤੇ ਅੰਤ ਉਹਨਾਂ ਨੇ ਮੁਕਤੀ ਪ੍ਰਾਪਤ ਕੀਤੀ।

## ਭਾਈ ਆਦਮ ਜੀ

ਭਾਈ ਆਦਮ ਖੇਤੀ ਦੀ ਕਾਰ ਕਰਦਾ ਸੀ ਤੇ ਹਰ ਸਮੇਂ ਪੁਤਰ ਦੇ ਪੈਦਾ ਹੋਣ ਬਾਰੇ ਸੋਚਦਾ ਰਹਿੰਦਾ ਸੀ। ਇਸੇ ਪ੍ਰਕਾਰ ਕਈ ਸਾਲ ਬੀਤ ਗਏ। ਸਭ ਫਕੀਰਾਂ ਦੀ ਬੜੇ ਪ੍ਰੇਮ ਨਾਲ ਸੇਵਾ ਕਰਦਾ ਰਿਹਾ, ਪਰ ਸੰਤਾਨ ਦੀ ਬੜੀ ਅਭਿਲਾਸ਼ਾ ਸੀ।[3] ਜਦ ਗੁਰੂ ਸਾਹਿਬ ਦੇ ਇਕ ਸਿਖ ਨੂੰ ਮਿਲਿਆ ਤਾਂ ਉਸ ਨੂੰ ਆਪਣੇ ਹਿਰਦੇ ਦਾ ਮਨੋਰਥ ਦਸਿਆ ਕਿ ਮੈਂ ਅਨੇਕਾਂ ਉਪਾਅ ਕੀਤੇ ਹਨ ਪਰ ਮੈਨੂੰ ਪੁਤਰ ਕਿਸੇ ਥਾਂ ਤੋਂ ਵੀ ਪ੍ਰਾਪਤ ਨਹੀਂ ਹੋਇਆ। ਸਿਖ ਨੇ ਕਿਹਾ ਤੁਸੀਂ ਸ੍ਰੀ ਗੁਰੂ ਰਾਮਦਾਸ ਜੀ ਦੀ ਸੇਵਾ ਕਰੋ ਤੇ ਤੁਹਾਡੀ ਕਾਮਨਾ ਉਨ੍ਹਾਂ ਪਾਸੋਂ ਪੂਰੀ ਹੋਵੇਗੀ।

ਭਾਈ ਆਦਮ ਇਹ ਗਲ ਸੁਣ ਕੇ ਆਪਣੀ ਬ੍ਰਿਧ ਅਵਸਥਾ ਸਮਝ ਕੇ ਸੋਚਣ ਲਗਾ ਕਿ ਸੁਕੇ ਰੁਖ ਨੂੰ ਫਲ ਕਿਵੇਂ ਲਗ ਸਕਦਾ ਹੈ। ਇਸ ਚਿੰਤਾ ਨੂੰ ਵਿਚਾਰਦਿਆਂ ਹੋਇਆ ਫਿਰ ਮਨ ਵਿਚ ਇਹ ਗਲ ਪਕੀ ਕੀਤੀ ਕਿ ਜੇ ਮੈਂ ਗੁਰੂ ਸਾਹਿਬ ਦੀ ਮਹਾਨ ਸੇਵਾ ਕਰਾਂਗਾ ਤਾਂ ਵੀ ਪੁਤਰ ਨਹੀਂ ਹੋਵੇਗਾ ਤਾਂ ਪਰਲੋਕ ਵਿਚ ਚੰਗੀ ਗਤੀ ਪ੍ਰਾਪਤ ਕਰ ਲਵਾਂਗਾ। ਆਪਣੇ ਮਨ ਵਿਚ ਇਸ ਤਰ੍ਹਾਂ ਵਿਚਾਰ ਬਣਾ ਕੇ ਆਪਣੇ ਨਾਲ ਆਪਣੀ ਪਤਨੀ ਨੂੰ ਲੈ ਕੇ ਗੁਰੂ ਸਾਹਿਬ ਦੀ ਸੇਵਾ ਕਰਨ ਵਾਸਤੇ ਚਲ ਪਿਆ। ਗੁਰੂ ਸਾਹਿਬ ਨੂੰ ਬੰਦਨਾ ਕੀਤੀ ਅਤੇ ਸੰਗਤ ਵਿਚ ਬੈਠ ਗਿਆ। ਭਾਈ ਆਦਮ ਜੰਗਲ ਵਿਚ ਜਾ ਕੇ ਸੁਕੀਆ ਲਕੜਾਂ ਦੀਆਂ ਦੋ ਪੰਡਾਂ ਲਿਆਉਂਦਾ ਸੀ, ਜਿਸ ਵਿਚੋਂ ਇਕ ਪੰਡ ਤਾਂ ਆਪਣੇ ਰਹਿਣ ਵਾਲੇ ਟਿਕਾਣੇ ਵਿਚ ਰਖ ਲੈਂਦਾ ਸੀ ਤੇ ਦੂਜੀ ਪੰਡ ਗੁਰੂ ਦੇ ਲੰਗਰ ਲਈ ਦੇ ਦਿੰਦਾ ਸੀ। ਸਦਾ ਆਪਣੇ ਪਾਸੋਂ ਹੀ ਭੋਜਨ ਕਰਦਾ ਤੇ ਇਸ ਪ੍ਰਕਾਰ ਗੁਰੂ ਸਾਹਿਬ ਦੀ ਸੇਵਾ ਕਰਦਿਆਂ ਛੇ ਮਹੀਨੇ ਬਤੀਤ ਕਰ ਦਿਤੇ। ਇਕ ਸਮੇਂ ਗੁਰੂ ਸਾਹਿਬ ਯਾਤਰਾ ਕਰਨ ਚਲ ਗਏ ਤੇ ਕਈ ਦਿਨਾਂ ਬਾਅਦ ਵਾਪਸ ਆਏ। ਉਸ

---

[3] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਛੇਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 1807.
ਆਦਮ ਨਾਮ ਭਯੋ ਤਿਸਿ ਬੰਸ ਮੈਂ ਕਾਰ ਕਰੈ ਕ੍ਰਿਸ਼ਿ ਭਾਗ ਬਿਲੰਦਾ। ਨੰਦਨ ਹੋਵਨਿ ਕੋ ਚਿਤਵੈ ਬਹੁ, ਕਾਲ ਬਿਤਾਵਤਿ ਚਿੰਤ ਅਮੰਦਾ। ਬੀਤ ਗਏ ਬਹੁ ਸੰਮਤ ਯਾ ਬਿਧਿ ਸੰਤਤਿ ਨਾਂਹਿ ਭਾਇ ਸੁਖਕੰਦਾ। ਪੀਰ ਬਿਸਾਲ ਫਕੀਰਨ ਜਾਲ ਰਹਯੋ ਸਭਿ ਸੇਵਤਿ ਭਾਗ ਸੁ ਬ੍ਰਿੰਦਾ॥੨॥ (ਰਾਸਿ 2 ਅੰਸੂ 41)

ਸਮੇਂ ਸਰਦੀ ਦਾ ਮੌਸਮ ਸੀ ਤੇ ਉਥੇ ਵਰਖਾ ਬਹੁਤ ਹੋਈ। ਜਿਸ ਕਾਰਨ ਸੰਗਤ ਨੂੰ ਠੰਡ ਲਗਣ ਲਗੀ। ਭਾਈ ਆਦਮ ਜਟ ਨੇ ਉਸੇ ਵੇਲੇ ਕਮਰਕਸਾ ਬੰਨ੍ਹ ਲਿਆ ਤੇ ਜਿਹੜੀਆ ਸੁਕੀਆ ਲਕੜਾਂ ਉਸ ਨੇ ਆਪਣੇ ਟਿਕਾਣੇ ਇਕਠੀਆਂ ਕੀਤੀਆਂ ਹੋਈਆਂ ਸਨ। ਉਨ੍ਹਾਂ ਨੂੰ ਚੁਕ ਕੇ ਸੰਗਤ ਨੂੰ ਦੇ ਦਿਤੀਆਂ। ਸਾਰਿਆਂ ਦੇ ਡੇਰਿਆਂ ਵਿਚ ਅੰਗੀਠੀਆਂ ਬਲ ਰਹੀਆਂ ਸਨ।

ਗੁਰੂ ਸਾਹਿਬ ਨੇ ਵਿਚਾਰ ਕੀਤਾ ਕਿ ਇਹ ਬਾਲਣ ਇਨ੍ਹਾਂ ਨੂੰ ਕਿਥੋਂ ਮਿਲਿਆ ਹੈ? ਇਥੇ ਤਾਂ ਨੇੜੇ ਕੋਈ ਸਥਾਨ ਨਹੀਂ ਹੈ। ਜਦ ਸਵੇਰ ਸਮੇਂ ਸਭਾ ਲਗੀ ਤਾਂ ਸਾਰੇ ਦਰਸ਼ਨ ਕਰਨ ਲਈ ਆਏ। ਸ੍ਰੀ ਗੁਰੂ ਰਾਮਦਾਸ ਜੀ ਨੇ ਸਾਰਿਆਂ ਨੂੰ ਬਾਲਣ ਬਾਰੇ ਪੁਛਿਆ ਤਾਂ ਸਾਰਿਆਂ ਨੇ ਕਿਹਾ ਕੋਈ ਸਿਖ ਹੈ ਉਸ ਨੇ ਸਾਰੇ ਡੇਰਿਆਂ ਵਿਚ ਬਾਲਣ ਦਿਤਾ ਸੀ। ਰਸੋਈਏ ਸਿਖ ਨੇ ਗੁਰੂ ਸਾਹਿਬ ਨੂੰ ਦਸਿਆ ਕਿ ਭਾਈ ਆਦਮ ਲੰਗਰ ਵਿਚ ਸੁਕੀਆਂ ਲਕੜਾਂ ਦੀ ਇਕ ਵਡੀ ਪੰਡ ਲੰਬੇ ਸਮੇਂ ਤੋਂ ਦਿੰਦਾ ਆ ਰਿਹਾ ਹੈ। ਸ੍ਰੀ ਗੁਰੂ ਰਾਮਦਾਸ ਜੀ ਨੇ ਫਿਰ ਸਾਰੇ ਸਿਖਾਂ ਨੂੰ ਕਿਹਾ ਕਿ ਉਸ ਸਿਖ ਨੂੰ ਲਭ ਕੇ ਲਿਆਵੋ, ਜਿਸ ਨੇ ਘਾਲਣਾ ਘਾਲੀ ਹੈ। ਇਹ ਸੁਣ ਕੇ ਭਾਈ ਆਦਮ ਨੂੰ ਸਿਖ ਲਭ ਕੇ ਲਿਆਏ। ਗੁਰੂ ਸਾਹਿਬ ਪਾਸ ਜਾ ਕੇ ਭਾਈ ਆਦਮ ਨੇ ਹਥ ਜੋੜ ਕੇ ਬੰਦਨਾ ਕੀਤੀ ਤੇ ਗੁਰੂ ਸਾਹਿਬ ਦੇ ਸਾਹਮਣੇ ਖੜਾ ਹੋ ਗਿਆ। ਗੁਰੂ ਸਾਹਿਬ ਨੇ ਵੇਖ ਕੇ ਬਚਨ ਕੀਤਾ ਕਿ ਤੁਸੀਂ ਆਪਣੇ ਹਿਰਦੇ ਵਿਚ ਕੀ ਮਨੋਰਥ ਧਾਰਨ ਕੀਤਾ ਹੈ? ਤੇਰੀ ਘਾਲ ਕਮਾਈ ਹੁਣ ਸੰਪੂਰਨ ਹੋਈ ਹੈ ਜੋ ਕੁਝ ਵੀ ਤੁਸੀਂ ਚਾਹੁੰਦੇ ਹੋ, ਉਹ ਵਰ ਮੰਗ ਲਵੋ। ਗੁਰੂ ਸਾਹਿਬ ਦਾ ਬਚਨ ਸੁਣ ਕੇ ਭਾਈ ਆਦਮ ਆਪਣੇ ਦਿਲ ਦਾ ਮਨੋਰਥ ਕਹਿ ਨਾ ਸਕਿਆ ਤੇ ਆਪਣੇ ਮਨ ਵਿਚ ਸੋਚਣ ਲਗਾ ਕਿ ਮੈਂ ਬਹੁਤ ਬ੍ਰਿਧ ਹੋ ਗਿਆ ਹਾਂ। ਹੁਣ ਪੁਤਰ ਕਿਥੇ ਹੋ ਸਕਦਾ ਹੈ, ਇਸ ਕਰਕੇ ਉਹ ਵਰ ਨਹੀਂ ਮੰਗਾਂਗਾ। ਮੇਰੀ ਪਤਨੀ ਵੀ ਬਹੁਤ ਬ੍ਰਿਧ ਹੋ ਗਈ ਹੈ, ਹੁਣ ਪੁਤਰ ਬਾਰੇ ਗਲ ਕਰਨਾ ਉਚਿਤ ਨਹੀਂ ਹੈ। ਇਸ ਤਰ੍ਹਾਂ ਵਿਚਾਰ ਕੇ ਬੋਲਿਆ ਗੁਰੂ ਸਾਹਿਬ ਤੁਸੀਂ ਆਪਣੇ ਦਰਸ਼ਨਾਂ ਦਾ ਦਾਨ ਬਖਸ਼ੋ। ਮੈਨੂੰ ਹੋਰ ਕੋਈ ਅਭਿਲਾਸ਼ਾ ਨਹੀਂ ਹੈ। ਜਦ ਭਾਈ ਆਦਮ ਨੇ ਕਿਹਾ ਤਾਂ ਗੁਰੂ ਸਾਹਿਬ ਬੋਲੇ ਆਪਣੇ ਹਿਰਦੇ ਦਾ ਮਨੋਰਥ ਕਿਉਂ ਨਹੀਂ ਲੈਂਦੇ ਹੋ। ਉਸ ਦੇ ਮਨ ਦੀ ਹਾਲਤ ਨੂੰ ਜਾਣ ਕੇ ਗੁਰੂ ਸਾਹਿਬ ਨੇ ਕਿਹਾ ਕਿ ਆਪਣੇ ਸਥਾਨ 'ਤੇ ਚਲੇ ਜਾਵੋ ਤੇ ਸਵੇਰ ਸਮੇਂ ਆ ਕੇ ਜੋ ਮੰਗਣਾ ਹੈ ਮੰਗ ਲੈਣਾ।

ਭਾਈ ਆਦਮ ਆਪਣੇ ਡੇਰੇ ਚਲਾ ਗਿਆ ਤੇ ਉਸਦੀ ਪਤਨੀ ਨੇ ਆ ਕੇ ਪੁਛਿਆ ਕਿ ਗੁਰੂ ਸਾਹਿਬ ਤੋਂ ਵਰਦਾਨ ਵੀ ਲੈ ਕੇ ਆਏ ਹੋ? ਤਦ ਭਾਈ ਆਦਮ ਕਹਿਣ ਲਗਾ ਪੁਤਰ ਦੀ ਅਭਿਲਾਸ਼ਾ ਬਾਰੇ ਮੇਰੇ ਕੋਲੋਂ ਗੁਰੂ ਸਾਹਿਬ ਪਾਸ ਕਿਹਾ ਨਹੀਂ ਗਿਆ। ਹੁਣ ਆਪਣੀ ਉਮਰ ਸੰਤਾਨ ਪੈਦਾ ਕਰਨ ਵਾਲੀ ਨਹੀਂ ਰਹੀ। ਇਸ ਲਈ ਮੈਂ ਤਾਂ ਇਹੋ ਵਰ ਮੰਗਿਆ ਹੈ ਕਿ ਗੁਰੂ ਸਾਹਿਬ ਆਪਣੇ ਦਰਸ਼ਨਾਂ ਦਾ ਵਰ ਦੇਣਾ। ਚਲਦੇ ਸਮੇਂ ਗੁਰੂ ਸਾਹਿਬ ਨੇ ਫਿਰ ਮੈਨੂੰ ਕਿਹਾ ਕਿ ਸਵੇਰੇ ਆ ਕੇ ਜੋ ਮੰਗਣਾ ਹੈ ਮੰਗ ਲਵੋ।[4] ਇਹ ਸੁਣ ਕੇ ਉਸ ਦੀ ਪਤਨੀ ਉਦਾਸ ਹੋ ਗਈ ਤੇ ਪਤੀ ਨੂੰ ਕਹਿਣ ਲਗੀ ਕਿ ਗੁਰੂ ਸਾਹਿਬ ਪਾਸੋਂ ਪੁਤਰ ਦੀ ਦਾਤ ਲਈ ਬੇਨਤੀ ਕਰੋ। ਜਦ ਸਵੇਰ ਹੋਈ ਤਾਂ ਗੁਰੂ ਸਾਹਿਬ ਨੇ ਇਕ ਸਿਖ ਨੂੰ ਬੁਲਾਉਣ ਲਈ ਭੇਜਿਆ। ਤਦ ਪਤੀ-ਪਤਨੀ ਗੁਰੂ ਸਾਹਿਬ ਪਾਸ ਗਏ। ਸ੍ਰੀ ਗੁਰੂ ਰਾਮਦਾਸ ਜੀ ਨੇ ਕਿਹਾ ਜੋ ਵਰ ਮੰਗਣਾ ਚਾਹੁੰਦੇ ਹੋ ਮੰਗੋ। ਹਥ ਜੋੜ ਕੇ ਪਤੀ-ਪਤਨੀ ਨੇ ਕਿਹਾ ਗੁਰੂ ਸਾਹਿਬ ਸਾਡੇ ਘਰ ਪੁਤਰ ਦੀ ਦਾਤ ਬਖਸ਼ੋ, ਸਾਡੇ ਵੰਸ਼ ਦੇ ਜੀਵ ਤੁਹਾਡੇ ਸਿਖ ਹੋਣ। ਫਿਰ ਗੁਰੂ ਸਾਹਿਬ ਨੇ ਕਿਹਾ ਤੁਹਾਡੇ ਭਾਗ ਵਿਚ ਸੰਤਾਨ ਨਹੀਂ ਹੈ ਪਰ ਤੂੰ ਗੁਰੂ ਘਰ ਦੀ ਸੇਵਾ ਕੀਤੀ ਹੈ, ਜਿਸ ਕਰਕੇ ਅਸੀਂ ਬਚਨ ਕੀਤਾ ਹੈ ਤੇ ਤੇਰੀ ਵੰਸ਼ ਵਧੇਗੀ। ਉਸ ਦਾ ਨਾਂ 'ਭਗਤੂ' ਹੀ ਰਖਣਾ। ਭਾਈ ਆਦਮ ਆਗਿਆ ਲੈ ਕੇ ਤੇ ਗੁਰੂ ਸਾਹਿਬ ਦਾ ਵਰ ਪ੍ਰਾਪਤ ਕਰਕੇ ਵਾਪਿਸ ਆ ਗਿਆ। ਜਦ ਇਕ ਸਾਲ ਦਾ ਸਮਾਂ ਬੀਤਿਆ ਤਾਂ ਬਾਲਕ ਨੇ ਜਨਮ ਲਿਆ ਤੇ ਪਤੀ-ਪਤਨੀ ਬਹੁਤ ਪ੍ਰਸੰਨ ਹੋਏ।

ਤਵਾਰੀਖ ਗੁਰੂ ਖਾਲਸਾ ਅਨੁਸਾਰ ਇਕ ਉਦਮ ਨਾਮ ਦਾ ਸਿਖ ਬਿੰਡੂ ਪਿੰਡ ਵਿਚ ਰਹਿੰਦਾ ਸੀ।[5]

## ਭਾਈ ਸੋਮਾਨ ਜੀ

ਭਾਈ ਸੋਮਾਨ ਨਾਮੀ ਅਰੋੜਾ ਸਿਖ ਜੇਹਲਮ ਦਾ ਰਹਿਣ ਵਾਲਾ ਸੀ। ਜੋ ਕਿ ਘੁੰਗਣੀਆਂ ਦੀ ਛਾਬੜੀ ਲਾ ਕੇ ਗੁਰੂ ਸਾਹਿਬ ਦੇ ਤਲਾਉ ਪਾਸ ਆ ਬੈਠਦਾ ਸੀ ਤੇ ਜੋ ਕੁਝ ਨਫਾ ਹੁੰਦਾ ਉਸੇ ਨਾਲ ਗੁਜ਼ਾਰਾ ਕਰਦਾ ਸੀ।

---

[4] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਛੇਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 1810.
ਆਦਮ ਜਾਟ ਗਯੋ ਨਿਜ ਡੇਰੇ। ਸੋਚਤਿ ਚਿਤ ਮਹਿਂ ਚਿੰਤ ਘਨੇਰੇ। ਬੂਝਯੋ ਤਬਹਿ ਭਾਰਜਾ ਆਨਿ। 'ਲੇ ਭੀ ਆਯਵ ਗੁਰ ਤੇ ਦਾਨ?'।।੩੧।। ਕਹਤਿ ਭਯੋ 'ਸੁਤ ਕੀ ਅਭਿਲਾਖਾ। ਸੁਕਚਤਿ ਗੁਰੁ ਢਿਗ ਜਾਇ ਨ ਭਾਖਾ। ਆਰਬਲਾ ਮੇਰੀ ਅਰੁ ਤੇਰੀ। ਸੰਤਤਿ ਸਮੈ ਨ, ਬਿਤੀ ਬਡੇਰੀ।।੩੨।। (ਰਾਸਿ 2 ਅੰਸੂ 41)
[5] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ,* ਭਾਗ ਪਹਿਲਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, 376.

ਇਕ ਦਿਨ ਗੁਰੂ ਸਾਹਿਬ ਨੇ ਇਸ ਦੀ ਬਚਤ ਦੇ ਸਾਰੇ ਪੈਸੇ ਲੈਕੇ ਮਜ਼ਦੂਰਾਂ ਨੂੰ ਦੇ ਦਿਤੇ, ਇਹ ਉਸੇ ਤਰ੍ਹਾਂ ਖੁਸ਼ੀ ਨਾਲ ਘਰ ਤੁਰ ਗਿਆ। ਦੂਜੇ ਦਿਨ ਫਿਰ ਸਾਰੀ ਬਚਤ ਲੈ ਲਈ ਤੇ ਇਸੇ ਤਰ੍ਹਾਂ ਪੰਜ ਦਿਨ ਬਰਾਬਰ ਬਚਤ ਦੇ ਕੇ ਰਾਜ਼ੀ ਖੁਸ਼ੀ ਜਾਂਦਾ ਰਿਹਾ। ਉਸਨੇ ਗੁਰੂ ਸਾਹਿਬ ਦੁਆਰਾ ਪੈਸੇ ਲੈਣ ਦਾ ਮਨ ਵਿਚ ਗੁਸਾ ਨਾ ਮੰਨਿਆ ਤਾਂ ਗੁਰੂ ਸਾਹਿਬ ਨੇ ਖੁਸ਼ ਹੋ ਕੇ ਵਰ ਦਿਤਾ ਕਿ "ਸੁਮਾਨ ਸ਼ਾਹ ਬੇਪਰਵਾਹ ਗੁਰੂ ਕਾ ਸ਼ਾਹ।"[6] ਗੁਰੂ ਸਾਹਿਬ ਦੇ ਬਚਨ ਪੂਰੇ ਹੋਏ ਤੇ ਉਸਦੀ ਕਮਾਈ ਵਿਚ ਬਰਕਤ ਪਈ। ਉਸਦੇ ਪੁਤਰ ਰਾਮਸ਼ਾਹ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਮੁਲਤਾਨ ਤੋਂ ਸਖਰ ਤਕ ਦੀ ਸਿਖੀ ਬਖਸ਼ੀ ਤੇ ਉਸਨੇ ਪ੍ਰਚਾਰ ਕਰਕੇ ਗੁਰੂ ਸਾਹਿਬ ਦੀ ਸਿਖੀ ਵਧਾਈ।

ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਮਸੰਦ ਸਾੜੇ ਸਨ ਤਾਂ ਉਸ ਸਮੇਂ ਰਾਮ ਸ਼ਾਹ ਦੇ ਪੋਤਰੇ ਮੇਹਰ ਸ਼ਾਹ ਨੂੰ ਸਚਾ ਸਿਖ ਹੋਣ ਕਰਕੇ ਅੰਮ੍ਰਿਤ ਛਕਾ ਕੇ ਸਿੰਘ ਸਜਾਇਆ ਸੀ ਤੇ ਮਸੰਦ ਦੀ ਥਾਂ 'ਬਖਸ਼ੰਦ ਫ਼ਰਜੰਦ' ਖਿਤਾਬ ਬਖਸ਼ ਕੇ ਫਿਰ ਉਸੇ ਮੁਲਕ ਵਿਚ ਭੇਜ ਦਿਤਾ ਸੀ। ਹੁਣ ਉਹਨਾਂ ਦੀ ਸਿਖੀ ਸੇਵਕੀ ਉਸ ਇਲਾਕੇ ਵਿਚ ਹੀ ਹੈ, ਪਰ ਗੱਦੀ ਜਿਹਲਮ ਵਿਚ ਹੈ। ਜਿਸ 'ਤੇ ਹੁਣ ਮੇਹਰਸ਼ਾਹ ਸਿੰਘ ਤੋਂ ਚੌਥੀ ਪੀੜ੍ਹੀ ਅਤਰਸ਼ਾਹ ਸਿੰਘ ਮੌਜੂਦ ਹੈ।

## ਭਾਈ ਗੁਰਦਾਸ ਜੀ

ਸ੍ਰੀ ਗੁਰੂ ਰਾਮਦਾਸ ਜੀ ਪਾਸ ਆ ਕੇ ਭਾਈ ਗੁਰਦਾਸ ਨੇ ਬੇਨਤੀ ਕੀਤੀ ਕਿ ਮੈਨੂੰ ਸੇਵਾ ਬਖਸ਼ੋ ਤਾਂ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਸਤਿਨਾਮ ਦਾ ਸਿਮਰਨ ਕਰੋ ਤੇ ਆਗਰੇ ਜਾ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸਿਖੀ ਸਿਧਾਂਤ ਦਾ ਪ੍ਰਚਾਰ ਕਰੋ।[7] ਭਾਈ ਗੁਰਦਾਸ ਹੁਕਮ ਮੰਨ ਕੇ ਆਗਰੇ ਪਹੁੰਚੇ ਤੇ ਸਿਖੀ ਦਾ ਪ੍ਰਚਾਰ ਕਰਕੇ ਅਨੇਕਾਂ ਵਿਅਕਤੀਆਂ ਨੂੰ ਸਿਖੀ ਧਾਰਨ ਕਰਵਾਈ। ਸ੍ਰੀ ਗੁਰੂ ਰਾਮਦਾਸ ਜੀ ਤੋਂ ਬਾਅਦ ਭਾਈ ਗੁਰਦਾਸ ਜੀ ਨੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ ਰਹਿ ਕੇ ਸੇਵਾ ਕੀਤੀ ਸੀ।

---

[6] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ,* ਭਾਗ ਪਹਿਲਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 374.

[7] ਉਹੀ, 377.

## ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਸੇਵਕ

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮਕਾਲੀ ਸੇਵਕ ਰਾਜਾ, ਬਾਬਾ ਬੁਢਾ ਜੀ, ਭਾਈ ਗੁਰਦਾਸ ਜੀ, ਭਾਈ ਭਗਤੂ ਜੀ, ਭਾਈ ਮੰਞ ਜੀ, ਭਾਈ ਬਹੋੜਾ ਜੀ, ਭਾਈ ਬਹੋੜੂ ਜੀ, ਭਾਈ ਬਹਿਲੋ ਜੀ, ਭਾਈ ਬਧੂ ਜੀ, ਭਾਈ ਗੰਗਾ ਰਾਮ ਜੀ (ਬ੍ਰਾਹਮਣ), ਭਾਈ ਪੈੜਾ ਮੋਖਾ ਜੀ, ਭਾਈ ਬਿਸ਼ਨ ਬੀਬੜਾ ਜੀ, ਭਾਈ ਸੁੰਦਰ ਮਾਛੀ ਜੀ, ਭਾਈ ਜਟੂ ਜੀ, ਭਾਈ ਭਾਨੂ ਜੀ, ਭਾਈ ਨਿਹਾਲੂ ਜੀ, ਭਾਈ ਤੀਰਥ ਜੀ, ਭਾਈ ਦੀਪਾ ਕਾਸਰਾ ਜੀ, ਭਾਈ ਕਪੂਰ ਦੇਵ ਜੀ, ਭਾਈ ਗੋਇੰਦ ਜੀ, ਭਾਈ ਗੋਲਾ ਜੀ, ਭਾਈ ਮੋਹਨ ਜੀ, ਭਾਈ ਮੋਹਣ ਜੀ, ਭਾਈ ਆਲਮ ਚੰਦ ਜੀ, ਭਾਈ ਜੋਧਾ ਜੀ, ਭਾਈ ਜਲੋ ਜੀ, ਭਾਈ ਪਿਰਾਣਾ ਜੀ, ਭਾਈ ਆਡਿਤ ਸੁਇਨੀ ਜੀ, ਭਾਈ ਕਲਿਆਣ ਜੀ, ਭਾਈ ਗੜੀਅਲ ਜੀ, ਭਾਈ ਮਥਰਾ ਦਾਸ ਜੀ, ਭਾਈ ਹਰਿਬੰਸ ਤਪਾ ਜੀ, ਭਾਈ ਸਾਂਈ ਦਾਸ ਜੜੀਆ ਜੀ, ਭਾਈ ਸਧੂ ਜੀ, ਭਾਈ ਆਕਲ ਜੀ, ਲਾਹੌਰੀ ਸਿਖ ਸ਼ਾਹੂਕਾਰ, ਸਿਖ, ਭਾਈ ਅਜਬ ਜੀ, ਭਾਈ ਅਜਾਇਬ ਜੀ ਤੇ ਭਾਈ ਗੁੰਦਾਰਾ ਜੀ ਆਦਿ ਸੇਵਕ ਗੁਰੂ ਸਾਹਿਬ ਦੀ ਸੇਵਾ ਕਰਦੇ ਸਨ। ਇਹਨਾਂ ਸੇਵਕਾਂ ਦੁਆਰਾ ਕੀਤੀ ਗਈ ਸੇਵਾ ਦੇ ਸਰੋਕਾਰਾਂ ਦਾ ਵਰਣਨ ਇਸ ਪ੍ਰਕਾਰ ਹੈ:

### ਰਾਜਾ

ਰਾਜਾ ਨਾਮ ਦਾ ਸੇਵਕ ਸ੍ਰੀ ਗੁਰੂ ਅਰਜਨ ਦੇਵ ਜੀ ਕੋਲ ਦੀਨ ਹੋ ਕੇ ਆਇਆ ਤੇ ਸੀਸ ਨਿਵਾਇਆ। ਰਾਜੇ ਨਾਲ ਜੋ ਸੁਪਨੇ ਵਿਚ ਹੋਇਆ ਸਾਰਾ ਬਿਰਤਾਂਤ ਸੁਣਾਇਆ। ਰਾਜਾ ਸੋਚਦਾ ਸੀ ਕਿ ਜੋ ਕਰਮਾਂ ਵਿਚ ਲਿਖਿਆ ਹੋਇਆ ਹੈ ਉਸਨੂੰ ਕੋਈ ਮਿਟਾ ਨਹੀਂ ਸਕਦਾ। ਪਰ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਜੋ ਤੁਹਾਡੇ ਨਾਲ ਹੋਣਾ ਹੈ ਉਹ ਅਸੀਂ ਸੁਪਨੇ ਵਿਚ ਹੀ ਸਭ ਕੁਝ ਦਸ ਦਿਤਾ ਹੈ।

ਜੋ ਚੰਡਾਲ ਦਾ ਜਨਮ ਤੂੰ ਧਾਰਨ ਕਰਨਾ ਸੀ, ਉਹ ਇਕ ਰਾਤ ਵਿਚ ਹੀ ਬਤੀਤ ਕਰਵਾ ਦਿਤਾ। ਤੇਰੇ ਮਨ ਵਿਚ ਇਹ ਭਰਮ ਸੀ ਕਿ ਅਕਾਲ ਪੁਰਖ ਦਾ ਲਿਖਿਆ ਕੋਈ ਮਿਟਾ ਨਹੀਂ ਸਕਦਾ ਤਾਂ ਗੁਰੂ ਸਾਹਿਬ ਕੀ ਸਹਾਇਤਾ ਕਰਨਗੇ। ਇਸ ਲਈ ਗੁਰੂ ਦੀ ਸੇਵਾ ਵਿਅਰਥ ਹੈ। ਇਸ ਤਰ੍ਹਾਂ ਤੁਸੀਂ ਸੰਸਾ ਧਾਰਨ ਕੀਤਾ ਹੋਇਆ ਸੀ। ਇਸ ਵਿਧੀ ਅਨੁਸਾਰ ਤੈਨੂੰ ਕਰ ਕੇ ਵਿਖਾਇਆ ਹੈ ਕਿ ਇਸ ਤਰ੍ਹਾਂ ਗੁਰੂ ਸਾਹਿਬ ਸਹਾਇਤਾ ਕਰਦੇ ਹਨ ਤੇ

ਕਸ਼ਟ ਤੋਂ ਬਚਾ ਲੈਂਦੇ ਹਨ।।[1] ਇਹ ਸੁਣ ਕੇ ਰਾਜਾ ਬਹੁਤ ਪ੍ਰਸੰਨ ਹੋਇਆ। ਗੁਰੂ ਸਾਹਿਬ ਨੇ ਜਲ ਮੰਗਵਾ ਲਿਆ ਤੇ ਆਪਣੇ ਚਰਨ-ਕੰਵਲਾਂ ਨੂੰ ਧੋ ਕੇ ਚਰਨਾਂਮ੍ਰਿਤ ਤਿਆਰ ਕੀਤਾ। ਰਾਜੇ ਨੇ ਚਰਨਾਂਮ੍ਰਿਤ ਲਿਆ ਤੇ ਗੁਰੂ ਸਾਹਿਬ ਦਾ ਸਿਖ ਬਣ ਗਿਆ। ਰਾਜਾ ਕਈ ਦਿਨ ਗੁਰੂ ਸਾਹਿਬ ਦੇ ਪਾਸ ਰਿਹਾ। ਗੁਰੂ ਸਾਹਿਬ ਅੰਮ੍ਰਿਤ ਸਰੋਵਰ ਬਣਾਉਣ ਜਾ ਰਹੇ ਸਨ। ਗੁਰੂ ਸਾਹਿਬ ਅਗੇ ਰਾਜੇ ਨੇ ਹਥ ਜੋੜ ਕੇ ਕਿਹਾ ਕਿ ਆਪਣੇ ਹਥਾਂ ਨਾਲ ਮੇਰੇ ਤੋਂ ਧਨ ਲੈ ਕੇ ਸਰੋਵਰ ਦੀ ਸੇਵਾ ਵਿਚ ਲਾਉਣਾ। ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤੁਹਾਡਾ ਮਨ ਫੇਰਿਆ ਹੈ। ਸ੍ਰੀ ਅੰਮ੍ਰਿਤ ਸਰੋਵਰ ਭਾਰੀ ਤੀਰਥ ਬਣੇ, ਇਸ ਦੀ ਉਸਾਰੀ ਕਰਨ ਦੀ ਇਛਾ ਹੈ, ਜੋ ਵੀ ਧਨ ਇਥੇ ਭੇਜੋਗੇ ਉਹ ਸਰੋਵਰ ਦੇ ਨਿਰਮਾਣ 'ਤੇ ਹੀ ਲਗੇਗਾ। ਗੁਰੂ ਸਾਹਿਬ ਨੂੰ ਰਾਜਾ ਮਥਾ ਟੇਕ ਕੇ ਵਿਦਾ ਹੋ ਗਿਆ ਅਤੇ ਭਾਈ ਕਲਿਆਣ ਨੂੰ ਆਪਣੇ ਨਾਲ ਲੈ ਕੇ ਗਿਆ। ਰਾਜੇ ਨੇ ਭਾਈ ਕਲਿਆਣ ਨੂੰ ਧਨ ਦੀਆਂ ਥੈਲੀਆਂ ਦੇ ਕੇ ਵਿਦਾ ਕੀਤਾ। ਧਨ ਨੂੰ ਪਹੁੰਚਾਉਣ ਲਈ ਕੁਝ ਆਪਣੇ ਬੰਦੇ ਵੀ ਨਾਲ ਭੇਜੇ। ਜਦ ਗੁਰੂ ਸਾਹਿਬ ਨੇ ਆਪਣੇ ਪਾਸ ਧਨ ਆਇਆ ਵੇਖਿਆ ਤਾਂ ਉਨ੍ਹਾਂ ਨੇ ਸਰੋਵਰ ਦੇ ਨਿਰਮਾਣ ਵਿਚ ਧਨ ਲਾਇਆ।

## ਬਾਬਾ ਬੁਢਾ ਜੀ

ਉਤਰ ਵਾਲੇ ਪਾਸੇ ਸਰੋਵਰ ਦੇ ਕੰਢੇ, ਬਾਬਾ ਬੁਢਾ ਜੀ ਬੜੇ ਧੀਰਜ ਨਾਲ ਬੈਠਦੇ ਸਨ। ਉਹ ਆਪ ਕਾਰ-ਸੇਵਾ ਕਰਦੇ ਅਤੇ ਕਰਵਾਉਂਦੇ ਸਨ। ਆਪ ਸਰੋਵਰ ਵਿਚੋਂ ਮਿਟੀ ਕਢਦੇ ਸਨ ਤੇ ਬੜੇ ਉਤਸ਼ਾਹ ਨਾਲ ਸੇਵਾ ਦਾ ਕਾਰਜ ਵੇਖਦੇ ਸਨ। ਬਾਬਾ ਬੁਢਾ ਜੀ ਆਪਣੇ ਪਰਿਵਾਰ ਸਮੇਤ ਕਾਰ ਸੇਵਾ ਕਰ ਰਹੇ ਸਨ।[2] ਜਿਸ

---

[1] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਛੇਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 1778.

ਭਰਮ ਹੁਤੋ ਤੇਰੋ ਮਨ ਮਾਂਹੀ। ਲਿੱਖਯਾ ਮੇਟ ਸਕਹਿ ਕੋ ਨਾਹੀ। ਤੌ ਸਹਾਇਤਾ ਗੁਰ ਕਯਾ ਕਰੈ। ਨਿਫਲਹਿ, ਇਮ ਸੰਸੋ ਤੂੰ ਧਰੈਂ।।੪੨।।
ਸੋ ਬਿਧਿ ਤੁਝ ਕੋ ਕਰਿ ਦਿਖਰਾਈ। ਇਮ ਸ੍ਰੀ ਸਤਿਗੁਰ ਹੋਇੰ ਸਹਾਈ। ਮਹਾਂ ਕਸ਼ਟ ਤੇ ਲੇਤਿ ਬਚਾਇ। ਜੋ ਸਿਖ ਬਨਿਹੈ ਸ਼ਰਧਾ ਲਯਾਇ।।੪੩।।
(ਰਾਸਿ 2 ਅੰਸੂ 43)

[2] ਉਹੀ, ਪੰਨਾ 1805.

ਉੱਤਰ ਦਿਸ਼ ਤਲਾਵ ਕੋ ਤੀਰ। ਭਾਈ ਸਾਹਿਬ ਬੁੱਢਾ ਧੀਰ। ਕਰਹਿੰ ਕਰਾਵਹਿੰ ਕਾਰ ਬਿਸਾਲਾ। ਖਨਹਿੰ ਨਿਕਾਸਹਿ ਫਿਰਹਿੰ ਉਤਾਲਾ।।੭।। (ਰਾਸਿ 2 ਅੰਸੂ 40)

ਅਸਥਾਨ 'ਤੇ ਬਾਬਾ ਬੁਢਾ ਜੀ ਬੈਠਦੇ ਸਨ, ਉਸਨੂੰ ਲਾਚੀ ਬੇਰ ਕਹਿੰਦੇ ਹਨ। ਹੁਣ ਇਸ ਅਸਥਾਨ ਨੂੰ ਬਾਬਾ ਬੁਢਾ ਸਾਹਿਬ ਜੀ ਦੀ ਬੇਰ ਕਿਹਾ ਜਾਂਦਾ ਹੈ। ਜੋ ਕਿ ਘੰਟਾ ਘਰ ਦੀਆਂ ਪੌੜੀਆਂ ਦੇ ਅਗੇ ਹੈ।

## ਭਾਈ ਗੁਰਦਾਸ ਜੀ

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਨੂੰ ਹੁਕਮ ਕੀਤਾ ਕਿ ਤੁਸੀਂ ਸਾਡੇ ਪਾਸ ਨਿਵਾਸ ਰਖੋ ਅਤੇ ਗੁਰੂ ਘਰ ਦਾ ਜੋ ਲਿਖਣ-ਪੜਨ ਦਾ ਕੰਮ ਹੈ, ਉਸਨੂੰ ਸੰਭਾਲੋ। ਗੁਰੂ ਸਾਹਿਬ ਦਾ ਹੁਕਮ ਮੰਨ ਕੇ ਭਾਈ ਗੁਰਦਾਸ ਆਗਿਆ ਵਿਚ ਰਹਿਣ ਲਗੇ। ਜਦੋਂ ਗੁਰੂ ਸਾਹਿਬ ਆਦਿ ਬੀੜ ਲਿਖਵਾ ਰਹੇ ਸਨ ਤਾਂ ਆਦਿ ਬੀੜ ਲਿਖਣ ਦੀ ਸੇਵਾ ਭਾਈ ਗੁਰਦਾਸ ਨੇ ਕੀਤੀ।

## ਭਾਈ ਭਗਤੂ ਜੀ

ਇਕ ਵਾਰ ਮਾਤਾ ਆਪਣੇ ਬੱਚੇ ਨੂੰ ਲੈ ਕੇ ਸ੍ਰੀ ਗੁਰੂ ਰਾਮਦਾਸ ਜੀ ਕੋਲ ਮਥਾ ਟੇਕਣ ਆਈ। ਉਨ੍ਹਾਂ ਨੇ ਮਿਲ ਕੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਜਿਸ ਸਮੇਂ ਸ੍ਰੀ ਗੁਰੂ ਅਰਜਨ ਦੇਵ ਜੀ ਅੰਮ੍ਰਿਤ ਸਰੋਵਰ ਦੀ ਸੇਵਾ ਕਰਵਾ ਰਹੇ ਸਨ ਤਾਂ ਭਾਈ ਭਗਤੂ ਉਥੇ ਜਾ ਕੇ ਤਨ, ਮਨ ਨਾਲ ਕਾਰ-ਸੇਵਾ ਕਰਨ ਲਗੇ। ਸ੍ਰੀ ਗੁਰੂ ਰਾਮਦਾਸ ਜੀ ਦੇ ਬਚਨ ਕਹਿਣ ਮੁਤਾਬਕ ਉਸਨੇ ਜਗਤ ਵਿਚ ਜਨਮ ਲਿਆ ਸੀ।

ਭਾਈ ਭਗਤੂ ਮਿਟੀ ਪੁਟ ਕੇ ਸਿਰ ਤੇ ਚੁਕਦਾ ਸੀ ਤੇ ਸਰੋਵਰ ਤੋਂ ਬਾਹਰ ਜਾ ਕੇ ਬੜੀ ਦੂਰ ਸੁਟਦਾ। ਸਵੇਰ ਸਮੇਂ ਤੋਂ ਹੀ ਕਾਰ-ਸੇਵਾ ਕਰਨੀ ਆਰੰਭ ਕਰ ਦਿੰਦਾ ਸੀ ਤੇ ਸ਼ਾਮ ਤਕ ਹਿਤ ਕਰਕੇ ਲਗਾ ਰਹਿੰਦਾ ਸੀ।[3] ਭਾਈ ਭਗਤੂ ਨੇ ਸਰੋਵਰ ਬਣਾਉਣ ਵਿਚ ਵਡੀ ਘਾਲਣਾ ਘਾਲੀ ਸੀ ਅਤੇ ਸ੍ਰੀ ਹਰਿਮੰਦਰ ਸਾਹਿਬ ਦੀ ਵੀ ਵਿਸ਼ਾਲ ਸੇਵਾ ਕੀਤੀ ਸੀ। ਗੁਰੂ ਸਾਹਿਬ ਨੇ ਉਸਨੂੰ ਬਖਸ਼ਿਸ਼ਾਂ ਬਖਸ਼ ਕੇ ਨਿਹਾਲ ਕੀਤਾ। ਗੁਰੂ ਸਾਹਿਬ ਨੇ ਸਾਰੇ ਸੇਵਕਾਂ ਨੂੰ ਹੁਕਮ ਕੀਤਾ ਕਿ ਵਰ ਮੰਗੋ ਜੋ ਵੀ ਹਿਰਦੇ ਵਿਚ ਚਾਹੁੰਦੇ ਹੋ, ਗੁਰੂ ਘਰ ਤੋਂ ਮੰਗ ਲਵੋ, ਤੁਸੀਂ ਬੜੀ

---

[3] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਛੇਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 1814.
ਸ੍ਰੀ ਗੁਰ ਅਰਜਨ ਜੀ ਜਿਸਿ ਕਾਲ। ਰਚਨ ਲਗੇ ਸ੍ਰੀ ਅੰਮ੍ਰਿਤ ਤਾਲ। ਕਰਤਿ ਭਯੋ ਤਨ ਮਨ ਤੇ ਕਾਰ। ਸੱਤਿਨਾਮ ਮਹਿਂ ਲਿਵ ਇਕਤਾਰ॥੩੩॥ (ਰਾਸਿ 2 ਅੰਸੂ 42)

ਸਾਵਧਾਨੀ ਨਾਲ ਸੇਵਾ ਕੀਤੀ ਹੈ। ਭਾਈ ਭਗਤੂ ਗੁਰੂ ਸਾਹਿਬ ਅਗੇ ਬੇਨਤੀ ਕਰਕੇ ਕਹਿਣ ਲਗਾ ਆਪ ਜੀ ਸਭ ਜਾਣਦੇ ਹੋ ਤੇ ਆਪ ਜੀ ਸੇਵਾ ਬਖਸ਼ਦੇ ਰਹੋ।

## ਭਾਈ ਮੰਞ ਜੀ

ਰਾਜਪੂਤ ਮੰਞ ਆਪਣੇ ਮੁਢਲੇ ਜੀਵਨ ਵਿਚ ਇਕ ਪਿੰਡ ਦਾ ਚੌਧਰੀ ਸੀ। ਘਰ ਵਿਚ ਬਹੁਤ ਮਾਲ ਡੰਗਰ ਅਤੇ ਧਨ-ਦੌਲਤ ਸੀ, ਹਰ ਸਮੇਂ ਸਖੀ ਸਰਵਰ ਪੀਰ ਦੀ ਅਰਾਧਨਾ ਕਰਦਾ ਸੀ। ਗੁਰੂ ਸਾਹਿਬ ਨੂੰ ਮਿਲਣ ਦੀ ਮਨ ਵਿਚ ਇਛਾ ਸੀ ਤੇ ਇਕ ਦਿਨ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਇਆ। ਗੁਰੂ ਸਾਹਿਬ ਦੇ ਬਚਨ ਸੁਣ ਕੇ ਦੋਵੇਂ ਹਥ ਜੋੜ ਕੇ ਬੇਨਤੀ ਕੀਤੀ ਕਿ ਜਦੋਂ ਦੇ ਆਪ ਜੀ ਦੇ ਦਰਸ਼ਨ ਕੀਤੇ ਹਨ, ਮੇਰਾ ਸਖੀ-ਸਰਵਰ ਵਲੋਂ ਧਿਆਨ ਹਟ ਗਿਆ ਹੈ। ਗੁਰੂ ਸਾਹਿਬ ਨੇ ਉਪਦੇਸ਼ ਦਿਤਾ ਕਿ ਸਤਿਨਾਮ ਦਾ ਜਾਪ ਕਰਕੇ ਆਪਣੇ ਸਾਰੇ ਕਲੇਸ਼ਾਂ ਨੂੰ ਦੂਰ ਕਰੋ। ਨਿਤ ਸਤਿਗੁਰ ਦੇ ਸਨਮੁਖ ਰਹੋ, ਸਿਖਾਂ ਦੀ ਸੇਵਾ ਕਰਕੇ ਸੁਖ ਪ੍ਰਾਪਤ ਕਰੋ।[4] ਫਿਰ ਭਾਈ ਮੰਞ ਸਤਿਨਾਮ ਦਾ ਜਾਪ ਕਰਨ ਲਗਾ ਤੇ ਕਈ ਦਿਨਾਂ ਬਾਅਦ ਘਰ ਪਹੁੰਚਿਆ। ਫਿਰ ਗੁਰੂ ਸਾਹਿਬ ਦੇ ਕਹਿਣ ਅਨੁਸਾਰ ਜਾਪ ਕਰਨ ਲਗਾ ਤਾਂ ਘੋੜੇ, ਮੱਝਾਂ ਤੇ ਧਨ ਵਿਨਾਸ਼ ਹੋ ਗਿਆ। ਇਸ ਕਰਕੇ ਸਾਰੇ ਸ਼ਰੀਕ ਮਖੌਲ ਕਰਨ ਲਗੇ। ਸਾਰਿਆਂ ਨੇ ਭਾਈ ਮੰਞ ਨੂੰ ਸਮਝਾਇਆ ਕਿ ਪੀਰ ਦੇ ਗੁਸੇ ਕਾਰਨ ਤੂੰ ਸਭ ਕੁਝ ਗਵਾ ਲਿਆ ਹੈ। ਇਹ ਸੁਣ ਕੇ ਮੰਞ ਨੇ ਕਿਹਾ ਕਿ ਮੈਂ ਹੁਣ ਸਿਖ ਹੋ ਗਿਆ ਹਾਂ ਹੁਣ ਮੈਂ ਸਤਿਗੁਰੂ ਦੇ ਦੁਆਰੇ ਜਾਵਾਂਗਾ। ਹੁਣ ਤਾਂ ਗੁਰੂ ਸਾਹਿਬ ਪਾਸੋਂ ਹੀ ਸਭ ਕੁਝ ਹੋਵੇਗਾ। ਗੁਰੂ ਸਾਹਿਬ ਨੇ ਹੁਕਮਨਾਮਾ ਭੇਜ ਕੇ ਭਾਈ ਮੰਞ ਨੂੰ ਆਪਣੇ ਪਾਸ ਬੁਲਾਇਆ। ਭਾਈ ਮੰਞ ਹਲਕਾਰੇ ਦੇ ਨਾਲ ਹੀ ਚਲ ਪਿਆ। ਗੁਰੂ ਸਾਹਿਬ ਕੋਲ ਪਹੁੰਚ ਕੇ ਭਾਈ ਮੰਞ ਨੇ ਦਰਸ਼ਨ ਕੀਤੇ ਤਾਂ ਗੁਰੂ ਸਾਹਿਬ ਨੇ ਸੇਵਾ ਵਿਚ ਲਾ ਲਿਆ।

---

[4] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਛੇਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 1815.
ਰਜਪੂਤ ਮੰਞ ਇਕ ਚੌਧਰੀ ਪ੍ਰਥਮ ਜਨਮ ਕੇ ਮਾਂਹਿ। ਸੰਸਕਾਰ ਉਰ ਭਗਤਿ ਕੇ ਸੁਨਹੁਂ ਕਥਾ ਅਬਿ ਤਾਂਹਿ।।੧।।ਚੌਪਈ।। ਮਾਲ ਸਰਬ ਘਰ ਦਰਬ ਬਿਸਾਲਾ। ਸਰਵਰ ਪੀਰ ਸੇਵ ਸਭਿ ਕਾਲਾ। ਸੋ ਮਹਿਮਾ ਸਤਿਗੁਰ ਕੀ ਸੁਨਿਕੈ। ਸ਼ਬਦ ਸੁਨੈ ਅਰਥਨਿ ਕੋ ਗੁਨਿਕੈ।।੨।। (ਰਾਸਿ 2 ਅੰਸੂ 43)

ਭਾਈ ਮੰਞ ਲੰਗਰ ਲਈ ਰੋਜ਼ਾਨਾ ਸਮਗਰੀ ਲਿਆਉਂਦਾ ਸੀ ਤੇ ਜਿਵੇਂ ਗੁਰੂ ਸਾਹਿਬ ਨੂੰ ਭਾਉਂਦਾ ਸੀ ਉਸ ਤਰ੍ਹਾਂ ਹੀ ਪ੍ਰਸੰਨ ਰਹਿੰਦਾ ਸੀ। ਗੁਰੂ ਦੇ ਲੰਗਰ ਲਈ ਬਾਹਰ ਜੰਗਲ ਵਿਚ ਜਾ ਕੇ ਲਕੜਾਂ ਲਿਆ ਕੇ ਦਿੰਦਾ। ਇਕ ਦਿਨ ਗੁਰੂ ਸਾਹਿਬ ਨੇ ਪੁਛਿਆ ਕਿ ਭਾਈ ਮੰਞ ਨਾਮੀ ਸਿਖ ਆਇਆ ਹੈ, ਉਹ ਕੀ ਸੇਵਾ ਕਰਦਾ ਹੈ ਅਤੇ ਕਿਥੋਂ ਖਾਂਦਾ ਹੈ? ਇਕ ਸਿਖ ਨੇ ਬਿਰਤਾਂਤ ਸੁਣਾਇਆ ਕਿ ਜਦ ਦਾ ਉਹ ਸਿਖ ਇਥੇ ਆਇਆ ਹੈ ਬਾਲਣ ਦੀਆਂ ਬਹੁਤ ਪੰਡਾਂ ਲਿਆਉਂਦਾ ਹੈ ਤੇ ਲੰਗਰ ਵਿਚੋਂ ਭੋਜਨ ਛਕਦਾ ਹੈ। ਗੁਰੂ ਸਾਹਿਬ ਨੇ ਹੁਕਮ ਕੀਤਾ ਉਸ ਦੀ ਸੇਵਾ ਵਿਚ ਕਚਿਆਈ ਹੈ, ਉਹ ਆਪਣਾ ਕੰਮ ਵਿਗਾੜ ਰਿਹਾ ਹੈ। ਭੋਜਨ ਛਕਣਾ ਮਜ਼ਦੂਰੀ ਦੇ ਬਰਾਬਰ ਹੈ। ਇਸ ਤਰ੍ਹਾਂ ਹਿਰਦੇ ਦੀ ਮੈਲ ਦੂਰ ਨਹੀਂ ਹੁੰਦੀ। ਕਿਸੇ ਹੋਰ ਥਾਂ ਤੋਂ ਭੋਜਨ ਛਕੇ ਤੇ ਗੁਰੂ ਸਾਹਿਬ ਦੇ ਲੰਗਰ ਦੀ ਸੇਵਾ ਕਰੇ। ਜੋ ਵੀ ਆਹਾਰ ਕਿਸੇ ਥਾਂ ਤੋਂ ਪਾਵੇ, ਉਸ ਵਿਚੋਂ ਹੋਰਨਾਂ ਨੂੰ ਦੇ ਕੇ ਥੋੜ੍ਹਾ ਆਪ ਛਕੇ। ਸਿਖ ਨੇ ਭਾਈ ਮੰਞ ਪਾਸ ਜਾ ਕੇ ਉਸ ਨੂੰ ਲੰਗਰ ਤੋਂ ਭੋਜਨ ਛਕਣੋ ਹਟਾਇਆ। ਫਿਰ ਭਾਈ ਮੰਞ ਉਸ ਤਰ੍ਹਾਂ ਹੀ ਕਰਨ ਲਗਾ ਜਿਵੇਂ ਗੁਰੂ ਸਾਹਿਬ ਨੇ ਹੁਕਮ ਸੀ। ਇਕ ਦਿਨ ਗੁਰੂ ਸਾਹਿਬ ਨੇ ਆਪਣੇ ਪਾਸ ਬੁਲਾ ਕੇ ਸਮਝਾਇਆ ਕਿ ਤੂੰ ਆਪਣੀ ਸਾਰੀ ਜਾਇਦਾਦ ਗਵਾ ਲਈ ਹੈ। ਭਾਈ ਮੰਞ ਨੇ ਗੁਰੂ ਸਾਹਿਬ ਦੇ ਬਚਨ ਸੁਣ ਕੇ ਭਾਈ ਮੰਞ ਨੇ ਕਿਹਾ ਕਿ ਮੈਂ ਸਤਿਨਾਮ ਰੂਪੀ ਧਨ ਪ੍ਰਾਪਤ ਕੀਤਾ ਹੈ, ਨਾ ਇਸ ਧਨ ਨੂੰ ਹਾਕਮ ਲੈ ਸਕਦੇ ਹਨ ਅਤੇ ਨਾ ਹੀ ਇਹ ਚੋਰੀ ਹੋ ਸਕਦਾ ਹੈ, ਨਾ ਇਹ ਜਲ ਨਾਲ ਖਰਾਬ ਹੋਵੇਗਾ ਅਤੇ ਨਾ ਹੀ ਅਗ ਨਾਲ ਸੜੇਗਾ। ਮੈਂ ਪਛਤਾਉਂਦਾ ਹਾਂ ਕਿ ਮੈਂ ਇਸ ਸਚੇ ਨਾਮ ਨੂੰ ਭੁਲਾਈ ਰਖਿਆ ਹੈ। ਇਸ ਤਰ੍ਹਾਂ ਕਹਿ ਕੇ ਬੰਦਨਾ ਕਰਕੇ ਚਲਾ ਗਿਆ ਤੇ ਸੇਵਾ ਕਰਨ ਲਗਾ।

ਭਾਈ ਮੰਞ ਜੰਗਲ ਵਿਚੋਂ ਸੁਕੀਆਂ ਲਕੜਾਂ ਦੀਆਂ ਪੰਡਾਂ ਲਿਆਉਂਦਾ ਤੇ ਸਾਰੇ ਲੰਗਰ ਦੀ ਕਾਰ ਚਲਾਉਂਦਾ। ਇਕ ਦਿਨ ਬਾਹਰ ਲਕੜੀਆਂ ਲੈਣ ਵਾਸਤੇ ਗਿਆ ਜਦ ਲਕੜਾਂ ਦੀ ਇਕ ਪੰਡ ਬੰਨ੍ਹ ਕੇ ਨਗਰ ਵਲ ਚਲਿਆ ਤਾਂ ਰਸਤੇ ਵਿਚ ਤੇਜ਼ ਹਨ੍ਹੇਰੀ ਆਈ, ਜਿਸ ਕਾਰਨ ਕੁਝ ਵਿਖਾਈ ਨਹੀਂ ਦਿੰਦਾ ਸੀ। ਰਸਤੇ ਵਿਚ ਆਉਂਦਾ ਹੋਇਆ ਭਾਈ ਮੰਞ ਖੂਹ ਵਿਚ ਡਿਗ ਪਿਆ, ਸਿਰ ਉਤੇ ਸੁਕੀਆਂ ਲਕੜਾਂ ਦੀ ਪੰਡ ਨੂੰ ਸੰਭਾਲ ਕੇ ਸਿਰ ਉਤੇ ਹੀ ਰਖਿਆ। ਸੁਕੀਆ ਲਕੜਾਂ ਕਿਤੇ ਪਾਣੀ ਨਾਲ ਭਿਜ ਹੀ ਨਾ ਜਾਣ ਜਿਸ ਕਰਕੇ ਬਾਲਣ ਤੋਂ ਬਗੈਰ ਭੋਜਨ ਪਕਾਉਣ ਵਿਚ ਰੁਕਾਵਟ ਆਵੇਗੀ। ਭਾਈ ਮੰਞ ਲਕੜਾਂ ਦੀ ਪੰਡ ਚੁਕ ਕੇ ਖੂਹ ਦੇ ਪਾਣੀ ਵਿਚ ਖੜਾ

ਰਿਹਾ। ਭਾਈ ਮੰਞ ਦੇ ਪ੍ਰੇਮ ਨੇ ਵਿਸ਼ਾਲ ਖਿਚ ਕਰਕੇ ਗੁਰੂ ਸਾਹਿਬ ਪਾਸੋਂ ਰਿਹਾ ਨਾ ਗਿਆ। ਉਨ੍ਹਾਂ ਇਹ ਜਾਣ ਲਿਆ ਕਿ ਸਿਖ ਬੜੇ ਸੰਕਟ ਵਿਚ ਫਸਿਆ ਹੈ, ਖੂਹ ਦੇ ਪਾਣੀ ਵਿਚ ਸਿਰ 'ਤੇ ਭਾਰ ਚੁਕ ਕੇ ਖਲੋਤਾ ਹੈ। ਇਸ ਤਰ੍ਹਾਂ ਖਲੋਤਿਆਂ ਹੀ ਸਾਰੀ ਰਾਤ ਬੀਤ ਗਈ ਪਰ ਪੰਡ ਨੂੰ ਥਲੇ ਨਾ ਸੁਟਿਆ। ਗੁਰੂ ਸਾਹਿਬ ਉਠੇ ਤੇ ਨੰਗੇ ਪੈਰੀ ਹੀ ਛੇਤੀ-ਛੇਤੀ ਜਾ ਰਹੇ ਸਨ ਤੇ ਸੇਵਕ ਜੋੜੇ ਲੈ ਕੇ ਮਗਰ ਜਾ ਰਹੇ ਸਨ। ਖੂਹ ਦੇ ਲਾਗੇ ਖੜੇ ਹੋ ਕੇ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਕੌਣ ਹੈ ਤੂੰ ਜਿਹੜਾ ਕਸ਼ਟ ਵਿਚ ਫਸਿਆ ਹੋਇਆ ਹੈ? ਲਕੜਾਂ ਦਾ ਭਾਰ ਸਿਰ ਉਤੇ ਹੀ ਰਖਿਆ ਹੈ, ਇਸ ਨੂੰ ਜਲ ਵਿਚ ਸੁਟ ਕੇ ਕਿਉਂ ਨਹੀਂ ਖਲੋਤਾ? ਭਾਈ ਮੰਞ ਨੇ ਕਿਹਾ ਕਿ ਮੇਰਾ ਨਾਂ ਮੰਞ ਹੈ, ਮੈਂ ਗੁਰੂ ਦੇ ਘਰ ਸੇਵਾ ਕਰਦਾ ਹਾਂ। ਸਿਖ ਥੋੜ੍ਹੇ ਸਮੇਂ ਵਿਚ ਰਸੇ ਲੈ ਕੇ ਆ ਗਏ। ਰਸੇ ਨੂੰ ਖੂਹ ਦੇ ਵਿਚ ਲਟਕਾਇਆ ਤੇ ਭਾਈ ਮੰਞ ਨੂੰ ਕਿਹਾ ਕਿ ਇਸ ਨੂੰ ਫੜ ਕੇ ਉਤੇ ਆ ਜਾਵੋ ਪਰ ਭਾਈ ਮੰਞ ਨੇ ਕਿਹਾ ਕਿ ਪਹਿਲਾਂ ਲਕੜੀਆਂ ਬਾਹਰ ਕਢੋ ਤਾਂ ਕਿ ਇਹ ਖੁਸ਼ਕ ਹੀ ਰਹਿਣ। ਲਕੜੀਆਂ ਕਢਣ ਤੋਂ ਬਾਅਦ ਰਸੇ ਨੂੰ ਫੜ ਕੇ ਭਾਈ ਮੰਞ ਆਪ ਖੂਹ ਦੇ ਵਿਚੋਂ ਬਾਹਰ ਨਿਕਲਿਆ। ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਖੜੇ ਵੇਖ ਕੇ ਬਹੁਤ ਪ੍ਰੇਮ ਨਾਲ ਉਨ੍ਹਾਂ ਦੇ ਚਰਨਾਂ ਤੇ ਢਹਿ ਪਿਆ। ਤੁਸੀਂ ਆਪਣੇ ਸੇਵਕਾਂ ਦਾ ਦੁਖ ਸਹਾਰ ਨਹੀਂ ਸਕਦੇ। ਗੁਰੂ ਸਾਹਿਬ ਨੇ ਬਚਨ ਕੀਤਾ ਕਿ ਭਾਈ ਮੰਞ, ਮੰਗੋ ਜੋ ਕੁਝ ਮੰਗਣਾ ਹੈ, ਅਸੀਂ ਬਹੁਤ ਪ੍ਰਸੰਨ ਹੋਏ ਹਾਂ। ਤੇਰੀ ਘਾਲ ਕਮਾਈ ਸਫਲ ਹੋ ਗਈ ਹੈ। ਭਾਈ ਮੰਞ ਨੇ ਬੇਨਤੀ ਕੀਤੀ ਕਿ ਮੈਂ ਸਤਿਨਾਮ ਤੋਂ ਬਗੈਰ ਹੋਰ ਕਿਸੇ ਵਸਤੂ ਨੂੰ ਕਿਵੇਂ ਚਾਹ ਸਕਦਾ ਹਾਂ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫਿਰ ਕਿਹਾ ਕੁਝ ਮੰਗੋ ਤਾਂ ਭਾਈ ਮੰਞ ਨੇ ਕਿਹਾ ਗੁਰੂ ਸਾਹਿਬ ਦੇ ਸੇਵਕਾਂ ਨੂੰ ਐਸੀ ਮੁਸ਼ਕਲ ਆਈ ਹੈ, ਸਾਰੇ ਸਹਿ ਨਹੀਂ ਸਕਦੇ। ਇਸ ਪ੍ਰਕਾਰ ਦੀ ਮੁਸ਼ਕਿਲ ਕਿਸੇ ਸੇਵਕ ਨੂੰ ਨਾ ਆਵੇ। ਗੁਰੂ ਸਾਹਿਬ ਨੇ ਜਵਾਬ ਦਿਤਾ ਕਿ ਜੋ ਗੁਰੂ ਦੇ ਉਤਮ ਸਿਖ ਹਨ, ਉਨ੍ਹਾਂ ਨੂੰ ਮੁਕਤੀ ਰੂਪੀ ਖਜ਼ਾਨੇ ਦੇ ਯੋਗ ਹੋਣ ਲਈ ਸੁਧਾਰੀਦਾ ਹੈ। ਉਨ੍ਹਾਂ ਨੂੰ ਆਪਣਾ ਸਰੂਪ ਬਣਾ ਲਈਦਾ ਹੈ, ਜਿਸ ਵਿਚ ਅਨੂਪਮ ਆਨੰਦ ਪੈਦਾ ਹੁੰਦਾ ਹੈ। ਇਹ ਵਰ ਵੀ ਤੈਨੂੰ ਦਿਤਾ, ਹੋਰ ਵੀ ਮੰਗ ਲਵੋ। ਗੁਰੂ ਸਾਹਿਬ ਨੇ ਆਪਣੇ ਸੇਵਕ ਸਿਖ ਦੀ ਅਪਾਰ ਮਹਿਮਾ ਇਸ ਪ੍ਰਕਾਰ ਕੀਤੀ:

ਮੰਞ ਪਿਆਰਾ ਗੁਰੂ ਨੂੰ ਗੁਰੁ ਮੰਞ ਪਿਆਰਾ॥

ਮੰਞ ਗੁਰੂ ਕਾ ਬੋਹਿਥਾ ਜਗ ਲੰਘਣਹਾਰਾ॥

ਗੁਰੂ ਸਾਹਿਬ ਨੇ ਭਾਈ ਮੰਞ ਨੂੰ ਛਾਤੀ ਨਾਲ ਲਾਇਆ ਤੇ ਬਚਨ ਕੀਤਾ ਕਿ ਭਾਈ ਮੰਞ ਹੁਣ ਆਪਣੇ ਘਰ ਜਾ ਕੇ ਗੁਰੂ ਦਾ ਲੰਗਰ ਚਲਾਵੋ। ਨੌਂ ਨਿਧੀਆਂ ਤੇ ਅਠਾਰਾਂ ਸਿਧੀਆਂ ਸਦਾ ਤੇਰੇ ਪਾਸ ਰਹਿਣਗੀਆਂ। ਇਹ ਬਚਨ ਕਰਕੇ ਗੁਰੂ ਸਾਹਿਬ ਪਾਲਕੀ ਵਿਚ ਚੜ੍ਹ ਕੇ ਡੇਰੇ ਵਿਚ ਆ ਗਏ। ਭਾਈ ਮੰਞ ਦਾ ਸ੍ਰੇਸ਼ਟ ਜਸ ਸਭ ਜਗ ਵਿਚ ਪ੍ਰਗਟ ਹੋਇਆ। ਭਾਈ ਮੰਞ ਆਪਣੇ ਘਰ ਚਲ ਗਿਆ ਤੇ ਘਰ ਜਾ ਕੇ ਅਨੇਕਾਂ ਮਣ ਅਨਾਜ ਤਿਆਰ ਕਰਕੇ ਗੁਰੂ ਰੂਪ ਸਮਝ ਕੇ ਸਭ ਲੋੜਵੰਦਾਂ ਨੂੰ ਛਕਾਉਂਦਾ ਰਿਹਾ।

ਤਵਾਰੀਖ ਗੁਰੂ ਖਾਲਸਾ ਅਨੁਸਾਰ ਦੁਆਬੇ ਬਿਸਤ ਵਿਚ “ਮੰਜਕੀ” ਦਾ ਮੰਜਾ ਰਾਜਪੂਤ ਤੀਰਥਾ ਨਾਮ ਹਰ ਸਾਲ ਨਗਾਹੇ ਸਰਵਰ ਪੀਰ ਦੀ ਯਾਤਰਾ ਨੂੰ ਜਾਂਦਾ ਸੀ ਤੇ ਪੀਰ ਦਾ ਸਥਾਨ ਵੀ ਆਪਣੇ ਘਰ ਬਣਾ ਰਖਿਆ ਸੀ। ਭਾਈ ਮੰਞ ਸੰ: 1642 ਬਿ: ਨੂੰ ਨਗਾਹੇ ਤੋਂ ਆਉਂਦਾ ਹੋਇਆ ਗੁਰੂ ਸਾਹਿਬ ਦਾ ਜਸ ਸੁਣ ਕੇ ਗੁਰੂ ਚਕ (ਅੰਮ੍ਰਿਤਸਰ) ਵਿਚ ਠਹਿਰ ਗਿਆ। ਭਾਈ ਮੰਞ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਆਪਣੇ ਘਰ ਜਾ ਕੇ ਦੇਗ ਚਲਾਉਣ ਲਗਾ ਤੇ ਸਿਖੀ ਦਾ ਪ੍ਰਚਾਰ ਕਰਨ ਲਗਾ। ਸਿਖੀ ਦਾ ਪ੍ਰਚਾਰ ਕਰਕੇ ਸਾਰਾ ਦੁਆਬਾ ਦੇਸ਼ ਗੁਰੂ ਸਾਹਿਬ ਦਾ ਸੇਵਕ ਬਣ ਗਿਆ।[5]

## ਭਾਈ ਬਹੋੜਾ ਜੀ

ਭਾਈ ਬਹੋੜਾ ਗੁਰੂ ਸਾਹਿਬ ਦੇ ਦਰਬਾਰ ਵਿਚ ਆ ਪਹੁੰਚਿਆ। ਬੜੇ ਪ੍ਰੇਮ ਨਾਲ ਗੁਰੂ ਸਾਹਿਬ ਦੇ ਦਰਸ਼ਨ ਕੀਤੇ ਤੇ ਚਰਨ-ਕੰਵਲਾਂ ’ਤੇ ਆਪਣਾ ਮਥਾ ਧਰਿਆ। ਕਾਫੀ ਸਮੇਂ ਤਕ ਖੜਾ ਹੋ ਕੇ ਵੇਖਦਾ ਰਿਹਾ ਤਾਂ ਗੁਰੂ ਸਾਹਿਬ ਨੇ ਪੁਛਿਆ ਕਿ ਆਉ ਬਹੋੜਾ ਸਚੀ ਗਲ ਕਹੋ, ਕਿਸੇ ਗਲ ਨੂੰ ਲੁਕਾਉਣ ਬਾਰੇ ਚਿਤ ਵਿਚ ਨਾ ਚਾਹੋ। ਕਿਹੜੀ ਕਿਰਤ ਕਰਕੇ ਗੁਜ਼ਾਰਾ ਕਰਦੇ ਹੋ?[6] ਜਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਇਹ ਗਲ ਪੁਛੀ ਤਾਂ ਹਥ ਜੋੜ ਕੇ ਭਾਈ ਬਹੋੜਾ ਨੇ ਬੇਨਤੀ ਕੀਤੀ ਕਿ ਮੈਂ ਸੁਨਿਆਰੇ ਦੀ ਕਾਰ ਕਰਦਾ ਹਾਂ, ਇਸ ਤਰ੍ਹਾਂ ਪੇਟ ਪੂਜਾ

---

[5] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 389.

[6] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਛੇਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 1825.
ਨਾਮ ਬਹੋੜਾ ਜਾਤਿ ਸੁਨਾਰ। ਆਨਿ ਪਹੂਚਯੋ ਗੁਰੁ ਦਰਬਾਰ। ਪ੍ਰੇਮ ਸਾਥਿ ਦਰਸ਼ਨ ਕੋ ਕੀਨਾ। ਮਸਤਕ ਪਗ ਪੰਕਜ ਧਰਿ ਦੀਨਾ॥੧੬॥ ਖਰੋ ਰਹਯੋ ਦੇਖਤਿ ਚਿਰਕਾਲ। ਕ੍ਰਿਪਾ ਧਾਰਿ ਬੂਝਯੋ ਸੁ ਕ੍ਰਿਪਾਲ। ਅਹੋ ਬਹੋੜਾ ਸਾਚੀ ਕਹੀਅਹਿ। ਨਹੀਂ ਦੁਰਾਵਨ ਕੋਚਿਤ ਚਹੀਅਹਿ॥੧੭॥ (ਰਾਸਿ 2 ਅੰਸੂ 45)

ਕਰਕੇ ਸਮਾਂ ਬਤੀਤ ਕਰਦਾ ਹਾਂ। ਇਹ ਸੁਣ ਕੇ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਕੋਈ ਵੀ ਕਿਰਤ ਕਰੋ ਪਰ ਉਸ ਦਾ ਧਰਮ ਸਮੇਤ ਨਿਰਬਾਹ ਕਰੋ। ਜਿਹੜਾ ਮਨੁਖ ਕਪਟ-ਹੀਣ ਕਾਰ ਕਰਦਾ ਹੈ, ਦੂਸਰੇ ਦੀ ਵਸਤੂ ਨੂੰ ਨਾ ਛਪਾਉਂਦਾ ਹੈ ਅਤੇ ਨਾ ਚੋਰੀ ਕਰਦਾ ਹੈ। ਉਸ ਕਮਾਈ ਵਿਚੋਂ ਪ੍ਰਭੂ ਹਿਤ ਗਰੀਬਾਂ ਵਿਚ ਵੰਡ ਕੇ ਫਿਰ ਆਪ ਖਾਵੇ, ਉਸ ਦਾ ਹਿਰਦਾ ਨਿਰਮਲ ਹੋ ਜਾਂਦਾ ਹੈ। ਭਾਈ ਬਹੋੜੇ ਨੇ ਕਿਹਾ ਗੁਰੂ ਸਾਹਿਬ ਮੈਂ ਮਹਾਨ ਅਧਰਮੀ ਹਾਂ ਤੇ ਪਾਪ ਦੀ ਕਿਰਤ ਕਰਕੇ ਨਿਤ ਭੈੜਾ ਕਰਮ ਕਰਦਾ ਹਾਂ। ਜੇ ਮੇਰੇ ਮਾਂ-ਬਾਪ ਵੀ ਮੇਰੇ ਤੋਂ ਕਿਸੇ ਗਹਿਣੇ ਦੀ ਘਾੜ ਘੜਾਉਣ ਤਦ ਵੀ ਮੈਂ ਉਸ ਵਿਚੋਂ ਚੌਥਾ ਹਿਸਾ ਕਟ ਲੈਂਦਾ ਹਾਂ। ਹੋਰ ਲੋਕ ਵੀ ਤਾਂ ਇਸੇ ਗਿਣਤੀ ਵਿਚ ਆਉਂਦੇ ਹਨ। ਜਦ ਬਹੋੜੇ ਨੇ ਸਚੀ ਗਲ ਕਹੀ ਤਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਰਪਾ ਕੀਤੀ ਤੇ ਉਪਦੇਸ਼ ਦਿਤਾ ਤੂੰ ਕਿਥੇ ਝੂਠ ਵਿਚ ਫਸਿਆ ਹੋਇਆ ਹੈ, ਸਤਿਨਾਮ ਦਾ ਸਿਮਰਨ ਦਿਨ-ਰਾਤ ਕਰ ਤਾਂ ਕਿ ਤੇਰਾ ਉਧਾਰ ਹੋ ਜਾਵੇ। ਗੁਰੂ ਸਾਹਿਬ ਦੇ ਬਚਨ ਸੁਣ ਕੇ ਉਸਨੇ ਆਪਣੀ ਬੁਧ ਵਿਸਾਰ ਦਿਤੀ ਤੇ ਗੁਰੂ ਸਾਹਿਬ ਦੀ ਸੇਵਾ ਕਰਨ ਲਗਾ। ਗੁਰੂ ਸਾਹਿਬ ਨੇ ਨਾਮ ਦੀ ਬਖਸ਼ਿਸ਼ ਕਰਕੇ ਉਸਦੇ ਸਾਰੇ ਕੰਮ ਪੂਰੇ ਕੀਤੇ। ਫਿਰ ਗੁਰੂ ਸਾਹਿਬ ਨੇ ਉਸ ਨੂੰ ਪਾਸ ਬੁਲਾਇਆ ਤੇ ਹੁਕਮ ਕੀਤਾ ਕਿ ਹੁਣ ਆਪਣੇ ਘਰ ਜਾ ਕੇ ਹਰੀ ਦੇ ਗੁਣ ਗਾਵੋ। ਫਿਰ ਭਾਈ ਬਹੋੜੇ ਨੇ ਅਰਦਾਸ ਕੀਤੀ ਕਿ ਗੁਰੂ ਸਾਹਿਬ ਮੈਂ ਆਪ ਜੀ ਦਾ ਸੇਵਕ ਹਾਂ, ਆਪਣੇ ਜੀਵਨ ਨਿਰਬਾਹ ਲਈ ਮੈਂ ਕਿਹੜੀ ਕਿਰਤ ਕਰਾ? ਇਹ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤਾ ਕਿ ਆਪਣੀ ਕੁਲ ਦੀ ਪੁਰਾਣੀ ਖੋਟੀ ਕਾਰ ਦੀ ਕਿਰਤ ਛਡ ਦਿਉ ਤੇ ਮੇਰੇ ਲਈ ਆਪਣੇ ਘਰ ਵਿਚ ਲੰਗਰ ਲਾਵੋ। ਜੋ ਵੀ ਨਗਰ ਵਿਚ ਭੁਖੇ ਮਨੁਖ ਹੋਣ ਉਹਨਾਂ ਨੂੰ ਪ੍ਰਸ਼ਾਦਾ ਛਕਾਉ ਤੇ ਸਿਖੀ ਦੀ ਕਮਾਈ ਕਰੋ।

## ਭਾਈ ਬਹੋੜੂ ਜੀ

ਤਵਾਰੀਖ ਗੁਰੂ ਖਾਲਸਾ ਅਨੁਸਾਰ ਭਾਈ ਬਹੋੜੂ ਗੁਰੂ ਘਰ ਦਾ ਸੇਵਕ ਸੀ। ਇਕ ਦਿਨ ਗੁਰੂ ਸਾਹਿਬ ਦੇ ਦਰਸ਼ਨ ਕਰਨ ਆਇਆ। ਗੁਰੂ ਸਾਹਿਬ ਦੇ ਪੁਛਣ ਤੇ ਉਸਨੇ ਆਪਣੇ ਚੋਰੀਆਂ ਕਰਨ ਦਾ ਸਾਰਾ ਹਾਲ ਦਸ ਕੇ ਆਪਣਾ ਕਲਿਆਣ ਚਾਹਿਆ ਤਾਂ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਧਰਮ ਦੀ ਕਿਰਤ ਕਰਕੇ ਜੀਵਨ ਬਤੀਤ ਕਰੋ। ਭਾਈ ਬਹੋੜੂ ਉਸੇ ਦਿਨ ਤੋਂ ਧਰਮ ਕਿਰਤ ਕਰਨ ਲਗਾ ਤੇ ਸਾਧੂਆਂ ਦੀ ਸੇਵਾ ਕਰਨ ਲਗਾ।

ਇਕ ਦਿਨ ਠਗ ਸਿਖ ਬਣਕੇ ਉਸਦੇ ਘਰ ਆਇਆ।[7] ਭਾਈ ਬਹੋੜੂ ਨੇ ਇਸ਼ਨਾਨ ਕਰਵਾ ਕੇ ਪ੍ਰਸ਼ਾਦਾ ਛਕਾਇਆ ਤੇ ਰਾਤ ਨੂੰ ਲੰਬਾ ਸਮਾਂ ਸਤਿਸੰਗ ਦੀਆਂ ਗਲਾਂ ਕਰਦੇ ਰਹੇ। ਵੀਹ ਕੁ ਦਿਨ ਉਹ ਬਹੋੜੂ ਦੇ ਘਰ ਟਿਕਿਆ ਰਿਹਾ ਤੇ ਭਾਈ ਬਹੋੜੂ ਦਾ ਸਾਰਾ ਪਰਿਵਾਰ ਪ੍ਰੇਮ ਨਾਲ ਸੇਵਾ ਕਰਦਾ ਰਿਹਾ। ਉਹ ਠਗ ਭਾਈ ਬਹੋੜੂ ਦੀ ਬੇਟੀ ਨਾਲ ਰਲ ਗਿਆ। ਭਾਈ ਬਹੋੜੂ ਭਾਵੇਂ ਇਸ ਗਲ ਨੂੰ ਜਾਣ ਗਿਆ ਸੀ, ਪਰ ਸਰਬੰਸ ਗੁਰੂ ਕਾ ਸਮਝ ਕੇ ਚੁਪ ਰਿਹਾ ਤੇ ਇਥੋ ਤਕ ਮਨ ਵਿਚ ਗਲ ਰਖੀ ਕਿ ਇਕ ਦਿਨ ਅੰਮ੍ਰਿਤ ਵੇਲੇ ਦੋਵਾਂ ਨੂੰ ਸੁਤੇ ਪਏ ਦੇਖਕੇ ਆਪਣਾ ਚਾਦਰਾ ਉਹਨਾਂ ਉਤੇ ਪਾ ਗਿਆ। ਠਗ ਅਗਲੇ ਦਿਨ ਸਭ ਗਹਿਣਾ ਭਾਈ ਬਹੋੜੂ ਦੇ ਘਰ ਤੋਂ ਲੈ ਕੇ ਤੁਰ ਪਿਆ ਤੇ ਅਗੇ ਤੋਂ ਭਾਈ ਬਹੋੜੂ ਰੋਹੀ ਵਿਚੋਂ ਮੁੜਿਆ ਆਉਂਦਾ ਮਿਲ ਗਿਆ। ਠਗ ਦੇ ਸਿਰੋਂ ਕੰਬਦੇ ਹੋਏ ਅਸਬਾਬ ਦੀ ਗਠੜੀ ਡਿਗ ਪਈ। ਭਾਈ ਬਹੋੜੂ ਨੇ ਜਾਣ ਲਿਆ ਪਰ ਫਿਰ ਵੀ ਉਸ ਠਗ ਨੂੰ ਧੀਰਜ ਦੇ ਕੇ ਕਿਹਾ ਕਿ ਮੇਰੀ ਤਾਂ ਕੋਈ ਵੀ ਚੀਜ਼ ਨਹੀਂ ਸਭ ਗੁਰੂ ਦੀ ਮਾਇਆ ਹੈ। ਭਾਈ ਬਹੋੜੂ ਉਸਨੂੰ ਫਿਰ ਘਰ ਲੈ ਆਇਆ ਤੇ ਬੇਟੀ ਸਮੇਤ ਸਾਰੇ ਪਦਾਰਥ ਉਸ (ਠਗ) ਦੇ ਘਰ ਆਪ ਜਾ ਕੇ ਛਡ ਆਇਆ। ਜਦ ਉਹ ਠਗ ਮਾਇਆ ਤੇ ਬਹੋੜੂ ਦੀ ਪੁਤਰੀ ਲੈ ਕੇ ਘਰ ਗਿਆ ਤਾਂ ਉਸਨੂੰ ਸ਼ਾਂਤੀ ਨਾ ਮਿਲੇ, ਇਹੋ ਮਨ ਕਰੇ ਕਿ ਭਾਈ ਬਹੋੜੂ ਨੂੰ ਜਾ ਕੇ ਮਿਲਾ। ਦੂਜੇ ਦਿਨ ਆਪਣੇ ਕੀਤੇ 'ਤੇ ਪਛਤਾ ਕੇ ਸਾਰਾ ਦਰਬ ਤੇ ਭਾਈ ਬਹੋੜੂ ਦੀ ਪੁਤਰੀ ਲੈ ਕੇ ਭਾਈ ਬਹੋੜੂ ਦੇ ਚਰਨ ਆ ਫੜੇ। ਭਾਈ ਬਹੋੜੂ ਉਸ ਠਗ ਨੂੰ ਨਾਲ ਲੈ ਕੇ ਗੁਰੂ ਸਾਹਿਬ ਪਾਸ ਆਇਆ ਤਾਂ ਗੁਰੂ ਸਾਹਿਬ ਭਾਈ ਬਹੋੜੂ ਨੂੰ ਉਠ ਕੇ ਮਿਲੇ ਅਤੇ 'ਧੰਨ ਸਿਖੀ' ਤਿੰਨ ਵਾਰੀ ਕਹਿ ਕੇ ਸਾਰੀ ਕਥਾ ਸੰਗਤ ਨੂੰ ਸੁਣਾਈ। ਠਗ ਵੀ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਸਚਾ ਸਿਖ ਬਣ ਗਿਆ। ਇਸੇ ਨਾਮ ਦਾ ਇਕ ਬਹੋੜੂ ਨਾਮ ਸੁਨਿਆਰਾ ਸਿਖ ਵੀ ਹੋਇਆ ਹੈ।

### ਭਾਈ ਬਹਿਲੋ ਜੀ

ਭਾਈ ਬਹਿਲੋ ਮਾਲਵੇ ਖੇਤਰ ਦੇ ਪਿੰਡ ਫਫੜੇ ਦਾ ਰਹਿਣ ਵਾਲਾ ਸੀ। ਭਾਈ ਬਹਿਲੋ ਜਦ ਗੁਰੂ ਸਾਹਿਬ ਦੇ ਦਰਬਾਰ ਵਿਚ ਗਿਆ ਤਾਂ ਅਗੇ ਗੁਰੂ ਸਾਹਿਬ ਅੰਮ੍ਰਿਤ ਸਰੋਵਰ ਦੀ ਖੁਦਵਾਈ ਕਰਵਾ ਰਹੇ ਸਨ। ਭਾਈ ਬਹਿਲੋ ਨੇ ਦੋਵੇਂ ਹਥ ਜੋੜ ਕੇ ਬੰਦਨਾ ਕੀਤੀ ਤੇ ਕਿਹਾ ਕਿ ਮੈਨੂੰ ਆਪਣਾ ਸੇਵਕ ਬਣਾ ਲਵੋ, ਮੈਂ ਅਗਿਆਨੀ ਕੁਝ

---

[7] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 390.

ਵੀ ਨਹੀਂ ਜਾਣਦਾ। ਜਿਹੜੇ ਤੁਹਾਡੀ ਸ਼ਰਨ ਆਉਂਦੇ ਹਨ, ਤੁਸੀਂ ਉਨ੍ਹਾਂ ਦੀ ਰਖਵਾਲੀ ਕਰਦੇ ਹੋ। ਮੈਂ ਆਪ ਜੀ ਦੇ ਆਸਰੇ ਵਿਚ ਆਇਆ ਹਾਂ ਆਪਣੇ ਨਾਂ ਦੀ ਲਾਜ ਰਖੋ, ਸੇਵਕ ਸਮਝ ਕੇ ਮੈਨੂੰ ਸੇਵਾ ਬਖਸ਼ੋ।

ਭਾਈ ਬਹਿਲੋ ਦੀ ਬੇਨਤੀ ਸੁਣ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਕਿ ਜੇ ਸ਼ਰਧਾ ਹੋਵੇ ਤਾਂ ਸਾਰੇ ਕਾਰਜ ਪੂਰੇ ਹੋ ਜਾਂਦੇ ਹਨ। ਇਹ ਕਹਿ ਕੇ ਗੁਰੂ ਸਾਹਿਬ ਨੇ ਮਜ਼ਦੂਰੀ ਲਾ ਦਿਤੀ। ਦਿਹਾੜੀ ਗੁਰੂ ਘਰ ਤੋ ਲਵੋ ਤੇ ਲੰਗਰ ਵਿਚੋ ਭੋਜਨ ਛਕੋ। ਹੁਣ ਇਸ ਤੀਰਥ ਦੀ ਕਾਰ-ਸੇਵਾ ਕਰੋ, ਸਾਰੀ ਸੰਗਤ ਦੇ ਨਾਲ ਮਿਲ ਕੇ ਰਹੋ। ਜਿਥੇ ਇਟਾਂ ਦੇ ਆਵੇ ਲਗੇ ਹਨ, ਉਥੇ ਬਹੁਤ ਬਾਲਣ ਬਾਲ ਕੇ ਇਟਾਂ ਨੂੰ ਪਕਾ ਰਹੇ ਹਨ।[8] ਉਥੇ ਬਹੁਤ ਸਿਖ ਸੇਵਾ ਕਰ ਰਹੇ ਹਨ, ਮਿਟੀ ਤੋ ਇਟਾਂ ਘੜਦੇ ਹਨ। ਜਦ ਇਟਾਂ ਸੁਕ ਜਾਂਦੀਆਂ ਹਨ ਤਾਂ ਚੁਕ ਲੈਂਦੇ ਹਨ ਤੇ ਫਿਰ ਉਨ੍ਹਾਂ ਨੂੰ ਆਵਿਆਂ ਵਿਚ ਚਿਣ ਦਿੰਦੇ ਹਨ। ਜਿਵੇਂ ਸਾਰੇ ਆਵੇ ਚੰਗੀ ਤਰ੍ਹਾਂ ਪਕ ਜਾਣ ਉਸ ਵਿਧੀ ਅਨੁਸਾਰ ਬਾਲਣ ਪਾਉਂਦੇ ਹਨ। ਉਥੇ ਖੜੇ ਰਹੋ ਤੇ ਸਾਰਿਆਂ ਨੂੰ ਕਹੋ ਕਿ ਇਸ ਤੀਰਥ ਦੀ ਸੇਵਾ ਦਾ ਲਾਭ ਲਵੋ।

ਇਹ ਸੁਣ ਕੇ ਭਾਈ ਬਹਿਲੋ ਬਹੁਤ ਪ੍ਰਸੰਨ ਹੋਇਆ, ਗੁਰੂ ਸਾਹਿਬ ਨੂੰ ਬੰਦਨਾ ਕਰਕੇ ਸਿਖਾਂ ਵਿਚ ਆ ਗਿਆ, ਉਨ੍ਹਾਂ ਦੇ ਨਾਲ ਮਿਲ ਕੇ ਸੇਵਾ ਕਰਨ ਲਗਾ। ਜਿੰਨਾ ਸਰੀਰ ਵਿਚ ਬਲ ਸੀ, ਉਸ ਮੁਤਾਬਕ ਸਾਰਾ ਦਿਨ ਸੇਵਾ ਕਰਦਾ ਸੀ। ਰਾਤ ਪੈਣ ਨਾਲ ਜਦ ਹਨੇਰਾ ਹੋ ਜਾਂਦਾ ਸੀ ਤਾਂ ਭਾਈ ਬਹਿਲੋ ਸਿਖਾਂ ਦੇ ਡੇਰਿਆਂ ਵਿਚ ਚਲ ਜਾਂਦਾ ਸੀ ਤੇ ਥੋੜਾ ਭੋਜਨ ਮੰਗ ਕੇ ਛਕਦਾ ਸੀ। ਦਿਨ ਸਮੇਂ ਸਦਾ ਸੇਵਾ ਕਰਦਾ ਸੀ ਅਤੇ ਸਿਮਰਨ ਕਰਦਿਆਂ ਰਾਤ ਲੰਘਾਉਂਦਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿਖਾਂ ਦੀ ਸੇਵਾ ਵੇਖ ਕੇ ਕੁਝ ਇਟਾਂ ਆਪਣੇ ਪਾਸ ਮੰਗਵਾਈਆਂ ਤੇ ਇਟਾਂ ਨੂੰ ਵੇਖ ਕੇ ਗੁਰੂ ਸਾਹਿਬ ਪ੍ਰਸੰਨ ਹੋ ਕੇ ਬੋਲੇ ਕਿ ਇਹ ਆਵਾ ਹੁਣ ਬਹੁਤ ਚੰਗਾ ਪਕਾਇਆ ਹੈ।

---

[8] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਛੇਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 1832.

ਸ਼ਰਧਾ ਸਭਿ ਤੇ ਪੂਰਬ ਚਹੀਅਹਿ। ਜਿਸ ਤੇ ਮਨ ਬਾਂਛਤਿ ਫਲ ਲਹੀਅਹਿ। ਇਮ ਕਹਿ ਸਤਿਗੁਰ ਕੀਨ ਦਿਹਾਰੀ। 'ਲਿਹੁ ਗੁਰੁ ਘਰ ਤੇ ਕਰਹੁ ਅਹਾਰੀ।।੨੪।। ਅਬਿ ਤੀਰਥ ਕੀ ਕਾਰ ਕਰੀਜੈ। ਸਭਿ ਸੰਗਤਿ ਕੇ ਸੰਗ ਮਿਲੀਜੈ। ਜਹਾਂ ਈਂਟ ਕੇ ਲਗੇ ਪਜਾਵੇ। ਬਹੁ ਈਂਧਨ ਕੋ ਸੰਗ ਪਕਾਵੇ'।।੨੫।। (ਰਾਸਿ 2 ਅੰਸੂ 47)

ਇਕ ਦਿਨ ਸ੍ਰੀ ਗੁਰੂ ਅਰਜਨ ਦੇਵ ਜੀ ਬੈਠੇ ਸਨ ਤਾਂ ਲਾਂਗਰੀ ਨੇ ਆ ਕੇ ਕਿਹਾ ਅਜ ਆਟਾ ਤਿਆਰ ਨਹੀਂ ਹੋਇਆ। ਜਿਸ ਕਰਕੇ ਲੰਗਰ ਤਿਆਰ ਨਾ ਹੋਣ ਕਰਕੇ ਬੜੀ ਲਾਚਾਰੀ ਹੋ ਗਈ ਹੈ। ਗੁਰੂ ਸਾਹਿਬ ਸਿਖਾਂ ਨੂੰ ਕਹਿਣ ਲਗੇ ਕਿ ਅਜ ਲੰਗਰ ਕੋਈ ਹੋਰ ਚਲਾਵੇ। ਇਹ ਸੁਣ ਕੇ ਬਹਿਲੋ ਖੜਾ ਹੋ ਕੇ ਬੋਲਿਆ ਕਿ ਆਪ ਜੀ ਨੇ ਜੋ ਮੇਰੀ ਦਿਹਾੜੀ ਨਿਯਤ ਕੀਤੀ ਹੈ। ਸਾਰੀ ਇਕਠੀ ਕਰਕੇ ਰਖੀ ਹੈ, ਮੈਂ ਆਪਣਾ ਗੁਜ਼ਾਰਾ ਹੋਰ ਵਿਧੀ ਅਨੁਸਾਰ ਕਰਦਾ ਰਿਹਾ ਹਾਂ। ਇਸ ਕਰਕੇ ਇਸ ਧਨ ਨਾਲ ਲੰਗਰ ਵਿਚ ਰਸਦ ਪਾ ਲਵੋ, ਮੈਂ ਤੁਹਾਡਾ ਦਿਤਾ ਹੀ ਖਾਂਦਾ ਹਾਂ।[9] ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਕਿ ਭਾਈ ਬਹਿਲੋ ਹੁਣ ਘਰ-ਘਰ ਮੰਗ ਕੇ ਨਾ ਛਕੋ। ਬਹੁਤ ਥਾਵਾਂ ਤੋ ਪ੍ਰਸ਼ਾਦੇ ਮੰਗ-ਮੰਗ ਕੇ, ਉਹ ਸਾਰੇ ਸਾਨੂੰ ਹੀ ਛਕਾਉਂਦੇ ਹੋ। ਹੁਣ ਲੰਗਰ ਤੋਂ ਭੋਜਨ ਛਕੋ ਤੇ ਪ੍ਰੇਮ ਨਾਲ ਤੀਰਥ ਦੀ ਕਾਰ-ਸੇਵਾ ਕਰੋ। ਭਾਈ ਬਹਿਲੋ ਨੇ ਗੁਰੂ ਸਾਹਿਬ ਦੇ ਬਚਨ ਮੰਨ ਲਏ ਤੇ ਉਸ ਤਰ੍ਹਾਂ ਹੀ ਕਰਨ ਲਗਾ ਜਿਵੇਂ ਗੁਰੂ ਸਾਹਿਬ ਨੇ ਫੁਰਮਾਇਆ ਸੀ।

ਭਾਈ ਬਹਿਲੋ ਆਪ ਆਪਣਾ ਧਿਆਨ ਸਦਾ ਗੁਰੂ ਚਰਨਾਂ ਨਾਲ ਜੋੜੀ ਰਖਦਾ ਸੀ ਤੇ ਕਿਸੇ ਹੋਰ ਪਾਸੇ ਨਹੀਂ ਵੇਖਦਾ ਸੀ। ਗੁਰੂ ਸਾਹਿਬ ਦੇ ਮੁਖ ਵਲ ਵੇਖਦਾ ਰਹਿੰਦਾ ਸੀ, ਜਦ ਸਿਖ ਕਹਿੰਦੇ ਸਨ ਤਾਂ ਟੋਕਰਾ ਸਿਰ 'ਤੇ ਚੁਕ ਲੈਂਦਾ ਸੀ। ਭਾਈ ਬਹਿਲੋ ਨੂੰ ਦੋ-ਤਿੰਨ ਸਿਖ ਰਲ ਕੇ ਟੋਕਰਾ ਚੁਕਵਾਉਂਦੇ ਸਨ। ਜਦ ਤਕ ਗੁਰੂ ਸਾਹਿਬ ਬੈਠੇ ਮਿਟੀ ਪੁਟਵਾਉਂਦੇ ਰਹਿੰਦੇ ਸਨ, ਤਦ ਤਕ ਉਥੇ ਕਾਰ-ਸੇਵਾ ਕਰਦਾ ਰਹਿੰਦਾ ਸੀ। ਭਾਈ ਬਹਿਲੋ ਭੁਖ, ਪਿਆਸ, ਨੀਂਦ ਨੂੰ ਨਹੀਂ ਜਾਣਦਾ ਸੀ, ਆਲਸ ਛਡ ਕੇ ਹਰ ਸਮੇਂ ਸੇਵਾ ਕਰਦਾ ਸੀ।

## ਭਾਈ ਬਧੂ ਜੀ

ਭਾਈ ਬਧੂ ਲਾਹੌਰ ਦਾ ਰਹਿਣ ਵਾਲਾ ਸੀ। ਉਹ ਗੁਰੂ ਸਾਹਿਬ ਪਾਸ ਜਾ ਕੇ ਸਿਖਾਂ ਦੀ ਬਹੁਤ ਸੇਵਾ ਕਰਦਾ। ਗੁਰੂ ਸਾਹਿਬ ਦੇ ਭਰੋਸੇ ਕਾਰ ਕਰਦਾ ਸੀ ਅਤੇ ਆਪਣੇ ਸਾਰੇ ਕਾਰਜਾਂ ਦਾ ਨਿਰਬਾਹ ਕਰਦਾ ਸੀ। ਆਵੇ ਬਣਾ ਕੇ ਇਟਾਂ ਪਕਾਉਂਦਾ ਸੀ ਤੇ ਉਨ੍ਹਾਂ ਨੂੰ ਨਗਰ ਵਿਚ ਵੇਚ ਕੇ ਆਪਣਾ ਰੁਜ਼ਗਾਰ ਚਲਾਉਂਦਾ। ਉਸਦੀ ਕਮਾਈ

---

[9] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਛੇਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 1833.

ਇਕ ਦਿਨ ਸ੍ਰੀ ਅਰਜਨ ਗੁਰੁ ਬੈਸੇ। ਕਹਯੋ ਲਾਂਗਰੀ ਆਇ ਸੁ ਐਸੇ। ਚੂਨ ਆਜ ਨਹਿਂ ਭਯੋ ਤਯਾਰੀ। ਅਟਕੀ ਦੇਗ ਸੁ ਭਈ ਲਚਾਰੀ॥੩੭॥ (ਰਾਸਿ 2 ਅੰਸੂ 47)

ਨਾਲ ਗੁਰੂ ਸਾਹਿਬ ਦੇ ਸਿਖਾਂ ਨੂੰ ਭੋਜਨ ਛਕਾਉਂਦਾ ਸੀ। ਭਾਈ ਬਧੂ ਦੇ ਆਵੇ ਇਕ ਵਾਰ ਕਚੇ ਰਹਿ ਗਏ ਸਨ ਤਾਂ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਸੰਗਤ ਨੂੰ ਪ੍ਰਸ਼ਾਦਾ ਛਕਾ ਕੇ ਆਵਾ ਪਕਣ ਦੀ ਅਰਦਾਸ ਕਰਵਾਉ।[10] ਗੁਰੂ ਸਾਹਿਬ ਦਾ ਹੁਕਮ ਮੰਨ ਕੇ ਭਾਈ ਬਧੂ ਨੇ ਸੰਗਤ ਨੂੰ ਪ੍ਰਸ਼ਾਦਾ ਛਕਾਇਆ।

## ਭਾਈ ਗੰਗਾ ਰਾਮ ਜੀ (ਬ੍ਰਾਹਮਣ)

ਬਠਿੰਡੇ ਸ਼ਹਿਰ ਵਿਚ ਇਕ ਗੰਗਾ ਰਾਮ ਨਾਮ ਦਾ ਪੰਡਿਤ ਰਹਿੰਦਾ ਸੀ। ਉਹ ਬਹੁਤ ਸਾਰਾ ਬਾਜਰੇ ਦਾ ਅਨਾਜ ਲੈ ਕੇ ਵੇਚਣ ਵਾਸਤੇ ਆਇਆ। ਗੰਗਾ ਰਾਮ ਚਲਦਾ ਹੋਇਆ ਸਰੋਵਰ ਕਿਨਾਰੇ ਆ ਪਹੁੰਚਿਆ, ਜਿਥੇ ਸੇਵਾ ਚਲ ਰਹੀ ਸੀ। ਸੰਗਤ ਜ਼ਿਆਦਾ ਹੋਣ ਕਰਕੇ ਲੰਗਰ ਦੀ ਘਾਟ ਪੈ ਗਈ ਤੇ ਦੂਸਰੇ ਦਿਨ ਵੀ ਲੰਗਰ ਨਾ ਚਲਿਆ। ਗੰਗਾ ਰਾਮ ਨੇ ਸੋਚਿਆ ਕਿ ਮੇਰੇ ਵਾਸਤੇ ਇਹ ਚੰਗਾ ਮੌਕਾ ਹੈ ਫਿਰ ਸ਼ਾਇਦ ਐਸਾ ਅਵਸਰ ਨਾ ਮਿਲੇ। ਭਾਈ ਗੰਗਾ ਰਾਮ ਲੰਗਰ ਵਾਲੀ ਥਾਂ ’ਤੇ ਜਾ ਕੇ ਪੁਛਣ ਲਗਾ ਕਿ ਲੰਗਰ ਲਈ ਅਨਾਜ ਦੀ ਰਸਦ ਹਰ ਰੋਜ਼ ਕਿਥੋਂ ਮਿਲਦੀ ਹੈ? ਸਿਖਾਂ ਨੇ ਕਿਹਾ ਅਨਾਜ ਪਿੰਡਾਂ ਤੋਂ ਆਉਂਦਾ ਹੈ, ਇਥੇ ਹਜ਼ਾਰਾਂ ਸੰਗਤ ਆ ਕੇ ਲੰਗਰ ਛਕਦੀ ਹੈ।[11] ਗੁਰੂ ਸਾਹਿਬ ਦੇ ਸਿਖ ਸੇਵਕ ਬਹੁਤ ਆਉਂਦੇ ਹਨ। ਇਹ ਸੁਣ ਕੇ ਗੰਗਾ ਰਾਮ ਨੇ ਕਿਹਾ ਕਿ ਮੈਂ ਬਠਿੰਡੇ ਸ਼ਹਿਰ ਦਾ ਵਾਸੀ ਹਾਂ ਤੇ ਅਨਾਜ ਵੇਚਣ ਲਈ ਆਇਆ ਹਾਂ। ਅਜ ਮੇਰੇ ਪਾਸੋਂ ਅਨਾਜ ਲੈ ਕੇ ਲੰਗਰ ਚਲਾਵੋ, ਸਮੂਹ ਸੰਗਤ ਨੂੰ ਭੋਜਨ ਛਕਾਉ। ਸਿਖਾਂ ਨੇ ਕਿਹਾ ਕਿ ਪਹਿਲਾਂ ਗੁਰੂ ਸਾਹਿਬ ਪਾਸੋਂ ਆਗਿਆ ਲੈ ਲਈਏ। ਗੁਰੂ ਸਾਹਿਬ ਕੋਲ ਜਾ ਕੇ ਸਿਖਾਂ ਨੇ ਕਿਹਾ ਕਿ ਮਾਲਵੇ ਦੇਸ਼ ਤੋਂ ਇਕ ਬ੍ਰਾਹਮਣ ਆਇਆ ਹੈ, ਉਹ ਵੇਚਣ ਲਈ ਬਾਜਰਾ ਲਿਆਇਆ ਹੈ। ਉਸ ਬਾਜਰੇ ਨਾਲ ਉਹ ਲੰਗਰ ਚਲਾਉਣਾ ਚਾਹੁੰਦਾ ਹੈ, ਜਿਸ ਪ੍ਰਕਾਰ

---

[10] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਛੇਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 1835.

ਬੁੱਧੂ ਨਾਮ ਕੁਲਾਲ ਇਕ ਸਤਿਗੁਰ ਕੋ ਸਿਖ ਧੀਰ। ਲਵਪੁਰਿ ਮਹਿਂ ਤਿਸ ਕੋ ਸਦਨ ਜਾਤਿ ਗੁਰੂ ਕੇ ਤੀਰ॥੧॥ਚੌਪਈ॥ ਸਿੱਖਯਨਿ ਕੀ ਬਹੁ ਸੇਵਾ ਕਰਿਈ। ਧਰਮ ਕਿਰਤ ਕੀ ਜੀਵਾ ਧਰਿਈ। ਗੁਰੂ ਭਰੋਸੇ ਕਾਰ ਕਰੰਤਾ। ਅਪਨੇ ਸਭਿ ਕਾਰਜ ਨਿਬਹੰਤ॥੨॥ (ਰਾਸਿ 2 ਅੰਸੂ 48)

[11] ਉਹੀ, ਪੰਨਾ 1840.

ਦਿਵਸ ਦੂਸਰੇ ਦੇਗ ਨਾ ਹੋਈ। ਇਹ ਅਵਸਰ ਮੁਝ ਅਪਨ ਨ ਕੋਈ। ਇਤਯਾਦਿਕ ਉਰ ਚਿਤਵਤਿ ਭਯੋ। ਜਹਿਂ ਲੰਗਰ ਥਲ ਤਹਿਂ ਕੋ ਗਯੋ॥੨੦॥ ਬੂਝਨਿ ਕਰਯੋ ‘ਦੇਗ ਕਿਮ ਚਲੈ?। ਕਿਹ ਤੇ ਅੰਨ ਰਾਸ ਨਿਤਿ ਮਿਲੈ?’। ਸਿੱਖਨ ਕਹਯੋ ‘ਗ੍ਰਾਮ ਤੇ ਆਵੈ। ਮਾਨਵ ਆਨਿ ਹਜਾਰੋਂ ਖਾਵੈ’॥੨੧॥ (ਰਾਸਿ 2 ਅੰਸੂ 49)

ਆਪ ਜੀ ਆਗਿਆ ਕਰੋ। ਗੁਰੂ ਸਾਹਿਬ ਨੇ ਫੁਰਮਾਇਆ ਕਿ ਲੋੜ ਅਨੁਸਾਰ ਅਨਾਜ ਤੋਲ ਕੇ ਲੈ ਲਵੋ। ਜਦ ਵਿਸਾਖੀ ਦਾ ਮੇਲਾ ਲਗੇਗਾ ਤਾਂ ਉਹ ਆ ਕੇ ਆਪਣਾ ਸਾਰਾ ਧਨ ਲੈ ਲਵੇ। ਗੁਰੂ ਸਾਹਿਬ ਦਾ ਹੁਕਮ ਮੰਨ ਕੇ ਸੇਵਕਾਂ ਨੇ ਸੌ ਮਣ ਬਾਜਰਾ ਲੈ ਲਿਆ। ਲੰਗਰ ਤਿਆਰ ਕਰਕੇ ਸਭ ਸੰਗਤ ਨੂੰ ਛਕਾ ਦਿਤਾ। ਦੂਸਰੇ ਦਿਨ ਵੀ ਇਸ ਤਰ੍ਹਾਂ ਹੀ ਹੋਇਆ। ਹੋਰ ਕਿਸੇ ਥਾਂ ਤੋਂ ਵੀ ਅਨਾਜ ਨਾ ਆਇਆ। ਭਾਈ ਗੰਗਾ ਰਾਮ ਨੇ ਹਿਰਦੇ ਵਿਚ ਸ਼ਰਧਾ ਧਾਰ ਕੇ ਪਹਿਲਾਂ ਵਾਂਗ ਹੀ ਕਾਰਜ ਕੀਤਾ। ਸੌ ਮਣ ਅਨਾਜ ਹੋਰ ਤੋਲ ਕੇ ਦੇ ਦਿਤਾ। ਲੰਗਰ ਤਿਆਰ ਹੋਇਆ ਤੇ ਸੰਗਤ ਛਕ ਕੇ ਤ੍ਰਿਪਤ ਹੋ ਗਈ।

ਤੀਸਰੇ ਦਿਨ ਭਾਈ ਗੰਗਾ ਰਾਮ ਨੇ ਸੌ ਮਣ ਅਨਾਜ ਪਹਿਲਾਂ ਵਾਂਗ ਦਿਤਾ। ਲੰਗਰ ਤਿਆਰ ਹੁੰਦਾ ਸੀ ਤੇ ਸੰਗਤ ਛਕ ਕੇ ਤ੍ਰਿਪਤ ਹੋ ਜਾਂਦੀ। ਸਾਰੀ ਸੰਗਤ ਸਰੋਵਰ ਦੀ ਕਾਰ-ਸੇਵਾ ਦੀ ਕਮਾਈ ਕਰਦੀ ਸੀ।[12] ਪੰਜ ਦਿਨ ਤਕ ਉਸ ਤਰ੍ਹਾਂ ਹੀ ਕੀਤਾ, ਗੰਗਾ ਰਾਮ ਨੇ ਪੰਜ ਸੌ ਮਣ ਅਨਾਜ ਦਿਤਾ ਫਿਰ ਸਾਰੇ ਕਾਰ-ਵਿਹਾਰ ਵੇਖਦਾ ਰਿਹਾ। ਹਰ ਰੋਜ਼ ਸਰੋਵਰ ਦੀ ਕਾਰ ਸੇਵਾ ਚਲਦੀ। ਵਿਸਾਖੀ ਦੇ ਕਈ ਦਿਨ ਪਿਛੋਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬ੍ਰਾਹਮਣ ਨੂੰ ਯਾਦ ਕਰਕੇ ਆਪਣੇ ਪਾਸ ਬੁਲਾਇਆ ਤੇ ਕਿਹਾ ਕਿ ਮੇਲੇ ਸਮੇਂ ਜਿਹੜਾ ਧਨ ਆਇਆ ਸੀ, ਉਸ ਵਿਚੋਂ ਬ੍ਰਾਹਮਣ ਨੂੰ ਧਨ ਦਿਉ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੰਗਾ ਰਾਮ ਨੂੰ ਆਪਣੇ ਪਾਸ ਬੈਠਾਇਆ ਤੇ ਗੰਗਾ ਰਾਮ ਨੂੰ ਕਿਹਾ ਕਿ ਪੰਡਿਤ ਜੀ ਜਿਹੜਾ ਤੁਹਾਡੇ ਪਾਸੋਂ ਅਨਾਜ ਮੁਲ ਲਿਆ ਸੀ ਉਸ ਦੀ ਕੀਮਤ ਪ੍ਰਾਪਤ ਕਰਕੇ ਆਪਣੇ ਘਰ ਨੂੰ ਜਾਵੋ। ਉਸ ਸਮੇਂ ਸਾਡੇ ਲੰਗਰ ਵਿਚੋਂ ਅਨਾਜ ਥੁੜ ਗਿਆ ਸੀ ਜਦ ਤੁਸਾਂ ਸਾਨੂੰ ਅਨਾਜ ਦਿਤਾ ਸੀ। ਸਾਰੀ ਸੰਗਤ ਨੇ ਭੋਜਨ ਛਕਿਆ ਤੇ ਉਸ ਅਨਾਜ ਦਾ ਮੁਲ ਨਾਲੋਂ ਸਵਾਇਆ ਧਨ ਲਵੋ, ਜਿਹੜਾ ਤੁਸੀਂ ਬੜੇ ਦੂਰ ਦੇਸ਼ ਤੋਂ ਲਿਆਏ ਹੋ। ਇਹ ਸੁਣ ਕੇ ਗੰਗਾ ਰਾਮ ਬ੍ਰਾਹਮਣ ਹਥ ਜੋੜ ਕੇ ਬੋਲਿਆ ਕਿ ਗੁਰੂ ਸਾਹਿਬ ਮੈਂ ਧਨ ਨਹੀਂ ਲਵਾਂਗਾ। ਮੈਂ ਆਪ ਜੀ ਦੀ ਸੇਵਾ ਕਰਾਂਗਾ ਮੈਂ ਆਪਣਾ ਜਨਮ ਸਫਲਾ ਕਰਨ ਦੀ ਆਸ ਧਾਰਨ ਕੀਤੀ ਹੋਈ ਹੈ।

---

[12] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਛੇਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 1841.
ਦਿਵਸ ਤੀਸਰੇ ਦੇਖਯੋ ਤੈਸੇ। ਸੌ ਮਨ ਦੀਨ ਪ੍ਰਥਮ ਹੀ ਜੈਸੇ। ਦੇਗ ਬਨਹਿਂ ਸੰਗਤਿ ਤ੍ਰਿਪਤਾਵਹਿ। ਸਰ ਕੀ ਸਭਿ ਹੀ ਕਾਰ ਕਮਾਵਹਿਂ॥੩੦॥ (ਰਾਸਿ 2 ਅੰਸੂ 49)

ਮੈਂ ਹੁਣ ਆਪਣੇ ਘਰ ਨਹੀਂ ਜਾਣਾ, ਮੈਂ ਸੰਗਤ ਵਿਚ ਹੀ ਆਪਣੀ ਉਮਰ ਬਤੀਤ ਕਰਾਂਗਾ। ਇਹ ਸੁਣ ਕੇ ਗੁਰੂ ਸਾਹਿਬ ਬੋਲੇ ਪੰਡਿਤ ਜੀ ਸਾਰਾ ਧਨ ਹੁਣੇ ਹੀ ਲਵੋ। ਉਹ ਆਪਣੇ ਘਰ ਪਹੁੰਚਾ ਦਿਉ ਜਾਂ ਆਪ ਲੈ ਕੇ ਚਲੇ ਜਾਵੋ ਤੇ ਬਾਅਦ ਵਿਚ ਆ ਕੇ ਸਰੋਵਰ ਦੀ ਸੇਵਾ ਕਰੋ। ਗੰਗਾ ਰਾਮ ਸਨਿਮਰ ਹੋ ਕੇ ਬੋਲਿਆ ਮੈਂ ਆਪਣੇ ਮਨ ਕਰਕੇ ਆਪ ਜੀ ਦਾ ਸਿਖ ਬਣਿਆ ਹਾਂ। ਮੈਂ ਆ ਕੇ ਅਨਾਜ ਅਰਪਣ ਕੀਤਾ ਹੈ ਮੈਂ ਆਪ ਜੀ ਦੀ ਸੇਵਾ ਕਰਾਂਗਾ। ਹੁਣ ਘਰ ਜਾਣ ਦੀ ਮੇਰੀ ਚਾਹਤ ਨਹੀਂ ਹੈ।

ਗੰਗਾ ਰਾਮ ਦਾ ਅਜਿਹਾ ਦ੍ਰਿੜ ਨਿਸ਼ਚਾ ਵੇਖ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਰਪਾ ਕੀਤੀ ਤੇ ਚਰਨਾਂਮ੍ਰਿਤ ਦੇ ਕੇ ਆਪਣੀ ਸੇਵਾ ਵਿਚ ਲਾ ਲਿਆ। ਗੰਗਾ ਰਾਮ ਜਿਵੇਂ-ਜਿਵੇਂ ਪ੍ਰੀਤ ਕਰਕੇ ਕਾਰ ਸੇਵਾ ਕਰਦਾ ਸੀ, ਉਸਦਾ ਹਿਰਦਾ ਤਿਵੇਂ-ਤਿਵੇਂ ਨਿਰਮਲ ਹੁੰਦਾ ਜਾਂਦਾ ਸੀ।[13] ਗੰਗਾ ਰਾਮ ਕਾਫੀ ਸਮਾਂ ਸ੍ਰੀ ਅੰਮ੍ਰਿਤ ਸਰੋਵਰ ਦੀ ਕਾਰ-ਸੇਵਾ ਕਰਦਾ ਰਿਹਾ। ਜਦ ਗੁਰੂ ਸਾਹਿਬ ਉਸ ਨੂੰ ਵਿਦਾ ਕਰਨ ਲਗੇ ਤਾਂ ਗੁਰੂ ਸਾਹਿਬ ਦੀ ਆਗਿਆ ਮੰਨ ਕੇ ਆਪਣੇ ਨਗਰ ਵਲ ਚਲ ਪਿਆ।

ਹੁਣ ਗੰਗਾ ਰਾਮ ਦੀ ਔਲਾਦ ਸੁਨਾਮ ਇਲਾਕੇ ਦੇ ਪਸ਼ੌਰ ਪਿੰਡ ਵਿਚ ਵਸਦੀ ਹੈ। ਭਾਵੇਂ ਗੰਗਾ ਰਾਮ ਦੇ ਸੇਵਕ ਤਾਂ ਬਹੁਤ ਹੋਏ ਪਰ ਬਿਧੀ ਚੰਦ ਤੇ ਸਿਧੀ ਚੰਦ ਦੋ ਭਾਈ ਖਤਰੀ ਬਠਿੰਡੇ ਦੇ ਵਸਨੀਕ ਪੁਤਰ ਦੀ ਕਾਮਨਾ ਲਈ ਬਹੁਤ ਸੇਵਾ ਕਰਦੇ ਰਹੇ।

## ਭਾਈ ਪੈੜਾ ਮੋਖਾ ਜੀ

ਗੁਰੂ ਸਾਹਿਬ ਪਾਸ ਪੈੜਾ ਮੋਖਾ ਨਾਮ ਦਾ ਸਿਖ ਰਹਿੰਦਾ ਸੀ। ਉਹ ਦਿਨ ਰਾਤ ਗੁਰੂ ਸਾਹਿਬ ਦੀ ਸੇਵਾ ਕਰਦਾ ਸੀ ਤੇ ਉਸ ਦੇ ਹਿਰਦੇ ਵਿਚ ਸਿਖੀ ਦਾ ਪ੍ਰਕਾਸ਼ ਹੋ ਗਿਆ ਸੀ।[14]

---

[13] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਛੇਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 1848.

ਅਪਨੀ ਸੇਵਾ ਬਿਖੈ ਲਗਾਯਹੁ। ਮੋਖ ਕਰਨ ਕੋ ਸਿੱਖ ਬਨਾਯਹੁ। (ਰਾਸਿ 2 ਅੰਸੂ 50)

[14] ਉਹੀ, ਪੰਨਾ 2038.

ਪੈੜਾ ਮੋਖਾ ਸਿਖ ਹੁਤੋ ਸ੍ਰੀ ਸਤਿਗੁਰ ਕੇ ਪਾਸ। ਸਵੇ ਨਿਸਦਿਨ ਗੁਰਨਿ ਕੋ ਸਿੱਖੀ ਰਿਦੈ ਪ੍ਰਕਾਸ਼।।੧।।ਚੌਪਈ।। (ਰਾਸਿ 3 ਅੰਸੂ 32)

## ਭਾਈ ਬਿਸ਼ਨ ਬੀਬੜਾ ਜੀ, ਭਾਈ ਸੁੰਦਰ ਮਾਛੀ ਜੀ

ਭਾਈ ਬਿਸ਼ਨ ਬੀਬੜਾ ਤੇ ਭਾਈ ਸੁੰਦਰ ਮਾਛੀ ਦੋਵੇਂ ਮਿਲ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਰਨ ਵਿਚ ਆਏ। ਗੁਰੂ ਸਾਹਿਬ ਨੇ ਦੋਵੇਂ ਸਿਖਾਂ ਨੂੰ ਫੁਰਮਾਇਆ ਕਿ ਮਨ ਦੀਨ ਰਖ ਕੇ ਸੇਵਾ ਕਰੋ। ਭਾਈ ਸੁੰਦਰ ਵਣ ਵਿਚ ਜਾ ਕੇ ਲਕੜੀਆਂ ਲਿਆਉਂਦਾ ਸੀ ਤੇ ਜਲ ਭਰ ਕੇ ਲੰਗਰ ਵਿਚ ਲਿਆਉਂਦਾ ਸੀ।[15]

ਭਾਈ ਬਿਸ਼ਨ ਬੀਬੜਾ ਪਿਛਲੀ ਰਾਤ ਜਾਗਦਾ ਸੀ ਤੇ ਉਠ ਕੇ ਸਿਖਾਂ ਦੀ ਸੇਵਾ ਵਿਚ ਲਗ ਜਾਂਦਾ ਸੀ। ਅੰਮ੍ਰਿਤ ਵੇਲੇ ਗਰਮ ਪਾਣੀ ਕਰਕੇ ਸਿਖਾਂ ਨੂੰ ਇਸ਼ਨਾਨ ਕਰਵਾਉਂਦਾ ਤੇ ਚਰਨਾਂ ਦੀ ਮੈਲ ਦੂਰ ਕਰਦਾ ਸੀ। ਗੁਰੂ ਸਾਹਿਬ ਦਾ ਉਪਦੇਸ਼ ਮਨ ਲਾ ਕੇ ਸੁਣਿਆ ਕਰਦਾ ਸੀ।

## ਭਾਈ ਜਟੂ ਜੀ, ਭਾਈ ਭਾਨੂ ਜੀ, ਭਾਈ ਨਿਹਾਲੂ ਜੀ ਤੇ ਭਾਈ ਤੀਰਥ ਜੀ

ਭਾਈ ਜਟੂ, ਭਾਈ ਭਾਨੂ, ਭਾਈ ਨਿਹਾਲੂ ਤੇ ਭਾਈ ਤੀਰਥ ਇਕਠੇ ਹੋ ਕੇ ਆਏ। ਸ੍ਰੀ ਗੁਰੂ ਅਰਜਨ ਦੇਵ ਜੀ ਪਾਸ ਆ ਕੇ ਨਮਸਕਾਰ ਕੀਤੀ ਤੇ ਹਥ ਜੋੜ ਕੇ ਬੇਨਤੀ ਕੀਤੀ ਕਿ ਗੁਰੂ ਸਾਹਿਬ ਸ਼ੁਭ ਬਚਨਾਂ ਦੇ ਅਰਥ ਅਸੀਂ ਕਈ ਵਿਧੀਆਂ ਨਾਲ ਵਿਚਾਰੇ ਹਨ। ਜੋ ਤੁਸੀਂ ਲਿਖਿਆ ਹੈ "ਕਰੇ ਕਰਾਵੈ ਆਪੇ ਆਪ॥ ਮਾਨੁਖ ਕੈ ਕਿਛੁ ਨਾਹੀ ਹਾਥਿ" ਫਿਰ ਇਹ ਲਿਖਿਆ ਹੈ:

ਜੈਸਾ ਬੀਜੈ ਸੋ ਲੁਣੈ ਕਰਮ ਇਹੁ ਖੇਤੁ॥

ਅਕਿਰਤਘਣਾ ਹਰਿ ਵਿਸਰਿਆ ਜੋਨੀ ਭਰਮੇਤੁ॥੪॥

(ਸ੍ਰੀ ਗੁਰੂ ਗ੍ਰੰਥ ਸਾਹਿਬ, 706)

---

[15] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਛੇਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 2169.
ਬਿਸ਼ਨੂ ਹੁਤੋ ਬੀਬੜਾ ਜੋਇ। ਸੁੰਦਰ ਮਾਛੀ ਮਿਲਿ ਕਰਿ ਦੋਇ। ਸ਼੍ਰੀ ਅਰਜਨ ਕੀ ਸ਼ਰਨੀ ਆਏ। ਸੇਵਾ ਕਰਹੁ ਹੋਇ ਮਨ ਦੀਨ॥੨੯॥
ਸੁੰਦਰ ਬਨ ਤੇ ਕਾਸ਼ਟ ਆਨੈ। ਜਲ ਲਯਾਵਹਿ ਭਰਿ ਦੇਗ ਸਥਾਨਾ। (ਰਾਸਿ 3 ਅੰਸੂ 56)

ਜੇ ਅਕਾਲ ਪੁਰਖ ਆਪ ਹੀ ਕਰਦਾ ਤੇ ਕਰਵਾਉਂਦਾ ਹੈ ਫਿਰ ਅਸੀਂ ਉਸ ਤਰ੍ਹਾਂ ਹੀ ਕਰੀਏ ਜਿਵੇਂ ਸਾਡੇ ਮਨ ਨੂੰ ਭਾਉਂਦਾ ਹੈ। ਫਿਰ ਇਸ ਪ੍ਰਾਣੀ ਨੂੰ ਦੋਸ਼ ਕਿਉਂ ਲਗਦਾ ਹੈ? ਜੇ ਕਰਮਾਂ ਅਨੁਸਾਰ ਹੀ ਫਲ ਭੁਗਤਨੇ ਹਨ ਤਾਂ ਵਿਚਾਰ ਕਰ ਕੇ ਕਰਮ ਕਰੀਏ, ਸ਼ੁਭ ਕਰਮਾਂ ਨੂੰ ਧਾਰਨ ਕਰੀਏ ਤੇ ਅਸ਼ੁਭ ਕਰਮਾਂ ਨੂੰ ਛਡ ਦੇਈਏ। ਸਾਰੀ ਬਾਣੀ ਆਪ ਦੀ ਰਚੀ ਹੋਈ ਹੈ, ਕਿਸ ਨੂੰ ਧਾਰਨ ਕਰਕੇ ਪ੍ਰਾਣੀ ਮੁਕਤੀ ਪ੍ਰਾਪਤ ਕਰੇ।[16] ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਤਰ ਦਿਤਾ "ਕਲਿਆਨ ਕਰਨ ਦੇ ਲਈ ਗੁਰੂ ਸ਼ਬਦ ਗੁਰੂ ਕੀਤਾ ਹੈ ਤਾਂ ਕਿ ਚਤੁਰ ਮਨੁਖ ਇਸ ਨੂੰ ਪੜ੍ਹੇ, ਕਮਾਵੇ ਤੇ ਸੁਣੇ। ਅਧਿਕਾਰੀਆਂ ਉਤੇ ਸ਼ਬਦ ਬਣਾਏ ਹਨ, ਜਿਵੇਂ ਅਧਿਕਾਰੀ ਹੈ ਉਸ ਤਰ੍ਹਾਂ ਕਮਾਈ ਕਰੇ। ਗੁਰਸਿਖ ਸਾਰੀ ਤਰ੍ਹਾਂ ਦੇ ਅਧਿਕਾਰਾਂ ਦੇ ਹਨ। ਉਹ ਆਪਣੀ ਨਿਜੀ ਬੁਧੀ ਨਾਲ ਪਰਖ ਕੇ ਗ੍ਰਹਿਣ ਕਰਦੇ ਹਨ। ਜਿਹੜੇ ਸਤਿਸੰਗਤ ਵਿਚ ਨਹੀਂ ਰੰਗੇ ਹਨ, ਉਹ ਗ੍ਰਹਿਸਤ ਵਿਚ ਫਸ ਕੇ ਰਾਜ ਕਮਾਉਂਦੇ ਹਨ। ਗੁਰੂ ਸਾਹਿਬ ਤੋਂ ਉਪਦੇਸ਼ ਸੁਣ ਕੇ ਸਿਖ ਸਦਾ ਸੇਵਾ ਕਰਨ ਲਗੇ। ਉਨ੍ਹਾਂ ਦੇ ਨਾਮ ਦਾ ਸਿਮਰਨ ਕਰਕੇ ਪਰਮਗਤ ਪਾਈ ਤੇ ਸੇਵਾ ਕਰਨ ਕਰਕੇ ਗੁਰੂ ਸਾਹਿਬ ਨੇ ਸਹਾਇਤਾ ਕੀਤੀ।

## ਭਾਈ ਦੀਪਾ ਕਾਸਰਾ ਜੀ

ਭਾਈ ਦੀਪਾ ਕਾਸਰਾ ਨਾਮ ਦਾ ਸਿਖ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹਜ਼ੂਰ ਰਹਿੰਦਾ ਸੀ। ਉਹ ਸਰਬ ਪ੍ਰਕਾਰ ਦੀ ਸੇਵਾ ਕਰਦਾ ਸੀ, ਜਿਹੜਾ ਵੀ ਸਿਖ ਗੁਰੂ ਦਰਬਾਰ ਆਉਂਦਾ ਉਸਨੂੰ ਭੋਜਨ ਤਿਆਰ ਕਰਕੇ ਛਕਾਉਂਦਾ ਤੇ ਉਨ੍ਹਾਂ ਦੀ ਜੂਠ ਆਪ ਲੈ ਕੇ ਖਾਂਦਾ।[17] ਭਾਈ ਦੀਪਾ ਕਾਸਰਾ ਨੇ ਸਿਖਾਂ ਦੇ ਪੈਰ ਧੋਣੇ, ਮੁਠੀ-ਚਾਪੀ ਕਰਨੀ ਤੇ ਜਿਸ ਦੇ ਕੋਲ ਕਪੜੇ ਨਾ ਹੋਣ ਉਸ ਨੂੰ ਕਪੜੇ ਦਿੰਦਾ ਸੀ। ਗੁਰੂ ਸਾਹਿਬ ਦੇ ਸ਼ਬਦ ਦੀ ਚਰਚਾ ਉਸ ਨੂੰ ਬਹੁਤ ਚੰਗੀ ਲਗਦੀ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਸੰਨ ਹੋ ਕੇ ਉਸ ਨੂੰ ਬਚਨ ਕੀਤਾ ਕਿ ਦੀਵੇ ਤੋਂ

---

[16] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਛੇਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 2170.
ਜੱਟੂ ਭਾਨੂ ਤ੍ਰਿਤਿਯ ਨਿਹਾਲੂ। ਚਤੁਰਥ ਆਇ ਤੀਰਥਾ ਨਾਲੂ॥੩੨॥ ਚੱਢੇ ਹੁਤੇ ਜਾਤਿ ਕੇ ਚਾਰੋਂ। ਚਲਿ ਆਏ ਗੁਰ ਕੇ ਦਰਬਾਰੋਂ। ਨਮੋ ਕਰੀ ਗੁਰ ਅਰਜਨ ਪਾਸ। ਹਾਥ ਜੋਰਿ ਬੋਲੇ ਅਰਦਾਸ॥੩੩॥ (ਰਾਸਿ 3 ਅੰਸੂ 56)

[17] ਉਹੀ, ਪੰਨਾ 2178.
ਦੀਪਾ ਹੁਤੋ ਕਾਸਰਾ ਰੂਰ। ਸ੍ਰੀ ਅਰਜਨ ਕੇ ਰਹਤਿ ਹਜੂਰ॥੩੭॥ ਸੇਵਾ ਕਰਹਿ ਸਰਬ ਪਰਕਾਰ। ਜੋ ਸਿਖ ਆਇ ਗੁਰੂ ਦਰਬਾਰ। ਉੱਤਮ ਭੋਜਨ ਕਰਿ ਅਚਵਾਵੈ। ਤਿਨ ਕੀ ਜੂਠਿ ਆਪ ਲੇ ਖਾਵੈ॥੩੮॥ (ਰਾਸਿ 3 ਅੰਸੂ 58)

ਦੀਵਾ ਪ੍ਰਕਾਸ਼ ਲੈਂਦਾ ਹੈ, ਹਨੇਰੇ ਦਾ ਨਾਸ਼ ਹੁੰਦਾ ਹੈ, ਉਸ ਤਰ੍ਹਾਂ ਹੀ ਦੀਪੇ ਨੂੰ ਗਿਆਨ ਦਾ ਪ੍ਰਕਾਸ਼ ਹੋਇਆ ਹੈ। ਅਸੀਂ ਇਸ ਨੂੰ ਦੀਪਕ ਦੇ ਬਰਾਬਰ ਕਰ ਦਿਤਾ ਹੈ, ਜਿਹੜਾ ਇਸ ਨੂੰ ਮਿਲੇਗਾ ਉਹ ਨਿਸ਼ਚਿਤ ਰੂਪ ਵਿਚ ਤਰ ਜਾਵੇਗਾ। ਇਸ ਤਰ੍ਹਾਂ ਜਿੰਨ੍ਹਾਂ ਨੇ ਵੀ ਸੇਵਾ ਕਮਾਈ ਕੀਤੀ, ਉਹ ਗੁਰੂ ਸਾਹਿਬ ਦੀ ਸ਼ਰਨ ਵਿਚ ਆ ਕੇ ਤਰ ਗਏ।

## ਭਾਈ ਕਪੂਰ ਦੇਵ ਜੀ

ਭਾਈ ਕਪੂਰ ਦੇਵ ਬੜਾ ਸ਼ਰਧਾਵਾਨ ਸਿਖ ਸੀ। ਉਸਦੇ ਪੁਤਰ, ਪਤਨੀ ਨੇ ਸਿਖੀ ਧਾਰਨ ਕੀਤੀ ਹੋਈ ਸੀ। ਉਹ ਸੇਵਾ ਕਰਕੇ ਸਿਖਾਂ ਨੂੰ ਪ੍ਰਸੰਨ ਕਰਦਾ ਤੇ ਬੜੇ ਪ੍ਰੇਮ ਨਾਲ ਮਿਲਦਾ ਸੀ।[18] ਜੋ ਵੀ ਉਸਦੇ ਘਰ ਆਉਂਦਾ ਉਸਨੂੰ ਭਾਈ ਕਪੂਰ ਦੇਵ ਭੋਜਨ ਤਿਆਰ ਕਰਕੇ ਛਕਾਉਂਦਾ ਤੇ ਮੁਠੀ-ਚਾਪੀ ਕਰਦਾ ਸੀ।

## ਭਾਈ ਗੋਇੰਦ ਜੀ, ਭਾਈ ਗੋਲਾ ਜੀ ਤੇ ਭਾਈ ਮੋਹਨ ਜੀ

ਭਾਈ ਗੋਇੰਦ, ਭਾਈ ਗੋਲਾ, ਭਾਈ ਮੋਹਨ ਤਿੰਨੇ ਕੁਕ ਜਾਤੀ ਨਾਲ ਸੰਬੰਧ ਰਖਦੇ ਸਨ। ਤਿੰਨੇ ਸਿਖ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਾਸ ਆਏ ਤੇ ਬੰਦਨਾ ਕਰਕੇ ਬੇਨਤੀ ਕੀਤੀ ਕਿ ਜਿਸ ਵਿਧੀ ਨਾਲ ਸਾਡਾ ਉਧਾਰ ਹੋਵੇ, ਆਪ ਜੀ ਉਪਦੇਸ਼ ਸੁਣਾਵੋ। ਗੁਰੂ ਸਾਹਿਬ ਨੇ ਫੁਰਮਾਇਆ ਕਿ ਸਦਾ ਰਾਮ ਨਾਮ ਜਪੋ। ਸਾਰਾ ਦਿਨ ਮਰਨਾ ਯਾਦ ਰਖੋ ਅਤੇ ਮਨ ਵਿਚ ਸਮਝੋ ਕਿ ਕਿਸੇ ਕੰਮ ਨੂੰ ਕਰਦੇ ਸਮੇਂ ਪਾਪ ਨਾ ਹੋਵੇ।[19] ਜਦ ਪਾਪ ਕਰਨ ਤੋਂ ਹਟ ਜਾਵੋਗੇ ਤਾਂ ਪਿਛਲੇ ਪਾਪ ਰਾਮ ਨਾਮ ਨਾਲ ਨਾਸ਼ ਹੋ ਜਾਣਗੇ ਤੇ ਜਨਮ-ਮਰਨ ਦੇ ਦੁਖ ਦੂਰ ਹੋ ਜਾਣਗੇ। ਗੁਰੂ ਸਾਹਿਬ ਦੇ ਮੁਖ ਤੋਂ ਉਪਦੇਸ਼ ਸੁਣ ਕੇ ਤਿੰਨੇ ਸਿਖ ਸਿਮਰਨ ਕਰਨ ਲਗੇ ਤੇ ਗੁਰੂ ਸਾਹਿਬ ਪਾਸ ਰਹਿ ਕੇ ਸੇਵਾ ਕਰਦੇ ਰਹੇ। ਅੰਤ ਉਨ੍ਹਾਂ ਨੇ ਪਰਮ ਪਦਵੀ ਪਾਈ।

---

[18] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਛੇਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 2179.
ਏਕ ਕਪੂਰ ਦੇਉ ਸਿਖ ਭਾਰੀ। ਸੁਤ ਬਨਿਤਾ ਜੁਤ ਸਿੱਖੀ ਧਾਰੀ। ਸੇਵਾ ਕਰਿ ਪ੍ਰਸੰਨ ਸਿਖ ਕਰੈ। ਬਡੋ ਪ੍ਰੇਮ ਮਿਲਿਬੋ ਜਬਿ ਧਰੈ॥੨॥ (ਰਾਸਿ 3 ਅੰਸੂ 59)

[19] ਉਹੀ, ਪੰਨਾ 2181.
ਗੋਇੰਦ, ਗੋਲਾ, ਮੋਹਨ ਤੀਨ। ਕੁੱਕ ਜਾਤ ਕੇ ਤਿਨ ਕੋ ਚੀਨ। ਸ੍ਰੀ ਅਰਜਨ ਕੇ ਢਿਗ ਚਲਿ ਆਏ। ਕਰਿ ਬੰਦਨ ਕੋ ਅਰਜ਼ ਅਲਾਏ॥੨੦॥ ਜਿਸ ਬਿਧਿ ਹੋਇ ਉਧਾਰ ਹਮਾਰੋ। ਸੋ ਰਾਵਰਿ ਉਪਦੇਸ਼ ਉਚਾਰੋ। ਸ੍ਰੀ ਮੁਖ ਤੇ ਫੁਰਮਾਵਨਿ ਕੀਨਿ। ਰਾਮ ਨਾਮ ਨਿਤ ਜਪਹੁ ਪ੍ਰਬੀਨ॥੨੧॥ (ਰਾਸਿ 3 ਅੰਸੂ 60)

## ਭਾਈ ਮੋਹਣ ਜੀ, ਭਾਈ ਆਲਮ ਚੰਦ ਜੀ, ਭਾਈ ਜੋਧਾ ਜੀ ਤੇ ਭਾਈ ਜਲੋ ਜੀ

ਲਾਹੌਰ ਸ਼ਹਿਰ ਦੇ ਗੰਜਪੁਰ ਬਜ਼ਾਰ ਦੇ ਭਾਈ ਮੋਹਣ, ਭਾਈ ਆਲਮ ਚੰਦ, ਭਾਈ ਜੋਧਾ ਅਤੇ ਭਾਈ ਜਲੋ ਤੁਲਸਪੁਰੀ ਚਾਰੇ ਵਡੇ ਮਸੰਦ ਸਨ। ਉਹ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੇਵਾ ਕਰਦੇ ਸਨ। ਉਹ ਗੁਰੂ ਸਾਹਿਬ ਦਾ ਹੁਕਮ ਮੰਨ ਕੇ ਸਿਖਾਂ ਦੁਆਰਾ ਗੁਰੂ ਸਾਹਿਬ ਨੂੰ ਦਿਤਾ ਗਿਆ ਦਾਨ ਲਿਆਉਂਦੇ ਸਨ। ਗੁਰੂ ਸਾਹਿਬ ਦੀ ਭੇਂਟਾ ਵਿਚੋਂ ਇਕ ਕੌਡੀ ਵੀ ਆਪ ਨਹੀਂ ਖਾਂਦੇ ਸਨ ਕਿਉਂਕਿ ਇਹ ਜਾਣਦੇ ਸਨ ਕਿ ਇਹ ਵਡਾ ਪਾਪ ਹੈ।[20]

## ਭਾਈ ਪਿਰਾਣਾ ਜੀ

ਭਾਈ ਪਿਰਾਣਾ ਨੇ ਆ ਕੇ ਗੁਰੂ ਸਾਹਿਬ ਅਗੇ ਬੇਨਤੀ ਕੀਤੀ ਕਿ ਸਾਡਾ ਕਲਿਆਣ ਕਰੋ। ਇਹ ਸੁਣ ਕੇ ਗੁਰੂ ਸਾਹਿਬ ਨੇ ਮੁਖ ਤੋਂ ਬਚਨ ਕੀਤੇ ਕਿ ਤੁਸੀਂ ਸਖੀ ਸਰਵਰ ਦੇ ਮੁਰੀਦ ਹੋ, ਸਿਖੀ ਕਠਨ ਹੈ ਤੇ ਉਸ ਦੀ ਤੁਸੀਂ ਕਮਾਈ ਨਹੀਂ ਕਰ ਸਕਦੇ।[21] ਫਿਰ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਪਹਿਲਾਂ ਘਰ ਜਾ ਕੇ ਸਖੀ ਸਰਵਰ ਦਾ ਮੁਕਾਮ ਢਾਹੋ ਫਿਰ ਅਸੀਂ ਆਪਣੇ ਸ਼ਬਦ ਦਾ ਗਿਆਨ ਦੇਵਾਂਗੇ। ਇਹ ਸੁਣ ਕੇ ਸਖੀ ਸਰਵਰ ਦੇ ਮੁਕਾਮ ਨੂੰ ਘਰ ਜਾ ਕੇ ਢਾਹ ਦਿਤਾ ਅਤੇ ਗੁਰੂ ਸਾਹਿਬ ਪਾਸ ਆ ਕੇ ਸਾਰਾ ਪ੍ਰਸੰਗ ਸੁਣਾਇਆ। ਗੁਰੂ ਸਾਹਿਬ ਨੇ ਭਾਈ ਪਿਰਾਣਾ ਨੂੰ ਹੁਕਮ ਕੀਤਾ ਕਿ ਚੁਲ੍ਹਾ ਝੋਕਣ ਦੀ ਸੇਵਾ ਕਰੋ। ਜਿਥੇ ਵੀ ਕਥਾ ਕੀਰਤਨ ਹੁੰਦਾ ਹੋਵੇ ਸੁਣੋ ਤੇ ਜੂਠੇ ਬਰਤਨਾਂ ਦੀ ਸੇਵਾ ਵੀ ਕਰੋ। ਇਹ ਬਚਨ ਸੁਣ ਕੇ ਭਾਈ ਪਿਰਾਣਾ ਪ੍ਰਸੰਨ ਹੋ ਕੇ ਸੇਵਾ ਕਰਨ ਲਗਾ।

## ਭਾਈ ਆਡਿਤ ਸੁਇਨੀ ਜੀ

ਭਾਈ ਆਡਿਤ ਸੁਇਨੀ ਨੇ ਆ ਕੇ ਗੁਰੂ ਸਾਹਿਬ ਅਗੇ ਸਿਰ ਨਿਵਾਇਆ ਤੇ ਹਥ ਜੋੜ ਕੇ ਬੇਨਤੀ ਕੀਤੀ ਕਿ ਸਾਡੀ ਬਿਰਤੀ ਸਦਾ ਸ਼ਸਤਰਾਂ ਵਿਚ ਟਿਕੀ ਰਹਿੰਦੀ ਹੈ ਜਿਵੇਂ ਕਿ ਸਾਡਾ ਉਧਾਰ ਹੋ ਜਾਵੇ, ਕਿਰਪਾ

---

[20] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਛੇਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 2181.

ਗੰਜ ਬਸੈ ਲਵਪੁਰੀ ਕੇ ਮੋਹਣ ਆਲਮ ਚੰਦ। ਜੋਧਾ ਜੱਲਹੁ ਤੁਲਸਪੁਰਿ ਚਾਰਹੁੰ ਬਡੇ ਮਸੰਦ॥੧॥ (ਰਾਸਿ 3 ਅੰਸੂ 60)

[21] ਉਹੀ, ਪੰਨਾ 2186.

ਮ੍ਹੰਞ ਕੇ ਸੰਗ ਪਿਰਾਣਾ ਆਯੋ। ਸਤਿਗੁਰ ਆਗੇ ਸੀਸ ਨਿਵਾਯੋ॥੫॥ ਦਿਹੁ ਉਪਦੇਸ਼ ਹੋਹਿ ਕਲਯਾਨੇ। ਸ੍ਰੀ ਮੁਖ ਤੇ ਸ਼ੁਭ ਵਾਕ ਬਖਾਨੇ। ਸਰਵਰ ਕੇ ਮੁਰੀਦ ਤੁਮ ਦੋਊ। ਸਿੱਖੀ ਕਠਨ ਕਮਾਇ ਨ ਸੋਊ॥੬॥ (ਰਾਸਿ 3 ਅੰਸੂ 61)

ਕਰਕੇ ਸਾਨੂੰ ਉਪਦੇਸ਼ ਦਸੋ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਚਨ ਕੀਤਾ ਕਿ ਤੁਸੀਂ ਮਨ ਦ੍ਰਿੜ ਕਰਕੇ ਧਰਮ ਯੁਧ ਕਰੋ।[22] ਰਣ ਖੇਤਰ ਵਿਚ ਅਕਾਲ ਪੁਰਖ ਵਲ ਹਰ ਵੇਲੇ ਧਿਆਨ ਰਖੋ, ਜਿਹੜਾ ਵੀ ਗਰੀਬਾਂ ਨੂੰ ਦੁਖ ਦੇ ਰਿਹਾ ਹੋਵੇ, ਉਸ ਨਾਲ ਧਰਮੀ ਹੋ ਕੇ ਲੜੋ। ਜਿਸ ਦਾ ਲੂਣ ਖਾਂਦੇ ਹੋ, ਉਸ ਦੇ ਲਈ ਰਣ-ਖੇਤਰ ਵਿਚ ਪਿਠ ਨਾ ਵਿਖਾਓ। ਤੁਹਾਡਾ ਦੋਵਾਂ ਲੋਕਾਂ ਵਿਚ ਬੜਾ ਜਸ ਹੋਵੇਗਾ। ਭਾਈ ਆਡਿਤ ਸੁਇਨੀ ਨੇ ਇਹ ਸਿਖਿਆ ਸੁਣ ਕੇ ਹਿਰਦੇ ਵਿਚ ਧਾਰਨ ਕੀਤੀ ਤੇ ਗੁਰੂ ਸਾਹਿਬ ਦੀ ਸੇਵਾ ਵਿਚ ਲਗ ਗਏ।

## ਭਾਈ ਕਲਿਆਣ ਜੀ

ਭਾਈ ਕਲਿਆਣ ਚਲ ਕੇ ਗੁਰੂ ਸਾਹਿਬ ਪਾਸ ਆਇਆ। ਉਸਨੇ ਚਰਨ ਕੰਵਲਾਂ ’ਤੇ ਨਮਸਕਾਰ ਕਰਕੇ ਬੇਨਤੀ ਕੀਤੀ ਕਿ ਗੁਰੂ ਸਾਹਿਬ ਮੈਂ ਯੁਧ ਵਿਚ ਦੁਸ਼ਮਣ ਮਾਰਨ ਲਈ ਸਦਾ ਨਿਰਭੈ ਰਹਿੰਦਾ ਹਾਂ। ਜਦ ਸ਼ਸਤਰ ਚਲਣ ਲਗ ਜਾਂਦੇ ਹਨ ਤਦ ਮੈਂ ਦੁਸ਼ਮਣ ਦੀ ਸੈਨਾ ਵਿਚ ਦਾਖਲ ਹੋ ਜਾਂਦਾ ਹਾਂ ਤੇ ਜ਼ੋਰਦਾਰ ਵਾਰ ਕਰਕੇ ਦੁਸ਼ਮਣਾਂ ਨੂੰ ਮਾਰਦਾ ਹਾਂ।[23] ਇਹ ਸੁਣ ਕੇ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਇਹ ਸੌਖਾ ਹੈ ਕਿ ਮਨੁਖ ਵੈਰੀਆਂ ਦੇ ਦਲ ਨੂੰ ਮਾਰੇ। ਕਾਮ ਕ੍ਰੋਧ ਆਦਿ ਨੂੰ ਵੀ ਵਡੇ ਸੂਰਮੇ ਜਾਣੋ ਤੇ ਗੁਰੂ ਦੇ ਸ਼ਬਦ ਦਾ ਸ਼ਸਤਰ ਲੈ ਕੇ, ਬਲ ਧਾਰ ਕੇ, ਹਿਰਦੇ ਵਿਚ ਵਿਚਾਰ ਕੇ ਜੋ ਇਨ੍ਹਾਂ ਨੂੰ ਮਾਰਦਾ ਉਸਨੂੰ ਮਹਾਨ ਸੂਰਮਾ ਕਿਹਾ ਜਾਂਦਾ ਹੈ। ਜਿਹੜਾ ਕਾਮ, ਕ੍ਰੋਧ, ਲੋਭ, ਮੋਹ ਤੇ ਅਹੰਕਾਰ ਰੂਪੀ ਸੂਰਮਿਆਂ ਨੂੰ ਮਾਰੇ, ਇਨ੍ਹਾਂ ਦੇ ਮਾਰਨ ਨਾਲ ਸੁਖ ਨਾਸ਼ ਰਹਿਤ ਹੋ ਜਾਂਦਾ ਹੈ। ਭਾਈ ਕਲਿਆਣੇ ਨੇ ਹਥ ਜੋੜ ਕੇ ਕਿਹਾ ਕਿ ਆਪ ਜੀ ਦੀ ਜਿਸ ਉਤੇ ਵੀ ਕਿਰਪਾ ਹੁੰਦੀ ਹੈ, ਸੋ ਐਸਾ ਯੋਧਾ

---

[22] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਛੇਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 2193.

ਆਡਿਤ ਸੁਇਨੀ ਸਿਖ ਚਲਿ ਆਯੋ। ਸਤਿਗੁਰ ਆਗੇ ਸੀਸ ਨਿਵਾਯੋ। ਹਾਥ ਜੋਰਿ ਅਰਦਾਸ ਉਚਾਰੀ। ਬ੍ਰਿੱਤਿਹ ਮਾਰੀ ਸ਼ਸਤ੍ਰਨ ਧਾਰੀ॥੩੮॥ ਜਿਮ ਉਧਾਰ ਹਮਰੋ ਹੁਇ ਜਾਇ। ਕ੍ਰਿਪਾ ਕਰਹੁ ਉਪਦੇਸ਼ ਬਤਾਇ। ਸ੍ਰੀ ਅਰਜਨ ਤਬਿ ਸੁਮਤਿ ਬਤਾਈ। ਧਰਮ ਜੁੱਧ ਕੀਜਹਿ ਧ੍ਰਿਤ ਪਾਈ॥੩੯॥ (ਰਾਸਿ 3 ਅੰਸੂ 62)

[23] ਉਹੀ, ਪੰਨਾ 2198.

ਸੂਦ ਸੂਰ ਕੱਲਯਾਨ ਇਕ ਆਯੋ ਸਤਿਗੁਰ ਤੀਰ। ਪਗ ਪੰਕਜ ਪਰ ਨਮੋ ਕਰਿ ਕਹੀ ਅਰਜ਼ ਉਰ ਧੀਰ॥੧॥ਚੌਪਈ॥ ਸੁਨਹੁ ਗੁਰੂ ਸਾਹਿਬ ਮੈਂ ਰਣ ਖੇਤ। ਨ੍ਰਿਭੈ ਰਹੌਂ ਹਤਿਬੇ ਹੇਤ। ਦੋਨਹੁ ਦਲ ਮੁਕਾਬਲੇ ਧਰੇ। ਜਬਿਹੂੰ ਸ਼ਸਤ੍ਰ ਚਲਨਿ ਲਗਿ ਪਰੇ॥੨॥ (ਰਾਸਿ 3 ਅੰਸੂ 64)

ਮਨ ਨੂੰ ਕਾਬੂ ਕਰਦਾ ਹੈ। ਗੁਰੂ ਸਾਹਿਬ ਨੇ ਫੁਰਮਾਇਆ ਕਿ ਸਤਿਨਾਮ ਦਾ ਸਿਮਰਨ ਕਰੋ, ਜਿਸ ਕਾਰਨ ਐਸੇ ਸੁੰਦਰ ਸੂਰਮੇ ਬਣਦੇ ਹਨ। ਇਹ ਸੁਣ ਕੇ ਗੁਰੂ ਸਾਹਿਬ ਦੀ ਸੇਵਾ ਵਿਚ ਲਗ ਗਿਆ।

## ਭਾਈ ਗੜ੍ਹੀਅਲ ਜੀ, ਭਾਈ ਮਥਰਾ ਦਾਸ ਜੀ

ਭਾਈ ਗੜ੍ਹੀਅਲ ਤੇ ਭਾਈ ਮਥਰਾ ਦਾਸ ਗੁਰੂ ਸਾਹਿਬ ਪਾਸ ਦਰਸ਼ਨ ਕਰਨ ਲਈ ਆਏ। ਉਹ ਭਾਰ ਢੋਣ ਦੀ ਕਿਰਤ ਕਰਦੇ ਸਨ ਤੇ ਉਨ੍ਹਾਂ ਗੁਰਸਿਖੀ ਧਾਰਨ ਕੀਤੀ ਹੋਈ ਸੀ। ਪੁਤਰ, ਪਤਨੀ ਸਹਿਤ ਸਿਖਾਂ ਦੀ ਸੇਵਾ ਕਰਕੇ ਆਪਣੀ ਸਮਰਥਾ ਅਨੁਸਾਰ ਭੋਜਨ ਤੇ ਵਸਤਰ ਦਿੰਦੇ ਸਨ।[24] ਦੋਵੇਂ ਸਿਖਾਂ ਨੇ ਆਪਣੇ ਪਰਿਵਾਰ ਨੂੰ ਇਹ ਕਿਹਾ ਹੋਇਆ ਸੀ ਕਿ ਸਾਡੇ ਪਿਛੋਂ ਜੇ ਕੋਈ ਸਿਖ ਆਵੇ ਤਾਂ ਜਿਵੇਂ ਅਸੀ ਸੇਵਾ ਕਰਦੇ ਹਾਂ, ਉਸ ਤਰ੍ਹਾਂ ਤੁਸੀਂ ਵੀ ਸੇਵਾ ਕਰਨੀ ਹੈ। ਤਦ ਜਿਹੜੇ ਸਿਖ ਗੁਰੂ ਸਾਹਿਬ ਪਾਸ ਬੈਠੇ ਸਨ, ਉਨ੍ਹਾਂ ਨੇ ਵੀ ਦੋਵਾਂ ਸਿਖਾਂ ਦਾ ਜਸ ਪ੍ਰਗਟ ਕੀਤਾ ਕਿ ਇਹ ਸੇਵਾ ਦੇ ਰੰਗ ਵਿਚ ਰੰਗੇ ਹੋਏ ਹਨ। ਜਿਹੜੇ ਸਿਖ ਇਨ੍ਹਾਂ ਦੇ ਘਰ ਜਾਂਦੇ ਹਨ, ਉਨ੍ਹਾਂ ਨੂੰ ਤੁਹਾਡੇ ਵਰਗਾ ਸਮਝਦੇ ਹਨ। ਗੁਰੂ ਸਾਹਿਬ ਆਪਣੇ ਸੇਵਕਾਂ ਦੁਆਰਾ ਕੀਤੀ ਜਾਂਦੀ ਸੇਵਾ ਬਾਰੇ ਸੁਣ ਕੇ ਬਹੁਤ ਪ੍ਰਸੰਨ ਹੋਏ।

## ਭਾਈ ਹਰਿਬੰਸ ਤਪਾ ਜੀ

ਭਾਈ ਹਰਿਬੰਸ ਤਪਾ ਇਕ ਧਰਮਸ਼ਾਲਾ ਵਿਚ ਸੇਵਾ ਕਰਦਾ ਸੀ। ਜਿਹੜਾ ਸਿਖ ਥਕ ਜਾਂਦਾ ਸੀ, ਉਸ ਦੇ ਚਰਨ ਗਰਮ ਪਾਣੀ ਨਾਲ ਧੋਂਦਾ ਸੀ। ਜੇ ਕਿਸੇ ਨੂੰ ਭੁਖਾ ਵੇਖਦਾ ਸੀ ਤਾਂ ਉਸਨੂੰ ਭੋਜਨ ਛਕਾਉਂਦਾ ਸੀ ਤੇ ਰਾਤ ਨੂੰ ਸੌਣ ਸਮੇਂ ਸਿਖਾਂ ਦੀ ਮੁਠੀ-ਚਾਪੀ ਕਰਦਾ ਸੀ।[25]

---

[24] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਛੇਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 2207.

ਇਕ ਗੜੀਅਲ ਅਰੁ ਮਥਰਾ ਦਾਸ। ਆਇ ਦਰਸ ਕੀਨੇ ਗੁਰ ਪਾਸ। ਢੋਵਹਿਂ ਪੋਟ ਕਿਰਤਿ ਇਹ ਧਰੈਂ। ਗੁਰਸਿਖੀ ਕੋ ਧਾਰਨ ਕਰੈਂ।।੪੪।। ਸੁਤ ਬਨਿਤਾ ਜੁਤ ਸਿਖਨਿ ਸੇਵੈਂ। (ਰਾਸਿ 3 ਅੰਸੂ 65)

[25] ਉਹੀ, ਪੰਨਾ 2207.

ਹੁਤੋ ਤਪਾ ਹਰਿਬੰਸ ਇਕ ਸੇਵ ਕਰਹਿ ਧ੍ਰਮਸਾਲ। ਥਕਤਿ ਜੁ ਸਿਖ ਤਿਸ ਕੇ ਚਰਨ ਧੋਇ ਤਪਤ ਜਲ ਨਾਲ।।੧।।ਚੌਪਈ।। ਦੇਖਿ ਛੁਧਿਤਿ ਭੋਜਨ ਅਚਵਾਵੈ। (ਰਾਸਿ 3 ਅੰਸੂ 66)

ਜਦੋਂ ਸਰਦੀਆਂ ਦੀ ਰੁਤ ਆਉਂਦੀ ਤਾਂ ਸਾਰੇ ਸਿਖਾਂ ਨੂੰ ਕੰਬਲ ਦਿੰਦਾ ਤੇ ਸੇਕਣ ਲਈ ਅੰਗੀਠੀ ਬਾਲ ਕੇ ਰਖਦਾ ਸੀ। ਪਿਛਲੀ ਰਾਤ ਸਭ ਤੋਂ ਪਹਿਲਾਂ ਜਾਗਦਾ ਸੀ ਤੇ ਜਲ ਗਰਮ ਕਰਕੇ ਸਿਖਾਂ ਨੂੰ ਇਸ਼ਨਾਨ ਕਰਵਾ ਕੇ ਫਿਰ ਗੁਰੂ ਸਾਹਿਬ ਦੀ ਬਾਣੀ ਪੜ੍ਹਦਾ। ਇਸ ਤਰ੍ਹਾਂ ਭਾਈ ਹਰਿਬੰਸ ਤਪਾ ਨੇ ਇਹ ਮਹਾਨ ਸੇਵਾ ਸੰਭਾਲੀ ਹੋਈ ਸੀ।

## ਭਾਈ ਸਾਂਈ ਦਾਸ ਜੜੀਆ ਜੀ

ਭਾਈ ਸਾਂਈ ਦਾਸ ਜੜੀਆ ਗੁਰੂ ਸਾਹਿਬ ਨੂੰ ਨਮਸਕਾਰ ਕਰਕੇ ਪਾਸ ਬੈਠ ਗਿਆ ਤੇ ਹਥ ਜੋੜ ਕੇ ਬੇਨਤੀ ਕੀਤੀ ਕਿ ਮੈਂ ਬਹੁਤ ਸਿਖਾਂ ਦੀ ਸੇਵਾ ਕਰਦਾ ਹਾਂ। ਆਪ ਜੀ ਦਾ ਉਪਦੇਸ਼ ਧਾਰਨ ਕੀਤਾ ਹੈ ਤੇ ਸਦਾ ਹੀ ਤੁਹਾਡੇ ਚਰਨਾਂ ਦਾ ਧਿਆਨ ਧਰਦਾ ਹਾਂ। ਫਿਰ ਵੀ ਤੁਹਾਡਾ ਸ਼ਬਦ ਸੁਣਨ ਦੇ ਸਮੇਂ ਮਨ ਠਹਿਰਦਾ ਨਹੀਂ, ਬਹੁਤ ਚੰਚਲ ਹੈ। ਆਪ ਜੀ ਨੇ ਕਿਹਾ ਹੈ ਕਿ ਮਨ ਇਕਾਗਰ ਕਰੋ ਤੇ ਗੁਰੂ ਸਾਹਿਬ ਦੇ ਸ਼ਬਦ ਨੂੰ ਪੜ੍ਹੋ।[26] ਇਹ ਸੁਣ ਕੇ ਗੁਰੂ ਸਾਹਿਬ ਨੇ ਢੰਗ ਦਸਿਆ ਕਿ ਮਨ ਦੀ ਗਤੀ ਨੂੰ ਹੁਣ ਤੁਸੀਂ ਸਮਝ ਗਏ ਹੋ ਜਿਵੇਂ ਅੜੀਅਲ ਘੋੜੇ ਦਾ ਸਵਾਰ ਹੌਲੀ-ਹੌਲੀ ਘੋੜੇ ਨੂੰ ਅਗੇ ਤੋਰਦਾ ਹੈ। ਫਿਰ ਵਾਗਾਂ ਖਿਚ ਕੇ ਮੋੜਦਾ ਹੈ ਅਤੇ ਵਾਰ-ਵਾਰ ਆਪਣੀ ਮਰਜ਼ੀ ਅਨੁਸਾਰ ਪ੍ਰੇਰਦਾ ਹੈ। ਫਿਰ ਉਸ ਨੂੰ ਦਿਲਾਸਾ ਦੇ ਕੇ ਸੁਧਾਰਦਾ ਹੈ, ਜੇ ਫਿਰ ਅੜੇ ਤਾਂ ਉਸਨੂੰ ਡਰਾਉਂਦਾ ਹੈ। ਇਸ ਢੰਗ ਨਾਲ ਵਾਰ-ਵਾਰ ਮਨ ਨੂੰ ਜੋੜੋ, ਪਰ ਜਦ ਮਨ ਖੁਸ਼ ਹੋ ਕੇ ਨਾਮ ਦੇ ਸਵਾਰ ਨੂੰ ਲੈਣ ਲਗ ਜਾਵੇ ਤਾਂ ਫਿਰ ਇਸ ਨੂੰ ਨਾ ਮੋੜੋ।

ਗੁਰੂ ਸਾਹਿਬ ਤੋਂ ਸਾਂਈ ਦਾਸ ਜੜੀਆ ਨੇ ਬਚਨ ਸੁਣ ਕੇ ਫਿਰ ਉਸੇ ਤਰ੍ਹਾਂ ਹੀ ਕੀਤਾ ਜਿਵੇਂ ਮਨ ਹੌਲੀ-ਹੌਲੀ ਵਸ ਵਿਚ ਹੋ ਜਾਵੇ। ਉਹ ਗੁਰੂ ਸਾਹਿਬ ਦੇ ਅਗੇ ਆਪਾ ਨਹੀਂ ਜਤਾਉਂਦਾ ਸੀ ਤੇ ਦਿਨ-ਰਾਤ ਸੇਵਾ ਵਿਚ ਲਗਾ ਰਹਿੰਦਾ ਸੀ। ਗੁਰੂ ਸਾਹਿਬ ਆਪਣੇ ਸੇਵਕ ਸਾਂਈ ਦਾਸ ਦੀ ਸੇਵਾ 'ਤੇ ਬਹੁਤ ਪ੍ਰਸੰਨ ਹੁੰਦੇ ਸਨ।

---

[26] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਛੇਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 2214.
ਇਕਸਿਖ ਜੜੀਆ ਸਾਂਈਦਾਸ। ਕਰਿ ਗੁਰ ਨਮੋ ਬੈਠਿ ਕਰਿ ਪਾਸ। ਹਾਥ ਜੋਰਿ ਅਰਦਾਸ ਬਖਾਨੀ। ਮੈਂ ਬਹੁ ਸਿੱਖਨਿ ਸੇਵਾ ਠਾਨੀ॥੨੪॥ ਧਾਰਨ ਕਰਯੋ ਰਿਦੈ ਉਪਦੇਸ਼। ਸੇਵੌਂ ਤੁਮਰੇ ਤਰਨ ਹਮੇਸ਼। ਤਊ ਸ਼ਬਦ ਸੁਨਿਬੇ ਕੇ ਕਾਲ। ਨਹਿਂ ਮਨ ਠਹਿਰਤਿ ਚਪਲ ਬਿਸਾਲ॥੨੫॥ (ਰਾਸਿ 3 ਅੰਸੂ 67)

## ਭਾਈ ਸਧੂ ਜੀ

ਭਾਈ ਸਧੂ ਆਪਣੀ ਪਤਨੀ ਸਮੇਤ ਗੁਰੂ ਸਾਹਿਬ ਪ੍ਰਤੀ ਮਨ ਵਿਚ ਬਹੁਤ ਪ੍ਰੇਮ ਕਰਦਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਸਭ ਜਾਣ ਕੇ ਉਸ ਦੇ ਘਰ ਵਿਚ ਪਹੁੰਚੇ। ਗੁਰੂ ਸਾਹਿਬ ਦਾ ਅਨੰਦ ਸਰੂਪ ਵੇਖ ਕੇ ਉਸੇ ਸਮੇਂ ਗੁਰੂ ਸਾਹਿਬ ਦੇ ਚਰਨਾਂ 'ਤੇ ਬੰਦਨਾਂ ਕੀਤੀ ਤੇ ਬੇਨਤੀ ਕੀਤੀ ਕਿ ਹਰ ਇਕ ਦੇ ਦਿਲ ਦੀ ਜਾਣਨ ਵਾਲੇ ਅੰਤਰਜਾਮੀ ਦਾਸ ਦੀ ਕਾਮਨਾ ਪੂਰੀ ਕਰੋ।[27] ਆਪ ਧਨੀ ਸਿਖ ਅਤੇ ਧਰਮਸ਼ਾਲਾ ਛਡ ਕੇ ਮੇਰੇ ਘਰ ਵਿਚ ਆਏ ਹੋ। ਇਸੇ ਕਰਕੇ ਤੁਹਾਨੂੰ ਦੀਨ ਬੰਧੂ ਕਹਿੰਦੇ ਹਨ, ਪ੍ਰੇਮ ਦੇ ਵਸ ਹੋਣਾ ਤੁਹਾਡੇ ਤੋਂ ਸਿਖੀਏ।

ਭਾਈ ਸਧੂ ਨੇ ਹਥ ਜੋੜ ਕੇ ਬੜੀ ਉਸਤਤੀ ਕਰਕੇ ਗੁਰੂ ਸਾਹਿਬ ਨੂੰ ਸਵਾਰੀ ਤੋਂ ਹੇਠਾਂ ਉਤਾਰ ਲਿਆ। ਉਨ੍ਹਾਂ ਨੂੰ ਲੈ ਕੇ ਆਪਣੇ ਘਰ ਦੇ ਅੰਦਰ ਚਲਾ ਗਿਆ। ਗੁਰੂ ਸਾਹਿਬ ਲਈ ਇਕ ਸੁੰਦਰ ਨਵਾਂ ਪਲੰਘ ਤਿਆਰ ਕਰਕੇ ਸੁੰਦਰ ਵਸਤਰ ਵਿਛਾਏ ਤੇ ਬੇਨਤੀ ਕਰਕੇ ਗੁਰੂ ਸਾਹਿਬ ਨੂੰ ਪਲੰਘ ਉਤੇ ਬਿਠਾਇਆ। ਯਥਾ ਸਮਰਥਾ ਅਨੁਸਾਰ ਦੂਸਰੇ ਫਰਸ਼ਾਂ ਉਤੇ ਵੀ ਸੁੰਦਰ ਬਿਸਤਰੇ ਵਿਛਾ ਕੇ ਬਾਕੀ ਸਿਖਾਂ ਨੂੰ ਵੀ ਬਿਠਾਇਆ। ਫਿਰ ਗੁਰੂ ਸਾਹਿਬ ਦੇ ਚਰਨ ਧੋ ਕੇ ਚਰਨਾਂਮ੍ਰਿਤ ਛਕਿਆ ਤੇ ਜਿਹੜਾ ਚਰਨਾਂਮ੍ਰਿਤ ਬਾਕੀ ਬਚਿਆ ਸੀ ਉਸ ਦਾ ਸਾਰੇ ਘਰ ਵਿਚ ਛਿੜਕਾ ਕਰ ਦਿਤਾ। ਭਾਈ ਸਧੂ ਨੇ ਭੋਜਨ ਤਿਆਰ ਕਰਨ ਲਈ ਕਣਕ ਦਾ ਆਟਾ ਵਿਸ਼ੇਸ਼ ਤੌਰ 'ਤੇ ਮੰਗਵਾਇਆ।

ਗੁਰੂ ਸਾਹਿਬ ਨੂੰ ਭੋਜਨ ਛਕਾਉਣ ਲਈ ਸੁੰਦਰ ਚੌਂਕੀ ਤਿਆਰ ਕੀਤੀ। ਫਿਰ ਹਥ ਜੋੜ ਕੇ ਗੁਰੂ ਸਾਹਿਬ ਨੂੰ ਕਿਹਾ ਕਿ ਆਪ ਜੀ ਭੋਜਨ ਛਕੋ। ਉਸਦਾ ਪਿਆਰ ਵੇਖ ਕੇ ਗੁਰੂ ਸਾਹਿਬ ਉਠ ਕੇ ਚੌਂਕੀ ਉਤੇ ਬਿਰਾਜਮਾਨ ਹੋਏ। ਵਖ-ਵਖ ਕਰ ਕੇ ਥਾਲ ਪਰੋਸਿਆ ਤੇ ਆਪ ਹਥ ਜੋੜ ਕੇ ਖੜਾ ਰਿਹਾ। ਗੁਰੂ ਸਾਹਿਬ ਦੀ ਆਗਿਆ ਚਾਹੁੰਦਾ ਸੀ ਕਿ ਉਨ੍ਹਾਂ ਦੇ ਹੁਕਮ ਅਨੁਸਾਰ ਸੇਵਾ ਕਰ ਸਕੇ। ਸਿਖਾਂ ਸਹਿਤ ਗੁਰੂ ਸਾਹਿਬ ਨੇ ਭੋਜਨ

---

[27] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਛੇਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 2353.

ਸੱਧੂ ਸਿੱਖਯ ਸਭਾਰਜਾ ਪ੍ਰੇਮ ਕਰੇ ਮਨ ਮਾਂਹਿ। ਸ੍ਰੀ ਅਰਜਨ ਸਭਿ ਜਾਨਿ ਕਰਿ ਪਹੁੰਚੇ ਤਿਸ ਘਰ ਮਾਂਹਿ।।੧।।ਚੌਪਈ।। ਹੇਰਿ ਅਨੰਦ ਰੂਪ ਗੁਰੁ ਕੇਰਾ। ਬੰਦਨ ਕਰੀ ਚਰਨ ਤਿਸ ਬੇਰਾ। (ਰਾਸਿ 4 ਅੰਸੂ 32)

ਛਕਿਆ। ਗੁਰੂ ਸਾਹਿਬ ਜਦ ਪਲੰਘ ’ਤੇ ਪਹੁੰਚ ਗਏ ਤਾਂ ਭਾਈ ਸਧੂ ਆਪਣੀ ਪਤਨੀ ਸਮੇਤ ਪਖਾ ਝਲਣ ਲਗੇ ਤੇ ਚਰਨਾਂ ਦੀ ਸੇਵਾ ਕਰਨ ਲਗੇ।

## ਭਾਈ ਆਕਲ ਜੀ

‘ਵਡੇ ਘਰ’ ਇਕ ਪਿੰਡ ਵਿਚ ਗੁਰੂ ਸਾਹਿਬ ਦਾ ਸਿਖ ਤਰਖਾਣ ਵਸਦਾ ਸੀ। ਉਸਨੇ ਸ੍ਰੀ ਗੁਰੂ ਰਾਮਦਾਸ ਜੀ ਤੋਂ ਸਿਖੀ ਧਾਰਨ ਕੀਤੀ ਸੀ। ਛੇ ਮਹੀਨਿਆਂ ਬਾਅਦ ਉਹ ਦਰਸ਼ਨਾਂ ਨੂੰ ਜਾਂਦਾ ਸੀ ਤੇ ਸ਼ਰਧਾ ਨਾਲ ਮਾਇਆ ਭੇਂਟ ਕਰਦਾ ਸੀ। ਬੜੇ ਪ੍ਰੇਮ ਨਾਲ ਗੁਰੂ ਸਾਹਿਬ ਦੀ ਬਾਣੀ ਸੁਣਦਾ ਸੀ ਤੇ ਧਰਮ ਦੀ ਕਿਰਤ ਕਰ ਕੇ ਦਾਨ ਦਿੰਦਾ ਸੀ। ਭਾਈ ਆਕਲ ਦੀ ਉਮਰ ਜ਼ਿਆਦਾ ਹੋਣ ਦੇ ਬਾਵਜੂਦ ਵੀ ਗੁਰੂ ਸਾਹਿਬ ਦੀ ਸੇਵਾ ਲਈ ਸਦਾ ਤਿਆਰ ਰਹਿੰਦਾ ਸੀ।[28]

## ਲਾਹੌਰੀ ਸਿਖ ਸ਼ਾਹੂਕਾਰ

ਗਗਨ ਦਾਸ ਆਦਿਕ ਸ਼ਿਕਾਰ ਪੁਰੀਏ, ਲਾਲ ਚੰਦ ਆਦਿਕ ਪਸ਼ੌਰੀਏ, ਬਹਿਲਰਾਮ ਆਦਿਕ ਲਾਹੌਰੀ ਸਿਖ ਸ਼ਾਹੂਕਾਰਾਂ ਨੇ ਲੰਗਰ ਦੇ ਬਰਤਨ, ਮਾਈਆਂ ਦੇ ਕੀਮਤੀ ਬਸਤਰ ਤੇ ਜ਼ੇਵਰ ਬਣਵਾ ਕੇ ਦਿਤੇ।[29] ਇਸ ਸਮੇਂ ਲੰਗਰ ਵਿਚ ਭੋਜਨ ਸਿਖਾਂ, ਸੰਤਾਂ, ਗਰੀਬਾਂ ਨੂੰ ਮਿਲਣ ਲਗਿਆ। ਲੰਗਰ ਵਿਚ ਅਠ ਪਹਿਰ ਲੋਹ ਤਪਦੀ ਰਹਿੰਦੀ ਸੀ ਤਾਂ ਕਿ ਜਦੋਂ ਕੋਈ ਭੋਜਨ ਲਈ ਆਵੇ ਖਾਲੀ ਨਾਂ ਜਾਵੇ।

## ਸਿਖ

ਭਾਈ ਕਲਿਆਣਾ, ਸਾਲੋ, ਗੁਰੀਆ, ਲੰਗਾਹਾ, ਪ੍ਰੇਮਾ, ਜੇਠਾ, ਪੈੜਾ, ਭਲਣ, ਗੁਰਦਾਸ, ਬੂਲਾ, ਬਹਿਲੋ, ਭੰਦੜ ਧਾਰੀ ਆਦਿਕ ਸਿਖਾਂ ਨੇ ਨੇੜੇ ਦੇ ਪਿੰਡਾਂ ਵਿਚੋਂ ਕੂੜੇ ਤੇ ਪਾਥੀਆਂ ਦੇ ਗਡੇ ਭਰ ਕੇ ਲਿਆਏ। ਇਸ ਤੋਂ ਇਲਾਵਾ ਬਾਲਣ ਦੇ ਢੇਰ ਲਗਵਾ ਦਿਤੇ। ਜਿਸ ਕਰਕੇ ਚੂਨੇ ਦੇ ਭਠੇ ਤਿਆਰ ਹੋ ਗਏ।

---

[28] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 323.

[29] ਉਹੀ, ਪੰਨਾ 385.

ਭਾਈ ਚੂਹੜ, ਕਾਲਾ, ਪੁਰੀਆ, ਪੈੜਾ, ਕ੍ਰਿਸ਼ਨਾਂ, ਬਾਲਾ, ਸੁਘੜੂ, ਤਿਲੋਕਾ, ਬੂਲਾ, ਚੰਡੀ, ਤੁਲਸੀ, ਭਗੀਰਥ, ਬਾਲੂ, ਲਾਲੂ, ਗੋਂਦਾ, ਕਿਦਾਰ ਆਦਿ ਸਿਖ ਤਾਂ ਹਮੇਸ਼ਾ ਗੁਰੂ ਸਾਹਿਬ ਪਾਸ ਹੀ ਰਿਹਾ ਕਰਦੇ ਸਨ ਤੇ ਹੋਰ ਸੈਂਕੜੇ ਰੋਜ਼ ਆਉਂਦੇ ਜਾਂਦੇ ਰਹਿੰਦੇ।

## ਭਾਈ ਅਜਬ ਜੀ, ਭਾਈ ਅਜਾਇਬ ਜੀ

ਭਾਈ ਅਜਬ, ਅਜਾਇਬ ਦੋਵੇਂ ਭਰਾ ਡਰੌਲੀ ਵਾਲੇ ਸੰਘੇ ਜ਼ਿਮੀਦਾਰ (ਜਿਨ੍ਹਾਂ ਦੀ ਸੰਤਾਨ ਵਿਚੋਂ ਉਮਰ ਸ਼ਾਹ ਗੁਰੂ ਸਾਹਿਬ ਦਾ ਸੇਵਕ ਤੇ ਨੰਦ ਚੰਦ ਦੀਵਾਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸੇਵਕ ਹੋਇਆ ਹੈ) ਗੁਰੂ ਕਾ ਜਸ, ਪ੍ਰਤਾਪ ਤੇ ਸ਼ਕਤੀ ਦੇਖ ਕੇ ਸੁਲਤਾਨ ਦੀ ਮੰਨਤ ਛਡਕੇ ਗੁਰੂ ਦੇ ਸੇਵਕ ਬਣੇ।[30] ਗੁਰੂ ਸਾਹਿਬ ਨੇ ਉਹਨਾਂ ਦੀ ਸੇਵਾ ਤੋਂ ਖੁਸ਼ ਹੋ ਕੇ ਇਕ ਮੰਜੀ ਤੇ ਧਰਮ ਕੋਟ, ਘਲ, ਮੋਗੇ ਆਦਿਕ ਪ੍ਰਗਣਿਆਂ ਦੀ ਸਿਖੀ ਬਖਸ਼ੀ। ਇਸੇ ਭਾਈ ਅਜਬ, ਅਜਾਇਬ ਦੇ ਪ੍ਰੇਰੇ ਹੋਏ ਭਾਈ ਲਾਲਾ, ਲੰਗਾਹਾ, ਢਿਲੋਂ ਜਟ ਪਟੀ ਦੇ ਚੌਧਰੀ ਅਤੇ ਭਾਈ ਪੈੜਾ, ਛਜਲ ਖਤ੍ਰੀ, ਕਦੂ ਸੰਘੜ ਆਦਿ ਅਨੇਕ ਸੁਲਤਾਨੀਏ ਗੁਰੂ ਸਾਹਿਬ ਦੇ ਸੇਵਕ ਬਣੇ।

## ਭਾਈ ਗੁੰਦਾਰਾ ਜੀ

ਤਵਾਰੀਖ ਗੁਰੂ ਖਾਲਸਾ ਅਨੁਸਾਰ ਲਾਹੌਰ ਤੋਂ ਚਲ ਕੇ ਸਭ ਸੰਗਤ ਸਮੇਤ ਗੁਰੂ ਸਾਹਿਬ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਨਨਕਾਣਾ ਸਾਹਿਬ ਦੀ ਯਾਤਰਾ ਕੀਤੀ। ਉਥੋਂ ਚਲ ਕੇ ਰਾਵੀ ਕਿਨਾਰੇ ਪਛਮ ਦਿਸ਼ਾ ਵਲ ਮਦਰ ਪਿੰਡ ਜਾ ਉਤਰੇ। ਭਾਈ ਗੁੰਦਾਰਾ ਨਾਮ ਸੰਤ ਉਥੇ ਰਿਹਾ ਕਰਦਾ ਸੀ।[31] ਉਸਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ। ਉਸ ਨੂੰ ਹਜੀਰਾਂ ਦੀ ਬਿਮਾਰੀ ਕਾਰਨ ਦੁਖੀ ਦੇਖ ਕੇ ਸਿਖ ਨੇ ਆਖਿਆ ਕਿ ਗੁਰੂ ਸਾਹਿਬ ਅਗੇ ਬੇਨਤੀ ਕਰੋ, ਜਿਸ ਨਾਲ ਤੇਰਾ ਰੋਗ ਜਾਂਦਾ ਰਹੇਗਾ ਤਾਂ ਭਾਈ ਗੰਦਾਰਾ ਬੋਲਿਆ ਕਿ ਇਸ ਮਿਥੀ ਹੋਈ ਦੇਹ ਲਈ ਗੁਰੂ ਸਾਹਿਬ ਅਗੇ ਅਜਿਹਾ ਸਵਾਲ ਕਰਨਾ ਅਜਿਹਾ ਹੈ ਜਿਵੇਂ ਸ਼ਹਿਨਸ਼ਾਹ ਪਾਸੋਂ ਕੌਡੀ ਮੰਗਣੀ ਹੋਵੇ। ਇਸ ਘਰ ਤੋਂ ਮੁਕਤੀ ਮੰਗੀਏ। ਗੁਰੂ ਸਾਹਿਬ ਆਪਣੇ ਸੇਵਕ ਦੀ ਗਲ ਸੁਣ ਕੇ ਬਹੁਤ ਪ੍ਰਸੰਨ ਹੋਏ।

---

[30] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 395.

[31] ਉਹੀ, ਪੰਨਾ 413.

## ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮਕਾਲੀ ਸੇਵਕ

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮਕਾਲੀ ਸੇਵਕ ਭਾਈ ਹਰਿਦਾਸ ਜੀ, ਵਜ਼ੀਰ ਖਾਂ, ਅੰਨ੍ਹਾ ਕੋਹੜੀ, ਭਾਈ ਅਲਮਸਤ ਜੀ, ਭਾਈ ਕਰਮ ਚੰਦ ਜੀ, ਭਾਈ ਮਿਹਰਾ ਜੀ, ਭਾਈ ਸਾਵਣ ਮਲ ਜੀ, ਭਾਈ ਚੰਦ ਮਲ ਜੀ, ਭਾਈ ਸਭਾਗਾ ਜੀ, ਭਾਈ ਮੇਧਾਵੀ ਜੀ, ਭਾਈ ਖ੍ਵਾਜਾ ਜੀ, ਭਾਈ ਨੰਦ ਲਾਲ ਜੀ, ਬਾਬਾ ਭਾਨਾ ਜੀ, ਭਾਈ ਜਲਣ ਜੀ, ਭਾਈ ਸਾਂਈ ਦਾਸ ਜੀ, ਭਾਈ ਸਾਧੂ ਜੀ, ਭਾਈ ਲਖੂ ਜੀ, ਭਾਈ ਜੇਠਾ ਜੀ, ਭਾਈ ਬਾਲੂ ਹਸਨਾ ਜੀ, ਭਾਈ ਅਨੰਤਾ ਜੀ, ਭਾਈ ਜਾਤੀ ਮਲਕ ਜੀ, ਸ੍ਰੀ ਗੁਰਦਿਤਾ ਜੀ, ਭਾਈ ਭਾਗ ਮਲ ਜੀ (ਸੁਦਾਗਰ), ਭਾਈ ਸੁੰਦਰ ਨੰਦ ਜੀ, ਭਾਈ ਨੰਦ ਚੰਦ ਜੀ, ਭਾਈ ਕਰੋੜੀ ਮਲ ਜੀ (ਸੁਦਾਗਰ) ਤੇ ਭਾਈ ਚੂਹੜ ਜੀ ਸੇਵਾ ਕਰਦੇ ਸਨ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮਕਾਲੀ ਸੇਵਕਾਂ ਦੁਆਰਾ ਕੀਤੀ ਗਈ ਸੇਵਾ ਦੇ ਸਰੋਕਾਰਾਂ ਬਾਰੇ ਵਿਸਥਾਰ ਨਾਲ ਹੇਠ ਲਿਖਿਆ ਗਿਆ ਹੈ:

### ਭਾਈ ਹਰਿਦਾਸ ਜੀ

ਬਾਦਸ਼ਾਹ ਦੇ ਕਹਿਣ ਕਰਕੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਵਲ ਪੰਜ ਸਿਖ ਲੈ ਕੇ ਚਲ ਗਏ। ਕਿਲ੍ਹੇ ਦੇ ਹਾਕਮ ਦਾ ਨਾਮ ਭਾਈ ਹਰਿਦਾਸ ਸੀ, ਉਹ ਗੁਰੂ ਸਾਹਿਬ ਦੀ ਸਮੀਪਤਾ ਪਾਉਣ ਲਈ ਹਰ ਵੇਲੇ ਸੋਚਦਾ ਰਹਿੰਦਾ ਸੀ ਕਿਉਂਕਿ ਕਿਲ੍ਹੇ ਨੂੰ ਛਡ ਕੇ ਨਹੀਂ ਜਾ ਸਕਦਾ ਸੀ। ਹਰਿਦਾਸ ਹਮੇਸ਼ਾ ਗੁਰੂ ਸਾਹਿਬ ਨੂੰ ਯਾਦ ਕਰਦਾ ਤਾਂ ਕਿ ਦਰਸ਼ਨ ਦੇਣ। ਜਦ ਬਾਦਸ਼ਾਹ ਦਾ ਪਰਵਾਨਾ ਉਸ ਪਾਸ ਪਹੁੰਚਿਆ ਤਾਂ ਗੁਰੂ ਸਾਹਿਬ ਦਾ ਇੰਤਜ਼ਾਰ ਕਰਦਾ ਹੋਇਆ ਬੜਾ ਪ੍ਰਸੰਨ ਹੋਇਆ। ਉਥੇ ਸ੍ਰੀ ਗੁਰੂ ਹਰਗੋਬਿੰਦ ਜੀ ਆਪ ਪਹੁੰਚ ਰਹੇ ਸਨ, ਤਦ ਭਾਈ ਹਰਿਦਾਸ ਹਥ ਜੋੜ ਕੇ ਉਠਿਆ ਤੇ ਬੰਦਨਾ ਕੀਤੀ। ਭਾਈ ਹਰਿਦਾਸ ਗੁਰੂ ਸਾਹਿਬ ਨੂੰ ਕਿਲ੍ਹੇ ਦੇ ਅੰਦਰ ਲੈ ਕੇ ਚਲਾ ਗਿਆ ਤੇ ਚੰਗਾ ਸਥਾਨ ਵੇਖ ਕੇ ਗੁਰੂ ਸਾਹਿਬ ਦਾ ਡੇਰਾ ਕਰਵਾ ਦਿਤਾ। ਇਕ ਸੁੰਦਰ ਪਲੰਘ ਤਿਆਰ ਕਰਕੇ ਉਸ ਦੇ ਉਤੇ ਸੁੰਦਰ ਬਿਸਤਰਾ ਵਿਛਾਇਆ। ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਆਪ ਜੀ ਇਸ ਪਲੰਘ 'ਤੇ ਆਸਣ ਲਗਾਉ।

ਤਵਾਰੀਖ ਗੁਰੂ ਖਾਲਸਾ ਅਨੁਸਾਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਆਪਣੇ ਸਾਰੇ ਡੇਰੇ ਨੂੰ ਦਿਲੀ ਛਡ ਕੇ ਪੰਜਾਂ ਸਿਖਾਂ ਨੂੰ ਨਾਲ ਲੈ ਕੇ 11 ਵਿਸਾਖ ਸੰ: 1674 ਬਿ: ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਪਹੁੰਚ ਗਏ।[1] ਜਿਹੜਾ ਖਤ ਚੰਦੂ ਨੇ ਉਸ (ਭਾਈ ਹਰਿਦਾਸ) ਵਲ ਗੁਰੂ ਸਾਹਿਬ ਦੇ ਵਿਰੁਧ ਅਰਥਾਤ ਗੁਰੂ ਸਾਹਿਬ ਨੂੰ ਕਿਸੇ ਪ੍ਰਕਾਰ ਮਾਰ ਦੇਣ ਲਈ ਭੇਜਿਆ ਸੀ, ਉਹ ਵੀ ਗੁਰੂ ਸਾਹਿਬ ਨੂੰ ਦਸ ਦਿਤਾ।

## ਵਜ਼ੀਰ ਖਾਂ

ਜਦ ਗੁਰੂ ਸਾਹਿਬ ਲਾਹੌਰ ਪਹੁੰਚੇ ਤਾਂ ਗੁਰੂ ਸਾਹਿਬ ਨੇ ਮੁਜੰਗੀ ਪਿੰਡ ਆ ਕੇ ਉਤਾਰਾ ਕੀਤਾ। ਵਜ਼ੀਰ ਖਾਂ ਨੇ ਤੁਰੰਤ ਜਾ ਕੇ ਬਾਦਸ਼ਾਹ ਨੂੰ ਸਾਰੀ ਖ਼ਬਰ ਦਿਤੀ ਕਿ ਗੁਰੂ ਸਾਹਿਬ ਨੇ ਪਿੰਡ ਮੁਜੰਗੀ (ਇਹ ਉਸ ਸਮੇਂ ਪਿੰਡ ਹੁੰਦਾ ਸੀ ਹੁਣ ਠੰਢੀ ਸੜਕ ਦੇ ਗਿਰਦ ਜੋ ਵਸੋਂ ਨਵੀਂ ਹੋਈ ਹੈ, ਉਸ ਵਿਚ ਮਿਲਕੇ ਸਿਵਲ ਲਾਈਨ ਵਿਚ ਸ਼ਹਿਰ ਦਾ ਹਿਸਾ ਹੋ ਗਿਆ ਹੈ ਤੇ ਯਾਦਗਰੀ ਗੁਰਦੁਆਰਾ ਇਸ ਟਿਕਾਣੇ ਮੌਜੂਦ ਹੈ। ਗੁਰਦੁਆਰੇ ਦੇ ਅਗੋ ਲੰਘਦੀ ਸੜਕ ਦਾ ਨਾਉਂ ਹੁਣ 'ਟੈਂਪਲ ਰੋਡ' ਪੈ ਗਿਆ ਹੈ) ਆ ਕੇ ਉਤਾਰਾ ਕੀਤਾ ਹੈ। ਗੁਰੂ ਸਾਹਿਬ ਹੁਣੇ ਹੀ ਪੁਜੇ ਹਨ ਤੁਸੀਂ ਆ ਕੇ ਦਰਸ਼ਨ ਕਰ ਲਵੋ।[2] ਇਹ ਸੁਣ ਕੇ ਬਾਦਸ਼ਾਹ ਨੇ ਆਗਿਆ ਦਿਤੀ ਤੇ ਹੁਕਮ ਕੀਤਾ ਕਿ ਗੁਰੂ ਸਾਹਿਬ ਦਾ ਹਰ ਤਰ੍ਹਾਂ ਨਾਲ ਖਿਆਲ ਰਖੋ। ਸਾਰੀਆਂ ਰੀਤੀਆਂ ਨਾਲ ਸੇਵਾ ਕਰੋ ਤੇ ਨਿਤ ਪਾਸ ਜਾ ਕੇ ਪੁਛਦੇ ਰਹੋ। ਇਹ ਸੁਣ ਕੇ ਵਜ਼ੀਰ ਖਾਂ ਬਹੁਤ ਪ੍ਰਸੰਨ ਹੋਇਆ।

ਤਵਾਰੀਖ ਗੁਰੂ ਖਾਲਸਾ ਅਨੁਸਾਰ ਜਦੋਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਕਿਲ੍ਹੇ ਵਿਚੋਂ ਬਾਹਰ ਆਏ ਤਾਂ ਵਜ਼ੀਰ ਖਾਂ ਸਤਿਕਾਰ ਨਾਲ ਗੁਰੂ ਸਾਹਿਬ ਨੂੰ ਦਿਲੀ ਲੈ ਆਇਆ। ਬਾਦਸ਼ਾਹ ਨੇ ਪੰਜ ਹਜ਼ਾਰ ਖਿਲਅਤ,

---

[1] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 447.

[2] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਸਤਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 2551.

ਰਿਦੇ ਬਿਚਾਰ ਸਵਰ ਕੋ ਘਾਲਾ। ਥਾਨ ਮੁਜੰਗੀ ਲਖਯੋ ਨਿਰਾਲਾ। ਉਤਰ ਪਰੇ ਗੁਰ ਕੋ ਸਭਿ ਹੇਰਾ। ਨਿਜ ਨਿਜ ਮਿਸਲ ਕੀਨਿ ਤਹਿਂ ਡੇਰਾ॥੨੯॥ (ਰਾਸਿ 5 ਅੰਸੂ 10)

ਜਿਗਾ, ਕਲਗੀ, ਸਿਰਪੇਚ, ਮੋਤੀ ਮਾਲਾ, ਇਕ ਕੰਠਾ, ਸਤ ਸ਼ਸਤਰ, ਪੰਜ ਘੋੜੇ, ਇਕ ਹਾਥੀ ਗੁਰੂ ਸਾਹਿਬ ਨੂੰ ਭੇਂਟ ਕੀਤਾ।[3]

## ਅੰਨ੍ਹਾ ਕੋਹੜੀ

ਪਹੋਆ ਪਿੰਡ ਤੋਂ ਛੇ ਕੋਹ ਦੂਰ ਗਏ ਤਾਂ ਗੁਰੂ ਸਾਹਿਬ ਚਾਹੁੰਦੇ ਸਨ ਕਿ ਉਥੇ (ਕਰਾ ਪਿੰਡ) ਜਾ ਕੇ ਡੇਰਾ ਕੀਤਾ ਜਾਵੇ, ਉਥੇ ਇਕ ਅੰਨ੍ਹਾ ਪਿੰਗਲਾ ਰਹਿੰਦਾ ਸੀ। ਕਿਸੇ ਸਿਖ ਨੇ ਉਸਨੂੰ ਉਪਦੇਸ਼ ਦਿਤਾ ਸੀ। ਜਿਸ ਕਰਕੇ ਉਹ ਦਿਨ ਰਾਤ ਗੁਰੂ ਸਾਹਿਬ ਦਾ ਸਿਮਰਨ ਕਰਦਾ ਸੀ ਤੇ ਕਹਿੰਦਾ ਸੀ ਕਿ ਹੁਣ ਮੇਰਾ ਕੋਈ ਨਹੀਂ, ਗੁਰੂ ਸਾਹਿਬ ਮੈਨੂੰ ਆ ਕੇ ਮਿਲਣ ਜਿਸ ਨਾਲ ਮੇਰਾ ਇਹ ਦੁਖ ਦੂਰ ਹੋਵੇ। ਉਨ੍ਹਾਂ ਪਾਸ ਜਾਣ ਦੀ ਮੇਰੀ ਸ਼ਕਤੀ ਨਹੀਂ ਹੈ ਸੋ ਕਿਰਪਾ ਕਰਕੇ ਗੁਰੂ ਸਾਹਿਬ ਮੇਰੇ ਪਾਸ ਆਉਣ। ਇਸ ਤਰ੍ਹਾਂ ਮਨ ਵਿਚ ਧਾਰ ਕੇ 'ਕਰਾ' ਪਿੰਡ ਵਿਚ ਵਿਸ਼ਰਾਮ ਕਰਦਾ ਸੀ।[4] ਅੰਨ੍ਹੇ ਕੋਹੜੀ ਦਾ ਸੰਕਟ ਦੂਰ ਕਰਨ ਲਈ ਗੁਰੂ ਸਾਹਿਬ ਨੇ 'ਕਰਾ' ਪਿੰਡ ਵਿਚ ਹੀ ਉਤਾਰਾ ਕੀਤਾ। ਸੇਵਕਾਂ ਪਿੰਡ ਵਿਚੋਂ ਰਸਦ ਖਰੀਦ ਕੇ ਭੋਜਨ ਤਿਆਰ ਕਰਨ ਲਗੇ। ਜਦ ਪਿੰਗਲੇ ਨੇ ਸੁਣਿਆ ਕਿ ਗੁਰੂ ਸਾਹਿਬ ਆਏ ਹਨ ਤਾਂ ਰੁੜਦਾ-ਰੁੜਦਾ ਪਿੰਡ ਛਡ ਕੇ ਗੁਰੂ ਸਾਹਿਬ ਦੇ ਡੇਰੇ ਆ ਪਹੁੰਚਿਆ। ਉਸਨੇ ਆ ਕੇ ਗੁਰੂ ਸਾਹਿਬ ਅਗੇ ਸਿਰ ਨਿਵਾਇਆ ਤੇ ਬੇਨਤੀ ਕੀਤੀ ਕਿ ਇਨ੍ਹਾਂ ਗਲਾਂ ਕਰਕੇ ਹੀ ਆਪ ਜੀ ਨੂੰ 'ਦੀਨਾ ਨਾਥ ਪ੍ਰਭੂ' ਕਹਿੰਦੇ ਹਨ। ਤੁਹਾਡੇ ਬਿਨ੍ਹਾਂ ਜਗਤ ਵਿਚ ਹੋਰ ਕੋਈ ਮੇਰਾ ਨਹੀਂ ਹੈ, ਪੈਰਾਂ, ਅਖਾਂ ਬਿਨ੍ਹਾਂ ਚਲਿਆ ਨਹੀਂ ਜਾ ਸਕਦਾ। ਮੈਂ ਕਈ ਸਾਲ ਬਤੀਤ ਕੀਤੇ ਹਨ ਤੇ ਮੈਂ ਸਦਾ ਤੁਹਾਡਾ ਹੀ ਸਿਮਰਨ ਕਰਦਾ ਰਿਹਾ ਹਾਂ। ਤੁਸੀਂ ਹੁਣ ਮੇਰੇ 'ਤੇ ਕਿਰਪਾ ਕਰਨ ਲਈ ਆਏ ਹੋ, ਮੈਨੂੰ ਅਖਾਂ ਤੇ ਪੈਰ ਬਖਸ਼ੋ ਤਾਂ ਕਿ ਮੈਂ ਸੁਚੇਤ ਹੋ ਸਕਾ। ਗੁਰੂ ਸਾਹਿਬ ਦੇ ਪਾਸ ਬੈਠੇ ਸਿਖਾਂ ਨੇ ਉਸ (ਅੰਨ੍ਹਾ ਕੋਹੜੀ) ਨੇ ਕਿਹਾ ਕਿ ਤੁਸੀਂ ਗੁਰੂ ਸਾਹਿਬ ਦੇ ਚਰਨ ਕੰਵਲਾਂ ਦੀ ਖਾਕ ਨੂੰ ਲਵੋ। ਇਹ ਸੁਣ ਕੇ ਉਸ ਨੇ ਗੁਰੂ ਸਾਹਿਬ ਦੀ ਜੁਤੀ ਨੂੰ ਫੜ੍ਹ ਕੇ ਹਥ ਨਾਲ ਜੁਤੀ ਸਾਫ

---

[3] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 450.

[4] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਸਤਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 2635.

ਨਿਸ ਦਿਨ ਗੁਰ ਕੋ ਸਿਮਰਤਿ ਸੋਈ। ਕਹੈ ਕਿ 'ਅਬਿ ਨਹਿਂ ਮੇਰੋ ਕੋਈ। ਮਿਲਹਿਂ ਗੁਰੂ ਸਭਿ ਜਗ ਕੇ ਦਾਤਾ। ਤੌ ਮੇਰੋ ਸੰਕਟ ਹੁਇ ਹਾਤਾ॥੩੦॥ ਚਲਿ ਪਹੁੰਚਨਿ ਕੀ ਸ਼ਕਤੀ ਨ ਮੇਰੀ। ਆਇਂ ਇਹਾ ਧਰਿ ਕ੍ਰਿਪਾ ਘਨੇਰੀ।' ਇਮ ਮਨ ਠਾਨਿ ਕਰਾ ਇਕ ਗ੍ਰਾਮੂ। ਗੁਰ ਸਿਮਰਹਿ ਤਹਿਂ ਕਰਿ ਬਿਸਰਾਮੂ॥੩੧॥ (ਰਾਸਿ 5 ਅੰਸੂ 32)

ਕੀਤੀ ਤੇ ਹਥ ਨੂੰ ਲਗੀ ਖਾਕ ਅਖਾਂ ਵਿਚ ਪਾਈ ਤਾਂ ਉਸ ਦੀਆਂ ਅਖਾਂ ਦੀ ਰੌਸ਼ਨੀ ਆ ਗਈ। ਜਦ ਉਸ ਨੇ ਸਾਹਮਣੇ ਵੇਖਿਆ ਤਾਂ ਗੁਰੂ ਸਾਹਿਬ ਵਿਖਾਈ ਦਿਤੇ।

ਗੁਰੂ ਸਾਹਿਬ ਨੇ ਕਿਰਪਾ ਕਰਕੇ ਉਸ ਦੇ ਦੁਖ ਦੂਰ ਕਰ ਦਿਤੇ ਤੇ ਗੁਰੂ ਸਾਹਿਬ ਨੇ ਉਸਨੂੰ ਹੁਕਮ ਕੀਤਾ ਕਿ ਇਸ ਥਾਂ ਤੂੰ ਅਖਾਂ ਪਾਈਆਂ ਨੇ ਹੁਣ ਇਸ ਸਥਾਨ ਦੀ ਬੜੇ ਪ੍ਰੇਮ ਨਾਲ ਸੇਵਾ ਕਰੋ। ਹਰ ਰੋਜ਼ ਝਾੜੂ ਦੀ ਸੇਵਾ ਕਰੋ ਤੇ ਦੀਵਾ ਬਾਲ ਕੇ ਸਦਾ ਹੀ ਗੁਰੂ ਸਾਹਿਬ ਦਾ ਨਾਮ ਸਿਮਰਨ ਕਰੋ। ਜਿਹੜੇ ਸਿਖ ਪੂਜਾ ਵਜੋਂ ਆ ਕੇ ਧਨ ਦੇਣ ਉਸ ਨੂੰ ਵੰਡ ਕੇ ਗੁਜ਼ਾਰਾ ਕਰੋ।[5] ਜਿਹੜਾ ਵੀ ਸਿਖ ਇਥੇ ਆਉਂਦਾ ਜਾਂਦਾ ਠਹਿਰੇ ਉਸਨੂੰ ਪਹਿਲਾਂ ਭੋਜਨ ਛਕਾਉ ਤੇ ਬਾਅਦ ਵਿਚ ਆਪ ਛਕੋ। ਗੁਰੂ ਸਾਹਿਬ ਨੇ ਇਸ ਪ੍ਰਕਾਰ ਦੀ ਸਿਖਿਆ ਦਿਤੀ ਕਿ ਪਿੰਗਲਾ ਆਪਣਾ ਹਿਤ ਵੇਖ ਕੇ ਬਹੁਤ ਪ੍ਰਸੰਨ ਹੋਇਆ ਤੇ ਕਹਿਣ ਲਗਾ ਮੈਂ ਤੁਹਾਡੇ ਬਚਨ ਪੂਰੇ ਕਰਾਂਗਾ। ਤੁਸੀਂ ਮੇਰਾ ਲੋਕ ਪਰਲੋਕ ਸਭ ਸਵਾਰ ਦਿਤਾ ਹੈ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਉਸ (ਅੰਨਾ ਕੋਹੜੀ) ਨੂੰ ਉਸ ਸਥਾਨ ਦਾ ਪੁਜਾਰੀ ਬਣਾ ਕੇ ਕਿਰਪਾ ਕੀਤੀ। ਉਹ ਗੁਰੂ ਸਾਹਿਬ ਦਾ ਬਚਨ ਮੰਨ ਕੇ ਸਥਾਨ ਦੀ ਸੇਵਾ ਕਰਦਾ ਰਿਹਾ। ਫਿਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਉਸ ਸਥਾਨ ਵਿਖੇ ਗਏ ਤੇ ਉਨ੍ਹਾਂ ਨੇ ਆਪਣਾ ਨਿਵਾਸ ਉਥੇ ਕੀਤਾ।

## ਭਾਈ ਅਲਮਸਤ ਜੀ

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਨਾਨਕ ਮਤੇ ਵਾਲੇ ਸਥਾਨ ਵਿਖੇ ਪਹੁੰਚ ਕੇ ਡੇਰਾ ਕੀਤਾ। ਇਕ ਜੋਗੀ ਨੇ ਪੁਛਿਆ ਕੌਣ ਸਰਦਾਰ ਸੂਰਮਿਆਂ ਨੂੰ ਲੈ ਕੇ ਆਇਆ ਹੈ? ਸਿਖਾਂ ਨੇ ਕਿਹਾ ਸਚੇ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਆਏ ਹਨ। ਇਹ ਸੁਣ ਕੇ ਜੋਗੀ ਡਰਦੇ ਹੋਏ ਭਜ ਗਏ। ਉਥੇ ਇਕ ਸਾਧੂ ਅਲਮਸਤ ਵੀ ਰਹਿੰਦਾ ਸੀ ਜਿਹੜਾ ਗੁਰੂ ਸਾਹਿਬ ਦੇ ਧਿਆਨ ਵਿਚ ਇਕਾਗਰ ਹੋਇਆ ਬੈਠਾ ਸੀ।

---

[5] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਸਤਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 2636.
ਇਤਿਯਾਦਿਕ ਬਹੁ ਉਸਤਤਿ ਕੀਨਿ। ਸਤਿਗੁਰੁ ਕ੍ਰਿਪਾ ਦ੍ਰਿਸ਼ਟਿ ਦੁਖ ਹੀਨ। ਕਹਯੋ ਕਿ ਲੋਚਨ ਤੈਂ ਅਬਿ ਪਾਏ। ਇਸ ਥਾਲ ਕੋ ਸੇਵਹੁ ਹਿਤ ਲਾਏ।।੪੧।। (ਰਾਸਿ 5 ਅੰਸੂ 32)

ਸਾਧੂ ਅਲਮਸਤ ਤਨ ਦੀ ਕ੍ਰਿਆ ਸਾਧ ਕੇ ਤੇ ਭੋਜਨ ਛਕ ਕੇ ਫਿਰ ਦਿਨ ਰਾਤ ਸਥਿਰ ਬੈਠ ਕੇ ਗੁਰੂ ਸਾਹਿਬ ਦਾ ਸਿਮਰਨ ਕਰਦਾ ਸੀ। ਜਦੋਂ ਦਾ ਪਿਪਲ ਦੇ ਦਰਖਤ ਦਾ ਵਿਗਾੜ ਹੋਇਆ ਸੀ ਉਹ ਬਹੁਤ ਦੁਖੀ ਰਹਿੰਦਾ ਸੀ ਕਿਉਂਕਿ ਉਸ ਪਾਸੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਅਵਗਿਆ ਬਰਦਾਸ਼ਤ ਨਹੀਂ ਹੋ ਰਹੀ ਸੀ। ਸਾਧੂ ਮਨ ਵਿਚ ਅਨੇਕ ਪ੍ਰਕਾਰ ਦੀਆਂ ਗਿਣਤੀਆਂ ਗਿਣਦਾ ਤੇ ਦੀਨ ਹੋ ਕੇ ਬੇਨਤੀਆਂ ਕਰਦਾ ਕਿ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮੇਰੇ ਸਹਾਇਕ ਬਣੋ ਤੇ ਇਨ੍ਹਾਂ ਸਭ ਜੋਗੀਆਂ ਨੂੰ ਇਥੋ ਭਜਾ ਦਿਉ।[6] ਜਦ ਘੋੜਿਆਂ ਦੇ ਹਿਣਕਣ ਦੀ ਆਵਾਜ਼ ਆਈ ਤਾਂ ਬਹੁਤ ਪ੍ਰਸੰਨ ਹੋਇਆ। ਸਾਧੂ ਅਲਮਸਤ ਕੁਟੀਆ ਵਿਚੋਂ ਬਾਹਰ ਨਿਕਲ ਕੇ ਆਇਆ ਤੇ ਇਕ ਸਿਖ ਨੂੰ ਮਿਲ ਕੇ ਸਾਧੂ ਨੇ ਕਿਹਾ ਕਿ ਇਹ ਕਿਸ ਦਾ ਡੇਰਾ ਉਤਰਿਆ ਹੈ? ਸਿਖ ਨੇ ਕਿਹਾ ਇਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਆਏ ਹਨ। ਸਾਧੂ ਅਲਮਸਤ ਨੇ ਨੇੜੇ ਪਹੁੰਚ ਕੇ ਡੰਡੌਤ ਬੰਦਨਾ ਕਰਕੇ ਪੈਰਾਂ ਦੀ ਧੂੜ ਸਿਰ ਤੇ ਮੁਖ ਨੂੰ ਲਾਈ।

ਗੁਰੂ ਸਾਹਿਬ ਨੇ ਸਾਧੂ ਅਲਮਸਤ ਨੂੰ ਜਦ ਸਥਾਨ ਬਾਰੇ ਪੁਛਿਆ ਤਾਂ ਉਸਨੇ ਕਿਹਾ ਗੁਰੂ ਸਾਹਿਬ ਤੁਹਾਡੀ ਕਿਰਪਾ ਪਾ ਕੇ ਮੇਰਾ ਸਰੀਰ ਕੁਸ਼ਲ ਆਨੰਦ ਹੈ ਤੇ ਹਰ ਪ੍ਰਕਾਰ ਸੁਖੀ ਹਾਂ।[7] ਜਦ ਗੁਰੂ ਸਾਹਿਬ ਨੇ ਪਿਪਲ ਦੇ ਦਰਖਤ ਬਾਰੇ ਪੁਛਿਆ ਤਾਂ ਸਾਧੂ ਨੇ ਦਸਿਆ ਕਿ ਪਿਪਲ ਦੇ ਦਰਖਤ ਨੂੰ ਜੋਗੀਆਂ ਨੇ ਅਗ ਲਾ ਕੇ ਸਾੜ ਦਿਤਾ ਹੈ ਤੇ ਮੇਰੇ ਰਿਹਾਇਸ਼ ਅਸਥਾਨ ਨੂੰ ਵੀ ਚੁਕ ਦਿਤਾ ਹੈ। ਗੁਰੂ ਸਾਹਿਬ ਨਾਲ ਬਚਨ ਕਰਨ ਤੋਂ ਬਾਅਦ ਸਾਧੂ ਅਲਮਸਤ ਨੇ ਗੁਰੂ ਸਾਹਿਬ ਨੂੰ ਲੰਗਰ ਤਿਆਰ ਕਰਕੇ ਛਕਾਇਆ। ਜਦ ਅਮ੍ਰਿਤ ਵੇਲੇ ਗੁਰੂ ਸਾਹਿਬ ਨੇ ਕਿਹਾ ਸਾਧੂ ਨੂੰ ਹੁਕਮ ਕੀਤਾ ਕਿ ਨਿਰਮਲ ਜਲ ਲੈ ਕੇ ਆਵੇ ਤਾਂ ਸਾਧੂ ਅਲਮਸਤ ਨੇ ਜਲ ਲਿਆ ਕੇ ਗੁਰੂ ਸਾਹਿਬ ਨੂੰ ਇਸ਼ਨਾਨ ਕਰਵਾਇਆ।

---

[6] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਸਤਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 2638.

ਤਨ ਕੀ ਕ੍ਰਿਆ ਸਾਧਿ ਇਕ ਬਾਰੀ। ਬਹੁਰ ਥਿਰਹਿ ਨਿਸ ਦਯੋਸ ਮਝਾਰੀ। ਗੁਰੁ ਸਿਮਰਨ ਕੇ ਤਤਪਰ ਹੋਵਾ। ਜਬਿ ਕੋ ਬਿਗਰਯੋ ਚਲਦਲ ਜੋਵਾ॥੧੩॥ ਬਹੁਤ ਬਿਸੂਰਤਿ ਦੁਖ ਉਰ ਧਾਰਤਿ। ਗੁਰੂ ਅਵੱਗਯਾ ਨਹੀਂ ਸਹਾਰਤਿ। ਅਨਿਕ ਪ੍ਰਕਾਰਨਿ ਕੀ ਮਨ ਗਿਨਤੀ। ਹੋਇ ਦੀਨ ਬਹੁ ਬੋਲਤਿ ਬਿਨਤੀ॥੧੪॥ (ਰਾਸਿ 5 ਅੰਸੂ 33)

[7] ਉਹੀ, ਪੰਨਾ 2640.

'ਪ੍ਰਭ ਜੀ! ਸੁਨਹੁ ਕ੍ਰਿਪਾ ਤੁਮ ਪਾਇ। ਕੁਸ਼ਲ ਸਰੀਰ ਅਹੈ, ਸੁਖਦਾਇ! ਮਤਸਰ ਪਾਵਕ ਅਤਿ ਜੋਗੀਨਿ। ਜਰਹਿਂ ਸਦਾ ਉਰ ਸ਼ਾਂਤਿ ਬਿਹੀਨ'॥੩੬॥ (ਰਾਸਿ 5 ਅੰਸੂ 33)

## ਭਾਈ ਕਰਮ ਚੰਦ ਜੀ

ਹਾਫਜ਼ਾਬਾਦ ਦਾ ਸਿਖ ਗੁਰੂ ਸਾਹਿਬ ਨੂੰ ਬਹੁਤ ਯਾਦ ਕਰਦਾ ਸੀ, ਉਸਨੂੰ ਦਰਸ਼ਨ ਦੇਣ ਲਈ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਉਥੇ ਪਹੁੰਚ ਗਏ ਤੇ ਨਗਰ ਦੇ ਬਾਹਰ ਚੰਗਾ ਥਾਂ ਵੇਖ ਕੇ ਡੇਰਾ ਕਰ ਲਿਆ।[8] ਭਾਈ ਕਰਮ ਚੰਦ ਨਾਮ ਦਾ ਸਿਖ ਨਗਰ ਵਿਚ ਰਹਿੰਦਾ ਸੀ। ਉਹ ਬਾਣੀ ਦੇ ਪਾਠ ਤੇ ਅਰਥਾਂ ਦਾ ਰਸੀਆ ਸੀ। ਜਦ ਉਸਨੇ ਗੁਰੂ ਸਾਹਿਬ ਦਾ ਆਉਣਾ ਸੁਣਿਆ ਤਾਂ ਤੁਰੰਤ ਆ ਕੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਪੁਛਿਆ ਤੂੰ ਕੌਣ ਹੈ ਤੇ ਕਿਹੜੇ ਸਥਾਨ 'ਤੇ ਰਹਿੰਦਾ ਹੈ? ਕਰਮ ਚੰਦ ਨੇ ਹਥ ਜੋੜ ਕੇ ਕਿਹਾ ਆਪ ਜੀ ਦਾ ਸਿਖ ਹਾਂ ਤੇ ਇਸ ਨਗਰੀ ਵਿਚ ਰਹਿੰਦਾ ਹਾਂ। ਆਪ ਜੀ ਦੀ ਸੇਵਾ ਕਰਨੀ ਚਾਹੁੰਦਾ ਹਾਂ, ਮੇਰੇ ਵਡੇ ਭਾਗ ਹਨ ਕਿ ਤੁਸੀਂ ਇਥੇ ਪਹੁੰਚੇ ਹੋ। ਇਹ ਕਹਿ ਕੇ ਭਾਈ ਕਰਮ ਚੰਦ ਆਪਣੇ ਘਰ ਤੋਂ ਘੋੜਿਆਂ ਲਈ ਘਾਹ, ਦਾਣਾ ਤੇ ਲੰਗਰ ਲਈ ਚਾਵਲ, ਆਟਾ, ਦਾਲ, ਘਿਉ, ਖੰਡ ਲਿਆ ਕੇ ਸਾਰਾ ਕੁਝ ਗੁਰੂ ਸਾਹਿਬ ਦੇ ਅਗੇ ਧਰ ਦਿਤਾ। (ਕਵੀ ਜੀ ਨੇ ਮੁੜਵੇਂ ਸਫਰ ਦਾ ਹਾਲ ਨਹੀਂ ਦਿਤਾ, ਪਰ ਹੋਰ ਪੁਸਤਕਾਂ ਅਤੇ ਰਸਤੇ ਦੇ ਨਿਸ਼ਾਨਾਂ ਤੋਂ ਪਤਾ ਲਗਦਾ ਹੈ ਕਿ ਬਾਰਾਂ ਮੂਲੇ ਤੋਂ ਦਰਿਆ ਦੇ ਦੂਜੇ ਕਿਨਾਰੇ ਜੋ ਸੜਕ ਤਦੋਂ ਪੰਜਾ ਸਾਹਿਬ ਤਕ ਜਾਂਦੀ ਸੀ, ਗੁਰੂ ਸਾਹਿਬ ਉਸ ਰਸਤੇ ਪੰਜਾ ਸਾਹਿਬ ਪਹੁੰਚੇ ਸਨ।

## ਭਾਈ ਮਿਹਰਾ ਜੀ

ਜਦ ਭਾਈ ਮਿਹਰੇ ਨੇ ਸੁਣਿਆ ਕਿ ਗੁਰੂ ਸਾਹਿਬ ਚਲ ਕੇ (ਬਕਾਲੇ) ਆਏ ਹਨ ਤੇ ਆਪਣੇ ਨਾਲ ਮਾਤਾ ਗੰਗਾ ਜੀ ਨੂੰ ਵੀ ਲਿਆਏ ਹਨ ਤਾਂ ਬਹੁਤ ਪ੍ਰਸੰਨ ਹੋ ਕੇ ਗੁਰੂ ਸਾਹਿਬ ਨੂੰ ਅਗੇ ਤੋਂ ਲੈਣ ਲਈ ਚਲ ਗਿਆ। ਗੁਰੂ ਸਾਹਿਬ ਨੂੰ ਮਿਲ ਕੇ ਚਰਨਾਂ 'ਤੇ ਬੰਦਨਾ ਕੀਤੀ। ਗੁਰੂ ਸਾਹਿਬ ਦੇ ਸੁਖ-ਸਾਂਦ ਬਾਰੇ ਪੁਛਿਆ ਤਾਂ ਕਹਿਣ ਲਗਾ ਕਿ ਆਪ ਜੀ ਦੀ ਦਇਆ ਕਰਕੇ ਹਰ ਪ੍ਰਕਾਰ ਸੁਖ-ਸਾਂਦ ਹੈ। ਭਾਈ ਮਿਹਰਾ ਗੁਰੂ ਸਾਹਿਬ ਨੂੰ

[8] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਸਤਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 2713.
ਹਾਫਸਵਾਦ ਸਿੱਖ ਇਕ ਸਿਮਰਤਿ। ਸਤਿਗੁਰੁ ਦਰਸ਼ਨ ਕੋ ਚਿਤ ਬਿਰਮਤਿ। ਤਿਸਕੋ ਦਰਸ਼ਨ ਦੈਬੈ ਹੇਤੁ। ਪਹੁੰਚੇ ਸ੍ਰੀ ਸੋਢੀ ਕੁਲਕੇਤ॥੮॥ ਪੁਰਿ ਤੇ ਵਹਿਰ ਕਰਯੋ ਪਿਖਿ ਡੇਰਾ। ਉਤਰੇ ਹਯ ਲਗਾਇ ਤਿਸ ਬੇਰਾ॥੯॥ (ਰਾਸਿ 5 ਅੰਸੂ 51)

ਨਾਲ ਲੈ ਕੇ ਨਗਰ ਵਲ ਚਲ ਗਿਆ ਜਿਥੇ ਉਸਨੇ ਨਵਾਂ ਮਕਾਨ ਬਣਾਇਆ ਹੋਇਆ ਸੀ।[9] ਗੁਰੂ ਸਾਹਿਬ ਲਈ ਮਕਾਨ ਅੰਦਰ ਉਸਨੇ ਸੁੰਦਰ ਪਲੰਘ ਤਿਆਰ ਕਰਕੇ ਸੁੰਦਰ ਕਪੜੇ ਦਾ ਵਿਛਾਉਣਾ ਵਿਛਾਇਆ ਹੋਇਆ ਸੀ। ਗੁਰੂ ਸਾਹਿਬ ਨੂੰ ਕਹਿ ਕੇ ਉਥੇ ਉਤਾਰਾ ਕਰਵਾਇਆ ਤੇ ਸਭ ਪ੍ਰਕਾਰ ਦੀ ਸੇਵਾ ਨਾਲ ਗੁਰੂ ਸਾਹਿਬ ਨੂੰ ਪ੍ਰਸੰਨ ਕੀਤਾ। ਭਾਈ ਮਿਹਰਾ ਕੋਲ ਗੁਰੂ ਸਾਹਿਬ ਨੇ ਤਿੰਨ ਦਿਨ ਬਤੀਤ ਕੀਤੇ। ਭਾਈ ਮਿਹਰਾ ਦੀ ਟਹਿਲ ਸੇਵਾ ਤੋਂ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ।

## ਭਾਈ ਸਾਵਣ ਮਲ ਜੀ, ਭਾਈ ਚੰਦ ਮਲ ਜੀ

ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਜਿਨ੍ਹਾਂ ਦਾ ਨਾਂ ਸਾਵਣ ਮਲ ਸੀ, ਉਨ੍ਹਾਂ ਦੇ ਇਕ ਪੁਤਰ ਦਾ ਨਾਂ 'ਚੰਦ ਮਲ' ਸੀ। ਜਦ ਉਸ ਨੂੰ ਆਪਣੇ ਘਰ ਵਿਖੇ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਆਉਣ ਦੀ ਖ਼ਬਰ ਮਿਲੀ ਤਾਂ ਉਹ ਤੁਰੰਤ ਗੁਰੂ ਸਾਹਿਬ ਪਾਸ ਆਇਆ ਤੇ ਗੁਰੂ ਸਾਹਿਬ ਅਗੇ ਪ੍ਰਸ਼ਾਦ ਰਖ ਕੇ ਸਿਰ ਨਿਵਾਇਆ। ਜਦ ਅਧੀ ਰਾਤ ਬੀਤ ਗਈ ਤਾਂ ਗੁਰੂ ਸਾਹਿਬ ਨੇ ਕਿਹਾ ਘਰ ਜਾਵੋ ਤੇ ਵਿਸ਼ਰਾਮ ਕਰਕੇ ਸੌਂ ਕੇ ਸੁਖ ਪਾਵੋ। ਇਹ ਸੁਣ ਕੇ ਪਿਤਾ-ਪੁਤਰ ਹਥ ਜੋੜ ਕੇ ਗੁਰੂ ਸਾਹਿਬ ਨੂੰ ਕਹਿਣ ਲਗੇ ਕਿ ਅਸੀਂ ਤੁਹਾਡੇ ਪਾਸ ਰਹਿ ਕੇ ਸੇਵਾ ਕਰਨੀ ਹੈ। ਆਪ ਜੀ ਦੀ ਸੇਵਾ ਪਾਉਣੀ ਬੜੀ ਦੁਰਲਭ ਹੈ। ਤਦ ਗੁਰੂ ਸਾਹਿਬ ਨੇ ਦੋਵਾਂ ਨੂੰ ਸਨਮਾਨ ਦਿਤਾ ਤੇ ਦੋ ਪਲੰਘ ਮੰਗਵਾਏ।

## ਭਾਈ ਸਭਾਗਾ ਜੀ

ਪਛਮ ਦੇਸ਼ ਦੀ ਬਹੁਤ ਸੰਗਤ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਜਾ ਰਹੀ ਸੀ। ਉਸ ਸੰਗਤ ਵਿਚ ਇਕ ਬੜਾ ਅਮੀਰ ਸਿਖ ਸੀ, ਜਿਸ ਦਾ ਨਾਂ ਸਭਾਗਾ ਸੀ। ਉਸ ਨੇ ਗੁਰੂ ਸਾਹਿਬ ਦੀ ਕਾਰ ਭੇਂਟ ਇਕਠੀ ਕਰਕੇ ਗੁਰੂ ਸਾਹਿਬ ਦੀ ਖੁਸ਼ੀ ਵਿਚਾਰ ਕੇ ਪੰਜ ਘੋੜੇ ਖਰੀਦੇ। ਉਹਨਾਂ ਘੋੜਿਆਂ ਦੀ ਕੀਮਤ ਲਖ-ਲਖ ਰੁਪਏ

---

[9] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਸਤਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1990, ਪੰਨਾ 2756.

ਮਿਹਰੇ ਸੁਨਯੋ ਗੁਰੂ ਚਲਿ ਆਏ। ਮਾਤਾ ਗੰਗਾ ਸੰਗਹਿ ਲਯਾਏ।।੬।। ਹਰਖਤਿ ਗਮਨਯੋ ਲੇਨਿ ਅਗਾਰੀ। ਆਇ ਮਿਲਯੋ ਬੰਦਨ ਪਦ ਧਾਰੀ। ਸਤਿਗੁਰੁ ਕੁਸ਼ਲ ਬੂਝਿ ਤਿਹ ਸੰਗਾ। ਦਯਾ ਆਪਿ ਕੀ ਸੁਖ ਸਰਬੰਗਾ।।੭।। (ਰਾਸਿ 5 ਅੰਸੂ 62)

ਸੀ। ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਹਜ਼ਾਰਾਂ ਦੀ ਗਿਣਤੀ ਵਿਚ ਸੰਗਤ ਨੇ ਜਾਣਾ ਸੀ ਤੇ ਸੰਗਤ ਨਾਲ ਮਿਲ ਕੇ ਭਾਈ ਸਭਾਗਾ ਵੀ ਚਲ ਪਿਆ। ਜਦ ਰਸਤੇ ਵਿਚ ਤੁਰਕਾਂ ਦਾ ਇਕਠ ਮਿਲਦਾ ਤਾਂ ਭਾਈ ਸਭਾਗਾ ਘੋੜਿਆਂ ਨੂੰ ਚਤੁਰਾਈ ਨਾਲ ਤੁਰਕਾਂ ਤੋਂ ਛੁਪਾ ਲੈਂਦਾ ਸੀ। ਭਾਈ ਸਭਾਗਾ ਰਸਤੇ ਵਿਚ ਵੀ ਘੋੜਿਆਂ ਦੀ ਸੇਵਾ ਕਰਦਾ ਸੀ। ਸਾਰੀ ਸੰਗਤ ਸਮੇਤ ਭਾਈ ਸਭਾਗਾ ਰਾਤ ਦੇ ਸਮੇਂ ਗੁਰੂ ਸਾਹਿਬ ਦੇ ਦਰਬਾਰ ਵਿਚ ਪਹੁੰਚ ਗਿਆ। ਜਦ ਦਿਨ ਸਮੇਂ ਦੀਵਾਨ ਲਗਿਆ ਤਾਂ ਅਰਦਾਸੀਏ ਨੇ ਆ ਕੇ ਸਾਰੀ ਸੰਗਤ ਨੂੰ ਖ਼ਬਰ ਦਿਤੀ ਕਿ ਹੁਣ ਗੁਰੂ ਸਾਹਿਬ ਦੇ ਦਰਸ਼ਨ ਕਰ ਲਵੋ। ਸਾਰੀ ਸੰਗਤ ਨੇ ਅਨੇਕ ਪ੍ਰਕਾਰ ਦੇ ਬਸਤਰ ਤੇ ਗਹਿਣੇ ਗੁਰੂ ਸਾਹਿਬ ਅਗੇ ਭੇਂਟ ਕੀਤੇ। ਭਾਈ ਸਭਾਗਾ ਨੇ ਸ਼ਸਤਰ, ਘੋੜੇ ਤੇ ਧਨ ਗੁਰੂ ਸਾਹਿਬ ਅਗੇ ਭੇਂਟ ਕੀਤਾ। ਗੁਰੂ ਸਾਹਿਬ ਨੇ ਉਨ੍ਹਾਂ ਸਾਰਿਆਂ ਘੋੜਿਆਂ ਦੇ ਰੂਪ ਰੰਗ ਨੂੰ ਵੇਖਿਆ ਤੇ ਭਾਈ ਸਭਾਗਾ ਦੀ ਸੇਵਾ 'ਤੇ ਗੁਰੂ ਸਾਹਿਬ ਬਹੁਤ ਖੁਸ਼ ਹੋਏ।

## ਭਾਈ ਮੇਧਾਵੀ ਜੀ

ਗੁਰੂ ਸਾਹਿਬ ਕੋਲ ਮੇਧਾਵੀ ਨਾਮ ਦਾ ਕਾਰੀਗਰ ਆਇਆ। ਗੁਰੂ ਸਾਹਿਬ ਅਗੇ ਹਥ ਜੋੜ ਕੇ ਬੋਲਿਆ ਕਿ ਮਹਾਰਾਜ ਨਗਰ ਦਾ ਕਾਰਜ ਸੁਧਾਰ ਦਿਤਾ ਹੈ। ਆਪ ਜੀ ਨਗਰ ਵਿਚ ਆ ਕੇ ਵੇਖ ਲਵੋ ਤੇ ਸਿਖਾਂ ਦੀ ਸੇਵਾ ਸਫਲ ਕਰੋ।[10] ਗੁਰੂ ਸਾਹਿਬ ਨੇ ਬਾਬਾ ਬੁਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਨਾਲ ਲਿਆ ਤੇ ਹੋਰ ਵੀ ਸਾਰੇ ਗੁਰੂ ਸਾਹਿਬ ਨਾਲ ਚਲ ਪਏ। ਭਾਈ ਮੇਧਾਵੀ ਨੇ ਜੋ ਛੋਟੀਆਂ-ਵਡੀਆਂ ਗਲੀਆਂ ਬਣਾਈਆਂ ਸਨ, ਉਹ ਸਾਰੀਆਂ ਗੁਰੂ ਸਾਹਿਬ ਨੂੰ ਵਿਖਾਈਆਂ। ਜਿਸ ਤਰ੍ਹਾਂ ਦੇ ਸਭ ਘਰ ਬਣਾਏ ਗਏ ਸਨ, ਹੌਲੀ-ਹੌਲੀ ਸਾਰੇ ਵੇਖ ਕੇ ਅਗੇ ਉਥੇ ਆ ਗਏ ਜਿਸ ਥਾਂ ਮਸੀਤ ਖੜੀ ਹੋਈ ਸੀ। ਤਦ ਭਾਈ ਗੁਰਦਾਸ ਜੀ ਨੇ ਕਿਹਾ ਕਿ ਇਹ ਤਾਂ ਅਦਭੁਤ ਕਾਰਜ ਵੇਖਿਆ ਹੈ, ਆਪ ਜੀ (ਗੁਰੂ ਸਾਹਿਬ) ਨੇ ਮਸੀਤ ਬਣਵਾਈ ਹੈ। ਭਾਈ ਮੇਧਾਵੀ ਦੁਆਰਾ ਕੀਤੀ ਗਈ ਸੇਵਾ ਨੂੰ ਵੇਖ ਕੇ ਗੁਰੂ ਸਾਹਿਬ ਬਹੁਤ ਖੁਸ਼ ਹੋਏ।

## ਭਾਈ ਖ੍ਵਾਜਾ ਜੀ

---

[10] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਅਠਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 2985.
ਹਾਥ ਜੋਰਿ ਬਾਕ ਉਚਾਰਾ। ਮਹਾਰਾਜ ਬਹੁ ਕਾਰ ਸੁਧਾਰਾ। (ਰਾਸਿ 6 ਅੰਸੂ 47)

ਇਕ ਕਸ਼ਮੀਰੀ ਸਿਖ ਜਿਸ ਦਾ ਨਾਮ ਖ੍ਵਾਜਾ ਸੀ। ਉਹ ਨਿਤ ਗੁਰੂ ਸਾਹਿਬ ਦੀ ਸੇਵਾ ਕਰਦਾ ਸੀ ਤੇ ਕਦੇ ਵੀ ਆਲਸ ਨਹੀਂ ਕਰਦਾ ਸੀ। ਉਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਸਾਹਿਬ ਜੀ ਦੇ ਘੋੜਾ ਦੇ ਸਾਰੇ ਅੰਗ ਸੁਧਾਰ ਕੇ ਮਲਦਾ ਸੀ। ਜਦ ਗੁਰੂ ਸਾਹਿਬ ਘੋੜੇ ਤੇ ਚੜ੍ਹ ਕੇ ਰਾਹੇ ਪੈਂਦੇ ਸਨ ਤਾਂ ਘੋੜੇ ਦੇ ਸਦਾ ਅਗੇ-ਅਗੇ ਜਾਂਦਾ ਸੀ।[11] ਗੁਰੂ ਸਾਹਿਬ ਦੇ ਸਰੂਪ ਨਾਲ ਚਿਤ ਲਾਇਆ ਹੋਇਆ ਸੀ ਤੇ ਹੋਰ ਕਿਸੇ ਨਾਲ ਕਹਿਣਾ-ਸੁਣਨਾ ਚੰਗਾ ਨਹੀਂ ਸਮਝਦਾ ਸੀ। ਉਹ ਇਕਲਾ ਰਹਿੰਦਾ ਤੇ ਸਦਾ ਗੁਰੂ ਸਾਹਿਬ ਦੀ ਸੇਵਾ ਵਿਚ ਸਾਵਧਾਨ ਰਹਿੰਦਾ ਸੀ। ਗੁਰੂ ਸਾਹਿਬ ਨੇ ਇਕ ਦਿਨ ਵੇਖ ਕੇ ਕ੍ਰਿਪਾ ਦ੍ਰਿਸ਼ਟੀ ਧਾਰਨ ਕੀਤੀ ਕਿ ਉਹ ਗੁਰੂ ਸਾਹਿਬ ਦੇ ਘੋੜੇ ਅਗੇ ਦੌੜਿਆ ਜਾ ਰਿਹਾ ਸੀ। ਖ੍ਵਾਜੇ ਦੇ ਸਰੀਰ ਵਿਚੋਂ ਬਹੁਤ ਪਸੀਨਾ ਨਿਕਲ ਰਿਹਾ ਸੀ ਪਰ ਸਰੀਰ ਦੀ ਥਕਾਨ ਨੂੰ ਨਹੀਂ ਵੇਖਦਾ ਸੀ। ਭਾਈ ਖ੍ਵਾਜਾ ਸੇਵਾ ਲਈ ਹੀ ਤਤਪਰ ਸੀ ਤੇ ਦੁਖ-ਸੁਖ ਨੂੰ ਇਕ ਸਮਾਨ ਜਾਣਦਾ ਸੀ। ਗੁਰੂ ਸਾਹਿਬ ਨੇ ਘੋੜੇ ਉਤੋਂ ਉਤਰ ਕੇ ਭਾਈ ਖ੍ਵਾਜੇ ਨੂੰ ਪਾਸ ਬੁਲਾਇਆ ਤੇ ਕਿਹਾ ਕਿ ਦਸੋ ਤੁਹਾਡੇ ਹਿਰਦੇ ਵਿਚ ਕੀ ਇਛਾ ਹੈ? ਇਹ ਸੁਣ ਕੇ ਭਾਈ ਖ੍ਵਾਜਾ ਬੋਲਿਆ ਕਿ ਸਦਾ ਨਿਸ਼ਕਾਮ ਸੇਵਾ ਕਰਕੇ ਆਪ ਜੀ ਦੇ ਦਰਸ਼ਨ ਕਰਨ ਦੀ ਅਭਿਲਾਸ਼ਾ ਹੈ। ਗੁਰੂ ਸਾਹਿਬ ਸੇਵਕ ਦਾ ਕਿਹਾ ਸੁਣ ਕੇ ਪਸੀਜ ਗਏ ਤੇ ਫੁਰਮਾਇਆ ਕਿ ਅਸੀਂ ਤੁਹਾਡੇ ’ਤੇ ਬਹੁਤ ਖੁਸ਼ ਹੋਏ ਹਾਂ।

## ਭਾਈ ਨੰਦ ਲਾਲ ਜੀ

ਸਯਦ ਤੇ ਖ੍ਵਾਜਾ ਨੂੰ ਭਾਈ ਨੰਦ ਲਾਲ ਆ ਕੇ ਮਿਲਿਆ। ਦੋਵਾਂ ਸਿਖਾਂ ਨੇ ਉਸ (ਭਾਈ ਨੰਦ ਲਾਲ) ਨੂੰ ਆਪਣਾ ਚੇਲਾ ਬਣਾ ਲਿਆ ਤੇ ਉਸ ਨੇ ਉਪਦੇਸ਼ ਕਰਕੇ ਕਿਹਾ ਦੀਨ ਦੁਨੀ ਦੇ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਸੇਵਾ ਕਰੋ। ਗੁਰੂ ਸਾਹਿਬ ਦੀ ਸੇਵਾ ਕਰਨ ਲਈ ਦੋਵੇਂ ਸਿਖਾਂ ਨੂੰ ਭਾਈ ਨੰਦ ਲਾਲ ਗੁਰੂ ਸਾਹਿਬ ਦੇ ਘਰ ਛਡ ਗਿਆ। ਗੁਰੂ ਸਾਹਿਬ ਨੂੰ ਭਾਈ ਨੰਦ ਲਾਲ ਬਹੁਤ ਪ੍ਰੇਮ ਕਰਦਾ ਸੀ ਤੇ ਗੁਰੂ ਸਾਹਿਬ ਪਾਸ ਰਹਿ

[11] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਅਠਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 2987.
ਸ੍ਰੀ ਹਰਿਗੋਵਿੰਦ ਕੇਰਿ ਤੁਰੰਗ ਮਲਹਿ ਸੁਧਾਰਹਿ ਸਗਰੇ ਅੰਗ। ਜਬਿ ਅਰੂਢ ਕਰਿ ਪੰਥ ਪਧਾਰਹਿਂ। ਆਗੇ ਅਸੁ ਕੇ ਸਦਾ ਸਿਧਾਰਹਿਂ।।੩।। (ਰਾਸਿ 6 ਅੰਸੂ 48)

ਕੇ ਬਹੁਤ ਘਾਲਣਾ ਘਾਲਦਾ ਸੀ।[12] ਗੁਰੂ ਸਾਹਿਬ ਨੇ ਨੰਦ ਲਾਲ ਦਾ ਰੂਪ ਵੇਖ ਕੇ ਉਸਨੂੰ 'ਸੋਹਿਣਾ' ਨਾਮ ਦਿਤਾ। ਸਾਰੇ ਸਿਖ ਉਸਨੂੰ 'ਸੋਹਿਣਾ' ਨਾਮ ਲੈ ਕੇ ਬੁਲਾਉਂਦੇ ਸਨ। ਉਹ ਗੁਰੂ ਸਾਹਿਬ ਦੀ ਨਿਸ਼ਕਾਮ ਸੇਵਾ ਕਰਦਾ ਰਿਹਾ ਤੇ ਜਿਹੜਾ ਮਨ ਇਧਰ-ਉਧਰ ਭਟਕ ਰਿਹਾ ਸੀ, ਉਹ ਟਿਕ ਗਿਆ।

## ਬਾਬਾ ਭਾਨਾ ਜੀ

ਗੁਰੂ ਸਾਹਿਬ ਕਦੀ-ਕਦੀ ਸ਼ਿਕਾਰ ਖੇਡਣ ਜਾਂਦੇ ਸਨ ਤੇ ਜੰਗਲ ਦੇ ਦੁਸ਼ਟ ਜੀਵਾਂ ਨੂੰ ਮਾਰਦੇ ਸਨ। ਜਿਥੇ ਵੀ ਜਾਂਦੇ ਸੀ ਬਾਬਾ ਭਾਨਾ ਗੁਰੂ ਸਾਹਿਬ ਦੇ ਨਾਲ ਰਹਿੰਦਾ ਸੀ ਤੇ ਉਹ ਗੁਰੂ ਸਾਹਿਬ ਦੀ ਸੇਵਾ ਕਰਕੇ ਸੁਖ ਪਾਉਂਦਾ ਸੀ।

## ਭਾਈ ਜਲ੍ਹਣ ਜੀ

ਗੁਰੂ ਸਾਹਿਬ ਇਕ ਦਿਨ ਜਲ੍ਹਣ ਸਾਧੂ ਕੋਲ ਪਹੁੰਚੇ। ਭਾਈ ਜਲ੍ਹਣ ਨੇ ਗੁਰੂ ਸਾਹਿਬ ਨੂੰ ਦੂਰੋਂ ਆਉਂਦੇ ਵੇਖ ਕੇ ਨਮਸਕਾਰ ਕੀਤੀ। ਗੁਰੂ ਸਾਹਿਬ ਲਈ ਤੰਬੂ ਤਿਆਰ ਕੀਤੇ ਤੇ ਬੇਨਤੀ ਕੀਤੀ ਕਿ ਇਕ ਰਾਤ ਮੇਰੇ ਪਾਸ ਰਹਿ ਕੇ ਦਰਸ਼ਨ ਦਿਉ। ਭਾਈ ਜਲ੍ਹਣ ਦੀ ਬੇਨਤੀ ਸੁਣ ਕੇ ਉਸਦੇ ਸਥਾਨ 'ਤੇ ਪਹੁੰਚੇ। ਭਾਈ ਜਲ੍ਹਣ ਨੇ ਗੁਰੂ ਸਾਹਿਬ ਨੂੰ ਘੋੜੇ ਤੋਂ ਉਤਰਿਆ ਤੇ ਪਲੰਘ ਉਤੇ ਬਿਠਾਇਆ। ਗੁਰੂ ਸਾਹਿਬ ਲਈ ਭਾਈ ਜਲ੍ਹਣ ਨੇ ਭੋਜਨ ਤਿਆਰ ਕਰਕੇ ਛਕਾਇਆ ਤੇ ਹਰ ਪ੍ਰਕਾਰ ਦੀ ਸੇਵਾ ਕੀਤੀ।[13] ਭਾਈ ਜਲ੍ਹਣ ਨਾਲ ਗਲਬਾਤ ਕਰਕੇ ਅੰਤ ਗੁਰੂ ਸਾਹਿਬ ਨੇ ਕਿਹਾ ਕਿ ਜਲ੍ਹਣ ਭੋਲਾ ਭਗਤ ਤੂੰ ਇਕ ਸੰਤ ਹੈ ਤੇ ਅਕਾਲ ਪੁਰਖ ਦਾ ਇਕ ਚਿਤ ਹੋ ਕੇ ਸਿਮਰਨ ਕਰਦਾ ਹੈ। ਇਹ ਸੁਣ ਕੇ ਜਲ੍ਹਣ ਨੇ ਚਰਨ ਕੰਵਲਾਂ ਤੇ ਬੰਦਨਾ ਕੀਤੀ ਤੇ ਅੰਤ ਗੁਰੂ ਸਾਹਿਬ ਦੀ ਖੁਸ਼ੀ ਪ੍ਰਾਪਤ ਕੀਤੀ।

---

[12] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਅਠਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 2991.

ਦੋਇਨ ਅਪਨਾ ਚੇਲਾ ਕੀਨਸਿ। ਪ੍ਰਭੁ ਕੋ ਪੰਥ ਤਾਂਹਿ ਕੋ ਦੀਨਸਿ। ਕਰਿ ਉਪਦੇਸ਼ ਕਹਯੋ ਤਿਸ ਤਾਈਂ। ਸੇਵਾ ਕੀਜਹਿ ਗੁਰੁ ਗੋਸਾਂਈ। (ਰਾਸਿ 6 ਅੰਸੂ 47)

[13] ਉਹੀ, ਪੰਨਾ 3115.

ਕਰਹੁ ਸਨਾਥ ਕ੍ਰਿਪਾ ਨਿਜ ਧਾਰਿ। ਨਿਸਾ ਬਸਹੁ ਦਿਹੁ ਦਰਸ ਉਦਾਰ। ਉਤਰੇ ਹਯ ਪਰਯੰਕ ਬਿਠਾਏ। ਸਰਬ ਸੇਵ ਠਾਨੀ ਸੁਖ ਪਾਏ।।੨੭।। (ਰਾਸਿ 7 ਅੰਸੂ 15)

## ਭਾਈ ਸਾਈਂ ਦਾਸ ਜੀ

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਜਦ ਮਾਲਵੇ ਇਲਾਕੇ ਵਲ ਆ ਰਹੇ ਸਨ ਤਾਂ ਸਾਈਂ ਦਾਸ ਨੂੰ ਅਗਾਉਂ ਖ਼ਬਰ ਭੇਜ ਦਿਤੀ ਕਿ ਗੁਰੂ ਸਾਹਿਬ ਸਿਖ ਫੌਜਾਂ ਤੇ ਪਰਿਵਾਰ ਸਮੇਤ ਨੇੜੇ ਪਹੁੰਚ ਗਏ ਹਨ।[14] ਗੁਰੂ ਸਾਹਿਬ ਲਈ ਸੁੰਦਰ ਪਲੰਘ ਤਿਆਰ ਕਰਕੇ ਆਸਣ ਕਰਵਾਇਆ ਤੇ ਬਾਕੀ ਫੌਜ ਦਾ ਵੀ ਡੇਰਾ ਕਰਵਾਇਆ। ਬੀਬੀ ਰਾਮੋ ਤੇ ਸਾਂਈ ਦਾਸ ਬੜੇ ਪ੍ਰਸੰਨ ਹੋ ਕੇ ਸੇਵਾ ਕਰਨ ਲਗੇ ਤੇ ਬੜੇ ਪ੍ਰੇਮ ਨਾਲ ਭੋਜਨ ਤਿਆਰ ਕਰਕੇ ਪਹਿਲਾਂ ਗੁਰੂ ਸਾਹਿਬ ਨੂੰ ਛਕਾਇਆ। ਫਿਰ ਗੁਰੂ ਸਾਹਿਬ ਦੇ ਸਾਰੇ ਪੁਤਰਾਂ ਤੇ ਫੌਜ ਨੂੰ ਸਤਿਕਾਰ ਸਹਿਤ ਭੋਜਨ ਛਕਾਇਆ।

ਗੁਰੂ ਸਾਹਿਬ ਨੇ ਕਿਹਾ ਕਿ ਸਾਈਂ ਦਾਸ ਨੂੰ ਬਚਨ ਕੀਤਾ ਕਿ ਸਾਨੂੰ ਤੁਹਾਡਾ ਪ੍ਰੇਮ ਤੁਹਾਡੇ ਪਾਸ ਲੈ ਆਇਆ ਹੈ। ਤੁਸੀਂ ਨਿਤਾ-ਪ੍ਰਤੀ ਹਥ ਜੋੜ ਕੇ ਚਿਤ ਵਿਚ ਸਿਮਰਨ ਕਰਦੇ ਹੋ ਤੇ ਦਰਸ਼ਨਾਂ ਦੀ ਸਦਾ ਚਾਹਤ ਕਰਦੇ ਰਹੇ ਹੋ। ਇਸ ਕਰਕੇ ਤੁਹਾਡੀ ਬੇਨਤੀ ਸੁਣ ਕੇ ਤੁਹਾਡੀ ਆਸ ਪੂਰੀ ਕਰਨ ਆਏ ਹਾਂ। ਭਾਈ ਸਾਂਈ ਦਾਸ ਨੇ ਪ੍ਰੇਮ ਨਾਲ ਆਖਿਆ ਕਿ ਸਚੇ ਪਾਤਸ਼ਾਹ ਇਹੀ ਆਪ ਜੀ ਦਾ ਸਹਿਜ ਸੁਭਾਅ ਹੈ। ਆਪ ਜੀ ਰਾਜ, ਸਾਜੋ-ਸਮਾਨ, ਧਨ ਨਹੀਂ ਵੇਖਦੇ ਹੋ ਤੇ ਨਾ ਹੀ ਵਡੇਰੇ ਸਾਕ-ਸੰਬੰਧੀ ਨੂੰ ਸਮਝਦੇ ਹੋ।

## ਭਾਈ ਸਾਧੂ ਜੀ

ਇਕ ਦਿਨ ਪਿਤਾ-ਪੁਤਰ ਦੋਵੇਂ ਮਿਲ ਕੇ ਲਕੜੀਆਂ ਕਟਣ ਲਈ ਜੰਗਲ ਵਲ ਗਏ। ਜੰਗਲ ਦੂਰ ਹੋਣ ਕਰਕੇ ਭਾਈ ਸਾਧੂ ਨੇ ਕਿਹਾ ਬਾਹਰ ਬਹੁਤ ਗਰਮੀ ਹੈ। ਜਦ ਜੰਗਲ ਵਿਚ ਜਾ ਕੇ ਪਿਆਸ ਲਗੇਗੀ ਤਾਂ ਜਲ ਛਕਣ ਲਈ ਨਿਕੀ ਮਸ਼ਕ ਭਰ ਲਈਏ। ਇਹ ਸੁਣ ਕੇ ਭਾਈ ਰੂਪੇ ਨੇ ਤਾਜ਼ੇ ਜਲ ਨਾਲ ਮਸ਼ਕ ਨੂੰ ਭਰ ਲਿਆ ਤੇ ਮਸ਼ਕ ਨੂੰ ਮੋਢੇ ਉਤੇ ਰਖ ਕੇ ਚਲ ਪਏ। ਜੰਗਲ ਵਿਚ ਜਾ ਕੇ ਦੋਵੇਂ ਸਿਖ ਆਪਣੇ ਕਾਰਜ ਲਈ ਲਕੜੀਆਂ ਨੂੰ

---

[14] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਅਠਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 3123.
ਪ੍ਰਥਮ ਪਾਇ ਸੁਧਿ ਸਾਂਈ ਦਾਸ। ਇਤ ਆਗਮਨ ਭਯੋ ਸੁਖਰਾਸ। ਚਮੂੰ ਸਰਬ ਪਰਿਵਾਰ ਸਮੇਤ ਨਿਕਟਿ ਪਹੂੰਚੇ ਕ੍ਰਿਪਾ ਨਿਕੇਤ॥੨੭॥
(ਰਾਸਿ 7 ਅੰਸੂ 17)

ਕੁਹਾੜਿਆਂ ਨਾਲ ਕਟਣ ਲਗੇ।[15] ਜਦ ਜਲ ਛਕਣ ਲਈ ਗਏ ਤਾਂ ਭਾਈ ਰੂਪਾ ਆਪਣੇ ਪਿਤਾ ਨੂੰ ਜਲ ਛਕਾਉਣ ਹਿਤ ਉਠਿਆ। ਜਲ ਲਟਕਦਾ ਹੋਣ ਕਾਰਨ ਬਹੁਤ ਠੰਢਾ ਹੋ ਗਿਆ ਸੀ। ਤਦ ਭਾਈ ਰੂਪੇ ਨੇ ਕਿਹਾ ਕਿ ਪਿਤਾ ਜੀ ਸੁਣੋ ਇਹ ਜਲ ਬਹੁਤ ਠੰਡਾ ਤੇ ਨਿਰਮਲ ਹੈ। ਆਪਾ ਮਿਹਨਤੀ ਲੋਕ ਅਜਿਹੀ ਸ਼ੁਭ ਵਸਤੂ ਦੇ ਯੋਗ ਨਹੀਂ ਹਾਂ। ਇਹ ਜਲ ਕੇਵਲ ਗੁਰੂ ਸਾਹਿਬ ਦੇ ਹੀ ਯੋਗ ਹੈ। ਗੁਰੂ ਸਾਹਿਬ ਉਤਮ ਵਸਤੂ ਨੂੰ ਆਪਣੇ ਲਾਇਕ ਜਾਣ ਕੇ ਪ੍ਰਸੰਨ ਹੁੰਦੇ ਹਨ ਤੇ ਭਾਵਸਾਗਰ ਤੋਂ ਹਥ ਦੇ ਕੇ ਤਾਰ ਦਿੰਦੇ ਹਨ। ਭਾਈ ਸਾਧੂ ਆਪਣੇ ਪੁਤਰ ਦੇ ਇਹ ਬਚਨ ਸੁਣ ਕੇ ਅਖਾਂ ਬੰਦ ਕਰਕੇ ਆਪਣਾ ਧਿਆਨ ਗੁਰੂ ਸਾਹਿਬ ਵਲ ਲਾ ਲਿਆ।

ਦੋਵੇਂ ਸਿਖਾਂ ਨੇ ਸੋਚਿਆ ਕਿ ਉਹ ਜਲ ਪਹਿਲਾਂ ਨਹੀਂ ਛਕਦੇ ਤੇ ਉਹਨਾਂ ਨੇ ਗੁਰੂ ਸਾਹਿਬ ਦੀ ਟੇਕ ਫੜ ਲਈ। ਇਸ ਤਰ੍ਹਾਂ ਉਹਨਾਂ ਨੇ ਇਕ ਘੜੀ ਬੀਤਤ ਕਰ ਦਿਤੀ। ਫਿਰ ਦੋਵੇਂ ਮਿਲ ਕੇ ਉਸ ਥਾਂ ਆਏ। ਜਦ ਭਾਈ ਸਾਧੂ ਨੇ ਮਸ਼ਕ ਨੂੰ ਹਥ ਲਾਇਆ ਤਾਂ ਮਸ਼ਕ ਬਹੁਤ ਠੰਡੀ ਸੀ। ਭਾਈ ਸਾਧੂ ਨੇ ਵਿਚਾਰ ਕੀਤੀ ਕਿ ਇਹ ਜਲ ਕੇਵਲ ਗੁਰੂ ਸਾਹਿਬ ਦੇ ਛਕਣ ਲਾਇਕ ਹੈ ਫਿਰ ਉਹ ਆ ਕੇ ਇਥੇ ਕਿਵੇਂ ਜਲ ਛਕਣਗੇ? ਫਿਰ ਭਾਈ ਰੂਪੇ ਨੇ ਆਪਣੇ ਪਿਤਾ ਨੂੰ ਸਮਝਾਇਆ ਕਿ ਇਸ ਤਰ੍ਹਾਂ ਦਾ ਸ਼ੰਕਾ ਕਰਨਾ ਨਹੀਂ ਬਣਦਾ। ਇਸ ਤਰ੍ਹਾਂ ਕਹਿ ਕੇ ਫਿਰ ਲਕੜਾਂ ਕਟਣ  ਲਗ ਗਏ ਪਰ ਲਕੜਾਂ ਕਟ ਨਹੀਂ ਸਕੇ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਘਰ ਦੇ ਅੰਦਰ ਪਲੰਘ ’ਤੇ ਅਰਾਮ ਕਰ ਰਹੇ ਸਨ।[16] ਬੀਬੀ ਰਾਮੋ ਤੇ ਭਾਈ ਸਾਈਂ ਦਾਸ ਜੀ ਪਖਾ ਝਲ ਰਹੇ ਸਨ। ਜਦ ਪ੍ਰੇਮ ਨੇ ਵਡੀ ਖਿਚ ਪਾਈ, ਉਸ ਸਮੇਂ ਗੁਰੂ ਸਾਹਿਬ ਨੇ ਸਭ ਕੁਝ ਛਡ ਦਿਤਾ। ਸਿਖਾਂ ਨੂੰ ਕਹਿ ਕੇ ਤੁਰੰਤ ਘੋੜੇ ’ਤੇ ਕਾਠੀ ਪਵਾਈ ਤੇ ਸਵਾਰੀ ਲਈ ਘੋੜਾ ਮੰਗਵਾਇਆ। ਗੁਰੂ ਸਾਹਿਬ ਇਕਲੇ ਹੀ ਘੋੜੇ ’ਤੇ ਅਸਵਾਰ ਹੋ ਕੇ ਭਾਈ ਸਾਧੂ ਕੋਲ ਜੰਗਲ ਵਿਚ ਪਹੁੰਚ ਗਏ। ਗੁਰੂ ਸਾਹਿਬ ਨੇ ਆਪਣੇ ਦੋਵਾਂ ਦਾਸਾਂ ਨੂੰ ਦੂਰ ਤੋਂ ਵੇਖ ਕੇ ਉਚੀ ਆਵਾਜ਼ ਵਿਚ ਬਚਨ ਕੀਤਾ ਕਿ ਤੁਸੀਂ ਲੰਮੇ ਕਿਉਂ ਪਏ ਹੋ?

---

[15] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਅਠਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 3130.

ਇਕ ਦਿਨ ਪਿਤਾ ਪੂਤ ਜੁਗ ਮਿਲੇ। ਬਾਢਣ ਕਾਠ ਬਹਿਰ ਕੋ ਚਲੇ। ਹੁਤੇ ਦੂਰ ਸਾਧੂ ਤਬਿ ਕਹਯੋ। ‘ਤਪਤਿ ਅਧਿਕ ਬਾਹਿਰ ਹੁਇ ਲਹਯੋ॥੧੪॥ ਹੇ ਸਤ! ਜਲ ਕੂੰਨਾ ਭਰ ਲੀਜਹਿ। ਵਹਿਰ ਤ੍ਰਿਖਾਤੁਰ ਹੁਇਂ ਜਬਿ, ਪੀਜਹਿਂ’। ਸੁਨਿ ਰੂਪੇ ਤਬਿ ਨੀਰ ਨਵੀਨ। ਆਛੀ ਰੀਤਿ ਪੂਰ ਕਰਿ ਲੀਨਿ॥੧੫॥ (ਰਾਸਿ 7 ਅੰਸੂ 19)

[16] ਉਹੀ, ਪੰਨਾ 3132.

ਸ੍ਰੀ ਹਰਿ ਗੋਬਿੰਦ ਮੰਦਰਿ ਅੰਦਰ। (ਰਾਸਿ 7 ਅੰਸੂ 19)

ਇਸ ਸਮੇਂ ਸਾਨੂੰ ਪਿਆਸ ਲਗੀ ਹੋਈ ਹੈ ਤੇ ਜੰਗਲ ਵਿਚ ਕਿਤੇ ਵੀ ਜਲ ਨਹੀਂ ਮਿਲ ਰਿਹਾ। ਗੁਰੂ ਸਾਹਿਬ ਦੀ ਉਚੀ ਅਵਾਜ਼ ਸੁਣ ਕੇ ਭਾਈ ਸਾਧੂ ਨੇ ਅਖ ਖੋਲ੍ਹੀ ਤਾਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਘੋੜੇ 'ਤੇ ਚੜ੍ਹੇ ਆਉਂਦੇ ਵੇਖੇ ਤਾਂ ਆਪਣੇ ਪੁਤਰ ਨੂੰ ਦਸਿਆ ਕਿ ਗੁਰੂ ਸਾਹਿਬ ਜਲ ਛਕਣਾ ਚਾਹੁੰਦੇ ਹਨ। ਇਹ ਸੁਣ ਕੇ ਭਾਈ ਰੂਪਾ ਉਠਿਆ ਤੇ ਜਲ ਨੂੰ ਥਲੇ ਉਤਾਰਿਆ।

ਦੋਵੇਂ ਹਥ ਜੋੜ ਕੇ ਖੜੇ ਹੋ ਗਏ ਤੇ ਗੁਰੂ ਸਾਹਿਬ ਘੋੜੇ ਨੂੰ ਲੈ ਕੇ ਉਨ੍ਹਾਂ ਦੇ ਪਾਸ ਆਏ। ਗੁਰੂ ਸਾਹਿਬ ਕਹਿ ਰਹੇ ਸਨ ਕਿ ਸਾਨੂੰ ਬਹੁਤ ਪਿਆਸ ਲਗੀ ਹੈ। ਦੋਵੇਂ ਸਿਖ ਪਾਸ ਜਾ ਕੇ ਗੁਰੂ ਸਾਹਿਬ ਦੇ ਚਰਨਾਂ 'ਤੇ ਢਹਿ ਪਏ ਤੇ ਕਹਿਣ ਲਗੇ ਕਿ ਪ੍ਰਭੂ ਜੀ ਇਹ ਜਲ ਆਪ ਜੀ ਦੇ ਛਕਣ ਯੋਗ ਹੈ।[17] ਭਾਈ ਰੂਪੇ ਨੇ ਰਕਾਬ ਫੜ ਕੇ ਗੁਰੂ ਸਾਹਿਬ ਨੂੰ ਘੋੜੇ ਤੋਂ ਉਤਾਰਿਆ ਤੇ ਆਪਣੇ ਪਹਿਨੇ ਹੋਏ ਕਪੜਿਆਂ ਨੂੰ ਧਰਤੀ ਉਤੇ ਵਿਛਾ ਦਿਤਾ। ਦੋਵੇਂ ਸਿਖਾਂ ਨੇ ਹਥ ਜੋੜ ਕੇ ਗੁਰੂ ਸਾਹਿਬ ਨੂੰ ਉਨ੍ਹਾਂ ਕਪੜਿਆਂ 'ਤੇ ਬੈਠਣ ਲਈ ਬੇਨਤੀ ਕੀਤੀ। ਫਿਰ ਭਾਈ ਰੂਪੇ ਨੇ ਜਲ ਨੂੰ ਥਲੇ ਉਤਾਰਿਆ ਤੇ ਡੂੰਨਾ ਭਰ ਕੇ ਗੁਰੂ ਸਾਹਿਬ ਨੂੰ ਜਲ ਛਕਾਇਆ। ਗੁਰੂ ਸਾਹਿਬ ਨੇ ਕਿਹਾ ਅਸੀਂ ਐਸਾ ਜਲ ਪਹਿਲਾਂ ਕਦੇ ਨਹੀਂ ਛਕਿਆ। ਅਸੀਂ ਜਲ ਛਕ ਕੇ ਪਿਆਸ ਨੂੰ ਦੂਰ ਕਰ ਲਿਆ ਹੈ, ਹੁਣ ਤੁਸੀਂ ਜਲ ਛਕੋ। ਗੁਰੂ ਸਾਹਿਬ ਵਾਰ-ਵਾਰ ਜਲ ਦੀ ਸ਼ਲਾਘਾ ਕਰ ਰਹੇ ਸਨ। ਪਿਤਾ-ਪੁਤਰ ਨੇ ਗੁਰੂ ਸਾਹਿਬ ਦੀ ਆਗਿਆ ਪਾ ਕੇ ਜਲ ਛਕ ਕੇ ਕੇ ਪਿਆਸ ਮਿਟਾਈ। ਗੁਰੂ ਸਾਹਿਬ ਨੇ ਭਾਈ ਸਾਧੂ ਨੂੰ ਹੁਕਮ ਕੀਤਾ ਕਿ ਤਰਖਾਣਾਂ ਦੀ ਕਾਰ ਨੂੰ ਛਡ ਕੇ ਹੁਣ ਤੁਸੀਂ ਪ੍ਰੇਮ ਨਾਲ ਲੰਗਰ ਚਲਾਉ। ਪਿਤਾ-ਪੁਤਰ ਨੇ ਕਿਹਾ ਕਿ ਗੁਰੂ ਸਾਹਿਬ ਜੋ ਤੁਸੀਂ ਸਾਨੂੰ ਆਪਣੀ ਸੇਵਾ ਬਖਸ਼ੋ, ਅਸੀ ਨਿਤ ਲੰਗਰ ਚਲਾਵਾਂਗੇ। ਸਾਨੂੰ ਹੋਰ ਕੋਈ ਇਛਾ ਨਹੀਂ ਹੈ, ਜੋ ਵੀ ਤੁਸੀਂ ਬਖਸ਼ੋਗੇ ਅਸੀਂ ਉਹ ਛਕ ਲਵਾਂਗੇ। ਫਿਰ ਭਾਈ ਸਾਧੂ ਨੇ ਗੁਰੂ ਸਾਹਿਬ ਅਗੇ ਬੇਨਤੀ ਕੀਤੀ ਕਿ ਨਗਰ ਵਿਚ ਮੂਰਖ ਲੋਕ ਰਹਿੰਦੇ ਹਨ, ਝੂਠੇ ਹੰਕਾਰ ਦੀ ਅਗਨੀ ਵਿਚ ਸੜਦੇ ਹਨ। ਉਨ੍ਹਾਂ ਵਿਚ ਵਸਣਾ ਬੜਾ ਦੁਖਦਾਇਕ ਹੈ, ਇਕ ਤੁਸੀਂ ਹੀ ਸਾਡਾ ਆਸਰਾ ਹੋ। ਇਹ ਸੁਣ ਕੇ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਨਗਰ ਦੇ ਮਨੁਖ

[17] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਅਠਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 3133.

ਦੋਨਹੁੰ ਖਰੇ ਦੂਰ ਕਰ ਜੋਰੇ। ਗੁਰ ਹਯ ਪ੍ਰੇਰਿ ਗਏ ਤਿਨ ਓਰੇ। ਬਾਰ ਬਾਰ ਬਚ ਬਦਨ ਬਖਾਨੇ। ਹਮ ਕੋ ਲਾਗੀ ਤ੍ਰਿਖਾ ਮਹਾਨੇ।।੪੬।।
(ਰਾਸਿ 7 ਅੰਸੂ 19)

ਤੁਹਾਡੇ ਦੋਖੀ ਨਹੀਂ ਰਹਿਣਗੇ। ਉਹ ਪਿੰਡ ਸਾਰਾ ਹੀ ਉਜੜ ਜਾਵੇਗਾ ਤੇ ਤੁਸੀਂ ਕਿਸੇ ਸ਼ੁਭ ਸਥਾਨ ’ਤੇ ਆਪਣਾ ਪਿੰਡ ਬਣਾਉ।

ਗੁਰੂ ਸਾਹਿਬ ਨੇ ਆਪਣੇ ਹਥਾਂ ਨਾਲ ਉਸ ਪਿੰਡ ਦਾ ਟਕ ਲਾਇਆ ਤੇ ਮੋਹੜੀ ਗਡੀ। ਫਿਰ ਗੁਰੂ ਸਾਹਿਬ ਨੇ ਭਾਈ ਸਾਧੂ ਨੂੰ ਕਿਹਾ ਕਿ ਇਹ ਪਿੰਡ ਆਬਾਦ ਹੋਵੇਗਾ ਤੇ ਤੁਸੀਂ ਆਪਣੇ ਨਾਮ ’ਤੇ ਇਸ ਪਿੰਡ ਦਾ ਨਾਮ ਰਖੋ। ਇਹ ਸੁਣ ਕੇ ਭਾਈ ਸਾਧੂ ਨੇ ਹਥ ਜੋੜ ਕੇ ਕਿਹਾ ਮੇਰੇ ਨਾਲੋਂ ਮੇਰਾ ਪੁਤਰ ਵਡਾ ਸਿਖ ਹੈ। ਉਸ ਦਾ ਆਪ ਜੀ ਉਤੇ ਜ਼ਿਆਦਾ ਨਿਸ਼ਚਾ ਹੈ ਤੇ ਹਰ ਵੇਲੇ ਉਸ ਦੇ ਹਿਰਦੇ ਵਿਚ ਵਸਦੇ ਹੋ। ਇਸ ਕਰਕੇ ਪੁਤਰ ਦੇ ਨਾਂ ’ਤੇ ਪਿੰਡ ਦਾ ਨਾਮ ਰਖੋ। ਫਿਰ ਸਾਰਾ ਪਰਿਵਾਰ ਲੰਗਰ ਦੀ ਸੇਵਾ ਕਰਨ ਲਗਾ ਤੇ ਸਦਾ ਹੀ ਗੁਰੂ ਸਾਹਿਬ ਦੇ ਪ੍ਰੇਮ ਵਿਚ ਰੰਗਿਆ ਰਹਿੰਦਾ। ਦੋਵੇਂ ਸਿਖ ਆਈ ਸੰਗਤ ਨੂੰ ਭੋਜਨ ਦੇ ਕੇ ਬੜੇ ਖੁਸ਼ ਹੁੰਦੇ ਸਨ। ਇਹ ਸੇਵਾ ਨਿਰੰਤਰ ਹੁਣ ਤਕ ਚਲ ਰਹੀ ਹੈ।

## ਭਾਈ ਲਖੂ ਜੀ

ਗੁਰੂ ਸਾਹਿਬ ਦੀ ਬਰਛੀ ਭਾਈ ਲਖੂ ਸਦਾ ਆਪਣੇ ਪਾਸ ਰਖਦਾ ਸੀ ਤੇ ਯੁਧ ਦੇ ਮੈਦਾਨ ਵਿਚ ਜਦ ਵੀ ਗੁਰੂ ਸਾਹਿਬ ਮੰਗਦੇ ਸਨ ਤਾਂ ਬਰਛੀ ਉਨ੍ਹਾਂ ਨੂੰ ਦਿੰਦਾ ਸੀ।

ਯੁਧ ਦੇ ਮੈਦਾਨ ਵਿਚ ਜਦ ਕਾਸਮ ਬੇਗ ਨੇ ਭਾਈ ਲਖੂ ਨੂੰ ਆਉਂਦਾ ਵੇਖਿਆ ਤਾਂ ਤਲਵਾਰ ਖਿਚ ਕੇ ਅਗੇ ਚਲਾਈ। ਉਸ ਨੇ ਵਾਰ ਨੂੰ ਆਪਣੀ ਤਲਵਾਰ ’ਤੇ ਲਿਆ। ਜਦ ਲੋਹੇ ’ਤੇ ਲੋਹਾ ਵਜਿਆ ਤਾਂ ਖੰਡਾ ਟੁਟ ਕੇ ਦੋ ਭਾਗ ਹੋ ਗਿਆ। ਭਾਈ ਲਖੂ ਨੇ ਦੁਸ਼ਮਣ ਦੇ ਵਾਰ ਨੂੰ ਅਸਫਲ ਕਰ ਦਿਤਾ।[18] ਫਿਰ ਭਾਈ ਲਖੂ ਨੇ ਹਥ ਨਾਲ ਬਰਛੀ ਦਾ ਵਾਰ ਕਰਕੇ ਦੁਸ਼ਮਣ ਨੂੰ ਮਾਰ ਦਿਤਾ। ਗੁਰੂ ਸਾਹਿਬ ਨੇ ਵੇਖ ਕੇ ਬਹੁਤ ਪ੍ਰਸੰਨ ਹੋ ਕੇ ਕਿਹਾ ਹੇਹਰਾਂ ਦੇ ਰਹਿਣ ਵਾਲੇ ਲਖੂ ਨੇ ਦੁਸ਼ਮਣ ਨੂੰ ਮਾਰ ਦਿਤਾ ਹੈ। ਫਿਰ ਪ੍ਰਸੰਨ ਹੋ ਕੇ ਵਡਿਆਈ ਦਿਤੀ ਕਿ ਹੁਣ ਤੁਰਕਾਂ

---

[18] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਅਠਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 3262.
ਕਾਸਮ ਬੇਗ ਲਖਯੋ ਜਬਿ ਆਯੋ। ਖੈਂਚਿ ਖੜਗ ਕੋ ਅੱਗ੍ਰ ਚਲਾਯੋ।।੩੮।। (ਰਾਸਿ 7 ਅੰਸੂ 52)

ਦੀ ਕਿਆਮਤ ਆਈ ਹੈ। ਨੰਦ ਸੰਘੇਰਾ ਰਣ ਵਿਚ ਵਿਚਰ ਰਹੇ ਹਨ, ਮੁਹਰੂ ਰੰਧਾਵਾ ਦੁਸ਼ਮਣਾਂ ਨੂੰ ਮਾਰ ਰਿਹਾ ਹੈ ਅਤੇ ਜਲੂ ਪਿੰਦ ਦੇ ਰਹਿਣ ਵਾਲੇ ਕ੍ਰਿਪਾਲ ਸੂਰਮੇ ਨੇ ਬਹੁਤ ਤੁਰਕ ਮਾਰ ਦਿਤੇ ਹਨ।

## ਭਾਈ ਜੇਠਾ ਜੀ

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦਾ ਸੇਵਕ ਭਾਈ ਜੇਠਾ ਯੁਧ ਦੇ ਮੈਦਾਨ ਵਿਚ ਲਲਾ ਬੇਗ ਦੀ ਸੈਨਾ ਨਾਲ ਯੁਧ ਕਰ ਰਿਹਾ ਸੀ। ਜਦ ਅਲੀ ਬੇਗ ਸੂਰਮੇ ਨੇ ਨੇਜ਼ਾ ਉਪਰ ਚੁਕ ਕੇ ਸਜੇ ਪਾਸੇ ਵਾਰ ਕੀਤਾ ਤਾਂ ਉਸ ਵਾਰ ਨੇ ਭਾਈ ਜੇਠੇ ਦੇ ਸਰੀਰ ਨੂੰ ਚੀਰ ਦਿਤਾ ਤੇ ਫਿਰ ਅਲੀ ਬੇਗ ਨੇਜ਼ੇ ਨੂੰ ਬਾਹਰ ਕਢ ਕੇ ਚਲ ਪਿਆ ਕਿ ਭਾਈ ਜੇਠਾ ਮਰ ਗਿਆ ਹੈ।[19] ਭਾਈ ਜੇਠਾ ਨੇ ਆਪਣੇ ਹਿਰਦੇ ਵਿਚ ਜ਼ਖਮ ਨੂੰ ਨਾ ਜਾਣ ਕੇ ਅਲੀ ਬੇਗ ਦੇ ਨੇੜੇ ਹੋ ਕੇ ਕਿਰਪਾਨ ਦਾ ਵਾਰ ਕਰਕੇ ਉਸ ਨੂੰ ਉਥੇ ਹੀ ਮਾਰ ਦਿਤਾ। ਭਾਈ ਜੇਠਾ ਜ਼ਖਮ ਹੋਣ ਦੇ ਬਾਵਜੂਦ ਵੀ ਵੈਰੀਆਂ ਨੂੰ ਮਾਰ ਕੇ ਆਪ ਡਿਗ ਪਿਆ। ਇਹ ਵੇਖ ਕੇ ਲਲਾ ਬੇਗ ਬਹੁਤ ਹੈਰਾਨ ਹੋਇਆ ਕਿ ਗੁਰੂ ਸਾਹਿਬ ਦੇ ਸੂਰਮੇ ਨੇ ਵਡੇ ਲਸ਼ਕਰ ਨੂੰ ਮਾਰਿਆ ਹੈ ਤੇ ਆਪ ਟੁਕੜੇ-ਟੁਕੜੇ ਹੋ ਕੇ ਘੋੜੇ ਸਮੇਤ ਸ਼ਹੀਦ ਹੋ ਗਿਆ ਹੈ।

## ਭਾਈ ਬਾਲੂ ਹਸਨਾ ਜੀ

ਗੁਰੂ ਸਾਹਿਬ ਦੇ ਨਜ਼ਦੀਕ ਰਹਿ ਕੇ ਭਾਈ ਬਾਲੂ ਸੇਵਾ ਕਰਦਾ ਰਹਿੰਦਾ ਸੀ। ਜਦੋਂ ਵੀ ਗੁਰੂ ਸਾਹਿਬ ਸਵਾਰ ਹੋ ਕੇ ਜਾਂਦੇ ਸਨ ਤਾਂ ਉਹ ਘੋੜੇ ਦੇ ਅਗੇ-ਅਗੇ ਭਜਾ ਜਾਂਦਾ ਸੀ। ਉਹ ਕਦੇ ਵੀ ਦੁਖ ਨਹੀਂ ਮੰਨਦਾ ਸੀ। ਜਿਥੇ ਵੀ ਗੁਰੂ ਸਾਹਿਬ ਪਧਾਰਦੇ ਸਨ ਉਥੇ ਹੀ ਚਲ ਜਾਂਦਾ ਸੀ। ਉਹ ਸਦਾ ਹੀ ਗੁਰੂ ਸਾਹਿਬ ਦੇ ਮੁਖ ਨੂੰ ਵੇਖਦਾ ਤੇ ਹਸਦਾ ਸੀ। ਗੁਰੂ ਸਾਹਿਬ ਨੇ ਆਪਣੀ ਰਸਨਾ ਨਾਲ ਉਸ ਦਾ ਨਾਂ ਬਾਲੂ ਹਸਨਾ ਰਖ ਦਿਤਾ ਸੀ।[20] ਉਸ ਦਿਨ ਤੋਂ ਗੁਰੂ ਸਾਹਿਬ ਨੇ ਉਸ ਨੂੰ ਬਚਨ ਕੀਤਾ ਕਿ ਹੁਣ ਤੁਸੀਂ ਸ੍ਰੀ ਗੁਰਦਿਤੇ ਜੀ ਦੇ ਨਾਲ ਰਹੋ। ਭਾਈ

---

[19] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਅਠਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 3264.

ਆਇ ਮ੍ਰਵਾਹੀ ਨਾਨਕੀ ਸੇਵਾ ਮਹਿਂ ਲਾਗੀ। ਦਾਸੀ ਦਈ ਹਟਾਇ ਸਭਿ ਅਤਿਸ਼ੈ ਅਨੁਰਾਗੀ॥੨੮॥ (ਰਾਸਿ 7 ਅੰਸੂ 61)

[20] ਉਹੀ, ਪੰਨਾ 3325.

ਇਕ ਬਾਲੂ ਸਿਖ ਸੇਵਾ ਲਾਗਯੋ। ਪ੍ਰੇਮ ਪਾਇ ਪੰਕਜ ਕੇ ਪਾਗਯੋ। ਜਬਿ ਗੁਰ ਚਢਿ ਕਰਿ ਕਿਤਹੁਂ ਸਿਧਾਵੈਂ। ਅੱਗ੍ਰ ਤੁਰੰਗਮ ਦੌਰਯੋ ਜਾਵੈ॥੨੮॥ ਖੇਦ ਨ ਮਾਨਹਿ ਦੂਰ ਸਿਧਾਰੈ। ਜਾਇ ਤਹਾਂ ਗੁਰ ਜਹਾਂ ਪਧਾਰੈਂ। ਸ੍ਰੀ ਹਰਿਗੋਵਿੰਦ ਕੋ ਮੁਖ ਹੇਰਹਿ। ਹਸਹਿ ਅਧਿਕ ਹੁਇ ਖੁਸ਼ੀ ਘਨੇਰਹਿ॥੨੯॥ (ਰਾਸਿ 8 ਅੰਸੂ 4)

ਬਾਲੂ ਹਸਨਾ ਨੇ ਗੁਰੂ ਸਾਹਿਬ ਦੇ ਬਚਨ ਮੰਨ ਲਏ ਤੇ ਫਿਰ ਗੁਰੂ ਸਾਹਿਬ ਦੇ ਪੁਤਰ ਨਾਲ ਰਹਿਣ ਲਗਾ। ਗੁਰੂ ਸਾਹਿਬ ਦੇ ਪੁਤਰ ਨੇ ਉਸ ਨੂੰ (ਬਾਲੂ ਹਸਨਾ) ਵੇਖਿਆ ਤਾਂ ਵਡੀ ਸੇਵਾ ਜਾਣ ਕੇ ਪ੍ਰਸੰਨ ਹੋਏ ਤੇ ਉਥੇ ਹੀ ਭਾਈ ਬਾਲੂ ਹਸਨਾ ਨੂੰ ਸੇਲੀ ਟੋਪੀ ਬਖਸ਼ ਦਿਤੀ। ਭਾਈ ਬਾਲੂ ਹਸਨਾ ਨੇ ਸੇਲੀ ਟੋਪੀ ਲੈ ਕੇ ਸਿਧ ਸ਼ਕਤੀ ਪ੍ਰਾਪਤ ਕਰ ਲਈ ਤੇ ਸਾਰਾ ਪ੍ਰਸੰਗ ਕਰਤਾਰਪੁਰ ਸਾਹਿਬ ਵਿਖੇ ਆ ਕੇ ਗੁਰੂ ਸਾਹਿਬ ਨੂੰ ਸੁਣਾਇਆ। ਗੁਰੂ ਸਾਹਿਬ ਨੇ ਉਸਦੇ ਪ੍ਰੇਮ ਨੂੰ ਵੇਖ ਕੇ ਬਖਸ਼ਿਸ਼ ਕੀਤੀ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਬੜੇ ਪ੍ਰਸੰਨ ਹੋਏ ਤੇ ਉਨ੍ਹਾਂ ਨੇ ਸਾਰਿਆਂ ਨੂੰ ਸੁਣਾ ਕੇ ਕਿਹਾ ਹੁਣ ਤੇਰੀ ਸੇਵਾ ਪੂਰੀ ਹੋਈ ਹੈ। ਹੁਣ ਬੈਠ ਕੇ ਅਕਾਲ ਪੁਰਖ ਦਾ ਭਜਨ ਕਰੋ। ਭਾਈ ਬਾਲੂ ਹਸਨਾ ਤੇਰਾ ਜਨਮ-ਮਰਨ ਸੇਵਾ ਕਰਨ ਕਰਕੇ ਕਟਿਆ ਗਿਆ ਹੈ।

## ਭਾਈ ਅਨੰਤਾ ਜੀ

ਇਕ ਕੁਕੋ ਨਾਂ ਦਾ ਗੁਰੂ ਸਾਹਿਬ ਦਾ ਸਿਖ ਸੀ, ਜਿਸ ਨੂੰ ਪੜ੍ਹਨ-ਸੁਣਨ ਨਾਲ ਪ੍ਰੇਮ ਸੀ। ਉਸ ਦੇ ਪੁਤਰ ਦਾ ਨਾਂ ਅਨੰਤਾ ਸੀ ਤੇ ਉਹ ਗੁਰੂ ਸਾਹਿਬ ਦੀ ਸੇਵਾ ਵਿਚ ਸਦਾ ਸਾਵਧਾਨ ਰਹਿੰਦਾ ਸੀ।[21] ਰਸੋਈਏ ਨੇ ਉਸ ਨੂੰ ਕਿਹਾ ਹੋਇਆ ਸੀ ਕਿ ਸਦਾ ਲੰਗਰ ਦੇ ਪਾਸ ਗੁਲੇਲ ਫੜ ਕੇ ਖੜਾ ਰਹੇ ਤੇ ਕਾਵਾਂ ਨੂੰ ਮਾਰੇ। ਕਈ ਕਾਂ ਆਉਂਦੇ ਸਨ ਪਰ ਉਹ ਪਾਸ ਨਹੀਂ ਆਉਣ ਦਿੰਦਾ ਸੀ ਤੇ ਉਹ ਸਿਖਿਆ ਮੰਨ ਕੇ ਇਸੇ ਕੰਮ ਤੇ ਲਗਾ ਰਿਹਾ।

## ਭਾਈ ਜਾਤੀ ਮਲਕ ਜੀ

ਜੰਗ ਦੇ ਮੈਦਾਨ ਵਿਚ ਜਾਤੀ ਮਲਕ ਸਥਿਰ ਹੋ ਕੇ ਕਸ-ਕਸ ਕੇ ਤੀਰ ਮਾਰਦਾ ਹੈ ਤਾਂ ਸਯਦ, ਮੁਗਲ, ਪਠਾਣ ਮਰ ਕੇ ਧਰਤੀ ’ਤੇ ਡਿਗ ਜਾਂਦੇ ਸਨ।[22] ਕੁਤਬ ਖਾਂ ਤੇ ਜਾਤੀ ਮਲਕ ਬੜਾ ਘਮਸਾਣ ਦਾ ਜੰਗ ਲੜ ਰਹੇ ਸਨ।

---

[21] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਨੌਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 3372.

ਤਿਹ ਸੁਤ ਨਾਮ ਅੰਨਤਾ ਜਾਨਹੁ ਗੁਰਸੇਵਾ ਮਹਿਂ ਰਹਿ ਸਵਧਾਨ। (ਰਾਸਿ 8 ਅੰਸੂ 16)

[22] ਉਹੀ, ਪੰਨਾ 3401.

ਥਿਰ ਹ੍ਵੈ ਜਾਤੀ ਮਲਕ ਦਿਜ ਮਾਰਤਿ ਕਸਿ ਕਸਿ ਬਾਨ। (ਰਾਸਿ 8 ਅੰਸੂ 24)

## ਸ੍ਰੀ ਗੁਰਦਿਤਾ ਜੀ

ਜੰਗ ਦੇ ਮੈਦਾਨ ਵਿਚ ਸ੍ਰੀ ਗੁਰਦਿਤਾ ਜੀ ਧਨੁਖ ਸੰਭਾਲ ਕੇ ਤੀਰ ਛਡ-ਛਡ ਕੇ ਵੈਰੀਆਂ ਨੂੰ ਮਾਰ ਰਿਹਾ ਸੀ।[23] ਜਿਥੇ ਵੀ ਤੀਰ ਜਾ ਕੇ ਪੈਂਦੇ ਸਨ, ਘਮਸਾਣ ਮਚ ਜਾਂਦਾ ਸੀ, ਘੋੜਿਆਂ ਅਤੇ ਸੂਰਮਿਆਂ ਨੂੰ ਮਾਰ ਕੇ ਗੇਲੀਆਂ ਵਾਂਗ ਸੁਟਦਾ ਹੈ। ਬਹੁਤ ਜ਼ੋਰ ਨਾਲ ਤੀਰ ਮਾਰਦਾ ਸੀ ਕਿ ਉਹ ਪਾਰ ਹੋ ਜਾਂਦਾ ਸੀ ਇਸ ਤਰ੍ਹਾਂ ਬਹੁਤ ਤੁਰਕਾਂ ਨੂੰ ਮਾਰ ਕੇ ਸੁਟ ਲਿਆ।

## ਭਾਈ ਭਾਗ ਮਲ ਜੀ (ਸੁਦਾਗਰ)

ਇਕ ਭਾਗ ਮਲ ਸੁਦਾਗਰ ਪਸ਼ੌਰੀਆਂ ਮੁਲਕ ਕਾਗਾਨ ਤੇ ਕਾਬਲ ਵਲੋਂ ਬਹੁਤ ਕੀਮਤੀ ਤੇ ਚੰਗੇ ਘੋੜੇ ਖਰੀਦ ਕੇ ਲਿਆਇਆ। ਇਕ ਘੋੜਾ ਗਿਆਰਾਂ ਹਜ਼ਾਰ ਦਾ ਲਿਆ ਤੇ ਗੁਰੂ ਸਾਹਿਬ ਨੂੰ ਭੇਂਟ ਕੀਤਾ। ਜਦ ਕੋਈ ਗਾਹਕ ਆਵੇ ਤਾਂ ਕਹਿ ਦਿੰਦਾ ਕਿ ਇਹ ਘੋੜਾ ਤਾਂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਸਚੇ ਪਾਤਸ਼ਾਹ ਦਾ ਹੈ।[24]

## ਭਾਈ ਸੁੰਦਰ ਜੀ, ਭਾਈ ਨੰਦ ਚੰਦ ਜੀ

ਤਵਾਰੀਖ ਗੁਰੂ ਖਾਲਸਾ ਅਨੁਸਾਰ ਦਸ ਕੁ ਦਿਨ ਗੁਰੂ ਸਾਹਿਬ ਗੋਇੰਦਵਾਲ ਰਹੇ। ਇਥੇ ਸੁੰਦਰ ਤੇ ਨੰਦ ਚੰਦ ਆਦਿਕ ਮਸੰਦਾਂ ਨੇ ਗੁਰੂ ਸਾਹਿਬ ਦੀ ਸੇਵਾ ਕੀਤੀ। ਸਿਖਾਂ ਦੀਆਂ ਇਸਤਰੀਆਂ ਦਾ ਪ੍ਰੇਮ ਦੇਖ ਕੇ ਗੁਰੂ ਸਾਹਿਬ ਨੇ ਆਪਣੇ ਪਰਿਵਾਰ ਨੂੰ ਉਥੇ ਰਹਿਣ ਦਿਤਾ ਤੇ ਆਪ ਕਰਤਾਰਪੁਰ ਸਾਹਿਬ ਜਾ ਠਹਿਰੇ।[25]

## ਭਾਈ ਕਰੋੜੀ ਮਲ ਜੀ (ਸੁਦਾਗਰ)

ਤਵਾਰੀਖ ਗੁਰੂ ਖਾਲਸਾ ਅਨੁਸਾਰ ਕਰੋੜੀ ਮਲ ਸੁਦਾਗਰ ਨੇ ਗੁਰੂ ਸਾਹਿਬ ਦੇ ਚਰਨਾਂ ਅਗੇ ਦੋ ਲਖ ਦੀ ਹੁੰਡੀ ਰਖ ਕੇ ਨੇਤਰ ਵਹਾ ਦਿਤੇ।[26] ਸੁਦਾਗਰ ਤੋਂ ਗੁਰੂ ਸਾਹਿਬ ਨੇ ਕਾਰਨ ਪੁਛਿਆ ਤਾਂ ਭਾਈ ਬਖਤਮਲ

---

[23] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਨੌਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 3406.

ਇਤਿ ਸ੍ਰੀ ਗੁਰਦਿੱਤਾ ਧਨੁ ਸੰਭਾਰਿ। (ਰਾਸਿ 8 ਅੰਸੂ 25)

[24] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 456.

[25] ਉਹੀ, ਪੰਨਾ 489.

ਨੇ ਸਾਰੀ ਕਥਾ ਉਸਦੀ ਗੁਰੂ ਸਾਹਿਬ ਅਗੇ ਸੁਣਾਈ, ਜਿਸਨੂੰ ਸੁਣ ਕੇ ਗੁਰੂ ਸਾਹਿਬ ਨੇ ਅਨਿਆਈ ਧਾੜਕ ਤੁਰਕਾਂ ਉਤੇ ਲਾਲ ਨੇਤਰ ਕਰ ਬਚਨ ਕੀਤਾ ਕਿ ਤੁਰਕਾਂ ਦਾ ਸਤਿਆਨਾਸ ਹੋ ਜਾਣਾ ਹੈ, ਜੋ ਹਾਕਮ ਹੋ ਕੇ ਰਾਹ ਵਿਚ ਖੋਹਣ ਲਗ ਪਏ ਹਨ। ਗੁਰੂ ਸਾਹਿਬ ਨੇ ਕਰੋੜੀ ਮਲ ਨੂੰ ਧੀਰਜ ਦਿਤਾ ਕਿ ਤੂੰ ਜ਼ਰਾ ਸੰਸਾ ਨਾ ਕਰ, ਗੁਰੂ ਕੇ ਘੋੜੇ ਆਪੇ ਗੁਰੂ ਕੇ ਘਰ ਆ ਜਾਣਗੇ। ਤੇਰੇ ਵਲੋਂ ਆ ਪਹੁੰਚੇ, ਗੁਰੂ ਕੇ ਘਰ ਪਰਵਾਨ ਹੋ ਗਏ ਹਨ।

## ਭਾਈ ਚੂਹੜ ਜੀ

ਤਵਾਰੀਖ ਗੁਰੂ ਖਾਲਸਾ ਅਨੁਸਾਰ ਭਾਈ ਚੂਹੜ ਨਾਮ ਦਾ ਜ਼ਿਮੀਦਾਰ ਗੁਰੂ ਸਾਹਿਬ ਦਾ ਸੇਵਕ ਸੀ। ਉਸਦੇ ਕੋਲ ਸੌ ਅਸਵਾਰ ਸਨ। ਗੁਰੂ ਸਾਹਿਬ ਨੇ ਆਪਣੇ ਸੇਵਕ ਨੂੰ ਬਚਨ ਕੀਤਾ ਕਿ ਸਿਖਾਂ ਨੂੰ ਕਹੋ ਕਿ ਪਥਰ ਇਕਠੇ ਕਰਨ। ਭਾਈ ਚੂਹੜ ਆਪ ਹੀ ਜਾ ਕੇ ਸੇਵਾ ਕਰਨ ਲਗਾ ਗਿਆ।[27] ਪੰਜ ਦਿਨ ਹੋਏ ਤਾਂ ਗੁਰੂ ਸਾਹਿਬ ਨੇ ਯਾਦ ਕੀਤਾ। ਕਿਸੇ ਸਿਖ ਨੇ ਆਖਿਆ ਉਹ ਤਾਂ ਰਾਤ ਦਿਨ ਬੈਠਦਾ ਹੀ ਨਹੀਂ ਬਾਗ ਦੇ ਪਾਸ ਪਥਰਾਂ ਦਾ ਢੇਰ ਲਾ ਰਿਹਾ ਹੈ। ਇਹ ਸੁਣ ਕੇ ਗੁਰੂ ਸਾਹਿਬ ਆਪ ਉਥੇ ਪਹੁੰਚੇ ਤਾਂ ਉਸਦੇ ਮੋਢੇ-ਗੋਡੇ, ਹਥ-ਪੈਰ ਉਚੜ ਕੇ ਲਹੂ ਚਲ ਰਿਹਾ ਸੀ। ਗੁਰੂ ਸਾਹਿਬ ਬੋਲੇ ਅਸੀ ਤਾਂ ਤੈਨੂੰ ਪਥਰ ਢੋਣ ਦਾ ਹੁਕਮ ਨਹੀਂ ਦਿਤਾ। ਇਹ ਆਖਿਆ ਸੀ ਕਿ ਸਿਖਾਂ ਨੂੰ ਢੋਣ ਲਾਵੋ। ਭਾਈ ਚੂਹੜ ਨੇ ਬੇਨਤੀ ਕੀਤੀ ਕਿ ਸਚੇ ਪਾਤਸ਼ਾਹ ਮੈਂ ਵੀ ਆਪ ਜੀ ਦਾ ਸਿਖ ਹਾਂ। ਉਸਦੀ ਸ਼ਰਧਾ, ਪ੍ਰੇਮ ਭਗਤੀ ਤੇ ਸਚਾ ਸਿਦਕ ਵੇਖ ਕੇ ਗੁਰੂ ਸਾਹਿਬ ਨੇ ਨਿਹਾਲ-ਨਿਹਾਲ ਕਹਿਕੇ ਬਚਨ ਕੀਤਾ ਕਿ ਤੂੰ ਸਤ ਪੀੜ੍ਹੀਆ ਤਕ ਸਾਡਾ ਸਿਖ ਹੋਇਆ। ਉਸਦੇ ਪੋਤਰੇ ਭਾਈ ਮਨੀ ਸਿੰਘ ਜੀ ਦੀ ਸਿਖੀ ਦਾ ਬ੍ਰਿਤਾਂਤ ਸਭ ਸਿਖ ਜਾਣਦੇ ਹੀ ਹਨ। ਉਹਨਾਂ ਚੌਥੀ ਪੀੜੀ ਵਿਚੋਂ ਗਿਆਨੀ ਗਿਆਨ ਸਿੰਘ ਹੋਏ ਸਨ, ਜਿਨ੍ਹਾਂ ਨੇ ਤਵਾਰੀਖ ਗੁਰੂ ਖਾਲਸਾ ਤੇ ਹੋਰ ਕਈ ਗ੍ਰੰਥ ਲਿਖੇ ਸਨ।

---

[26] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 531.

[27] ਉਹੀ, ਪੰਨਾ 568.

## ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਸਮਕਾਲੀ ਸੇਵਕ

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਸਮਕਾਲੀ ਸੇਵਕ ਭਾਈ ਭਗਤੂ ਜੀ, ਭਾਈ ਫੇਰੂ ਜੀ, ਬ੍ਰਿਧਾ ਪ੍ਰੇਮਣ, ਭਾਈ ਗੋਂਦਾ ਜੀ, ਭਾਈ ਨਥਾ ਜੀ ਤੇ ਦਾਰਾ ਸ਼ਕੋਹ ਵਰਗੇ ਸੇਵਕ ਗੁਰੂ ਸਾਹਿਬ ਦੀ ਸੇਵਾ ਕਰਦੇ ਸਨ। ਇਹਨਾਂ ਸੇਵਕਾਂ ਦੁਆਰਾ ਕੀਤੀ ਗਈ ਸੇਵਾ ਦੇ ਸਰੋਕਾਰਾਂ ਦਾ ਵਰਣਨ ਇਸ ਪ੍ਰਕਾਰ ਹੈ:

## ਭਾਈ ਭਗਤੂ ਜੀ

ਭਾਈ ਭਗਤੂ ਦਾ ਜਨਮ ਸ੍ਰੀ ਗੁਰੂ ਰਾਮਦਾਸ ਜੀ ਦੇ ਬਚਨਾਂ ਸਦਕਾ ਹੋਇਆ ਸੀ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਭਾਈ ਭਗਤੂ ਅਮ੍ਰਿਤ ਸਰੋਵਰ ਦੀ ਸੇਵਾ ਕਰਦਾ ਰਿਹਾ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਮਾਲਵੇ ਦੇਸ ਵਿਚ ਚਾਰ ਮਸੰਦ ਉਘੇ ਸਨ: ਭਾਈ ਬਹਿਲੋ, ਭਾਈ ਭੂਦੜ, ਭਾਈ ਪੰਜਾਬ ਤੇ ਭਾਈ ਭਗਤੂ। ਭਾਈ ਭਗਤੂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦਾ ਸੇਵਕ ਵੀ ਰਿਹਾ। ਭਾਈ ਭਗਤੂ ਹਿਤ ਧਾਰ ਕੇ ਸ੍ਰੀ ਗੁਰੂ ਹਰਿਰਾਇ ਸਾਹਿਬ ਪਾਸ ਰਹਿੰਦਾ ਸੀ। ਭਾਈ ਭਗਤੂ ਦਾ ਸਰੀਰ ਬਹੁਤ ਬ੍ਰਿਧ ਹੋ ਗਿਆ ਸੀ ਪਰ ਫਿਰ ਵੀ ਉਹ ਗੁਰੂ ਸਾਹਿਬ ਪਾਸ ਰਹਿ ਕੇ ਸੇਵਾ ਕਰਨੀ ਚਾਹੁੰਦਾ ਸੀ। ਕਾਫੀ ਸਮਾਂ ਬੀਤ ਜਾਣ ’ਤੇ ਵੀ ਉਹ ਗੁਰੂ ਸਾਹਿਬ ਪਾਸ ਰਹਿੰਦਾ ਰਿਹਾ ਤੇ ਬੰਦਨਾ ਕਰਕੇ ਦਰਸ਼ਨ ਕਰਦਾ।

ਇਕ ਦਿਨ ਗੁਰੂ ਸਾਹਿਬ ਨੂੰ ਭਾਈ ਭਗਤੂ ਹਥ ਜੋੜ ਕੇ ਕਹਿਣ ਲਗਾ ਕਿ ਮੈਨੂੰ ਸੇਵਾ ਬਖ਼ਸ਼ੋ। ਸੇਵਾ ਤੋਂ ਬਗੈਰ ਉਮਰ ਅਕਾਰਥ ਹੈ, ਮੈਂ ਆਪਣੀ ਉਮਰ ਇਸ ਤਰ੍ਹਾਂ ਬਤੀਤ ਨਹੀਂ ਕਰਾਂਗਾ, ਇਸ ਨੂੰ ਸਕਾਰਥ ਕਰਾਂਗਾ।[1] ਰਾਤ ਦਿਨ ਬੈਠਿਆਂ ਵੀ ਬੀਤ ਜਾਂਦੇ ਹਨ। ਉਨ੍ਹਾਂ ਦਾ ਹੀ ਜੀਵਨ ਸਫਲ ਹੈ ਜੋ ਗੁਰੂ ਦੀ ਸੇਵਾ ਦੀ ਕਮਾਈ ਕਰਦੇ ਹਨ। ਮਨ ਨੂੰ ਸਦਾ ਹੀ ਗੁਰੂ ਸਾਹਿਬ ਦੀ ਸੇਵਾ ਵਿਚ ਰਖਦੇ ਤੇ ਗੁਰੂ ਸਾਹਿਬ ਦੀ ਸੇਵਾ ਵਿਚ ਹੀ ਆਪਣੇ ਹਥ ਪੈਰ

---

[1] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਨੌਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 3530.
ਇਕ ਦਿਨ ਹਾਥ ਜੋਰ ਕਰਿ ਕਹਯੋ। ‘ਸੇਵਾ ਬਖਸ਼ੋ ਮੈਂ ਚਿਤ ਚਹਯੋ।।੧੪।। ਬਿਨ ਸੇਵਾ ਤੇ ਬੈਸ ਅਕਾਰਥ। ਮੈਂ ਨ ਬਿਤਾਵੌਂ ਕਰੌਂ ਸਕਾਰਥ। (ਰਾਸਿ 8 ਅੰਸੂ 60)

ਲਾਉਂਦੇ ਰਹੇ। ਉਹ ਜਨਮਾਂ-ਜਨਮਾਂ ਦੀ ਮੈਲ ਨੂੰ ਧੋ ਲੈਂਦੇ ਹਨ। ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਬਜ਼ੁਰਗ (ਭਾਈ ਭਗਤੂ) ਨੂੰ ਵੇਖ ਕੇ ਹਸ ਕੇ ਬਚਨ ਕੀਤਾ ਕਿ ਹੁਣ ਤਾਂ ਚਰਖਾ ਸਹੇੜਨਾ ਚਾਹੀਦਾ ਹੈ ਭਾਵ ਵਿਆਹ ਕਰਵਾ ਲਵੋ, ਜਿਸ ਨਾਲ ਬੁਢਾਪੇ ਦਾ ਨਿਰਬਾਹ ਕਰ ਲਵੋ। ਪ੍ਰਸੰਨ ਹੋਏ ਵੇਖ ਕੇ ਭਾਈ ਭਗਤੂ ਨੇ ਹਥ ਜੋੜ ਕੇ ਕਿਹਾ ਕਿ ਜੋ ਵੀ ਹੁੰਦਾ ਹੈ ਆਪ ਜੀ ਦੀ ਮਰਜ਼ੀ ਅਨੁਸਾਰ ਹੁੰਦਾ ਹੈ। ਫਿਰ ਗੁਰੂ ਸਾਹਿਬ ਅਗੇ ਭਾਈ ਭਗਤੂ ਨੇ ਬੇਨਤੀ ਕੀਤੀ ਕਿ ਤੁਸੀਂ ਆਪਣੇ ਘਰ ਦੀ ਸੇਵਾ ਬਖ਼ਸ਼ੋ ਤੇ ਸਾਡੇ ਸਰੀਰ ਨੂੰ ਸਫਲ ਕਰੋ। ਤਦ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਗੁਰੂ ਘਰ ਦੀ ਖੇਤੀ ਕਰਾਵੋ, ਇਸ ਵਾਰ ਕਾਮੇ ਰਖ ਲਵੋ। ਹੋਰ ਕੋਈ ਸੇਵਾ ਤੁਹਾਡੇ ਲਾਇਕ ਨਹੀਂ ਹੈ, ਤੁਸੀਂ ਜਨਮ ਤੋਂ ਭਲੇ ਜ਼ਿਮੀਦਾਰ ਹੋਣ ਕਰਕੇ ਤੁਹਾਨੂੰ ਖੇਤੀ ਦੀ ਸੇਵਾ ਦਸੀ ਹੈ।

## ਭਾਈ ਫੇਰੂ ਜੀ

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਆਸਣ ਲਾ ਕੇ ਬੈਠੇ ਸਨ ਤੇ ਭਾਈ ਫੇਰੂ ਆ ਕੇ ਗੁਰੂ ਸਾਹਿਬ ਦੇ ਚਰਨਾਂ ’ਤੇ ਬੰਦਨਾ ਕਰਕੇ ਬੈਠ ਜਾਂਦਾ ਹੈ। ਗੁਰੂ ਸਾਹਿਬ ਨੇ ਮੁਸਕਰਾ ਕੇ ਬਚਨ ਕੀਤਾ ਕਿ ਭਾਈ ਪਰਉਪਕਾਰੀ ਜੀ ਆਪਣੇ ਨਾਲ ਕਿਸ ਨੂੰ ਲਿਆਏ ਹੋ? ਇਸ ਨੂੰ ਆਪਣੇ ਰੰਗ ਵਿਚ ਕਿਉਂ ਨਹੀਂ ਰੰਗਿਆ ਹੈ। ਫਿਰ ਭਾਈ ਭਗਤੂ ਨੇ ਹਥ ਜੋੜ ਕੇ ਕਿਹਾ ਇਸ ਨੂੰ ਚਰਨਾਂਮ੍ਰਿਤ ਦੇ ਕੇ ਆਪਣਾ ਸਿਖ ਬਣਾਉ, ਗੁਰਮਤਿ ਦਾ ਉਪਦੇਸ਼ ਦੇ ਕੇ ਸੁਖ ਦਿਉ। ਇਹ ਤੁਹਾਡਾ ਸ਼ਰਧਾਲੂ ਬਣ ਕੇ ਆਇਆ ਹੈ। ਤੁਸੀਂ ਕਿਰਪਾ ਕਰਕੇ ਇਸਨੂੰ ਨਿਹਾਲ ਕਰ ਦਿਉ।[2] ਤਦ ਗੁਰੂ ਸਾਹਿਬ ਨੇ ਜਲ ਮੰਗਵਾਇਆ ਤੇ ਆਪਣੇ ਚਰਨ ਕੰਵਲਾਂ ਨੂੰ ਧੋ ਕੇ ਪਾਹੁਲ ਦਿਤੀ। ਜਦੋਂ ਗੁਰੂ ਸਾਹਿਬ ਨੇ ਉਸਦਾ ਨਾਮ ਪੁਛਿਆ ਤਾਂ ਉਸਨੇ ਦਸਿਆ ਕਿ ਮੇਰੇ ਪਿਤਾ ਜੀ ਨੇ ਮੇਰਾ ਨਾਂ ‘ਸੰਗਤ’ ਰਖਿਆ ਸੀ। ਮੈਂ ਲੂਣ, ਘਿਉ ਵੇਚਣ ਲਈ ਇਕ-ਦੋ ਪਿੰਡਾਂ ਵਿਚ ਫੇਰੀ ਲਾਉਂਦਾ ਹਾਂ। ਇਸ ਤਰ੍ਹਾਂ ਕਿਰਤ ਕਰਨ ਨਾਲ ਮੇਰੀ ਰੋਜ਼ੀ ਰੋਟੀ ਤੁਰਦੀ ਹੈ। ਇਹ

---

[2] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਨੌਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 3533.
ਭਯੋ ਦਯਾਲ ਭਗਤੂ ਤਿਸ ਕਾਲ। ਲੇ ਕਰਿ ਚਲਯੋ ਆਪਨੇ ਨਾਲ। ਜਹਾਂ ਬਿਰਾਜਤਿ ਸ੍ਰੀ ਹਰਿਰਾਇ। ਪਹੁੰਚੇ, ਬੈਠੇ ਸੀਸ ਨਿਵਾਏ।।੪੬।।
ਬਿਹਸ ਬਦਨ ਤੇ ਗੁਰੂ ਉਚਾਰੀ। ‘ਆਵਹੁ ਭਾਈ ਪਰਉਪਕਾਰੀ! ਆਨਯੋ ਕੌਨ ਆਪਨੇ ਸੰਗ? ਕਯੋਂ ਨ ਅਜਾਇਬ ਰੰਗਯੋ ਰੰਗ?।।੪੭।।’
(ਰਾਸਿ 8 ਅੰਸੂ 60)

ਸੁਣ ਕੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਨੇ ਬਚਨ ਕੀਤਾ ਕਿ ਹੁਣ ਤੇਰਾ ਨਾਂ 'ਫੇਰੂ' ਹੋਵੇਗਾ। ਹੁਣ ਸਾਰੇ ਕੰਮ ਛਡ ਕੇ ਲੰਗਰ ਚਲਾਵੋ ਤੇ ਸਤਿਨਾਮ ਸਿਮਰ ਕੇ ਅਕਾਲ ਪੁਰਖ ਦੇ ਗੁਣ ਗਾਵੋ। ਭਾਈ ਫੇਰੂ ਨੇ ਲੰਗਰ ਦੀ ਸੇਵਾ ਸੰਭਾਲ ਲਈ ਤੇ ਭੋਜਨ ਤਿਆਰ ਕਰਨ ਲਗਾ। ਉਹ ਬਹੁਤ ਪ੍ਰੇਮ ਨਾਲ ਸੰਗਤ ਨੂੰ ਭੋਜਨ ਦਿੰਦਾ ਤੇ ਹਰ ਇਕ ਨੂੰ ਤ੍ਰਿਪਤ ਕਰਕੇ ਬਹੁਤ ਖੁਸ਼ੀਆਂ ਲੈਂਦਾ ਸੀ। ਭਾਈ ਫੇਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਸੇਵਾ ਕਰਦਾ ਰਿਹਾ।

ਤਵਾਰੀਖ ਗੁਰੂ ਖਾਲਸਾ ਅਨੁਸਾਰ ਭਾਈ ਫੇਰੂ ਜੀ ਦਾ ਲੰਗਰ ਵਰਤਦਾ ਦੇਖ ਕੇ ਇਕ ਸੰਤ ਭੁਖਾ ਆਇਆ, ਲਾਂਗਰੀ ਨੇ ਉਸਨੂੰ ਇਕ ਰੋਟੀ ਤੇ ਆਪਣੇ ਸੰਬੰਧੀ ਨੂੰ ਪੰਜ ਰੋਟੀਆਂ ਦਿਤੀਆਂ।[3] ਸੰਤ ਬੋਲਿਆ ਭਾਈ ਫੇਰੂ ਦਾ ਲੰਗਰ ਕਾਣਾ ਹੈ, ਇਹ ਬਚਨ ਸੁਣਕੇ ਭਾਈ ਫੇਰੂ ਨੇ ਅੰਦਰੋ ਆ ਕੇ ਉਸ ਸੰਤ ਦੇ ਚਰਨ ਫੜ ਕੇ ਬੇਨਤੀ ਕੀਤੀ ਮੈਂ ਕਾਣਾ ਹੋ ਜਾਵਾ, ਪਰ ਲੰਗਰ ਨਾ ਕਾਣਾ ਹੋਵੇ। ਉਸਦੀ ਸ਼ਰਧਾ ਤੇ ਸਿਦਕ ਨੂੰ ਉਸ ਦੀ ਇਕ ਅਖ ਜਾਂਦੀ ਰਹੀ ਤੇ ਲੰਗਰ ਕਾਇਮ ਰਿਹਾ।

## ਬ੍ਰਿਧਾ ਪ੍ਰੇਮਣ

ਇਕ ਬ੍ਰਿਧ ਇਸਤਰੀ ਦਿਨ-ਰਾਤ ਗੁਰੂ ਸਾਹਿਬ ਦੇ ਨਾਮ ਦਾ ਸਿਮਰਨ ਕਰਦੀ ਸੀ ਤੇ ਚਿਤ ਵਿਚ ਯਾਦ ਕਰਕੇ ਬਲਿਹਾਰ ਜਾਂਦੀ ਸੀ। ਉਸਦੇ ਘਰ ਵਿਚ ਬਹੁਤ ਗਰੀਬੀ ਕਾਰਨ ਭੋਜਨ ਵੀ ਪ੍ਰਾਪਤ ਨਹੀਂ ਹੁੰਦਾ ਸੀ ਪਰ ਗੁਰੂ ਸਾਹਿਬ ਦੀ ਸੇਵਾ ਆਪਣੇ ਹਥੀਂ ਕਰਨਾ ਚਾਹੁੰਦੀ ਸੀ। ਉਹ ਸੋਚਦੀ ਸੀ ਕਿ ਮੇਰੇ ਹਥਾਂ ਤੋਂ ਕਿਸੇ ਵਿਧੀ ਨਾਲ ਗੁਰੂ ਸਾਹਿਬ ਦੀ ਸੇਵਾ ਹੋਵੇ, ਤਦ ਹੀ ਮੈਂ ਆਪਣਾ ਜੀਵਨ ਸਫਲ ਪਾਵਾਂਗੀ।[4] ਇਕ ਦਿਨ ਕੁਝ ਧਰਮ ਕਿਰਤ ਕਰਕੇ ਇਕ ਟਕਾ ਮਿਹਨਤ ਦਾ ਲਿਆ। ਭੋਜਨ ਦੀ ਸਮਗਰੀ ਖਰੀਦੀ ਤੇ ਆਪਣੇ ਘਰ ਵਿਚ ਆ ਕੇ ਲਿਪਾਈ ਕੀਤੀ। ਰੋਟੀਆਂ ਪਕਾ ਕੇ ਤੇ ਘਿਉ, ਖੰਡ ਉਪਰ ਪਾਈ। ਉਨ੍ਹਾਂ ਨੂੰ ਰੁਮਾਲ ਦੇ ਨਾਲ ਢਕ ਕੇ ਚਲ ਪਈ। ਬ੍ਰਿਧਾ ਪ੍ਰੇਮਣ

---

[3] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 652.

[4] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਨੌਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 3551.

ਇਕ ਬਿਰਧਾ ਸ਼ਰਧਾ ਸਤਿਗੁਰ ਕੀ ਪ੍ਰੇਮਾ ਭਗਤਿ ਰਿਦੈ ਲਿਵ ਲਾਇ। ਧਰਹਿ ਨਿਸ ਦਿਨ ਗੁਰਮੂਰਤਿ ਚਿਤ ਮਹਿਂ ਚਿਤਵਤਿ ਬਲ ਜਾਇ।
ਘਰ ਤੇ ਨਿਰਧਨ ਅਸਨ ਨ ਪਾਵਹਿ ਚਹਹਿ ਕਰਵਿ ਗੁਰ ਸੇਵ ਬਨਾਇ। (ਰਾਸਿ 9 ਅੰਸੂ 3)

ਮਨ ਵਿਚ ਸੋਚਣ ਲਗੀ ਕਿ ਗੁਰੂ ਸਾਹਿਬ ਮੇਰੇ ਹਥ ਦੀ ਰੋਟੀ ਲੈ ਕੇ ਕਿਵੇਂ ਖਾ ਲੈਣਗੇ? ਬੜੀ ਦੇਰ ਦੀ ਮੇਰੀ ਖਾਹਿਸ਼ ਹੈ ਕਿ ਗੁਰੂ ਸਾਹਿਬ ਦੇ ਨੇੜੇ ਜਾ ਕੇ ਉਨ੍ਹਾਂ ਦੀ ਸੇਵਾ ਕਰਾ ਸਕਾ।

ਗੁਰੂ ਸਾਹਿਬ ਘੋੜੇ 'ਤੇ ਚੜ੍ਹ ਕੇ ਸ਼ਿਕਾਰ ਖੇਡਣ ਚਲ ਪਏ ਤੇ ਉਸ ਦੇ ਘਰ ਵਲ ਚਲੇ ਗਏ। ਸੈਂਕੜੇ ਅਸਵਾਰ ਸ਼ਸਤਰ-ਬਧ ਹੋ ਕੇ ਗੁਰੂ ਸਾਹਿਬ ਦੇ ਪਿਛੇ ਆ ਗਏ। ਬ੍ਰਿਧ ਇਸਤਰੀ ਰਾਹ ਛਡ ਕੇ ਇਕ ਥਾਂ ਖੜੀ ਹੋ ਗਈ ਤੇ ਮਨ ਵਿਚ ਚਰਨ ਬੰਦਨਾ ਕੀਤੀ। ਗੁਰੂ ਸਾਹਿਬ ਨੇ ਸਭ ਨੂੰ ਰੁਕਣ ਲਈ ਕਿਹਾ ਤੇ ਘੋੜੇ ਨੂੰ ਫੇਰ ਕੇ ਬ੍ਰਿਧ ਇਸਤਰੀ ਪਾਸ ਪਹੁੰਚੇ, ਗੁਰੂ ਸਾਹਿਬ ਨੇ ਪਾਸ ਜਾ ਕੇ ਬਚਨ ਕੀਤਾ ਕਿ ਸਾਨੂੰ ਬੜੀ ਭੁਖ ਲਗੀ ਹੈ, ਮਾਤਾ ਜੀ ਭੋਜਨ ਦਿਉ। ਬ੍ਰਿਧ ਮਾਤਾ ਸੁਣ ਕੇ ਬਹੁਤ ਪ੍ਰਸੰਨ ਹੋਈ। ਗੁਰੂ ਸਾਹਿਬ ਮਾਤਾ ਦੇ ਪ੍ਰੇਮ ਦੇ ਆਸਰੇ ਭੋਜਨ ਛਕਣ ਲਗੇ। ਬ੍ਰਿਧ ਮਾਤਾ ਗੁਰੂ ਸਾਹਿਬ ਨੂੰ ਭੋਜਨ ਛਕਦਿਆਂ ਵੇਖ ਕੇ ਅਨੇਕ ਪ੍ਰਕਾਰ ਦੀਆਂ ਬੇਨਤੀਆਂ ਕਰਦੀ ਕਿ ਮੈਂ ਅਨਾਥ ਤੁਹਾਡੀ ਦਾਸੀ ਹਾਂ, ਮੇਰੀ ਸ਼ਰਧਾ ਨੂੰ ਤੁਸੀ ਇਸ ਵਾਰ ਭਾਗ ਲਾਏ ਹਨ।

ਅਗਲੇ ਦਿਨ ਸ੍ਰੀ ਗੁਰੂ ਹਰਿਰਾਇ ਜੀ ਨੇ ਬਚਨ ਕੀਤਾ ਕਿ ਸਿਖੋ ਸੁਣੋ, ਇਸ ਬ੍ਰਿਧ ਇਸਤਰੀ ਨੇ ਪਵਿਤਰ ਭੋਜਨ ਤਿਆਰ ਕੀਤਾ ਸੀ। ਮਨ ਨੂੰ ਸ਼ੁਧ ਕਰਕੇ ਭਗਤੀ ਭਾਵਨਾ ਸਹਿਤ ਹੋ ਕੇ ਹਿਰਦੇ ਵਿਚ ਪ੍ਰੇਮ ਧਾਰ ਕੇ ਤੇ ਮਨ ਵਿਚ ਨੀਵਿਆਂ ਹੋ ਕੇ ਭੋਜਨ ਬਣਾਇਆ ਸੀ।[5] ਇਹਨਾਂ ਨੇ ਆਪਣੇ ਹਥਾਂ ਨਾਲ ਸਾਰਾ ਦਿਨ ਮਿਹਨਤ ਕਰਕੇ ਕਮਾਈ ਕੀਤੀ ਸੀ। ਉਸ ਕਮਾਈ ਦਾ ਅਨਾਜ ਮੁਲ ਲਿਆਂਦਾ ਸੀ ਤੇ ਹਥਾਂ ਦੀ ਕਾਰ ਕਰਨ ਨਾਲ ਸਭ ਕੁਝ ਪਵਿਤਰ ਹੋ ਗਿਆ ਸੀ। ਪ੍ਰੇਮ ਭਗਤੀ ਨਾਲ ਤਿਆਰ ਕੀਤਾ ਭੋਜਨ ਬਹੁਤ ਸਵਾਦੀ ਹੋ ਜਾਂਦਾ ਹੈ ਤੇ ਉਥੇ ਆਪ ਪਹੁੰਚ ਕੇ ਭੋਜਨ ਛਕਦੇ ਹਾਂ।

---

[5] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਨੌਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 3554.
ਸ਼੍ਰੀ ਹਰਿਰਾਇ ਭਨਯੋ 'ਸੁਨਿ ਸਿੱਖਹੁ! ਬਿਰਧਾ ਕਰਯੋ ਪੁਨੀਤ ਅਹਾਗਮਨ ਸੁਧ ਭਗਤਿ ਭਾਇ ਸੰਜੁਗਤੈ ਨਿੰਮ੍ਰਿਭੂਤ ਉਰਪ੍ਰੀਤੀ ਧਾਰਿ। ਕਰਿ ਮਿਹਨਤਿ ਨਿਜ ਕਰ ਤੇ ਹਿਤ ਕਰਿ ਸਗਰੇ ਦਿਵਸ ਵਿਖੈ ਸ਼ੁਭ ਕਾਰ। ਤਿਸ ਤੇ ਅੰਨ ਮੋਲ ਕਰਿ ਆਨਯੋ ਅਤਿ ਪਵਿੱਤ੍ਰ ਹੁਇ ਸਭਿ ਕਰਿ ਕਾਰਿ॥੨੧॥ (ਰਾਸਿ 9 ਅੰਸੂ 3)

## ਭਾਈ ਗੋਂਦਾ ਜੀ

ਭਾਈ ਗੋਂਦਾ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੇ ਪਾਸ ਰਹਿ ਕੇ ਸਾਰਾ ਸਮਾਂ ਸੇਵਾ ਕਰਦਾ ਸੀ। ਇਕ ਦਿਨ ਗੁਰੂ ਸਾਹਿਬ ਨੇ ਪ੍ਰਸੰਨ ਹੋ ਕੇ ਵੇਖਿਆ ਤੇ ਉਸ ਸਮੇਂ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਵਿਦੇਸ਼ ਵਿਚ ਜਿਹੜਾ ਕਾਬਲ ਨਾਮ ਦਾ ਸ਼ਹਿਰ ਹੈ, ਉਥੇ ਦੀ ਸਾਰੀ ਸੰਗਤ ਸਿਖ ਹੈ।[6] ਉਥੇ ਜਾ ਕੇ ਰਹੋ ਤੇ ਉਨ੍ਹਾਂ ਸਭ ਦੀ ਖ਼ਬਰ-ਸਾਰ ਲਵੋ ਤੇ ਉਨ੍ਹਾਂ ਨੂੰ ਸਿਖੀ ਦਾ ਉਪਦੇਸ਼ ਦੇਵੋ। ਉਥੋ ਦੀ ਜਿਹੜੀ ਗੁਰੂ ਦੀ ਕਾਰ ਭੇਂਟ ਹੈ, ਉਹ ਸਾਰੇ ਦੇਸ਼ ਦੀ ਇਕਠੀ ਕਰੋ ਤੇ ਗੁਰੂ ਦਾ ਲੰਗਰ ਚਲਾਉ। ਇਹ ਸਾਰਾ ਕਾਰਜ ਸਫਲ ਹੋ ਜਾਵੇਗਾ, ਇਸ ਤੋਂ ਬਾਅਦ ਲੰਗਰ ਦਾ ਖਰਚਾ ਕਰਕੇ ਜਿਹੜਾ ਧਨ ਬਚ ਜਾਵੇ ਉਹ ਸਾਰਾ ਸਾਨੂੰ ਭੇਜ ਦਿਉ।

ਗੁਰੂ ਸਾਹਿਬ ਤੋਂ ਆਗਿਆ ਲੈ ਕੇ ਭਾਈ ਗੋਂਦਾ ਵਿਦਾ ਹੋ ਗਿਆ। ਕਾਬਲ ਸ਼ਹਿਰ ਵਿਚ ਜਾ ਕੇ ਇਕ ਧਰਮਸ਼ਾਲਾ ਬਣਾਈ, ਜਿਥੇ ਸਭ ਨੂੰ ਭੋਜਨ ਛਕਾਉਂਦਾ ਸੀ ਤੇ ਸਤਿਨਾਮ ਦਾ ਸਿਮਰਨ ਕਰਦਾ ਸੀ। ਇਹ ਸੇਵਾ ਵੇਖ ਕੇ ਗੁਰੂ ਸਾਹਿਬ ਦੇ ਮਨ ਨੂੰ ਭਾਈ ਗੋਂਦਾ ਦੀ ਸ਼ਰਧਾ ਭਾ ਗਈ ਤੇ ਦੀਵਾਨ ਵਿਚ ਗੁਰੂ ਸਾਹਿਬ ਨੇ ਕਿਹਾ ਕਿ ਗੋਂਦਾ ਬਹੁਤ ਸ਼ਰਧਾ ਨਾਲ ਸੇਵਾ ਕਰਦਾ ਹੈ।

## ਭਾਈ ਨਥਾ ਜੀ

ਭਾਈ ਨਥਾ ਢਾਕੇ ਵਿਖੇ ਰਹਿੰਦਾ ਸੀ। ਸ੍ਰੀ ਗੁਰੂ ਹਰਿਰਾਇ ਜੀ ਦਾ ਹੁਕਮ ਪਾ ਕੇ ਉਹ ਪੋਸ਼ਾਕੇ ਬਣਾਉਂਦਾ ਸੀ।[7] ਜਦ ਪੋਸ਼ਾਕਾ ਤਿਆਰ ਹੋ ਜਾਂਦਾ ਤਾਂ ਗੁਰੂ ਸਾਹਿਬ ਲਈ ਭੇਜਦਾ ਸੀ ਤੇ ਦੁਬਾਰਾ ਹੋਰ ਬਣਾਉਣ ਲਗ ਜਾਂਦਾ। ਉਹ ਕਈ ਪ੍ਰਕਾਰ ਦੇ ਸੂਖਮ ਤੇ ਰੇਸ਼ਮੀ ਕਪੜਾ ਮੁਲ ਲੈਂਦਾ ਤੇ ਗੁਰੂ ਸਾਹਿਬ ਦੇ ਪਹਿਣਨ ਲਈ ਬਹੁਤ ਸਾਰੇ ਪੋਸ਼ਾਕੇ ਭੇਜਦਾ ਸੀ। ਭਾਈ ਨਥਾ ਇਸ ਸੇਵਾ ਲਈ ਹੀ ਢਾਕੇ ਵਿਚ ਰਹਿੰਦਾ ਸੀ।

---

[6] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਨੌਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 3561.

ਸ੍ਰੀ ਸਤਿਗੁਰ ਪੂਰਨ ਹਰਿਰਾਇ। ਕਿਤਿਕ ਸਮੇ ਢਿਗ ਸੇਵ ਕਮਾਇ। ਭਏ ਪ੍ਰਸੰਨ ਏਕ ਦਿਨ ਹੇਰਾ। ਕਹਯੋ ਬਾਕ ਸ੍ਰੀ ਮੁਖ ਤਿਸ ਬੇਰਾ।।੨।। (ਰਾਸਿ 9 ਅੰਸੂ 5)

[7] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, 619.

## ਦਾਰਾ ਸ਼ਕੋਹ

ਤਵਾਰੀਖ ਗੁਰੂ ਖਾਲਸਾ ਅਨੁਸਾਰ ਸੰ: 1708 ਬਿ: ਨੂੰ ਸੰਗਤਾਂ ਦੀ ਪ੍ਰਾਰਥਨਾ ਮੰਨਕੇ ਅੰਮ੍ਰਿਤਸਰ ਦੇ ਦਰਸ਼ਨ ਇਸ਼ਨਾਨ ਕਰਨ ਲਈ ਸਾਰੇ ਕੁਟੰਬ ਸਮੇਤ ਗੁਰੂ ਸਾਹਿਬ ਜੀ ਕੀਰਤਪੁਰ ਸਾਹਿਬ ਤੋਂ ਚਲ ਕੇ ਦੁਆਬੇ ਦੇਸ਼ ਵਿਚ ਪਿੰਡ ਵਡੀ ਬਹਿਲੀ ਜਾ ਉਤਰੇ। ਦਾਰਾਸ਼ਕੋਹ ਦੇ ਭੇਜੇ ਹੋਏ ਮਨੁਖ ਇਥੇ ਜਾ ਕੇ ਮਿਲੇ। ਉਹਨਾਂ ਨੇ ਦੋ ਘੋੜੇ, ਕੀਮਤੀ ਸੋਨੇ, ਚਾਂਦੀ ਦੀ ਕਾਠੀ ਵਾਲੇ, ਮੋਤੀ ਮਾਲਾ, ਜਿਗਾ ਕਲਗੀ ਤੇ ਕੁਝ ਮਾਇਆ ਆਦਿ ਗੁਰੂ ਸਾਹਿਬ ਨੂੰ ਭੇਂਟ ਕੀਤੇ।[8]

## ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਸਮਕਾਲੀ ਸੇਵਕ

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦੇ ਸਮਕਾਲੀ ਸੇਵਕ ਰਾਜਾ ਜੈ ਸਿੰਘ ਸਨ। ਇਹਨਾਂ ਦੁਆਰਾ ਗੁਰੂ ਸਾਹਿਬ ਦੀ ਕੀਤੀ ਗਈ ਸੇਵਾ ਦਾ ਵਰਣਨ ਇਸ ਪ੍ਰਕਾਰ ਹੈ:

## ਰਾਜਾ ਜੈ ਸਿੰਘ

ਜਦ ਗੁਰੂ ਸਾਹਿਬ ਦੇ ਆਉਣ ਦਾ ਪਤਾ ਲਗਾ ਤਾਂ ਰਾਜਾ ਆਪਣੇ ਪਰਿਵਾਰ ਸਮੇਤ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਆਇਆ। ਗੁਰੂ ਸਾਹਿਬ ਨੂੰ ਨਮਸਕਾਰ ਕਰਕੇ ਰਾਜਾ ਜੈ ਸਿੰਘ ਦੀਆਂ ਪਤਨੀਆਂ ਨੇ ਬਹੁਤ ਸਾਰੀਆਂ ਮੋਹਰਾਂ ਗੁਰੂ ਸਾਹਿਬ ਅਗੇ ਭੇਂਟ ਕੀਤੀਆਂ। ਜਦ ਦੋ ਘੜੀ ਦਿਨ ਰਹਿ ਗਿਆ ਤਾਂ ਰਾਜੇ ਨੇ ਗੁਰੂ ਸਾਹਿਬ ਲਈ ਭੋਜਨ ਤਿਆਰ ਕੀਤਾ। ਗੁਰੂ ਸਾਹਿਬ ਲਈ ਚਾਰ ਪ੍ਰਕਾਰ ਦਾ ਭੋਜਨ (ਲੇਹਜ, ਚੋਸਾ, ਭਖ ਅਤੇ ਭੋਜ) ਸੋਨੇ ਦੇ ਥਾਲਾਂ ਵਿਚ ਪਰੋਸਿਆ।[9] ਗੁਰੂ ਸਾਹਿਬ ਨੇ ਰਾਜੇ ਦੇ ਹਿਰਦੇ ਵਿਚ ਸ਼ੁਧ ਭਾਵਨਾ ਨੂੰ ਵੇਖ ਕੇ ਬਹੁਤ ਖੁਸ਼ ਹੋਏ।

---

[8] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 623.

[9] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦਸਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 3940.
ਦੁਇ ਘਟਕਾ ਬਾਸੁਰ ਜਬਿ ਰਹਯੋ। ਹਿਤ ਭੋਜਨ ਕੇ ਭੂਪਤਿ ਕਹਯੋ। ਲੇਹਜ ਆਦਿਕ ਚਾਰ ਪ੍ਰਕਾਰਾ। ਕੰਚਨ ਥਾਲ ਪਰੋਸਿ ਅਹਾਰਾ।।੨੪।। (ਰਾਸਿ 10 ਅੰਸੂ 47)

## ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਮਕਾਲੀ ਸੇਵਕ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਮਕਾਲੀ ਸੇਵਕ ਭਾਈ ਮਖਣ ਸ਼ਾਹ ਜੀ, ਵੱਲੇ ਪਿੰਡ ਦਾ ਸਿਖ, ਕਿਸਾਨ, ਖਿਆਲੇ ਪਿੰਡ ਦਾ ਬ੍ਰਾਹਮਣ, ਭਾਈ ਮੋਂਹਾ ਜੀ, ਵਹਿਰ ਜਛ ਦਾ ਤਰਖਾਣ ਸਿਖ, ਬਾਰਨਾ ਪਿੰਡ ਦਾ ਕਿਸਾਨ, ਭਾਈ ਮਲੂਕ ਦਾਸ ਜੀ, ਭਾਈ ਜੈਤਾ ਸੇਠ ਜੀ, ਪਟਨੇ ਦਾ ਸਿਖ, ਮਾਲਦਾ ਨਗਰ ਦਾ ਹਲਵਾਈ ਸਿਖ, ਭਾਈ ਮਤੀ ਦਾਸ ਜੀ, ਬਾਬਾ ਗੁਰਦਿਤਾ ਜੀ, ਰਾਜਾ ਸੈਫ਼ਦੀਨ, ਭਾਈ ਗਿਲੋਰਾ ਜੀ, ਭਾਈ ਭਾਗੂ ਜੀ, ਦਿਲੀ ਦਾ ਸਿਖ, ਭਾਈ ਲਖੀ ਵਣਜਾਰਾ ਜੀ, ਸਾਬੋ ਕੇ ਸਰਦਾਰ, ਭਾਈ ਮੱਲਾ ਜੀ, ਭਾਈ ਬੁਲਾਕੀ ਦਾਸ ਜੀ ਤੇ ਉਸਦੀ ਮਾਤਾ, ਰਾਜਾ ਹਜ਼ੂਰੀ ਸਿੰਘ ਬਹਿਲ, ਭਾਈ ਭਾਗੋ ਜੀ, ਭਾਈ ਦਿਆਲਾ ਜੀ ਤੇ ਭਾਈ ਜੈਤਾ ਜੀ ਵਰਗੇ ਸੇਵਕਾਂ ਨੇ ਗੁਰੂ ਸਾਹਿਬ ਦੀ ਸੇਵਾ ਕੀਤੀ। ਇਹਨਾਂ ਸੇਵਕਾਂ ਦੁਆਰਾ ਗੁਰੂ ਸਾਹਿਬ ਦੀ ਕੀਤੀ ਗਈ ਸੇਵਾ ਦਾ ਵਰਣਨ ਇਸ ਪ੍ਰਕਾਰ ਹੈ:

### ਭਾਈ ਮਖਣ ਸ਼ਾਹ ਜੀ

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਬਾ ਬਕਾਲੇ ਵਿਖੇ ਸਨ ਤਾਂ ਭਾਈ ਮਖਣ ਸ਼ਾਹ ਲੁਬਾਣਾ ਉਥੇ ਆ ਪਹੁੰਚਿਆ। ਭਾਈ ਮਖਣ ਸ਼ਾਹ ਨੇ ਹਥ ਜੋੜ ਕੇ ਗੁਰੂ ਸਾਹਿਬ ਨੂੰ ਨਮਸਕਾਰ ਕੀਤੀ ਤੇ ਆਪਣਾ ਚੰਗਾ ਕਰਤਵ ਵਿਚਾਰ ਕੇ ਆਪਣੇ ਨੌਕਰਾਂ ਨੂੰ ਕਿਹਾ ਕਿ ਗੁਰੂ ਸਾਹਿਬ ਲਈ ਪੌਸ਼ਾਕੇ ਤਿਆਰ ਕਰਨੇ ਹਨ। ਇਸ ਲਈ ਚੰਗੇ ਦਰਜ਼ੀ ਲਿਆ ਕੇ ਜੋ ਕਪੜੇ ਤੋਸ਼ੇਖਾਨੇ ਵਿਚ ਪਏ ਹਨ, ਉਨ੍ਹਾਂ ਨੂੰ ਤਿਆਰ ਕਰਵਾ ਲਵੋ।[1] ਸਾਰੀ ਰਾਤ ਪੌਸ਼ਾਕੇ ਤਿਆਰ ਕਰਦਿਆਂ ਬੀਤ ਗਈ ਤੇ ਗੁਰੂ ਸਾਹਿਬ ਦੇ ਕਈ ਪੌਸ਼ਾਕੇ ਤਿਆਰ ਹੋ ਗਏ। ਮਖਣ ਸ਼ਾਹ ਸੂਰਜ ਚੜ੍ਹਨ ਤੋਂ

---

[1] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦਸਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 4090.
ਨਿਜ ਕਰਤੱਬਯ ਚਿਤਵਿ ਕਰਿ ਆਛੇ। ਅਪਨਿ ਨਰਨਿ ਸੋਂ ਬੋਲਯੋ ਪਾਛੇ। ਸੀਵਨਿਹਾਰ ਚਤੁਰ ਲੇ ਆਵੋ। ਹ੍ਵੈਂ ਦੁਇ ਤੀਨ ਸੁ ਛਿੱਪ੍ਰ ਬੁਲਾਵੋ॥੧੭॥ ਸੂਖਮ ਬਸਤ੍ਰ ਸੁ ਤੋਸ਼ੇ ਖਾਨੇ। ਕਰਹੁ ਸਿਵਾਵਨਿ ਤੂਰਨ ਠਾਨੇ। ਬਹੁ ਪਾਲੇ ਕੋ ਜਾਮਾ ਹੋਇ। ਕਰਹੁ ਸੁ ਤੂਰਨਤਾ ਸੰਗ ਸੋਇ॥੧੮॥ (ਰਾਸਿ 11 ਅੰਸੂ 8)

ਚਾਰ ਘੜੀ ਪਹਿਲਾਂ ਉਠ ਕੇ ਗੁਰੂ ਸਾਹਿਬ ਦੇ ਸਥਾਨ ਵਲ ਗਿਆ। ਮਖਣ ਸ਼ਾਹ ਨੇ ਪੌਸ਼ਾਕੇ ਗੁਰੂ ਸਾਹਿਬ ਨੂੰ ਪਹਿਨਣ ਲਈ ਭੇਂਟ ਕੀਤੇ।

ਮਖਣ ਸ਼ਾਹ ਗੁਰੂ ਸਾਹਿਬ ਦੇ ਨਜ਼ਦੀਕ ਰਹਿੰਦਾ ਤੇ ਜਿਸ ਪ੍ਰਕਾਰ ਗੁਰੂ ਸਾਹਿਬ ਹੁਕਮ ਕਰਦੇ ਉਸੇ ਪ੍ਰਕਾਰ ਮਖਣ ਸ਼ਾਹ ਸੇਵਾ ਕਰਦਾ ਸੀ। ਜਦ ਗੁਰੂ ਸਾਹਿਬ ਨੇ ਅੰਮ੍ਰਿਤ ਸਰੋਵਰ ਦੇ ਦਰਸ਼ਨਾਂ ਲਈ ਜਾਣਾ ਸੀ ਤਾਂ ਉਸ ਸਮੇਂ ਮਖਣ ਸ਼ਾਹ ਨੇ ਗੁਰੂ ਸਾਹਿਬ ਨੂੰ ਘੋੜਾ ਭੇਂਟ ਕੀਤਾ ਸੀ।

## ਵੱਲੇ ਪਿੰਡ ਦਾ ਸਿਖ

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅੰਮ੍ਰਿਤ ਸਰੋਵਰ ਤੋਂ ਮੁੜ ਕੇ ਇਕ ਪਿੰਡ ਦੇ ਨੇੜੇ ਆਸਣ ਲਗਾਇਆ। ਇਸ ਪਿੰਡ ਨੂੰ 'ਵੱਲੇ' ਨਾਮ ਨਾਲ ਪੁਕਾਰਦੇ ਸਨ। ਇਹ ਪਿੰਡ ਅੰਮ੍ਰਿਤ ਸਰੋਵਰ ਦੇ ਉਤਰ ਵਾਲੇ ਪਾਸੇ ਤਿੰਨ ਕੋਹ 'ਤੇ ਸਥਿਤ ਹੈ। ਇਥੇ ਇਕ ਸਿਖ ਦੇ ਘਰ ਗੁਰੂ ਸਾਹਿਬ ਨੇ ਡੇਰਾ ਕੀਤਾ। ਜਿਹੜਾ ਬਹੁਤ ਪ੍ਰੇਮ ਨਾਲ ਸੇਵਾ ਕਰਦਾ ਸੀ।[2] ਗੁਰੂ ਸਾਹਿਬ ਦਾ ਸਿਖ ਦੇ ਘਰ ਡੇਰਾ ਹੋਣ ਕਰਕੇ ਸਿਖ ਬਹੁਤ ਖੁਸ਼ ਹੋਇਆ। ਸਿਖ ਨੇ ਗੁਰੂ ਸਾਹਿਬ ਤੇ ਨਾਲ ਆਏ ਸਿਖਾਂ ਨੂੰ ਭੋਜਨ ਛਕਾਇਆ। ਇਥੇ ਸਿਖ ਦੇ ਘਰ ਗੁਰੂ ਸਾਹਿਬ ਨੇ ਰਾਤ ਨੂੰ ਵਿਸ਼ਰਾਮ ਕੀਤਾ।

## ਕਿਸਾਨ

ਜਦੋਂ ਗੁਰੂ ਸਾਹਿਬ ਖੀਵਾ ਪਿੰਡ ਵਿਚ ਪਹੁੰਚੇ ਸਨ ਤਾਂ ਉਥੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਕਿਸਾਨ ਆ ਗਿਆ। ਕਿਸਾਨ ਨੇ ਗੁਰੂ ਸਾਹਿਬ ਦੇ ਪ੍ਰਭਾਵ ਨੂੰ ਵੇਖ ਕੇ ਸਿਰ ਨਿਵਾਇਆ ਤੇ ਬੋਲਿਆ ਕਿ ਮੈਂ ਲਾਗਲੇ ਖੇਤਾਂ ਵਿਚ ਹਲ ਵਾਹ ਰਿਹਾ ਹਾਂ, ਬਹੁਤ ਸਿਖਾਂ ਨੂੰ ਵੇਖ ਕੇ ਦਰਸ਼ਨਾਂ ਦੀ ਉਮੰਗ ਪੈਦਾ ਹੋਈ ਹੈ। ਕਿਸਾਨ ਗੁਰੂ ਸਾਹਿਬ ਅਗੇ ਬੇਨਤੀ ਕਰਨ ਲਗਾ ਕਿ ਮੈਂ ਤੁਹਾਡੇ ਛਕਣ ਲਈ ਲਸੀ ਲੈ ਕੇ ਆਇਆ ਹਾਂ, ਤੁਸੀਂ ਛਕੋ। ਤਦ ਗੁਰੂ

---

[2] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦਸਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 4112.
ਤਹਿਂ ਇਕ ਸਿਖ ਕੇ ਘਰ ਕਰਿ ਡੇਰਾ। ਸੇਵਾ ਕਰਤਿ ਸੁ ਭਾਵ ਬਡੇਰਾ। ਪਰੀ ਨਿਸਾ ਕੀਨਸਿ ਬਿਸਰਾਮੂ। ਜਿਨ ਕੇ ਬਾਕ ਮੋਖ ਕੇ ਧਾਮੂ॥੨੩॥ (ਰਾਸਿ 11 ਅੰਸੂ 22)

ਸਾਹਿਬ ਨੇ ਕਿਹਾ ਤੁਹਾਡੀ ਸ਼ੁਭ ਭਾਵਨਾ ਨੂੰ ਵੇਖਿਆ ਹੈ, ਇਸ ਸਮੇਂ ਤੁਸੀਂ ਹੀ ਲਸੀ ਛਕ ਲਵੋ।[3] ਕਿਸਾਨ ਗੁਰੂ ਸਾਹਿਬ ਅਗੇ ਵਾਰ-ਵਾਰ ਬੇਨਤੀ ਕਰਦਾ ਹੈ ਤਦ ਗੁਰੂ ਸਾਹਿਬ ਨੇ ਸਿਖਾਂ ਨੂੰ ਕਿਹਾ ਕਿ ਲਸੀ ਛਕ ਲਵੋ, ਇਸਦੇ ਨਾਲ ਸੰਗਤ ਦੀ ਬਹੁਤ ਪਿਆਸ ਮਿਟ ਜਾਵੇਗੀ। ਕਿਸਾਨ ਨੂੰ ਫਿਰ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਤੇਰੇ ਘਰ ਬਹੁਤ ਲਸੀ, ਦੁਧ ਰਹੇਗਾ। ਕਦੇ ਵੀ ਤੋਟ ਨਹੀਂ ਆਵੇਗੀ, ਤੂੰ ਇਸ ਸਮੇਂ ਸਤਿਸੰਗਤ ਦੀ ਸੇਵਾ ਕੀਤੀ ਹੈ।

## ਖਿਆਲੇ ਪਿੰਡ ਦਾ ਬ੍ਰਾਹਮਣ

ਜਦ ਗੁਰੂ ਸਾਹਿਬ ਨੇ ਖਿਆਲੇ ਪਿੰਡ ਡੇਰਾ ਲਾਇਆ ਤਾਂ ਉਥੇ ਆ ਕੇ ਬ੍ਰਾਹਮਣ ਨੇ ਗੁਰੂ ਸਾਹਿਬ ਨੂੰ ਨਮਸਕਾਰ ਕੀਤੀ। ਉਹ ਸਰੀਰ, ਮਨ ਤੇ ਬਾਣੀ ਕਰਕੇ ਗੁਰੂ ਸਾਹਿਬ ਨੂੰ ਪ੍ਰੇਮ ਕਰਦਾ ਸੀ। ਜਦ ਗੁਰੂ ਸਾਹਿਬ ਬਚਨ ਕਰਦੇ ਸਨ ਤਾਂ ਬ੍ਰਾਹਮਣ ਹਥ ਜੋੜ ਕੇ ਬੈਠ ਜਾਂਦਾ ਸੀ ਤੇ ਗੁਰੂ ਸਾਹਿਬ ਦੇ ਮੁਖ ਤੋਂ ਬਚਨ ਸੁਣਦਾ ਸੀ।[4] ਬ੍ਰਾਹਮਣ ਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ ਜਿਸ ਕਰਕੇ ਗੁਰੂ ਸਾਹਿਬ ਨੇ ਖੁਸ਼ ਹੋ ਕੇ ਬ੍ਰਾਹਮਣ ਨੂੰ ਛੰਨੇ ਦਿਤੇ ਸਨ। ਉਹ ਛੰਨੇ ਇਸ ਪਰਿਵਾਰ ਕੋਲ ਅਜ ਵੀ ਸੰਭਾਲ ਕੇ ਰਖੇ ਹੋਏ ਹਨ।

## ਭਾਈ ਮੇਂਹਾ ਜੀ

ਭਾਈ ਮੇਂਹਾ, ਨੰਦ ਲਾਲ ਸੋਹਨੇ ਦਾ ਪੁਤਰ ਸੀ। ਉਹ ਹਰ ਸਮੇਂ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਰਹਿੰਦਾ ਸੀ। ਭਾਈ ਮੇਂਹਾ ਜਲ ਦੀ ਬਹੁਤ ਸੇਵਾ ਕਰਦਾ ਸੀ। ਉਹ ਦੂਰ ਤੋਂ ਜਲ ਸਿਰ ਉਤੇ ਰਖ ਕੇ ਲਿਆਉਂਦਾ ਸੀ। ਉਸ ਨੇ ਭਗਤੀ ਭਾਵਨਾ ਵਿਚ ਮਨ ਰੰਗਿਆ ਹੋਇਆ ਸੀ ਤੇ ਕਦੇ ਵੀ ਸਰੀਰ ਦਾ ਸੁਖ ਨਹੀਂ ਚਾਹੁੰਦਾ ਸੀ। ਭਾਈ

---

[3] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦਸਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 4115.

ਇਤਨੇ ਮਹਿਂ ਰਾਹਕ ਇਕ ਆਵਾ। ਪਿਖਿ ਪ੍ਰਭਾਵ ਕੋ ਸੀਸ ਨਿਵਾਵਾ। 'ਨਿਕਟਿ ਖੇਤ੍ਰ ਮੈਂ ਲਾਂਗੁਲ ਵਾਹਤਿ। ਨਰ ਗਨ ਪਿਖਿ ਕਰਿ ਦਰਸ ਉਮਾਹਤਿ॥੨੩॥ (ਰਾਸਿ 11 ਅੰਸੂ 37)

[4] ਉਹੀ, ਪੰਨਾ 4118.

ਇਕ ਦਿਜ ਮਿਲਯੋ ਸੇਵ ਬਹੁ ਠਾਨੀ। ਕਰਤਿ ਭਾਉ ਕਾਯਾਂ ਮਨ ਬਾਨੀ। ਹਾਥ ਜੋਰਿ ਕਰਿ ਬੈਠਹਿ ਪਾਸ। ਸੁਨਿ ਹੈ ਸ੍ਰੀ ਮੁਖ ਬਾਕ ਬਿਲਾਸ॥੨੧॥ (ਰਾਸਿ 11 ਅੰਸੂ 38)

ਮੇਂਹਾ ਗੁਰੂ ਸਾਹਿਬ ਦੀ ਸੇਵਾ ਬੜੇ ਪ੍ਰੇਮ ਨਾਲ ਕਰਦਾ ਸੀ।[5] ਡੇਰੇ ਵਿਚ ਜਿੰਨਾ ਵੀ ਜਲ ਲਗਦਾ ਭਾਈ ਮੇਂਹਾ ਸਾਰਾ ਜਲ ਗਾਗਰ ਨਾਲ ਲਿਆਉਂਦਾ। ਜਿਸ ਕਾਰਨ ਸਿਰ ਦਾ ਮਾਸ ਛਿਲਿਆ ਗਿਆ ਤੇ ਸਿਰ ਦਾ ਜ਼ਖਮ ਚਾਰੇ ਪਾਸੇ ਦਿਨ ਪ੍ਰਤੀ ਦਿਨ ਵਧਦਾ ਗਿਆ। ਭਾਵੇਂ ਸਿਰ ਉਤੇ ਵਿਚ ਵਡਾ ਜ਼ਖਮ ਹੋਣ ਕਰਕੇ ਹਰ ਸਮੇਂ ਮਖੀਆਂ ਕਟਦੀਆਂ ਰਹਿੰਦੀਆਂ ਸਨ ਪਰ ਫਿਰ ਵੀ ਜ਼ਖਮ ਦੀ ਪੀੜ ਬਾਰੇ ਵਿਚਾਰ ਨਹੀਂ ਕਰਦਾ ਸੀ। ਪਹਿਲਾਂ ਦੀ ਤਰ੍ਹਾਂ ਹੀ ਜਲ ਦੀ ਗਾਗਰ ਸਿਰ ’ਤੇ ਰਖ ਕੇ ਸਾਰੇ ਡੇਰੇ ਦੇ ਸਿਖਾਂ ਨੂੰ ਜਲ ਲਿਆ ਕੇ ਇਸ਼ਨਾਨ ਕਰਵਾਉਂਦਾ ਸੀ। ਇਸ ਪ੍ਰਕਾਰ ਸੇਵਾ ਕਰਦਿਆਂ ਕਈ ਦਿਨ ਬੀਤ ਗਏ ਤੇ ਸਿਰ ਦੇ ਵਿਚ ਕਿਰਮ ਪੈ ਗਏ। ਇਕ ਦਿਨ ਸਿਰ ਤੋਂ ਕਪੜਾ ਖੋਲ ਕੇ ਹਥ ਵਿਚ ਫੜਿਆ ਤਾਂ ਉਸਦੇ ਨਾਲ ਕਿਰਮ ਆਏ। ਜਦ ਮਾਤਾ ਨਾਨਕੀ ਜੀ ਨੇ ਵੇਖਿਆਂ ਤਾਂ ਦਿਲ ਵਿਚ ਦਇਆ ਆ ਗਈ ਤੇ ਭਾਈ ਮੇਂਹੇ ਨੂੰ ਕਹਿਣ ਲਗੇ ਕਿ ਭਾਈ ਤੁਸੀਂ ਬਹੁਤ ਪ੍ਰੇਮ ਨਾਲ ਸੇਵਾ ਕਮਾਈ ਹੈ ਤੇ ਗੁਰੂ ਸਾਹਿਬ ਦੇ ਘਰ ਕਸ਼ਟ ਦੀ ਪਰਵਾਹ ਨਾ ਕਰਕੇ ਪ੍ਰਸੰਨ ਹੋ ਕੇ ਘਾਲਣਾ ਘਾਲੀ ਹੈ। ਤੁਸੀਂ ਸਿਰ ਉਤੇ ਕਿਰਮ ਪਏ ਵੀ ਨਹੀਂ ਜਾਣੇ ਤੇ ਉਸੇ ਤਰ੍ਹਾਂ ਨਾਲ ਗੁਰੂ ਸਾਹਿਬ ਦੀ ਸੇਵਾ ਕਰ ਰਹੇ ਹੋ। ਭਾਈ ਮੇਂਹੇ ਨੇ ਸੁਣ ਕੇ ਬੇਨਤੀ ਕੀਤੀ ਕਿ ਮੇਰਾ ਸਰੀਰ ਕਿਸੇ ਗਿਣਤੀ ਵਿਚ ਨਹੀਂ ਆਉਂਦਾ। ਮੇਰੀ ਸੇਵਾ ਜੇ ਪਰਵਾਨ ਹੋਵੇ ਤਾਂ ਇਨ੍ਹਾਂ ਕਿਰਮਾਂ ਨਾਲ ਮੇਰਾ ਕਲਿਆਣ ਹੋਵੇਗਾ। ਭਾਈ ਮੇਂਹਾ ਫਿਰ ਸੇਵਾ ਵਿਚ ਲਗ ਗਿਆ ਤੇ ਜਲ ਦੀਆਂ ਗਾਗਰਾਂ ਭਰ-ਭਰ ਲਿਆਉਂਦਾ ਰਿਹਾ। ਇਕ ਦਿਨ ਸ੍ਰੀ ਗੁਰੂ ਤੇਗ ਬਹਾਦਰ ਜੀ ਬੈਠੇ ਸਨ ਤਾਂ ਭਾਈ ਮੇਹਾਂ ਉਥੇ ਆ ਗਿਆ ਤੇ ਜਲ ਦੀ ਗਾਗਰ ਸਿਰ ’ਤੇ ਚੁਕੀ ਹੋਈ ਸੀ। ਮਾਤਾ ਨਾਨਕੀ ਜੀ ਨੇ ਭਾਈ ਮੇਹਾਂ ਨੂੰ ਵੇਖ ਕੇ ਗੁਰੂ ਸਾਹਿਬ ਨੂੰ ਕਿਹਾ ਇਸ ਸਿਖ ਨੇ ਬੜੀ ਸੇਵਾ ਕੀਤੀ ਹੈ। ਮਾਤਾ ਨਾਨਕੀ ਜੀ ਦੇ ਬਚਨ ਸੁਣ ਕੇ ਗੁਰੂ ਸਾਹਿਬ ਨੇ ਭਾਈ ਮੇਂਹੇ ਨੂੰ ਬੁਲਾਇਆ ਤੇ ਕਿਹਾ ਕਿ ਅਸੀਂ ਤੇਰੀ ਘਾਲਣਾ ਬਾਰੇ ਸੁਣਿਆ ਹੈ। ਹੁਣ ਤੇਰੀ ਸੇਵਾ ਪ੍ਰਵਾਨ ਹੋਈ ਹੈ।

---

[5] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦਸਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 4132.

ਨੰਦ ਲਾਲ ਸੋਹਨੇ ਕੋ ਨੰਦ। ਗੁਰ ਗ੍ਰਿਹ ਸੇਵਾ ਲਗਯੋ ਬਿਲੰਦ। ਮੇਂਹਾ ਨਾਮ ਤਿਸੀ ਕੋ ਅਹੈ। ਸੇਵਾ ਅਧਿਕ ਸੇਵਤੋ ਰਹੈ॥੩॥ ਤਹਿੰ ਜਲ ਹੁਤੋ ਦੂਰ ਤੇ ਲਯਾਵਨਿ। ਸਿਰ ਧਰਿ ਢੋਵਤਿ ਚਹਿ ਮਨ ਪਾਵਨ। ਭਗਤਿ ਭਯੋ ਮੈਂ ਰੰਗਯੋ ਮਨ ਕੋ। ਨਹਿਂ ਸੁਖ ਠਾਨਤਿ ਹੈ ਕਬਿ ਤਨ ਕੋ॥੪॥ (ਰਾਸਿ 11, ਅੰਸੂ 42)

## ਵਹਿਰ ਜਛ ਦਾ ਤਰਖਾਣ ਸਿਖ

ਵਹਿਰ ਜਛ ਨਗਰ ਸਰਸਵਤੀ ਨਦੀ ਦੇ ਕਿਨਾਰੇ ’ਤੇ ਸਥਿਤ ਸੀ। ਜਦ ਗੁਰੂ ਸਾਹਿਬ ਇਸ ਨਗਰ ਪਹੁੰਚੇ ਤਾਂ ਗੁਰੂ ਸਾਹਿਬ ਨੇ ਪੁਛਿਆ ਕਿ ਇਥੇ ਕੋਈ ਸਿਖ ਰਹਿੰਦਾ ਹੈ? ਕੋਈ ਘਰ ਹੈ ਕਿ ਨਹੀਂ ਜੋ ਗੁਰੂ ਨੂੰ ਮੰਨਦਾ ਹੋਵੇ। ਇਕ ਮਨੁਖ ਨੇ ਗੁਰੂ ਸਾਹਿਬ ਨੂੰ ਦਸਿਆ ਕਿ ਤਰਖਾਣ ਸਿਖ ਇਥੇ ਰਹਿੰਦਾ ਹੈ।[6] ਗੁਰੂ ਸਾਹਿਬ ਉਸ ਵਿਅਕਤੀ ਨੂੰ ਨਾਲ ਲੈ ਕੇ ਉਸ ਸਿਖ ਦੇ ਘਰ ਪਹੁੰਚੇ ਤੇ ਅਗੇ ਜਾ ਕੇ ਵੇਖਿਆ ਕਿ ਉਹ ਤਰਖਾਣ ਘਰ ਵਿਚ ਬੈਠਾ ਸੀ। ਤਰਖਾਣ ਸਿਖ ਨੂੰ ਜਾ ਕੇ ਉਸ ਵਿਅਕਤੀ ਨੇ ਕਿਹਾ ਕਿ ਗੁਰੂ ਸਾਹਿਬ ਆਏ ਹਨ ਤਾਂ ਇਹ ਸੁਣ ਕੇ ਤਰਖਾਣ ਨੇ ਆਪਣਾ ਕੰਮ ਛਡ ਦਿਤਾ ਤੇ ਸਾਹਮਣੇ ਖੜੇ ਹੋ ਕੇ ਗੁਰੂ ਸਾਹਿਬ ਦੇ ਦਰਸ਼ਨ ਕੀਤੇ।

ਗੁਰੂ ਸਾਹਿਬ ਦੇ ਚਿਹਰੇ ਨੂੰ ਵੇਖ ਕੇ ਬੜੇ ਪ੍ਰੇਮ ਨਾਲ ਚਰਨਾਂ ’ਤੇ ਸਿਰ ਰਖ ਦਿਤਾ। ਫਿਰ ਸਿਖ ਨੇ ਹਥ ਜੋੜ ਕੇ ਫਿਰ ਬੇਨਤੀ ਕੀਤੀ ਕਿ ਗੁਰੂ ਸਾਹਿਬ ਤੁਹਾਡੇ ਹੀ ਸਾਰੇ ਸਥਾਨ ਹਨ। ਆਪ ਜੀ ਉਤਾਰਾ ਕਰੋ ਤੇ ਆਪਣਾ ਸਿਖ ਜਾਣ ਕੇ ਮੇਰਾ ਜੀਵਨ ਸਫਲ ਕਰੋ। ਗੁਰੂ ਸਾਹਿਬ ਘੋੜੇ ਤੋਂ ਉਤਰ ਪਏ। ਉਸ ਦੇ ਦਰਵਾਜ਼ੇ ਦੇ ਪਾਸ ਰਥ ਖੜੇ ਕਰ ਦਿਤੇ ਤੇ ਘਰ ਦੇ ਅੰਦਰ ਪ੍ਰਵੇਸ਼ ਕਰ ਗਏ। ਸਿਖ ਦੇ ਘਰ ਗੁਰੂ ਸਾਹਿਬ ਨੇ ਡੇਰਾ ਲਾ ਕੇ ਥਕਾਵਟ ਦੂਰ ਕੀਤੀ। ਸਿਖ ਨੇ ਲੰਗਰ ਤਿਆਰ ਕੀਤਾ ਤੇ ਸਾਰੇ ਸਿਖਾਂ ਨੂੰ ਭੋਜਨ ਛਕਾ ਕੇ ਤ੍ਰਿਪਤ ਕੀਤਾ। ਗੁਰੂ ਸਾਹਿਬ ਸਿਖ ਦੀ ਸੇਵਾ ਤੋਂ ਬਹੁਤ ਖੁਸ਼ ਹੋਏ।

## ਬਾਰਨਾ ਪਿੰਡ ਦਾ ਕਿਸਾਨ

ਕੈਂਥਲ ਨਗਰ ਛਡ ਕੇ ਗੁਰੂ ਸਾਹਿਬ ਅਗੇ ਚਲ ਪਏ। ਜਦ ਪੰਦਰਾਂ ਕੋਹ ਪੈਂਡਾ ਤਹਿ ਕੀਤਾ ਤਾਂ ਗੁਰੂ ਸਾਹਿਬ ਨੇ ਉਤਾਰਾ ਕਰਨ ਲਈ ‘ਬਾਰਨਾ’ ਨਾਂ ਦਾ ਪਿੰਡ ਵੇਖਿਆ। ਉਸ ਪਿੰਡ ਦੇ ਨੇੜੇ ਜਾ ਕੇ ਗੁਰੂ ਸਾਹਿਬ ਨੇ ਘੋੜੇ ਨੂੰ ਰੋਕ ਲਿਆ। ਪਿੰਡ ਵਿਚੋਂ ਮਨੁਖ ਬਾਹਰ ਆਇਆ ਤੇ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਉਸ ਨੇ

---

[6] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦਸਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 4137.

ਸੁਨਯੋ ਜਾਂਹਿ ਨਰ, ਤਾਂਹਿ ਬਤਾਵਾ। ‘ਸਿਖ ਤਿਖਾਨ ਇਕ ਇਹਾਂ ਬਸਾਵਾ’। (ਰਾਸਿ 11, ਅੰਸੂ 43)

ਸਿਰਨਿਵਾਇਆ। ਜਦ ਗੁਰੂ ਸਾਹਿਬ ਨੇ ਉਸ ਨੂੰ ਪੁਛਿਆ ਕਿ ਇਸ ਪਿੰਡ ਵਿਚ ਕਿਸੇ ਸਿਖ ਦਾ ਘਰ ਹੈ ਕਿ ਨਹੀਂ? ਤਾਂ ਉਸ ਨੇ ਦਸਿਆ ਕਿ ਇਥੇ ਸਾਰੇ ਕਿਸਾਨ ਹਨ ਪਰ ਸਾਰੇ ਪਿੰਡ ਵਿਚ ਇਕ ਸਿਖ ਰਹਿੰਦਾ ਹੈ। ਉਹ ਸਿਖ ਭਲਾ ਪੁਰਸ਼ ਤੇ ਸ਼ਰਧਾਲੂ ਹੈ। ਤਦ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕਿਹਾ ਕਿ ਉਸ ਸਿਖ ਨੂੰ ਬੁਲਾਉ। ਉਸ ਦੇ ਘਰ ਅਸੀਂ ਡੇਰਾ ਕਰਨਾ ਹੈ।

ਜਦ ਸਿਖ ਆਇਆ ਤਾਂ ਉਸਨੇ ਗੁਰੂ ਸਾਹਿਬ ਨਮਸਕਾਰ ਕੀਤੀ ਤੇ ਗੁਰੂ ਸਾਹਿਬ ਨੂੰ ਆਪਣੇ ਘਰ ਲੈ ਗਿਆ। ਉਸਨੇ ਆਪਣੇ ਘਰ ਵਿਚ ਗੁਰੂ ਸਾਹਿਬ ਲਈ ਪਲੰਘ ਤਿਆਰ ਕਰਕੇ ਗੁਰੂ ਸਾਹਿਬ ਨੂੰ ਬਿਠਾਇਆ। ਸੇਵਕ ਨੇ ਸ਼ਰਧਾ ਨਾਲ ਗੁਰੂ ਸਾਹਿਬ ਲਈ ਲੰਗਰ ਤਿਆਰ ਕਰਕੇ ਛਕਾਇਆ। ਗੁਰੂ ਸਾਹਿਬ ਦੇ ਵਿਸ਼ਰਾਮ ਕਰਨ ਲਈ ਪਲੰਘ ਤਿਆਰ ਕੀਤਾ। ਗੁਰੂ ਸਾਹਿਬ ਨਾਲ ਜੋ ਸਿਖ ਆਏ ਸਨ ਉਹਨਾਂ ਦੇ ਵਿਸ਼ਰਾਮ ਲਈ ਵਖਰਾ ਪ੍ਰਬੰਧ ਕੀਤਾ। ਸੇਵਕ ਦੁਆਰਾ ਕੀਤੀ ਗਈ ਸੇਵਾ ’ਤੇ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ।[7]

## ਭਾਈ ਮਲੂਕ ਦਾਸ ਜੀ

ਜਦ ਗੁਰੂ ਸਾਹਿਬ ਕੜੇ ਪਿੰਡ ਵਿਚ ਗਏ ਤਾਂ ਉਥੋਂ ਦਾ ਭਾਈ ਮਲੂਕ ਦਾਸ ਬੇਨਤੀ ਕਰਕੇ ਗੁਰੂ ਸਾਹਿਬ ਨੂੰ ਆਪਣੇ ਘਰ ਲੈ ਗਿਆ। ਭਾਈ ਮਲੂਕ ਦਾਸ ਨੇ ਗੁਰੂ ਸਾਹਿਬ ਨੂੰ ਅਨੇਕ ਪ੍ਰਕਾਰ ਦੇ ਭੋਜਨ ਤਿਆਰ ਕਰਕੇ ਛਕਾਏ। ਉਹ ਵਾਰ-ਵਾਰ ਗੁਰੂ ਸਾਹਿਬ ਦੇ ਚਰਨਾਂ ’ਤੇ ਡਿਗਦਾ ਤੇ ਆਪਣੀ ਭੁਲ ਨੂੰ ਖਿਮਾ ਕਰਵਾਉਂਦਾ ਸੀ। ਗੁਰੂ ਸਾਹਿਬ ਨੇ ਉਸਦਾ ਭਰਮ ਦੂਰ ਕੀਤਾ ਤੇ ਉਸ ਨੇ ਨਿਸ਼ਚਾ ਧਾਰਨ ਕਰਕੇ ਆਪਣੇ ਆਪ ਨੂੰ ਸਫਲਾ ਕਰ ਲਿਆ।[8] ਗੁਰੂ ਸਾਹਿਬ ਨੇ ਉਸਦੇ ਘਰ ਪੰਜ ਦਿਨ ਰੁਕੇ ਸਨ।

---

[7] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦਸਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 4142.

ਸਯੰਦਨ ਆਦਿਕ ਸਾਦਰ ਸਾਰੇ। ਦੇ ਦੇ ਕਰਿ ਬਿਸਰਾਮ ਉਤਾਰੇ। ਜਥਾ ਸ਼ਕਤਿ ਸਭਿ ਸੇਵਾ ਠਾਨੀ।।੪੦।। (ਰਾਸਿ 11 ਅੰਸੂ 44)

[8] ਉਹੀ, ਪੰਨਾ 4155

ਬਹੁ ਬਿਨਤੀ ਕਰਿ ਲੇ ਗਯੋ ਗੁਰ ਕੋ ਨਿਜ ਗ੍ਰਿਹ ਮਾਂਹਿ। ਸੇਵਾ ਅਨਿਕ ਪ੍ਰਕਾਰ ਕੀ ਕੀਨਿ ਦੀਨ ਬਨ ਤਾਂਹਿ।।੫੨।। ਬਾਰ ਬਾਰ ਚਰਨਨਿ ਪਰਯੋ ਭੂਲ ਛਿਮਾ ਕਰਿਵਾਇ। ਹਰਯੋ ਭਰਮ ਨਿਸ਼ਚੈ ਧਰਯੋ ਆਪਨਪੌ।।੫੩।।[8] (ਰਾਸਿ 11 ਅੰਸੂ 47)

## ਭਾਈ ਜੈਤਾ ਸੇਠ ਜੀ

ਜਦ ਗੁਰੂ ਸਾਹਿਬ ਪਟਨੇ ਨਗਰ ਦੇ ਅੰਦਰ ਪ੍ਰਵੇਸ਼ ਕਰ ਗਏ ਤਾਂ ਉਨ੍ਹਾਂ ਨੇ ਪਟਨੇ ਸ਼ਹਿਰ ਦੀਆਂ ਸੁੰਦਰ ਦੁਕਾਨਾਂ ਨੂੰ ਵੇਖਿਆ। ਪਟਨੇ ਨਗਰ ਵਿਚ ਬੜੇ ਸੁੰਦਰ ਘਰ ਸਨ ਤੇ ਬਹੁਤ ਧਨੀ ਲੋਕ ਵਸਦੇ ਸਨ। ਗੁਰੂ ਸਾਹਿਬ ਨਗਰ ਵੇਖਦੇ ਹੋਏ ਆਲਮਗੰਜ ਵਿਚ ਜੈਤਾ ਸੇਠ ਦੇ ਘਰ ਪਹੁੰਚੇ। ਜਦ ਘਰ ਦੇ ਅੰਦਰ ਜਾ ਕੇ ਗੁਰੂ ਸਾਹਿਬ ਘੋੜੇ ਤੋਂ ਉਤਰੇ ਤਾਂ ਜੈਤਾ ਸੇਠ ਦਰਸ਼ਨ ਕਰਕੇ ਨਿਹਾਲ ਹੋ ਗਿਆ। ਉਸ ਨੇ ਗੁਰੂ ਸਾਹਿਬ ਨੂੰ ਨਮਸਕਾਰ ਕੀਤੀ ਤੇ ਚਰਨ ਕੰਵਲਾਂ ’ਤੇ ਮਥਾ ਟੇਕਿਆ।

ਗੁਰੂ ਸਾਹਿਬ ਲਈ ਭਾਈ ਜੈਤਾ ਸੇਠ ਨੇ ਬੜਾ ਸੁੰਦਰ ਪਲੰਘ ਤਿਆਰ ਕੀਤਾ ਤੇ ਗੁਰੂ ਸਾਹਿਬ ਨੂੰ ਪਲੰਘ ਉਤੇ ਬਿਠਾਇਆ। ਭਾਈ ਜੈਤਾ ਸੇਠ ਨੇ ਆਪਣੇ ਹਥਾਂ ਨਾਲ ਮਿਠੇ ਪਕਵਾਨ ਤਿਆਰ ਕਰਕੇ ਗੁਰੂ ਸਾਹਿਬ ਨੂੰ ਛਕਾਏ। ਜੈਤਾ ਸੇਠ ਨੇ ਹੋਰ ਬਹੁਤ ਭੋਜਨ ਤਿਆਰ ਕੀਤੇ ਤੇ ਸਾਰੇ ਡੇਰੇ ਨੂੰ ਛਕਾ ਦਿਤੇ। ਗੁਰੂ ਸਾਹਿਬ ਨਾਲ ਸਿੰਘਾਂ ਦੇ ਜੋ ਘੋੜੇ ਆਏ ਸੀ ਉਹਨਾਂ ਲਈ ਵੀ ਦਾਣਾ-ਪਾਣੀ ਦਿਤਾ।[9]

## ਪਟਨੇ ਦਾ ਸਿਖ

ਸਿਖ ਪਟਨੇ ਨਗਰ ਵਿਚ ਗੁਰੂ ਸਾਹਿਬ ਦੇ ਠਹਿਰਣ ਲਈ ਖੁਲ੍ਹਾ ਥਾਂ ਵੇਖ ਰਹੇ ਸਨ ਤੇ ਸਲਾਹ ਕਰਦੇ ਸਨ ਕਿ ਗੁਰੂ ਸਾਹਿਬ ਦੇ ਠਹਿਰਣ ਲਈ ਉਚਿਤ ਥਾਂ ਲਭੀ ਜਾਵੇ। ਤਦ ਇਕ ਸਿਖ ਨੇ ਬੇਨਤੀ ਕੀਤੀ ਕਿ ਮੈਂ ਹਵੇਲੀ ਗੁਰੂ ਸਾਹਿਬ ਨੂੰ ਸੌਂਪਦਾ ਹਾਂ ਤਾਂ ਜੋ ਮੇਰਾ ਜਨਮ ਸਫਲ ਹੋ ਜਾਵੇ।[10] ਪਟਨੇ ਦੇ ਸਿਖ ਨੇ ਆਪਣੀ ਹਵੇਲੀ ਗੁਰੂ ਸਾਹਿਬ ਨੂੰ ਭੇਟ ਕਰ ਦਿਤੀ। ਗੁਰੂ ਸਾਹਿਬ ਆਪਣੇ ਸਿਖ ਦੀ ਸੇਵਾ ਉਤੇ ਬਹੁਤ ਖੁਸ਼ ਹੋਏ।

---

[9] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦਸਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 4203.
ਨਿਜ ਕਰ ਤੇ ਕਰਿ ਕੈ ਪਕਵਾਨ। ਰਾਖਯੋ ਸਤਿਗੁਰ ਆਗੈ ਆਨਿ। ਸਭਿ ਬਿਧਿ ਕੋ ਦੇ ਕਰਿ ਤ੍ਰਿਪਤਾਏ। ਤ੍ਰਿਣ ਦਾਨਾ ਜੋ ਕਹਿ ਮਿਸ਼ਟਾਨ। ਹਾਥ ਜੋਰਿ ਸੇਵਾ ਸਭਿ ਠਾਨਿ॥੪੧॥ (ਰਾਸਿ 11 ਅੰਸੂ 58)

[10] ਉਹੀ, ਪੰਨਾ 4208.
ਮੈਂ ਇਕ ਦੇਉਂ ਹਵੇਲੀ ਗੁਰ ਕੋ। ਹਾਥ ਜੋਰਿ ਕਰਿ ਭਾਉ ਸੁ ਉਰ ਕੋ। ਤਿਸ ਮਹਿਂ ਬਸਹਿਂ ਸਦਾ ਸੁਖ ਪਾਇ। ਮੇਰੋ ਜਨਮ ਸਫਲ ਹੁਇ ਜਾਇ॥੧੦॥ (ਰਾਸਿ 11 ਅੰਸੂ 58)

## ਮਾਲਦਾ ਨਗਰ ਦਾ ਹਲਵਾਈ ਸਿਖ

ਜਦੋਂ ਗੁਰੂ ਸਾਹਿਬ ਮਾਲਦਾ ਨਗਰ ਵਿਖੇ ਪਹੁੰਚੇ ਤਾਂ ਉਥੇ ਸਿਖ ਹਲਵਾਈ ਦਾ ਕੰਮ ਕਰਦਾ ਸੀ। ਜਦ ਉਸ ਨੇ ਗੁਰੂ ਸਾਹਿਬ ਦਾ ਆਉਣਾ ਸੁਣਿਆ ਤਾਂ ਉਹ ਚਲ ਕੇ ਗੁਰੂ ਸਾਹਿਬ ਦੀ ਸ਼ਰਨ ਆਇਆ। ਸਿਖ ਨੇ ਗੁਰੂ ਸਾਹਿਬ ਅਗੇ ਬੇਨਤੀ ਕੀਤੀ ਕਿ ਆਪ ਸਾਰੇ ਮਨੋਰਥ ਪੂਰੇ ਕਰਦੇ ਰਹੇ ਹੋ ਤੇ ਮੈਂ ਆਪ ਜੀ ਦੇ ਦਰਸ਼ਨ ਕਰਕੇ ਨਿਹਾਲ ਹੋ ਗਿਆ ਹਾਂ। ਦੀਨ-ਦਿਆਲ ਮੈਂ ਆਪ ਜੀ ਦੀ ਸ਼ਰਨ ਵਿਚ ਹਾਂ ਤੁਸੀਂ ਮੇਰੀ ਇਛਾ ਪੂਰੀ ਕਰੋ।[11] ਮੇਰੇ ਹਥਾਂ ਦਾ ਤਿਆਰ ਕੀਤਾ ਪਕਵਾਨ ਕਿਰਪਾ ਕਰਕੇ ਛਕੋ। ਉਸ ਦੇ ਮਨ ਦਾ ਪਿਆਰ ਵੇਖ ਕੇ ਗੁਰੂ ਸਾਹਿਬ ਨੇ ਉਸ ਨੂੰ ਪਕਵਾਨ ਤਿਆਰ ਕਰਨ ਦੀ ਆਗਿਆ ਦਿਤੀ। ਸਿਖ ਨੇ ਪ੍ਰੇਮ ਨਾਲ ਅਨੇਕ ਪ੍ਰਕਾਰ ਦੇ ਭੋਜਨ ਤਿਆਰ ਕਰਕੇ ਗੁਰੂ ਸਾਹਿਬ ਨੂੰ ਛਕਾਏ।

## ਭਾਈ ਮਤੀ ਦਾਸ ਜੀ

ਭਾਈ ਮਤੀ ਦਾਸ ਗੁਰੂ ਸਾਹਿਬ ਜੀ ਦੇ ਨਾਲ ਰਹਿੰਦੇ ਸਨ ਤੇ ਚਾਰ-ਪੰਜ ਨਾਲ ਸੁੰਦਰ ਘੋੜੇ ਰਖਦੇ ਸਨ। ਜਦ ਘੋੜੇ ਮੰਜ਼ਿਲ ਤਹਿ ਕਰਦੇ ਸਨ ਤਾਂ ਭਾਈ ਮਤੀ ਦਾਸ ਉਨ੍ਹਾਂ ਨੂੰ ਘਾਹ ਲਿਆ ਕੇ ਖਵਾਉਂਦੇ ਸਨ ਤੇ ਨਾਲ ਛੋਲਿਆਂ ਦਾ ਆਟਾ ਮਿਲਾ ਕੇ ਦਿੰਦੇ ਸਨ।

ਜਦ ਗੁਰੂ ਸਾਹਿਬ ਦਿਲੀ ਵਿਖੇ ਕੈਦਖਾਨੇ ਵਿਚ ਸਨ ਤਾਂ ਭਾਈ ਮਤੀ ਦਾਸ ਨੇ ਆ ਕੇ ਗੁਰੂ ਸਾਹਿਬ ਦੇ ਚਰਨਾਂ ’ਤੇ ਮਥਾ ਟੇਕਿਆ।[12] ਇਸ ਸਾਰੇ ਬ੍ਰਿਤਾਂਤ ਦਾ ਜਦ ਔਰੰਗਜ਼ੇਬ ਨੂੰ ਪਤਾ ਲਗਾ ਤਾਂ ਔਰੰਗਜ਼ੇਬ ਨੂੰ ਗੁਸਾ ਆਇਆ। ਔਰੰਗਜ਼ੇਬ ਨੇ ਹੁਕਮ ਦੇ ਕੇ ਭਾਈ ਮਤੀ ਦਾਸ ਨੂੰ ਬੁਲਾ ਲਿਆ ਤੇ ਦੋ ਤਖਤਿਆਂ ਵਿਚ ਬੰਨ੍ਹ ਦਿਤਾ। ਫਿਰ

---

[11] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦਸਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 4237.
ਇਕ ਸਿਖ ਹੁਤੋ ਤਹਾਂ ਹਲਵਾਈ। ਆਇ ਪਰਯੋ ਸਤਿਗੁਰ ਸ਼ਰਣਾਈ। ਲਖਿ ਮਰਜੀ ਅਰਜੀ ਤਿਹ ਕਰੀ। ਮੋਹਿ ਕਾਮਨਾ ਪੂਰੀ ਪਰੀ॥੨੨॥ (ਰਾਸਿ 12 ਅੰਸੂ 4)

[12] ਉਹੀ, ਪੰਨਾ 4432.
ਸੁਨਿ ਸਭਿ ਭੇਦ ਚਰਨ ਪਰ ਪਰਯੋ। ਮਤੀਦਾਸ ਉਰ ਆਨੰਦ ਭਰਯੋ। ਸਭਿ ਬਿਧਿ ਸੁਨੀ ਮੁਲਾਨੇ ਹੇਰੀ। ਅਵਿਰੰਗ ਨਿਕਟ ਗਯੋ ਤਿਸ ਬੇਰੀ॥੪੩॥ ਭਾਖਯੋ ਸਰਬ ਬ੍ਰਿਤਾਂਤ ਸ਼ਿਤਾਬ। ਮਤੀਦਾਸ ਕੋ ਸੁਾਲ ਜਬਾਬ। ਤਨ ਮਨ ਤੇ ਜਰ ਗਯੋ ਵਿਸ਼ੇਸ਼। ਕ੍ਰੋਧ ਭਰੇ ਬੋਲਯੋ ਤੁਰਕੇਸ਼॥੪੪॥ (ਰਾਸਿ 12 ਅੰਸੂ 55)

ਜਲਾਦ ਨੂੰ ਹੁਕਮ ਸੁਣਾਇਆ ਕਿ ਉਸ ਨੇ ਆਰਾ ਲੈ ਕੇ ਮਤੀ ਦਾਸ ਦੇ ਸਿਰ 'ਤੇ ਧਰ ਦਿਉ। ਭਾਈ ਮਤੀ ਦਾਸ ਅਧੋ-ਅਧ ਚੀਰ ਦਿਤਾ ਤੇ ਦੋ ਫਾੜ ਹੋ ਕੇ ਧਰਤੀ 'ਤੇ ਡਿਗ ਪਿਆ। ਭਾਈ ਮਤੀ ਦਾਸ ਦੋਵੇਂ ਸਰੀਰਾਂ ਨਾਲ ਜਪੁਜੀ ਸਾਹਿਬ ਦਾ ਪਾਠ ਪੜ੍ਹ ਰਿਹਾ ਸੀ ਤੇ ਸਾਰੇ ਬਹੁਤ ਹੈਰਾਨ ਹੋ ਕੇ ਕਹਿੰਦੇ ਸਨ ਕਿ ਦੋ ਖੰਡ ਹੋ ਕੇ ਕੋਈ ਜਿਉਂਦਾ ਨਹੀਂ ਰਹਿੰਦਾ। ਇਹ ਤਾਂ ਇਸ ਤਰ੍ਹਾਂ ਪਾਠ ਕਰਦਾ ਹੈ ਜਿਵੇਂ ਜਿਉਂਦਾ ਹੋਵੇ। ਭਾਈ ਮਤੀ ਦਾਸ ਦੇ ਦੋਵੇਂ ਸਰੀਰਾਂ ਨੇ ਜਪੁਜੀ ਸਾਹਿਬ ਦਾ ਭੋਗ ਪਾਇਆ ਤੇ ਗੁਰੂ ਸਾਹਿਬ ਦਾ ਪ੍ਰੇਮੀ ਗੁਰਪੁਰੀ ਵਿਚ ਪਹੁੰਚ ਗਿਆ।

## ਬਾਬਾ ਗੁਰਦਿਤਾ ਜੀ

ਬਾਬਾ ਬੁਢਾ ਸਾਹਿਬ ਜੀ ਦੀ ਵੰਸ਼ ਵਿਚੋਂ ਬਾਬਾ ਗੁਰਦਿਤਾ ਜੀ ਹੋਏ ਹਨ। ਉਨ੍ਹਾਂ ਨੇ ਆ ਕੇ ਗੁਰੂ ਸਾਹਿਬ ਨੂੰ ਇਕ ਘੋੜਾ ਭੇਂਟ ਕੀਤਾ। ਇਸ ਦੇ ਨਾਲ ਲਾਹੌਰ ਦਾ ਬਣਿਆ ਹੋਇਆ ਇਕ ਧਨੁਖ ਤੇ ਤੀਰਾਂ ਦਾ ਇਕ ਭਥਾ ਭਰ ਕੇ ਭੇਂਟ ਕੀਤਾ। ਇਸ ਤਰ੍ਹਾਂ ਬਹੁਤ ਭੇਂਟਾ ਭੇਂਟ ਕੀਤੀ ਤੇ ਗੁਰੂ ਸਾਹਿਬ ਨੇ ਉਹਨਾਂ ਨੂੰ ਬੜੇ ਆਦਰ ਨਾਲ ਆਪਣੇ ਪਾਸ ਬਿਠਾ ਲਿਆ।[13]

ਜਦੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਿਲੀ ਕੈਦਖਾਨੇ ਵਿਚ ਸਨ ਤਾਂ ਭਾਈ ਗੁਰਦਿਤਾ ਉਸ ਸਮੇਂ ਵੀ ਨਾਲ ਹੀ ਰਿਹਾ ਸੀ। ਜਦ ਗੁਰੂ ਸਾਹਿਬ ਨੂੰ ਕੈਦਖਾਨੇ ਅੰਦਰ ਲੋਹੇ ਦੇ ਪਿੰਜਰੇ ਵਿਚ ਬੰਦ ਕਰ ਦਿਤਾ ਸੀ। ਉਸ ਸਮੇਂ ਬਾਬਾ ਗੁਰਦਿਤਾ ਨੂੰ ਬੇੜੀਆਂ ਲਗੀਆਂ ਹੋਈਆਂ ਸਨ। ਜਦ ਵੀ ਬਾਬਾ ਗੁਰਦਿਤਾ ਨੂੰ ਗੁਰੂ ਸਾਹਿਬ ਸੇਵਾ ਲਈ ਹੁਕਮ ਕਰਦੇ ਸਨ ਤਾਂ ਬਾਬਾ ਗੁਰਦਿਤਾ ਬੇੜੀਆਂ ਸਮੇਤ ਉਸੇ ਤਰ੍ਹਾਂ ਸੇਵਾ ਕਰਦਾ ਸੀ।

## ਰਾਜਾ ਸੈਫ਼ਦੀਨ ਜੀ

ਰਾਜਾ ਸੈਫ਼ਦੀਨ ਨੇ ਆਪਣਾ ਨਗਰ ਵਸਾਇਆ ਸੀ ਤੇ ਨਗਰ ਦਾ ਨਾਮ ਸੈਫ਼ਾਬਾਦ ਰਖਿਆ। ਗੁਰੂ ਸਾਹਿਬ ਸੈਫ਼ਦੀਨ ਦੇ ਨਗਰ ਨੇੜੇ ਡੇਰਾ ਲਾ ਕੇ ਬੈਠੇ ਸਨ ਜਦ ਗੁਰੂ ਸਾਹਿਬ ਦਾ ਉਸਨੇ ਜਸ ਸੁਣਿਆ ਤਾਂ ਦਰਸ਼ਨਾਂ ਦੀ

---

[13] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦਸਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 4331.

ਬ੍ਰਿਧ ਕੀ ਬੰਸ ਬਿਖੈ ਗੁਰਦਿੱਤਾ। ਆਨਿ ਬਾਜ ਸਤਿਗੁਰ ਕੋ ਦਿਤਾ॥੫੨॥ ਲਵਪੁਰਿ ਕੋ ਇਕ ਧਨੁਖ ਮਹਾਨਾ। ਅਰਪਯੋ ਤਰਕਸ਼ ਭਰਿ ਖਰ ਬਾਨਾ। ਇੱਤਯਾਦਿਕ ਬਹੁ ਭੇਟ ਚਢਾਈ। ਸ੍ਰੀ ਗੁਰ ਸਾਦਰ ਲੀਨ ਬਿਠਾਈ॥੫੩॥ (ਰਾਸਿ 12 ਅੰਸੂ 26)

ਅਭਿਲਾਸ਼ਾ ਕੀਤੀ। ਗੁਰੂ ਸਾਹਿਬ ਨੂੰ ਕੁਝ ਅਸ਼ਰਫੀਆਂ ਭੇਂਟ ਕਰਕੇ ਚਰਨਾਂ 'ਤੇ ਬੰਦਨਾ ਕੀਤੀ ਤੇ ਕਹਿਣ ਲਗਾ ਕਿ ਤੁਸੀਂ ਮੈਨੂੰ ਨਿਹਾਲ ਕੀਤਾ ਹੈ, ਮੈਨੂੰ ਆ ਕੇ ਦਰਸ਼ਨ ਦਿਤੇ ਹਨ।[14] ਹੁਣ ਬਹੁਤ ਗਰਮੀ ਤੇ ਵਰਖਾ ਦਾ ਮੌਸਮ ਆ ਗਿਆ ਹੈ। ਤੁਸੀਂ ਕਿਰਪਾ ਕਰਕੇ ਇਥੇ ਵਾਸਾ ਕਰੋ। ਰਾਜੇ ਸੈਫ਼ਦੀਨ ਨੇ ਗੁਰੂ ਸਾਹਿਬ ਦੇ ਚਰਨ 'ਤੇ ਹਥ ਫੇਰਿਆ ਤੇ ਉਨ੍ਹਾਂ ਹਥਾਂ ਨੂੰ ਆਪਣੇ ਮੂੰਹ, ਅਖਾਂ 'ਤੇ ਫੇਰਿਆ। ਰਾਜਾ ਫਿਰ ਗੁਰੂ ਸਾਹਿਬ ਨੂੰ ਕਹਿਣ ਲਗਾ ਮੈਂ ਨਿਹਾਲ ਹੋ ਗਿਆ ਹਾਂ। ਗੁਰੂ ਸਾਹਿਬ ਨੇ ਰਾਜੇ ਸੈਫ਼ਦੀਨ ਦੀ ਸ਼ਰਧਾ ਵੇਖ ਕੇ ਕਿਹਾ ਕਿ ਗਰਮੀ ਤੇ ਬਰਸਾਤ ਦੇ ਚਾਰ ਮਹੀਨੇ ਇਥੇ ਸੌਖੇ ਰਹਿ ਲੈਂਦੇ ਹਾਂ। ਅਸੀਂ ਬਾਦਸ਼ਾਹ ਦੇ ਪਾਸ ਜਾਣਾ ਚਾਹੁੰਦੇ ਹਾਂ, ਵਰਖਾ ਹਟਣ ਤੋਂ ਬਾਅਦ ਉਸ ਥਾਂ ਚਲੇ ਜਾਵਾਂਗੇ। ਇਸ ਪ੍ਰਕਾਰ ਜਦ ਗੁਰੂ ਸਾਹਿਬ ਨੇ ਬਚਨ ਕੀਤਾ ਤਾਂ ਸੈਫ਼ਦੀਨ ਨੇ ਕਹਿ ਕੇ ਉਸ ਸਥਾਨ ਤੋਂ ਡੇਰਾ ਚੁਕਵਾ ਲਿਆ ਤੇ ਸੁੰਦਰ ਬਾਗ ਵਿਚ ਗੁਰੂ ਸਾਹਿਬ ਦਾ ਉਤਾਰਾ ਕਰਵਾ ਦਿਤਾ। ਰਾਜਾ ਸੈਫ਼ਦੀਨ ਸੇਵਾ ਲਈ ਹਰ ਚੀਜ਼ ਡੇਰੇ ਵਿਚ ਪਹੁੰਚਾਉਣ ਲਗਾ ਤੇ ਸੇਵਾ ਵਿਚ ਹਰ ਸਮੇਂ ਹਾਜ਼ਰ ਰਹਿਣ ਲਗਾ।

ਬਰਸਾਤ ਅਤੇ ਗਰਮੀ ਦੇ ਚਾਰ ਮਹੀਨੇ ਗੁਰੂ ਸਾਹਿਬ ਸੈਫ਼ਾਬਾਦ ਵਿਚ ਹੀ ਰਹੇ। ਰਾਜਾ ਸੈਫ਼ਦੀਨ ਬਹੁਤ ਸੇਵਾ ਕਰਦਾ ਸੀ ਤੇ ਬੜੇ ਪ੍ਰੇਮ ਨਾਲ ਆ ਕੇ ਬੰਦਨਾ ਕਰਦਾ ਸੀ। ਗੁਰੂ ਸਾਹਿਬ ਲਈ ਰਾਜਾ ਸੈਫ਼ਦੀਨ ਸੁੰਦਰ ਕਾਲੀਨ ਵਿਛਾ ਕੇ ਫਰਸ਼ ਤਿਆਰ ਕਰਵਾਉਂਦਾ ਸੀ ਤੇ ਆਸਣ ਲਾਉਣ ਲਈ ਬੇਨਤੀ ਕਰਦਾ ਸੀ।[15] ਰਾਜਾ ਸੈਫ਼ਦੀਨ ਗੁਰੂ ਸਾਹਿਬ ਲਈ ਸ਼ੁਧ ਘਿਉ, ਮਿਠਾ ਤੇ ਹੋਰ ਅਨੇਕਾਂ ਭੋਜਨ ਤਿਆਰ ਕਰਕੇ ਛਕਾਉਂਦਾ ਸੀ। ਗੁਰੂ ਸਾਹਿਬ ਦੇ ਡੇਰੇ ਵਿਚ ਜੋ ਵੀ ਵਸਤੂ ਚਾਹੀਦੀ ਸੀ ਰਾਜਾ ਉਹੀ ਵਸਤੂ ਭੇਜਦਾ ਸੀ ਤੇ ਗੁਰੂ ਸਾਹਿਬ ਦੇ ਘੋੜਿਆਂ ਨੂੰ ਘਾਹ, ਦਾਣਾ ਪਹੁੰਚਾਉਂਦਾ ਸੀ।

---

[14] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਦਸਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 4346.
ਸੈਫਦੀਨ ਇਕ ਤੁਰਕ ਭਲੇਰਾ। ਨਿਜ ਪੁਰਿ ਕੋ ਬਸਾਇ ਤਿਸ ਬੇਰਾ। ਸੈਫਾਬਾਦ ਨਾਮ ਤਿਸ ਰਾਖਾ। ਗੁਰ ਜਸੁ ਸੁਨਤਿ ਦਰਸ ਕੋ ਕਾਂਖਾ।।੨੮।। ਚਿਤਵਤਿ ਰਹਿਤ ਜਾਉਂ ਤਿਨ ਪਾਸ। ਸੁਨਹੁਂ ਤਿਨਹੁਂ ਤੇ ਬਾਕ ਬਿਲਾਸ। ਅਟਕਯੋ ਰਹਤਿ ਕਾਜ ਘਰ ਕੇਰੇ। ਨਹਿਂ ਅਵਕਾਸ਼ ਲਹਯੋ ਕਿਸ ਬੇਰੇ।।੨੯।। (ਰਾਸਿ 12 ਅੰਸੂ 30)
[15] ਉਹੀ, ਪੰਨਾ 4347.
ਬਸੇ ਚੁਮਾਸਾ ਸਤਿਗੁਰੂ ਡੇਰਾ ਕੀਨਿ ਮੁਕਾਮ। ਸੈਫਦੀਨ ਸੇਵਾ ਕਰਹਿ ਨਿਤ ਪ੍ਰਤਿ ਆਇ ਸਲਾਮ।।੧।।ਚੌਪਈ।। ਸੰਗਤਿ ਗੁਰ ਕੀ ਠਾਨਿ ਹਮੇਸ਼ੂ। ਤਯੋਂ ਤਯੋਂ ਚਿਤ ਮਹਿਂ ਪ੍ਰੇਮ ਵਿਸ਼ੇਸ਼ੂ। ਕਬਹੂੰ ਲੇ ਨਿਜ ਸੰਗ ਸਿਧਾਰਹਿ। ਸਦਨ ਆਪਨੇ ਜਾਇ ਬਿਠਾਰਹਿ।।੨।। (ਰਾਸਿ 12 ਅੰਸੂ 31)

## ਭਾਈ ਗਿਲੋਰਾ ਜੀ

ਕਰਹਾਲੀ ਤੋਂ ਸਤ ਕੋਹ ਦੂਰ ਚਿਹਕਾ (ਚੀਕਾ) ਨਾਮ ਦਾ ਪਿੰਡ ਸੀ। ਉਥੇ ਗਿਲੋਰਾ ਨਾਂ ਦਾ ਮਸੰਦ ਰਹਿੰਦਾ ਸੀ। ਗਿਲੋਰੇ ਦੇ ਮਾਤਾ-ਪਿਤਾ ਜੀ ਅਕਾਲ ਚਲਾਣਾ ਕਰ ਗਏ ਸਨ ਤੇ ਭੋਜਨ ਦਾਤਾ ਉਸ ਦਾ ਕੋਈ ਨਾ ਰਿਹਾ।[16] ਗੁਰੂ ਸਾਹਿਬ ਨੇ ਭਾਈ ਗਿਲੋਰੇ ਦੇ ਘਰ ਵਿਚ ਉਤਾਰਾ ਕੀਤਾ। ਉਸ ਨੇ ਗੁਰੂ ਸਾਹਿਬ ਲਈ ਸੁੰਦਰ ਪਲੰਘ ਤਿਆਰ ਕਰਕੇ ਹੇਠਾਂ ਮੋਟਾ ਵਿਛਾਉਣਾ ਵਿਛਾਇਆ। ਗੁਰੂ ਸਾਹਿਬ ਨੂੰ ਕਈ ਪ੍ਰਕਾਰ ਦੇ ਭੋਜਨ ਤਿਆਰ ਕਰਕੇ ਛਕਾਏ ਤੇ ਘੋੜਿਆਂ ਲਈ ਘਾਹ, ਦਾਣਾ ਦਿਤਾ। ਇਥੇ ਗੁਰੂ ਸਾਹਿਬ ਦੋ ਦਿਨ ਰਹੇ। ਭਾਈ ਗਿਲੋਰੇ ਦੀ ਵੰਸ਼ ਅਜ ਵੀ ਪਿੰਡ ਵਿਚ ਵਸਦੀ ਹੈ ਤੇ ਉਹ ਪਿੰਡ ਦੇ ਗੁਰੂ ਘਰ ਵਿਚ ਸੇਵਾ ਕਰਦੇ ਹਨ।

## ਭਾਈ ਭਾਗੂ ਜੀ (ਕਰ੍ਹਾ ਪਿੰਡ ਦਾ ਕਿਸਾਨ)

ਜਦ ਗੁਰੂ ਸਾਹਿਬ ਕਰ੍ਹਾ ਪਿੰਡ ਪਹੁੰਚੇ ਤਾਂ ਉਥੇ ਇਕ ਕਿਸਾਨ (ਭਾਈ ਭਾਗੂ) ਆ ਕੇ ਗੁਰੂ ਸਾਹਿਬ ਨੂੰ ਮਿਲਿਆ। ਉਸ ਨੇ ਕੁਝ ਵਸਤੂਆਂ ਲਿਆ ਕੇ ਗੁਰੂ ਸਾਹਿਬ ਅਗੇ ਭੇਂਟ ਕੀਤੀਆਂ। ਗੁਰੂ ਸਾਹਿਬ ਨੇ ਪ੍ਰਸੰਨ ਹੋ ਕੇ ਭਾਈ ਭਾਗੂ ਨੂੰ ਧਨ ਦਿਤਾ ਤੇ ਮੁਖ ਤੋਂ ਫੁਰਮਾਇਆ ਕਿ ਖੂਹ ਜਾਂ ਇਕ ਬਾਉਲੀ ਬਣਾ ਦਿਉ ਤੇ ਇਸ ਥਾਂ ’ਤੇ ਇਕ ਬਾਗ ਲਗਾ ਦਿਉ।[17] ਭਾਈ ਭਾਗੂ ਨੇ ਗੁਰੂ ਦਾ ਬਚਨ ਮੰਨ ਕੇ ਸੇਵਾ ਕੀਤੀ ਤੇ ਹੁਣ ਭਾਈ ਭਾਗੂ ਦੀ ਸੰਤਾਨ ਕਰ੍ਹਾ ਪਿੰਡ ਵਿਚ ਵਸਦੀ ਹੈ।

## ਦਿਲੀ ਦਾ ਸਿਖ

ਦਿਲੀ ਦੇ ਸਿਖ ਨੇ ਗੁਰੂ ਸਾਹਿਬ ਨੂੰ ਭੋਜਨ ਛਕਾਉਣ ਲਈ ਆਪਣੇ ਹਿਰਦੇ ਵਿਚ ਵਿਚਾਰ ਬਣਾਇਆ। ਹੁਣ ਤਾਂ ਨਗਰ ਵਿਚ ਗੁਰੂ ਸਾਹਿਬ ਰਹਿੰਦੇ ਹਨ ਜੋ ਕਿ ਸਿਖਾਂ ਦੇ ਸਵਾਮੀ ਹਨ। ਉਸ ਨੇ ਸੋਚਿਆ ਕਿ ਉਨ੍ਹਾਂ ਨੂੰ

---

[16] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਗਿਆਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 4357.

ਸਪਤ ਕੋਸ ਪਰ ਚਿਹਕਾ ਗ੍ਰਾਮੂ। ਤਹਾਂ ਮਸੰਦ ਗਿਲੋਰਾ ਨਾਮੂ। (ਰਾਸਿ 12 ਅੰਸੂ 33)

[17] ਉਹੀ, ਪੰਨਾ 4360.

ਮਿਲਯੋ ਰਾਹਕ ਤਬਿ ਆਇ। ਕੁਛਕ ਸੇਵ ਕੀਨਿ ਵਥੁ ਲਯਾਇ। (ਰਾਸਿ 12 ਅੰਸੂ 34)

ਆਪਣੇ ਘਰ ਬੁਲਾ ਕੇ ਭੋਜਨ ਤਿਆਰ ਕਰਕੇ ਛਕਾਈਏ। ਹੁਣ ਗੁਰੂ ਸਾਹਿਬ ਕੈਦਖਾਨੇ ਵਿਚ ਹਨ, ਜੇ ਨਾ ਆਉਣ ਤਾਂ ਭੋਜਨ ਉਥੇ ਲੈ ਜਾਵਾਂਗਾ, ਉਸ ਥਾਂ ਹੀ ਛਕ ਲੈਣਗੇ।[18] ਸਿਖ ਪ੍ਰੇਮ ਨਾਲ ਆਤਰ ਹੋ ਕੇ ਕੈਦਖਾਨੇ ਵਾਲੇ ਸਥਾਨ ਪਹੁੰਚ ਗਿਆ। ਸਿਪਾਹੀਆਂ ਨੂੰ ਪੁਛ ਕੇ ਗੁਰੂ ਸਾਹਿਬ ਦੇ ਪਾਸ ਗਿਆ ਤੇ ਬੇਨਤੀ ਕੀਤੀ ਕਿ ਬਹੁਤ ਦਿਨਾਂ ਦੀ ਮੇਰੇ ਹਿਰਦੇ ਵਿਚ ਇਕ ਵਡੀ ਅਭਿਲਾਸ਼ਾ ਹੈ। ਗੁਰੂ ਸਾਹਿਬ ਮੇਰੇ ਘਰ ਵਿਚ ਆਪਣੇ ਚਰਨ ਪਾਉਣ ਤੇ ਮੇਰੇ ਹਥ ਤੋਂ ਭੋਜਨ ਛਕਣ। ਸਾਡੀ ਇਛਾ ਪੂਰੀ ਕਰੋ, ਇਕ ਵਾਰ ਚਲ ਕੇ ਭੋਜਨ ਛਕੋ। ਜੇ ਤੁਸੀਂ ਹੁਕਮ ਕਰੋ ਤਾਂ ਮੈਂ ਇਥੇ ਲੈ ਆਵਾਂਗਾ। ਸਿਖ ਦੀ ਬੇਨਤੀ ਸੁਣ ਕੇ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਤੂੰ ਭੋਜਨ ਤਿਆਰ ਕਰ ਤੇ ਅਸੀਂ ਆ ਕੇ ਛਕਾਂਗੇ। ਤੇਰੇ ਘਰ ਵਿਚ ਆ ਕੇ ਬੈਠਾਂਗੇ, ਤੇਰੇ ਹਿਰਦੇ ਦੀ ਜਿਵੇਂ ਇਛਾ ਅਸੀਂ ਇਸ ਨੂੰ ਪੂਰੀ ਕਰਾਂਗੇ।

ਗੁਰੂ ਸਾਹਿਬ ਦੇ ਬਚਨ ਸੁਣ ਕੇ ਸਿਖ ਸ਼ੰਕਾ ਰਹਿਤ ਹੋਇਆ ਪਰ ਮਨ ਵਿਚ ਕੁਝ ਹੈਰਾਨ ਵੀ ਹੋਇਆ ਤੇ ਸੋਚਣ ਲਗਾ ਕਿ ਗੁਰੂ ਸਾਹਿਬ ਕੈਦ ਵਿਚ ਹਨ। ਉਹਨਾਂ ਪਾਸ ਪਹਿਰੇਦਾਰ ਖੜੇ ਹਨ ਫਿਰ ਵੀ ਉਹ ਮੇਰੇ ਘਰ ਵਿਚ ਆਉਣਗੇ। ਸੇਵਕ ਨੇ ਸ਼ਰਧਾ ਧਾਰ ਕੇ ਕੜਾਹ ਪ੍ਰਸ਼ਾਦਿ ਤਿਆਰ ਕੀਤਾ ਤੇ ਖੀਰ ਤਿਆਰ ਕਰਵਾਈ। ਇਸ ਦੇ ਨਾਲ ਚਾਵਲ, ਦਾਲ, ਦਹੀਂ ਵੜ੍ਹੇ ਤੇ ਪਰਸ਼ਾਦੇ ਤਿਆਰ ਕਰਵਾਏ। ਜਦ ਇਕ ਪਹਿਰ ਦਿਨ ਬੀਤ ਗਿਆ ਤਾਂ ਗੁਰੂ ਸਾਹਿਬ ਸਿਖ ਦੇ ਘਰ ਆ ਪ੍ਰਗਟ ਹੋਏ ਤੇ ਸਿਖ ਨੂੰ ਬਚਨ ਕੀਤਾ ਕਿ ਸਾਨੂੰ ਬਹੁਤ ਭੁਖ ਲਗੀ ਹੈ। ਜੋ ਭੋਜਨ ਤੁਸੀਂ ਤਿਆਰ ਕਰਵਾਏ ਹਨ ਉਹ ਹੁਣ ਲਿਆ ਕੇ ਸਾਨੂੰ ਛਕਾ ਦਿਉ। ਤੇਰਾ ਵਡਾ ਪ੍ਰੇਮ ਭਾਉ ਵੇਖ ਕੇ ਅਸੀਂ ਤੇਰੇ ਘਰ ਆਏ ਹਾਂ। ਸਿਖ ਨੇ ਸੁੰਦਰ ਚੌਂਕੀ ਉਤੇ ਨਵੇਂ ਵਸਤਰ ਵਿਛਾ ਕੇ ਗੁਰੂ ਸਾਹਿਬ ਨੂੰ ਬਿਠਾਇਆ। ਸੇਵਕ ਨੇ ਸਾਰੇ ਪ੍ਰਸ਼ਾਦਿ ਦਾ ਵਡਾ ਥਾਲ ਭਰ ਕੇ ਗੁਰੂ ਸਾਹਿਬ ਅਗੇ ਰਖ ਦਿਤਾ। ਗੁਰੂ ਸਾਹਿਬ ਨੇ ਸਿਖ ਦਾ ਵਡਾ ਪ੍ਰੇਮ ਵੇਖ ਕੇ ਬੜੀ ਰੁਚੀ ਨਾਲ ਭੋਜਨ ਛਕਿਆ। ਪ੍ਰਸ਼ਾਦਾ ਛਕਾਉਣ ਤੋਂ ਬਾਅਦ ਸਿਖ ਨੇ ਜਲ ਨਾਲ ਗੁਰੂ ਸਾਹਿਬ ਦੇ ਚਰਨ ਧੋਤੇ ਤੇ ਕਪੜੇ ਨਾਲ ਚੰਗੀ ਤਰ੍ਹਾਂ ਸਾਫ ਕੀਤੇ। ਸਿਖ ਫਿਰ ਗੁਰੂ ਸਾਹਿਬ ਦੇ ਚਰਨਾਂ ਦੀ ਸੇਵਾ ਕਰਨ ਲਗਾ।

---

[18] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਗਿਆਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 4412.
ਇਕ ਸਿਖ ਨੇ ਗੁਰ ਹੇਤੁ ਅਹਾਰਾ। ਕਰਨਿ ਹੁਤੋ, ਤਿਨ ਰਿਦੈ ਬਿਚਾਰਾ। ਅਬਿ ਤੋ ਪੁਰਿ ਮਹਿਂ ਸਤਿਗੁਰ ਰਹੈਂ। ਜੋ ਸਿੱਖਯਨਿ ਕੇ ਸ੍ਵਾਮੀ ਅਹੈਂ॥੮॥ ਤਿਨ ਕੋ ਅਪਨੇ ਸਦਨ ਬੁਲਾਇ। ਅਸਨ ਅਚਾਵੈਂ ਰੁਚਰਿ ਬਨਾਇ। ਅਹੈਂ ਕੈਦ ਮਹਿਂ ਜੋ ਨਹਿਂ ਆਵਹਿਂ। ਲੈ ਕਰਿ ਜਾਉਂ, ਤਿਸੀ ਥਲ ਖਾਵਹਿਂ॥੯॥ (ਰਾਸਿ 12 ਅੰਸੂ 46)

## ਭਾਈ ਲਖੀ ਵਣਜਾਰਾ ਜੀ (ਲੁਬਾਣਾ ਸਿਖ)

ਦਿਲੀ ਵਿਖੇ ਇਕ ਲੁਬਾਣਾ ਸਿਖ ਰਹਿੰਦਾ ਸੀ ਜਿਸਦੇ ਪਾਸ ਗਿਣਤੀ ਵਿਚ ਦਸ ਹਜ਼ਾਰ ਬਲਦ ਸਨ। ਉਹਨਾਂ ਦੀ ਸਾਂਭ-ਸੰਭਾਲ ਲਈ ਉਸਨੇ ਬਹੁਤ ਕਾਮੇ ਰਖੇ ਸਨ। ਜਦ ਉਸਨੇ ਗੁਰੂ ਸਾਹਿਬ ਦੀ ਸ਼ਹੀਦੀ ਬਾਰੇ ਸੁਣ ਕੇ ਉਸ ਬਹੁਤ ਦੁਖ ਲਗਾ ਤੇ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਸ਼ਹੀਦੀ ਵਾਲੀ 'ਤੇ ਆਇਆ। ਬ੍ਰਿਛ ਦੇ ਥਲੇ ਗੁਰੂ ਸਾਹਿਬ ਦਾ ਧੜ ਪਿਆ ਵੇਖ ਕੇ ਅਖਾਂ ਵਿਚ ਪਾਣੀ ਭਰ ਆਇਆ।[19] ਔਰੰਗਜ਼ੇਬ ਵਲੋਂ ਪਿੰਡ ਵਿਚ ਡੌਂਡੀ ਪਾਈ ਗਈ ਕਿ ਜੋ ਵੀ ਸਿਖ ਹੋਵੇ ਉਹ ਗੁਰੂ ਸਾਹਿਬ ਦਾ ਧੜ ਚੁਕ ਲੈ ਜਾਵੇ। ਡੌਂਡੀ ਨੂੰ ਸੁਣ ਕੇ ਕਿਸੇ ਨੇ ਵੀ ਧੜ ਨਾ ਚੁਕਿਆ ਤੇ ਇਹ ਮੰਨਿਆ ਕਿ ਅਸੀਂ ਸਿਖ ਨਹੀਂ ਹਾਂ। ਜੇ ਸਿਖ ਕਹਾਂਗੇ ਤਾਂ ਔਰੰਗਜ਼ੇਬ ਸਾਨੂੰ ਮਾਰ ਨਾ ਦੇਵੇ। ਭਾਈ ਲਖੀ ਵਣਜਾਰਾ ਨੇ ਗੁਰੂ ਸਾਹਿਬ ਅਗੇ ਅਰਦਾਸ ਕੀਤੀ ਕਿ ਜੇ ਗੁਰੂ ਸਾਹਿਬ ਮੇਰੇ ਸਹਾਇਕ ਹੋਣਗੇ ਤਾਂ ਮੈਂ ਲੁਕ ਕੇ ਕਿਸੇ ਵੇਲੇ ਵੀ ਉਨ੍ਹਾਂ ਦੇ ਧੜ ਨੂੰ ਲੈ ਜਾਵਾਂਗਾ। ਉਸ ਨੇ ਸਾਰੇ ਬਲਦ ਇਕਠੇ ਕਰਵਾਏ ਤੇ ਕਈ ਗਡਿਆ 'ਤੇ ਰੂੰ ਲਦਵਾ ਕੇ ਸਾਰੇ ਕਾਮੇ ਇਕਠੇ ਕੀਤੇ। ਭਾਈ ਲਖੀ ਵਣਜਾਰਾ ਬਲਦਾਂ ਦੀ ਵਡੀ ਕਤਾਰ ਲੈ ਕੇ ਜਮਨਾ ਦੇ ਕਿਨਾਰੇ ਘਾਟ ਉਤੇ ਪਹੁੰਚ ਗਿਆ। ਜਦ ਨਗਰ ਦੇ ਦਰਵਾਜ਼ੇ ਵਿਚ ਫਿਰ ਦਾਖਲ ਹੋ ਗਏ ਤਾਂ ਗੁਰੂ ਸਾਹਿਬ ਨੇ ਭਾਣਾ ਵਰਤਾਇਆ। ਉਸ ਸਮੇਂ ਬਹੁਤ ਤੇਜ਼ ਹਨ੍ਹੇਰੀ ਚਲ ਪਈ। ਜਿਥੇ ਗੁਰੂ ਸਾਹਿਬ ਦਾ ਧੜ ਪਿਆ ਸੀ ਉਥੇ ਦਰੋਗਾ ਤੇ ਸਿਪਾਹੀ ਪਹਿਰਾ ਦਿੰਦੇ ਸਨ। ਉਹਨਾਂ ਪਹਿਰੇਦਾਰਾਂ ਨੇ ਬਲਦਾਂ ਦੀ ਭੀੜ ਵੇਖ ਕੇ ਆਪਣਾ ਥਾਂ ਛਡ ਦਿਤਾ। ਜਦੋਂ ਭਾਈ ਲਖੀ ਵਣਜਾਰਾ ਆਪਣੇ ਬਲਦਾਂ ਨੂੰ ਨੇੜੇ ਲੈ ਕੇ ਪਹੁੰਚਿਆ ਤਾਂ ਗੁਰੂ ਸਾਹਿਬ ਦਾ ਧੜ ਵੇਖ ਕੇ ਚੁਕਣ ਲਈ ਹਠ ਕੀਤਾ। ਭਾਈ ਲਖੀ ਵਣਜਾਰਾ ਨੇ ਗੁਰੂ ਸਾਹਿਬ ਦਾ ਧੜ ਚੁਕ ਲਿਆ ਤੇ ਤੁਰੰਤ ਧੜ ਚੁਕ ਕੇ ਰੂੰ ਵਾਲੇ ਗਡੇ ਵਿਚ ਟਿਕਾ ਦਿਤਾ।

---

[19] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਗਿਆਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 4477.
ਹੁਤੋ ਲੁਬਾਣਾ ਸਿੱਖ ਤਹਿਂ ਬ੍ਰਿਖਭ ਬ੍ਰਿੰਦ ਜਹਿ ਪਾਸ। ਗਿਨਤੀ ਬਿਖੈ ਹਜਾਰ ਦਸ ਨਿਕਟਿ ਰਖੈ ਗਨ ਦਾਸ॥੧॥ਚੌਪਈ॥ ਗੁਰ ਕਾਰਨ ਕੋ ਸੁਨਿ ਦੁਖ ਪਾਯੋ। ਦਰਸ ਬਿਲੋਕਨ ਕੇ ਹਿਤ ਆਯੋ। ਤਰੇ ਬ੍ਰਿੱਛ ਕੇ ਗੁਰ ਧਰ ਪਰਯੋ। ਦੇਕਿ ਬਿਲੋਚਨ ਮਹਿਂ ਜਲ ਭਰਯੋ॥੨॥ (ਰਾਸਿ 12 ਅੰਸੂ67)

ਉਸ ਸਮੇਂ ਦੇ ਲੁਬਾਣੇ ਸਿਖ ਛਪਰਾਂ ਦੇ ਘਰਾਂ ਵਿਚ ਰਹਿੰਦੇ ਸਨ। ਉਨ੍ਹਾਂ ਨੇ ਘਰਾਂ ਵਿਚੋਂ ਸਾਰੀਆਂ ਵਸਤਾਂ ਕਢ ਲਈਆਂ ਤੇ ਆਪਣੇ ਘਰਾਂ ਦੇ ਵਿਚ ਹੀ ਚਿਖਾ ਚਿਣ ਦਿਤੀ। ਉਨ੍ਹਾਂ ਸਿਖਾਂ ਨੇ ਸਾਰੇ ਛਪਰਾਂ ਨੂੰ ਅਗ ਲਾ ਦਿਤੀ ਤੇ ਚਿਖਾ ਵਾਲੇ ਛਪਰ ਵਿਚ ਜ਼ਿਆਦਾ ਅਗ ਲਗਾਈ। ਗੁਰੂ ਸਾਹਿਬ ਦੇ ਧੜ ਦਾ ਸੰਸਕਾਰ ਕਰਕੇ ਅਗਲੇ ਦਿਨ ਫੁਲ ਚੁਗ ਲਏ। ਉਹਨਾਂ (ਫੁਲਾਂ) ਨੂੰ ਤਾਂਬੇ ਦੀਆਂ ਗਾਗਰਾਂ ਵਿਚ ਪਾਇਆ ਤੇ ਗਾਗਰਾਂ ਨੂੰ ਡੂੰਘਾ ਟੋਆ ਪੁਟ ਕੇ ਚਿਖਾ ਵਾਲੀ ਥਾਂ 'ਤੇ ਦਬ ਦਿਤਾ। ਗੁਰੂ ਸਾਹਿਬ ਦੀ ਚਿਖਾ ਵਾਲੇ ਉਸ ਸਥਾਨ 'ਤੇ ਸਿਖਾਂ ਨੇ ਛਪਰੀ ਤਿਆਰ ਕਰਵਾਈ ਤੇ ਉਥੇ ਸਦਾ  ਦੀਪਕ ਜਗਾਉਂਦੇ ਰਹੇ।

ਤਵਾਰੀਖ ਗੁਰੂ ਖਾਲਸਾ ਅਨੁਸਾਰ ਭਾਈ ਊਦਾ ਮੁਸਲਮਾਨ ਵਾਲੇ ਭੇਸ ਵਿਚ ਗੁਰੂ ਸਾਹਿਬ ਦੀ ਦੇਹ ਚੁਕਣ ਲਈ ਦਾਅ ਤਕਦਾ ਰਿਹਾ, ਕਿਉਂਕਿ ਗੁਰੂ ਸਾਹਿਬ ਦੇ ਸੀਸ ਗੁਪਤ ਹੋਣ ਦੀ ਖ਼ਬਰ ਸੁਣ ਕੇ ਔਰੰਗੇ ਨੇ ਗੁਰੂ ਸਾਹਿਬ ਦੀ ਦੇਹ ਚਾਨਣੀ ਚੌਂਕ ਦਿਲੀ ਵਿਚ ਰਖਵਾ ਕੇ ਪਹਿਰੇਦਾਰ ਖੜੇ ਕਰ ਡੌਂਡੀ ਫਿਰਾ ਦਿਤੀ ਸੀ ਕਿ ਗੁਰੂ ਸਾਹਿਬ ਦੇ ਸਿਖ ਗੁਰੂ ਸਾਹਿਬ ਦੇ ਧੜ ਨੂੰ ਲੈ ਜਾਣ। ਪਰ ਔਰੰਗੇ ਤੋਂ ਡਰਦਾ ਕੋਈ ਦਿਲਵਾਲੀ (ਦਿਲੀ ਦਾ) ਸਿਖ ਨਾ ਨਿਤਰਿਆ। ਜਦ ਭਾਈ ਊਦੇ ਨਾਲ ਕੋਈ ਸਿਖ ਦਿਲਵਾਲੀ (ਦਿਲੀ ਦਾ) ਨਾ ਰਲਿਆ ਤੇ ਉਹ ਅੰਧੇਰੇ ਹੋਏ ਤੋਂ ਗੁਰੂ ਸਾਹਿਬ ਦਾ ਧੜ ਚੁਕਣ ਦੀ ਤਾਕ ਵਿਚ ਖੜਾ ਸੀ। ਤਦ ਨੂੰ ਸੰਝ ਸਮੇਂ ਲਖੀ ਵਣਜਾਰਾ (ਜੋ ਕੋਈ ਹਜ਼ਾਰ ਬੈਲ ਦਾ ਨਾਇਕ ਸੀ) ਛੇ ਸਤ ਸੌ ਬੈਲ ਕਲੀ ਚੂਨੇ ਦਾ ਲਦਿਆ ਲੈ ਕੇ ਨਾਰਨੌਲ ਤੋਂ ਕਿਲ੍ਹੇ ਵਿਚ ਆ ਗਿਆ। ਜਦ ਉਹ ਕਿਲੇ ਵਿਚ ਚੂਨਾ ਢਾਲ ਕੇ ਦੀਵੇ ਜਗੇ ਇਕੋ ਵਾਰੀ ਬੈਲਾਂ ਨੂੰ ਲੈ ਕੇ ਚਾਨਣੀ ਚੌਂਕ ਵਿਚ ਆਇਆ ਤੇ ਪਹਿਰੇਦਾਰ ਉਸ ਗੁਬਾਰ ਤੋਂ ਡਰਦੇ ਦੂਰ ਜਾ ਖੜੇ ਤਾਂ ਭਾਈ ਊਦੇ ਦੀ ਸਹਾਇਤਾ ਨਾਲ ਗੁਰੂ ਸਾਹਿਬ ਦਾ ਧੜ ਇਕ ਬੈਲ ਉਤੇ ਧਰ ਲੈ ਕੇ ਦੌੜਿਆ। ਹੋਰ ਬੈਲ ਪਿਛੇ ਹੌਲੀ-ਹੌਲੀ ਲੰਘਦੇ ਰਹੇ ਸਨ ਤਦ ਤਕ ਉਹ ਦਿਲੀ ਤੋਂ ਚਾਰ ਕੋਹ ਰਕਾਬ ਗੰਜ ਆਪਣੇ ਪਿੰਡ ਪਹੁੰਚ ਗਏ। ਪਿੰਡ ਤੋਂ ਬਾਹਰ ਜੋ ਬੈਲਾਂ ਲਈ ਕਈ ਕੋਠੇ ਛਪਰ ਲਖੀ ਵਣਜਾਰੇ ਨੇ ਬਣਾ ਰਖੇ ਸਨ। ਉਥੇ ਗੁਰੂ ਸਾਹਿਬ ਦੇ ਪਵਿਤਰ ਸਰੀਰ ਨੂੰ ਉਤਾਰ ਕੇ ਇਸ਼ਨਾਨ ਕਰਵਾਇਆ ਤੇ ਨਵੀਨ ਬਸਤਰ ਪਹਿਨਾ ਕੇ ਇਕ ਛਪਰ ਅੰਦਰ ਕਾਠ ਦੇ ਢੇਰ ਉਤੇ ਧਰਕੇ ਚੰਡੀ ਦੀ ਭੇਟਾ ਕਰ ਦਿਤਾ। ਜਦ ਛਪਰਾ ਨੂੰ ਅਗ ਲਗੀ ਜਾਣਕੇ ਲੋਕ ਬੁਝਾਉਣ ਲਈ ਆ ਇਕਠੇ ਹੋਏ ਤਾਂ ਉਧਰ ਸਾਰੇ ਬੈਲ ਲੰਘਣ ਮਗਰੋਂ ਗੁਰੂ ਸਾਹਿਬ ਦਾ ਧੜ ਉਥੇ ਨਾ ਹੋਣ

ਕਰਕੇ ਕੋਤਵਾਲ ਧੌਂਸ ਲੈ ਕੇ ਲਖੀ ਵਣਜਾਰੇ ਦੇ ਪਿੰਡ ਆ ਪਹੁੰਚਿਆ ਪਰ ਉਸਦਾ ਘਰ ਸੜਦਾ ਦੇਖਿਆ ਤੇ ਵਾਪਸ ਮੁੜ ਆਏ। ਭਾਈ ਊਦਾ ਗੁਰੂ ਸਾਹਿਬ ਦੇ ਸਸਕਾਰ ਵਾਲੀ ਜਗ੍ਹਾ ਇਕ ਚੌਂਤਰਾ ਬਣਵਾ ਕੇ ਅਨੰਦਪੁਰ ਵਲ ਚਲ ਪਿਆ।[20]

## ਸਾਬੋ ਕੇ ਸਰਦਾਰ

ਤਵਾਰੀਖ ਗੁਰੂ ਖਾਲਸਾ ਅਨੁਸਾਰ ਗੁਰੂ ਸਾਹਿਬ ਡਿਖ ਪਿੰਡ ਇਕ ਰਾਤ ਰਹਿਕੇ ਸਾਬੋ ਕੀ ਤਲਵੰਡੀ ਜਾ ਕੇ ਰਹੇ। ਜਿਥੇ ਹੁਣ ਦਮਦਮਾ ਸਾਹਿਬ ਗੁਰਦੁਆਰਾ ਹੈ। ਹੁਣ ਉਥੇ ਦਰਬਾਰ ਸਾਹਿਬ ਦੇ ਨਾਲ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸਥਾਨ ਹੈ। ਤਲਵੰਡੀ ਵਾਲੇ ਸਾਬੋ ਕੇ ਸਰਦਾਰਾਂ ਨੇ ਗੁਰੂ ਸਾਹਿਬ ਦੀ ਬਹੁਤ ਸੇਵਾ ਕੀਤੀ। ਜਦ ਪੜ੍ਹਣ ਦਾ ਜ਼ਿਕਰ ਚਲਿਆ ਤਾਂ ਗੁਰੂ ਸਾਹਿਬ ਨੇ ਬਚਨ ਕੀਤਾ ਇਥੇ ਗੁਰੂ ਕੀ ਕਾਸ਼ੀ ਹੋਵੇਗੀ। ਸੋ ਸਚ ਹੈ ਉਥੇ ਬਹੁਤ ਸਿਖ ਗੁਰਮੁਖੀ ਵਿਦਿਆ ਪੜ੍ਹਦੇ ਹਨ।[21]

## ਭਾਈ ਮੱਲਾ ਜੀ

ਤਵਾਰੀਖ ਗੁਰੂ ਖਾਲਸਾ ਅਨੁਸਾਰ ਜੀਂਦ ਪਿੰਡ ਦੇ ਮਲਾ ਨਾਮ ਤਖਾਣ ਸਿਖ ਭਾਈ ਲਾਲੋ ਵਰਗਾ ਪ੍ਰੇਮੀ ਸੀ। ਉਸ ਨੇ ਆਪਣੇ ਘਰ ਗੁਰੂ ਸਾਹਿਬ ਦਾ ਆਸਣ ਲਗਵਾ ਕੇ ਮਾਈ ਦੀ ਮਾਈਆ ਨੇ ਤੇ ਗੁਰੂ ਸਾਹਿਬ ਦੀ ਟਹਿਲ ਉਸ ਨੇ ਆਪ ਆਪਣੇ ਪੁਤਰਾਂ-ਪੋਤਰਿਆਂ ਨੇ ਬੜੀ ਸ਼ਰਧਾ ਨਾਲ ਕੀਤੀ।[22] ਗੁਰੂ ਸਾਹਿਬ ਤੋਂ ਭਾਈ ਮੱਲਾ ਭਗਤੀ ਭਜਨ ਦੀ ਰੀਤ ਪੁਛਦਾ ਰਿਹਾ ਤੇ ਨਾਲ-ਨਾਲ ਮੁਠੀਆਂ ਭਰਦਾ ਰਿਹਾ।

## ਭਾਈ ਬੁਲਾਕੀ ਦਾਸ ਜੀ ਤੇ ਉਸਦੇ ਮਾਤਾ ਜੀ

ਤਵਾਰੀਖ ਗੁਰੂ ਖਾਲਸਾ ਅਨੁਸਾਰ ਢਾਕਾ ਸ਼ਹਿਰ ਦੇ ਭਾਈ ਬੁਲਾਕੀ ਦਾਸ ਨੇ ਗੁਰੂ ਸਾਹਿਬ ਲਈ ਇਕ ਨਵਾਂ ਪਲੰਘ ਸ਼ਰਧਾ ਨਾਲ ਸਜਾ ਕੇ ਰਖਿਆ ਹੋਇਆ ਸੀ। ਭਾਈ ਬੁਲਾਕੀ ਉਸ ਪਲੰਘ ਦੀ ਪੂਜਾ ਕਰਦਾ ਰਹਿੰਦਾ ਤੇ

---

[20] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 756.

[21] ਉਹੀ, ਪੰਨਾ 687.

[22] ਉਹੀ, ਪੰਨਾ 691.

ਕਿਹਾ ਕਰਦਾ ਕਿ ਜਦ ਗੁਰੂ ਸਾਹਿਬ ਆ ਕੇ ਆਸਣ ਲਾਉਣਗੇ ਤਾਂ ਮੇਰਾ ਕਲਿਆਣ ਹੋਵੇਗਾ। ਇਕ ਦਿਨ ਭਾਈ ਬੁਲਾਕੀ ਦਾਸ ਘਰ ਨਹੀਂ ਸੀ ਪਰ ਉਸਦੀ ਬ੍ਰਿਧਾ ਮਾਤਾ ਨੇ ਜਦ ਗੁਰੂ ਸਾਹਿਬ ਦੇ ਆਉਣ ਬਾਰੇ ਸੁਣਿਆ ਤਾਂ ਘਰੋਂ ਬਾਹਰ ਆ ਗੁਰੂ ਸਾਹਿਬ ਦੇ ਚਰਨਾਂ ਨੂੰ ਲਿਪਟ ਗਈ।[23] ਗੁਰੂ ਸਾਹਿਬ ਨੂੰ ਘਰ ਦੇ ਅੰਦਰ ਪਲੰਘ ਉਤੇ ਬਿਠਾਇਆ ਤੇ ਚਰਨ ਧੋ ਕੇ ਗੁਰੂ ਸਾਹਿਬ ਤੋਂ ਚਰਨਾਂਮ੍ਰਿਤ ਲਿਆ। ਫਿਰ ਭਾਈ ਬੁਲਾਕੀ ਦਾਸ ਵੀ ਆ ਕੇ ਬੜਾ ਪ੍ਰਸੰਨ ਹੋਇਆ ਤੇ ਗੁਰੂ ਸਾਹਿਬ ਦੇ ਚਰਨਾਂ ਦੀ ਸੇਵਾ ਕਰਨ ਲਗਾ। ਪਹਿਲਾਂ ਗੁਰੂ ਸਾਹਿਬ ਤੇ ਸਿਖਾਂ ਨੂੰ ਦੁਧ ਛਕਾਇਆ ਤੇ ਫਿਰ ਅਨੇਕ ਪ੍ਰਕਾਰ ਦੇ ਮੇਵੇ ਅਰਪਣ ਕੀਤੇ। ਫਿਰ ਗੁਰੂ ਸਾਹਿਬ ਤੇ ਸਿਖਾਂ ਨੂੰ ਗਰਮ ਜਲ ਨਾਲ ਇਸ਼ਨਾਨ ਕਰਵਾਇਆ। ਬ੍ਰਿਧ ਮਾਈ ਨੇ ਆਪਣੇ ਹਥਾਂ ਨਾਲ ਬਰੀਕ ਸੂਤ ਕੱਤ ਕੇ ਗੁਰੂ ਸਾਹਿਬ ਲਈ ਕੀਮਤੀ ਪੁਸ਼ਾਕ ਬਣਾ ਕੇ ਰਖੀ ਸੀ ਉਹ ਭੇਂਟ ਕੀਤੀ। ਉਸ ਮਾਈ ਦਾ ਇਹ ਪ੍ਰੇਮ ਵੇਖ ਕੇ ਗੁਰੂ ਸਾਹਿਬ ਨੇ ਆਪਣੀ ਆਤਮਿਕ ਸ਼ਕਤੀ ਤੇ ਬਾਣੀ ਦੇ ਬਲ ਕਰ ਉਸਨੂੰ ਬ੍ਰਹਮ ਗਿਆਨ ਦੇ ਕੇ ਜੀਵਨ ਮੁਕਤ ਪਦਵੀ ਬਖਸ਼ੀ।

## ਰਾਜਾ ਹਜ਼ੂਰੀ ਸਿੰਘ ਜੀ

ਤਵਾਰੀਖ ਗੁਰੂ ਖਾਲਸਾ ਅਨੁਸਾਰ ਗੁਰੂ ਸਾਹਿਬ ਜਦ ਕਲਕਤੇ ਪਹੁੰਚੇ ਤਾਂ ਉਥੋਂ ਦੇ ਰਾਜੇ ਹਜ਼ੂਰੀ ਸਿੰਘ ਬਹਿਲ ਖਤਰੀ ਨੇ ਗੁਰੂ ਸਾਹਿਬ ਦੀ ਬੜੀ ਸੇਵਾ ਕੀਤੀ। ਰਾਜਾ ਹਜ਼ੂਰੀ ਸਿੰਘ ਦੀ ਸੇਵਾ ਤੋਂ ਖੁਸ਼ ਹੋ ਕੇ ਗੁਰੂ ਸਾਹਿਬ ਨੇ ਉਸ ਨੂੰ ਇਕ ਪੁਸਤਕ, ਕਟਾਰ ਬਖਸ਼ੀ। ਉਹ ਦੋਵੇਂ ਵਸਤਾਂ ਹੁਣ 'ਵਿਲੀਅਮ ਫੋਰਟ' ਨਾਮ ਦੇ ਕਿਲੇ ਵਿਚ ਪਈਆਂ ਹਨ।[24]

## ਮਾਈ ਭਾਗੋ ਜੀ

ਤਵਾਰੀਖ ਗੁਰੂ ਖਾਲਸਾ ਅਨੁਸਾਰ ਗੁਰੂ ਸਾਹਿਬ ਜਦ ਆਗਰੇ ਪਹੁੰਚੇ ਤਾਂ ਮਾਈ ਭਾਗੋ ਬਹੁਤ ਖੁਸ਼ ਹੋਈ। ਉਸਨੇ ਬਹੁਤ ਬਰੀਕ ਸੂਤ ਕਤਕੇ ਗੁਰੂ ਸਾਹਿਬ ਲਈ ਪੁਸ਼ਾਕ ਬਣਾ ਕੇ ਰਖੀ ਸੀ।[25] ਜਦ ਗੁਰੂ ਸਾਹਿਬ ਮਿਲੇ ਤਾਂ

---

[23] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 703.

[24] ਉਹੀ, ਪੰਨਾ 708.

[25] ਉਹੀ, ਪੰਨਾ 733.

ਮਾਈ ਭਾਗੋ ਨੇ ਗੁਰੂ ਸਾਹਿਬ ਨੂੰ ਅਰਪਣ ਕੀਤੀ। ਇਥੇ ਗੁਰੂ ਸਾਹਿਬ ਦੋ ਦਿਨ ਰਹੇ ਤੇ ਮਾਈ ਭਾਗੋ ਨੇ ਸਰਬ ਭਾਂਤ ਸੇਵਾ ਕੀਤੀ।

## ਭਾਈ ਦਿਆਲਾ ਜੀ

ਤਵਾਰੀਖ ਗੁਰੂ ਖਾਲਸਾ ਅਨੁਸਾਰ ਕਾਜ਼ੀ ਤੋਂ ਫਤਵਾ ਲੈ ਕੇ ਔਰੰਗੇ ਨੇ ਭਾਈ ਦਿਆਲੇ ਦੇ ਹਥ ਪੈਰ ਬੰਨ੍ਹਵਾ ਕੇ ਉਬਲਦੇ ਪਾਣੀ ਦੇ ਕੜਾਹੇ ਵਿਚ ਬਿਠਾ ਕੇ ਹੇਠਾਂ ਹੋਰ ਅਗ ਬਾਲ ਦਿਤੀ। ਭਾਵੇਂ ਉਸ ਧਰਮੀ ਸਤਪੁਰਖ ਨੂੰ ਕਸ਼ਟ ਦਿਤਾ ਤੇ ਉਨ੍ਹਾਂ ਦੁਸ਼ਟਾਂ ਨੇ ਕਈ ਵਾਰ ਕਿਹਾ ਕਿ ਦੀਨ ਮੰਨੋ ਤਾਂ ਛਡ ਦੇਵਾਂਗੇ। ਪਰ ਉਸ ਬ੍ਰਹਮ ਗਿਆਨੀ ਸਿਖ ਨੇ ਜਪੁਜੀ ਸਾਹਿਬ ਜੀ ਦੇ ਪਾਠ ਬਿਨ੍ਹਾਂ ਹੋਰ ਕੋਈ ਅਵਾਜ਼ ਮੂੰਹੋ ਨਾ ਕਢੀ।[26]

## ਭਾਈ ਜੈਤਾ ਜੀ

ਤਵਾਰੀਖ ਗੁਰੂ ਖਾਲਸਾ ਅਨੁਸਾਰ ਗੁਰੂ ਸਾਹਿਬ ਦੇ ਸ਼ਹੀਦ ਹੋਣ ਸਮੇਂ ਹਲ-ਚਲ ਹੋਈ ਤਾਂ ਭਾਈ ਜੈਤਾ ਗੁਰੂ ਸਾਹਿਬ ਦਾ ਸੀਸ ਉਠਾ ਕੇ ਅਨੰਦਪੁਰ ਸਾਹਿਬ ਦੇ ਰਾਹ ਪਿਆ।[27] ਭਾਈ ਜੈਤਾ ਦਿਨ-ਰਾਤ ਚਲਦਾ ਹੋਇਆ ਕੀਰਤਪੁਰ ਸਾਹਿਬ ਪਹੁੰਚਿਆ। ਇਥੇ ਸ੍ਰੀ ਗੋਬਿੰਦ ਰਾਏ ਜੀ ਸ੍ਰੀ ਅਨੰਦਪੁਰ ਤੋਂ ਸਿਖ ਸੰਗਤ ਨਾਲ ਆ ਕੇ ਗੁਰੂ ਸਾਹਿਬ ਦੇ ਸੀਸ ਨੂੰ ਪਾਲਕੀ ਵਿਚ ਰਖ ਕੇ ਸ੍ਰੀ ਅਨੰਦਪੁਰ ਵਿਖੇ ਲੈ ਗਏ ਤੇ ਸ੍ਰੀ ਸੀਸ ਗੰਜ ਸਾਹਿਬ ਵਾਲੇ ਅਸਥਾਨ ’ਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਧੜ ਦਾ ਸੰਸਕਾਰ ਕੀਤਾ।

## ਭਾਈ ਜਵਾਹਰ ਮਲ ਅਰੋੜਾ

ਭਾਈ ਜਵਾਹਰ ਮਲ ਅਰੋੜਾ ਨੇ ਆ ਕੇ ਗੁਰੂ ਸਾਹਿਬ ਅਗੇ ਮਾਇਆ ਭੇਂਟ ਕੀਤੀ ਤੇ ਸ਼ਾਮ ਦੇ ਸਮੇਂ ਗੁਰੂ ਸਹਿਬ ਲਈ ਭਾਈ ਜਵਾਹਰ ਮਲ ਅਨੇਕ ਪ੍ਰਕਾਰ ਦੀ ਮਿਠਾਈਆਂ ਤੇ ਭੋਜਨ ਲਿਆ ਕੇ ਗੁਰੂ ਸਾਹਿਬ ਤੇ ਸਿਖਾਂ ਨੂੰ ਛਕਾਏ।[28]

---

[26] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 747.

[27] ਉਹੀ, ਪੰਨਾ 756.

[28] ਉਹੀ, ਪੰਨਾ 753.

## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸੇਵਕ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸੇਵਕ ਬ੍ਰਾਹਮਣ, ਭਾਈ ਕੀਰਤੀਆ ਜੀ, ਕ੍ਰਿਪਾਲ ਮਹੰਤ ਜੀ, ਪੀਰ ਬੁਧੂ ਸ਼ਾਹ ਜੀ ਤੇ ਉਸਦੇ ਪੁਤਰ, ਮਾਮਾ ਕ੍ਰਿਪਾਲ ਸਿੰਘ ਜੀ, ਭਾਈ ਲਾਲ ਚੰਦ ਜੀ, ਭਾਈ ਸੰਗੋ ਸ਼ਾਹ ਜੀ, ਭਾਈ ਦਇਆ ਸਿੰਘ ਜੀ, ਭਾਈ ਗੁਲਾਬ ਰਾਇ ਤੇ ਭਾਈ ਸ਼ਿਆਮ ਸਿੰਘ ਜੀ, ਮਾਤਾ ਅਜੀਤ ਕੌਰ ਜੀ, ਭਾਈ ਨੰਦ ਲਾਲ ਜੀ, ਭਾਈ ਚਰਨ ਦਾਸ ਜੀ, ਭਾਈ ਬ੍ਰਿੰਦਬਨ ਜੀ, ਭਾਈ ਖਾਨਸ਼ਾਹ ਜੀ, ਭਾਈ ਚੂਖਾ ਜੀ, ਰਾਮਗੜ੍ਹ ਦਾ ਰਾਜਾ, ਰਾਇਪੁਰ ਦੀ ਰਾਣੀ, ਸਿਖਣੀ, ਸਾਹਿਬਜ਼ਾਦਾ ਅਜੀਤ ਸਿੰਘ ਜੀ, ਭਾਈ ਸਾਹਿਬ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਜੋਗਾ ਸਿੰਘ ਜੀ, ਭਾਈ ਆਲਮ ਸਿੰਘ ਜੀ, ਬਿਸਾਲੀ ਨਗਰ ਦਾ ਰਾਜਾ, ਭੰਭੌਰ ਦਾ ਰਾਜਾ, ਭਾਈ ਜੱਗਾ ਸਿੰਘ ਜੀ, ਭਾਈ ਮਦਨ ਸਿੰਘ ਜੀ, ਭਾਈ ਕਪੂਰਾ ਜੀ, ਭਾਈ ਅਜੀਤ ਸਿੰਘ ਜੀ, ਭਾਈ ਉਦੇ ਸਿੰਘ ਜੀ, ਭਾਈ ਨਾਹਰ ਸਿੰਘ ਜੀ, ਭਾਈ ਸ਼ੇਰ ਸਿੰਘ ਜੀ, ਭਾਈ ਮੋਹਕਮ ਸਿੰਘ ਜੀ, ਭਾਈ ਕਨ੍ਹਈਆ ਜੀ, ਭਾਈ ਗੁਰਬਖਸ਼ ਸਿੰਘ ਜੀ, ਭਾਈ ਜੀਵਨ ਸਿੰਘ ਜੀ, ਭਾਈ ਖਜ਼ਾਨ ਸਿੰਘ ਜੀ, ਭਾਈ ਦਾਨ ਸਿੰਘ ਜੀ, ਭਾਈ ਧਿਆਨ ਸਿੰਘ ਜੀ, ਭਾਈ ਲਾਲ ਸਿੰਘ ਜੀ, ਸਾਹਿਬਜ਼ਾਦਾ ਜੁਝਾਰ ਸਿੰਘ ਜੀ, ਭਾਈ ਜ਼ੋਰਾਵਰ ਸਿੰਘ ਜੀ, ਭਾਈ ਸੰਤ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਗੁਲਾਬਾ ਜੀ, ਨਬੀ ਖਾਂ ਜੀ, ਗਨੀ ਖਾਂ ਜੀ, ਤਰਖਾਣ ਸਿਖ, ਭਾਈ ਪਰਮ ਸਿੰਘ ਜੀ, ਧਰਮ ਸਿੰਘ ਜੀ, ਭਾਈ ਗੁਦੜ ਸਿੰਘ ਜੀ, ਭਾਈ ਸ਼ਮੀਰ ਜੀ, ਭਾਈ ਭਗਤੇ ਦੇ ਪੁਤਰ, ਭਾਈ ਨੰਦ ਜੀ, ਬਾਬਾ ਕੌਲ ਜੀ, ਭਾਈ ਕੁਬੇਰ ਜੀ, ਭਾਈ ਬਹਿਮੀ ਸ਼ਾਹ ਜੀ, ਲੁਬਾਣਾ ਸਿਖ, ਭਾਈ ਡੱਲਾ ਜੀ, ਭਾਈ ਰਾਮ ਸਿੰਘ ਜੀ, ਭਾਈ ਰਾਮਾ ਸਿੰਘ ਜੀ, ਭਾਈ ਤਿਲੋਕ ਸਿੰਘ ਜੀ, ਭਾਈ ਮਾਨ ਸਿੰਘ ਜੀ, ਭਾਈ ਮਹਿਮਾ ਸਿੰਘ ਜੀ, ਭਾਈ ਸੰਤੋਖ ਸਿੰਘ ਜੀ ਆਦਿ ਸੇਵਕਾਂ ਦੁਆਰਾ ਕੀਤੀ ਗਈ ਸੇਵਾ ਦੇ ਸਰੋਕਾਰਾਂ ਦਾ ਵਰਣਨ ਇਸ ਪ੍ਰਕਾਰ ਹੈ:

## ਬ੍ਰਾਹਮਣ ਤੇ ਭਾਈ ਕੀਰਤੀਆ ਜੀ

ਗੁਰੂ ਸਾਹਿਬ ਲਈ ਇਕ ਬ੍ਰਾਹਮਣ ਆ ਕੇ ਭੋਜਨ ਤਿਆਰ ਕਰਦਾ ਸੀ। ਦੋਵੇਂ ਸਮੇਂ ਭੋਜਨ ਤਿਆਰ ਕਰਕੇ ਛਕਾਉਂਦਾ ਸੀ ਤੇ ਗੁਰੂ ਸਾਹਿਬ ਦੀ ਆਗਿਆ ਅਨੁਸਾਰ ਰਹਿੰਦਾ ਸੀ। ਇਕ ਕੀਰਤੀਆ ਨਾਮ ਦਾ ਚੌਬਰਦਾਰ ਸਦਾ ਖੜਾ ਹੋ ਕੇ ਚੌਰ ਕਰਦਾ ਰਹਿੰਦਾ ਸੀ। ਉਹ ਹਮੇਸ਼ਾ ਚੌਰ ਦੀ ਸੇਵਾ ਕਰਦਾ ਤੇ ਕਦੇ ਸੇਵਾ ਤੋਂ ਅਵੇਸਲਾ ਨਹੀਂ ਹੁੰਦਾ ਸੀ।

## ਰਾਜਾ ਮੇਦਨੀ ਪ੍ਰਕਾਸ਼ ਜੀ

ਤਵਾਰੀਖ ਗੁਰੂ ਖਾਲਸਾ ਅਨੁਸਾਰ ਜਦੋਂ ਗੁਰੂ ਸਾਹਿਬ ਨਾਹਨ ਪੁਜੇ ਤਾਂ ਰਾਜਾ ਮੇਦਨੀ ਪ੍ਰਕਾਸ਼ ਨੇ ਅਗੇ ਆ ਕੇ ਵਡੇ ਅਦਬ ਤੇ ਆਦਰ ਨਾਲ ਇਕ ਘੋੜਾ, ਸਵਾ ਸੌ ਰੁਪਏ ਦਰਸ਼ਨੀ ਭੇਂਟਾ ਦਿਤੀ। ਗੁਰੂ ਸਾਹਿਬ ਅਗੇ ਬੇਨਤੀ ਕਰਕੇ ਰਾਜਾ ਮੇਦਨੀ ਪ੍ਰਕਾਸ਼ ਗੁਰੂ ਸਾਹਿਬ ਨੂੰ ਆਪਣੇ ਨਗਰ ਵਿਚ ਲੈ ਗਿਆ। ਜਿਥੇ ਹੁਣ ਗੁਰਦੁਆਰਾ ਹੈ, ਉਥੇ ਤੰਬੂ ਵਿਚ ਉਤਾਰਾ ਕਰਵਾਇਆ ਤੇ ਮਾਈਆ ਨੂੰ ਹਵੇਲੀ ਵਿਚ ਰਖਿਆ। ਰਾਜਾ ਖੁਸ਼ ਹੋ ਕੇ ਸਰਬ ਭਾਂਤ ਸੇਵਾ ਕਰਨ ਲਗਾ।[1]

## ਕ੍ਰਿਪਾਲ ਮਹੰਤ ਜੀ

ਗੁਰੂ ਸਾਹਿਬ ਨੇ ਜਦ ਮਹੰਤ ਕ੍ਰਿਪਾਲ ਬਾਰੇ ਜੰਗ (ਭੰਗਾਣੀ ਦਾ ਜੰਗ) ਵਿਚ ਜਾਣ ਬਾਰੇ ਬਚਨ ਸੁਣੇ ਤਾਂ ਪ੍ਰਸੰਨ ਹੋ ਕੇ ਗੁਰੂ ਸਾਹਿਬ ਬੋਲੇ ਕਿ ਤੁਹਾਡੇ ਪਾਸ ਕਿਹੜਾ ਹਥਿਆਰ ਹੈ? ਜਿਸ ਦੇ ਬਲ ਨਾਲ ਵੈਰੀ ਨੂੰ ਮਾਰੋਗੇ? ਤੁਹਾਡੇ ਪਾਸ ਨਾ ਤਲਵਾਰ, ਨਾ ਬੰਦੂਕ, ਨਾ ਬਰਛਾ ਤੇ ਨਾ ਹੀ ਧਨੁਖ ਬਾਣ ਹੈ। ਤੁਹਾਡੇ ਕੋਲ ਅੰਗਾਂ ਨੂੰ ਬਚਾਉਣ ਲਈ ਢਾਲ ਵੀ ਨਹੀਂ ਹੈ। ਤੁਸੀਂ ਕਿਸ ਤਰ੍ਹਾਂ ਜੰਗ ਵਿਚ ਵੈਰੀ ਮਾਰਨਾ ਚਾਹੁੰਦੇ ਹੋ।[2] ਕ੍ਰਿਪਾਲ ਮਹੰਤ ਨੇ ਸੁਣ ਕੇ ਗੁਰੂ

---

[1] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 813.

[2] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਗਿਆਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 4802.

ਸਾਹਿਬ ਨੂੰ ਬੇਨਤੀ ਕੀਤੀ ਕਿ ਮੇਰੇ ਮੋਢੇ ਉਤੇ ਧਰਿਆ ਕੁਤਕਾ (ਇਸ ਕੁਤਕੇ ਦਾ ਭਾਰ ਅਠ ਸੇਰ ਸੀ) ਹੈ। ਇਕ ਕੁਤਕੇ ਨਾਲ ਹਿਆਤ 'ਤੇ ਵਾਰ ਕਰਾਂਗਾ, ਦੂਸਰਾ ਤੁਹਾਡੀ ਕਿਰਪਾ ਨਾਲ ਰਤੀ ਭਰ ਵੀ ਨਹੀਂ ਡਰਾਂਗਾ। ਗੁਰੂ ਸਾਹਿਬ ਤੋਂ ਆਗਿਆ ਲੈ ਕੇ ਕ੍ਰਿਪਾਲ ਮਹੰਤ ਆਪਣੇ ਘੋੜੇ ਨੂੰ ਲੈ ਕੇ ਜੰਗ ਦੇ ਮੈਦਾਨ ਵਲ ਚਲ ਪਿਆ। ਕ੍ਰਿਪਾਲ ਮਹੰਤ ਨੇ ਸਵਾਹ ਨਾਲ ਚਿਟੇ ਰੰਗ ਦਾ ਭਿਆਨਕ ਭੇਖ ਧਾਰਨ ਕੀਤਾ ਹੋਇਆ ਸੀ। ਕ੍ਰਿਪਾਲ ਮਹੰਤ ਡਰਾਉਂਦਾ ਹੋਇਆ ਪਠਾਣਾਂ ਦੇ ਅਗੇ ਹੋ ਗਿਆ ਤੇ ਹਿਆਤ ਖਾਂ ਨੂੰ ਵੰਗਾਰ ਲਿਆ। ਦੋਵੇਂ ਸੂਰਬੀਰ ਇਕ ਦੂਸਰੇ ਦੇ ਸਾਹਮਣੇ ਹੋ ਕੇ ਖੜ੍ਹ ਗਏ। ਹਿਯਾਤ ਖਾਂ ਨੇ ਗੁਸੇ ਵਿਚ ਆ ਕੇ ਤਲਵਾਰ ਕਢੀ ਤੇ ਜਟਾਵਾਂ ਵਾਲਾ ਸਾਧੂ ਸਮਝ ਕੇ ਪਹਾੜੀ ਰਾਜੇ, ਪਠਾਣ ਖੜੇ ਹੋ ਕੇ ਵੇਖ ਰਹੇ ਸਨ। ਕਹਿ ਰਹੇ ਸਨ ਕਿ ਇਸ ਸਾਧ ਨੇ ਜੰਗ ਕਰਨ ਦਾ ਇਹ ਭਲਾ ਹਠ ਕੀਤਾ ਹੈ, ਮਾਰਨ ਲਈ ਇਸ ਹਥ ਵਿਚ ਕੁਤਕਾ ਫੜਿਆ ਹੈ। ਸਾਰੇ ਜੰਗ ਛਡ ਕੇ ਉਨ੍ਹਾਂ ਦੋਹਾਂ ਦਾ ਜੰਗ ਵੇਖਣ ਲਗ ਗਏ।

ਪਠਾਣ ਘੋੜੇ ਨੂੰ ਤੇਜ਼ ਕਰਕੇ ਆਇਆ ਤੇ ਤਲਵਾਰ ਨੂੰ ਕਢ ਕੇ ਉਭਾਰਿਆ। ਸਾਹਮਣੇ ਕ੍ਰਿਪਾਲ ਮਹੰਤ ਕੁਤਕਾ ਫੜ ਕੇ ਖੜਾ ਸੀ। ਫਿਰ ਹਿਆਤ ਖਾਂ ਕ੍ਰਿਪਾਲ ਮਹੰਤ ਦੇ ਸਾਹਮਣੇ ਆ ਕੇ ਤਲਵਾਰ ਨਾਲ ਵਾਰ ਕਰਕੇ ਰੁਕਿਆ ਕਿਉਂਕਿ ਕ੍ਰਿਪਾਲ ਮਹੰਤ ਨੇ ਆਪਣੇ ਅਗੇ ਕੁਤਕਾ ਕਰਕੇ ਆਪਣੇ ਆਪ ਨੂੰ ਬਚਾ ਲਿਆ ਸੀ। ਜਿਸ ਕਾਰਨ ਤਲਵਾਰ ਟੁਟ ਕੇ ਥਲੇ ਡਿਗ ਪਈ।[3] ਕ੍ਰਿਪਾਲ ਮਹੰਤ ਨੇ ਕੁਤਕੇ ਨੂੰ ਹਿਆਤ ਖਾਂ ਦੇ ਸਿਰ ਉਤੇ ਮਾਰਿਆ ਤਾਂ ਉਸੇ ਸਮੇਂ ਹਿਆਤ ਖਾਂ ਮਰ ਗਿਆ। ਗੁਰੂ ਸਾਹਿਬ ਨੇ ਆਪਣੇ ਮੁਖ ਤੋਂ ਕ੍ਰਿਪਾਲ ਮਹੰਤ ਦੀ ਉਪਮਾ ਕੀਤੀ:

ਕ੍ਰਿਪਾਲ ਕੋਪੀਯੰ ਕੁਤਕੋ ਸੰਭਾਰੀ।। ਹਠੀ ਖਾਨ ਹਯਾਤ ਕੇ ਸੀਸ ਝਾਰੀ।।

ਉਠੀ ਛਿਛਿ ਇਛੰ ਕਢਾ ਮੇਝ ਜੋਰੰ।। ਮਨੋ ਮਾਖਨੰ ਮਟਕੀ ਕਾਨ੍ਹ ਫੋਰੰ।।

---

ਕਲਗੀਧਰ ਯੌ ਜਬਿ ਬੈਨ ਸੁਨੇ। ਉਰ ਹੋਇ ਪ੍ਰਸੰਨ ਬਿਸਾਲ ਭਨੇ। ਹੱਥਯਾਰ ਕਹਾਂ ਜੁ ਪਹਾਰਹੁਗੇ? ਜਿਸ ਕੇ ਬਲ ਤੇ ਅਰਿ ਮਾਰਹੁਗੇ।।੧੯।। ਤਰਵਾਰ ਤੁਫੰਗ ਨ ਤੋਮਰ ਹੈ। ਧਨੁਬਾਨ ਮਹਾਨ ਨਹੀਂ ਕਰ ਹੈ। ਨਹਿਂ ਢਾਰ ਬਚਾਵਨ ਅੰਗਨਿ ਕੋ। ਕਿਮ ਜੰਗ ਚਹੌ ਅਰ ਭੰਗਨਿ ਕੋ।।੨੦।। (ਰਿਤੁ 2 ਅੰਸੂ 27)

[3] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਗਿਆਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 4803.

ਕਰਿ ਤੇਜ ਤੁਰੰਗ ਪਠਾਨ ਆਯੋ। ਤਰਵਾਰ ਨਿਕਾਰਿ ਉਭਾਰਿ ਲਯੋ। ਉਰ ਧੀਰਜ ਸੰਮੁਖ ਸਾਧ ਖਰਯੋ। (ਰਿਤੁ 2 ਅੰਸੂ 27)

## ਪੀਰ ਬੁਧੂ ਸ਼ਾਹ ਜੀ ਤੇ ਉਸ ਦੇ ਪੁਤਰ

ਭੰਗਾਣੀ ਦੇ ਜੰਗ ਵਿਚ ਬੁਧੂ ਸ਼ਾਹ ਬੜੇ ਕ੍ਰੋਧ ਨਾਲ ਜੰਗ ਕਰ ਰਿਹਾ ਸੀ। ਪਹਾੜੀ ਰਾਜਿਆਂ ਨੇ ਜਿਹੜੇ ਲੋਕ ਪਿੰਡਾਂ ਤੋਂ ਇਕਠੇ ਕੀਤੇ ਸਨ, ਉਹਨਾਂ ਨੂੰ ਪੀਰ ਬੁਧੂ ਸ਼ਾਹ ਨੇ ਬੰਦੂਕਾਂ ਚਲਾ ਕੇ ਘੇਰ ਰਖਿਆ ਸੀ। ਉਨ੍ਹਾਂ ਨੂੰ ਕਿਸੇ ਹੋਰ ਥਾਂ ਨਾ ਜਾਣ ਦਿਤਾ।[4]

ਪਹਾੜੀ ਲੋਕਾਂ ਨੇ ਹਲਾ ਕੀਤਾ ਪਰ ਪੀਰ ਬੁਧੂ ਸ਼ਾਹ ਆਪਣੇ ਸਾਥੀਆਂ ਸਮੇਤ ਜੰਮ ਕੇ ਅੜਿਆ ਰਿਹਾ। ਉਸ ਨੇ ਪਹਾੜੀ ਲੋਕਾਂ ਦੇ ਹਲੇ ਨੂੰ ਝਲ ਲਿਆ ਤੇ ਇਕ ਪੈਰ ਵੀ ਪਿਛੇ ਨਾ ਹਟਿਆ ਤੇ ਪੀਰ ਬੁਧੂ ਸ਼ਾਹ ਨੇ ਸਭ ਸੂਰਬੀਰਾਂ ਨੂੰ ਆਪਣੇ ਨਾਲ ਲੈ ਕੇ ਵਾਰ ਕੀਤੇ। ਪੀਰ ਬੁਧੂ ਸ਼ਾਹ ਆਪਣੇ ਚਾਰੇ ਨੇ ਪੁਤਰਾਂ ਨੂੰ ਨਾਲ ਲੈ ਕੇ ਜੰਗ ਦੇ ਮੈਦਾਨ ਵਿਚ ਗੋਲੀਆਂ ਚਲਾਈਆਂ। ਪੀਰ ਬੁਧੂ ਸ਼ਾਹ ਦੇ ਚਾਰੇ ਪੁਤਰ ਬੜੇ ਬਲਵਾਨ ਸਨ।

ਇਕ ਸੂਰਬੀਰ ਗੁਰੂ ਸਾਹਿਬ ਨੂੰ ਦਸ ਰਿਹਾ ਸੀ ਕਿ ਪੀਰ ਬੁਧੂ ਸ਼ਾਹ ਦੇ ਚਾਰੇ ਪੁਤਰਾਂ ਨੇ ਬਹੁਤ ਵੈਰੀ ਮਾਰੇ ਹਨ ਤੇ ਹੁਣ ਵੀ ਜੰਗ ਵਿਚ ਵੈਰੀਆਂ 'ਤੇ ਵਾਰ ਕਰ ਰਹੇ ਹਨ। ਜਦ ਗੁਪਾਲ ਨੇ ਤੀਰ ਛਡਿਆ ਤਾਂ ਪੀਰ ਬੁਧੂ ਸ਼ਾਹ ਦੇ ਪੁਤਰ ਦਾ ਹਿਰਦਾ ਚੀਰ ਦਿਤਾ। ਇਕ ਪੁਤਰ ਸ਼ਹੀਦ ਹੋਣ ਦੇ ਬਾਵਜੂਦ ਵੀ ਪੀਰ ਬੁਧੂ ਸ਼ਾਹ ਕੁਝ ਸੂਰਬੀਰ ਆਪਣੇ ਨਾਲ ਲੈ ਕੇ ਜੰਗ ਦੇ ਮੈਦਾਨ ਵਿਚ ਵੈਰੀਆਂ ਨੂੰ ਮਾਰ ਰਿਹਾ ਸੀ।[5] ਪੀਰ ਬੁਧੂ ਸ਼ਾਹ ਦਾ ਦੂਸਰਾ ਪੁਤਰ ਵੀ ਲੜਦਾ ਹੋਇਆ ਜ਼ਖਮੀ ਹੋ ਕੇ ਸ਼ਹੀਦ ਹੋ ਗਿਆ।

ਜੰਗ ਤੋਂ ਬਾਅਦ ਗੁਰੂ ਸਾਹਿਬ ਨੇ ਵਡਾ ਦੀਵਾਨ ਲਗਾਇਆ। ਤਦ ਪੀਰ ਬੁਧੂ ਸ਼ਾਹ ਆਇਆ। ਉਸਦੇ ਦੇ ਦੋ ਪੁਤਰ ਰਣਖੇਤਰ ਵਿਚ ਸ਼ਹੀਦ ਹੋ ਗਏ ਸਨ ਤੇ ਦੋ ਪੀਰ ਬੁਧੂ ਸ਼ਾਹ ਦੇ ਨਾਲ ਸਨ। ਸਾਰੇ ਸ਼ਸਤਰ ਉਨ੍ਹਾਂ ਅੰਗਾਂ

---

[4] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਗਿਆਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 4797.

ਰੁਪ ਰਹਯੋ ਸ਼ਾਹਿ ਬੁੱਧੂ ਬਿਲੰਦ। ਜੋ ਹੁਤੀ ਛੇਰ ਗਿਰਪ ਤਿਨਿ ਕੇਰ। ਛੋਰਤਿ ਤੁਫੰਗ ਤਿਨ ਰਖੀ ਘੇਰ। (ਰਿਤੁ 2 ਅੰਸੂ 29)

[5] ਉਹੀ, ਪੰਨਾ 4797.

ਬਹੁ ਮਚਯੋ ਰੌਰ ਗੁਰ ਸੁਨਤਿ ਕਾਨ। ਬੂਝੈ ਇਤੋਕ ਕਿਨ ਜੰਗ ਠਾਨਿ। ਇਕ ਸੁਭਟ ਭਨਯੋ ਚਹੁੰ ਪੁਤ੍ਰ ਪੀਰ। ਰਿਪੁ ਹਨੇ ਅਨਿਕ ਬਿਚ ਥਿਰੇ ਧੀਰ। (ਰਿਤੁ 2 ਅੰਸੂ 29)

ਤੇ ਧਾਰਨ ਕੀਤੇ ਸਨ। ਜਦ ਚਲ ਕੇ ਨੇੜੇ ਆਏ ਤਾਂ ਗੁਰੂ ਸਾਹਿਬ ਨੇ ਉਸ ਸਮੇਂ ਬੜੀ ਉਚੀ ਕਿਹਾ ਕਿ ਪੀਰ ਬੁਧੂ ਸ਼ਾਹ ਸਾਡੇ ਪਾਸ ਆਵੇ, ਤੁਸੀਂ ਸਚ ਦੇ ਪੀਰ ਹੋ। ਪੀਰ ਬੁਧੂ ਸ਼ਾਹ ਨੇੜੇ ਆਇਆ ਤੇ ਝੁਕ ਕੇ ਨਮਸਕਾਰ ਕੀਤੀ। ਗੁਰੂ ਸਾਹਿਬ ਦੇ ਬਚਨ ਸੁਣ ਕੇ ਪੀਰ ਬੁਧੂ ਸ਼ਾਹ ਨੇ ਬੇਨਤੀ ਕੀਤੀ ਕਿ ਮੇਰੇ ਹਿਰਦੇ ਵਿਚ ਕਿਸੇ ਪ੍ਰਕਾਰ ਦਾ ਵੀ ਦੁਖ ਨਹੀਂ ਹੈ।[6]

ਗੁਰੂ ਸਾਹਿਬ ਉਸ ਸਮੇਂ ਆਪਣੇ ਸਿਰ ਵਿਚ ਕੰਘਾ ਕਰ ਰਹੇ ਸਨ ਤੇ ਸੇਵਕ ਨੇ ਦਸਤਾਰ ਨੂੰ ਚੁਣ ਕੇ ਅਗੇ ਧਰ ਦਿਤਾ। ਗੁਰੂ ਸਾਹਿਬ ਨੇ ਕਿਹਾ ਕਿ ਪੀਰ ਬੁਧੂ ਸ਼ਾਹ ਸੁਣੋ ਜੋ ਧਨ ਆਦਿ ਵਸਤਾਂ ਹਨ, ਉਹ ਲੰਮੇ ਸਮੇਂ ਤਕ ਨਹੀਂ ਰਹਿੰਦੀਆਂ, ਉਹ ਖਰਚੀਆਂ ਜਾਂਦੀਆਂ ਹਨ। ਜਿਹੜੀ ਵਸਤੂ ਬਹੁਤ ਪੁਸ਼ਤਾਂ ਤਕ ਕੰਮ ਆਵੇ, ਉਤਮ ਵਸਤੂ ਉਹ ਹੀ ਹੈ, ਉਹ ਵਸਤੂ ਤੁਹਾਨੂੰ ਅਜ ਬਖ਼ਸ਼ਦੇ ਹਾਂ ਸੋ ਇਸ ਵਸਤੂ ਨੂੰ ਸੰਭਾਲ ਕੇ ਰਖੋ।[7] ਇਸ ਤਰ੍ਹਾਂ ਕਹਿ ਕੇ ਗੁਰੂ ਸਾਹਿਬ ਨੇ ਆਪਣੀ ਦਸਤਾਰ, ਕੰਘਾ ਕੇਸਾਂ ਦੇ ਸਮੇਤ ਤੇ ਛੋਟੀ ਕਿਰਪਾਨ ਹਥ ਵਿਚ ਫੜੀ। ਇਹ ਤਿੰਨੇ ਚੀਜ਼ਾਂ ਕੰਘਾ, ਕਿਰਪਾਨ ਅਤੇ ਦਸਤਾਰ ਬੁਧੂ ਸ਼ਾਹ ਨੂੰ ਬਖਸ਼ੀਆਂ। ਤਦ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਇਸਨੂੰ ਸੰਭਾਲ ਕੇ ਰਖੋ। ਇਸ ਤਰ੍ਹਾਂ ਕਹਿ ਕੇ ਪੰਜ ਹਜ਼ਾਰ ਧਨ ਮੰਗਵਾ ਕੇ ਦਿਤਾ ਤੇ ਕਿਹਾ ਕਿ ਆਪਣੇ ਉਨ੍ਹਾਂ ਸੂਰਬੀਰਾਂ ਨੂੰ ਦਿਉ, ਜਿਨ੍ਹਾਂ ਨੇ ਰਣਖੇਤਰ ਵਿਚ ਜੰਗ ਕੀਤਾ ਹੈ। ਸਾਰਿਆਂ ਨੂੰ ਸਿਰੋਪਾਉ ਦੇ ਕੇ ਪ੍ਰਸੰਨ ਕੀਤਾ। ਪੀਰ ਬੁਧੂ ਸ਼ਾਹ ਬੰਦਨਾ ਕਰਕੇ ਸਢੌਰੇ ਵਿਖੇ ਆਪਣੇ ਘਰ ਚਲੇ ਗਏ। ਪੀਰ ਬੁਧੂ ਸ਼ਾ ਨੇ ਕੇਸਾਂ ਸਮੇਤ ਕੰਘਾ, ਕਿਰਪਾਨ ਕੰਧ ਵਿਚ ਰਖ ਕੇ ਚਿਣਵਾਈ ਕਰ ਦਿਤੀ। ਹੁਣ ਇਹ ਨਿਸ਼ਾਨੀਆਂ ਕੰਘਾ, ਕਿਰਪਾਨ, ਦਸਤਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸਜਾਏ ਗਏ ਹਨ।

---

[6] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਗਿਆਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 4819.

ਤਬਿ ਆਯੋ ਬੁੱਧੂਸ਼ਾਹਾ। ਜਿਹ ਸੰਗ ਸੁਭਟ ਗਨ ਆਹਾ। ਦ੍ਵੈ ਪੁੱਤ੍ਰ ਗਏ ਰਣ ਮਾਰੇ। ਦੁਇ ਜੀਵਤਿ ਸੰਗਿ ਨਿਹਾਰੇ॥੨੨॥ ਸਭਿ ਸ਼ਸਤ੍ਰ ਅੰਗ ਮਹਿਂ ਲਾਏ। ਹਿਤ ਦਰਸ਼ਨ ਮੋਦ ਬਧਾਏ। ਜਬਿ ਚਲਿਕਰਿ ਆਯੋ ਨੇਰੇ। ਗੁਰ ਊਚੇ ਕਹਿ ਤਿਸ ਬੇਰੇ॥੨੩॥ (ਰਿਤੁ 2 ਅੰਸੂ 31)

[7] ਉਹੀ, ਪੰਨਾ 4821.

ਸ੍ਰੀ ਸਤਿਗੁ ਤਿਹ ਸਮੇਂ ਮੈਂ ਕੰਘਾ ਕਰਤਿ ਸੁ ਕਸ਼। ਦਾਸ ਚੁਨੀ ਦਸਤਾਰ ਸ਼ੁਭ ਆਗੇ ਧਰੀ ਵਿਸ਼ੇਸ਼॥੪੩॥ 'ਬੁੱਧੂ ਸ਼ਾਹ ਸੁਨੀਜੀਏ ਧਨ ਆਦਿਕ ਵਥੁ ਜੋਇ। ਚਿਰੰਕਾਲ ਨਹਿਂ ਰਹਿਤ ਹੈ ਖਰਚੀ ਜੈ ਹੈ ਸੋਇ॥੪੪॥ ਬਹੁਤ ਪੁਸ਼ਤ ਕੇ ਕਾਮ ਜੋ ਆਵਹਿ ਵਸਤੁ ਉਦਾਰ। ਸੋ ਬਖਸ਼ਹਿਂ ਅਬਿ ਤੋਹਿ ਕੌ ਰਖੀਅਹਿ ਆਪਿ ਸੰਭਾਰਿ'॥੪੫॥ (ਰਿਤੁ 2 ਅੰਸੂ 31)

## ਮਾਮਾ ਕ੍ਰਿਪਾਲ ਸਿੰਘ ਜੀ (ਕ੍ਰਿਪਾਲ ਚੰਦ)

ਕ੍ਰਿਪਾਲ ਸਿੰਘ, ਭਾਈ ਲਾਲ ਚੰਦ ਸਭੀਖੀ ਦੇ ਪੁਤਰ ਅਤੇ ਮਾਤਾ ਗੁਜਰੀ ਦੇ ਭਰਾ ਸਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪੂਰਬ ਯਾਤਰਾ ਸਮੇਂ ਕ੍ਰਿਪਾਲ ਚੰਦ ਨਾਲ ਸਨ। ਕ੍ਰਿਪਾਲ ਸਿੰਘ (ਮਾਮਾ ਕ੍ਰਿਪਾਲ ਚੰਦ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਜ਼ਦੀਕ ਸਦਾ ਖੜੇ ਰਹਿੰਦੇ ਸਨ। ਜੰਗ ਸਮੇਂ ਭੀੜ ਪੈਣ ਬਾਰੇ ਸੁਣ ਕੇ ਜੰਗ ਵਿਚ ਚਲ ਗਏ ਤੇ ਆਪਣੇ ਧਨੁਖ ਨਾਲ ਤੀਰ ਛਡਣ ਲਗੇ।[8] ਜੰਗ ਵਿਚ ਪੀਰ ਦੇ ਪੁਤਰ ਘੇਰੇ ਵਿਚ ਆਏ ਹੋਏ ਸਨ, ਉਥੇ ਕ੍ਰਿਪਾਲ ਸਿੰਘ ਤੀਰਾਂ ਦਾ ਵਾਰ ਕਰਦੇ ਹੋਏ ਪਹੁੰਚ ਗਏ ਤੇ ਘੇਰਾ ਤੋੜ ਕੇ ਪੀਰ ਬੁਧੂ ਸ਼ਾਹ ਦੇ ਪੁਤਰਾਂ ਨੂੰ ਬਾਹਰ ਕਢ ਲਿਆ। ਕ੍ਰਿਪਾਲ ਸਿੰਘ ਨੇ ਸਾਹਮਣੇ ਹੋ ਕੇ ਤੀਰਾਂ ਨਾਲ ਬਹੁਤ ਸੂਰਮਿਆਂ ਨੂੰ ਪਰੇ ਦਿਤਾ ਤੇ ਉਹ ਧੜਾ-ਧੜਾ ਧਰਤੀ ’ਤੇ ਡਿਗ ਪਏ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂਦੇੜ ਵਿਖੇ ਜੋਤੀ ਜੋਤਿ ਸਮਾਉਣ ਉਪਰੰਤ ਕ੍ਰਿਪਾਲ ਸਿੰਘ ਕੁਝ ਸਮਾਂ ਦਿਲੀ ਰਹੇ। 1717 ਈਸਵੀ ਵਿਚ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਲਈ ਇਹਨਾਂ ਨੇ ਬਹੁਤ ਯਤਨ ਕੀਤੇ ਤੇ 1724 ਈਸਵੀ ਵਿਚ ਦਿਲੀ ਵਿਖੇ ਅਕਾਲ ਚਲਾਣਾ ਕਰ ਗਏ।

## ਭਾਈ ਲਾਲ ਚੰਦ ਜੀ (ਅਰੋੜਾ ਸਿਖ)

ਗੁਰੂ ਸਾਹਿਬ ਆਪਣੇ ਆਸਣ ’ਤੇ ਬੈਠ ਕੇ ਜੰਗ ਦਾ ਹਾਲ ਵੇਖ ਰਹੇ ਸਨ ਤਾਂ ਉਥੇ ਹਲਵਾਈ ਆਇਆ ਜਿਸ ਦਾ ਨਾਮ ਲਾਲ ਚੰਦ ਸੀ। ਜੋ ਅਰੋੜਾ ਜਾਤ ਨਾਲ ਸਬੰਧਿਤ ਸੀ। ਲਾਲ ਚੰਦ ਗੁਰੂ ਦੇ ਲੰਗਰ ਵਿਚ ਸੇਵਾ ਕਰਦਾ ਸੀ। ਉਸ ਨੇ ਹਥ ਜੋੜ ਕੇ ਗੁਰੂ ਸਾਹਿਬ ਅਗੇ ਬੇਨਤੀ ਕੀਤੀ ਕਿ ਮੇਰੀ ਇਛਾ ਹੈ ਮੈਂ ਵੀ ਜੰਗ ਦੇ ਮੈਦਾਨ ਵਿਚ ਜਾਵਾ। ਮੈਂ ਅਜ ਤਕ ਕਦੇ ਵੀ ਸ਼ਸਤਰ ਜਿਵੇਂ ਨੇਜਾ, ਬੰਦੂਕ, ਕਮਾਨ ਤੇ ਕ੍ਰਿਪਾਨ ਆਪਣੇ ਹਥ ਵਿਚ ਨਹੀਂ

---

[8] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਗਿਆਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 4798.
ਢਿਗ ਹੁਤੋ ਖਰੋ ਮਾਤੁਲ ਕ੍ਰਿਪਾਲ। ਸੁਨਿ ਭੀਰ ਪਰੀ ਮਨ ਛੋਭ ਧਾਰਿ। ਹਯ ਕੋ ਕੁਦਾਇ ਚਾਲਯੋ ਉਦਾਰ।।੨੨।। (ਰਿਤੁ 2 ਅੰਸੂ 26)

ਫੜੇ। ਪਰ ਮੇਰੇ ਦਿਲ ਵਿਚ ਉਤਸ਼ਾਹ ਹੈ ਕਿ ਮੈਂ ਘੋੜੇ 'ਤੇ ਸਵਾਰ ਹੋ ਕੇ ਵਡੀ ਕਿਰਪਾਨ ਫੜਾ ਤੇ ਰਣਖੇਤਰ ਵਿਚ ਜਾ ਕੇ ਵੈਰੀ ਨੂੰ ਮਾਰਾ। ਮੈਨੂੰ ਇਸ ਬਾਰੇ ਆਗਿਆ ਬਖਸ਼ੋ।[9] ਗੁਰੂ ਸਾਹਿਬ ਨੇ ਮੁਸਕਰਾ ਕੇ ਕਿਰਪਾਨ ਤੇ ਢਾਲ ਬਖਸ਼ੀ ਤੇ ਲਾਲ ਚੰਦ ਨੂੰ ਜੰਗ ਦੇ ਦਾਅ ਪੇਚ ਸਿਖਾਏ ਕਿ ਖਬੇ ਹਥ ਵਿਚ ਢਾਲ ਫੜੋ, ਸਜੇ ਵਿਚ ਤਲਵਾਰ ਫੜੋ ਤੇ ਘੋੜਾ ਭਜਾ ਕੇ ਦੁਸ਼ਮਣ ਦੇ ਸਾਹਮਣੇ ਹੋ ਜਾਵੋ, ਵਾਰ ਨੂੰ ਰੋਕੋ ਜੇ ਅਗਲਾ ਵਾਰ ਕਰੇ ਨਹੀਂ ਤਾਂ ਸਾਰੇ ਜ਼ੋਰ ਨਾਲ ਅਗਲੇ ਦੇ ਤਲਵਾਰ ਮਾਰ ਕੇ ਵਾਰ ਕਰੋ। ਫਿਰ ਗੁਰੂ ਸਾਹਿਬ ਨੇ ਆਗਿਆ ਦੇ ਦਿਤੀ ਤੇ ਲਾਲ ਚੰਦ ਆਗਿਆ ਪਾ ਕੇ ਘੋੜੇ ਉਤੇ ਚੜ੍ਹ ਕੇ ਜੰਗ ਦੇ ਮੈਦਾਨ ਵਿਚ ਗਿਆ।

ਰਣਖੇਤਰ ਵਿਚ ਇਕ ਮੀਰ ਖਾਂ ਨਾਮ ਦਾ ਪਠਾਣ ਖੜਾ ਸੀ। ਲਾਲ ਚੰਦ ਉਸ 'ਤੇ ਵਾਰ ਕਰਨ ਲਈ ਗਿਆ ਤੇ ਕਹਿਣ ਲਗਾ ਕਿ ਲੂਣਹਰਾਮੀ ਤੁਰਕਾ ਖੜਾ ਰਹੋ। ਇਸ ਪ੍ਰਕਾਰ ਲਲਕਾਰ ਕੇ ਮਾਰਿਆ ਜਿਵੇਂ ਸ਼ੇਰ ਗਜਦਾ ਹੈ। ਉਧਰ ਭੀਖਨ ਖਾਨ ਵੇਖ ਕੇ ਪੁਕਾਰਿਆ। ਇਹ ਜਾਤ ਦਾ ਅਰੋੜਾ ਹੈ ਤੇ ਬਿਨ੍ਹਾਂ ਹਥਿਆਰ ਰਹਿੰਦਾ ਸੀ। ਗੁਰੂ ਸਾਹਿਬ ਨੇ ਇਸ ਨੂੰ ਹੁਣ ਤਲਵਾਰ ਢਾਲ ਦਿਤੀ ਹੈ, ਇਸ ਦਾ ਘੋੜਾ ਖੋਹ ਕੇ ਇਸ ਨੂੰ ਮਾਰ ਲਵੋ। ਇਹ ਲੜਾਈ ਦੀ ਸਾਰ ਨਹੀਂ ਜਾਣਦਾ ਤੇ ਸਦਾ ਇਸਨੂੰ ਤਕੜੀ ਨਾਲ ਤੋਲਦੇ ਵੇਖਦੇ ਸੀ। ਇਹ ਸੁਣ ਕੇ ਮੀਰ ਖਾਂ ਆਪਣੇ ਘੋੜੇ ਨੂੰ ਭਜਾ ਕੇ ਨੇੜੇ ਹੋ ਗਿਆ। ਉਸ ਨੇ ਬਲ ਧਾਰ ਕੇ ਲਾਲ ਚੰਦ ਉਤੇ ਵਾਰ ਕੀਤਾ ਤੇ ਲਾਲ ਚੰਦ ਨੇ ਵਾਰ ਨੂੰ ਢਾਲ ਉਤੇ ਰੋਕ ਲਿਆ। ਲਾਲ ਚੰਦ ਨੇ ਫਿਰ ਗੁਰੂ ਸਾਹਿਬ ਦੇ ਬਚਨਾਂ ਦਾ ਬਲ ਲੈ ਕੇ ਤੁਰੰਤ ਤਲਵਾਰ ਚਲਾ ਦਿਤੀ ਤੇ ਮੀਰ ਖਾਂ ਦਾ ਗਲ ਤੋਂ ਸਿਰ ਉਤਾਰ ਦਿਤਾ। ਮੀਰ ਖਾਂ ਦਾ ਧੜ ਘੋੜੇ ਉਤੋਂ ਡਿਗ ਕੇ ਧਰਤੀ 'ਤੇ ਆ ਪਿਆ ਤੇ ਘੋੜਾ ਧੜ ਨੂੰ ਸੁਟ ਕੇ ਭਜ ਗਿਆ।

---

[9] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਗਿਆਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 4809.
ਸ੍ਰੀ ਕਲਗੀਧਰ ਜਹਿਂ ਥਿਰੇ ਹਲਵਾਈ ਸਿਖ ਏਕ। ਹਾਥ ਜੋਰਿ ਬੋਲਤਿ ਭਯੋ 'ਸੁਨੀਅਹੁ ਉਦਧਿ ਬਿਬੇਕ॥੧॥ ਅਧਿਕ ਲਾਲਸਾ ਮੋਹਿ ਰਿਦੇ ਮਹਿਂ ਪ੍ਰਭੁ ਕੇ ਕਾਮ ਅਰੂੰ ਰਨ ਥਾਨਿ। ਸ਼ਸਤ੍ਰ ਹਾਥ ਮਹਿਂ ਗਹੇ ਨ ਕਬਹੂੰ ਤੋਮਰ ਤੁਪਕ ਨ ਬਾਨ ਕ੍ਰਿਪਾਨ। ਤਊ ਹੋਤਿ ਉਤਸਾਹਿ ਬਡੋ ਉਰ ਹਤੌਂ ਰਿਪੂ ਕੋ ਕਰਹੁ ਬਖਾਨ। ਦੇਹੁ ਤੁਰੰਗਮ ਤੇ ਅਰੂਢ ਹੁਇ ਖੜਗ ਦਿਹੋ ਪੁਨ ਸਿਪਰ ਮਹਾਨ'॥੨॥ (ਰਿਤੁ 2 ਅੰਸੂ 29)

## ਭਾਈ ਸੰਗੋ ਸ਼ਾਹ ਜੀ

ਸੰਗੋ ਸ਼ਾਹ, ਨਿਜ਼ਾਬਤ ਖਾਨ ਨਾਲ ਜੰਗ (ਭੰਗਾਣੀ ਦਾ ਜੰਗ) ਕਰਨ ਲਈ ਤਿਆਰ ਹੋ ਗਿਆ, ਦੋਵੇਂ ਯੋਧੇ ਆਪਸ ਜੰਗ ਕਰ ਰਹੇ ਸਨ। ਗੁਰੂ ਸਾਹਿਬ ਨੇ ਸੰਗੋ ਸ਼ਾਹ ਬਾਰੇ ਬਚਿਤਰ ਨਾਟਕ ਵਿਚ ਲਿਖਿਆ ਹੈ:

ਮਾਰ ਨਿਜਾਬਤ ਖਾਨ ਕੋ ਸੰਗੋ ਜੁਝੈ ਜੁਝਾਰ॥

ਹਾਹਾ ਇਹ ਲੋਕੈ ਭਇਓ ਸੁਰਗ ਲੋਕ ਜੈਕਾਰ॥

ਨਿਜ਼ਾਬਤ ਖਾਨ ਨੂੰ ਮਾਰ ਕੇ, ਸੰਗੋ ਸ਼ਾਹ ਸੂਰਮਾ ਸ਼ਹੀਦ ਹੋ ਗਿਆ। ਗੁਰੂ ਸਾਹਿਬ ਨੇ ਸੰਗੋ ਸ਼ਾਹ ਦਾ ਨਾਮ 'ਸ਼ਾਹ ਸੰਗ੍ਰਾਮ' ਰਖ ਦਿਤਾ।[10]

## ਭਾਈ ਦਇਆ ਸਿੰਘ ਜੀ (ਦਇਆ ਰਾਮ ਪ੍ਰੋਹਿਤ)

ਭਾਈ ਦਇਆ ਰਾਮ (ਦਇਆ ਸਿੰਘ) ਦਾ ਜਨਮ 1661 ਈਸਵੀ ਵਿਚ ਭਾਈ ਸੁਧਾ ਸੋਬਤੀ ਦੇ ਘਰ ਹੋਇਆ। ਇਹਨਾਂ ਦਾ ਨਿਵਾਸ ਅਸਥਾਨ ਲਾਹੌਰ ਜਾਂ ਸਿਆਲਕੋਟ ਦਾ ਦਸਿਆ ਜਾਂਦਾ ਹੈ।

ਜਦ ਦਇਆ ਰਾਮ ਪ੍ਰੋਹਤ ਨੇ ਜੰਗ ਕੀਤਾ ਤਾਂ ਗੁਰੂ ਸਾਹਿਬ ਨੇ ਖੁਸ਼ ਹੋ ਕੇ ਉਸ ਨੂੰ ਆਪਣਾ ਢਾਲਾ ਬਖਸ਼ਿਆ ਤੇ ਫਿਰ ਪਟਾ ਲਿਖ ਕੇ ਦਿਤਾ। ਗੁਰੂ ਸਾਹਿਬ ਨੇ ਬਚਨ ਕੀਤਾ ਕਿ ਜਿਹੜਾ ਵੀ ਇਸ ਢਾਲ ਦੇ ਦਰਸ਼ਨ ਕਰਕੇ ਪੂਜਾ ਕਰੇਗਾ, ਉਹ ਮਨ-ਭਾਉਂਦਾ ਫਲ ਪਾਵੇਗਾ।[11]

---

[10] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਗਿਆਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1991, ਪੰਨਾ 4811.

ਸੰਗੋ ਸ਼ਾਹ ਨਿਜਾਬਤ ਸੰਗੇ ਅਰੇ ਪਰਸਪਰ ਬੀਰ ਜੁਝਾਰ। (ਰਿਤੁ 2 ਅੰਸੂ 29)

[11] ਉਹੀ, ਪੰਨਾ 4823.

ਦਯਾਰਾਮ ਪ੍ਰੋਹਤ ਬਲੀ ਕੀਨੋ ਰਣ ਭਾਰੀ। ਕਰਤਿ ਭਏ ਬਖਸ਼ਸ਼ ਤਬੈ ਤਿਸ ਓਰ ਨਿਹਾਰੀ। (ਰਿਤੁ 2 ਅੰਸੂ 32)

ਗੁਰੂ ਸਾਹਿਬ ਖਾਲਸਾ ਪੰਥ ਦੀ ਸਾਜਨਾ ਸਮੇਂ ਸਿਖਾਂ ਦੀ ਪਰਖ ਕਰ ਰਹੇ ਸਨ ਤਾਂ ਲਖਾਂ ਦੀ ਗਿਣਤੀ ਵਿਚ ਸੰਗਤ ਬੈਠੀ ਹੋਈ ਸੀ। ਦਇਆ ਰਾਮ ਪ੍ਰੋਹਿਤ ਨੇ ਕਿਹਾ ਕਿ ਸਦਾ ਕੋਈ ਵੀ ਨਹੀਂ ਜਿਉਂਦਾ ਰਹਿੰਦਾ। ਇਹ ਸਮਾਂ ਫਿਰ ਨਹੀਂ ਆਵੇਗਾ, ਗੁਰੂ ਸਾਹਿਬ ਦੇ ਕੰਮ ਤੇਰਾ ਸਿਰ ਆਵੇ। ਤੂੰ ਦੇਰ ਕੀਤੀ ਹੈ, ਧਿਰਕਾਰ ਹੈ ਤੈਨੂੰ। ਗੁਰੂ ਸਾਹਿਬ ਦੇ ਬਚਨਾਂ ਦੇ ਸਾਹਮਣੇ ਨਹੀਂ ਹੋਇਆ ਹੈ। ਇਸ ਤਰ੍ਹਾਂ ਵਿਚਾਰ ਕਰਕੇ ਤੁਰੰਤ ਖੜਾ ਹੋ ਗਿਆ ਤੇ ਦੋਵੇਂ ਹਥ ਜੋੜ ਕੇ ਬੇਨਤੀ ਕੀਤੀ ਕਿ ਗੁਰੂ ਸਾਹਿਬ ਮੇਰਾ ਸਿਰ ਲੈ ਲਵੋ। ਇਹ ਸੁਣ ਕੇ ਗੁਰੂ ਸਾਹਿਬ ਨੇ ਪਲੰਘ ਛਡ ਦਿਤਾ ਤੇ ਬੋਲੇ ਕਿ ਸ਼ੰਕਾ-ਰਹਿਤ ਹੋ ਕੇ ਸਿਰ ਦੇਣ ਆਇਆ ਹੈ? ਗੁਰੂ ਸਾਹਿਬ  ਨੇ ਇਹ ਕਹਿ ਕੇ ਦਇਆ ਰਾਮ ਦੀ ਬਾਂਹ ਫੜ ਲਈ ਤੇ ਤੰਬੂ ਵਿਚ ਲੈ ਗਏ। ਗੁਰੂ ਸਾਹਿਬ ਤੋਂ ਅੰਮ੍ਰਿਤ ਛਕ ਕੇ ਦਇਆ ਰਾਮ ਪ੍ਰੋਹਿਤ ਤੋਂ ਭਾਈ ਦਇਆ ਸਿੰਘ ਬਣੇ। ਭਾਈ ਦਇਆ ਸਿੰਘ ਨੇ ਗੁਰੂ ਸਾਹਿਬ ਦੀ ਸੇਵਾ ਆਪਣਾ ਸਾਰਾ ਜੀਵਨ ਲਗਾ ਦਿਤਾ। ਭਾਈ ਦਇਆ ਸਿੰਘ ਚਮਕੌਰ ਸਾਹਿਬ ਦੀ ਜੰਗ ਵਿਚ ਸ਼ਾਮਿਲ ਹੋਏ ਤੇ ਅਨੇਕਾਂ ਵੈਰੀਆਂ ਨੂੰ ਮਾਰਦੇ ਹੋਏ ਗੁਰੂ ਸਾਹਿਬ ਕੋਲ ਪਹੁੰਚੇ। ਇਸ ਪ੍ਰਕਾਰ ਅਨੇਕਾਂ ਜੰਗਾਂ ਕਰਦੇ ਹੋਏ ਅਖੀਰ ਭਾਈ ਦਾਇਆ ਸਿੰਘ ਫਿਰ ਗੁਰੂ ਸਾਹਿਬ ਨੂੰ ਮਾਛੀਵਾੜੇ ਦੇ ਜੰਗਲ ਵਿਚ ਮਿਲੇ ਤੇ ਗੁਰੂ ਸਾਹਿਬ ਦੇ ਚਰਨਾਂ ਦੀ ਸੇਵਾ ਕਰਨ ਲਗੇ। ਜਦ ਗੁਰੂ ਸਾਹਿਬ ਨਾਂਦੇੜ ਵਿਖੇ ਗਏ ਸਨ ਤਾਂ ਉਸ ਸਮੇਂ ਵੀ ਭਾਈ ਦਇਆ ਸਿੰਘ ਨਾਲ ਸਨ ਤੇ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਸਮੇਂ ਨਾਂਦੇੜ ਵਿਖੇ ਹਾਜ਼ਰ ਸਨ।

## ਭਾਈ ਗੁਲਾਬ ਰਾਇ, ਭਾਈ ਸ਼ਿਆਮ ਸਿੰਘ ਜੀ

ਗੁਲਾਬ ਰਾਇ ਤੇ ਸ਼ਿਆਮ ਸਿੰਘ ਦੋਵੇਂ ਭਰਾ ਨਾਲ ਸਨ। ਦੋਵੇਂ ਭਰਾਵਾਂ ਨੇ ਸੇਵਾ ਕਰਕੇ ਗੁਰੂ ਸਾਹਿਬ ਨੂੰ ਪ੍ਰਸੰਨ ਕੀਤਾ। ਇਹਨਾਂ ਭਰਾਵਾਂ ਨੂੰ ਗੁਰੂ ਸਾਹਿਬ ਅਨੰਦਪੁਰ ਸਾਹਿਬ ਵਿਖੇ ਲੈ ਕੇ ਆਏ।[12]

---

[12] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਬਾਹਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 4841.
ਰਾਇ ਗੁਲਾਬ ਸ਼ਿਆਮ ਸਿੰਘ ਸੰਗ ਦੋਨਹੁਂ ਭਾਈ। ਜਥਾ ਸ਼ਕਤਿ ਸੇਵਾ ਕਰੀ ਸਤਿਗੁਰ ਹਰਖਾਏ। (ਰਿਤੁ 2 ਅੰਸੂ 35)

## ਮਾਤਾ ਅਜੀਤ ਕੌਰ ਜੀ (ਮਾਤਾ ਜੀਤੋ)

ਮਾਤਾ ਜੀਤੋ ਲਾਹੌਰ ਨਿਵਾਸੀ ਹਰਿਜਸ ਸੁਭਿਖੀਏ ਖਤ੍ਰੀ ਦੀ ਸੁਪੁਤਰੀ ਸਨ, ਜਿੰਨ੍ਹਾਂ ਦਾ ਵਿਆਹ 1671 ਈਸਵੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਅਨੰਦਪੁਰ ਸਾਹਿਬ ਦੇ ਨੇੜੇ ਗੁਰੂ ਕੇ ਲਾਹੌਰ ਵਿਖੇ ਹੋਇਆ। ਮਾਤਾ ਜੀ ਦੀ ਕੁਖੋਂ ਸਾਹਿਬਜ਼ਾਦਾ ਜੁਝਾਰ ਸਿੰਘ, ਜ਼ੋਰਾਵਰ ਸਿੰਘ, ਫਤਿਹ ਸਿੰਘ ਦਾ ਜਨਮ ਹੋਇਆ। ਗੁਰਬਿਲਾਸ ਪਾਤਿਸਾਹੀ ਦਸਮੀ ਅਨੁਸਾਰ ਮਾਤਾ ਜੀ ਦਾ ਪਹਿਲਾਂ ਨਾਮ ਅਜੀਤੋ ਸੀ ਤੇ ਅੰਮ੍ਰਿਤ ਸੰਸਕਾਰ ਪਿਛੋਂ ਅਜੀਤ ਕੌਰ ਨਾਮ ਸੀ।[13]

ਮਾਤਾ ਜੀਤੋ ਜੀ (ਅਜੀਤ ਕੌਰ) ਸੰਗਤ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ। ਉਸੇ ਪ੍ਰਕਾਰ ਹੀ ਸਿਖ ਸੰਗਤ ਨੂੰ ਭੋਜਨ, ਬਸਤਰ ਦਿੰਦੇ ਜਿਸ ਪ੍ਰਕਾਰ ਗੁਰੂ ਸਾਹਿਬ ਹੁਕਮ ਕਰਦੇ ਸਨ।[14]

## ਭਾਈ ਨੰਦ ਲਾਲ ਜੀ

ਭਾਈ ਨੰਦ ਲਾਲ ਗੁਰੂ ਸਾਹਿਬ ਦੇ ਪਾਸ ਰਹਿੰਦੇ ਸਨ ਤੇ ਆਪਣਾ ਧਨ ਗੁਰੂ ਸਾਹਿਬ ਅਗੇ ਭੇਂਟ ਕਰਦੇ ਸਨ। ਭਾਈ ਨੰਦ ਲਾਲ ਗੁਰੂ ਸਾਹਿਬ ਦੇ ਕਵੀਆਂ ਵਿਚੋਂ ਮੁਖ ਕਵੀ ਸਨ। ਭਾਈ ਨੰਦ ਲਾਲ ਜੀ ਦੁਆਰਾ ਰਚਿਤ ਕੁਲ ਨੌਂ ਰਚਨਾਵਾਂ, ਤਨਖਾਹਨਾਮਾ ਤੇ ਰਹਿਤਨਾਮਾ ਹਨ।

ਗੁਰੂ ਸਾਹਿਬ ਇਕ ਦਿਨ ਪਰਖ ਕਰਦੇ ਹੋਏ ਆਪਣਾ ਸਰੂਪ ਬਦਲ ਕੇ ਭਾਈ ਨੰਦ ਲਾਲ ਦੇ ਘਰ ਆ ਗਏ। ਭਾਈ ਨੰਦ ਲਾਲ ਨੇ ਸਿਖ ਦਾ ਸਰੂਪ ਵੇਖ ਕੇ ਸਿਰ ਨਿਵਾਇਆ ਤੇ ਪੁਛਿਆ ਕਿ ਕਿਸ ਕਾਰਜ ਲਈ ਆਏ ਹੋ? ਗੁਰੂ ਸਾਹਿਬ ਨੇ ਬਚਨ ਕੀਤਾ ਕਿ ਭੁਖ ਨੇ ਬਹੁਤ ਸਤਾਇਆ ਹੈ। ਇਹ ਸੁਣ ਕੇ ਭਾਈ ਨੰਦ ਲਾਲ ਭਜਦਾ ਹੋਇਆ

---

13 ਭਾਈ ਸੁਖਾ ਸਿੰਘ. *ਗੁਰਬਿਲਾਸ ਪਾਤਿਸਾਹੀ ਦਸਮੀ,* ਸੰਪਾ., ਮਨਵਿੰਦਰ ਸਿੰਘ, ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2016, ਪੰਨਾ 452.

14 ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਬਾਹਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 4894.

ਸ੍ਰੀ ਜੀਤੋ ਸਤਿਸੰਗ ਕੋ ਸੇਵਹਿ ਤਿਸਹਿ ਪ੍ਰਕਾਰ। ਅਸਨ ਬਸਨ ਕੋ ਦੇਤਿ ਹੈ ਕਰਿ ਉਰ ਭਾਵ ਉਦਾਰ। (ਰਿਤੁ 2 ਅੰਸੂ 46)

ਲੰਗਰ ਵਿਚ ਗਿਆ ਤੇ ਛਕਣ ਲਈ ਭੋਜਨ ਲੈ ਆਇਆ।[15] ਉਸ ਦੇ ਨਾਲ ਹੀ ਗੁੰਨ੍ਹਿਆ ਹੋਇਆ ਆਟਾ ਤੇ ਭਿਜੀ ਹੋਈ ਦਾਲ, ਲੂਣ, ਘਿਉ ਹੋਰ ਸਾਰੀ ਸਮਗਰੀ ਲੈ ਆਇਆ। ਭਾਈ ਨੰਦ ਨਾਲ ਨੇ ਖੜੇ ਹੋ ਕੇ ਬੇਨਤੀ ਕੀਤੀ ਕਿ ਇਹ ਛਕ ਲਵੋ ਜੋ ਕੁਝ ਹਾਜ਼ਰ ਹੈ। ਜੇ ਬੈਠ ਜਾਵੋਗੇ ਤਾਂ ਆਪ ਜੀ ਲਈ ਹੋਰ ਵੀ ਤਿਆਰ ਹੋ ਜਾਵੇਗਾ। ਜੋ ਚੰਗਾ ਲਗੇ ਸੋ ਕਰ ਲਵੋ ਜਿਹੜਾ ਖੇਦ ਨਾ ਰਹੇ। ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ ਤੇ ਪ੍ਰਸ਼ਾਦੇ ਨਾਲ ਲੈ ਕੇ ਵਾਪਸ ਆ ਗਏ। ਭਾਈ ਨੰਦ ਲਾਲ ਦੀ ਸੇਵਾ ਤੋਂ ਗੁਰੂ ਸਾਹਿਬ ਬਹੁਤ ਖੁਸ਼ ਹੋਏ।

## ਭਾਈ ਚਰਨ ਦਾਸ ਜੀ, ਭਾਈ ਬ੍ਰਿੰਦਬਨ ਜੀ, ਭਾਈ ਖਾਨਸ਼ਾਹ ਜੀ ਤੇ ਭਾਈ ਚੂਖਾ ਜੀ

ਭਾਈ ਫੇਰੂ ਦੇ ਸ੍ਰੀ ਅਨੰਦਪੁਰ ਸਾਹਿਬ ਆਉਣ ਤੋਂ ਪਿਛੋ ਉਹਨਾਂ ਦੇ ਚਾਰ ਚੇਲੇ: ਚਰਨ ਦਾਸ, ਬ੍ਰਿੰਦਬਨ, ਖਾਨਸ਼ਾਹ ਤੇ ਚੂਖਾ ਚਲ ਕੇ ਆਏ। ਉਹ ਆਪਣੇ ਨਾਲ ਗੁਰੂ ਸਾਹਿਬ ਨੂੰ ਭੇਂਟ ਕਰਨ ਲਈ ਚੰਚਲ ਘੋੜੀ ਲੈ ਕੇ ਆਏ। ਜਿਸ ਦਾ ਨਾਮ ਸੁਹੇਲੀ ਸੀ। ਇਸ ਦੇ ਨਾਲ ਹੋਰ ਵਸਤਾਂ ਸਭ ਲਿਆ ਕੇ ਗੁਰੂ ਸਾਹਿਬ ਅਗੇ ਭੇਂਟ ਕੀਤੀਆ।[16]

## ਰਾਇਪੁਰ ਦੀ ਰਾਣੀ

ਗੁਰੂ ਸਾਹਿਬ ਪਿੰਡ ਟਾਬਰੇ ਤੋਂ ਦੋ ਕੋਹ ਦੂਰ ਚਲ ਕੇ ਰਾਇਪੁਰ ਦੀ ਰਾਣੀ ਦੇ ਨਗਰ ਵਿਚ ਪਹੁੰਚੇ। ਰਾਇਪੁਰ ਦੀ ਰਾਣੀ ਨੇ ਗੁਰੂ ਸਾਹਿਬ ਅਗੇ ਬੇਨਤੀ ਕੀਤੀ ਕਿ ਮੇਰੇ ਬਾਗ ਵਿਚ ਆਪ ਜੀ ਡੇਰਾ ਕਰੋ। ਗੁਰੂ ਸਾਹਿਬ ਨੇ ਰਾਣੀ ਦੀ ਸ਼ਰਧਾ ਵੇਖ ਕੇ ਬਾਗ ਵਿਚ ਡੇਰਾ ਕੀਤਾ।[17] ਰਾਣੀ ਨੇ ਸਾਰੇ ਡੇਰੇ ਦੀ ਸੇਵਾ ਕੀਤੀ ਤੇ ਮਾਈਆ ਨੂੰ ਵਖਰੀ ਥਾਂ 'ਤੇ ਡੇਰਾ ਕਰਵਾਇਆ। ਦੂਜੇ ਦਿਨ ਗੁਰੂ ਸਾਹਿਬ ਜਦ ਕਿਲ੍ਹੇ ਵਿਚ ਗਏ ਤਾਂ ਦਰਵਾਜ਼ੇ 'ਤੇ ਆ ਕੇ ਰਾਣੀ

---

[15] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਬਾਹਰਵੀਂ), ਪੰਨਾ 5085.
ਚਲਿ ਆਏ ਪੁਨ ਜਹਿਂ ਨੰਦ ਲਾਲ। ਸਿੱਖਯ ਸਰੂਪ ਦੇਖਿ ਕਰਿ ਭਾਈ। ਨਿਕਟ ਹੋਇ ਕਰਿ ਗ੍ਰੀਵ ਨਿਵਾਈ। (ਰਿਤੁ 3 ਅੰਸੂ 26)
[16] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਬਾਹਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 5104.
ਚਰਨ ਦਾਸ, ਬ੍ਰਿੰਦਾਬਨ ਦੋਇ। ਖਾਨਸ਼ਾਹਿ ਅਰੁ ਚੂਖਾ ਸੋਇ। (ਰਿਤੁ 3 ਅੰਸੂ 30)
[17] ਉਹੀ, ਪੰਨਾ 4836.
ਇਕ ਰਾਣੀ ਕੋ ਰਾਇ ਪੁਰ ਗ੍ਰਾਮਹਿ ਕੋ ਨਾਮੂ। ਕਰਤਿ ਰਾਜ ਰਾਣੀ ਤਹਾਂ ਸੁਤ ਜਿਸ ਅਭਿਰਾਮੂ। (ਰਿਤੁ 2 ਅੰਸੂ 34)

ਨੇ ਆਰਤੀ ਉਤਾਰੀ। ਗੁਰੂ ਸਾਹਿਬ ਨੂੰ ਪ੍ਰਸ਼ਾਦ ਛਕਾਉਣ ਲਈ ਚੰਨਣ ਦੀ ਚੌਂਕੀ ’ਤੇ ਬੈਠਿਆ। ਫਿਰ ਚਰਣ ਧੋ ਕੇ ਪੁਤਰਾਂ ਸਮੇਤ ਰਾਣੀ ਨੇ ਚਰਨਾਂਮ੍ਰਿਤ ਲਿਆ। ਜਦ ਅਗਲੇ ਦਿਨ ਗੁਰੂ ਸਾਹਿਬ ਜਾਣ ਲਗੇ ਤਾਂ ਰਾਣੀ ਨੇ ਇਕ ਘੋੜਾ ਤੇ ਗਿਆਰਾਂ ਸੌ ਰੁਪਈਆ ਭੇਂਟ ਕੀਤਾ।

## ਸਿਖਣੀ

ਜਦ ਗੁਰੂ ਸਾਹਿਬ ਪਿੰਡ ਜੰਮਣ ਖੇੜਾ ਦੇ ਪਾਸ ਪਹੁੰਚੇ ਤਾਂ ਸਿਖ ਵਣਜਾਰੇ ਨੇ ਵੇਖ ਕੇ ਗੁਰੂ ਸਾਹਿਬ ਅਗੇ ਬੇਨਤੀ ਕੀਤੀ ਕਿ ਤੁਸੀਂ ਸਾਡੇ ਪਾਸ ਉਤਾਰਾ ਕਰੋ ਤਾਂ ਕਿ ਅਸੀਂ ਤੁਹਾਡੀ ਸੇਵਾ ਕਰ ਸਕੀਏ। ਗੁਰੂ ਸਾਹਿਬ ਨੇ ਸਿਖ ਦਾ ਪ੍ਰੇਮ ਵੇਖ ਕੇ ਉਸਦੇ ਪਾਸ ਉਤਾਰਾ ਕੀਤਾ।[18] ਸਿਖਣੀ ਨੇ ਆ ਕੇ ਗੁਰੂ ਸਾਹਿਬ ਨੂੰ ਬੰਦਨਾ ਕੀਤੀ ਤੇ ਟਹਿਲ ਸੇਵਾ ਕਰਨ ਲਗ ਗਈ। ਉਸ ਸਿਖਣੀ ਦੇ ਸੇਵਾ ’ਤੇ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ।

## ਸੂਰਬੀਰ ਸਿਖ

ਸੁਬੇਗ ਸਿੰਘ ਜੰਬੁਰੀ (ਜੁਬੰਰੀ ਪਿੰਡ) ਬਲਵਾਨ ਯੋਧਾ ਸੀ। ਜੰਗ ਦੇ ਮੈਦਾਨ ਵਿਚ ਸੁਬੇਗ ਸਿੰਘ ਬੜੇ ਕ੍ਰੋਧ ਨਾਲ ਜੰਗ ਕਰਦਾ ਸੀ। ਕ੍ਰਿਪਾਲ ਸਿੰਘ ਤੇ ਅੰਬਰੀਕ ਸਿੰਘ ਨੇ ਵੀ ਇਕਠੇ ਹੋ ਕੇ ਵੈਰੀਆ ’ਤੇ ਧਾਵਾ ਬੋਲਿਆ।[19] ਸੂਰਬੀਰ ਬਚਿਤਰ ਸਿੰਘ ਤੇ ਅਨੰਦ ਸਿੰਘ ਵੀ ਕ੍ਰੋਧ ਵਿਚ ਆ ਕੇ ਜੰਗ ਦੇ ਮੈਦਾਨ ਵਿਚ ਵੈਰੀਆ ਨੂੰ ਮਾਰਦੇ ਸਨ। ਇਹਨਾਂ ਤੋਂ ਇਲਾਵਾ ਹਮੀਰ ਸਿੰਘ, ਟੇਕ ਸਿੰਘ, ਦਿਵਾਨ ਸਿੰਘ, ਸ਼ੋਭ ਸਿੰਘ, ਕੌਲ ਸਿੰਘ, ਹਜ਼ਾਰ ਸਿੰਘ, ਚੇਤ ਸਿੰਘ, ਸੰਤ ਸਿੰਘ, ਸੁਜਾਨ ਸਿੰਘ, ਕਾਹਨ ਸਿੰਘ ਆਦਿ ਸੂਰਬੀਰ ਜੰਗ ਦੇ ਮੈਦਾਨ ਵਿਚ ਅਗੇ ਹੋ ਕੇ ਵੈਰੀਆ ਨੂੰ ਮਾਰਦੇ ਸਨ।

---

[18] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਬਾਹਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 5204.
ਜੰਮਣ ਖੇੜੇ ਕੇ ਢਿਗ ਗਏ। ਸਿਖ ਬਣਜਾਰੇ ਪਿਖ ਤਹਿਂ ਲਏ। ਕਰਿ ਬਿਨਤੀ ਗੁਰ ਨਿਕਟ ਉਤਾਰੇ। (ਰਿਤੁ 3 ਅੰਸੂ 51)

[19] ਉਹੀ, ਪੰਨਾ 5260.
ਸੁਬੇਗ ਸਿੰਘ ਜੰਬੁਰੀ ਸਬੇਗ ਕ੍ਰੋਧ ਪਾਇਓ। ਕ੍ਰਿਪਾਲ ਸਿੰਘ ਬੀਰ ਅੰਬਰੀਕ ਸਿੰਘ ਧਾਇਓ। (ਰਿਤੁ 4 ਅੰਸੂ 14)

## ਰਾਮਗੜ੍ਹ ਦਾ ਰਾਜਾ

ਟੋਕੇ ਤੋਂ ਚਲ ਕੇ ਗੁਰੂ ਸਾਹਿਬ ਜੀ ਟਾਬਰੇ ਪਿੰਡ ਰਾਮਗੜ੍ਹ ਵਾਲੇ ਰਾਜੇ ਦੇ ਰਾਜ ਵਿਚ ਜਾ ਉਤਰੇ। ਗੁਰੂ ਸਾਹਿਬ ਦਾ ਆਉਣਾ ਸੁਣਕੇ ਰਾਜੇ ਨੇ ਸਰਬ ਭਾਂਤ ਸੇਵਾ ਕੀਤੀ। ਗੁਰੂ ਸਾਹਿਬ ਨੂੰ ਇਕ ਅਮੋਲਕ ਗੂਟ ਘੋੜਾ, ਇਕ ਤਲਵਾਰ, ਪੰਜ ਸੌ ਰੁਪਈਆ ਨਕਦ, ਕਈ ਗੁਦਮੇ (ਜੋ ਬੜੇ ਮੋਟੇ ਊਨੀ ਕਪੜੇ ਹੁੰਦੇ ਹਨ) ਭੇਂਟ ਕੀਤੇ।[1]

## ਸਾਹਿਬਜ਼ਾਦਾ ਅਜੀਤ ਸਿੰਘ ਜੀ

ਗੁਰੂ ਸਾਹਿਬ ਦੇ ਪਾਸ ਖੜੇ ਸਾਹਿਬਜ਼ਾਦਾ ਅਜੀਤ ਸਿੰਘ ਨੇ ਤਲਵਾਰ, ਢਾਲ ਤੇ ਤੀਰਾਂ ਦਾ ਭਥਾ ਹਥ ਵਿਚ ਫੜੇ ਹੋਏ ਸਨ। ਉਹ ਗੁਰੂ ਸਾਹਿਬ ਤੋਂ ਆਗਿਆ ਚਾਹੁੰਦਾ ਸੀ। ਉਹ ਵੈਰੀ ਨਾਲ ਜੰਗ ਕਰਨ ਲਈ ਉਤਸ਼ਾਹਿਤ ਹੋਇਆ ਸੀ।[2] ਗੁਰੂ ਸਾਹਿਬ ਨੇ ਆਪਣੇ ਪੁਤਰ ਵਲ ਵੇਖ ਕੇ ਆਗਿਆ ਦਿਤੀ। ਗੁਰੂ ਸਾਹਿਬ ਦਾ ਆਗਿਆ ਲੈ ਕੇ ਸਾਹਿਬਜ਼ਾਦਾ ਅਜੀਤ ਸਿੰਘ ਜੰਗ ਦੇ ਮੈਦਾਨ ਵਿਚ ਗਿਆ। ਗੁਰੂ ਸਾਹਿਬ ਦਾ ਕਿਹਾ ਹੋਇਆ ਬਚਨ ਉਲੰਘਿਆ ਨਹੀਂ ਤੇ ਚਰਨ ਜਮਾਂ ਕੇ ਉਸ ਥਾਂ ਹੀ ਖੜੇ ਹੋ ਗਏ। ਕਿਲ੍ਹੇ ਨੂੰ ਆਪਣੇ ਪਿਛੇ ਰਖਿਆ ਤੇ ਯੁਧ ਕਰਦੇ ਰਹੇ। ਜਦ ਭੀਮ ਚੰਦ ਦਾ ਦਲ ਸਾਹਮਣੇ ਆਇਆ ਤਦ ਸਾਹਿਬਜ਼ਾਦਾ ਅਜੀਤ ਸਿੰਘ ਨੇ ਤੀਰ ਛਡੇ ਤੇ ਬਹੁਤ ਸੂਰਬੀਰਾਂ ਦੇ ਸਰੀਰ ਵਿੰਨ੍ਹ ਦਿਤੇ। ਜਦ ਸੂਰਬੀਰ ਜਾਂ ਘੋੜੇ ਨੂੰ ਤੀਰ ਜਾ ਕੇ ਵਜਦੇ ਸਨ ਤਾਂ ਉਹ ਧਰਤੀ ਉਤੇ ਡਿਗ ਕੇ ਪ੍ਰਾਣ ਤਿਆਗ ਜਾਂਦੇ ਸਨ।

ਸਾਹਿਬਜ਼ਾਦਾ ਅਜੀਤ ਸਿੰਘ ਜਿਤ ਚਾਹੁੰਦੇ ਹੋਏ ਤੀਰਾਂ ਦੇ ਵਾਰ ਕਰ ਰਹੇ ਸਨ। ਪਹਾੜੀ ਸੈਨਾ ਸਾਹਮਣੇ ਹੋ ਕੇ ਬਹੁਤ ਮਾਰੀ। ਪਹਾੜੀ ਸੈਨਾ ਨੇ ਇਕ ਵਾਰ ਵਿਚ ਹੀ ਅਨੇਕਾਂ ਗੋਲੀਆਂ ਚਲਾਈਆਂ। ਇਕ ਗੋਲੀ ਸਾਹਿਬਜ਼ਾਦੇ

---

[1] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, 838.

[2] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਬਾਹਰਵੀਂ ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 5261.

ਢਿਗ ਅਜੀਤ ਸਿੰਘ ਬੈਸ ਨਵੀਨ। ਖੜਗ ਸਿਪਰ ਇਖੁਧੀ ਕਰ ਲੀਨਿ।।੨੧।। ਪਿਤਾ ਗੁਰੂ ਕੀ ਆਇਸੁ ਚਾਹਤਿ। ਰਿਪੁ ਸਨ ਲਰਿਬੇ ਹੇਤੁ ਉਮਾਹਤਿ। (ਰਿਤੁ 4 ਅੰਸੂ 13)

ਦੇ ਘੋੜੇ ਨੂੰ ਆ ਲਗੀ ਤੇ ਘੋੜਾ ਜ਼ਖਮੀ ਹੋ ਕੇ ਰਣਖੇਤਰ ਵਿਚ ਡਿਗ ਪਿਆ। ਫਿਰ ਸਾਹਿਬਜ਼ਾਦਾ ਅਜੀਤ ਸਿੰਘ ਆਪਣੇ ਪੈਰਾਂ ਉਤੇ ਖੜੇ ਹੋ ਕੇ ਤੀਰ ਚਲਾ ਕੇ ਵੈਰੀ ਨੂੰ ਮਾਰਦੇ ਸਨ। ਸਾਹਿਬਜ਼ਾਦਾ ਅਜੀਤ ਸਿੰਘ ਨੇ ਜਿਤ ਪ੍ਰਾਪਤ ਕਰਕੇ ਸਾਰੇ ਜ਼ਖਮੀਆਂ ਨੂੰ ਸੰਭਾਲ ਲਿਆ ਤੇ ਫਿਰ ਗੁਰੂ ਸਾਹਿਬ ਪਾਸ ਆ ਕੇ ਸਾਰੀ ਜੰਗ ਦਾ ਸਾਰਾ ਹਾਲ ਦਸਿਆ।

ਜਦੋਂ ਚਮਕੌਰ ਸਾਹਿਬ ਦੀ ਜੰਗ ਹੋ ਰਹੀ ਸੀ ਤਾਂ ਸਾਹਿਬਜ਼ਾਦਾ ਅਜੀਤ ਸਿੰਘ ਨੇ ਜੰਗ ਦਾ ਬ੍ਰਿਤਾਂਤ ਵੇਖ ਕੇ ਜੰਗ ਵਿਚ ਜਾਣਾ ਚਾਹਿਆ ਤੇ ਮਨ ਵਿਚ ਵਿਚਾਰ ਕੀਤੀ ਕਿ ਤੁਰਕਾਂ ਨੂੰ ਮਾਰੀਏ ਅੰਦਰ ਨਾ ਠਹਿਰੀਏ।[3] ਤਦ ਸਾਹਿਬਜ਼ਾਦਾ ਅਜੀਤ ਸਿੰਘ ਨੇ ਗੁਰੂ ਸਾਹਿਬ ਦੇ ਪਾਸ ਪਹੁੰਚ ਕੇ ਬੇਨਤੀ ਕੀਤੀ ਕਿ ਜੰਗ ਵਿਚ ਜਾਣ ਦੀ ਆਪ ਜੀ ਆਗਿਆ ਬਖਸ਼ੋ। ਗੁਰੂ ਸਾਹਿਬ ਨੇ ਜੰਗ ਵਿਚ ਜਾਣ ਦੀ ਆਗਿਆ ਦਿਤੀ।

ਜੰਗ ਦੇ ਮੈਦਾਨ ਜਦੋਂ ਸਾਹਿਬਜ਼ਾਦਾ ਅਜੀਤ ਸਿੰਘ ਤੀਰ ਚਲਾਉਂਦੇ ਸਨ ਤਾਂ ਵੈਰੀ ਨੂੰ ਘੋੜੇ ਸਮੇਤ ਹੇਠਾਂ ਸੁਟ ਦਿੰਦੇ ਸਨ। ਇਸੇ ਪ੍ਰਕਾਰ ਜੰਗ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਨੇ ਅਨੇਕਾਂ ਵੈਰੀਆਂ ਨੂੰ ਮਾਰਿਆ। ਇਸ (ਸ੍ਰੀ ਚਮਕੌਰ ਸਾਹਿਬ) ਜੰਗ ਦੌਰਾਨ ਸਾਹਿਬਜ਼ਾਦਾ ਅਜੀਤ ਸਿੰਘ ਸ਼ਹੀਦ ਹੋ ਗਏ ਸਨ।

## ਭਾਈ ਸਾਹਿਬ ਸਿੰਘ ਜੀ

ਭਾਈ ਸਾਹਿਬ ਸਿੰਘ ਦਾ ਜਨਮ ਬਿਦਰ ਦੇ ਭਾਈ ਚਮਨ ਲਾਲ ਦੇ ਘਰ 1662 ਈਸਵੀ ਨੂੰ ਹੋਇਆ। ਪੰਜ ਪਿਆਰਿਆਂ ਵਿਚੋਂ ਇਹਨਾਂ ਦਾ ਨਾਮ ਤੀਜੇ ਸਥਾਨ ’ਤੇ ਸੀ।

ਗੁਰੂ ਸਾਹਿਬ ਦਾ ਹੁਕਮ ਮੰਨ ਕੇ ਭਾਈ ਸਾਹਿਬ ਸਿੰਘ ਜੰਗ ਦੇ ਮੈਦਾਨ ਵਿਚ ਜਾਂਦੇ ਹਨ। ਭਾਈ ਸਾਹਿਬ ਸਿੰਘ ਬੰਦੂਕ ਫੜ ਕੇ ਜਮਤੁਲਾ ਭਾਊ ਦੇ ਨੇੜੇ ਪਹੁੰਚੇ, ਜੋ ਕਿ ਹੱਲਾ ਬੋਲ ਕੇ ਅਗੇ ਵਧਦਾ ਆ ਰਿਹਾ ਸੀ। ਸਾਹਿਬ

[3] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 5894.
ਸ੍ਰੀ ਅਜੀਤ ਸਿੰਘ ਬੀਰ ਬਰ ਪਿਖਿ ਸੰਗ੍ਰਾਮ ਬ੍ਰਿਤੰਤ। ਚਹਯੋ ਆਪ ਨਿਕਸਨ ਤਬੈ ਗੁਰ ਕੌ ਸੁਤ ਬਲਵੰਤ। (ਰਿਤੁ 6 ਅੰਸੂ 39)

ਸਿੰਘ ਨੇ ਗੁਰੂ ਸਾਹਿਬ ਵਲੋਂ ਦਸੀ ਕਵਾਇਦ ਅਨੁਸਾਰ ਘੋੜੇ ਨੂੰ ਫੇਰ ਕੇ ਬੰਦੂਕ ਵਿਚੋਂ ਇਕ ਗੋਲੀ ਜਮਤੁਲੇ ਵਲ ਛਡੀ ਤੇ ਗੋਲੀ ਜਮਤੁਲੇ ਦੇ ਮਥੇ ਵਿਚ ਲਗੀ।[4] ਜਿਸ ਕਰਕੇ ਜਮਤੁਲੇ ਦੀ ਜੰਗ ਦੇ ਮੈਦਾਨ ਵਿਚ ਮੌਤ ਹੋਈ। ਇਸੇ ਪ੍ਰਕਾਰ ਜੰਗ ਦੇ ਮੈਦਾਨ ਵਿਚ ਸਾਹਿਬ ਸਿੰਘ ਨੇ ਅਨੇਕਾਂ ਵੈਰੀਆਂ ਨੂੰ ਮਾਰ ਕੇ ਗੁਰੂ ਸਾਹਿਬ ਕੋਲ ਪਹੁੰਚੇ।

ਭਾਈ ਸਾਹਿਬ ਸਿੰਘ ਨੇ ਭੰਗਾਣੀ, ਆਨੰਦਪੁਰ ਸਾਹਿਬ ਤੇ ਚਮਕੌਰ ਸਾਹਿਬ ਦੀਆਂ ਜੰਗਾਂ ਵਿਚ ਹਿਸਾ ਲਿਆ ਤੇ ਚਮਕੌਰ ਸਾਹਿਬ ਦੀ ਜੰਗ ਕਰਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ ਸਨ।

## ਭਾਈ ਹਿੰਮਤ ਸਿੰਘ ਜੀ

ਭਾਈ ਹਿੰਮਤ ਸਿੰਘ ਦਾ ਜਨਮ 1661 ਈਸਵੀ ਨੂੰ ਭਾਈ ਗੁਲਜ਼ਾਰੀ ਝਿਊਰ ਦੇ ਘਰ ਜਗਨਨਾਥ ਪੁਰੀ ਵਿਚ ਹੋਇਆ। 1678 ਈਸਵੀ ਵਿਚ ਭਾਈ ਹਿੰਮਤ ਸਿੰਘ ਆਨੰਦਪੁਰ ਸਾਹਿਬ ਵਿਖੇ ਗੁਰੂ ਸਾਹਿਬ ਕੋਲ ਹਾਜ਼ਰ ਹੋਏ। ਇਹਨਾਂ ਨੇ ਗੁਰੂ ਸਾਹਿਬ ਤੋਂ 1699 ਈਸਵੀ ਨੂੰ ਵਿਸਾਖੀ ਵਾਲੇ ਦਿਨ ਅੰਮ੍ਰਿਤ ਛਕਿਆ ਤੇ ਇਹਨਾਂ ਦੀ ਗਿਣਤੀ ਪੰਜਾਂ ਪਿਆਰਿਆਂ ਵਿਚ ਹੋਈ।

ਜੰਗ ਦੇ ਮੈਦਾਨ ਵਿਚ ਹਿੰਮਤ ਸਿੰਘ ਤੇ ਸਾਹਿਬ ਸਿੰਘ ਪਹੁੰਚੇ, ਜਿਹੜਾ ਵੀ ਅਗੇ ਅੜੇ ਉਹ ਯੋਧੇ ਕਟ ਕੇ ਸੁਟ ਦਿਤੇ। ਮਾਨੋਂ ਸ਼ੇਰ ਨਿਰਭੈ ਵਿਚਰ ਰਹੇ ਸਨ ਤੇ ਉਨ੍ਹਾਂ ਨੇ ਆਪਣੇ ਨੈਣ ਲਹੂ ਵਾਂਗ ਲਾਲ ਕੀਤੇ ਸਨ।[5] ਜਦੋਂ ਚਮਕੌਰ ਸਾਹਿਬ ਵਿਖੇ ਜੰਗ ਹੋ ਰਿਹਾ ਸੀ ਤਾਂ ਭਾਈ ਹਿੰਮਤ ਸਿੰਘ ਤੇ ਭਾਈ ਸਾਹਿਬ ਸਿੰਘ ਨੇ ਜਦ ਵੇਖਿਆ ਕਿ ਵੈਰੀਆਂ ਦਾ ਇਕਠ ਵਧ ਰਿਹਾ ਹੈ ਤਾਂ ਉਹਨਾਂ ਨੇ ਗੁਰੂ ਸਾਹਿਬ ਤੋਂ ਜੰਗ ਕਰਨ ਦਾ ਹੁਕਮ ਪ੍ਰਾਪਤ ਕੀਤਾ। ਉਸ ਸਮੇਂ ਕਿਲ੍ਹੇ ਦੇ ਮੁਖ ਗੇਟ ਅਗੇ ਬਹੁਤ ਵੈਰੀ ਆ ਗਏ ਸਨ। ਕਿਲ੍ਹੇ ਵਿਚੋਂ ਬਾਹਰ ਨਿਕਲ ਕੇ ਦੋਵੇਂ ਸਿਖ ਵੈਰੀਆਂ ’ਤੇ

---

[4] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਬਾਹਰਵੀਂ ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 5270.
ਪੰਚਨ ਮਹਿਂ ਸਾਹਿਬ ਸਿੰਘ ਜੋਇ। ਗਹਿ ਤੁਫੰਗ ਕੋ ਪਹੁੰਚਯੋ ਸੋਇ। ਖਰੋ ਜਹਾਂ ਜਮਤੁੱਲਾ ਭਾਊ। ਆਵਤਿ ਹੇਲਾ ਕਰਤਿ ਅਗਾਊ। (ਰਿਤੁ 4 ਅੰਸੂ 15)

[5] ਉਹੀ, ਪੰਨਾ 5317.
ਹਿੰਮਤ ਸਿੰਘ ਸਾਹਿਬ ਸਿੰਘ ਪਹੁੰਚੇ, ਅਰੇ ਜੁ ਕਾਟੇ ਜੋਧਾ। ਮਨਹੁਂ ਸ਼ੇਰ ਨਿਰਭੈ ਬਿਚਰੰਤੇ ਰਕਤ ਨੇਤ੍ਰ ਕਰਿ ਕ੍ਰੋਧਾ।।੨੭।। (ਰਿਤੁ 4 ਅੰਸੂ 27)

ਟੁਟ ਕੇ ਪੈ ਗਏ।[6] ਦੋਵੇਂ ਸਿਖ ਤਲਵਾਰਾਂ ਦੇ ਵਾਰ ਕਰਕੇ ਵੈਰੀਆਂ ਨੂੰ ਮਾਰ ਰਹੇ ਸਨ। ਇਕ ਸਿੰਘ ਲਖਾਂ ਵੈਰੀਆਂ ਵਿਚ ਜਾ ਕੇ ਲੜਦਾ ਹੈ। ਬਹਾਦਰੀ ਨਾਲ ਲੜਦੇ ਹੋਏ ਦੋਵੇਂ ਸਿੰਘ ਅੜ ਗਏ ਤੇ ਅਨੇਕਾਂ ਵੈਰੀਆਂ ਨੂੰ ਮਾਰ ਕੇ ਸ਼ਹੀਦ ਹੋਏ। ਭਾਈ ਹਿੰਮਤ ਸਿੰਘ ਨੇ ਤਕਰੀਬਨ ਸਾਰੀਆਂ ਜੰਗਾਂ ਵਿਚ ਹਿਸਾ ਲਿਆ ਤੇ ਅਖੀਰ ਚਮਕੌਰ ਸਾਹਿਬ ਦੀ ਜੰਗ ਕਰਦੇ ਹੋਏ (1704) ਸ਼ਹੀਦੀ ਪ੍ਰਾਪਤ ਕਰ ਗਏ ਸਨ।

## ਭਾਈ ਜੋਗਾ ਸਿੰਘ ਜੀ

ਭਾਈ ਜੋਗਾ ਸਿੰਘ ਕਾਫੀ ਸਮਾਂ ਗੁਰੂ ਸਾਹਿਬ ਦੇ ਘਰ ਰਿਹਾ ਸੀ। ਉਹ ਪਿਸ਼ਾਵਰ ਦਾ ਰਹਿਣ ਵਾਲਾ ਸੀ ਤੇ ਗੁਰੂ ਸਾਹਿਬ ਦੇ ਪਾਸ ਰਹਿ ਕੇ ਸੇਵਾ ਕਰਦਾ ਸੀ।[7] ਉਹ ਹਮੇਸ਼ਾ ਸਿਦਕ ਧਾਰ ਕੇ ਗੁਰੂ ਸਾਹਿਬ ਦੇ ਦਰਸ਼ਨ ਕਰਦਾ ਤੇ ਗੁਰੂ ਸਾਹਿਬ ਨੂੰ ਸੇਵਾ ਕਰਕੇ ਪ੍ਰਸੰਨ ਕਰਦਾ। ਜਿਸ ਪ੍ਰਕਾਰ ਗੁਰੂ ਸਾਹਿਬ ਹੁਕਮ ਕਰਦੇ ਸਨ, ਉਸੇ ਪ੍ਰਕਾਰ ਜੋਗਾ ਸਿੰਘ ਸੇਵਾ ਕਰਦਾ ਸੀ। ਗੁਰੂ ਸਾਹਿਬ ਦਾ ਹੁਕਮ ਮੰਨ ਕੇ ਆਪਣੇ ਘਰ ਜਾਂਦਾ ਤੇ ਜਦ ਹੁਕਮ ਕਰਦੇ ਉਸੇ ਸਮੇਂ ਵਾਪਸ ਗੁਰੂ ਘਰ ਆ ਕੇ ਸੇਵਾ ਵਿਚ ਲਗ ਜਾਂਦਾ ਸੀ।

## ਭਾਈ ਆਲਮ ਸਿੰਘ ਜੀ

ਭਾਈ ਆਲਮ ਸਿੰਘ ਗੁਰੂ ਸਾਹਿਬ ਦੇ ਨਜ਼ਦੀਕ ਰਹਿਣ ਵਾਲੇ ਸਿਖਾਂ ਵਿਚੋਂ ਇਕ ਸਿਖ ਸੀ। ਭਾਈ ਆਲਮ ਸਿੰਘ ਗੁਰੂ ਸਾਹਿਬ ਦੀ ਬੰਦੂਕ ਸੰਭਾਲ ਕੇ ਰਖਦਾ ਸੀ। ਜਦ ਭਾਈ ਆਲਮ ਸਿੰਘ ਜੰਗ ਦੇ ਮੈਦਾਨ ਵਿਚ ਜਾਂਦਾ ਤਾਂ ਤੇਜ਼ ਤੀਰ ਛਡ ਕੇ ਵੈਰੀਆਂ ਨੂੰ ਮਾਰਦਾ ਸੀ।[8] ਚਮਕੌਰ ਸਾਹਿਬ ਦੀ ਜੰਗ ਸਮੇਂ ਵੀ ਆਲਮ ਸਿੰਘ ਨੇ ਅਨੇਕਾਂ ਵੈਰੀ ਮਾਰੇ। ਉਹ ਗੁਰੂ ਸਾਹਿਬ ਦਾ ਖਾਸ ਮੁਸਾਹਿਬ ਹੈ, ਜਿਹੜਾ ਸਦਾ ਗੁਰੂ ਸਾਹਿਬ ਦੇ ਪਾਸ ਰਹਿੰਦਾ ਸੀ।

---

[6] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 5888.

ਭਾਈ ਹਿੰਮਤ ਸਿੰਘ ਸਾਹਿਬ ਸਿੰਘ ਜ੍ਾਨਾ। ਲਖਯੋ ਕਿ ਜੋਰ ਮਲੇਛਨਿ ਕੀਨਾ। ਜੰਗ ਕਰਨ ਲੇ ਹੁਕਮ ਪ੍ਰਬੀਨਾ। (ਰਿਤੁ 6 ਅੰਸੂ 37)

[7] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਜਿਲਦ ਬਾਹਰਵੀਂ ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1993, ਪੰਨਾ 5354.

ਰਹੈ ਕਿਤਿਕ ਚਿਰ ਸਤਿਗੁਰ ਧਾਮੂ।।੨।। ਦੇਸ਼ ਪਿਸ਼ਾਵਰ ਤਨ ਕੀ ਵਾਸੀ। ਸੇਵਾ ਕਰਹਿ ਬਹੁਤ ਗੁਰ ਪਾਸੀ। (ਰਿਤੁ 4 ਅੰਸੂ 36)

## ਬਿਸਾਲੀ ਨਗਰ ਦਾ ਰਾਜਾ

ਜਦ ਗੁਰੂ ਸਾਹਿਬ ਬਿਸਾਲੀ ਨਗਰ ਵਿਖੇ ਪਹੁੰਚੇ ਤਾਂ ਉਥੋਂ ਦਾ ਰਾਜਾ ਗੁਰੂ ਸਾਹਿਬ ਕੋਲ ਆ ਕੇ ਬੰਦਨਾ ਕਰਕੇ ਸੇਵਾ ਵਿਚ ਲਗ ਗਿਆ ਤੇ ਉਸ ਦਾ ਸਾਰਾ ਸਮਾਜ ਵੀ ਗੁਰੂ ਸਾਹਿਬ ਦੀ ਸੇਵਾ ਕਰਨ ਲਗਿਆ।[9] ਰਾਜਾ ਗੁਰੂ ਸਾਹਿਬ ਦੇ ਲੰਗਰ ਲਈ ਰਸਦ ਤੇ ਲਕੜਾਂ ਭੇਜਦਾ ਸੀ। ਜਦ ਗੁਰੂ ਸਾਹਿਬ ਵਿਦਾ ਹੋਣ ਲਗੇ ਤਾਂ ਰਾਜੇ ਨੇ ਧਨ ਲਿਆ ਕੇ ਗੁਰੂ ਸਾਹਿਬ ਅਗੇ ਭੇਂਟ ਕੀਤਾ। ਰਾਜੇ ਦੁਆਰਾ ਕੀਤੀ ਗਈ ਸੇਵਾ ਤੋਂ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ।

## ਭੰਭੌਰ ਦਾ ਰਾਜਾ

ਇਕ ਦਿਨ ਗੁਰੂ ਸਾਹਿਬ ਘੋੜੇ ’ਤੇ ਸਵਾਰ ਹੋ ਕੇ ਭੰਭੌਰ ਨਗਰ ਵਿਖੇ ਪਹੁੰਚੇ। ਗੁਰੂ ਸਾਹਿਬ ਦਾ ਆਉਣਾ ਸੁਣ ਕੇ ਰਾਜਾ ਨੇ ਗੁਰੂ ਸਾਹਿਬ ਨੂੰ ਭੇਂਟ ਕਰਨ ਲਈ ਘੋੜਾ ਤਿਆਰ ਕੀਤਾ।[10] ਜਦ ਗੁਰੂ ਸਾਹਿਬ ਨਗਰ ਵਿਚ ਪਹੁੰਚੇ ਤਾਂ ਰਾਜੇ ਨੇ ਘੋੜਾ ਭੇਂਟਾ ਕੀਤਾ ਤੇ ਰਾਜਾ ਬੇਨਤੀ ਕਰਕੇ ਗੁਰੂ ਸਾਹਿਬ ਨੂੰ ਆਪਣੇ ਮਹਿਲ ਵਿਚ ਲੈ ਗਿਆ। ਗੁਰੂ ਸਾਹਿਬ ਲਈ ਰਾਜੇ ਨੇ ਭੋਜਨ ਤਿਆਰ ਕੀਤੇ ਤੇ ਸੁੰਦਰ ਚੌਂਕੀ ਤਿਆਰ ਕੀਤੀ। ਉਸ ਚੌਂਕੀ ਉਤੇ ਚਿਟੇ ਰੰਗ ਦੇ ਵਸਤਰ ਵਿਛਾਏ ਤੇ ਬੇਨਤੀ ਕਰਕੇ ਚੌਂਕੀ ਉਤੇ ਗੁਰੂ ਸਾਹਿਬ ਨੂੰ ਬਿਠਾਇਆ। ਗੁਰੂ ਸਾਹਿਬ ਅਗੇ ਇਕ ਦੂਸਰੀ ਚੌਂਕੀ ਟਿਕਾਈ ਜਿਸ ਉਤੇ ਭੋਜਨ ਪਰੋਸ ਕੇ ਰਖ ਦਿਤਾ। ਜਦ ਗੁਰੂ ਸਾਹਿਬ ਭੋਜਨ ਛਕ ਰਹੇ ਸਨ ਤਾਂ ਰਾਜਾ ਕੋਲ ਖੜ ਕੇ ਪਖਾ ਝਲਦਾ ਰਿਹਾ। ਜਦ ਗੁਰੂ ਸਾਹਿਬ ਨੇ ਭੋਜਨ ਛਕਿਆ ਫਿਰ ਰਾਜੇ ਨੇ ਸਭ ਸਿੰਘਾਂ ਨੂੰ ਭੋਜਨ ਛਕਾਇਆ। ਰਾਜੇ ਨੇ ਸਾਰੇ ਘੋੜਿਆਂ ਨੂੰ ਘਾਹ ਤੇ ਦਾਣਾ ਦਿਤਾ। ਗੁਰੂ ਸਾਹਿਬ ਭੰਭੌਰ ਨਗਰ ਵਿਖੇ ਕੁਝ ਦਿਨ ਰੁਕੇ ਸਨ।

---

[8] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਤੇਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1992, ਪੰਨਾ 5365.
ਆਲਮ ਸਿੰਘ ਤਜਹਿ ਸਰ ਖਰ। (ਰਿਤੁ 4 ਅੰਸੂ 38)

[9] ਉਹੀ, ਪੰਨਾ 5394.
ਬਸੇ ਬਿਸਾਲੀ ਨਗਰ ਮਹਿਂ ਗੁਰੂ ਗਰੀਬ ਨਿਵਾਜ। ਆਇ ਰਾਵ ਬੰਦਨ ਕਰੈ ਸੇਵੈ ਜਿਤਿਕ ਸਮਾਜ। (ਰਿਤੁ 4 ਅੰਸੂ 46)

[10] ਉਹੀ, ਪੰਨਾ 5398.
ਏਕ ਦਿਵਸ ਚਢਿ ਗੁਰੂ ਪਯਾਨੇ। ਪੁਰਿ ਭੰਭੌਰ ਬਸਹਿ ਜਿਸ ਥਾਨੇ। ਦੇਨਿ ਹੇਤ ਕਰਿ ਤਯਾਰ ਤੁਰੰਗ (ਰਿਤੁ 4 ਅੰਸੂ 47)

## ਭਾਈ ਜੱਗਾ ਸਿੰਘ ਜੀ

ਇਕ ਪ੍ਰੇਮੀ ਸਿਖ ਗੁਰੂ ਸਾਹਿਬ ਦੇ ਚਰਨਾਂ ਦੀ ਦਿਨ ਰਾਤ ਸੇਵਾ ਕਰਦਾ ਸੀ। ਉਹ ਗੁਰੂ ਸਾਹਿਬ ਵਲ ਵੇਖ ਕੇ ਪਖਾ ਝਲਦਾ ਰਹਿੰਦਾ। ਸਾਰੇ ਸਿਖ ਉਸ ਨੂੰ ਜੱਗਾ ਸਿੰਘ ਦੇ ਨਾਮ ਨਾਲ ਪੁਕਾਰਦੇ ਸਨ।[11] ਉਹ ਗੁਰੂ ਸਾਹਿਬ ਦੇ ਚਰਨਾਂ ਨੂੰ ਪਹਿਲਾਂ ਧੋਦਾ ਤੇ ਫਿਰ ਕਪੜੇ ਨਾਲ ਸਾਫ਼ ਕਰਦਾ। ਜਦ ਗੁਰੂ ਸਾਹਿਬ ਪਲੰਘ 'ਤੇ ਸਜ ਜਾਂਦੇ ਤਦ ਜੁਤੀ ਨੂੰ ਝਾੜ ਕੇ ਰਖਦਾ।

## ਭਾਈ ਮਦਨ ਸਿੰਘ ਜੀ

ਗੁਰੂ ਸਾਹਿਬ ਨੇ ਸੰਗਤ ਨੂੰ ਫੁਰਮਾਇਆ ਕਿ ਘੋੜੇ ਦੀ ਸੇਵਾ ਕਰਨ ਵਾਲੇ ਸੇਵਕ ਨੂੰ ਭੂਤ, ਭਵਿਖ ਦੇ ਸਾਰੇ ਬ੍ਰਿਤਾਂਤ ਪ੍ਰਗਟ ਹੋ ਜਾਂਦੇ ਹਨ। ਗੁਰੂ ਸਾਹਿਬ ਨੇ ਆਪਣੇ ਸੇਵਕਾਂ ਨੂੰ ਕਿਹਾ ਕਿ ਘੋੜੇ ਦੀ ਸੇਵਾ ਕਰੋ, ਜੋ ਹੋਵੇਗਾ ਉਸ ਦਾ ਭਾਣਾ ਮੰਨੋ, ਗੁਰੂ ਘਰ ਦਾ ਸਚਾ ਗੁਰੂ ਆਪ ਰਾਖਾ ਹੈ। ਸਿਖਾ ਚਿੰਤਾ ਨਾ ਕਰ, ਚੁਪ ਦਾ ਸਮਾਂ ਹੀ ਚੰਗਾ ਹੈ।[12]

## ਭਾਈ ਕਪੂਰਾ ਜੀ

ਜੰਗਲ ਦੇਸ (ਮਾਲਵੇ ਦੇਸ) ਵਿਚ ਕਪੂਰਾ ਨਾਮ ਦਾ ਜਟ ਰਹਿੰਦਾ ਸੀ ਜੋ ਕਿ ਕਈ ਪਿੰਡਾਂ ਦਾ ਰਾਜਾ ਸੀ। ਉਸ ਨੇ ਗਿਆਰ੍ਹਾਂ ਸੌ ਰੁਪਏ ਦੇ ਕੇ ਇਕ ਬਲਵਾਨ ਤੇ ਚੰਚਲ ਘੋੜਾ ਲੈ ਕੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਪਹੁੰਚਾ ਦਿਤਾ। ਗੁਰੂ ਸਾਹਿਬ ਨੇ ਵੇਖਿਆ ਤਾਂ ਘੋੜਾ ਬੜਾ ਬਲਵਾਨ ਤੇ ਚੰਚਲ ਸੀ।[13] ਜਿਸ ਕਰਕੇ ਗੁਰੂ ਸਾਹਿਬ ਨੇ ਉਸ

---

[11] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਤੇਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1992, ਪੰਨਾ 5422.
ਇਕ ਸਿਖ ਪ੍ਰੇਮੀ ਗੁਰੂ ਪਗ ਸੇਵ ਕਰੈ ਦਿਨ ਰੈਨ। ਪੱਖਾ ਗਹਿ ਕਰਿ ਬਾਉ ਕੋ ਝੋਲਤਿ ਦੇਖਤਿ ਨੈਨ॥੧॥ (ਰਿਤੁ 5 ਅੰਸੂ 2)

[12] ਉਹੀ, ਪੰਨਾ 5432.
ਏਕ ਹੁਤੋ ਹਯ ਕੋ ਘੁਰਵਾਰ। ਤਿਸ ਮਹਿਂ ਸ਼ਕਤਿ ਹੁਤੀ, ਸਭਿ ਜਾਨੀ॥੧੬॥ (ਰਿਤੁ 5 ਅੰਸੂ ੪)

[13] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਤੇਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1992, ਪੰਨਾ 5470.
ਜੰਗਲ ਬਿਖੈ ਕਪੂਰਾ ਜਾਟ। ਕੇਤਿਕ ਗ੍ਰਾਮਨ ਕੋ ਪਤਿ ਰਾਠ। ਇਕ ਸੌ ਇਕ ਹਜਾਰ ਧਨ ਦੈ ਕੈ। ਚੰਚਲ ਬਲੀ ਤੁਰੰਗਮ ਲੈ ਕੈ। (ਰਿਤੁ 5 ਅੰਸੂ 11)

ਘੋੜੇ ਨੂੰ ਆਪਣੀ ਸਵਾਰੀ ਲਈ ਬੰਨ੍ਹਵਾ ਲਿਆ ਤੇ 'ਦਲ ਸ਼ਿੰਗਾਰ' ਉਸ ਦਾ ਨਾਮ ਰਖ ਦਿਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ੍ਰੀ ਮੁਕਤਸਰ ਸਾਹਿਬ ਦੀ ਜੰਗ ਵਿਚ ਗੁਰੂ ਸਾਹਿਬ ਦਾ ਭਾਈ ਕਪੂਰੇ ਨੇ ਪਖ ਲਿਆ ਸੀ। 1708 ਈਸਵੀ ਵਿਚ ਈਸਾ ਖਾਂ ਦੇ ਹਥੋ ਭਾਈ ਕਪੂਰਾ ਮਾਰਿਆ ਗਿਆ। ਭਾਈ ਕਪੂਰੇ ਨੇ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਮਾਲਵਾ ਯਾਤਰਾ ਸਮੇਂ ਵੀ ਸੇਵਾ ਕੀਤੀ ਸੀ।

## ਭਾਈ ਅਜੀਤ ਸਿੰਘ ਜੀ (ਗੁਰੂ ਕਾ ਯੋਧਾ)

ਤਵਾਰੀਖ ਗੁਰੂ ਖਾਲਸਾ ਅਨੁਸਾਰ ਜਦੋਂ ਤੁਰਕਾਨੀ ਫੌਜ ਮੋਰਚਿਆਂ ਦੇ ਨੇੜੇ ਆਈ ਤਾਂ ਅਜੀਤ ਸਿੰਘ (ਗੁਰੂ ਕਾ ਯੋਧਾ) ਦੇ (ਜੋ ਖਾਲਸੇ ਦਾ ਬਖਸ਼ੀ, ਜੰਗ ਦਾ ਮੋਹਰੀ ਸੀ) ਹੁਕਮ ਨਾਲ ਪੰਜ-ਛੇ ਹਜ਼ਾਰ ਸਿੰਘਾਂ ਦੀਆਂ ਬੰਦੂਕਾਂ ਇਕੋ ਵਾਰੀ ਡੰਭੀਆਂ ਗਈਆਂ। ਦੋ ਘੜੀ ਵਿਚ ਸੈਂਕੜੇ ਵੈਰੀ ਮਰ ਗਏ ਸਨ।[14]

## ਸੈਦਾ ਬੇਗ

ਸੈਦਾਬੇਗ ਨਾਲ ਸਾਰੀ ਸੈਨਾ ਬਾਦਸ਼ਾਹ ਦੇ ਪਖ ਵਿਚ ਸੀ ਪਰ ਉਸ ਨੇ ਸਭ ਨਾਲ ਸਲਾਹ ਕਰਕੇ ਬਾਦਸ਼ਾਹ ਨੂੰ ਛਡ ਦਿਤਾ। ਉਸਨੇ ਵਖਰਾ ਹੋ ਕੇ ਨਗਾਰਾ ਵਜਾਇਆ। ਉਹ ਆਪਣੀ ਸਾਰੀ ਸੈਨਾ ਸਮੇਤ ਗੁਰੂ ਸਾਹਿਬ ਅਗੇ ਹਾਜ਼ਰ ਹੋਇਆ ਤੇ ਬੇਨਤੀ ਕੀਤੀ ਕਿ ਮੈਨੂੰ ਵੀ ਆਪਣਾ ਸੇਵਕ ਸਮਝੋ।[15] ਗੁਰੂ ਸਾਹਿਬ ਤੋਂ ਆਗਿਆ ਲੈ ਕੇ ਸੈਦਾ ਬੇਗ ਆਪਣੀ ਸੈਨਾ ਸਮੇਤ ਜੰਗ ਦੇ ਮੈਦਾਨ ਵਿਚ ਤੁਰਕਾਂ ਨੂੰ ਮਾਰਨ ਲਗਿਆ। ਗੁਰੂ ਸਾਹਿਬ ਉਸ ਨੂੰ ਪੰਜ ਹਜ਼ਾਰੀ ਕਹਿ ਕੇ ਬਲਾਉਂਦੇ ਸਨ।

---

[14] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 937.

[15] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਤੇਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1992, ਪੰਨਾ 5605.

ਸੁਪਤਿ ਉਠਯੋ ਜਿਮ ਲਗ ਅਨੁਰਾਗਾ। ਜੇਤਿਕ ਚਮੂੰ ਕਹੇ ਮੈਂ ਹੁਤੀ। ਸਭਿ ਕੀ ਅਪਨ ਸੰਗ ਕਰ ਮਤੀ। (ਰਿਤੁ 5 ਅੰਸੂ 32)

## ਭਾਈ ਉਦੇ ਸਿੰਘ ਜੀ

ਉਦੇ ਸਿੰਘ ਸ਼ਹੀਦ ਭਾਈ ਮਨੀ ਸਿੰਘ ਦੇ ਸਪੁਤਰ ਸਨ। ਜੋ ਕਿ ਜਾਤ ਦਾ ਰਾਜਪੂਤ ਤੇ ਪਿੰਡ ਅਲੀਪੁਰ (ਮੁਲਤਾਨ) ਦੇ ਰਹਿਣ ਵਾਲੇ ਸਨ। ਗੁਰੂ ਸਾਹਿਬ ਨੇ ਜੰਗ ਦੇ ਸਮੇਂ ਭਾਈ ਉਦੇ ਸਿੰਘ, ਭਾਈ ਦਇਆ ਸਿੰਘ ਨੂੰ ਵੰਗਾਰਿਆ ਤੇ ਉਨ੍ਹਾਂ ਨੂੰ ਹੁਕਮ ਕੀਤਾ ਕਿ ਛੇਤੀ ਜੰਗ ਦੇ ਮੈਦਾਨ ਵਿਚ ਜਾਵੋ ਤੇ ਵੈਰੀ ਨੂੰ ਮਾਰੋ। ਤੁਸੀਂ ਦੋਵੇਂ ਸਿਘ ਅਗੇ ਜਾਵੋ ਤੁਹਾਡੇ ਪਿਛੇ ਭਾਰੀ ਸ਼ਹੀਦ ਫੌਜ ਹੈ। ਜਦ ਉਨ੍ਹਾਂ ਗੁਰੂ ਸਾਹਿਬ ਦੇ ਅਜਿਹੇ ਬਚਨ ਸੁਣੇ ਤਾਂ ਜਿਵੇਂ ਦੋਵੇਂ ਸਿੰਘਾਂ ਨੇ ਵਡਾ ਬਲ ਪ੍ਰਾਪਤ ਕਰ ਲਿਆ ਹੋਵੇ। ਭਾਈ ਉਦੇ ਸਿੰਘ ਤੇ ਦਇਆ ਸਿੰਘ ਜੰਗ ਦੇ ਮੈਦਾਨ ਵਿਚ ਅਗੇ ਹੋ ਕੇ ਅਨੇਕਾਂ ਵੈਰੀ ਮਾਰੇ।[1] ਗੁਰੂ ਸਾਹਿਬ ਆਪ ਉਚੇ ਸਥਾਨ 'ਤੇ ਖੜੇ ਹੋ ਕੇ ਜੰਗ ਵੇਖ ਰਹੇ ਸਨ।

ਜਦ ਗੁਰੂ ਸਾਹਿਬ ਨੇ ਬੇਦਾਵਾ ਲਿਖਵਾਇਆ ਤਾਂ ਉਸ ਸਮੇਂ ਪੰਜ ਪਿਆਰੇ, ਪੰਜੇ ਮੁਕਤੇ ਤੇ ਤੀਹ ਹੋਰ ਸਿਖ ਉਦੇ ਸਿੰਘ ਵਰਗੇ ਸੂਰਬੀਰ ਸੇਵਕ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਰਹੇ ਸਨ। ਚਾਲੀ ਸਿੰਘਾਂ ਨੇ ਬੇਦਾਵਾ ਨਾ ਲਿਖਿਆ। ਗੁਰੂ ਸਾਹਿਬ ਨੇ ਬੇਦਾਵਾ ਲਿਖਿਆ ਪੜ੍ਹਿਆ ਤਾਂ ਫੁਰਮਾਇਆ ਕਿ ਸਿਖੀ ਦਾ ਬੀਜ ਰਹਿ ਗਿਆ ਹੈ, ਹੁਣ ਮੇਰਾ ਪੰਥ ਵਧੇਗਾ।

ਜਦੋਂ ਕਾਲੀ ਟਿਬੀ ਦੇ ਸਥਾਨ ਨੇੜੇ ਜੰਗ ਹੋਇਆ ਤਾਂ ਉਦੇ ਸਿੰਘ ਗੁਰੂ ਸਾਹਿਬ ਤੋਂ ਆਗਿਆ ਲੈ ਕੇ ਬੇਨਤੀ ਕਰਦਾ ਹੈ ਕਿ ਆਪ ਜੀ ਅੰਗ ਸੰਗ ਸਹਾਈ ਰਹਿਣਾ। ਗੁਰੂ ਸਾਹਿਬ ਨੇ ਆਪਣੇ ਸੇਵਕ ਨੂੰ ਥਾਪੀ ਦਿਤੀ ਤੇ ਕਿਹਾ ਕਿ ਜਿਥੇ ਮੇਰਾ ਵਾਸਾ ਹੈ ਉਥੇ ਤੈਨੂੰ ਪਾਸ ਰਖਾਂਗਾ, ਮੇਰਾ ਧਿਆਨ ਧਾਰਨ ਕਰੋ ਤੇ ਜੰਗ ਕਰਕੇ ਵੈਰੀ ਦਾ ਨਾਸ਼ ਕਰੋ। ਉਦੇ ਸਿੰਘ ਜੰਗ ਦੇ ਮੈਦਾਨ ਵਿਚ ਜਾ ਕੇ ਤੀਰ ਚਲਾ ਕੇ ਵੈਰੀ ਨੂੰ ਮਾਰ ਰਿਹਾ ਸੀ ਤੇ ਡੇਢ ਪਹਿਰ ਤਕ ਵੈਰੀ ਦੇ ਦਲ ਨੂੰ ਰੋਕਿਆ। ਇਸ ਤਰ੍ਹਾਂ ਜੰਗ ਕਰਦਾ ਹੋਇਆ ਭਾਈ ਉਦੇ ਸਿੰਘ ਜੰਗ ਦੇ ਮੈਦਾਨ ਵਿਚ ਸ਼ਹੀਦ ਹੋ ਗਿਆ।

---

[1] ਭਾਈ ਸੰਤੋਖ ਸਿੰਘ, *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* (ਜਿਲਦ ਤੇਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1992, ਪੰਨਾ 5775.
ਪ੍ਰਭੁ ਜੀ ਨਿਹਾਰੇ। ਸੋ ਜੋਧਾ ਪ੍ਰਚਾਰੇ। ਉਦੇ ਸਿੰਘ ਆਦੀ। ਦਯਾ ਸਿੰਘ ਨਾਦੰ।। ਇਨੈ ਕੋ ਬੁਲਾਏ। ਥਿਰੇ ਊਚ ਥਾਏ। ਪਿਖੈਂ ਜੰਗ ਮਾਚਾ। ਤੁਫੰਗੈਂ ਤਮਾਚਾ।। (ਰਿਤੁ 6 ਅੰਸੂ 10)

## ਭਾਈ ਨਾਹਰ ਸਿੰਘ ਜੀ, ਭਾਈ ਸ਼ੇਰ ਸਿੰਘ ਜੀ

ਭਾਈ ਨਾਹਰ ਸਿੰਘ ਤੇ ਭਾਈ ਸ਼ੇਰ ਸਿੰਘ ਦੋਵਾਂ ਸਿੰਘਾਂ ਨੂੰ ਕਿਲ੍ਹਾ ਲੋਹਗੜ੍ਹ ਵਿਚ ਛਡ ਦਿਤਾ ਤੇ ਸਾਹਿਬਜ਼ਾਦਾ ਅਜੀਤ ਸਿੰਘ ਪੰਜ ਸੌ ਸਿੰਘਾਂ ਨੂੰ ਆਪਣੇ ਨਾਲ ਲੈ ਕੇ ਜੰਗ ਦੇ ਮੈਦਾਨ ਵਿਚ ਪਹੁੰਚ ਗਿਆ ਸੀ। ਦੋਵੇਂ ਸਿੰਘ ਦਿਨ ਸਮੇਂ ਮੋਰਚੇ ਵਿਚ ਰਹਿੰਦੇ ਤੇ ਰਾਤ ਸਮੇਂ ਗੁਰਬਾਣੀ ਨੂੰ ਬੜੇ ਧਿਆਨ ਨਾਲ ਪੜ੍ਹ ਕੇ ਸਦਾ ਗੁਰੂ ਭਰਵਾਸੇ ਜਿਉਂਦੇ ਸਨ।

ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਦਾ ਕਿਲ੍ਹਾ ਛਡਿਆ ਤਾਂ ਉਸ ਸਮੇਂ ਭਾਈ ਸ਼ੇਰ ਸਿੰਘ ਨਾਲ ਸੀ। ਚਮਕੌਰ ਸਾਹਿਬ ਵਿਖੇ ਜੰਗ ਸਮੇਂ ਭਾਈ ਮਦਨ ਸਿੰਘ ਤੇ ਭਾਈ ਕੋਠਾ ਸਿੰਘ ਸ਼ਹੀਦ ਹੋ ਗਏ ਸਨ ਤੇ ਇਹਨਾਂ ਦੀ ਥਾਂ ਤੇ ਭਾਈ ਨਾਹਰ ਸਿੰਘ, ਭਾਈ ਸ਼ੇਰ ਸਿੰਘ ਨੂੰ ਲਗਾਇਆ ਗਿਆ ਸੀ। ਅਖੀਰ ਵਿਚ ਜੰਗ ਕਰਦੇ ਸਮੇਂ ਭਾਈ ਸ਼ੇਰ ਸਿੰਘ ਸ਼ਹੀਦੀ ਪਾ ਗਏ ਸਨ।

## ਭਾਈ ਮੁਹਕਮ ਸਿੰਘ ਜੀ

ਭਾਈ ਮੁਹਕਮ ਸਿੰਘ ਤੇ ਭਾਈ ਸਾਹਿਬ ਸਿੰਘ ਦੋਵੇਂ ਯੋਧੇ ਹੋਲਗੜ੍ਹ ਵਾਲੇ ਸਥਾਨ 'ਤੇ ਨਿਯੁਕਤ ਸਨ। ਦੋਵੇਂ ਸਿੰਘ ਚਾਰ ਸੌ ਸਿੰਘਾਂ ਦੇ ਜਥੇ ਸਮੇਤ ਸਦਾ ਸਾਵਧਾਨ ਰਹਿੰਦੇ ਸਨ।[2] ਚਮਕੌਰ ਸਾਹਿਬ ਦੀ ਜੰਗ ਸਮੇਂ ਗੁਰੂ ਸਾਹਿਬ ਤੋਂ ਆਗਿਆ ਲੈ ਕੇ ਭਾਈ ਮੁਹਕਮ ਸਿੰਘ ਇਕਲੇ ਹੀ ਜੰਗ ਵਿਚ ਚਲ ਗਏ। ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਇਕ ਸਿੰਘ ਲਖਾਂ ਨਾਲ ਲੜੇ, ਹੁਣ ਇਹ ਬਚਨ ਸਚਾ ਕਰਕੇ ਵਿਖਾ ਦਿਉ। ਭਾਈ ਮੁਹਕਮ ਸਿੰਘ ਜੰਗ ਵਿਚ ਜਾ ਕੇ ਜਿਸ ਨੂੰ ਵੀ ਸਾਹਮਣੇ ਹੋ ਕੇ ਵੰਗਾਰਿਆ, ਉਸ ਨੂੰ ਹੀ ਵਾਰ ਕਰਕੇ ਚੀਰ ਦਿਤਾ। ਭਾਈ ਮੁਹਕਮ ਸਿੰਘ ਨੇ ਨੇਜੇ, ਭਾਲੇ ਤੇ ਸਾਂਗ ਦੇ ਵਾਰ ਕਰਕੇ ਅਨੇਕਾਂ ਵੈਰੀ ਮਾਰੇ। ਭਾਈ ਮੁਹਕਮ ਸਿੰਘ ਜੰਗ ਦੇ ਮੈਦਾਨ ਵਿਚ ਵੈਰੀਆਂ 'ਤੇ ਵਾਰ ਕਰ

---

[2] ਭਾਈ ਸੰਤੋਖ ਸਿੰਘ, *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* (ਜਿਲਦ ਤੇਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1992, ਪੰਨਾ 5791.
ਮੁਹਕਮ ਸਿੰਘ ਸਾਹਿਬ ਸਿੰਘ ਜੋਧਾ ਥਿਰੇ ਹੋਲ ਗੜ੍ਹ ਥਾਨਾ। ਸਿੰਘ ਚਾਰ ਸੈ ਸੰਗ ਰਾਖ ਕਰਿ ਰਹੈਂ ਸਦਾ ਸਵਧਾਨਾ। (ਰਿਤੁ 6 ਅੰਸੂ 14)

ਰਿਹਾ ਸੀ ਕਿ ਅਚਾਨਕ ਵੈਰੀਆਂ ਨੇ ਵੀਹ-ਪਚੀ ਗੋਲੀਆਂ ਭਾਈ ਮੁਹਕਮ ਸਿੰਘ ਦੇ ਮਾਰੀਆਂ। ਜਿਸ ਕਰਕੇ ਭਾਈ ਮੁਹਕਮ ਸਿੰਘ ਵੈਰੀ ਵਾਲੇ ਪਾਸੇ ਡਿਗ ਪਿਆ। ਭਾਈ ਮੁਹਕਮ ਸਿੰਘ ਬੀਰ-ਰਸ ਨਾਲ ਭਰਿਆ ਹੋਇਆ ਇਕ ਪੈਰ ਵੀ ਪਿਛੇ ਵਲ ਨਾ ਮੁੜਿਆ। ਭਾਈ ਮੁਹਕਮ ਸਿੰਘ ਦੁਆਰਾ ਕੀਤੇ ਜੰਗ ਨੂੰ ਵੇਖ ਕੇ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ।

## ਭਾਈ ਕਨ੍ਹਈਆ ਜੀ

ਭਾਈ ਕਨ੍ਹਈਆ ਨਾਮ ਦਾ ਸਾਧੂ ਗੁਰੂ ਸਾਹਿਬ ਪਾਸ ਰਹਿੰਦਾ ਸੀ ਤੇ ਉਹ ਸਭ ਵਿਚ ਇਕੋ ਆਤਮਾ ਦਾ ਪ੍ਰਕਾਸ਼ ਸਮਝਦਾ ਸੀ। ਉਸ ਨੂੰ ਨਾ ਕਿਸੇ ਨਾਲ ਪ੍ਰੇਮ ਸੀ, ਨਾ ਕਿਸੇ ਨਾਲ ਈਰਖਾ ਸੀ ਤੇ ਨਾ ਹੀ ਉਸਨੂੰ ਕਿਸੇ ਪ੍ਰਕਾਰ ਦਾ ਦੁਖ ਸੁਖ ਸੀ। ਉਸ ਨੂੰ ਕੋਈ ਵੀ ਵੈਰੀ ਨਹੀਂ ਲਗਦਾ ਸੀ।[3] ਭਾਈ ਕਨ੍ਹਈਆ ਜਲ ਦੀ ਮਸ਼ਕ ਭਰ ਕੇ ਆਪਣੇ ਪਾਸ ਰਖਦਾ ਸੀ ਤੇ ਜਿਹੜਾ ਵੀ ਜਲ ਮੰਗਦਾ ਸੀ, ਉਸ ਨੂੰ ਛਕਾਉਂਦਾ ਸੀ। ਜਿਹੜੇ ਸਿੰਘ ਮੋਰਚੇ ਵਿਚ ਸਥਿਰ ਸਨ ਉਹਨਾਂ ਤਕ ਵੀ ਜਲ ਪਹੁੰਚਾਉਂਦਾ ਸੀ। ਜਿਹੜੇ ਸਿੰਘ ਤੁਰਕਾਂ ਦੇ ਨੇੜੇ ਮੋਰਚੇ ਵਿਚ ਸਥਿਰ ਸਨ, ਉਨ੍ਹਾਂ ਨੂੰ ਜਲ ਪ੍ਰਾਪਤ ਨਹੀਂ ਹੁੰਦਾ ਸੀ ਤੇ ਭਾਈ ਕਨ੍ਹਈਆ ਉਨ੍ਹਾਂ ਨੂੰ ਜਲ ਛਕਾ ਕੇ ਤ੍ਰਿਪਤ ਕਰਦਾ ਸੀ। ਜਿਸ ਪ੍ਰਕਾਰ ਭਾਈ ਕਨ੍ਹਈਆ ਸਿੰਘਾਂ ਨੂੰ ਜਾ ਕੇ ਜਲ ਛਕਾਉਂਦਾ ਸੀ, ਉਸੇ ਪ੍ਰਕਾਰ ਹੀ ਤੁਰਕਾਂ ਨੂੰ ਵੀ ਜਲ ਦੇ ਕੇ ਤ੍ਰਿਪਤ ਕਰਦਾ ਸੀ। ਭਾਈ ਕਨ੍ਹਈਆ ਦੁਆਰਾ ਤੁਰਕਾਂ ਨੂੰ ਜਲ ਛਕਾਉਂਦਾ ਵੇਖ ਕੇ ਸਿੰਘ ਗੁਸਾ ਕਰਦੇ ਸੀ ਕਿ ਇਹ ਤੁਰਕਾਂ ਨੂੰ ਜਲ ਕਿਉਂ ਛਕਾਉਂਦਾ ਹੈ।

ਇਕ ਦਿਨ ਗੁਰੂ ਸਾਹਿਬ ਅਗੇ ਸਾਰੇ ਸਿੰਘਾਂ ਨੇ ਬੇਨਤੀ ਕੀਤੀ ਕਿ ਅਸੀਂ ਆਪਣੇ ਵੈਰੀ ਨੂੰ ਤੰਗ ਕਰਦੇ ਹਾਂ ਕਿ ਉਹ ਮੋਰਚੇ ਵਿਚੋਂ ਕਿਸੇ ਤਰ੍ਹਾਂ ਵੀ ਬਾਹਰ ਨਾ ਨਿਕਲ ਸਕਣ। ਅਸੀਂ ਕੁਝ ਖਾਣ-ਪੀਣ ਲਈ ਵੀ ਉਨ੍ਹਾਂ ਤਕ ਪਹੁੰਚਣ ਨਹੀਂ ਦਿੰਦੇ। ਪਰ ਤੁਰਕਾਂ ਦੇ ਮੋਰਚੇ ਵਿਚ ਜਲ ਲੈ ਕੇ ਭਾਈ ਕਨ੍ਹਈਆ ਪਹੁੰਚ ਜਾਂਦਾ ਹੈ ਤੇ ਉਨ੍ਹਾਂ ਨੂੰ ਜਲ

---

[3] ਭਾਈ ਸੰਤੋਖ ਸਿੰਘ, *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* (ਜਿਲਦ ਤੇਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1992, ਪੰਨਾ 5808.

ਸਾਧ ਕਨ੍ਹੱਯਾ ਇਕ ਗੁਰ ਪਾਸ। ਸਭਿ ਮਹਿਂ ਆਤਮ ਲਖਯੋ ਪ੍ਰਕਾਸ਼। ਰਾਗ ਨ ਦ੍ਵੈਖ ਹਰਖ ਨਹਿਂ ਸ਼ੋਕ। ਸ਼ੱਤ੍ਰ ਮਿੱਤ੍ਰ ਨਹਿਂ ਭਾਸੈ ਲੋਕ। (ਰਿਤੁ 6 ਅੰਸੂ 18)

ਦੇ ਕੇ ਤ੍ਰਿਪਤ ਕਰਦਾ ਹੈ। ਇਸ ਪ੍ਰਕਾਰ ਸਿੰਘਾਂ ਦੀ ਬੇਨਤੀ ਸੁਣ ਕੇ ਗੁਰੂ ਸਾਹਿਬ ਨੇ ਸਾਧੂ ਕਨੑਈਏ ਨੂੰ ਆਪਣੇ ਪਾਸ ਬੁਲਾਇਆ। ਗੁਰੂ ਸਾਹਿਬ ਨੇ ਫਿਰ ਬਚਨ ਕੀਤਾ ਕਿ ਭਾਈ ਕਨੑਈਆ ਤੁਸੀਂ ਇਕ ਥਾਂ ਬੈਠੇ ਕਿਉਂ ਨਹੀਂ ਰਹਿੰਦੇ। ਤੁਸੀਂ ਜੰਗ ਦੇ ਵਿਚ ਇਧਰ-ਉਧਰ ਤੁਰ ਕੇ ਜਲ ਛਕਾਉਣ ਦਾ ਹਿਤ ਧਾਰਨ ਕੀਤਾ ਹੈ। ਸਿੰਘਾਂ ਨੇ ਤੁਹਾਡੇ ਬਾਰੇ ਦਸਿਆ ਕਿ ਤੁਸੀਂ ਬਹੁਤ ਵੈਰੀਆਂ ਨੂੰ ਜਲ ਛਕਾਉਂਦੇ ਹੋ।

ਗੁਰੂ ਸਾਹਿਬ ਦੇ ਬਚਨ ਸੁਣ ਕੇ ਭਾਈ ਕਨੑਈਆ ਹਥ ਜੋੜ ਕੇ ਬੋਲਿਆ ਕਿ ਗੁਰੂ ਸਾਹਿਬ ਤੁਹਾਡੇ ਉਪਦੇਸ਼ ਨੂੰ ਮੈਂ ਸਦਾ ਹੀ ਹਿਰਦੇ ਵਿਚ ਧਾਰਨ ਕਰਦਾ ਹਾਂ ਤੇ ਮੈਂ ਕਦੀ ਵੀ ਇਸ ਦੇ ਉਲਟ ਕਾਰਜ ਨਹੀਂ ਕੀਤਾ। ਮੈਨੂੰ ਤੁਹਾਡਾ ਸਰੂਪ ਸਭ ਦੇ ਵਿਚ ਦਿਸਦਾ ਹੈ, ਮੈਂ ਦੂਸਰਾ ਕਿਸੇ ਦਾ ਸਰੂਪ ਕਦੇ ਵੇਖਿਆ ਹੀ ਨਹੀਂ। ਇਸ ਪ੍ਰਕਾਰ ਸਿੰਘਾਂ ਵਿਚ ਆਪ ਹੀ ਬਿਰਾਜਦੇ ਹੋ, ਉਧਰ ਤੁਰਕਾਂ ਵਿਚ ਵੀ ਆਪ ਹੀ ਸਜ ਰਹੇ ਹੋ। ਪਹਾੜੀਆਂ ਵਿਚ ਵੀ ਕੋਈ ਦੂਸਰਾ ਨਹੀਂ ਹੈ। ਜਲ, ਥਲ, ਸਾਰਾ ਅਕਾਸ਼ ਅਤੇ ਸਾਰੀ ਧਰਤੀ ਉਤੇ ਇਹ ਸਾਰੇ ਖੇਡ ਆਪ ਜੀ ਦੀ ਹੀ ਹੈ। ਇਸ ਪ੍ਰਕਾਰ ਭਾਈ ਕਨੑਈਏ ਪਾਸੋਂ ਸੁਣ ਕੇ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ। ਗੁਰੂ ਸਾਹਿਬ ਨੇ ਮੁਸਕਰਾ ਕੇ ਸਭ ਨੂੰ ਹੁਕਮ ਕੀਤਾ ਕਿ ਇਹ ਭਾਈ ਕਨੑਈਆ ਸਾਧੂ ਬ੍ਰਿਤੀ ਵਾਲਾ ਹੈ। ਇਸ ਨੂੰ ਕਿਸੇ ਨੇ ਕੁਝ ਨਹੀਂ ਕਹਿਣਾ। ਜਿਸ ਤਰ੍ਹਾਂ ਵੀ ਇਸ ਦੇ ਮਨ ਵਿਚ ਹੋਵੇ ਉਸ ਤਰ੍ਹਾਂ ਹੀ ਇਸ ਨੂੰ ਸੇਵਾ ਕਰਨ ਦਿਉ। ਇਸ ਨੂੰ ਕੋਈ ਵੀ ਵੈਰੀ ਨਹੀਂ ਲਗਦਾ ਹੈ। ਇਹ ਇਕ ਅਕਾਲ ਪੁਰਖ ਦਾ ਤਮਾਸ਼ਾ ਸਭ ਵਿਚ ਪਹਿਚਾਣਦਾ ਹੈ। ਇਹ ਵੀ ਆਪਣੇ ਪੰਥ ਦਾ ਪ੍ਰਕਾਸ਼ ਕਰੇਗਾ, ਬਹੁਤ ਲੋਕਾਂ ਦੀ ਮਾੜੀ ਮਤ ਦਾ ਨਾਸ਼ ਕਰੇਗਾ।

ਗੁਰੂ ਸਾਹਿਬ ਪਾਸੋਂ ਸੁਣ ਕੇ ਸਾਰੇ ਸਿੰਘ ਪ੍ਰਸੰਨ ਹੋ ਗਏ। ਉਸ ਦਿਨ ਤੋਂ ਬਾਅਦ ਫਿਰ ਕਿਸੇ ਨੇ ਕੁਝ ਨਾ ਕਿਹਾ ਤੇ ਪਹਿਲਾਂ ਵਾਂਗ ਹੀ ਭਾਈ ਕਨੑਈਆ ਜਲ ਛਕਾਉਂਦਾ ਰਿਹਾ। ਸਾਰੇ ਮੋਰਚਿਆਂ ਵਿਚ ਤੁਰ ਕੇ ਨਿਤ ਮਸ਼ਕ ਭਰ ਕੇ ਜਲ ਦਿੰਦਾ ਰਿਹਾ। ਭਾਈ ਕਨੑਈਆ ਉਤੇ ਕੋਈ ਵੀ ਵਾਰ ਨਹੀਂ ਕਰਦਾ ਸੀ। ਦੋਵੇਂ ਪਾਸੇ ਭਾਈ ਕਨੑਈਆ ਨੂੰ ਸਾਧੂ ਜਾਣ ਕੇ ਬੰਦਨਾ ਕਰਦੇ ਸਨ ਤੇ ਜਲ ਛਕ ਕੇ ਪਿਆਸ ਦੂਰ ਕਰਦੇ ਸਨ।

ਤਵਾਰੀਖ ਗੁਰੂ ਖਾਲਸਾ ਅਨੁਸਾਰ ਗੁਰੂ ਸਾਹਿਬ ਦੇ ਲਸ਼ਕਰ ਵਿਚ ਇਕ ਘਨਯਾ (ਭਾਈ ਕਨੑਈਆ) ਰਾਮ ਅਰੋੜਾ ਸਿਖ ਕੋਵੇ ਪਿੰਡ ਦਾ ਰਹਿਣ ਵਾਲਾ ਸੀ।[4] ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ ਸਮੇਂ ਤੋਂ ਮਸ਼ਕ ਨਾਲ ਜਲ ਪਿਲਾਇਆ ਕਰਦਾ।

## ਭਾਈ ਗੁਰਬਖਸ਼ ਸਿੰਘ ਜੀ

ਜਦੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਸਾਹਿਬ ਛਡ ਕੇ ਜਾ ਰਹੇ ਸਨ ਤਾਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਥਾਨ ਵਿਖੇ ਪਹੁੰਚ ਕੇ ਅਰਦਾਸ ਕੀਤੀ। ਉਥੇ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਕੋਈ ਸਾਧੂ ਹੈ ਜੋ ਇਸ ਸਥਾਨ ਵਿਖੇ ਰਹੇ ਹਰ ਰੋਜ਼ ਝਾੜੂ ਦੀ ਸੇਵਾ ਕਰੇ ਤੇ ਜੋਤ ਜਗਾਵੇ।[5] ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਿੰਨ ਵਾਰ ਉਚਾਰਨ ਕੀਤਾ ਪਰ ਡਰ ਦੇ ਕਾਰਨ ਨਾ ਬੋਲਿਆ। ਗੁਰੂ ਸਾਹਿਬ ਪਾਸ ਗੁਰਬਖਸ਼ ਸਿੰਘ ਨਾਮ ਦਾ ਸਾਧੂ ਖੜਾ ਸੀ। ਉਸ ਨੂੰ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਤੁਸੀਂ ਇਥੇ ਰਹਿ ਕੇ ਸੇਵਾ ਕਰੋ ਤੇ ਸੇਵਾ ਕਰਕੇ ਆਪਣਾ ਜਨਮ ਸੁਧਾਰੋ। ਗੁਰੂ ਸਾਹਿਬ ਦਾ ਹੁਕਮ ਮੰਨ ਕੇ ਗੁਰਬਖਸ਼ ਸਿੰਘ ਸਥਾਨ ਦੀ ਸੇਵਾ ਕਰਨ ਲਗਿਆ।

ਜਦੋਂ ਗੁਲਾਬ ਸਿੰਘ (ਜੋ ਕਿ ਬਾਬਾ ਸੂਰਜ ਮਲ ਦਾ ਪੋਤਰਾ ਤੇ ਗੁਰੂ ਹਰਿਗੋਬਿੰਦ ਸਾਹਿਬ ਦਾ ਪੜਪੋਤਰਾ ਸੀ) ਨੇ ਗੁਰੂ ਬਣਨ ਦਾ ਯਤਨ ਕੀਤਾ ਤਾਂ ਭਾਈ ਗੁਰਬਖਸ਼ ਸਿੰਘ ਨੇ ਡਟ ਕੇ ਵਿਰੋਧ ਕੀਤਾ ਸੀ।

## ਭਾਈ ਜੀਵਨ ਸਿੰਘ ਜੀ

ਭਾਈ ਜੀਵਨ ਸਿੰਘ, ਭਾਈ ਆਗਿਆ ਸਿੰਘ ਦਾ ਸਪੁਤਰ ਸੀ ਜੋ ਕਿ ਦਿਲਵਾਲੀ ਗੇਟ ਦਿਲੀ ਵਿਖੇ ਰਹਿੰਦਾ ਸੀ। ਭੰਗਾਣੀ ਦੀ ਜੰਗ ਕੀਤੀ ਤਾਂ ਭਾਈ ਜੀਵਨ ਸਿੰਘ ਨੇ ਜੰਗ ਵਿਚ ਅਨੇਕਾਂ ਵੈਰੀਆਂ ਨੂੰ ਮਾਰਿਆ ਸੀ।

---

[4] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 994.

[5] ਭਾਈ ਸੰਤੋਖ ਸਿੰਘ, *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* (ਜਿਲਦ ਤੇਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1992, ਪੰਨਾ 5857.

ਬਹੁਰੋ ਊਚੇ ਕੀਨ ਬਖਾਨ। ਹੈ ਕੋ ਸਾਧ ਰਹੈ ਇਸ ਥਾਨ। ਝਾਰੂ ਦੀਪਕ ਨਿਤ ਪ੍ਰਤਿ ਕਰੈ। (ਰਿਤੁ 6 ਅੰਸੂ 31)

ਜਦੋਂ ਸਰਸਾ ਨਦੀ ਕਿਨਾਰੇ ਜੰਗ ਹੋ ਰਿਹਾ ਸੀ ਤਾਂ ਭਾਈ ਜੀਵਨ ਸਿੰਘ ਰੰਘਰੇਟਾ ਨੂੰ ਗੁਰੂ ਸਾਹਿਬ ਨੇ ਕਿਹਾ ਕਿ ਅਜੀਤ ਸਿੰਘ ਦੇ ਪਾਸ ਜਾਵੋ। ਗੁਰੂ ਸਾਹਿਬ ਦਾ ਬਚਨ ਮੰਨ ਕੇ ਜੀਵਨ ਸਿੰਘ ਨਦੀ ਦੇ ਕਿਨਾਰੇ ਜਾ ਕੇ ਵੈਰੀਆਂ ਨਾਲ ਜੰਗ ਕਰਦਾ ਹੈ।[6] ਜਦ ਭਾਈ ਜੀਵਨ ਸਿੰਘ ਇਕ ਥਾਂ ਖਲੋ ਕੇ ਜੰਗ ਕਰਨ ਲਗਾ ਤਾਂ ਸਾਰੇ ਸਿੰਘਾਂ ਨੇ ਆਪਣੇ ਹਥਾਂ ਵਿਚ ਬੰਦੂਕਾਂ ਸੰਭਾਲੀਆ। ਸਾਰੇ ਸਿੰਘ ਸਰਸਾ ਨਦੀ ਦੇ ਕਿਨਾਰੇ ਹੀ ਸਥਿਤ ਹੋ ਕੇ ਜੰਗ ਕਰਨ ਲਗੇ। ਤੁਰਕਾਂ ਤੇ ਪਹਾੜੀਆਂ ਨੇ ਇਕਠਿਆਂ ਹੀ ਸਾਰੀਆਂ ਬੰਦੂਕਾਂ ਚਲਾ ਦਿਤੀਆ ਤੇ ਜਿੰਨੇ ਵੀ ਸਿੰਘ ਮੌਜੂਦ ਸਨ ਸਾਰੇ ਜ਼ਖਮੀ ਹੋ ਗਏ। ਭਾਈ ਜੀਵਨ ਸਿੰਘ ਸਮੇਤ ਕਈ ਸਿੰਘ ਜੰਗ ਕਰਦੇ ਹੋਏ ਉਥੇ ਹੀ ਸ਼ਹੀਦ ਹੋ ਗਏ ਸਨ।

## ਭਾਈ ਖਜ਼ਾਨ ਸਿੰਘ ਜੀ, ਭਾਈ ਦਾਨ ਸਿੰਘ ਜੀ ਤੇ ਭਾਈ ਧਿਆਨ ਸਿੰਘ ਜੀ

ਗੁਰੂ ਸਾਹਿਬ ਸ਼ਿਕਾਰ ਖੇਡਦੇ ਹੋਏ ਜੰਗਲ ਵਿਚ ਗਏ ਤਾਂ ਦਾਨ ਸਿੰਘ ਦਾ ਨਗਰ (ਦਾਨ ਵਾਲਾ) ਉਥੋਂ ਸਵਾ ਕੋਹ ਦੀ ਦੂਰ ’ਤੇ ਸੀ। ਗੁਰੂ ਸਾਹਿਬ ਨੇ ਬਚਨ ਕੀਤਾ ਕਿ ਬੋਲੇ ਸੋਦਰ ਦਾ ਸਮਾਂ ਹੋ ਗਿਆ ਹੈ ਤੇ ਹੁਣ ਅਸੀਂ ਇਥੇ ਹੀ ਡੇਰਾ ਕਰਾਂਗੇ। ਭਾਈ ਦਾਨ ਸਿੰਘ ਬਚਨ ਮੰਨ ਕੇ ਲੰਗਰ ਲਈ ਰਸਦ ਤੇ ਗੁਰੂ ਸਾਹਿਬ ਲਈ ਪਲੰਘ ਘਰੋਂ ਲੈ ਆਇਆ। ਭਾਈ ਦਾਨ ਸਿੰਘ ਨੇ ਗੁਰੂ ਸਾਹਿਬ ਤੇ ਸਾਰੇ ਡੇਰੇ ਨੂੰ ਭੋਜਨ ਤਿਆਰ ਕਰਕੇ ਛਕਾਇਆ। ਅਗਲੇ ਦਿਨ ਗੁਰੂ ਸਾਹਿਬ ਭਾਈ ਦਾਨ ਸਿੰਘ ਦੇ ਘਰ ਗਏ। ਭਾਈ ਦਾਨ ਸਿੰਘ ਨੇ ਗੁਰੂ ਸਾਹਿਬ ਨੂੰ ਪ੍ਰਸ਼ਾਦਾ ਤਿਆਰ ਕਰਕੇ ਛਕਾਇਆ ਤੇ ਇਕ ਵਛੇਰਾ ਭੇਂਟ ਕੀਤਾ। ਚਮਕੌਰ ਦੀ ਜੰਗ ਸਮੇਂ ਭਾਈ ਖਜ਼ਾਨ ਸਿੰਘ, ਦਾਨ ਸਿੰਘ ਅਤੇ ਧਿਆਨ ਸਿੰਘ ਤਿੰਨਾਂ ਨੂੰ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਬਾਹਰ ਜਾ ਕੇ ਵੈਰੀ ਨੂੰ ਮਾਰੋ।[7] ਗੁਰੂ ਸਾਹਿਬ ਦਾ ਹੁਕਮ ਮੰਨ ਕੇ ਜੰਗ ਦੇ ਮੈਦਾਨ ਵਿਚ ਪਹੁੰਚ ਕੇ ਬਰਛੇ ਤੇ ਨੇਜਿਆਂ ਨਾਲ ਵੈਰੀਆਂ ਨੂੰ ਮਾਰਿਆ।

---

[6] ਭਾਈ ਸੰਤੋਖ ਸਿੰਘ, *ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ* (ਜਿਲਦ ਤੇਰਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1992, ਪੰਨਾ 5862.

ਗੁਰ ਢਿਗ ਜੀਵਨ ਸਿੰਘ ਇਕ ਰੰਘਰੇਟਾ ਬਡ ਬੀਰ। ਤਿਸ ਕੋ ਸ੍ਰੀ ਮੁਖ ਤੇ ਕਹਯੋ ਗਛ ਅਜੀਤ ਸਿੰਘ ਤੀਰ। (ਰਿਤੁ 6 ਅੰਸੂ 32)

[7] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 5887.

ਖਜਾਨ ਸਿੰਘ, ਦਾਨ ਸਿੰਘ, ਧਯਾਨ ਸਿੰਘ ਤੀਨਹੂੰ। ਹਨੈਂ ਮਲੇਛ ਬਾਹਿਰੇ ਹੁਕਮ ਭਾਖਿ ਲੀਨ ਹੂੰ। (ਰਿਤੁ 6 ਅੰਸੂ 37)

## ਸਾਹਿਬਜ਼ਾਦਾ ਜੁਝਾਰ ਸਿੰਘ ਜੀ

ਜੰਗ ਦੇ ਲਈ ਸਾਹਿਬਜ਼ਾਦਾ ਜੁਝਾਰ ਸਿੰਘ ਨੇ ਗੁਰੂ ਪਿਤਾ ਤੋਂ ਆਗਿਆ ਲਈ ਤੇ ਪੰਜ ਸਿੰਘਾਂ ਨੂੰ ਨਾਲ ਲੈ ਕੇ ਕਿਲ੍ਹੇ ਵਿਚੋਂ ਬਾਹਰ ਨਿਕਲੇ। ਇਹਨਾਂ ਦੇ ਮਨ ਵਿਚ ਜੰਗ ਕਰਨ ਦੀ ਚਾਹਤ ਸੀ।[8] ਬਹਾਦਰ ਖਾਂ, ਨਾਹਰ ਖਾਂ, ਪੁਲਾਦ ਖਾਂ, ਸੁਲਤਾਨ ਬੇਗ, ਹਸਨ ਬੇਗ ਵਰਗੇ ਸਾਹਿਬਜ਼ਾਦਾ ਜੁਝਾਰ ਸਿੰਘ ਦਾ ਸਰੂਪ ਤੇ ਜੰਗ ਵੇਖਣ ਨੂੰ ਤਿਆਰ ਖੜੇ ਸਨ।

ਸਾਹਿਬਜ਼ਾਦਾ ਜੁਝਾਰ ਸਿੰਘ ਵਿਸ਼ਾਲ ਜ਼ੋਰਾਵਰ ਸੀ ਤੇ ਉਮਰ ਛੋਟੀ ਸੀ। ਉਸਨੇ ਜਿਵੇਂ ਆਪਣੇ ਭਰਾ ਦਾ ਜੰਗ ਵੇਖਿਆ ਸੀ ਉਸੇ ਪ੍ਰਕਾਰ ਹੀ ਜੰਗ ਕਰਨ ਲਗਿਆ। ਸਾਹਿਬਜ਼ਾਦਾ ਜੁਝਾਰ ਸਿੰਘ ਧਨੁਖ ਚਲਾਉਣ ਵਿਚ ਬੜਾ ਮਾਹਰ ਸੀ। ਜਦ ਉਹ ਤੀਰ ਛਡਦਾ ਸੀ ਤਾਂ ਘੋੜੇ ਸਮੇਤ ਸਵਾਰ ਨੂੰ ਧਰਤੀ ਉਤੇ ਸੁਟ ਦਿੰਦਾ ਸੀ। ਸਾਹਿਬਜ਼ਾਦਾ ਜੁਝਾਰ ਸਿੰਘ ਚਮਕੌਰ ਸਾਹਿਬ ਦੀ ਜੰਗ ਵਿਚ ਹਜ਼ਾਰਾਂ ਵੈਰੀਆਂ ਨੂੰ ਮਾਰ ਕੇ ਜੰਗ ਦੇ ਮੈਦਾਨ ਵਿਚ ਸ਼ਹੀਦ ਹੋ ਗਿਆ ਸੀ।

## ਭਾਈ ਜ਼ੋਰਾਵਰ ਸਿੰਘ ਜੀ

ਸਿਖ ਇਤਿਹਾਸ ਵਿਚ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਤੋਂ ਬਿਨ੍ਹਾਂ ਜ਼ੋਰਾਵਰ ਸਿੰਘ ਸਪੁਤਰ ਭਾਈ ਨਥੂ ਦਾ ਨਾਮ ਆਉਂਦਾ ਹੈ, ਜੋ ਕਿ ਬਸੀ ਪਠਾਣਾ ਦਾ ਰਹਿਣ ਵਾਲਾ ਹੈ। ਇਸਦੀ ਮਾਤਾ ਭਿਖੀ ਮਾਤਾ ਜੀਤੋ ਜੀ ਦੀ ਸੇਵਾ ਵਿਚ ਆਨੰਦਪੁਰ ਸਾਹਿਬ ਵਿਖੇ ਰਹਿੰਦੀ ਸੀ। ਇਸ ਦੀ ਮਾਤਾ ਨੇ ਗੁਰੂ ਚਰਨਾਂ ਵਿਚ ਭੇਂਟ ਕੀਤਾ ਤੇ ਇਸਦਾ ਉਥੇ ਹੀ ਪਾਲਣ-ਪੋਸ਼ਣ ਹੋਇਆ ਸੀ। ਇਹ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਦਾ ਹਾਣੀ ਸੀ। ਆਨੰਦਪੁਰ ਸਾਹਿਬ ਛਡਣ ਸਮੇਂ ਜ਼ੋਰਾਵਰ ਸਿੰਘ ਵਹੀਰ ਦੇ ਨਾਲ ਸੀ ਤੇ ਸਰਸਾ ਨਦੀ ਦੇ ਕੰਢੇ ਪਿੰਡ ਮਲਕਪੁਰ ਦੀ ਜੂਹ ਵਿਚ ਜ਼ਖਮੀ ਹੋ

---

[8] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 5899.
ਜੋਰਾਵਰ ਸਿੰਘ ਜੀ ਲੇ ਗੁਰ ਪਿਤਾ ਰਜਾਇ।। ਚੌਪਈ- ਪੰਚ ਸਿੰਘ ਨਿਕਸੇ ਤਿਨ ਸੰਗ। ਜਿਨ ਚਿਤ ਚਾਉ ਕਰਨ ਕੋ ਜੰਗ। (ਰਿਤੁ 6 ਅੰਸੂ 40)

ਗਿਆ ਸੀ। ਇਸਦੇ ਨੇੜੇ ਪਿੰਡ ਕੋਟਲਾ ਨਿਹੰਗ ਖਾਂ ਵਿਖੇ ਚਲਾ ਗਿਆ ਸੀ ਤੇ ਉਥੋਂ ਦੇ ਸੈਣੀ ਸਿਖਾਂ ਨੇ ਇਸਦੀ ਮਲ੍ਹਮ ਪਟੀ ਕੀਤੀ। ਇਥੋ ਚਲ ਕੇ ਪਿੰਡ ਡਡਹੇੜੀ ਤੋਂ ਪਿੰਡ ਉਗਾਣੇ ਆ ਗਿਆ, ਜਿਥੇ ਬਾਵਾ ਭਜਨ ਦਾਸ ਨੇ ਜ਼ੋਰਾਵਰ ਸਿੰਘ ਦਾ ਇਲਾਜ ਕੀਤਾ। ਇਥੋ ਰਾਜ਼ੀ ਹੋ ਕੇ ਜ਼ੋਰਾਵਰ ਸਿੰਘ ਗੁਰੂ ਸਾਹਿਬ ਦੀ ਸੇਵਾ ਵਿਚ ਦਮਦਮੇ ਜਾ ਪਹੁੰਚਿਆ। ਜ਼ੋਰਾਵਰ ਸਿੰਘ ਚਮਕੌਰ ਸਾਹਿਬ ਵਿਖੇ ਜੰਗ ਕਰਦੇ ਹੋਏ ਵੈਰੀ ਦੇ ਕਟਕ ਨੂੰ ਮਾਰਦੇ ਹੋਏ ਪਾਰ ਨਿਕਲ ਜਾਂਦਾ ਹੈ।

ਗੁਰਬਿਲਾਸ ਪਾਤਿਸਾਹੀ ਦਸਮੀ ਅਨੁਸਾਰ ਜ਼ੋਰਾਵਰ ਸਿੰਘ ਚਮਕੌਰ ਸਾਹਿਬ ਦੀ ਜੰਗ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਗਰੇ ਨੇੜੇ ਇਤਮਾਦਪੁਰ ਵਿਚ ਫਿਰ ਮਿਲ ਪਿਆ ਸੀ ਤੇ ਗੁਰੂ ਸਾਹਿਬ ਦੇ ਨਾਲ ਚਿਤੌੜ ਪਹੁੰਚਿਆ। ਚਿਤੌੜ ਵਿਖੇ ਮੁਗਲ ਫੌਜਾਂ ਦੇ ਨਾਲ ਟਕਰ ਵਿਚ ਜ਼ੋਰਾਵਰ ਸਿੰਘ ਸ਼ਹੀਦ ਹੋਇਆ।[9]

## ਭਾਈ ਸੰਤ ਸਿੰਘ ਜੀ, ਸੰਗਤ ਸਿੰਘ ਜੀ

ਭਾਈ ਸੰਗਤ ਸਿੰਘ ਉਹਨਾਂ 40 ਸਿਖਾਂ ਵਿਚ ਸ਼ਾਮਿਲ ਸਨ, ਜੋ ਚਮਕੌਰ ਸਾਹਿਬ ਦੀ ਜੰਗ ਵਿਚ ਗੁਰੂ ਸਾਹਿਬ ਨਾਲ ਹਾਜ਼ਰ ਸਨ। ਅਖੀਰ 22 ਦਸੰਬਰ 1704 ਈਸਵੀ ਦੀ ਰਾਤ ਨੂੰ ਭਾਈ ਸੰਤ ਸਿੰਘ ਬੰਗੇਸਰੀ ਤੇ ਹੋਰ ਸਿਖਾਂ ਸਮੇਤ ਭਾਈ ਸੰਗਤ ਸਿੰਘ ਬਚ ਗਏ ਸਨ। ਭਾਈ ਸੰਗਤ ਸਿੰਘ ਦਾ ਚਿਹਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਮਿਲਦਾ ਸੀ। ਚਮਕੌਰ ਸਾਹਿਬ ਦੀ ਗੜੀ ਤਿਆਗਣ ਸਮੇਂ ਗੁਰੂ ਸਾਹਿਬ ਨੇ ਆਪਣਾ ਪਹਿਰਾਵਾ ਭਾਈ ਸੰਗਤ ਨੂੰ ਪਹਿਨਾਇਆ ਸੀ।

ਚਮਕੌਰ ਸਾਹਿਬ ਦੀ ਜੰਗ ਵਿਚ ਦੋਵੇਂ ਸਿੰਘਾਂ ਦੇ ਸਰੀਰਾਂ ਨੂੰ ਤਲਵਾਰਾਂ ਦੇ ਵਾਰ ਲਗਣ ਨਾਲ ਉਨ੍ਹਾਂ ਦੇ ਕਪੜੇ ਲਹੂ ਨਾਲ ਭਿਜ ਗਏ ਸਨ। ਫਿਰ ਵੀ ਸਿੰਘਾਂ ਨੇ ਬਹੁਤ ਤੁਰਕਾਂ ਨੂੰ ਤਲਵਾਰ ਦੇ ਵਾਰ ਨਾਲ ਮਾਰ ਦਿਤਾ ਸੀ। ਦੋਵੇਂ ਸਿੰਘ ਜੰਗ ਕਰਦੇ ਹੋਏ ਡਿਗ ਪਏ ਤੇ ਖਵਾਜਾ ਮਰਦੂਦ ਨੇ ਆਪਣੀ ਸੈਨਾ ਨੂੰ ਕਿਹਾ ਕਿ ਦੋਵਾਂ ਸਿਖਾਂ ਦੇ ਸਿਰ

---

[9] ਭਾਈ ਸੁਖਾ ਸਿੰਘ, *ਗੁਰਬਿਲਾਸ ਪਾਤਿਸਾਹੀ ਦਸਮੀ,* ਸੰਪਾ., ਮਨਵਿੰਦਰ ਸਿੰਘ, ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2016, ਪੰਨਾ 453.

ਕਟ ਲਵੋ ਤੇ ਸਰੀਰ ਨੂੰ ਪਿਆ ਰਹਿਣ ਦਿਉ ਤਾਂ ਕਿ ਪੰਛੀ ਵੰਡ ਕੇ ਖਾ ਸਕਣ।[10] ਫਿਰ ਹੁਕਮ ਕੀਤਾ ਕਿ ਊਠ ਸਵਾਰਾਂ ਨੂੰ ਬੁਲਾਉ ਤੇ ਉਹ ਜਾ ਕੇ ਬਾਦਸ਼ਾਹ ਦੇ ਪਾਸ ਜਾ ਕੇ ਦਸਣ ਅਸੀਂ ਗੁਰੂ ਸਾਹਿਬ ਨੂੰ ਰਣਖੇਤਰ ਵਿਚ ਘੇਰ ਕੇ ਮਾਰਿਆ ਹੈ। ਇਸ ਪ੍ਰਕਾਰ ਸੰਤ ਸਿੰਘ ਤੇ ਸੰਗਤ ਸਿੰਘ ਨੇ ਜੰਗ ਦੇ ਮੈਦਾਨ ਵਿਚ ਸ਼ਹੀਦੀ ਪਾਈ।

ਸੰਤ ਸਿੰਘ ਦੀ ਸ਼ਹੀਦੀ ਤੋਂ ਬਾਅਦ ਗੁਰੂ ਸਾਹਿਬ ਖੁਦ ਕਮਾਨ ਹਥ ਵਿਚ ਫੜ ਕੇ ਘੋੜੇ ਉਤੇ ਸਵਾਰ ਹੋ ਕੇ ਮੈਦਾਨ ਵਿਚ ਆ ਗਏ ਤੇ ਤੀਰ ਚਲਾ ਕੇ ਵੈਰੀਆਂ ਨੂੰ ਮਾਰਦੇ ਹੋਏ ਵੈਰੀਆਂ ਦੇ ਘੇਰੇ ਵਿਚੋਂ ਨਿਕਲ ਗਏ।[11] ਇਸ ਸਮੇਂ ਕਿਸੇ ਵੈਰੀ ਦੇ ਵਾਰ ਨਾਲ ਗੁਰੂ ਸਾਹਿਬ ਦੇ ਹਥ ਦੀ ਇਕ ਉਂਗਲੀ ਕਟੀ ਗਈ ਸੀ।

## ਭਾਈ ਧਰਮ ਸਿੰਘ ਜੀ

ਭਾਈ ਧਰਮ ਸਿੰਘ 1666 ਈਸਵੀ ਨੂੰ ਭਾਈ ਸੰਤ ਰਾਮ ਜਵੰਦਾ ਦੇ ਘਰ ਹਸਤਨਾਪੁਰ ਨਗਰ ਵਿਖੇ ਪੈਦਾ ਹੋਏ ਤੇ 1678 ਈਸਵੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਰਨ ਵਿਚ ਆਏ। 1699 ਈਸਵੀ ਵਿਚ ਵਿਸਾਖੀ ਵਾਲੇ ਦਿਨ ਅੰਮ੍ਰਿਤ ਛਕਣ ਵਾਲੇ ਪੰਜ ਪਿਆਰਿਆਂ ਵਿਚੋਂ ਇਕ ਭਾਈ ਧਰਮ ਸਿੰਘ ਸਨ। ਇਹਨਾਂ ਨੇ ਅਨੰਦਪੁਰ ਸਾਹਿਬ ਤੇ ਚਮਕੌਰ ਸਾਹਿਬ ਦੀ ਜੰਗ ਵਿਚ ਹਿਸਾ ਲਿਆ। ਗੁਰੂ ਸਾਹਿਬ ਦੁਆਰਾ ਬਹਾਦਰ ਸ਼ਾਹ ਦੀ ਸਹਾਇਤਾ ਲਈ ਭੇਜੀ ਸਿਖ ਫੌਜ ਦੇ ਇਹ ਨੇਤਾ ਸਨ।

ਜਦੋਂ ਗੁਰੂ ਸਾਹਿਬ ਮਾਛੀਵਾੜੇ ਦੇ ਜੰਗਲ ਵਿਚ ਅਰਾਮ ਕਰ ਰਹੇ ਸਨ ਤਾਂ ਤਿੰਨਾਂ ਸਿੰਘਾਂ (ਦਾਇਆ ਸਿੰਘ, ਧਰਮ ਸਿੰਘ, ਮਾਨ ਸਿੰਘ) ਨੇ ਗੁਰੂ ਸਾਹਿਬ ਦੇ ਚਰਨ ਕੰਵਲਾਂ 'ਤੇ ਨਮਸਕਾਰ ਕੀਤੀ।[12] ਭਾਈ ਧਰਮ ਸਿੰਘ ਗੁਰੂ

---

[10] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 5914.

ਘਨ ਘਾਵ ਦੇਹਿ ਕੋ ਲਾਗ ਲਾਗ। ਬਹਿ ਚਲਯੋ ਰਕਤ ਪਟ ਪਾਗ ਪਾਗ।।੧੩।। (ਰਿਤੁ 6 ਅੰਸੂ 43)

[11] ਕਵੀ ਸੈਨਾਪਤਿ, *ਸ੍ਰੀ ਗੁਰ ਸੋਭਾ,* ਸੰਪਾ., ਗੰਡਾ ਸਿੰਘ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996, ਪੰਨਾ 131.

[12] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 5918.

ਸਾਹਿਬ ਦੇ ਚਰਨ ਕੰਵਲਾਂ ਦੀ ਸੇਵਾ ਕਰਨ ਲਗਾ ਤੇ ਹੌਲੀ-ਹੌਲੀ ਚਰਨਾਂ ਨੂੰ ਮਲਦਾ ਰਿਹਾ। ਜਦ ਭਾਈ ਧਰਮ ਸਿੰਘ ਚਰਨਾਂ ਨੂੰ ਮਲ ਰਿਹਾ ਸੀ ਤਾਂ ਗੁਰੂ ਸਾਹਿਬ ਉਠ ਗਏ। ਗੁਰੂ ਸਾਹਿਬ ਨੇ ਧਨੁਖ ਬਾਨ, ਭਥਾ ਹਥ ਵਿਚ ਫੜੇ ਸਨ ਤੇ ਕਮਰਕਸਾ ਪਹਿਲਾਂ ਵਾਂਗ ਹੀ ਬਝਾ ਸੀ।

ਭਾਈ ਧਰਮ ਸਿੰਘ ਨਾਂਦੇੜ ਵਿਖੇ ਗੁਰੂ ਸਾਹਿਬ ਨਾਲ ਗਏ ਸਨ ਤੇ ਉਥੇ ਹੀ ਇਹਨਾਂ ਦਾ ਅਕਾਲ ਚਲਾਣਾ ਹੋਇਆ।

## ਭਾਈ ਗੁਲਾਬਾ ਜੀ

ਜਦ ਗੁਰੂ ਸਾਹਿਬ ਨੇ ਚਮਕੌਰ ਸਾਹਿਬ ਦੀ ਗੜ੍ਹੀ ਨੂੰ ਛਡਿਆ ਤਾਂ ਭਾਈ ਗੁਲਾਬੇ ਦੇ ਬਾਗ ਵਿਚ ਆ ਕੇ ਆਸਣ ਲਾਇਆ ਤੇ ਸਾਰਾ ਦਿਨ ਉਥੇ ਬਤੀਤ ਕੀਤਾ। ਜਦ ਸ਼ਾਮ ਦਾ ਸਮਾਂ ਹੋਇਆ ਤਾਂ ਭਾਈ ਗੁਲਾਬਾ ਦੀ ਬੇਨਤੀ ਮੰਨ ਕੇ ਗੁਰੂ ਸਾਹਿਬ ਉਸ ਦੇ ਘਰ ਆਏ। ਭਾਈ ਗੁਲਾਬੇ ਨੇ ਘਰ ਵਿਚ ਨਵਾਂ ਚੁਬਾਰਾ ਬਣਾਇਆ ਸੀ।[13] ਉਸ ਦੀ ਇਛਾ ਸੀ ਕਿ ਪਹਿਲਾਂ ਗੁਰੂ ਸਾਹਿਬ ਆ ਕੇ ਚੁਬਾਰੇ ਵਿਚ ਆਪਣੇ ਚਰਨ ਪਾਉਣ ਤੇ ਅਸੀਂ ਫਿਰ ਵਾਸਾ ਕਰਾਂਗੇ। ਭਾਈ ਗੁਲਾਬੇ ਨੇ ਗੁਰੂ ਸਾਹਿਬ ਲਈ ਚੁਬਾਰੇ ਵਿਚ ਇਕ ਸੁੰਦਰ ਪਲੰਘ ਤਿਆਰ ਕਰਕੇ ਗੁਰੂ ਸਾਹਿਬ ਪਲੰਘ ’ਤੇ ਬਿਠਾਇਆ। ਭਾਈ ਗੁਲਾਬੇ ਦਾ ਭਰਾ ਪੰਜਾਬਾ ਵੀ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਹੋਇਆ। ਗੁਰੂ ਸਾਹਿਬ ਦੋਵੇਂ ਭਰਾਵਾ ਦੁਆਰਾ ਕੀਤੀ ਗਈ ਸੇਵਾ ਤੋਂ ਬਹੁਤ ਖੁਸ਼ ਹੋਏ। ਭਾਈ ਗੁਲਾਬਾ ਗੁਰੂ ਘਰ ਦਾ ਪਹਿਲਾਂ ਮਸੰਦ ਵੀ ਰਿਹਾ ਸੀ।

---

ਤੀਨਹੁਂ ਪਦ ਪੰਕਜ ਕਰਿ ਨਮੋ। ਹੇਤ ਜਗਾਵਨ ਕੇ ਤਿਹ ਸਮੋਂ। ਕਰਿ ਮਸਲਤਿ ਕੋ ਚਹੈਂ ਜਗਾਯੋ। (ਰਿਤੁ 6 ਅੰਸੂ 44)

[13] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 5922.

ਆਇ ਬਿਰਾਜੇ ਬਾਗ ਮਹਿਂ ਦਿਨ ਸਕਲ ਬਿਤਾਯੋ। ਸੰਧਯਾ ਸਮੈਂ ਬਿਲੋਕਿ ਕੈ ਜਬਿ ਰਵਿ ਅਸਤਾਯੋ। (ਰਿਤੁ 6 ਅੰਸੂ 45)

## ਨਬੀ ਖਾਂ ਜੀ, ਗ਼ਨੀ ਖਾਂ ਜੀ

ਨਬੀ ਖਾਂ, ਗਨੀ ਖਾਂ ਮਾਛੀਵਾੜੇ ਪਿੰਡ ਦੇ ਪਠਾਨ ਸਨ। ਨਬੀ ਖਾਂ, ਗ਼ਨੀ ਖਾਂ ਚਲ ਕੇ ਗੁਰੂ ਸਾਹਿਬ ਪਾਸ ਆਏ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਕਿਲ੍ਹੇ ਵਿਚੋਂ ਨਿਕਲਣ ਦਾ ਭੇਦ ਦਸਿਆ ਕਿ ਤੁਹਾਡਾ ਪਲੰਘ ਸਿਰ ’ਤੇ ਅਸੀਂ ਚੁਕ ਲਵਾਂਗੇ ਤੇ ਤੁਰਕਾਂ ਦੀ ਭੀੜ ਵਿਚੋਂ ਲੰਘ ਜਾਵਾਂਗੇ। ਨਬੀ ਖਾਂ ਤੇ ਗ਼ਨੀ ਖਾਂ ਨੇ ਸੁੰਦਰ ਪਲੰਘ ਲਿਆ ਅਤੇ ਉਸ ਦੇ ਉਪਰ ਸੂਖਮ ਵਸਤਰ ਵਿਛਾਏ। ਚਾਰੇ ਪਾਵਿਆਂ ਦੇ ਨਾਲ ਮੋਰ ਦੇ ਖੰਭ ਬੰਨ੍ਹਵਾ ਲਏ ਤੇ ਮੋਰ ਦੇ ਖੰਭਾਂ ਦਾ ਇਕ ਚੌਰ ਬੰਨ੍ਹਵਾ ਲਿਆ। ਗੁਰੂ ਸਾਹਿਬ ਕਾਲੇ ਰੰਗ ਦੇ ਵਸਤਰ ਪਹਿਨ ਕੇ ਉਸ ਪਲੰਘ ’ਤੇ ਬੈਠ ਗਏ ਤੇ ਚਾਰ ਸੇਵਕਾਂ ਨੇ ਗੁਰੂ ਸਾਹਿਬ ਦਾ ਪਲੰਘ ਸਿਰ ਉਪਰ ਚੁਕ ਲਿਆ। ਨਬੀ ਖਾਂ, ਗ਼ਨੀ ਖਾਂ ਨੇ ਅਗਲੇ ਦੋਵੇਂ ਪਾਵੇ ਚੁਕ ਲਏ ਤੇ ਅਗੇ-ਅਗੇ ਚਲ ਪਏ।[14]

ਨਬੀ ਖਾਂ, ਗ਼ਨੀ ਖਾਂ ਦੀ ਸੇਵਾ ਵੇਖ ਕੇ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ ਤੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸੋਨੇ ਦੇ ਕੰਗਣ ਬਖਸ਼ੇ। ਫਿਰ ਉਨ੍ਹਾਂ ਨੂੰ ਗੁਰੂ ਸਾਹਿਬ ਨੇ ਕਾਗਜ਼ ਉਪਰ ਪਟਾ ਲਿਖ ਕੇ ਦਿਤਾ ਤੇ ਸਾਰੀ ਸਿਖ ਸੰਗਤ ਨੂੰ ਹੁਕਮ ਕੀਤਾ ਕਿ ਇਨ੍ਹਾਂ ਨੇ ਮੇਰੀ ਬਹੁਤ ਸੇਵਾ ਕੀਤੀ ਹੈ। ਮੇਰੀ ਸੰਗਤ ਇਨ੍ਹਾਂ ਨੂੰ ਮੇਰੀ ਸੇਵਾ ਦਾ ਬਦਲਾ ਦੇਵੇ। ਉਨ੍ਹਾਂ ਨੂੰ ਪਟਾ ਦੇ ਕੇ ਵਿਦਾ ਕੀਤਾ। ਇਹਨਾਂ ਦੇ ਉਤਰ-ਅਧਿਕਾਰੀਆਂ ਨੂੰ ਸਿਖ ਰਿਆਸਤਾਂ ਤੋਂ ਗ੍ਰਾਂਟ ਵੀ ਮਿਲਦੀ ਸੀ।

## ਤਰਖਾਣ ਸਿਖ

ਜਦ ਗੁਰੂ ਸਾਹਿਬ ਦੀਨਾ ਕਾਂਗੜ ਵਿਖੇ ਪਹੁੰਚੇ ਤਾਂ ਤਰਖਾਣ ਸਿਖ ਦੇ ਘਰ ਚੁਬਾਰੇ ਵਿਚ ਉਤਾਰਾ ਕੀਤਾ।[15] ਸਿਖ ਨੇ ਚੁਬਾਰੇ ਵਿਚ ਸੁੰਦਰ ਪਲੰਘ ’ਤੇ ਚਿਟੇ ਰੰਗ ਦਾ ਵਿਛਾਉਣਾ ਵਿਛਾ ਕੇ ਗੁਰੂ ਸਾਹਿਬ ਦਾ ਪਲੰਘ

---

[14] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 5927.

ਨਬੀ ਗ਼ਨੀ ਖਾਂ ਤਬਿ ਚਲਿ ਆਏ ਨਿਕਸਨ ਭੇਵ ਕਹਯੋ ਗੁਰ ਧੀਰ। ਲੇਹੁ ਪ੍ਰਯੰਕ ਉਠਾਇ ਸੀਸ ਪਰ ਉਲੰਘਹਿ ਤੁਰਕਨ ਭੀਰ ਬਹੀਰ॥੧੬॥ (ਰਿਤੁ 6 ਅੰਸੂ 46)

[15] ਉਹੀ, ਪੰਨਾ 5962.

ਹਿਤ ਉਤਰਨਿ ਕੇ ਨੀਕੋ ਹੇਰੇ। ਇਕ ਤਿਖਾਨ ਕੋ ਧਾਮ ਨਿਹਾਰਾ। ਤਿਸ ਪਰ ਚਾਰੂ ਰਚਯੋ ਚੁਬਾਰਾ॥੪੭॥ (ਰਿਤੁ 6 ਅੰਸੂ 53)

ਤਿਆਰ ਕੀਤਾ। ਤਰਖਾਣ ਸਿਖ ਨੇ ਗੁਰੂ ਸਾਹਿਬ ਨੂੰ ਲੰਗਰ ਛਕਾਇਆ ਤੇ ਫਿਰ ਸਾਰੀ ਸੰਗਤ ਨੂੰ ਲੰਗਰ ਛਕਾਇਆ।

## ਭਾਈ ਪਰਮ ਸਿੰਘ ਜੀ, ਭਾਈ ਧਰਮ ਸਿੰਘ ਜੀ

ਭਾਈ ਪਰਮ ਸਿੰਘ ਤੇ ਭਾਈ ਧਰਮ ਸਿੰਘ ਭਗਤੀ ਕਰਨ ਵਾਲੇ ਸਿਖ ਸਨ। ਉਹ ਦੋਵੇਂ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਘਰ ਤੋਂ ਚਲੇ ਤੇ ਰਸਤੇ ਵਿਚ ਸ਼ਬਦ ਦਾ ਗਾਇਨ ਕਰਦੇ ਹੋਏ ਗੁਰੂ ਸਾਹਿਬ ਦੇ ਦਰਬਾਰ ਵਿਚ ਪਹੁੰਚ ਕੇ ਗੁਰੂ ਸਾਹਿਬ ਨੂੰ ਨਮਸਕਾਰ ਕੀਤੀ।[16] ਦੋਵੇਂ ਸਿਖਾਂ ਨੇ ਗੁਰੂ ਸਾਹਿਬ ਨੂੰ ਪੌਸ਼ਾਕ, ਸਫੈਦ ਵਸਤਰ, ਇਕ ਘੋੜਾ ਤੇ ਧਨ ਭੇਂਟ ਕੀਤਾ। ਗੁਰੂ ਸਾਹਿਬ ਆਪਣੇ ਸੇਵਕਾਂ ਦੀ ਸੇਵਾ ਤੋਂ ਬਹੁਤ ਪ੍ਰਸੰਨ ਹੋਏ।

## ਭਾਈ ਗੁਦੜ ਸਿੰਘ ਜੀ

ਭਾਈ ਰੂਪੇ ਦੀ ਕੁਲ ਵਿਚੋਂ ਭਾਈ ਗੁਦੜ ਸਿੰਘ ਹੋਏ ਸਨ।[17] ਜਦ ਗੁਦੜ ਸਿੰਘ ਨੂੰ ਪਤਾ ਲਗਾ ਕਿ ਗੁਰੂ ਸਾਹਿਬ ਆਏ ਹਨ ਤਾਂ ਦਰਸ਼ਨ ਕਰਨ ਲਈ ਆਇਆ। ਗੁਰੂ ਸਾਹਿਬ ਨੂੰ ਨਮਸਕਾਰ ਕਰਕੇ ਭਾਈ ਗੁਦੜ ਸਿੰਘ ਨੇ ਇਕ ਪੌਸ਼ਾਕਾ ਭੇਂਟ ਕੀਤਾ।

## ਭਾਈ ਸ਼ਮੀਰ ਜੀ

ਗੁਰੂ ਸਾਹਿਬ ਨੂੰ ਸ਼ਮੀਰ ਭੋਜਨ ਤਿਆਰ ਕਰਕੇ ਛਕਾਉਂਦਾ ਸੀ। ਜਿਸ ਤਰ੍ਹਾਂ ਗੁਰੂ ਸਾਹਿਬ ਦੀ ਆਗਿਆ ਹੁੰਦੀ ਸੀ, ਉਸੇ ਪ੍ਰਕਾਰ ਸੇਵਾ ਕਰਦਾ ਸੀ। ਗੁਰੂ ਸਾਹਿਬ ਸ਼ਮੀਰ ਦੀ ਸੇਵਾ 'ਤੇ ਬਹੁਤ ਪ੍ਰਸੰਨ ਹੋਏ। ਇਕ ਦਿਨ ਗੁਰੂ ਸਾਹਿਬ ਸ਼ਮੀਰ ਨੂੰ ਬੋਲੇ ਕਿ ਜਿਹੜੀ ਵੀ ਤੁਹਾਡੇ ਚਿਤ ਵਿਚ ਕਾਮਨਾ ਹੋਵੇ, ਉਹ ਸਾਡੇ ਤੋਂ ਮੰਗ ਲਵੋ। ਇਹ ਸੁਣ ਕੇ

---

[16] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, 5964.

ਪਰਮ ਅਰੁ ਧਰਮ ਸਿੰਘ ਆਵਤ ਗੁਰ ਦਰਬਾਰਾ। (ਰਿਤੁ 6 ਅੰਸੂ 53)

[17] ਉਹੀ, ਪੰਨਾ 5969.

ਭਾਈ ਰੂਪੇ ਕੀ ਕੁਲੀ ਇਕ ਗੁੱਦੜ ਹੋਯਹੁ। (ਰਿਤੁ 6 ਅੰਸੂ 55)

ਸ਼ਮੀਰ ਨੇ ਹਥ ਜੋੜ ਕੇ ਕਿਹਾ ਕਿ ਚੁਰਾਸੀ ਦਾ ਗੇੜਾ ਖਤਮ ਹੋ ਜਾਵੇ।[18] ਇਹ ਸੁਣ ਕੇ ਗੁਰੂ ਸਾਹਿਬ ਚੁਪ ਹੋ ਗਏ। ਇਕ-ਦੋ ਦਿਨਾਂ ਬਾਅਦ ਫਿਰ ਗੁਰੂ ਸਾਹਿਬ ਨੇ ਉਸ ਨੂੰ ਆਪਣੇ ਪਾਸ ਬੁਲਾਇਆ ਤੇ ਬਚਨ ਕੀਤਾ ਕਿ ਅਸੀਂ ਤੁਹਾਡੇ ਉਪਰ ਪ੍ਰਸੰਨ ਹੋਏ ਹਾਂ, ਕੁਝ ਮੰਗੋ। ਫਿਰ ਸ਼ਮੀਰ ਨੇ ਗੁਰੂ ਸਾਹਿਬ ਨੂੰ ਕਿਹਾ ਕਿ ਚੁਰਾਸੀ ਦਾ ਗੇੜਾ ਖਤਮ ਕਰ ਦਿਉ। ਇਹ ਸੁਣ ਕੇ ਗੁਰੂ ਸਾਹਿਬ ਨੇ ਕਿਹਾ ਕਿ ਤੁਹਾਡੇ ਤਾਂ ਹਾਲੇ ਬਹੁਤ ਜਨਮ ਹੋਣੇ ਹਨ, ਉਹ ਤੂੰ ਭਵਜਲ ਵਿਚ ਧਾਰਨ ਕਰਨੇ ਹਨ। ਇਹ ਕਿਵੇਂ ਨਿਬੇੜੇ ਜਾ ਸਕਦੇ ਹਨ? ਅਸੀਂ ਕਿਥੋਂ ਤਕ ਤੇਰਾ ਬਚਾ ਕਰਾਂਗੇ, ਕੋਈ ਹੋਰ ਵਸਤੂ ਮੰਗ ਲਵੋ। ਅਸੀਂ ਤੇਰੀ ਸੇਵਾ ਤੇ ਪ੍ਰੇਮ ਵੇਖ ਕੇ ਬਹੁਤ ਪ੍ਰਸੰਨ ਹੋਏ ਹਾਂ। ਗੁਰੂ ਸਾਹਿਬ ਤੋਂ ਬਚਨ ਸੁਣ ਕੇ ਸ਼ਮੀਰ ਵਾਪਸ ਘਰ ਆ ਗਿਆ ਤੇ ਰਾਤ ਦੇ ਸਮੇਂ ਗੁਰੂ ਸਾਹਿਬ ਨੇ ਸ਼ਮੀਰ ਨੂੰ ਸੁਪਨੇ ਵਿਚ ਸਾਰੇ ਜਨਮਾਂ ਬਾਰੇ ਵਿਖਾਇਆ ਤੇ ਸਾਰੇ ਜਨਮ ਬਤੀਤ ਕਰਵਾਏ।

## ਭਾਈ ਭਗਤੇ ਦੇ ਪੁਤਰ

ਭਗਤੇ ਪਿੰਡ ਵਿਖੇ ਗੁਰੂ ਸਾਹਿਬ ਨੇ ਡੇਰਾ ਕੀਤਾ ਤਾਂ ਭਾਈ ਭਗਤੇ ਦੇ ਪੰਜੇ ਪੁਤਰਾਂ (ਗੁਰਦਾਸ, ਤਾਰਾ, ਭਾਰਾ, ਮਿਹਰਾ, ਬਖਤਾ) ਨੇ ਗੁਰੂ ਸਾਹਿਬ ਲਈ ਘੋੜੇ ਨੂੰ ਸ਼ਿੰਗਾਰਿਆ ਤੇ ਘੋੜੇ ਉਪਰ ਚਾਂਦੀ ਦੀ ਕਾਠੀ ਪਾ ਕੇ ਗੁਰੂ ਸਾਹਿਬ ਕੋਲ ਲੈ ਗਏ। ਪੰਜੇ ਭਰਾਵਾਂ ਨੇ ਗੁਰੂ ਸਾਹਿਬ ਨੂੰ ਨਮਸਕਾਰ ਕਰਕੇ ਘੋੜਾ ਭੇਂਟ ਕੀਤਾ। ਫਿਰ ਪੰਜਾਂ ਭਰਾਵਾਂ ਨੇ ਗੁਰੂ ਸਾਹਿਬ ਅਗੇ ਹਥ ਜੋੜ ਕੇ ਬੇਨਤੀ ਕੀਤੀ ਕਿ ਸਾਡੇ ਘਰ ਚਰਨ ਪਾ ਕੇ ਪਵਿਤਰ ਕਰੋ। ਗੁਰੂ ਸਾਹਿਬ ਪੰਜਾਂ ਭਰਾਵਾਂ ਦਾ ਪ੍ਰੇਮ ਵੇਖ ਕੇ ਉਹਨਾਂ ਦੇ ਘਰ ਚਲ ਗਏ।[19] ਉਹਨਾਂ ਨੇ ਗੁਰੂ ਸਾਹਿਬ ਲਈ ਸੁੰਦਰ ਪਲੰਘ ਉਪਰ ਵਿਛਾਉਣੇ ਵਿਛਾਏ ਤੇ ਬੇਨਤੀ ਕਰਕੇ ਗੁਰੂ ਸਾਹਿਬ ਨੂੰ ਬਿਠਾਇਆ।

---

[18] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 5969.
ਭਏ ਪ੍ਰਸੰਨ ਸ਼ਮੀਰ ਪਰ ਬਡ ਸੇਵ ਕਰੰਤਾ। ਜਲ ਭੋਜਨ ਬਹੁ ਭਾਂਤਿ ਕੇ ਕਰਿ ਤਯਾਰ ਤੁਰੰਤਾ। (ਰਿਤੁ 6 ਅੰਸੂ 55)

[19] ਉਹੀ, ਪੰਨਾ 5995.
ਪੰਚ ਪੁੱਤ੍ਰ ਭਗਤੇ ਕੇ ਤਹਾਂ। ਏਕ ਤੁਰੰਗਮ ਸ਼ੁਭ ਸਿੰਗਾਰ। ਜ਼ੀਨ ਰਜਤ ਕੋ ਊਪਰ ਪਾਏ। ਸ੍ਰੀ ਸਤਿਗੁਰ ਕੇ ਢਿਗ ਲੇ ਆਏ।।੫੧।। (ਐਨ 1 ਅੰਸੂ 1)

ਪੰਜੇ ਭਰਾਵਾਂ ਨੇ ਗੁਰੂ ਸਾਹਿਬ ਨੂੰ ਬੇਨਤੀ ਕੀਤੀ ਕਿ ਸਾਡਾ ਪਹਿਰਾਵਾ ਸਹਿਜਧਾਰੀ ਹੈ ਪਰ ਹਿਰਦੇ ਵਿਚ ਅਭਿਲਾਸ਼ਾ ਹੈ ਕਿ ਆਪ ਜੀ ਲਈ ਪ੍ਰਸ਼ਾਦ ਤਿਆਰ ਕਰੀਏ। ਗੁਰੂ ਸਾਹਿਬ ਨੇ ਫੁਰਮਾਇਆ ਕਿ ਤੁਹਾਡਾ ਸਭ ਕੁਝ ਸਾਨੂੰ ਪਰਵਾਨ ਹੈ। ਭਾਈ ਭਗਤੇ ਦੇ ਪੁਤਰਾਂ ਨੇ ਥਾਲ ਪਰੋਸ ਕੇ ਗੁਰੂ ਸਾਹਿਬ ਦੇ ਅਗੇ ਰਖਿਆ। ਜਦ ਗੁਰੂ ਸਾਹਿਬ ਨੇ ਭੋਜਨ ਛਕਿਆ ਤਾਂ ਫਿਰ ਸਿੰਘਾਂ ਦੇ ਦਲ ਨੂੰ ਭੋਜਨ ਛਕਾਇਆ ਤੇ ਘੋੜਿਆਂ ਲਈ ਦਾਣਾ ਦਿਤਾ।

## ਬੰਦਰ ਪਿੰਡ ਦੇ ਨੰਬਰਦਾਰ

ਸ਼ਿਕਾਰ ਖੇਡਦੇ ਹੋਏ ਗੁਰੂ ਸਾਹਿਬ ਜਦ ਬੰਦਰ ਪਿੰਡ ਵਿਖੇ ਪਹੁੰਚੇ ਤੇ ਸਹੀ ਸਥਾਨ ਵੇਖ ਕੇ ਗੁਰੂ ਸਾਹਿਬ ਨੇ ਉਥੇ ਆਪਣਾ ਡੇਰਾ ਕੀਤਾ।[20] ਸਾਰੇ ਸਿੰਘਾਂ ਨੇ ਆਪਣੇ ਘੋੜੇ ਬੰਨ੍ਹ ਦਿਤੇ ਤੇ ਘਾਹ ਲੈਣ ਲਈ ਖੇਤਾਂ ਵਿਚ ਗਏ। ਗੁਰੂ ਸਾਹਿਬ ਦਾ ਆਉਣਾ ਸੁਣ ਕੇ ਬੰਦਰ ਪਿੰਡ ਦੇ ਨੰਬਰਦਾਰ ਚਲ ਕੇ ਗਏ ਤੇ ਰਾਸ਼ਨ, ਘਿਉ ਆਦਿ ਲੈ ਕੇ ਆਏ। ਉਹਨਾਂ ਨੇ ਗੁਰੂ ਸਾਹਿਬ ਨੂੰ ਭੋਜਨ ਛਕਾਇਆ ਤੇ ਫਿਰ ਬਾਕੀ ਸਿੰਘਾਂ ਨੂੰ ਭੋਜਨ ਛਕਾਇਆ। ਉਨ੍ਹਾਂ ਨੇ ਘੋੜਿਆ ਲਈ ਘਾਹ, ਦਾਣਾ ਵੀ ਦਿਤਾ।

## ਭਾਈ ਨੰਦ ਜੀ (ਕਪੂਰੇ ਦਾ ਭਰਾ)

ਜਦੋਂ ਗੁਰੂ ਸਾਹਿਬ ਨੇ ਬਰਗਾੜੀ ਪਿੰਡ ਉਤਾਰਾ ਕੀਤਾ ਤਾਂ ਉਥੇ ਕਪੂਰੇ ਦਾ ਭਰਾ ਨੰਦ ਰਹਿੰਦਾ ਸੀ। ਗੁਰੂ ਸਾਹਿਬ ਦੇ ਦਰਸ਼ਨ ਕਰਕੇ ਭਾਈ ਨੰਦ ਨੇ ਕਿਹਾ ਕਿ ਮੇਰੀ ਚਾਹਤ ਹੈ ਕਿ ਮੈਂ ਆਪ ਜੀ ਦੀ ਸੇਵਾ ਕਰਾ।[21] ਗੁਰੂ ਸਾਹਿਬ ਦੀ ਆਗਿਆ ਲੈ ਕੇ ਭਾਈ ਨੰਦ ਨੇ ਗੁਰੂ ਸਾਹਿਬ ਲਈ ਭੋਜਨ ਦਾ ਪ੍ਰਬੰਧ ਕੀਤਾ ਤੇ ਘੋੜਿਆਂ ਲਈ ਘਾਹ, ਦਾਣਾ ਮੰਗਵਾਇਆ।

---

[20] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 6001.

ਹੇਰਿ ਸਥਾਨ ਕੀਨਿ ਗੁਰ ਡੇਰਾ। ਉਤਰਿ ਤੁਰੰਗਨਿ ਤੇ ਤਿਸ ਬੇਰਾ। (ਐਨ 1 ਅੰਸੂ 3)

[21] ਉਹੀ, ਪੰਨਾ 6001.

ਸੇਵ ਕਰੌਂ ਚਿਤ ਮਹਤ ਉਮਾਹਾ। ਆਨਿ ਮਿਲਯੋ ਪਗ ਬੰਦਨ ਠਾਨੀ। ਸਭਿ ਸੁਧਿ ਲੇਤਿ ਖਾਨ ਅਰੁ ਪਾਨੀ।।੯।। (ਐਨ 1 ਅੰਸੂ 3)

## ਬਾਬਾ ਕੌਲ ਜੀ

ਢਿਲਵਾਂ ਪਿੰਡ ਪਹੁੰਚ ਕੇ ਬਾਬੇ ਕੌਲ ਨਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬਚਨ ਕੀਤੇ। ਬਾਬਾ ਕੌਲ ਨੇ ਗੁਰੂ ਸਾਹਿਬ ਦਾ ਡੇਰਾ ਆਪਣੇ ਪਾਸ ਉਤਾਰਿਆ।

ਸਾਰੇ ਸੋਢੀਆਂ ਨੇ ਗੁਰੂ ਸਾਹਿਬ ਦੀ ਸੇਵਾ ਕੀਤੀ ਤੇ ਘੋੜਿਆਂ ਲਈ ਘਾਹ, ਦਾਣਾ ਦਿਤੇ। ਬਾਬਾ ਕੌਲ ਨੇ ਗੁਰੂ ਸਾਹਿਬ ਨੂੰ ਭੋਜਨ ਤਿਆਰ ਕਰਕੇ ਛਕਾਇਆ ਤੇ ਅਗਲੇ ਦਿਨ ਪੁਸ਼ਾਕਾ ਤਿਆਰ ਕਰਵਾ ਕੇ ਗੁਰੂ ਸਾਹਿਬ ਨੂੰ ਭੇਂਟ ਕੀਤਾ।[22]

## ਸੰਮਾ ਨਾਮ ਵਾਲਾ ਡੋਗਰ

ਸੁਨੀਆਰ ਪਿੰਡ ਵਿਖੇ ਗੁਰੂ ਸਾਹਿਬ ਨੇ ਡੇਰਾ ਕੀਤਾ। ਉਥੇ ਸੰਮਾ ਨਾਮ ਵਾਲਾ ਡੋਗਰ ਰਹਿੰਦਾ ਸੀ ਤੇ ਮੱਝਾਂ ਰਖਦਾ ਸੀ। ਜਦ ਉਸ ਨੇ ਗੁਰੂ ਸਾਹਿਬ ਦੇ ਆਉਣ ਬਾਰੇ ਸੁਣਿਆ ਤਾਂ ਦੁਧ ਦੇ ਘੜੇ ਭਰ ਕੇ ਗੁਰੂ ਸਾਹਿਬ ਪਾਸ ਲੈ ਆਇਆ। ਗੁਰੂ ਸਾਹਿਬ ਨੂੰ ਨਮਸਕਾਰ ਕੀਤੀ ਤੇ ਉਨ੍ਹਾਂ ਦੇ ਅਗੇ ਦੁਧ ਅਰਪਣ ਕੀਤਾ। ਗੁਰੂ ਸਾਹਿਬ ਡੋਗਰ ਦੀ ਸੇਵਾ ਤੋਂ ਖੁਸ਼ ਹੋਏ ਤੇ ਕਿਹਾ ਕਿ ਤੇਰੇ ਘਰ ਦੁਧ ਬਹੁਤ ਵਧੇਗਾ।

## ਭਾਈ ਕੁਬੇਰ ਜੀ

ਸਾਬੋ ਕੀ ਤਲਵੰਡੀ ਦੇ ਨਜ਼ਦੀਕ ਵਹੀਰ ਦੇ ਵਿਚ ਇਕ ਸਿਖ ਆਇਆ। ਉਹ ਆਪਣੇ ਨਾਲ ਧਨ ਨਾਲ ਲਦੀ ਹੋਈ ਇਕ ਖਚਰ ਲਿਆਇਆ।[23] ਉਸਨੇ ਗੁਰੂ ਸਾਹਿਬ ਦੇ ਚਰਨਾਂ ’ਤੇ ਬੰਦਨਾ ਕਰਕੇ ਸਾਰਾ ਧਨ ਅਗੇ ਭੇਂਟ ਕਰ ਦਿਤਾ।

---

[22] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 6012.

ਕਰਿ ਬਾਕ ਬਿਲਾਸਾ। ਡੇਰਾ ਉਤਰਾਯੋ ਪ੍ਰਭੁ ਪਾਸਾ। (ਐਨ 1 ਅੰਸੂ 5)

[23] ਉਹੀ, ਪੰਨਾ 6062.

ਤਿਸ ਵਹੀਰ ਮਹਿਂ ਇਕ ਸਿਖ ਆਯੋ। ਖੱਚਰ ਏਕ ਦਰਬ ਕੀ ਲਯਾਯੋ। (ਐਨ 1 ਅੰਸੂ 17)

## ਭਾਈ ਬਹਿਮੀ ਸ਼ਾਹ ਜੀ

ਜਦੋਂ ਗੁਰੂ ਸਾਹਿਬ ਗੁਪਤਸਰ ਵਿਖੇ ਸਨ ਤਾਂ ਉਥੋਂ ਦਾ ਬਹਿਮੀ ਸ਼ਾਹ ਗੁਰੂ ਸਾਹਿਬ ਪਾਸ ਚਲ ਕੇ ਆਇਆ ਤੇ ਚਰਨਾਂ 'ਤੇ ਉਸ ਆਪਣਾ ਸਿਰ ਨਿਵਾਇਆ।[24] ਉਸ ਫ਼ਕੀਰ ਨੇ ਗੁਰੂ ਸਾਹਿਬ ਨੂੰ ਇਕ ਮਣ ਘਿਉ, ਇਕ ਮਣ ਮਿਠਾ, ਆਟਾ, ਚਾਵਲ ਤੇ ਦਾਣੇ ਭੇਂਟ ਕੀਤੇ।

## ਲੁਬਾਣਾ ਸਿਖ

ਇਕ ਲੁਬਾਣਾ ਸਿਖ ਜਸੀ ਪਿੰਡ (ਨੇੜੇ ਬਠਿੰਡਾ) ਤੋਂ ਚਲ ਕੇ ਆਇਆ। ਉਹ ਸਿਖ ਗੁੜ ਦਾ ਵਪਾਰ ਕਰਦਾ ਸੀ। ਉਸ ਨੇ ਜਦ ਸੁਣਿਆ ਕਿ ਇਥੇ ਗੁਰੂ ਸਾਹਿਬ ਨੇ ਉਤਾਰਾ ਕੀਤਾ ਹੈ ਤਾਂ ਬਹੁਤ ਪ੍ਰਸੰਨ ਹੋਇਆ। ਉਸ (ਲੁਬਾਣਾ ਸਿਖ) ਨੇ ਤੀਹ ਮਣ ਗੁੜ ਗੁਰੂ ਸਾਹਿਬ ਅਗੇ ਭੇਂਟ ਕੀਤਾ।[25]

## ਭਾਈ ਡੱਲਾ ਜੀ

ਜਦ ਗੁਰੂ ਸਾਹਿਬ ਸਾਬੋ ਕੀ ਤਲਵੰਡੀ ਵਿਖੇ ਪਹੁੰਚੇ ਤਾਂ ਡੱਲੇ ਨੂੰ ਹੁਕਮ ਕੀਤਾ ਕਿ ਲੰਗਰ ਸਾਡੇ ਨੇੜੇ ਤਿਆਰ ਹੋਵੇ। ਭਾਈ ਡੱਲਾ ਹੁਕਮ ਮੰਨ ਕੇ ਲੰਗਰ ਤਿਆਰ ਕਰਦਾ ਹੈ ਤੇ ਗੁਰੂ ਸਾਹਿਬ ਨੂੰ ਛਕਾਉਂਦਾ ਹੈ।[26] ਗੁਰੂ ਸਾਹਿਬ ਅਗੇ ਭਾਈ ਡੱਲਾ ਬੇਨਤੀ ਕਰਦਾ ਹੈ ਕਿ ਤੁਸੀਂ ਕਿਲ੍ਹੇ ਵਿਚ ਆਸਣ ਕਰੋ, ਇਹ ਘਰ, ਅਨਾਜ ਸਭ ਆਪ ਜੀ ਦਾ ਹੈ। ਭਾਈ ਡੱਲੇ ਦੀ ਬੇਨਤੀ ਸੁਣ ਕੇ ਗੁਰੂ ਸਾਹਿਬ ਨੇ ਕਿਹਾ ਕਿ ਸਾਡੀ ਖੁਸ਼ੀ ਹੈ ਕਿ ਸਾਰਾ ਲੰਗਰ ਬਾਹਰ ਤਿਆਰ ਹੋਵੇ। ਗੁਰੂ ਸਾਹਿਬ ਦਾ ਹੁਕਮ ਮੰਨ ਕੇ ਭਾਈ ਡੱਲਾ ਸਾਰਾ ਲੰਗਰ ਬਾਹਰ ਤਿਆਰ ਕਰਨ ਲਗਿਆ।

---

[24] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 6063.

ਨਮਸਕਾਰ ਕੀਓ ਗੁਰ ਚਰਨਨ ਮੇਂ। (ਐਨ 1 ਅੰਸੂ 17)

[25] ਉਹੀ, ਪੰਨਾ 6067.

ਆਇਓ ਲੁਬਾਣਾ ਗੁਰੂ ਨਗਰ ਮੇ। ਕਰਿਓ ਗੁੜ ਕਾ ਬਿਉਪਾਰ। (ਐਨ 1 ਅੰਸੂ 18)

[26] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 6078.

ਲੰਗਰ ਬਨਹਿ ਨਿਕਟ ਹਮ ਖਾਵਨ। ਘਨੋ ਭਾਉ ਹਮ ਨੇ ਤੁਵ ਦੇਖਾ। ਸਭਿ ਬਿਧਿ ਕੀਨੀ ਸੇਵ ਵਿਸ਼ੇਖਾ। (ਐਨ 1 ਅੰਸੂ 20)

ਇਕ ਦਿਨ ਭਾਈ ਡੱਲਾ ਹਥ ਜੋੜ ਕੇ ਕਹਿਣ ਲਗਾ ਕਿ ਮੇਰੇ ਕਿਲ੍ਹੇ ਅੰਦਰ ਪਵਿਤਰ ਚਰਨ ਪਾ ਕੇ ਪਵਿਤਰ ਕਰੋ। ਗੁਰੂ ਸਾਹਿਬ ਬੇਨਤੀ ਮੰਨ ਕੇ ਕਿਲ੍ਹੇ ਵਿਚ ਚਲ ਗਏ। ਗੁਰੂ ਸਾਹਿਬ ਲਈ ਭਾਈ ਡੱਲੇ ਨੇ ਇਕ ਚੌਕੀਂ ਤਿਆਰ ਕੀਤੀ ਤੇ ਸਫੈਦ ਵਸਤਰ ਉਪਰ ਵਿਛਾਏ। ਦੋਵਾਂ ਮਾਤਾਵਾਂ ਨੂੰ ਘਰ ਦੇ ਅੰਦਰ ਬਿਠਾਇਆ ਗਿਆ। ਬਰਾੜਾਂ ਸਹਿਤ ਸਾਰੇ ਸਿੰਘਾਂ ਨੂੰ ਬਿਠਾਇਆ ਤੇ ਸਾਰਿਆਂ ਲਈ ਭੋਜਨ ਲੈ ਕੇ ਆਏ। ਭਾਈ ਡੱਲੇ ਨੇ ਇਕ ਵਡਾ ਥਾਲ ਗੁਰੂ ਸਾਹਿਬ ਅਗੇ ਰਖਿਆ। ਉਸ ਪ੍ਰਕਾਰ ਹੀ ਦੋ ਥਾਲ ਮਾਤਾਵਾਂ ਲਈ ਪਹੁੰਚਾਏ ਤੇ ਬਾਕੀ ਸਿੰਘਾਂ ਨੂੰ ਪੰਗਤਾਂ ਵਿਚ ਬਿਠਾ ਕੇ ਭੋਜਨ ਛਕਾਇਆ। ਭਾਈ ਡੱਲੇ ਨੇ ਇਕ ਘੋੜਾ ਤੇ ਦੁਸ਼ਾਲਾ, ਸੌ ਚਾਂਦੀ ਦੇ ਰੁਪਏ ਗੁਰੂ ਸਾਹਿਬ ਨੂੰ ਭੇਂਟ ਕਰਕੇ ਸਿਰ ਨਿਵਾਇਆ। ਦੋਵਾਂ ਮਾਤਾਵਾਂ ਨੂੰ ਦੋ ਤੇਵਰ ਦਿਤੇ ਤੇ ਪੰਜਾਹ ਚਾਂਦੀ ਦੇ ਰੁਪਏ ਦਿਤੇ। ਗੁਰੂ ਸਾਹਿਬ ਨੇ ਭਾਈ ਡੱਲੇ ਦੀ ਸ਼ਲਾਘਾ ਕੀਤੀ।

## ਭਾਈ ਰਾਮ ਸਿੰਘ ਜੀ

ਭਾਈ ਕਾ ਚਕ ਪਿੰਡ ਦਾ ਰਾਮ ਸਿੰਘ ਗੁਰੂ ਸਾਹਿਬ ਨੂੰ ਨਾਲ ਲੈ ਕੇ ਅਗੇ-ਅਗੇ ਜਾ ਰਿਹਾ ਸੀ। ਪਿਪਲ ਦੇ ਬ੍ਰਿਛ ਹੇਠ ਝੌਂਪੜਾ ਬਣਾਇਆ ਸੀ। ਉਥੇ ਜਾ ਕੇ ਗੁਰੂ ਸਾਹਿਬ ਦਾ ਉਤਾਰਾ ਕਰਵਾਇਆ।[27] ਗੁਰੂ ਸਾਹਿਬ ਘੋੜੇ ਨੂੰ ਛਡ ਕੇ ਝੌਂਪੜੇ ਵਿਚ ਜਾ ਕੇ ਪਲੰਘ 'ਤੇ ਸਜ ਗਏ। ਭਾਈ ਰਾਮ ਸਿੰਘ ਨੇ ਲੰਗਰ ਤਿਆਰ ਕਰਵਾ ਕੇ ਗੁਰੂ ਸਾਹਿਬ ਨੂੰ ਛਕਾਇਆ ਤੇ ਫਿਰ ਬਾਕੀ ਸਿਖਾਂ ਨੂੰ ਲੰਗਰ ਛਕਾਇਆ।

ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵੀ ਜੀ ਦਾ ਉਤਾਰਾ ਭਾਈ ਰਾਮ ਸਿੰਘ ਨੇ ਆਪਣੇ ਘਰ ਵਿਚ ਕਰਵਾ ਕੇ ਸੇਵਾ ਕੀਤੀ। ਭਾਈ ਰਾਮ ਸਿੰਘ ਨੇ ਇਕ ਘੋੜਾ ਤੇ ਸੋਨਾ, ਚਾਂਦੀ ਦੇ ਸਿਕੇ ਗੁਰੂ ਸਾਹਿਬ ਨੂੰ ਭੇਂਟ ਕੀਤੇ। ਗੁਰੂ ਸਾਹਿਬ ਆਪਣੇ ਸੇਵਕ ਦੀ ਸੇਵਾ 'ਤੇ ਬਹੁਤ ਖੁਸ਼ ਹੋਏ।

---

[27] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 6087.
ਥਲ ਚਲਦਲ ਤਰੁਵਰ ਕੇ ਤਰੇ। ਰਚੀ ਧੋਹ ਸੀਤਲਤਾ ਕਰੇ। ਤਹਿਂ ਥਿਰ ਹ੍ਵੈ ਕਰਿ ਗੁਰੂ ਉਤਾਰੇ। ਤਜਿ ਤੁਰੰਗ ਕੋ ਅੰਤਰ ਬਾਰੇ।।੮।।
(ਐਨ 1 ਅੰਸੂ 23)

## ਭਾਈ ਰਾਮਾ ਸਿੰਘ ਜੀ, ਭਾਈ ਤਿਲੋਕ ਸਿੰਘ ਜੀ

ਇਕ ਦਿਨ ਭਾਈ ਰਾਮਾ ਸਿੰਘ ਤੇ ਤਿਲੋਕਾ ਸਿੰਘ ਆਟੇ, ਦਾਲ ਦਾ ਗਡਾ ਭਰ ਕੇ ਗੁਰੂ ਸਾਹਿਬ ਦੇ ਪਾਸ ਪਹੁੰਚੇ।[28] ਦੋਵਾਂ ਸ਼ਰਧਾਲੂਆਂ ਨੇ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਆਪਣੇ ਸਿਰ ਗੁਰੂ ਸਾਹਿਬ ਦੇ ਚਰਨਾਂ 'ਤੇ ਰਖੇ। ਗੁਰੂ ਸਾਹਿਬ ਨੇ ਦੋਵਾਂ ਸਿਖਾਂ ਤੋਂ ਪੁਛਿਆ ਕਿ ਇਹ ਰਸਦ ਦਾ ਗਡਾ ਕਿਥੋਂ ਖਰੀਦਿਆ ਹੈ? ਦੋਵਾਂ ਸਿਖਾਂ ਨੇ ਕਿਹਾ ਗੁਰੂ ਸਾਹਿਬ ਆਪਣੇ ਘਰ ਤੋਂ ਲਿਆਏ ਹਾਂ, ਕੁਝ ਹੋਰ ਸੰਬੰਧੀਆਂ ਨੇ ਵੀ ਕੁਝ ਹਿਸਾ ਪਾਇਆ ਹੈ। ਗੁਰੂ ਸਾਹਿਬ ਦੋਵਾਂ ਸਿਖਾਂ ਦੀ ਸੇਵਾ ਤੋਂ ਪ੍ਰਸੰਨ ਹੋਏ। ਦੋਵੇਂ ਸਿਖਾਂ ਨੇ ਗੁਰੂ ਸਾਹਿਬ ਕੋਲ ਕਈ ਦਿਨ ਰਹਿ ਕੇ ਸੇਵਾ ਕੀਤੀ ਤੇ ਫਿਰ ਦੋਵਾਂ ਨੇ ਅੰਮ੍ਰਿਤ ਛਕਿਆ। ਗੁਰੂ ਸਾਹਿਬ ਨੂੰ ਦੋਵਾਂ ਸਿਖਾਂ ਨੇ ਇਕ ਘੋੜਾ, ਸਵਾ ਸੌ ਰੁਪਏ ਤੇ ਅਨੇਕਾਂ ਸ਼ਸਤਰ-ਬਸਤਰ ਭੇਂਟ ਕੀਤੇ। ਬਾਬੇ ਫੂਲ ਦੇ ਪੁਤਰ, ਜੋ ਕਿ ਪਟਿਆਲਾ, ਨਾਭਾ, ਜੀਂਦ ਰਿਆਸਤਾਂ ਦੇ ਵਡੇਰੇ ਸਨ। ਬਾਬਾ ਆਲਾ ਸਿੰਘ ਪਟਿਆਲੇ ਦੇ ਰਚਨਹਾਰ ਇਸੇ ਬਾਬਾ ਰਾਮ ਸਿੰਘ ਦੇ ਸਪੁਤਰ ਸਨ। ਤ੍ਰਿਲੋਕ ਸਿੰਘ ਦੇ ਛੋਟੇ ਪੁਤਰ ਸੁਖਚੈਨ ਸਿੰਘ ਤੋਂ ਜੀਂਦ ਰਿਆਸਤ ਤੇ ਵਡੇ ਪੁਤਰ ਚੌਧਰੀ ਗੁਰਦਿਤ ਸਿੰਘ ਤੋਂ ਨਾਭਾ ਰਿਆਸਤ ਅਗੇ ਵਧੀ।

## ਭਾਈ ਪਰਮ ਸਿੰਘ ਜੀ, ਭਾਈ ਧਰਮ ਸਿੰਘ ਜੀ

ਭਾਈ ਪਰਮ ਸਿੰਘ ਤੇ ਧਰਮ ਸਿੰਘ ਦੋਵੇਂ ਭਰਾ ਰੂਪੇ ਪਿੰਡ ਤੋਂ ਚਲ ਕੇ ਆਏ ਸਨ। ਉਹ ਗੁਰੂ ਸਾਹਿਬ ਲਈ ਨਿਤ ਨਵਾਂ ਮੰਜਾ ਤਿਆਰ ਕਰਦੇ ਸਨ। ਮੰਜੇ ਨੂੰ ਫਿਰ ਬੁਣ ਕੇ ਪੈਂਦ ਪਾ ਕੇ ਕਸਦੇ ਸਨ। ਰਾਤ ਸਮੇਂ ਫਿਰ ਗੁਰੂ ਸਾਹਿਬ ਦੇ ਆਸਣ ਲਈ ਤਿਆਰ ਕਰਦੇ ਸਨ। ਪਰਮ ਸਿੰਘ ਅਤੇ ਧਰਮ ਸਿੰਘ ਦੋਵਾਂ ਭਰਾਵਾਂ ਦੀ ਸੇਵਾ ਵੇਖ ਕੇ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ।[29] ਜਿਥੇ ਵੀ ਗੁਰੂ ਸਾਹਿਬ ਨੇ ਜਾਣਾ ਹੁੰਦਾ ਸੀ, ਉਥੇ ਦੋਵੇਂ ਭਰਾ ਗੁਰੂ ਸਾਹਿਬ ਤੋਂ ਪਹਿਲਾਂ ਪਹੁੰਚ ਜਾਂਦੇ ਸਨ ਤੇ ਨਵਾਂ ਮੰਜਾ ਬਣਾ ਲੈਂਦੇ ਸਨ। ਗੁਰੂ ਸਾਹਿਬ ਨੇ ਡੇਰਾ ਮਧੂ ਸਿੰਘਾਣੇ ਸ਼ਾਮ ਦੇ ਸਮੇਂ

---

[28] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 6114.

ਆਯੋ ਰਾਮਾ ਏਕ ਦਿਨ ਸੰਗ ਤਿਲੋਕਾ ਜਾਂਹਿ। ਚੂਨ ਦਾਲ ਕੋ ਸਕਟ ਭਰਿ ਪਹੁੰਚੇ ਸਤਿਗੁਰ ਪਾਹਿ। (ਐਨ 1 ਅੰਸੂ 29)

[29] ਉਹੀ, ਪੰਨਾ 6143.

ਪਰਮ ਸਿੰਘ ਅਰੁ ਧਰਮ ਸਿੰਘ ਦੁਇ। ਪਿਖਿ ਸੇਵਾ ਕੋ ਪ੍ਰਭੁ ਪ੍ਰਸੰਨ ਹੁਇ। (ਐਨ 1 ਅੰਸੂ 34)

ਲਾਇਆ ਤਾਂ ਗੁਰੂ ਸਾਹਿਬ ਨੇ ਕਿਹਾ ਕਿ ਜਿਹੜੇ ਦੋਵੇਂ ਭਰਾ ਹਨ, ਅਜ ਉਹ ਨਵਾਂ ਮੰਜਾ ਕਿਵੇਂ ਬਣਾਉਣਗੇ? ਇਹ ਵੇਖਦੇ ਹਾਂ ਕਿ ਕਿਵੇਂ ਸਿਦਕ ਕਮਾਉਂਦੇ ਹਨ। ਦੋਵਾਂ ਭਰਾਵਾਂ ਨੇ ਉਦਮ ਕੀਤਾ ਤੇ ਦੋ ਦੁਛਾਂਗੇ ਡਾਹਣੇ ਵਢ ਲਏ। ਜਿਥੇ ਗੁਰੂ ਸਾਹਿਬ ਦੇ ਅਰਾਮ ਕਰਨ ਦਾ ਸਥਾਨ ਸੀ, ਉਥੇ ਡਾਹਣੇ ਗਡ ਦਿਤੇ ਤੇ ਵਟੇ ਹੋਏ ਰਸਿਆਂ ਨੂੰ ਹੀਆਂ ਦੀ ਥਾਂ ਕਸ ਦਿਤਾ। ਮੰਜੇ ਵਾਂਗ ਹੀ ਬਣਾ ਕੇ ਬਿਸਤਰੇ ਵਿਛਾ ਦਿਤੇ। ਦੋਵਾਂ ਭਰਾਵਾਂ ਨੇ ਗੁਰੂ ਸਾਹਿਬ ਪਾਸ ਜਾ ਕੇ ਉਚਾਰਨ ਕੀਤਾ ਕਿ ਮੰਜਾ ਤਿਆਰ ਹੈ, ਆਪ ਜੀ ਉਸ ਉਪਰ ਜਾ ਕੇ ਬਿਰਾਜੋ। ਗੁਰੂ ਸਾਹਿਬ ਸੁਣ ਕੇ ਹੈਰਾਨ ਹੋਏ ਤੇ ਜਾ ਕੇ ਵੇਖਿਆ ਕਿ ਬਾਹੀਆਂ ਦੀ ਥਾਂ ਮੋਟੇ ਬੇੜ ਪਾਏ ਸਨ ਤੇ ਪਾਵਿਆਂ ਦੇ ਥਾਂ ਦੁਛਾਂਗਾ ਡਾਹਣਾ ਸੀ। ਗੁਰੂ ਸਾਹਿਬ ਦੋਵਾਂ ਭਰਾਵਾਂ ਦੀ ਸੇਵਾ ਤੋਂ ਪ੍ਰਸੰਨ ਹੋਏ ਤੇ ਗੁਰੂ ਸਾਹਿਬ ਨੇ ਫੁਰਮਾਇਆ ਕਿ ਤੁਸੀਂ ਪੂਰਨ ਸਿਖੀ ਨਿਭਾਈ ਹੈ। ਤੁਸੀਂ ਹੁਣ ਵਾਪਸ ਚਲੇ ਜਾਵੋ ਤੇ ਆਪਣੇ ਘਰ ਵਿਚ ਜਾ ਕੇ ਰਹੋ। ਤੁਸੀਂ ਸ਼ਸਤਰਾਂ ਤੋਂ ਬਗੈਰ ਹੀ ਵੈਰੀ ਨੂੰ ਜਿਤੋ, ਤੁਹਾਡੀ ਜੀਭ ਹੀ ਕਿਰਪਾਨ ਸਮਾਨ ਹੈ। ਤੁਹਾਨੂੰ ਕਿਸੇ ਪਾਸੋ ਵੀ ਚਿੰਤਾ ਜਾਂ ਭੈਅ ਨਹੀਂ ਹੋਵੇਗਾ।

## ਭਾਈ ਮਾਨ ਸਿੰਘ ਜੀ

ਤਵਾਰੀਖ ਗੁਰੂ ਖਾਲਸਾ ਅਨੁਸਾਰ ਜਦੋਂ ਮਾਨ ਸਿੰਘ ਗੁਰੂ ਸਾਹਿਬ ਨੂੰ ਮਾਛੀਵਾੜੇ ਪਿੰਡ ਦੇ ਬਾਗ ਵਿਚ ਅਰਾਮ ਕਰਦਿਆ ਵੇਖਿਆ ਤਾਂ ਵੇਖ ਕੇ ਬੜਾ ਖੁਸ਼ ਹੋਇਆ।[30] ਜਦ ਗੁਰੂ ਸਾਹਿਬ ਨੇ ਉਠੇ ਤਾਂ ਉਠਦਿਆਂ ਹੀ ਧਨੁਖ ਸੰਭਾਲਿਆ ਤੇ ਅਗੇ ਆਪਣੇ ਪਿਆਰੇ ਸਿਖ ਨਜ਼ਰ ਆਏ, ਜਿਨ੍ਹਾਂ ਨੂੰ ਵੇਖ ਕੇ ਗੁਰੂ ਸਾਹਿਬ ਪ੍ਰਸੰਨ ਹੋਏ। ਭਾਈ ਦਇਆ ਸਿੰਘ ਜੀ ਨੇ ਬੇਨਤੀ ਕੀਤੀ ਕਿ ਗੁਰੂ ਸਾਹਿਬ ਇਥੇ ਠਹਿਰਣਾ ਉਚਿਤ ਨਹੀਂ ਹੈ, ਆਪ ਜੀ ਕਿਰਪਾ ਕਰਕੇ ਕਿਸੇ ਉਚਿਤ ਸਥਾਨ ’ਤੇ ਚਲੇ ਜਾਵੋ ਕਿਉਂਕਿ ਇਥੇ ਦੁਸ਼ਮਣਾਂ ਦਾ ਦਲ ਥੋੜ੍ਹੇ ਸਮੇਂ ਤਕ ਆ ਜਾਵੇਗਾ। ਗੁਰੂ ਸਾਹਿਬ ਦੇ ਚਰਨਾਂ ’ਤੇ ਛਾਲੇ ਵੇਖ ਕੇ ਮਾਨ ਸਿੰਘ ਨੇ ਆਪਣੇ ਮੋਢੇ ਉਪਰ ਗੁਰੂ ਸਾਹਿਬ ਨੂੰ ਚੁਕ ਕੇ ਖੂਹ ਤਕ ਲੈ ਆਇਆ। ਉਸੇ ਵੇਲੇ ਭਾਈ ਮਾਨ ਸਿੰਘ ਵਲ ਤਕ ਕੇ ਖੁਸ਼ੀ ਨਾਲ ਬਚਨ ਕੀਤਾ ਕਿ ਜਿਸ ਪ੍ਰਕਾਰ ਤੁਸੀਂ ਦਸਤਾਰ ਉਚੀ ਸਜਾਈ ਹੈ, ਇਹੋ ਜਿਹਾ ਤੇਰੇ ਵਰਗਾ ਪੰਥ ਚਲੇਗਾ।

---

[30] ਗਿਆਨੀ ਗਿਆਨ ਸਿੰਘ, *ਤਵਾਰੀਖ ਗੁਰੂ ਖਾਲਸਾ* (ਭਾਗ ਪਹਿਲਾ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970, ਪੰਨਾ 1019.

## ਪਾਲੀ ਨਗਰ ਦੇ ਸਿਖ

ਪਾਲੀ ਨਗਰ (ਨਾਂਦੇੜ ਤੋਂ ਲਗਪਗ 500 ਮੀਲ ਦੂਰ) ਵਿਚ ਗੁਰੂ ਸਾਹਿਬ ਦੇ ਦੋ ਸਿਖ ਰਹਿੰਦੇ ਸਨ। ਉਹ ਚਲ ਕੇ ਗੁਰੂ ਸਾਹਿਬ ਦੇ ਪਾਸ ਆਏ ਤੇ ਦੋ ਕਟਾਰਾਂ ਗੁਰੂ ਸਾਹਿਬ ਨੂੰ ਭੇਂਟ ਕਰਨ ਲਈ ਲਿਆਏ।[31] ਸੋਨੇ ਦੀ ਝਾਲ ਵਾਲੀ ਸੁੰਦਰ ਕਟਾਰ 'ਤੇ ਫੁਲਾਦੀ ਲੋਹਾ ਲਗਿਆ ਹੋਇਆ ਸੀ। ਉਸ ਕਟਾਰ ਦੇ ਤਿਖੇ ਹੋਣ ਦੀ ਪਰਖ ਕੀਤੀ ਤੇ ਗੁਰੂ ਸਾਹਿਬ ਕਟਾਰ ਵੇਖ ਕੇ ਪ੍ਰਸੰਨ ਹੋਏ। ਉਨ੍ਹਾਂ ਸਿਖਾਂ ਉਪਰ ਗੁਰੂ ਸਾਹਿਬ ਨੇ ਖੁਸ਼ੀ ਪ੍ਰਗਟ ਕੀਤੀ।

## ਭਾਈ ਮਹਿਮਾ ਸਿੰਘ ਜੀ

ਛਤੇਆਣਾ ਪਿੰਡ ਦਾ ਸਯਦ ਵਹਿਮੀ ਗੁਰੂ ਸਾਹਿਬ ਪਾਸ ਆਇਆ। ਉਹ ਗੁਰੂ ਸਾਹਿਬ ਦਾ ਸਿਖ ਹੋਣਾ ਚਾਹੁੰਦਾ ਸੀ, ਉਸ ਦੀ ਗਲ ਸੁਣ ਕੇ ਗੁਰੂ ਸਾਹਿਬ ਖੁਸ਼ ਹੋਏ। ਜਦ ਗੁਰੂ ਸਾਹਿਬ ਨੇ ਉਸਨੂੰ ਸਿਖ ਹੋਣ ਦੀ ਆਗਿਆ ਦਿਤੀ ਤਾਂ ਸਯਦ ਵਹਿਮੀ ਨੇ ਖੰਡ, ਘਿਉ, ਸਵਾ-ਸਵਾ ਮਣ ਕੜਾਹ ਪ੍ਰਸ਼ਾਦ ਲਈ ਲੰਗਰ ਵਿਚ ਭੇਂਟਾ ਕੀਤੇ। ਉਸਨੇ ਸਾਰੇ ਡੇਰੇ ਲਈ ਲੰਗਰ ਤਿਆਰ ਕੀਤਾ ਤੇ ਘੋੜਿਆਂ ਲਈ ਦਾਣਾ ਮੰਗਵਾ ਕੇ ਦਿਤਾ। ਗੁਰੂ ਸਾਹਿਬ ਨੇ ਉਸਨੂੰ ਅੰਮ੍ਰਿਤ ਤਿਆਰ ਕਰਵਾਕੇ ਛਕਾਇਆ ਤੇ ਉਸਦਾ ਨਾਮ ਭਾਵੇਂ ਅਜਮੇਰ ਸਿੰਘ ਰਖਿਆ, ਪਰ ਵਡੀ ਮਹਿਮਾ ਨਾਲ ਸਿੰਘ ਸਜਣ ਕਰਕੇ ਸਿਖਾਂ ਨੇ ਉਸਨੂੰ ਮਹਿਮਾ ਸਿੰਘ ਕਹਿ ਕੇ ਬਲਾਉਣਾ ਸ਼ੁਰੂ ਕੀਤਾ।

## ਦਰਬਾਰੀ ਭਰਾ

ਦਰਬਾਰੀ ਸਿੰਘ ਤੇ ਘਰਬਾਰੀ ਸਿੰਘ ਭੱਲਾ ਖਾਨਦਾਨ ਵਿਚੋਂ (ਬਾਬਾ ਮੋਹਰੀ ਜੀ ਦੀ ਸਤਵੀਂ ਪੀੜ੍ਹੀ) ਖੁਸ਼ਹਾਲ ਸਿੰਘ ਦੇ ਪੁਤਰ ਸਨ। ਇਹ ਦੋਵੇਂ ਭਾਈ ਗੁਰੂ ਸਾਹਿਬ ਦੇ ਦਰਬਾਰ ਵਿਚ ਲਿਖਾਰੀ ਦਾ ਕੰਮ ਕਰਦੇ ਸਨ। ਸ੍ਰੀ ਮੁਕਤਸਰ ਸਾਹਿਬ ਦੀ ਜੰਗ ਸਮੇਂ ਇਹ ਦੋਵੇਂ ਭਰਾ ਆਪਣੇ ਪਿਤਾ ਸਮੇਤ ਜੰਗ ਵਿਚ ਸ਼ਹੀਦ ਹੋਏ।

---

[31] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ* (ਜਿਲਦ ਚੌਦਵੀਂ), ਸੰਪਾ., ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 2011, ਪੰਨਾ 6301.
ਪੁਰਿ ਪਾਲੀ ਮਹਿਂ ਬਸਤ ਦ੍ਵੈ ਗੁਰ ਕੇ ਸਿਖ ਸੁਜਾਨ। ਦਰਸ਼ਨ ਗੁਰ ਅਭਿਲਾਖਤੇ ਧਾਰਤਿ ਪ੍ਰੇਮ ਮਹਾਨ।।੧।। (ਐਨ 2 ਅੰਸੂ 18)

ਸੋ ਗੁਰੂ ਕਾਲ ਵਿਚ ਸੇਵਾ ਦੇ ਸੰਕਲਪ ਵਿਚ ਵਿਕਾਸ ਹੁੰਦਾ ਰਿਹਾ। ਮੁਢਲੀ ਅਵਸਥਾ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਸਮਾਜਿਕ ਉਚ-ਨੀਚ, ਜਾਤ-ਪਾਤ ਆਦਿ ਭੇਦ ਭਾਵਾਂ ਹੇਠ ਲਿਤਾੜੇ ਲੋਕਾਂ ਨੂੰ ਸਵੈਮਾਨ ਦਾ ਅਹਿਸਾਸ ਕਰਵਾਉਣ ਲਈ ਸਿਖ ਸੰਗਤਾਂ ਲਈ ਲੰਗਰ ਦੀ ਮਰਿਯਾਦਾ ਚਲਾਈ ਗਈ। ਭਾਈ ਲਹਿਣਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਆ ਕੇ ਸੇਵਾ ਵਿਚ ਆਪਣਾ ਆਪਾ ਵਾਰ ਦਿੰਦੇ ਹਨ ਤੇ ਅੰਤ ਨੂੰ ਗੁਰੂ ਰੂਪ ਹੋ ਜਾਂਦੇ ਹਨ। ਸਿਖ ਇਤਿਹਾਸ ਦੇ ਸ੍ਰੋਤ ਬੰਸਾਵਲੀਨਾਮਾ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਸੇਵਾ ਭਾਈ ਲਹਿਣਾ ਨੇ ਦੋ ਸਾਲ ਕੀਤੀ ਪਰ ਆਦਿ ਸਾਖੀਆਂ ਵਿਚ ਇਹ ਸਮਾਂ ਤਿੰਨ ਸਾਲ ਤੋਂ ਜ਼ਿਆਦਾ ਹੈ। ਜਨਮ ਸਾਖੀ, ਮਹਿਮਾ ਪ੍ਰਕਾਸ਼ ਤੇ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਇਸ ਬਾਰੇ ਵਰਣਨ ਨਹੀਂ ਮਿਲਦਾ। ਇਸੇ ਪ੍ਰਕਾਰ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਤੇ ਮਹਿਮਾ ਪ੍ਰਕਾਸ਼ ਅਨੁਸਾਰ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸੇਵਾ ਸ੍ਰੀ ਅਮਰਦਾਸ ਜੀ ਨੇ 12 ਸਾਲ ਕੀਤੀ ਤੇ ਬੰਸਾਵਲੀਨਾਮਾ ਅਨੁਸਾਰ 9 ਸਾਲ ਸੇਵਾ ਕੀਤੀ।

ਸ੍ਰੀ ਗੁਰੂ ਅਮਰਦਾਸ ਜੀ ਦੇ ਗੁਰਿਆਈ ਕਾਲ ਵਿਚ ਸੇਵਾ ਦੇ ਕਾਰਜ ਖੇਤਰ ਵਿਚ ਵਿਕਾਸ ਹੋਇਆ। ਜਦੋਂ ਗੁਰੂ ਸਾਹਿਬ ਨੇ ਬਾਉਲੀ ਦਾ ਨਿਰਮਾਣ ਸ਼ੁਰੂ ਕੀਤਾ ਤਾਂ ਸੇਵਕ ਸੇਵਾ ਕਰਨ ਲਈ ਦੂਰੋਂ-ਦੂਰੋਂ ਆਉਣ ਲਗੇ। ਸ੍ਰੀ ਗੁਰੂ ਰਾਮਦਾਸ ਜੀ ਅੰਮ੍ਰਿਤ ਸਰੋਵਰ ਦੀ ਖੁਦਾਈ ਵਿਚ ਬਹੁਤ ਸੇਵਕ ਸੇਵਾ ਭਾਵ ਨਾਲ ਸੇਵਾ ਕਰਦੇ ਸਨ। ਸਰੋਵਰ ਦੀ ਖੁਦਾਈ ਲਈ ਸੇਵਾ ਕਰਨ ਆਈ ਸੰਗਤ ਲਈ ਸੇਵਕ ਥਕੇ ਹੋਏ ਮੁਸਾਫਰਾਂ ਦੀ ਮੁਠੀ ਚਾਪੀ ਕਰਦੇ ਤੇ ਪ੍ਰਸ਼ਾਦ ਛਕਾਉਂਦੇ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਗਦੀ ’ਤੇ ਬੈਠਣ ਪਿਛੋਂ ਮੀਰੀ ਤੇ ਪੀਰੀ ਦੀਆਂ ਦੋ ਤਲਵਾਰ ਧਾਰਨ ਕੀਤੀਆਂ ਤਾਂ ਜੋ ਅਨਿਆਂ ਦੇ ਵਿਰੁਧ ਟਾਕਰਾ ਕੀਤਾ ਜਾ ਸਕੇ। ਗੁਰੂ ਸਾਹਿਬ ਨੇ ਹੁਕਮ ਦਿਤਾ ਕਿ ਹੁਣ ਤੋਂ ਘੋੜੇ ਅਤੇ ਸ਼ਸਤਰਾਂ ਨੂੰ ਭੇਂਟ ਕੀਤਾ ਜਾਵੇ। ਗੁਰੂ ਸਾਹਿਬ ਦਾ ਹੁਕਮ ਮੰਨ ਕੇ ਸੰਗਤ ਘੋੜੇ ਤੇ ਸ਼ਸਤਰ ਭੇਂਟ ਕਰਨ ਲਗੀ।

ਹਿੰਦੂ ਧਰਮ ਵਿਚ ਅਛੂਤ ਲੋਕਾਂ ਦਾ ਨਾਮ ‘ਹਰਿਜਨ’ ਸੰਕੇਤ ਕਰ ਲਿਆ ਸੀ। ਜੋ ਕਿ ਅਜ ਕਲ ਲਿਖਣ, ਬੋਲਣ ਵਿਚ ਬਹੁਤ ਆਉਂਦਾ ਹੈ। ਪਰ ਸਿਖ ਧਰਮ ਵਿਚ ਹਰਿਜਨ ਤੋਂ ਭਾਵ ਕਰਤਾਰ ਦਾ ਸੇਵਕ ਹੈ। ਇਹਨਾਂ

ਦੁਰਕਾਰੇ ਹੋਏ ਲੋਕਾਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਤ-ਸਿਪਾਹੀ ਬਣਾ ਕੇ ਰਖਿਆ। ਉਹਨਾਂ ਦੇ ਮਨਾਂ ਤੇ ਆਤਮਾ ਨੂੰ ਰਬੀ ਖੁਰਾਕ ਮਿਲਦੀ ਤੇ ਸਰੀਰਾਂ ਨੂੰ ਲੰਗਰ ਵਿਚੋਂ ਖੁਰਾਕ ਮਿਲਦੀ ਸੀ। ਇਥੇ ਰਹਿ ਕੇ ਸਿਖ ਲੰਗਰ ਵਿਚ ਸੇਵਾ ਕਰਦੇ, ਘੋੜਿਆਂ ਦੀ ਸੇਵਾ ਕਰਦੇ ਤੇ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਰਹਿੰਦੇ। ਸਿਖਾਂ ਦੇ ਦਿਲਾਂ ਤੇ ਦਿਮਾਗਾਂ ਨੂੰ ਜ਼ੰਜੀਰਾਂ ਵਿਚੋਂ ਕਢ ਕੇ ਅਜ਼ਾਦ, ਉਚਾ ਤੇ ਪਵਿਤਰ ਕੀਤਾ ਸੀ ਅਤੇ ਨਾਲ ਹੀ ਸ਼ਸਤਰਾਂ ਦੀ ਸਿਖਲਾਈ ਹੁੰਦੀ। ਗੁਰੂ ਸਾਹਿਬ ਦੇ ਦਰਬਾਰ ਵਿਚ ਵਖਰੀ ਇਕ ਛਾਉਣੀ ਬਣ ਗਏ ਸਨ ਜਿਥੇ ਅੰਮ੍ਰਿਤ ਵੇਲੇ ਤੇ ਸੰਧਿਆ ਵੇਲੇ ਸੇਵਕ ਭਜਨ ਬੰਦਗੀ ਕਰਦੇ ਅਤੇ ਬਾਕੀ ਦਿਨ ਦਾ ਸਮਾਂ ਵਾਰਾਂ ਗਾਉਣ, ਸ਼ਿਕਾਰ ਖੇਡਣ, ਤੀਰ-ਅੰਦਾਜ਼ੀ, ਤਲਵਾਰਬਾਜ਼ੀ, ਘੋਲ ਆਦਿ ਸੂਰਬੀਰਾਂ ਵਾਲੇ ਕਰਤਬ ਕਰਦੇ ਸਨ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੇਵਕ ਲੰਗਰ ਵਿਚ ਸੇਵਾ ਤੋਂ ਲੈ ਕੇ ਜੰਗ ਦੇ ਮੈਦਾਨ ਵਿਚ ਸ਼ਹੀਦ ਹੋਣ ਤਕ ਸੇਵਾ ਕਰਦੇ ਸਨ। ਗੁਰੂ ਸੇਵਕ ਕਾਇਰਤਾ ਨੂੰ ਮਨ ਵਿਚ ਕਦੇ ਨਹੀਂ ਆਉਣ ਦਿੰਦੇ ਅਤੇ ਜੰਗ ਦੇ ਮੈਦਾਨ ਵਿਚ ਪਿਠ ਨਹੀਂ ਦਿਖਾਉਂਦੇ। ਇਹ ਸੂਰਬੀਰ ਵਿਕਾਰਾਂ ਉਤੇ ਫਤਿਹ ਪਾਉਂਦੇ ਹਨ ਤੇ ਸਭ ਤੋਂ ਸਨਮਾਨ ਯੋਗ ਸੂਰਬੀਰ ਸਨ। ਬਚਿਤਰ ਨਾਟਕ ਦੇ ਅਧਿਆਇ 13 ਵਿਚ ਗੁਰੂ ਸਾਹਿਬ ਬਚਨ ਕਰਦੇ ਹਨ ਕਿ ਯੋਧਾ ਅਤੇ ਦਾਨੀ ਹੀ ਪ੍ਰਸਿਧੀ ਪਾਉਂਦੇ ਹਨ ਤੇ ਕਾਇਰ, ਕ੍ਰਿਪਨ ਨੂੰ ਕੋਈ ਨਹੀਂ ਜਾਣਦਾ।

ਗੁਰੂ ਕਾਲ ਵਿਚ ਸਮਾਜਿਕ ਪਰਿਸਥਿਤੀਆਂ ਦੇ ਸੰਦਰਭ ਵਿਚ ਸਿਧਾਂਤ ਇਕਸਾਰ ਰਹਿੰਦੇ ਹਨ। ਸਿਖ ਧਰਮ ਵਿਚ ਸੇਵਾ ਦੀ ਰੂਪ-ਰੇਖਾ, ਇਸਦੀ ਨੁਹਾਰ, ਕਾਰਜ ਖੇਤਰ, ਗਤੀਵਿਧੀਆਂ ਵਿਚ ਵਾਧਾ ਤੇ ਤਬਦੀਲੀ ਤਾਂ ਹੁੰਦੀ ਰਹਿੰਦੀ ਹੈ ਪਰੰਤੂ ਵਾਸਤਵ ਵਿਚ ਸੇਵਾ ਦਾ ਸਿਧਾਂਤ ਆਪਣੀ ਭਾਵਨਾ ਤੇ ਪ੍ਰਗਟਾ ਦੀ ਦ੍ਰਿਸ਼ਟੀ ਤੋਂ ਉਹੀ ਰਹਿੰਦਾ ਹੈ।

# ਅਧਿਆਇ ਤੀਜਾ

# ਸਾਧੂ ਜਨਾਂ ਦੁਆਰਾ ਸੇਵਾ

ਗੁਰੂ ਸਾਹਿਬ ਦੇ ਹਿਰਦੇ ਦਾ ਭੇਦ ਹਰ ਮਨੁਖ ਦੀ ਸਮਝ ਵਿਚ ਨਹੀਂ ਪੈ ਸਕਦਾ ਕਿ ਗੁਰੂ ਸਾਹਿਬ ਨੂੰ ਸੇਵਕ ਕਿਸ ਤਰ੍ਹਾਂ ਦੀ ਸੇਵਾ ਕਰਕੇ ਪ੍ਰਸੰਨ ਕਰਦੇ ਹੋਣਗੇ। ਸੋ ਗੁਰੂ ਸਾਹਿਬ ਦੀ ਪ੍ਰਸੰਨਤਾ ਹਾਸਲ ਕਰਨਾ ਕਠਿਨ ਹੈ। ਪਰ ਗੁਰੂ ਸਾਹਿਬ ਗੁਰਸਿਖਾਂ ਦੇ ਹਿਰਦੇ ਵਿਚ ਵਿਆਪਕ ਹਨ ਕਿਉਂਕਿ ਉਹਨਾਂ ਨੂੰ ਗੁਰੂ ਸਾਹਿਬ ਜੋ ਆਗਿਆ ਦਿੰਦੇ ਹਨ ਉਹੋ ਕਾਰਜ ਗੁਰਸਿਖ ਕਰਦੇ ਹਨ ਤੇ ਗੁਰੂ ਸਾਹਿਬ ਉਹਨਾਂ ਗੁਰਸਿਖਾਂ ਦੀ ਸੇਵਾ ਕਬੂਲ ਕਰਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਬਚਨ ਕਰਦੇ ਹਨ ਕਿ:

ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ।।

ਸਤਿਗੁਰੁ ਆਖੈ ਸੁ ਕਾਰ ਕਮਾਵਨਿ ਸੁ ਜਪੁ ਕਮਾਵਹਿ ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ।।[1]

ਗੁਰੂ ਦੀ ਸੇਵਾ ਕਰਨ ਦੀ ਇਛਾ ਰਖਣ ਵਾਲੇ ਸੇਵਕ ਨੂੰ ਜਦ ਸਾਧੂ ਜਨ (ਗੁਰਸਿਖ) ਮਿਲ ਜਾਂਦਾ ਹੈ ਤਾਂ ਉਹ ਨਿਮਰਤਾ ਨਾਲ ਪੈਰੀਂ ਪੈ ਕੇ ਬੇਨਤੀ ਕਰਦਾ ਹੈ ਕਿ ਮੈਨੂੰ ਗੁਰੂ ਸਾਹਿਬ ਦਾ ਉਪਦੇਸ਼ ਦਸੋ। ਜਿਸ ਉਪਦੇਸ਼ ਦੇ ਨਾਲ ਮੇਰਾ ਧਿਆਨ ਗੁਰੂ ਸਾਹਿਬ ਵਲ ਲਗ ਜਾਵੇ। ਅਜਿਹੇ ਸਾਧੂ ਜਨਾਂ (ਭਾਈ ਜਗਤਾ ਰਾਮ ਜੀ, ਸੰਤ ਸ਼ਾਮ ਸਿੰਘ, ਸੰਤ ਤੇਜਾ ਸਿੰਘ, ਸੰਤ ਸੁੰਦਰ ਸਿੰਘ ਤੇ ਬਾਬਾ ਜਸਾ ਸਿੰਘ) ਨੇ ਗੁਰੂ ਸੇਵਕਾਂ ਦੁਆਰਾ ਪਾਈਆਂ ਹੋਈਆਂ ਲੀਹਾਂ 'ਤੇ ਚਲਦਿਆਂ ਅਨੇਕਾਂ ਪ੍ਰਕਾਰ ਦੀਆਂ ਸੇਵਾਵਾਂ ਕੀਤੀਆਂ। ਇਹਨਾਂ ਦੁਆਰਾ ਕੀਤੀਆਂ ਗਈਆਂ ਸੇਵਾਵਾਂ ਬਾਰੇ ਵਿਸਥਾਰ ਨਾਲ ਹੇਠ ਲਿਖਿਆ ਗਿਆ ਹੈ।

## ਭਾਈ ਜਗਤਾ ਰਾਮ

ਸਿਖ ਧਰਮ ਵਿਚ ਗੁਰੂ ਸਾਹਿਬਾਨਾਂ ਦੀ ਬਖਸ਼ਿਸ਼ ਸਦਕਾ ਅਨੇਕਾਂ ਸੰਪਰਦਾਵਾਂ ਚਲਦੀਆਂ ਹਨ। ਸੇਵਾਪੰਥੀ ਸੰਪਰਦਾਇ ਦਾ ਸਿਖ ਧਰਮ ਵਿਚ ਵਿਸ਼ੇਸ਼ ਸਥਾਨ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੇ ਸ੍ਰੀ ਗੁਰੂ

[1] ਸ੍ਰੀ ਗੁਰੂ ਗ੍ਰੰਥ ਸਾਹਿਬ, 317.

ਗੋਬਿੰਦ ਸਿੰਘ ਜੀ ਦੀ ਬਖਸ਼ਿਸ਼ ਸਦਕਾ ਸੇਵਾਪੰਥੀ ਸੰਪਰਦਾਇ ਹੋਂਦ ਵਿਚ ਆਈ। ਸੇਵਾਪੰਥੀ ਸੰਪਰਦਾਇ ਦੇ ਮੋਢੀ ਭਾਈ ਕਨਈਆ ਜੀ ਹੋਏ ਸਨ, ਜੋ ਕਿ ਜੰਗ ਦੇ ਮੈਦਾਨ ਵਿਚ ਜਖ਼ਮੀਆਂ ਨੂੰ ਜਲ ਛਕਾਉਂਦੇ ਸਨ। ਉਹਨਾਂ ਦੁਆਰਾ ਜਲ ਛਕਾਉਣ ਦੀ ਸ਼ਿਕਾਇਤ ਜਦ ਗੁਰੂ ਦਰਬਾਰ ਵਿਚ ਹੋਈ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਪੁਛਣ 'ਤੇ ਭਾਈ ਕਨਈਆ ਜੀ ਨੇ ਕਿਹਾ ਕਿ ਮੈਨੂੰ ਤੁਹਾਡੇ ਬਿਨ੍ਹਾਂ ਹੋਰ ਕੋਈ ਨਜ਼ਰ ਨਹੀਂ ਆਉਂਦਾ। ਇਹ ਬੋਲ ਸੁਣ ਕੇ ਗੁਰੂ ਸਾਹਿਬ ਨੇ ਬਚਨ ਕੀਤਾ ਕਿ ਇਸ ਸਾਧੂ ਦੇ ਮਨ ਦੀ ਅਵਸਥਾ ਬੜੀ ਉਚੀ ਹੈ। ਇਸ ਦਾ ਆਪਣਾ ਪੰਥ ਹੋਵੇਗਾ ਜੋ ਜਗਤ ਦੇ ਲੋਕਾਂ ਦੀ ਕੁਮਤ ਦਾ ਖਾਤਮਾ ਕਰਕੇ ਗੁਰਮਤਿ ਦਾ ਪ੍ਰਕਾਸ਼ ਕਰਨ ਵਿਚ ਸਹਾਈ ਹੋਵੇਗਾ। ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਵਿਚ ਦਰਜ ਹੈ:

ਇਹ ਭੀ ਅਪਨੋ ਪੰਥ ਪ੍ਰਕਾਸ਼ੈ। ਬਹੁ ਲੋਕਨ ਕੀ ਕੁਮਤਿ ਬਿਨਾਸੈ।

ਸੁਨਿ ਪ੍ਰਭੁ ਤੇ ਸਭਿ ਸਿੰਘ ਅਨੰਦੇ। ਦ੍ਵੈਤ ਹਤੀ ਲਹਿ ਬ੍ਰਹਮ ਅਨੰਦੇ।

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰਿਤੁ 6, ਅੰਸੂ 19, ਪੰਨਾ 5793)

ਇਸ ਸੰਪਰਦਾਇ ਦੇ ਪੰਜਵੇਂ ਮੁਖੀ ਭਾਈ ਜਗਤਾ ਰਾਮ ਜੀ ਹੋਏ ਸਨ। ਭਾਈ ਜਗਤਾ ਰਾਮ ਜੀ ਦਾ ਜਨਮ ਸੰਮਤ 1798 (1741 ਈ.) ਨੂੰ ਨੂਰਪੁਰ ਥਲ (ਪਾਕਿਸਤਾਨ) ਵਿਖੇ ਹੋਇਆ। ਭਾਈ ਜਗਤਾ ਆਪਣੇ ਭਰਾ ਚੰਨਾ ਦੇ ਨਾਲ ਆਪਣੇ ਜਦੀ ਸ਼ਹਿਰ ਮਾਘੀਆਣਾ ਵਿਖੇ ਇਕ ਦਿਹਾੜੀਦਾਰ ਮਜ਼ਦੂਰ ਵਜੋਂ ਕੰਮ ਕਰਦੇ ਸਨ। ਜਿਥੇ ਦੋਵੇਂ ਭਰਾ ਕੰਮ ਕਰਦੇ ਸਨ ਉਥੇ ਇਕ ਦਿਨ ਕਿਸੇ ਨੇ ਸ਼ੁਧ ਸੋਨੇ ਦੇ ਮਣਕਿਆਂ ਵਾਲੀ ਇਕ ਮਹਿੰਗੀ ਮਾਲਾ ਚੋਰੀ ਕਰ ਲਈ ਸੀ। ਮਾਲਕ ਨੇ ਮਾਲਾ ਨੂੰ ਲਭਣ ਦੀ ਕੋਸ਼ਿਸ਼ ਕੀਤੀ ਪਰ ਅਸਫਲ ਰਿਹਾ। ਮਾਲਕ ਨੇ ਚੋਰੀ ਦਾ ਦੋਸ਼ ਦੋਵੇਂ ਭਰਾਵਾਂ 'ਤੇ ਲਾਇਆ। ਉਨ੍ਹਾਂ ਨੇ ਆਪਣੀ ਬੇਗੁਨਾਹੀ ਦਾ ਦਾਅਵਾ ਕੀਤਾ ਪਰ ਮਾਲਾ ਦੇ ਮਾਲਕ ਨੂੰ ਯਕੀਨ ਨਹੀਂ ਹੋਇਆ। ਉਨ੍ਹਾਂ ਨੂੰ ਖੇਤਰ ਦੇ ਮੁਖੀ ਦੇ ਸਾਹਮਣੇ ਪੇਸ਼ ਕੀਤਾ ਗਿਆ ਜੋ ਨਿਰਣਾਇਕ ਮੁਖੀ ਸੀ। ਉਸ ਨੇ ਹਰ ਤਰ੍ਹਾਂ ਦੀਆਂ ਧਮਕੀਆਂ ਦੇ ਕੇ ਉਨ੍ਹਾਂ ਨੂੰ ਕਬੂਲ ਕਰਵਾਉਣ ਦੀ ਕੋਸ਼ਿਸ਼ ਕੀਤੀ ਪਰ ਦੋਵੇਂ ਭਰਾ ਨਿਮਰਤਾ ਨਾਲ ਬੇਗੁਨਾਹ ਹੋਣ ਦੀ ਦਲੀਲ ਦਿੰਦੇ ਰਹੇ।

ਮੁਖੀ ਦੋਵੇਂ ਭਰਾਵਾਂ ਦੁਆਰਾ ਬੇਗੁਨਾਹ ਹੋਣ ਦੀਆਂ ਦਲੀਲਾਂ ਸੁਣ ਕੇ ਹੋਰ ਸਖ਼ਤ ਹੋ ਗਿਆ। ਅੰਤ ਵਿਚ ਦੋਵੇਂ ਭਰਾਵਾਂ ਨੇ ਕਿਹਾ ਸਾਡੇ ਕੋਲ ਇਹ ਦੋ ਉੱਨ ਦੀਆਂ ਸ਼ਾਲਾਂ ਹਨ, ਜਿਸ ਦੇ ਨਾਲ ਅਸੀਂ ਸਰਦੀਆਂ ਵਿਚ ਆਪਣੇ ਆਪ ਨੂੰ ਢਕਦੇ ਹਾਂ। ਤੁਸੀਂ ਮਾਲਾ ਦੇ ਨੁਕਸਾਨ ਨੂੰ ਪੂਰਾ ਕਰਨ ਲਈ ਇਹਨਾਂ ਨੂੰ ਵੇਚ ਸਕਦੇ ਹੋ। ਮੁਖੀ ਨੇ ਇਸ ਪੇਸ਼ਕਸ਼ ਨੂੰ ਤਾਅਨੇ ਵਜੋਂ ਲਿਆ ਅਤੇ ਗੁਸੇ ਵਿਚ ਉਠਦੇ ਹੋਏ ਆਪਣਾ ਫੈਸਲਾ ਸੁਣਾਇਆ ਕਿ ਦੋਵਾਂ ਭਰਾਵਾਂ ਦੀਆਂ ਅਖਾਂ ਵਿਚ ਗਰਮ ਡੰਡੇ ਪਾ ਕੇ ਅੰਨ੍ਹਾ ਕਰ ਦਿਤਾ ਜਾਵੇ। ਇਸ ਹੁਕਮ ਨੂੰ ਤੁਰੰਤ ਲਾਗੂ ਕੀਤਾ ਜਾਣਾ ਸੀ, ਜਦੋਂ ਜਲਾਦ ਲਾਲ ਗਰਮ ਲੋਹੇ ਦੀਆਂ ਰਾਡਾਂ ਨੂੰ ਨੇੜੇ ਲਿਆਇਆ ਤਾਂ ਭਾਈ ਜਗਤਾ ਜੀ ਹਸ ਪਏ। ਇਹ ਵੇਖ ਕੇ ਮੁਖੀ ਹੈਰਾਨ ਹੋਇਆ ਤੇ ਕਿਹਾ ਕਿ ਇਸ ਭਿਆਨਕ ਸਮੇਂ ਤੈਨੂੰ ਕਿਹੜੀ ਗਲ 'ਤੇ ਹਾਸਾ ਆ ਰਿਹਾ ਹੈ? ਕੀ ਤੁਹਾਨੂੰ ਇਹ ਨਹੀਂ ਪਤਾ ਕਿ ਤੁਸੀਂ ਹਮੇਸ਼ਾ ਲਈ ਆਪਣੀ ਨਜ਼ਰ ਗੁਆ ਬੈਠੋਗੇ? ਭਾਈ ਜਗਤਾ ਰਾਮ ਜੀ ਨੇ ਮੁਸਕਰਾਉਂਦੇ ਹੋਏ ਕਿਹਾ ਮੈਂ ਸੋਚ ਰਿਹਾ ਹਾਂ ਕਿ ਰਬ ਕੋਲ ਪਹਿਲਾਂ ਛੋਟਾ ਭਰਾ ਜਾਵੇਗਾ ਜਾਂ ਵਡਾ ਭਰਾ। ਉਸਦੇ ਜਵਾਬ ਦੀ ਸਾਦਗੀ ਨੇ ਮੁਖੀ ਨੂੰ ਮੋਹ ਲਿਆ। ਭਾਈ ਜਗਤਾ ਜੀ ਦੀ ਸੋਚ ਨੇ ਮੁਖੀ ਨੂੰ ਹੈਰਾਨ ਕਰ ਦਿਤਾ ਕਿ ਰਬ ਦੀ ਰਜ਼ਾ ਵਿਚ ਰਹਿਣ ਵਾਲੇ ਭਰਾ ਮਾਲਾ ਚੋਰੀ ਨਹੀਂ ਕਰ ਸਕਦੇ। ਉਸਨੇ ਸਥਿਤੀ ਨੂੰ ਮੁੜ ਵੇਖਿਆ ਤੇ ਫਾਂਸੀ ਨੂੰ ਤੁਰੰਤ ਰੋਕਣ ਲਈ ਬੁਲਾਇਆ। ਭਾਈ ਜਗਤਾ ਜੀ ਤੇ ਉਹਨਾਂ ਦੇ ਭਰਾ ਨੂੰ ਬਰੀ ਕਰ ਦਿਤਾ। ਕੈਦ ਵਿਚ ਰਿਹਾ ਹੋਣ ਤੋਂ ਬਾਅਦ ਦੋਵੇਂ ਭਰਾਵਾਂ ਨੇ ਆਪਣੇ ਭਵਿਖ ਬਾਰੇ ਸੋਚਿਆ ਕਿ ਇਸ ਅਯੋਗ ਅਤੇ ਉਲਝਣ ਵਾਲੇ ਭੌਤਿਕ ਸੰਸਾਰ ਵਿਚ ਕੋਸ਼ਿਸ਼ ਕਰਨ ਦਾ ਕੋਈ ਫਾਇਦਾ ਨਹੀਂ ਹੈ। ਇਸ ਦੀ ਥਾਂ ਸਾਨੂੰ ਇਕ ਉਚ ਅਧਿਆਤਮਿਕ ਟੀਚਾ ਤੇ ਸੁੰਦਰਤਾ ਵਾਲਾ ਕੰਮ ਕਰਨਾ ਚਾਹੀਦਾ ਹੈ ਜੋ ਕੇਵਲ ਅਕਾਲ ਪੁਰਖ ਦੀ ਸ਼ਰਧਾ ਅਤੇ ਪਵਿਤਰ ਸੇਵਾ ਦੁਆਰਾ ਪ੍ਰਾਪਤ ਕੀਤਾ ਜਾ ਸਕਦਾ ਹੈ।[2]

ਭਾਈ ਜਗਤਾ ਰਾਮ ਜੀ ਸਭ ਕੁਝ ਛਡ ਕੇ ਨੂਰਪੁਰ ਵਿਖੇ ਪਹੁੰਚੇ। ਉਥੇ ਭਾਈ ਆਇਆ ਰਾਮ ਜੀ ਨੂਰਪੁਰ ਧਰਮਸ਼ਾਲਾ ਵਿਚ ਬੈਠੇ ਸਨ ਤਾਂ ਉਥੇ ਸਾਧੂ ਦੁਆਰਾ ਪ੍ਰੀਖਿਆ ਲਈ ਗਈ। ਸਾਧੂ ਨੇ ਹੁਕਮ ਕੀਤਾ ਕਿ ਭਾਈ ਤੁਸੀਂ ਮੇਰੀ ਲਤ ਨੂੰ ਰਸਾ ਪਾ ਕੇ ਬਾਹਰ ਸੁਟ ਕੇ ਆਵੋ। ਜੋ ਵੀ ਸਾਧੂ ਆਵੇ ਉਸਨੂੰ ਇਹੋ ਹੁਕਮ ਕੀਤਾ, ਜਦੋਂ ਭਾਈ ਜਗਤਾ ਰਾਮ ਜੀ ਆਏ ਤਾਂ ਆਗਿਆ ਮੰਨ ਕੇ ਆਪਣੇ ਲਕ ਦੇ ਦੁਆਲੇ ਰਸੀ ਬੰਨੀ ਤਾਂ ਕਿ ਖਿਚਣ

[2] ਨਿਜੀ ਮਿਲਣੀ, ਮਹੰਤ ਕਾਹਨ ਸਿੰਘ ਜੀ, ਟਿਕਾਣਾ ਭਾਈ ਜਗਤਾ ਜੀ, 20 ਜਨਵਰੀ 2022.

ਸਮੇਂ ਰਸੀ ਹੀ ਖਿਚੀ ਜਾਵੇ ਤੇ ਭਾਈ ਆਇਆ ਰਾਮ ਜੀ ਨੂੰ ਕੋਈ ਤਕਲੀਫ ਨਾ ਆਵੇ। ਇਸ ਤਰ੍ਹਾਂ ਕਰਕੇ ਦੂਰ ਸੁਟ ਆਏ ਤਾਂ ਭਾਈ ਆਇਆ ਰਾਮ ਜੀ ਬੋਲੇ ਕਿ ਤੂੰ ਵਡਾ ਪੁਰਖ ਹੋਵੇਗਾ, ਤੂੰ ਸਾਡੀ ਗਲ ਸਮਝੀ ਹੈ। ਨੂਰਪੁਰ ਵਿਖੇ ਭਾਈ ਆਇਆ ਰਾਮ ਜੀ ਦੀ ਆਗਿਆ ਵਿਚ ਭਾਈ ਜਗਤਾ ਜੀ ਰਹੇ ਤੇ ਸੇਵਾ ਕਰਨ ਲਗੇ।[3]

ਭਾਈ ਜਗਤਾ ਜੀ ਨੇ ਭਾਈ ਭੱਲਾ ਰਾਮ ਜੀ ਦੀ ਸੇਵਾ ਵਿਚ ਆਪਣੇ ਆਪ ਨੂੰ ਸਮਰਪਣ ਕਰ ਦਿਤਾ। ਭਾਈ ਭੱਲਾ ਰਾਮ ਜੀ ਇਕ ਪਵਿਤਰ ਪੁਰਸ਼ ਹੋਣ ਦੇ ਨਾਲ-ਨਾਲ ਇਕ ਦਰਸ਼ਕ ਤੇ ਦਾਵੇਦਾਰ ਸਨ। ਉਹਨਾਂ ਨੇ ਭਾਈ ਜਗਤਾ ਜੀ ਦੀਆਂ ਸੇਵਾਵਾਂ ਨੂੰ ਸਵੀਕਾਰ ਕੀਤਾ। ਉਸ ਸਮੇਂ ਧਰਮਸ਼ਾਲਾ ਦੀ ਉਸਾਰੀ ਚਲ ਰਹੀ ਸੀ ਤੇ ਭਾਈ ਜਗਤਾ ਜੀ ਤੁਰੰਤ ਮਿਸਤਰੀ ਦੇ ਨਾਲ ਮਜ਼ਦੂਰ ਵਜੋਂ ਸ਼ਾਮਿਲ ਹੋ ਗਏ ਪਰ ਕੋਈ ਪੈਸਾ ਨਾ ਲਿਆ। ਭਾਈ ਜਗਤਾ ਗੰਦਗੀ ਅਤੇ ਮਿਟੀ ਨੂੰ ਛਾਣ ਕੇ ਮੋਰਟਾਰ ਤਿਆਰ ਕਰਦੇ ਤੇ ਆਪਣੇ ਸਿਰ ’ਤੇ ਮੋਰਟਾਰ ਭਰ ਕੇ ਉਸਾਰੀ ਵਾਲੀ ਥਾਂ ਲੈ ਕੇ ਜਾਂਦੇ। ਸ਼ਾਮ ਨੂੰ ਜੂਟ ਦੇ ਰੇਸ਼ਿਆਂ ਨੂੰ ਲੈ ਕੇ ਸੂਤੀ ਵਿਚ ਰਖ ਕੇ ਤਿਆਰ ਕਰਦੇ ਤੇ ਆਪਣੇ ਗੁਜ਼ਾਰੇ ਲਈ ਪੈਸੇ ਕਮਾਉਣ ਲਈ ਸੂਤੀ ਵੇਚਦੇ ਸਨ। ਭਾਈ ਜਗਤਾ ਜੀ ਦੇ ਭਰਾ ਵੀ ਨਾਲ ਹੀ ਕੰਮ ਕਰਵਾਉਂਦੇ ਸਨ। ਕਈ ਮਹੀਨਿਆਂ ਤਕ ਭਾਈ ਭੱਲਾ ਰਾਮ ਜੀ ਉਨ੍ਹਾਂ ਦੋਵੇਂ ਭਰਾਵਾਂ ’ਤੇ ਨਜ਼ਰ ਰਖੀ। ਦੋਵੇਂ ਭਰਾ ਦਿਨ ਸਮੇਂ ਵਧ ਸੇਵਾ ਕਰਨ ਲਗੇ ਤੇ ਦੇਰ ਰਾਤ ਤਕ ਸੂਤੀ ਬਣਾਉਣ ਦਾ ਕੰਮ ਕਰਦੇ ਸਨ। ਭਾਵੇਂ ਉਹਨਾਂ ਦੀ ਆਮਦਨ ਥੋੜੀ ਸੀ ਪਰ ਲੰਗਰ ਵਿਚ ਮਾਇਆ ਦਾ ਯੋਗਦਾਨ ਪਾਉਂਦੇ ਤੇ ਸੰਗਤ ਲਈ ਹਰ ਰੋਜ਼ ਚੰਗਾ ਭੋਜਨ ਤਿਆਰ ਕਰਦੇ। ਇਕ ਦਿਨ ਭਾਈ ਭੱਲਾ ਰਾਮ ਜੀ ਉਹਨਾਂ ਦੀ ਤਰਕੀ ਨੂੰ ਵੇਖਦੇ ਹੋਏ, ਉਹਨਾਂ ਨੂੰ ਅਸੀਸ ਦੇਣ ਲਈ ਆਏ ਤੇ ਉਹਨਾਂ ਨੂੰ ਲੰਗਰ ਹਾਲ ਵਿਚ ਖਾਣਾ ਖਾਣ ਦੀ ਆਗਿਆ ਦਿਤੀ। ਉਹ ਆਪਣੇ ਇਮਤਿਹਾਨ ਪਾਸ ਕਰਕੇ ਸੇਵਾ ਪੰਥ ਵਿਚ ਪ੍ਰਵਾਨ ਹੋ ਗਏ ਸਨ।

ਭਾਈ ਜਗਤਾ ਰਾਮ ਜੀ ਦੀਆਂ ਭਾਈ ਭੱਲਾ ਰਾਮ ਜੀ ਨੇ ਗਦੀ ਦੇਣ ਸਮੇਂ ਅਨੇਕਾਂ ਪ੍ਰੀਖਿਆਵਾਂ ਲਈਆ ਸਨ। ਪਹਿਲਾਂ ਕਿਹਾ ਜਾਉ ਕਹੀ ਲੈ ਕੇ ਆਉ ਫਿਰ ਵਾਪਿਸ ਬੁਲਾ ਕੇ ਕਿਹਾ ਪੌੜੀ ਲੈ ਕੇ ਆਉ। ਜਦ ਭਾਈ ਜਗਤਾ ਰਾਮ ਪੌੜੀ ਲੈਣ ਲਈ ਗਏ ਤਾਂ ਭਾਈ ਭੱਲਾ ਰਾਮ ਜੀ ਨੇ ਬੁਲਾ ਕੇ ਕਿਹਾ ਛਬਾ ਲੈ ਕੇ ਆਉ।[4] ਫਿਰ

---

[3] ਨਰਿੰਦਰ ਸਿੰਘ ਸੋਚ, *ਬ੍ਰਹਮ ਗਿਆਨੀ ਭਾਈ ਜਗਤਾ ਜੀ ਜੀਵਨ ਤੇ ਜੀਵਨ-ਦਰਸ਼ਨ,* ਸੇਵਾ ਜੋਤੀ ਪ੍ਰਕਾਸ਼ਨ, ਗੋਨਿਆਣਾ ਮੰਡੀ, 2009, ਪੰਨਾ 50.

[4] ਉਹੀ, ਪੰਨਾ 55.

ਜਗਤਾ ਰਾਮ ਜੀ ਸਤ ਬਚਨ ਕਹਿ ਕੇ ਛਬਾ ਲੈਣ ਚਲ ਪਏ ਹਾਲੇ ਦੋ ਕਦਮ ਹੀ ਤੁਰੇ ਸਨ ਤਾਂ ਭਾਈ ਭੱਲਾ ਰਾਮ ਜੀ ਨੇ ਫਿਰ ਕਿਹਾ ਪਾਣੀ ਦਾ ਘੜਾ ਲੈ ਕੇ ਆਉ। ਜਦ ਪਾਣੀ ਦਾ ਘੜਾ ਲੈ ਕੇ ਭਰਨ ਲਈ ਜਾਣ ਲਗੇ ਤਾਂ ਕਿਹਾ ਕਿ ਘੜਾ ਰਖ ਕੇ ਇਧਰ ਆਵੋ। ਭਾਈ ਜਗਤਾ ਰਾਮ ਜੀ ਹਥ ਜੋੜ ਕੇ ਅਗੇ ਖੜੇ ਹੋ ਗਏ। ਭਾਈ ਭੱਲਾ ਰਾਮ ਜੀ ਨੇ ਗੁਸੇ ਨਾਲ ਕਿਹਾ ਤੈਨੂੰ ਕੁਝ ਕੰਮ ਕਰਨ ਲਈ ਦਿਤੇ ਸਨ ਤੂੰ ਕਿਸੇ ਕੰਮ ਨੂੰ ਪੂਰਾ ਨਹੀਂ ਕੀਤਾ। ਭਾਈ ਜਗਤਾ ਰਾਮ ਜੀ ਨੇ ਭਾਈ ਭੱਲਾ ਰਾਮ ਜੀ ਦੇ ਅਗੇ ਬੇਨਤੀ ਕੀਤੀ ਕਿ ਮੇਰੀ ਬੁਧੀ ਨੀਚ ਹੈ, ਜਿਸ ਕਰਕੇ ਮੈਨੂੰ ਸੇਵਾ ਦੀ ਅਕਲ ਨਹੀਂ ਹੈ। ਭਾਈ ਭੱਲਾ ਰਾਮ ਜੀ ਨੇ ਭਾਈ ਜਗਤਾ ਰਾਮ ਜੀ ਨੂੰ ਗਲ ਨਾਲ ਲਾਇਆ ਤੇ ਕਿਹਾ ਇਹ ਸਚੀ ਸੇਵਾ ਹੈ, ਕੋਈ ਦਿਖਾਵਾ ਨਹੀਂ ਹੈ।

ਭਾਈ ਜਗਤਾ ਰਾਮ ਜੀ ਮਨੁਖਤਾ ਦੀ ਹਰ ਸੰਭਵ ਸੇਵਾ ਕਰਨ ਵਾਲੇ ਸਨ। ਇਕ ਸਚੇ ਗਿਆਨਵਾਦੀ ਦੇ ਰੂਪ ਵਿਚ ਆਪਣੀ ਕਿਸਮ, ਸਮਾਨਤਾਵਾਦੀ ਸੁਭਾਅ ਦੇ ਨਾਲ ਕੁਝ ਸਮੇਂ ਵਿਚ ਉਹਨਾਂ ਨੇ ਚੋਰਾਂ ਅਤੇ ਡਾਕੂਆਂ ਸਮੇਤ ਸਥਾਨਕ ਆਬਾਦੀ ’ਤੇ ਪ੍ਰਭਾਵ ਬਣਾਉਣਾ ਸ਼ੁਰੂ ਕਰ ਦਿਤਾ ਸੀ। ਉਹਨਾਂ ਨੇ ਹਰ ਕਿਸੇ ਵਿਚ ਰਬ ਨੂੰ ਦੇਖਿਆ। ਭਾਈ ਜਗਤਾ ਰਾਮ ਜੀ ਆਪਣੀ ਰਾਤ ਦੀ ਸੈਰ ਦੌਰਾਨ ਉਹ ਛੁਪੇ ਹੋਏ ਚੋਰਾਂ ਨੂੰ ਭੋਜਨ ਲੈ ਕੇ ਜਾਂਦੇ ਤੇ ਪੂਰੇ ਆਦਰ ਨਾਲ ਚੋਰਾਂ ਦੀ ਸੇਵਾ ਕਰਦੇ ਸਨ।

ਭਾਈ ਭੱਲਾ ਰਾਮ ਜੀ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਦੀ ਬਹੁਤ ਇਛਾ ਸੀ। ਉਹਨਾਂ ਨੇ ਧਰਮਸ਼ਾਲਾ ਦਾ ਪ੍ਰਬੰਧ ਭਾਈ ਜਗਤਾ ਜੀ ਦੀ ਦੇਖ-ਰੇਖ ਵਿਚ ਛਡਣ ਦਾ ਫੈਸਲਾ ਕੀਤਾ। ਉਹ ਸ੍ਰੀ ਦਰਬਾਰ ਸਾਹਿਬ ਕੀਰਤਨ ਸੁਣ ਕੇ ਵਾਪਸ ਨੂਰਪੁਰ ਆਏ। ਵਾਪਸ ਆਉਂਦੇ ਸਮੇਂ ਜੰਗਲ ਵਿਚ ਹਥਿਆਰਬੰਦ ਡਾਕੂਆਂ ਨੇ ਘੇਰਾ ਪਾ ਲਿਆ। ਜਦ ਭਾਈ ਭੱਲਾ ਰਾਮ ਜੀ ਤੋਂ ਡਾਕੂਆਂ ਨੇ ਪੁਛਿਆ ਕਿ ਤੁਸੀਂ ਭਾਈ ਜਗਤਾ ਰਾਮ ਜੀ ਦੀ ਧਰਮਸ਼ਾਲਾ ਤੋਂ ਹੋ ਤਾਂ ਭਾਈ ਭੱਲਾ ਰਾਮ ਜੀ ਨੇ ਜਵਾਬ ਦਿਤਾ ਕਿ ਅਸੀਂ ਉਸੇ ਧਰਮਸ਼ਾਲਾ ਦੇ ਹਾਂ। ਫਿਰ ਡਾਕੂਆਂ ਦੇ ਸਮੂਹ ਨੇ ਭਾਈ ਭੱਲਾ ਰਾਮ ਜੀ ਨੂੰ ਜਾਣ ਦੀ ਆਗਿਆ ਦਿਤੀ। ਜਦ ਨੂਰਪੁਰ ਪਹੁੰਚੇ ਤਾਂ ਭਾਈ ਜਗਤਾ ਰਾਮ ਜੀ ਨੂੰ ਕਿਹਾ ਕਿ ਭਾਈ ਅਜ ਅਸੀਂ ਤੇਰੇ ਕਰਕੇ ਬਚ ਗਏ।[5]

---

[5] ਨਰਿੰਦਰ ਸਿੰਘ ਸੋਚ, *ਬ੍ਰਹਮ ਗਿਆਨੀ ਭਾਈ ਜਗਤਾ ਜੀ ਜੀਵਨ ਤੇ ਜੀਵਨ-ਦਰਸ਼ਨ,* ਸੇਵਾ ਜੋਤੀ ਪ੍ਰਕਾਸ਼ਨ, ਗੋਨਿਆਣਾ ਮੰਡੀ, 2009, ਪੰਨਾ 60.

ਭਾਈ ਭੱਲਾ ਰਾਮ ਜੀ ਨੂੰ ਹੁਣ ਯਕੀਨ ਹੋ ਗਿਆ ਸੀ ਕਿ ਭਾਈ ਜਗਤਾ ਰਾਮ ਜੀ ਹੰਕਾਰ ਤੋਂ ਅਛੂਤੇ ਹੋਏ ਹਨ ਤੇ ਦਿਖਾਵੇ, ਧੋਖੇ ਤੋਂ ਰਹਿਤ ਹਨ। ਬਹੁਤ ਭਾਵੁਕਤਾ ਨਾਲ ਭਾਈ ਭੱਲਾ ਰਾਮ ਜੀ ਨੇ ਮਿਲ ਕੇ ਭਾਈ ਜਗਤਾ ਰਾਮ ਜੀ ਨੂੰ ਗਲੇ ਲਾ ਲਿਆ ਅਤੇ ਉਹਨਾਂ ਦੀ ਛੋਹ ਨੇ ਭਾਈ ਜਗਤਾ ਜੀ ਨੂੰ ਬ੍ਰਹਮ ਦਾ ਗਿਆਨ ਕੀਤਾ। ਭਾਈ ਭਲਾ ਰਾਮ ਜੀ ਨੇ ਕਿਹਾ ਕਿ ਭਾਈ ਜਗਤਾ ਰਾਮ ਤੁਸੀਂ ਬਹੁਤ ਮਹਾਨ ਪੁਰਸ਼ ਹੋ। ਭਾਈ ਭੱਲਾ ਰਾਮ ਜੀ ਨੇ ਹੁਕਮ ਕੀਤਾ ਕਿ ਤੁਸੀਂ ਕਿਰਤ ਵਖ ਰਖਣੀ ਤੇ ਪੂੰਜੀ ਵਖ ਰਖਣੀ ਹੈ। ਇਸ ਤਰ੍ਹਾਂ ਉਪਦੇਸ਼ ਦੇ ਕੇ ਭਾਈ ਜਗਤਾ ਰਾਮ ਜੀ ਨੂੰ ਸਾਰੀ ਸੇਵਾ ਸੌਂਪ ਕੇ 1797 ਈਸਵੀ ਵਿਚ 75 ਸਾਲ ਦੀ ਉਮਰ ਵਿਚ ਭਾਈ ਭੱਲਾ ਰਾਮ ਜੀ ਗੁਰੂ ਚਰਨਾਂ ਵਿਚ ਜਾ ਬਿਰਾਜੇ।

ਭਾਈ ਜਗਤਾ ਰਾਮ ਜੀ ਨੂਰਪੁਰ ਧਰਮਸ਼ਾਲਾ ਦੇ ਨਵੇਂ ਸੇਵਾਦਾਰ ਬਣੇ। ਉਹਨਾਂ ਦੀ ਮਹਿਮਾ ਅਧਿਆਤਮਿਕਤਾ, ਪਰਉਪਕਾਰ ਤੇ ਪ੍ਰਸਿਧੀ ਦਿਨੋ-ਦਿਨ ਵਧਦੀ ਗਈ। ਮਹਾਰਾਜਾ ਰਣਜੀਤ ਸਿੰਘ ਸਮੇਤ ਪੰਜਾਬ ਦੇ ਸਾਰੇ ਸਰਦਾਰਾਂ, ਹਿੰਦੂਆਂ, ਮੁਸਲਮਾਨਾਂ ਤੇ ਸਿਖਾਂ ਨੇ ਉਹਨਾਂ ਦਾ ਸਤਿਕਾਰ ਕੀਤਾ ਤੇ ਉਹਨਾਂ ਦੇ ਹਰ ਹੁਕਮ ਦੀ ਪਾਲਣਾ ਕੀਤੀ।

ਭਾਈ ਜਗਤਾ ਜੀ ਨੇ ਜਾਨਵਰਾਂ ਨੂੰ ਕਤਲੇਆਮ ਤੋਂ ਬਚਾਉਣਾ, ਜਾਨਵਰਾਂ ਤੇ ਪੰਛੀਆਂ ਨੂੰ ਖੁਰਾਕ ਦੇਣੀ ਅਤੇ ਉਨ੍ਹਾਂ ਨੂੰ ਪਨਾਹ ਦੇਣੀ, ਚੋਰਾਂ, ਅਪਰਾਧੀਆਂ ਦੀ ਇਜ਼ਤ ਦੀ ਰਾਖੀ ਕਰਨੀ, ਗਰੀਬਾਂ, ਦਬੇ-ਕੁਚਲੇ ਲੋਕਾਂ ਨੂੰ ਆਪਣੇ ਸ਼ਾਸ਼ਕਾਂ ਤੇ ਸਰਦਾਰਾਂ ਤਕ ਪਹੁੰਚਾਣ ਦੇ ਪ੍ਰਬੰਧ ਕਰਦੇ ਸਨ। ਪਾਣੀ ਦੀ ਲੋੜ ਵਾਲੇ ਇਲਾਕੇ ਲਈ ਖੂਹ ਪੁਟਦੇ ਤੇ ਸਮਾਜ ਦੇ ਦਬੇ ਹੋਏ ਲੋਕਾਂ ਦੀ ਦੇਖ-ਭਾਲ ਕਰਨ ਲਈ ਆਪਣੀ ਜ਼ਾਇਦਾਦ ਵੀ ਵੇਚ ਦਿਤੀ ਸੀ।

ਭਾਈ ਜਗਤਾ ਜੀ ਨੂੰ ਜਦੋ ਮਹਾਰਾਜਾ ਖੜਕ ਸਿੰਘ ਨੇ ਕੋਈ ਸੇਵਾ ਪੁਛੀ ਤਾਂ ਭਾਈ ਜਗਤਾ ਜੀ ਨੇ ਕਿਹਾ ਕਿ "ਚਿੜੀਆਂ ਲਈ ਦਾਣੇ ਅਰ ਕੁਤਿਆਂ ਲਈ ਰੋਟੀਆਂ ਨਮਿਤ ਈਹਾਂ ਧਰਮਸਾਲਾ ਮੈਂ ਕਛੂ ਲਾਇ ਛੋਡੋ। ਤਬ ਕਛੁਕ ਭਾਈ ਜਵਾਇਆ ਰਾਮ ਜੀ ਕੀ ਧਰਮਸ਼ਾਲ ਮੈਂ ਦਾਣੇ ਲਗੇ ਚਿੜੀਆਂ ਕੁਤਿਆਂ ਨਮਿਤ। ਸੋ ਜੇਤਾ ਕਾਲ ਸਰਕਾਰ ਕਾ ਰਾਜ ਰਹਿਆ ਸੋ ਧਰਮਸਾਲ ਸਹੀਵਾਲ ਮੈਂ ਦਾਣੇ ਲੈਤੇ ਹੀ ਰਹ ਹੈ।"[6] ਭਾਈ ਜਗਤਾ ਜੀ ਨੇ ਉਜਾੜਾਂ ਵਿਚ ਪੰਛੀਆਂ ਲਈ ਜਲ ਤੇ ਦਾਣੇ ਦਾ ਪ੍ਰਬੰਧ ਕੀਤਾ। ਇਕ ਰਾਤ ਗਿਦੜ ਹੁਆਂਕਦੇ ਸੁਣੇ ਤਾਂ

[6] ਸੰਤ ਲਾਲ ਚੰਦ, *ਸ੍ਰੀ ਸੰਤ ਰਤਨ ਮਾਲਾ,* ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ, ਅੰਮ੍ਰਿਤਸਰ, ਮਿਤੀਹੀਨ, ਪੰਨਾ 28.

ਸੋਚਿਆ ਕਿ ਪਾਣੀ ਦੀ ਘਾਟ ਕਰਕੇ ਦੁਖੀ ਹਨ ਤਾਂ ਭਾਈ ਜਗਤਾ ਜੀ ਨੇ ਉਜਾੜਾਂ ਵਿਚ ਤਲਾ ਖੁਦਵਾ ਕੇ ਜਾਨਵਰਾਂ ਲਈ ਪਾਣੀ ਦਾ ਪ੍ਰਬੰਧ ਕੀਤਾ।

ਭਾਈ ਜਗਤਾ ਜੀ ਦੀ ਸੇਵਾ ਦਾ ਕਾਰਜਕਾਲ ਬਹੁਤ ਪ੍ਰੇਰਨਾਦਾਇਕ ਸੀ ਕਿ ਉਨ੍ਹਾਂ ਨੇ ਬਹੁਤ ਸਾਰੇ ਰਾਜਿਆਂ, ਸਰਦਾਰਾਂ, ਆਮ ਲੋਕਾਂ, ਚੋਰ, ਅਪਰਾਧੀਆਂ, ਸਾਧਾਂ, ਪੀਰਾਂ ਅਤੇ ਸ਼ਰਧਾਲੂ ਭਾਵੇਂ ਸਿਖ, ਹਿੰਦੂ ਜਾਂ ਮੁਸਲਮਾਨ ਸੀ। ਉਹਨਾਂ ਨੇ ਸਭ ਨੂੰ ਪ੍ਰਭਾਵਿਤ ਕੀਤਾ। ਭਾਈ ਕਨ੍ਹਈਆ ਜੀ ਦੇ ਪੰਜਵੇਂ ਅਧਿਆਤਮਿਕ ਵੰਸ਼ਜ ਨੇ ਆਪਣੀ ਮਹਾਨ ਦਿਆਲਤਾ, ਪਰਉਪਕਾਰੀ, ਸੰਜਮ ਅਤੇ ਪ੍ਰਮਾਤਮਾ ਵਰਗੀ ਮਿਹਰਬਾਨੀ ਵਾਲੀ ਬਿਰਤੀ ਦੁਆਰਾ ਪਛਮੀ ਪੰਜਾਬ ਦੀ ਸੰਤਤਾ ਦਾ ਚਿਹਰਾ ਸਦਾ ਲਈ ਬਦਲ ਦਿਤਾ ਸੀ।

ਭਾਈ ਜਗਤਾ ਰਾਮ ਜੀ ਆਉਣ ਵਾਲਿਆਂ ਅਗੇ ਹਥ ਜੋੜਦੇ ਤੇ ਕਹਿੰਦੇ ਸਨ ਕਿ 'ਰਬ ਦੇ ਪਿਆਰਿਓ ਸੇਵਕਾਂ ਦੇ ਭਾਗ ਜਾਗ ਪਏ ਹਨ। ਮੈਂ ਉਹਨਾਂ ਰਾਹਾਂ ਤੋਂ ਸਦਕੇ ਜਿਸ ਰਾਹਾਂ ਤੋਂ ਤੁਸੀਂ ਆਏ ਹੋ। ਜਦੋਂ ਸੰਗਤ ਡੇਰੇ ਆਉਂਦੀ ਤਾਂ ਭਾਈ ਜਗਤਾ ਰਾਮ ਜੀ ਆਪ ਸੰਗਤਾਂ ਲਈ ਮੰਜੀਆਂ ਬਾਹਰ ਕਢ ਕੇ ਕਪੜੇ ਵਿਛਾਉਂਦੇ ਸਨ। ਥਕਿਆਂ ਤੇ ਬੁਢਿਆਂ ਨੂੰ ਮੁਠੀਆਂ ਭਰਦੇ। ਆਪ ਹੀ ਸਾਰੀ ਸੰਗਤ ਨੂੰ ਪਖਾ ਝਲਦੇ ਤੇ ਲੰਗਰ ਛਕਾਉਂਦੇ। ਜਦੋਂ ਭਾਈ ਜਗਤਾ ਰਾਮ ਜੀ ਸੇਵਾ ਕਰਦੇ ਸਨ ਤਾਂ ਡੇਰੇ ਦੇ ਸੇਵਕ ਉਹਨਾਂ ਨੂੰ ਸੇਵਾ ਨਾ ਕਰਨ ਦਿੰਦੇ ਤਾਂ ਭਾਈ ਜਗਤਾ ਰਾਮ ਜੀ ਕਹਿੰਦੇ ਸਨ ਕਿ ਤੁਸੀਂ ਡੇਰੇ ਦੇ ਨੇਮ ਨਾ ਤੋੜੋ, ਸਾਡੇ ਬਜ਼ੁਰਗਾਂ ਦਾ ਨੇਮ ਨਾ ਭੰਗ ਕਰੋ।[7]

ਭਾਈ ਜਗਤਾ ਰਾਮ ਜੀ ਨੇ ਭਾਈ ਹਜ਼ਾਰੀ ਰਾਮ ਨੂੰ ਕਿਹਾ ਕਿ ਅਸੀਂ ਹੁਣ ਆਪਣੀ ਯਾਤਰਾ ਪੂਰੀ ਕਰਕੇ ਜਾ ਰਹੇ ਹਾਂ। ਹੁਣ ਟਿਕਾਣੇ ਦੀ ਸਾਂਭ-ਸੰਭਾਲ ਤੁਸੀਂ ਕਰਨੀ ਹੈ। ਭਾਈ ਹਜ਼ਾਰੀ ਰਾਮ ਨੇ ਕਿਹਾ ਕਿ ਇਹ ਸੇਵਾ ਕਿਸੇ ਨੂੰ ਬਖਸ਼ੋ ਤੇ ਮੈਨੂੰ ਪਹਿਲਾਂ ਵਾਂਗ ਟਿਕਾਣੇ ਦੀ ਸੇਵਾ ਬਖਸ਼ੀ ਰਖੋ। ਭਾਈ ਜਗਤਾ ਰਾਮ ਜੀ ਦਿਆਲ ਹੋ ਕੇ ਬੋਲੇ ਭਾਈ ਹਜ਼ਾਰੀ ਰਾਮ ਤੁਸੀਂ ਕੇਵਲ ਵਿਚ ਖੜਨਾ ਹੈ ਕੰਮ ਕਰਤਾਰ ਆਪੇ ਚਲਾਏਗਾ। ਪਰ ਨੂਰਪੁਰ ਥਲ ਵਿਚ ਜਿੰਨੇ ਖੂਹ ਬਣਾਏ ਹਨ ਸਾਰੇ ਕਾਇਮ ਰਖਣੇ ਹਨ ਤੇ ਕਿਸੇ ਨੂੰ ਵੀ ਢਾਉਣ ਨਹੀਂ ਦੇਣਾ।

---

[7] ਨਰਿੰਦਰ ਸਿੰਘ ਸੋਚ, *ਬ੍ਰਹਮ ਗਿਆਨੀ ਭਾਈ ਜਗਤਾ ਜੀ ਜੀਵਨ ਤੇ ਜੀਵਨ-ਦਰਸ਼ਨ,* ਸੇਵਾ ਜੋਤੀ ਪ੍ਰਕਾਸ਼ਨ, ਗੋਨਿਆਣਾ ਮੰਡੀ, 2009, ਪੰਨਾ 70.

ਭਾਈ ਹਜ਼ਾਰੀ ਰਾਮ ਨੇ ਭਾਈ ਜਗਤਾ ਰਾਮ ਜੀ ਨੂੰ ਮਥਾ ਟੇਕਿਆ ਤੇ ਭਾਈ ਜਗਤਾ ਰਾਮ ਜੀ ਨੇ ਭਾਈ ਹਜ਼ਾਰੀ ਰਾਮ ਜੀ ਦੇ ਪਿਠ 'ਤੇ ਬਰਕਤਾਂ ਭਰੀ ਥਾਪੀ ਦਿਤੀ। ਭਾਈ ਜਗਤਾ ਰਾਮ ਜੀ 70 ਸਾਲ ਦੀ ਉਮਰ ਬਤੀਤ ਕਰਕੇ 1811 ਈ. ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ।

1947 ਵਿਚ ਭਾਰਤ ਦੀ ਵੰਡ ਕੀਤੀ। ਮੁਸਲਮਾਨਾਂ ਦੀਆਂ ਭੀੜਾਂ ਨੇ ਕੀਮਤੀ ਸਮਾਨ ਲੁਟਣ ਲਈ ਧਾਰਮਿਕ ਸੰਸਥਾਵਾਂ 'ਤੇ ਹਮਲੇ ਸ਼ੁਰੂ ਕਰ ਦਿਤੇ। ਮਹੰਤ ਗੁਲਾਬ ਸਿੰਘ ਜੀ ਦੀ ਦੇਖ-ਰੇਖ ਹੇਠ ਟਿਕਾਣਾ ਸਾਹਿਬ ਵਿਖੇ 5000 ਲੋਕਾਂ ਦੀ ਭੀੜ ਇਕਠੀ ਹੋ ਗਈ। ਅਕਾਲ ਪੁਰਖ ਦੀ ਕਿਰਪਾ ਨਾਲ ਮਹੰਤ ਸਾਹਿਬ ਉਨ੍ਹਾਂ ਸਾਰਿਆਂ ਨੂੰ ਪਾਕਿਸਤਾਨ ਦੇ ਸਰਗੋਧਾ ਡੇਰੇ ਅਤੇ ਫਿਰ ਫੌਜ ਦੀ ਸਹਾਇਤਾ ਨਾਲ ਅੰਮ੍ਰਿਤਸਰ ਲੈ ਆਏ। ਫਿਰ ਉਨ੍ਹਾਂ ਨੇ ਟਿਕਾਣਾ ਸਾਹਿਬ ਦੀ ਮੁੜ ਸਥਾਪਨਾ ਲਈ ਗੋਨਿਆਣਾ ਮੰਡੀ, ਜ਼ਿਲ੍ਹਾ ਬਠਿੰਡਾ ਦੀ ਚੋਣ ਕੀਤੀ ਅਤੇ 1948 ਵਿਚ ਜ਼ਮੀਨ ਖਰੀਦੀ। ਇਥੇ ਇਕ ਛੋਟਾ ਜਿਹਾ ਆਸ਼ਰਮ ਬਣਾਇਆ। 1950 ਵਿਚ ਆਪਣਾ ਨਾਸ਼ਵਾਨ ਸਰੀਰ ਤਿਆਗ ਦਿਤਾ ਤੇ ਮਹੰਤ ਭਾਈ ਆਸਾ ਸਿੰਘ ਜੀ ਨੂੰ ਆਪਣਾ ਉਤਰਾਧਿਕਾਰੀ ਚੁਣਿਆ। 24 ਸਾਲ ਦੇ ਅੰਦਰ ਮਹੰਤ ਆਸਾ ਸਿੰਘ ਨੇ ਟਿਕਾਣਾ ਸਾਹਿਬ ਨੂੰ ਇਕ ਸਕੂਲ ਅਤੇ ਕੁੜੀਆਂ ਲਈ ਕਾਲਜ ਦੇ ਨਾਲ ਇਕ ਵਿਸ਼ਾਲ ਕੰਪਲੈਕਸ ਵਿਚ ਬਦਲ ਦਿਤਾ। ਇਹ ਕਾਲਜ ਦਖਣੀ ਪੰਜਾਬ ਵਿਚ ਆਪਣੀ ਕਿਸਮ ਦਾ ਪਹਿਲਾ ਕਾਲਜ ਸੀ। ਮਹੰਤ ਤੀਰਥ ਸਿੰਘ ਜੀ ਨੇ ਉਨ੍ਹਾਂ ਤੋਂ ਬਾਅਦ ਟਿਕਾਣਾ ਸਾਹਿਬ ਦਾ ਹੋਰ ਵਿਸਥਾਰ ਕੀਤਾ, ਦਰਜਨਾਂ ਸਕੂਲ, ਕਾਲਜ ਤੇ ਕੁਝ ਹਸਪਤਾਲ ਖੋਲਣੇ ਸ਼ੁਰੂ ਕੀਤੇ ਅਤੇ 34 ਸਾਲਾਂ ਤੋਂ ਬਾਅਦ ਮਹੰਤ ਬਾਬਾ ਕਾਹਨ ਸਿੰਘ ਜੀ ਨੂੰ ਟਿਕਾਣਾ ਭਾਈ ਜਗਤਾ ਰਾਮ ਜੀ ਦਾ ਮਹੰਤ ਚੁਣਿਆ ਗਿਆ।

## ਸੰਤ ਸ਼ਾਮ ਸਿੰਘ

ਸੰਤ ਸ਼ਾਮ ਸਿੰਘ ਜੀ ਦਾ ਜਨਮ ਸ਼ਾਹਪੁਰ ਸ਼ਹਿਰ ਵਿਖੇ ਅਨੁਮਾਨ ਹੈ ਕਿ 1860 ਬਿ. (1803 ਈ.) ਦੇ ਅਨੁਮਾਨ ਹੋਇਆ। ਪਿਤਾ ਦਰਬਾਰੀ ਜੀ ਦੀ ਥੋੜ੍ਹੇ ਸਮੇਂ ਬਾਅਦ ਮੌਤ ਹੋ ਗਈ ਸੀ। ਘਰ ਵਿਚ ਕੋਈ ਨਕਦੀ ਜ਼ਮੀਨ ਆਦਿ ਨਹੀਂ ਸੀ। ਮਾਤਾ ਜੀ ਆਪਣੇ ਬੱਚੇ ਦੇ ਨਿਰਬਾਹ ਲਈ ਚਕੀ ਪੀਸ ਕੇ ਉਦਰ ਪੂਰਨਾ ਕਰਦੇ ਰਹੇ। ਘਰ ਵਿਚ ਕਮਾਈ ਨਾ ਕਰਨ ਵਾਲਾ ਹੋਣ ਕਰਕੇ ਨਿਰਬਾਹ ਔਖਾ ਸੀ। ਇਸ ਲਈ ਮਾਤਾ ਕ੍ਰਿਸ਼ਨ ਦੇਈ

ਜੀ ਨੇ ਇਕ ਦਿਨ ਬਾਲਕ ਨੂੰ ਸ੍ਰੀ ਸੰਤ ਰਾਮ ਸਿੰਘ ਜੀ ਦੇ ਚਰਨਾਂ ਵਿਚ ਲਿਟਾ ਦਿਤਾ ਤੇ ਹਥ ਜੋੜ ਕੇ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਮੈਂ ਇਸ ਬਾਲਕ ਦੀ ਪਾਲਣਾ ਤੋਂ ਅਸਮਰਥ ਹਾਂ। ਇਸ ਲਈ ਬਾਲਕ ਨੂੰ ਆਪ ਆਪਣੇ ਚਰਨੀਂ ਲਾਵੋ। ਇਸ ਸਮੇਂ ਬਾਲਕ ਦੀ ਉਮਰ ਪੰਜ ਸਾਲ ਦੀ ਸੀ। ਮਾਤਾ ਦੇ ਕਹਿਣ ਕਰਕੇ ਸੰਤਾਂ ਨੇ ਆਪਣੀ ਮੰਡਲੀ ਵਿਚ ਸੰਭਾਲ ਲਿਆ ਤੇ ਗੁਰੂ ਘਰ ਦੀ ਵਿਦਿਆ ਦੇਣੀ ਸ਼ੁਰੂ ਕਰ ਦਿਤੀ।[8] ਇਕ ਦਿਨ ਸੰਤ ਰਾਮ ਸਿੰਘ ਜੀ ਸ਼ਾਹਪੁਰ ਤੋਂ ਤੁਰਨ ਲਈ ਤਿਆਰ ਹੋਏ ਤਾਂ ਬਾਲਕ ਸੰਤਾਂ ਦੇ ਕਪੜਿਆਂ ਦੀ ਇਕ ਗਠੜੀ ਲੈ ਕੇ ਪਹਿਲਾਂ ਹੀ ਗੁਰਦੁਆਰੇ ਵਿਚੋਂ ਬਾਹਰ ਚਲ ਗਏ ਤਾਂ ਕਿ ਮਾਤਾ ਜੀ ਦੀ ਨਜ਼ਰੀ ਨਾ ਪਿਆ ਜਾਵੇ। ਬਾਲਕ ਸ਼ਾਮ ਸਿੰਘ ਸੰਤ ਮੰਡਲੀ ਨਾਲ ਸਦਾ ਰਹਿੰਦੇ ਤੇ ਸੰਤ ਰਾਮ ਸਿੰਘ ਜੀ ਦੀ ਸੇਵਾ ਵਿਚ ਬੜੇ ਤਤਪਰ ਰਹਿੰਦੇ। ਬਾਲਕ ਸ਼ਾਮ ਸਿੰਘ ਦੀ ਉਮਰ ਇੰਨੀ ਛੋਟੀ ਸੀ ਕਿ ਇਸ ਉਮਰ ਦੇ ਬਾਲਕ ਆਪਣੇ ਸਰੀਰ ਦੀ ਕ੍ਰਿਆ ਵੀ ਚੰਗੀ ਤਰ੍ਹਾ ਨਹੀਂ ਸੋਧ ਸਕਦੇ ਪ੍ਰੰਤੂ ਸ਼ਾਮ ਸਿੰਘ ਬਾਲਪਣ ਵਿਚ ਵੀ ਸੇਵਾ ਕਰਦੇ ਰਹਿੰਦੇ ਸਨ।

ਇਕ ਦਿਨ ਸੰਤ ਰਾਮ ਸਿੰਘ ਤੋਂ ਆਗਿਆ ਲੈ ਕੇ ਸ਼ਾਮ ਸਿੰਘ ਸ੍ਰੀ ਦਰਬਾਰ ਸਾਹਿਬ ਵਿਖੇ ਆਏ, ਕਈ ਦਿਨ ਸੇਵਾ ਕਰਦੇ ਰਹੇ ਤੇ ਉਥੇ ਮਹੰਤ ਠਾਕਰ ਸਿੰਘ ਨਾਲ ਮੇਲ ਹੋਇਆ। ਸ਼ਾਮ ਸਿੰਘ ਦੀ ਸੁਰਤ ਦਾ ਟਿਕਾਉ, ਸੇਵਾ ਦਾ ਚਾਉ ਤੇ ਭਜਨ ਵਿਚ ਰੱਤਾ ਵੇਖ ਕੇ ਮਹੰਤ ਜੀ ਨੇ ਪ੍ਰੇਰਨਾ ਕੀਤੀ ਕਿ ਆਪ ਉਹਨਾਂ ਪਾਸ ਉਹਨਾਂ ਦੀ ਧਰਮਸ਼ਾਲਾ ਵਿਖੇ ਡੇਰਾ ਕਰਨ।[9] ਮਹੰਤ ਜੀ ਦੀ ਆਗਿਆ ਮੰਨ ਕੇ ਸ਼ਾਮ ਸਿੰਘ ਨੇ ਆਪਣਾ ਆਸਣ ਉਹਨਾਂ ਦੇ ਡੇਰੇ ਕੀਤਾ। ਇਕ ਦਿਨ ਸ੍ਰੀ ਮਾਨ ਸੰਤ ਅਮੀਰ ਸਿੰਘ ਜੀ ਸਤੋ ਵਾਲੀ ਗਲੀ ਵਾਲਿਆਂ ਨਾਲ ਮੇਲ ਹੋ ਗਿਆ। ਉਹਨਾਂ ਨੇ ਸ਼ਾਮ ਸਿੰਘ ਨੂੰ ਬਚਨ ਕੀਤਾ ਕਿ ਨਿਕਿਆ ਕਲਯੁਗ ਦਾ ਸਮਾਂ ਬੜਾ ਭਿਆਨਕ ਹੈ, ਇਸ ਵਿਚ ਜਪ-ਤਪ ਹਠ ਜੋਗ ਦਾ ਸਮਾਂ ਨਹੀ, ਇਹ ਸਾਰੇ ਸਾਧਨ ਕਠਨ ਹਨ। ਇਸ ਜੁਗ ਵਿਚ ਤਾਂ ਕਥਾ ਕੀਰਤਨ ਤੇ ਸਿਮਰਨ ਹੀ ਮੁਖ ਸਾਧਨ ਹਨ। ਇਥੇ ਰਹਿ ਕੇ ਭਾਈ ਲਾਲ ਚੰਦ ਜੀ ਤੋਂ ਸਰੰਦੇ ਦੀ ਵਿਦਿਆ ਲਈ ਤੇ ਅੰਮ੍ਰਿਤਸਰ ਤੋਂ ਹਰਿਦੁਆਰ ਕੁੰਭ ਦੇ ਮੇਲੇ ਵਲ ਚਾਲੇ ਪਾ ਦਿਤੇ। ਕੁੰਭ ਦੇ ਮੇਲੇ ਤੇ ਸੰਤ ਰਾਮ ਸਿੰਘ ਜੀ ਦੇ ਡੇਰੇ ਹਰ ਰੋਜ਼ ਕਥਾ-ਕੀਰਤਨ ਦੀ ਸੇਵਾ ਸ਼ਾਮ ਸਿੰਘ ਕਰਦੇ ਰਹੇ।

---

[8] ਪ੍ਰੇਮ ਸਿੰਘ ਮੇਜਰ, *ਸੰਤ ਗਾਥਾ* (ਭਾਗ ਦੂਜਾ), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2009, ਪੰਨਾ 19.

[9] ਉਹੀ, ਪੰਨਾ 33

ਸੰਤ ਰਾਮ ਸਿੰਘ ਸ੍ਰੀ ਅੰਮ੍ਰਿਤਸਰ ਤੋਂ ਸ਼ਾਹਪੁਰ ਚਲੇ ਗਏ।[10] ਇਥੇ ਸੰਤ ਰਾਮ ਸਿੰਘ ਜੀ ਬਿਮਾਰ ਰਹੇ। ਇਕ ਦਿਨ ਸੰਤ ਰਾਮ ਸਿੰਘ ਜੀ ਪਾਸ ਸ਼ਾਮ ਸਿੰਘ ਬੈਠ ਕੇ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰ ਰਹੇ ਸਨ ਤੇ ਅਚਨਚੇਤ ਬਿਜਲੀ ਬੜੇ ਜ਼ੋਰ ਨਾਲ ਕੜਕੀ, ਸੰਤ ਰਾਮ ਸਿੰਘ ਜੀ ਗੁਰੂ ਚਰਨਾਂ ਵਿਚ ਜਾ ਬਿਰਾਜੇ। ਸੰਤ ਰਾਮ ਸਿੰਘ ਜੀ ਦੇ ਅਕਾਲ ਚਲਾਣਾ ਤੋਂ ਬਾਅਦ ਸ਼ਾਮ ਸਿੰਘ ਅੰਮ੍ਰਿਤਸਰ ਵਿਖੇ ਆਏ ਤੇ ਸ੍ਰੀ ਦਰਬਾਰ ਸਾਹਿਬ ਵਿਚ ਸੇਵਾ ਕਰਨ ਲਗੇ। ਸ਼ਾਮ ਸਿੰਘ ਰੋਜ਼ਾਨਾ ਪਹਿਲਾਂ ਖੂਹ 'ਤੇ ਇਸ਼ਨਾਨ ਕਰਦੇ ਤੇ ਫਿਰ ਸ੍ਰੀ ਅੰਮ੍ਰਿਤ ਸਰੋਵਰ ਵਿਚ ਕੇਸਾਂ ਸਮੇਤ ਇਸ਼ਨਾਨ ਕਰਦੇ ਸਨ।

ਤਿੰਨ ਪਹਿਰਾ ਵਜਣ ਤੋਂ ਪਹਿਲਾਂ ਗੁਰਦੁਆਰਾ ਲਾਚੀ ਬੇਰ ਸਾਹਿਬ ਦੇ ਪਾਸ ਬੈਠ ਕੇ ਸਰੰਦੇ ਨਾਲ ਸ਼ਬਦ ਕੀਰਤਨ ਸ਼ੁਰੂ ਕਰਦੇ। ਦਰਸ਼ਨੀ ਦਰਵਾਜ਼ਾ ਖੋਲਣ ਤੋਂ ਬਾਅਦ ਸ੍ਰੀ ਦਰਬਾਰ ਸਾਹਿਬ ਵਿਚ ਤਿੰਨ ਪਹਿਰੇ ਕੀਰਤਨ ਕਰਦੇ ਸਨ। ਫਿਰ ਚਾਰ ਵਜੇ ਆਪਣੀ ਧਰਮਸ਼ਾਲਾ ਵਿਖੇ ਜਾ ਕੇ ਝਾੜੂ ਦੀ ਸੇਵਾ ਕਰਦੇ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਦੇ। ਫਿਰ ਬਾਬਾ ਅਟਲ ਰਾਏ ਸਾਹਿਬ ਵਿਖੇ ਕੀਰਤਨ ਕਰਕੇ ਆਪਣੀ ਧਰਮਸ਼ਾਲਾ ਜਾਂਦੇ। ਧਰਮਸ਼ਾਲਾ ਵਿਚ ਲੰਗਰ ਤਿਆਰ ਕਰਨ ਉਪਰੰਤ ਸ੍ਰੀ ਦਰਬਾਰ ਸਾਹਿਬ ਵਿਖੇ 11 ਤੋਂ 12 ਵਜੇ ਤਕ ਕੀਰਤਨ ਕਰਦੇ ਸਨ। ਸ੍ਰੀ ਦਰਬਾਰ ਸਾਹਿਬ ਦੀ ਛੋਟੀ ਪਰਿਕਰਮਾ ਕਰਨ ਸਮੇਂ ਸ਼ਾਮ ਸਿੰਘ ਝੋਲਾ ਤੇ ਖੁਰਪੀ ਨਾਲ ਰਖਦੇ ਸਨ ਤੇ ਪਰਿਕਰਮਾ ਵਿਚੋਂ ਕਬੂਤਰਾਂ ਦੀਆਂ ਵਿਠਾਂ ਦੀ ਸੇਵਾ ਖੁਰਪੀ ਨਾਲ ਖੁਰਚ ਕੇ ਇਕਠੀਆਂ ਕਰਦੇ ਸਨ। ਇਸੇ ਤਰ੍ਹਾਂ ਵਡੀ ਪਰਿਕਰਮਾ ਵਿਚੋ ਵੀ ਵਿਠਾਂ ਤੇ ਗਊਆਂ ਦਾ ਗੋਹਾ ਉਠਾ ਕੇ ਬਾਹਰ ਲਿਆ ਕੇ ਸੁਟਦੇ ਸਨ। ਰਾਹ ਜਾਂਦੇ ਸਮੇਂ ਭਾਈ ਸੁਵਾਇਆ ਸਿੰਘ ਜੀ ਦੀ ਛਬੀਲ 'ਤੇ ਸਾਧ ਸੰਗਤ ਦੇ ਜੂਠੇ ਕੌਲਿਆਂ ਨੂੰ ਮਾਂਜਣ ਦੀ ਸੇਵਾ ਕਰਦੇ ਸਨ। 1 ਵਜੇ ਦੇ ਕਰੀਬ ਇਕ ਸਾਥੀ ਨੂੰ ਨਾਲ ਲਾ ਕੇ ਸਿਰ ਉਪਰ ਪ੍ਰਸ਼ਾਦਿਆਂ ਦਾ ਟੋਕਰਾ ਤੇ ਹਥ ਵਿਚ ਦਾਲ ਦੀ ਬਾਲਟੀ ਲੈ ਕੇ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਚਲ ਜਾਂਦੇ ਤੇ ਲੋੜਵੰਦਾਂ ਨੂੰ ਪ੍ਰਸ਼ਾਦਾ ਵੰਡਦੇ।[11]

---

[10] ਪ੍ਰੇਮ ਸਿੰਘ ਮੇਜਰ, *ਸੰਤ ਗਾਥਾ* (ਭਾਗ ਦੂਜਾ), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2009, 42.

[11] ਉਹੀ, ਪੰਨਾ 60.

ਸੰਤ ਬਾਬਾ ਸ਼ਾਮ ਸਿੰਘ ਰੋਜ਼ਾਨਾ ਸ੍ਰੀ ਦਰਬਾਰ ਸਾਹਿਬ ਦੀ ਯਾਤਰਾ ਲਈ ਆਏ ਪ੍ਰਦੇਸੀਆਂ ਦੀ ਸੇਵਾ ਕਰਦੇ, ਠਹਿਰਨ ਲਈ ਟਿਕਾਣਾ ਦਿੰਦੇ, ਡੇਰੇ ਲਿਜਾ ਕੇ ਬੜੇ ਆਦਰ ਨਾਲ ਪ੍ਰਦੇਸੀਆਂ ਨੂੰ ਪ੍ਰਸ਼ਾਦਾ ਛਕਾਉਂਦੇ, ਗਰਮੀਆਂ ਦੀ ਰੁਤ ਵਿਚ ਪਖਾ ਝਲਦੇ, ਸਰਦੀ ਦੀ ਰੁਤ ਵਿਚ ਕੋਲੇ ਭਖਾ ਕੇ ਸੇਕਣ ਲਈ ਰਖਦੇ, ਆਪ ਜੂਠੇ ਬਰਤਨ ਸਾਫ ਕਰਨ ਦੀ ਸੇਵਾ ਕਰਦੇ ਸਨ। ਜੇ ਕੋਈ ਕਹਿੰਦਾ ਕਿ ਜੀ ਮੈਂ ਆਪੇ ਬਰਤਨ ਸਾਫ ਕਰ ਲਵਾਂਗਾ ਤਾਂ ਉਸਨੂੰ ਕਹਿਣਾ ਇਹ ਸੇਵਾ ਦਾਸ ਨੂੰ ਕਰਨੀ ਬਣਦੀ ਹੈ। ਸੰਤ ਸ਼ਾਮ ਸਿੰਘ ਲੋੜਵੰਦਾਂ ਦੀ ਮਦਦ ਇਸ ਤਰ੍ਹਾਂ ਕਰਦੇ ਸਨ ਕਿ ਕਿਸੇ ਤੀਜੇ ਬੰਦੇ ਨੂੰ ਪਤਾ ਨਹੀਂ ਲਗਦਾ ਸੀ।[12]

ਜਦੋਂ ਸੰਤ ਸ਼ਾਮ ਸਿੰਘ ਬਿਰਧ ਹੋ ਗਏ ਤੇ ਸਰੀਰ ਸ੍ਰੀ ਹਰਿਮੰਦਰ ਸਾਹਿਬ ਜਾਣ ਦੇ ਸਮਰਥ ਨਾ ਰਿਹਾ ਤਾਂ ਉਹਨਾਂ ਨਾਲ ਸਨੇਹ ਰਖਣ ਵਾਲੇ ਸਿਖਾਂ ਨੇ ਉਹਨਾਂ ਲਈ ਅੰਮ੍ਰਿਤਸਰ ਦੇ ਆਟਾ ਮੰਡੀ ਇਲਾਕੇ ਵਿਚ ਇਕ ਗੁਰਦੁਆਰਾ ਬਣਾ ਦਿਤਾ। ਇਸ ਨੂੰ ਬਣਾਉਣ ਵਾਲਿਆਂ ਨੇ ਇਸਨੂੰ 'ਧਰਮਸ਼ਾਲਾ ਸੰਤ ਸ਼ਾਮ ਸਿੰਘ' ਦਾ ਨਾਮ ਦਿਤਾ। ਪ੍ਰੰਤੂ ਸੰਤ ਸ਼ਾਮ ਸਿੰਘ ਨੇ ਇਸ ਦਾ ਨਾਮ ਬਦਲ ਕੇ 'ਧਰਮਸ਼ਾਲਾ ਸ੍ਰੀ ਗੁਰੂ ਨਾਨਕ ਦੇਵ ਜੀ' ਰਖ ਦਿਤਾ। ਸ਼ਾਮ ਸਿੰਘ ਜੀ ਅੰਤ ਸਮੇਂ ਤੋਂ ਦੋ ਸਾਲ ਪਹਿਲਾਂ ਸਰੀਰ ਕਮਜ਼ੋਰ ਹੋਣ ਕਾਰਨ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਕਰਨੋ ਹਟ ਗਏ ਸਨ ਤੇ ਉਹਨਾਂ ਦੀ ਸੰਭਾਲ ਵੀ ਤਿੰਨ ਸਿਖ ਕਰਦੇ ਸਨ। ਸੰਤ ਸ਼ਾਮ ਸਿੰਘ ਅਪ੍ਰੈਲ 1926 ਨੂੰ 123 ਸਾਲ ਦੀ ਉਮਰ ਵਿਚ ਨਮੂਨੀਏ ਨਾਲ ਬੀਮਾਰ ਹੋਣ ਕਰਕੇ ਅਕਾਲ ਚਲਾਣਾ ਕਰ ਗਏ ਸਨ।

## ਸੰਤ ਤੇਜਾ ਸਿੰਘ

ਸੰਤ ਤੇਜਾ ਸਿੰਘ ਦਾ ਪਹਿਲਾ ਨਾਮ ਨਿਰੰਜਨ ਸਿੰਘ ਸੀ। ਸੰਤ ਤੇਜਾ ਸਿੰਘ ਦਾ ਜਨਮ 14 ਮਈ 1877 ਈਸਵੀ ਨੂੰ ਪੰਜਾਬ ਦੇ ਗੁਜਰਾਂਵਾਲਾ ਜਿਲ੍ਹੇ ਦੇ ਬਲੋਵਾਲੀ ਪਿੰਡ ਵਿਖੇ ਹੋਇਆ। ਸੰਤ ਤੇਜਾ ਸਿੰਘ ਨੇ ਅੰਗਰੇਜ਼ੀ ਸਾਹਿਤ ਤੇ ਕਾਨੂੰਨ ਦੀ ਪੜ੍ਹਾਈ ਫਾਜ਼ਿਲਕਾ ਤੋਂ ਪੂਰੀ ਕੀਤੀ ਤੇ ਫਿਰ ਲਾਹੌਰ ਜਾ ਕੇ ਡਿਗਰੀ ਪੂਰੀ ਕੀਤੀ। ਸੰਤ ਤੇਜਾ ਸਿੰਘ ਦੀ ਪਹਿਲੀ ਨਿਯੁਕਤੀ ਐਂਗਲੋਂ ਸੰਸਕ੍ਰਿਤ ਹਾਈ ਸਕੂਲ ਪਿੰਡ ਭੇੜਾ ਵਿਖੇ ਹੋਈ। 1906 ਈਸਵੀ ਵਿਚ ਅੰਮ੍ਰਿਤ ਛਕ ਕੇ ਸੰਤ ਅਤਰ ਸਿੰਘ ਜੀ ਤੋਂ ਤੇਜਾ ਸਿੰਘ ਨਾਮ ਮਿਲਿਆ।

---

[12] ਪ੍ਰੇਮ ਸਿੰਘ ਮੇਜਰ, *ਸੰਤ ਗਾਥਾ* (ਭਾਗ ਦੂਜਾ), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2009,

ਜਦ ਪਾਠ ਕਰਨ ਦੇ ਮਗਰੋਂ ਤੇਜਾ ਸਿੰਘ ਗੁਰਦੁਆਰਾ ਸਾਹਿਬ ਤੋਂ ਸੰਤ ਜੀ ਦੀ ਕੋਠੀ ਪੁਜਾ ਤਦ ਸੰਤ ਜੀ ਨੇ ਫੁਰਮਾਇਆ ਭਾਈ ਤੇਜਾ ਸਿੰਘ ਇਕ ਪ੍ਰੇਮੀ ਸਾਨੂੰ ਰਫਲ ਦਾ ਤੇਲ ਦੇ ਗਿਆ ਹੈ, ਤੁਸੀਂ ਇਸ ਤੇਲ ਨਾਲ ਹਰ ਰੋਜ਼ ਸਾਡੀਆਂ ਲਤਾਂ ਦੀ ਮਾਲਸ਼ ਕਰਿਆ ਕਰੋ। ਨਿਤਨੇਮ ਆਸਾ ਦੀ ਵਾਰ ਦੇ ਭੋਗ ਮਗਰੋਂ ਧੁਪ ਵਿਚ ਸੰਤ ਅਤਰ ਸਿੰਘ ਦੀ ਮੰਜੀ ਡਾਹ ਕੇ ਲਤਾਂ ਦੀ ਮਾਲਸ਼ ਕਰਨੀ। ਤੇਜਾ ਸਿੰਘ ਦੁਆਰਾ ਇਹ ਖੁਦ ਦਸਿਆ ਕਿ ਸੰਤ ਅਤਰ ਸਿੰਘ ਦੀ ਸੇਵਾ ਕਰਕੇ ਉਹ ਅਨੰਦ ਪ੍ਰਾਪਤ ਹੁੰਦਾ, ਜਿਸਦਾ ਵਰਣਨ ਲਿਖਿਆ ਨਹੀਂ ਜਾ ਸਕਦਾ।[13]

ਤੇਜਾ ਸਿੰਘ ਸੰਤ ਜੀ ਤੋਂ ਆਗਿਆ ਲੈ ਕੇ ਖਾਲਸਾ ਕਾਲਜ ਆਇਆ ਅਤੇ ਸ਼ਾਮ ਦੇ ਪ੍ਰਸ਼ਾਦੇ ਦੀ ਤਿਆਰੀ ਆਰੰਭ ਕਰ ਦਿਤੀ। ਸ਼ਾਮ ਦੇ ਪੰਜ ਵਜੇ ਸੰਤ ਜੀ ਦੀ ਸੇਵਾ ਵਿਚ ਹਾਜ਼ਰ ਹੋ ਗਿਆ ਅਤੇ ਜਥੇ ਸਮੇਤ ਘੋੜਾ ਗਡੀ ਤੇ ਖਾਲਸਾ ਕਾਲਜ ਆਪਣੇ ਮਕਾਨ ਵਿਚ ਲੈ ਗਿਆ। ਸੰਤ ਜੀ ਨੇ ਬੜੇ ਪ੍ਰੇਮ ਨਾਲ ਪ੍ਰਸ਼ਾਦ ਛਕਿਆ ਤੇ ਬਚਨ ਕੀਤਾ ਕਿ ਹੁਣ ਤਕ ਕੋਈ ਸਿਖ ਪ੍ਰਿਸੀਪਲ ਦਾ ਕੰਮ ਸੰਭਾਲਣ ਦੇ ਯੋਗ ਨਹੀਂ ਬਣਿਆ। ਸੰਤ ਜੀ ਪ੍ਰਸ਼ਾਦਾ ਛਕ ਕੇ ਗੁਰਦੁਆਰਾ ਸਾਹਿਬ ਜਾ ਕੇ ਕੀਰਤਨ ਕਰਨ ਲਗੇ।[14]

ਸੰਤ ਅਤਰ ਸਿੰਘ ਜੀ ਨੇ ਚਾਰ ਨੌਜਵਾਨਾਂ ਨੂੰ ਉਚ ਸਿਖਿਆ ਹਾਸਲ ਕਰਨ ਲਈ ਵਿਦੇਸ਼ ਭੇਜਿਆ। ਉਹਨਾਂ ਵਿਚ ਤੇਜਾ ਸਿੰਘ ਦਾ ਨਾਮ ਸ਼ਾਮਿਲ ਸੀ। ਤੇਜਾ ਸਿੰਘ ਨੇ ਲੰਡਨ ਵਿਚ ਪੜ੍ਹਾਈ ਕਰਨੀ, ਕੈਨੇਡਾ ਵਿਚ ਪ੍ਰਚਾਰ ਕਰਨਾ, ਅਮਰੀਕਾ ਜਾਣਾ, ਜਰਮਨੀ ਵਿਚ ਸਰਬ ਧਰਮ ਲੈਕਚਰ ਦੇਣਾ, ਅੰਮ੍ਰਿਤ ਪ੍ਰਚਾਰ ਕਰਨਾ, ਭਾਰਤ ਦੇ ਰਹਿੰਦੇ ਲੋਕਾਂ ਨੂੰ ਹਕ ਦਵਾਉਣੇ, ਸਟਾਕਟਨ ਵਿਚ ਗੁਰਦੁਆਰਾ ਸਾਹਿਬ ਬਣਾਉਣਾ ਆਦਿ ਅਨੇਕਾਂ ਕਾਰਜ ਹੁਕਮ ਵਿਚ ਰਹਿ ਕੇ ਕੀਤੇ। ਵੈਨਕੂਵਰ ਦੇ ਗੁਰਦੁਆਰਾ ਸਾਹਿਬ ਵਿਚੋਂ ਹੁਕਮਨਾਮਾ ਸਾਹਿਬ ਲੈ ਕੇ ਦੇਸ਼ ਵਲ ਤੁਰਨ ਦਾ ਫੈਸਲਾ ਲਿਆ ਤੇ ਸੰਤ ਅਤਰ ਸਿੰਘ ਵਲੋ ਕਿਹਾ ਹੁਕਮ ਪੂਰਾ ਕਰਕੇ ਤੁਰ ਪਏ।

ਵਿਦੇਸ਼ ਤੋਂ ਆ ਕੇ ਮਸਤੂਆਣਾ ਸਾਹਿਬ ਵਿਖੇ ਸੰਤ ਜੀ ਦੀ ਸੇਵਾ ਵਿਚ ਹਾਜ਼ਰ ਹੋਏ। ਸੰਤ ਜੀ ਨੇ ਫੁਰਮਾਇਆ ਕਿ ਭਾਈ ਤੁਸੀਂ ਕਈ ਯੂਨੀਵਰਸਿਟੀਆਂ ਵਿਚ ਪੜ੍ਹ ਕੇ ਆਏ ਹੋ, ਗੁਰੂਸਾਗਰ ਮਸਤੂਆਣਾ ਸਾਹਿਬ ਬ੍ਰਹਮ ਵਿਦਿਆ ਦੀ ਯੂਨੀਵਰਸਿਟੀ ਹੈ। ਤੁਸੀਂ ਹੁਣ ਇਥੇ ਠਹਿਰੋ ਤੇ ਇਮਤਿਹਾਨ ਪਾਸ ਕਰੋ। ਸੰਤ

---

[13] ਤੇਜਾ ਸਿੰਘ, *ਜੀਵਨ ਕਥਾ ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਮਹਾਰਾਜ* (ਭਾਗ ਦੂਜਾ), ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2008, ਪੰਨਾ 44.

[14] ਉਹੀ, ਪੰਨਾ 48.

ਅਤਰ ਸਿੰਘ ਜੀ ਦਾ ਹੁਕਮ ਮੰਨ ਕੇ ਸਾਰੇ ਸੰਕਲਪ ਤਿਆਗ ਦਿਤੇ ਤੇ ਗੁਰੂਸਾਗਰ ਵਿਖੇ ਡੇਰਾ ਲਾ ਲਿਆ। ਕੁਝ ਦਿਨਾਂ ਵਿਚ 50 ਭੁਜੰਗੀ ਤੇ 60 ਬੀਬੀਆਂ ਵਿਦਿਆ ਪ੍ਰਾਪਤ ਕਰਨ ਲਈ ਗੁਰੂਸਾਗਰ ਵਿਖੇ ਪਹੁੰਚੇ ਤੇ ਸੰਤ ਜੀ ਦਾ ਹੁਕਮ ਮੰਨ ਕੇ ਤੇਜਾ ਸਿੰਘ ਉਹਨਾਂ ਨੂੰ ਵਿਦਿਆ ਪੜ੍ਹਾਉਣ ਲਗੇ।

ਇਕ ਦਿਨ ਸੰਤ ਜੀ ਦੇ ਪਾਸ ਗਏ ਤਾਂ ਉਹਨਾਂ ਨੇ ਹੁਕਮ ਕੀਤਾ ਕਿ ਭਾਈ ਤੁਸੀਂ ਗੁਰੂਸਾਗਰ ਸਾਹਿਬ ਸਰੋਵਰ ਦੀ ਸਾਰੀ ਪਰਿਕਰਮਾ ਪੰਜ ਹਫ਼ਤਿਆਂ ਵਿਚ ਪੁਟ ਕੇ ਪੰਜ ਗਜ਼ ਚੌੜਾਈ ਤੇ ਇਕ ਫੁਟ ਡੂੰਘੀ ਕਰਕੇ ਤਿਆਰ ਕਰੋ। ਫਿਰ ਹੁਕਮ ਕੀਤਾ ਕਿ ਸੰਗਤ ਨੂੰ ਨਾਲ ਨਹੀਂ ਲਾਉਣਾ, ਆਪ ਇਕਲੇ ਸੇਵਾ ਕਰੋ। ਇਹ ਹੁਕਮ ਸੰਤਾਂ ਦੁਆਰਾ ਮਨ ਦੀ ਪ੍ਰੀਖਿਆ ਤੇ ਪ੍ਰੇਮੀਆਂ ਨੂੰ ਸਮਝਾਉਣ ਲਈ ਸੀ। ਸੰਗਤ ਨੂੰ ਇਹ ਦਸਣਾ ਸੀ ਕਿ ਗੁਰੂ ਘਰ ਦੀ ਕਾਰ ਸੇਵਾ ਲਈ ਕਹੀ, ਟੋਕਰੀ ਹਰ ਸਿਖ ਦੀ ਜਦੀ ਜਾਇਦਾਦ ਹੈ। ਇਹ ਹੁਕਮ ਕਰਕੇ ਸੰਤ ਜੀ ਚਲੇ ਗਏ। ਸੰਤ ਜੀ ਦਾ ਹੁਕਮ ਮੰਨ ਕੇ ਦੋ ਘੰਟੇ ਸਵੇਰੇ ਤੇ ਦੋ ਘੰਟੇ ਸ਼ਾਮ ਨੂੰ ਸਰੋਵਰ ਦੁਆਲੇ ਪਰਿਕਰਮਾ ਦੀ ਕਾਰ ਸੇਵਾ ਕਰਨੀ ਸ਼ੁਰੂ ਕੀਤੀ।[15]

ਪੰਜਾਂ ਹਫਤਿਆਂ ਦੇ ਪ੍ਰਚਾਰ ਤੋਂ ਬਾਅਦ ਸੰਤ ਜੀ ਮਸਤੂਆਣਾ ਸਾਹਿਬ ਆ ਗਏ। ਜਦ ਰਹਿਰਾਸ ਕੇ ਦੀਵਾਨ ਦੇ ਮਗਰੋਂ ਤੇਜਾ ਸਿੰਘ ਦਰਸ਼ਨ ਕਰਨ ਲਈ ਗਏ ਤਾਂ ਸੰਤ ਜੀ ਨੇ ਫੁਰਮਾਇਆ ਕਿ ਭਾਈ ਕਲ ਸਵੇਰੇ ਤੁਹਾਡੀ ਸੇਵਾ ਵੇਖਾਂਗੇ।[16] ਦੂਜੇ ਦਿਨ ਅੰਮ੍ਰਿਤ ਵੇਲੇ ਸੰਤ ਜੀ ਪਰਿਕਰਮਾ ਵਿਚ ਮੰਜੀ ਡਾਹ ਕੇ ਬੈਠ ਗਏ। ਸੰਤ ਜੀ ਨੇ ਸੇਵਾ ਵੇਖ ਕੇ ਫਿਰ ਹੁਕਮ ਕੀਤਾ ਕਿ ਹੁਣ ਸਤ ਗਜ਼ ਪੁਟਣਾ ਸ਼ੁਰੂ ਕਰੋ। ਸੰਤ ਜੀ ਦਾ ਹੁਕਮ ਮੰਨ ਕੇ ਫਿਰ ਸਰੋਵਰ ਦੀ ਸੇਵਾ ਵਿਚ ਲਗ ਗਏ। ਪੰਜਾਂ ਹਫ਼ਤਿਆਂ ਵਿਚ ਸਰੋਵਰ ਦੀ ਪਰਿਕਰਮਾ ਦਾ ਅਠਵਾਂ ਹਿਸਾ ਤਿਆਰ ਹੋ ਗਿਆ ਸੀ। ਇਸ ਤੋਂ ਬਾਅਦ ਇਕ ਦਿਨ ਸ਼ਾਮ ਦੇ ਸਮੇਂ ਸੰਤ ਜੀ ਨੇ ਹੁਕਮ ਕੀਤਾ ਕਿ ਭਾਈ ਤੁਹਾਡੀ ਸਰੋਵਰ ਦੀ ਸੇਵਾ ਪੂਰੀ ਹੋ ਗਈ ਹੈ, ਹੁਣ ਤੁਸੀਂ ਗੁਰੂ ਕੇ ਲੰਗਰ ਦਾ ਪੀਹਣ ਕਰਿਆ ਕਰੋ।

ਇਕ ਦਿਨ ਤੇਜਾ ਸਿੰਘ ਨੂੰ ਮਿਲਣ ਲਈ ਲਾਲਾ ਬਿਸ਼ਨ ਆਏ। ਸੰਤ ਜੀ ਨੂੰ ਫਤਹਿ ਬੁਲਾ ਕੇ ਪੁਛਿਆ ਕਿ ਤੇਜਾ ਸਿੰਘ ਕਿਥੇ ਹਨ? ਤਾਂ ਸੰਤ ਜੀ ਕਿਹਾ ਕਿ ਜਾਉ ਭਾਈ ਪਛਾਣ ਲਵੋ ਸਾਧ-ਸੰਗਤ ਵਿਚ ਟਹਿਲ ਕਰ

---

[15] ਤੇਜਾ ਸਿੰਘ, *ਜੀਵਨ ਕਥਾ ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਮਹਾਰਾਜ* (ਭਾਗ ਦੂਜਾ), ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2008, ਪੰਨਾ 116.

[16] ਉਹੀ, ਪੰਨਾ 117.

ਰਹੇ ਹਨ। ਜਦ ਜਾ ਕੇ ਵੇਖਿਆ ਤਾਂ ਸਿਰ ਤੋਂ ਲੈ ਕੇ ਪੈਰਾਂ ਤਕ ਸਰੀਰ ਮਿਟੀ ਨਾਲ ਢਕਿਆ ਹੋਇਆ ਸੀ ਪਰ ਲਾਲਾ ਬਿਸ਼ਨ ਨੇ ਤੇਜਾ ਸਿੰਘ ਨੂੰ ਐਨਕ ਤੋਂ ਪਛਾਣ ਲਿਆ।

ਸੰਤ ਜੀ ਦਾ ਹੁਕਮ ਮੰਨ ਤੇਜਾ ਸਿੰਘ ਨੇ ਬਨਾਰਸ ਯੂਨੀਵਰਸਿਟੀ ਦੇ ਟੀਚਰਜ਼ ਟਰੇਨਿੰਗ ਕਾਲਜ ਵਿਚ ਪ੍ਰਿੰਸੀਪਲ ਦੀ ਸੇਵਾ ਪ੍ਰਵਾਨ ਕਰ ਲਈ।[17] ਇਧਰ ਜੁਲਾਈ ਦੇ ਸ਼ੁਰੂ ਵਿਚ ਗੁਰੂ ਨਾਨਕ ਖਾਲਸਾ ਕਾਲਜ ਗੁਜਰਾਂਵਾਲਾ ਗਰਮੀ ਦੀਆਂ ਛੁਟੀਆਂ ਕਰਕੇ ਬੰਦ ਹੋ ਗਿਆ ਤੇ ਉਧਰ ਬਨਾਰਸ ਟੀਚਰਜ਼ ਟਰੇਨਿੰਗ ਕਾਲਜ ਦੀਆਂ ਛੁਟੀਆਂ ਖਤਮ ਹੋ ਗਈਆਂ। ਸੋ ਤੇਜਾ ਸਿੰਘ ਗੁਰੂਸਾਗਰ ਸਾਹਿਬ ਮਸਤੂਆਣੇ ਸੰਤ ਜੀ ਦੇ ਦਰਸ਼ਨ ਕਰਦਾ ਹੋਇਆ ਬਨਾਰਸ ਪੁਜਾ। ਦਰਸ਼ਨ ਮੇਲੇ ਦੇ ਸਮੇਂ ਸੰਤ ਜੀ ਨੇ ਕਿਹਾ ਕਿ ਅਕਾਲ ਕਾਲਜ ਦੇ ਕਮਰਿਆਂ ਦੇ ਸਾਰੇ ਗਾਡਰ ਸੰਗਰੂਰ ਸਟੇਸ਼ਨ ’ਤੇ ਦਸੀ ਤਾਰੀਖ਼ ਤਕ ਪੁਜ ਜਾਣ। ਇਕ ਰਾਤ ਤੇ ਦਿਨ ਸਫ਼ਰ ਕਰਨ ਦੇ ਮਗਰੋਂ ਤੇਜਾ ਸਿੰਘ ਬਨਾਰਸ ਪਹੁੰਚ ਗਿਆ ਤੇ ਉਥੋਂ ਸੰਤ ਜੀ ਦੁਆਰਾ ਕੀਤੇ ਹੁਕਮ ਅਨੁਸਾਰ ਗਾਡਰ ਭੇਜੇ।

ਜਦੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਪ੍ਰਬੰਧ ਸੰਭਾਲਣ ਲਈ ਸੰਗਤਾਂ ਨੂੰ ਬੁਲਾਇਆ ਗਿਆ ਤਾਂ ਉਸ ਸਮੇਂ ਬਾਬਾ ਕੇਹਰ ਸਿੰਘ ਜੀ ਨੇ ਪੰਥ ਦੇ ਠਾਠਾਂ ਮਾਰਦੇ ਇਕਠ ਨੂੰ ਵੇਖ ਕੇ ਤੇਜਾ ਸਿੰਘ (ਤੇਜਾ ਸਿੰਘ) ਦਾ ਨਾਮ ਲਿਆ ਤੇ ਕਿਹਾ ਕਿ ਇਹ ਸਭ ਦੇ ਸਾਂਝੇ ਹਨ, ਕਿਸੇ ਧੜੇ ਨਾਲ ਨਹੀਂ ਹਨ। ਪੰਥ ਦਾ ਇਕਠ ਇਹ ਸੰਭਾਲ ਸਕਦੇ ਹਨ। ਇਹ ਆਖਦੇ ਸਾਰ ਹੀ ਉਚੀ ਅਵਾਜ਼ ਵਿਚ ਤੇਜਾ ਸਿੰਘ ਦਾ ਨਾਮ ਸਾਧ-ਸੰਗਤ ਲਈ ਪੇਸ਼ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਹਾਜ਼ਰ ਹੋ ਕੇ ਪੰਥ ਦਾ ਹੁਕਮ ਮੰਨ ਕੇ ਸੇਵਾ ਆਪਣੀ ਝੋਲੀ ਵਿਚ ਲੈ ਲਈ ਸੀ।[18]

ਸ੍ਰੀ ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧ ਕੁਝ ਸਮੇਂ ਲਈ ਇਕ ਮਾਲਵਾ ਦੇਸ਼ ਦੇ ਜਥੇ ਦੇ ਹਥ ਦੇ ਦਿਤਾ ਗਿਆ। ਤੇਜਾ ਸਿੰਘ ਨੂੰ ਖਾਲਸਾ ਪੰਥ ਨੇ ਕੁਝ ਚਿਰ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਜਥੇਦਾਰੀ ਬਖ਼ਸ਼ੀ ਹੋਈ ਸੀ। ਪ੍ਰਬੰਧਕ ਕਮੇਟੀ ਦੀ ਇਕ ਇਕਤ੍ਰਤਾ ਵਿਚ ਦਿਲੀ ਤੋਂ ਲੈ ਕੇ ਪਿਸ਼ਾਵਰ ਤਕ ਪੰਥ ਦੇ ਪ੍ਰਤੀਨਿਧ ਸ਼ਾਮਲ ਸਨ, ਜਿਸਦੇ ਵਿਚ ਫੈਸਲਾ ਹੋਇਆ ਕਿ ਇਸ (ਪੋਠੋਹਾਰ ਦੇ ਪ੍ਰਤੀਨਿਧ) ਜਥੇ ਦਾ ਤਖ਼ਤ ਸਾਹਿਬ ਦੀ

---

[17] ਤੇਜਾ ਸਿੰਘ, *ਜੀਵਨ ਕਥਾ ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਮਹਾਰਾਜ* (ਭਾਗ ਦੂਜਾ), ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2008, ਪੰਨਾ 136.

[18] ਉਹੀ, ਪੰਨਾ 156.

ਸੇਵਾ ਵਿਚ ਰਹਿਣਾ ਯੋਗ ਨਹੀਂ ਹੈ। ਸੰਗਤ ਨੇ ਤੇਜਾ ਸਿੰਘ ਨੂੰ ਆਗਿਆ ਕੀਤੀ ਕਿ ਤੁਸੀਂ ਬਤੌਰ ਜਥੇਦਾਰ ਇਹਨਾਂ ਪਾਸੋ ਚਾਰਜ ਲਵੋ। ਪਰ ਮਨ ਵਿਚ ਇਹ ਵੀ ਖਿਆਲ ਸੀ ਕਿ ਇਕਲੇ ਤੋਂ ਇਹ ਪੰਡ ਚੁਕ ਕੇ ਅਕਾਲ ਕਾਲਜ ਗੁਰੂਸਾਗਰ ਸਾਹਿਬ ਦੀ ਸੇਵਾ ਲਈ ਸਮਾਂ ਨਹੀਂ ਦਿਤਾ ਜਾਣਾ।

ਇਕ ਵਾਰ ਪਿੰਡ ਦੇ ਲੋਕ ਤੇਜਾ ਸਿੰਘ ਖਿਲਾਫ ਸੰਤ ਅਤਰ ਸਿੰਘ ਜੀ ਕੋਲ ਸ਼ਿਕਾਇਤ ਕਰਨ ਲਗੇ ਤਾਂ ਸੰਤ ਜੀ ਨੇ ਕਿਹਾ ਕਿ ਅਸੀਂ ਤੇਜਾ ਸਿੰਘ ਨੂੰ ਇਥੇ ਬੁਲਾ ਲੈਂਦੇ ਹਾਂ ਤੇ ਉਹਨਾਂ ਨੂੰ ਸਮਝਾ ਦਿੰਦੇ ਹਾਂ। ਜਦ ਤੇਜਾ ਸਿੰਘ ਆਏ ਤਾਂ ਉਹਨਾਂ ਨੂੰ ਪਿੰਡ ਸਿਵੀਆ ਜਾਣ ਲਈ ਕਿਹਾ। ਜਦ ਰਾਮਨਗਰ ਸਿਵੀਆ ਪੁਜੇ ਤਾਂ ਸੰਤ ਜੀ ਨੇ ਕਿਹਾ ਕਿ ਭਾਈ ਤੇਜਾ ਸਿੰਘ ਸਿਖ ਸ਼ਿਕਾਇਤਾਂ ਕਰਦੇ ਹਨ ਕਿ ਅਸਥਾਨ ਦੇ ਸਿਰ ਕਰਜ਼ਾ ਹੋ ਗਿਆ ਹੈ। ਤੇਜਾ ਸਿੰਘ ਅਸਥਾਨ ਦੇ ਸਿਰ ਕਰਜ਼ਾ ਹੋਣਾ ਅਸਥਾਨ ਦੀ ਬਦਨਾਮੀ ਹੈ। ਤੇਜਾ ਸਿੰਘ ਨੇ ਬੇਨਤੀ ਕੀਤੀ ਕਿ ਸੰਤ ਜੀ ਇਕ ਪਾਸੇ ਤਾਂ ਰਾਜ ਮਿਸਤਰੀ, ਮਜ਼ਦੂਰ ਲਗੇ ਹਨ ਤੇ ਦੂਜੇ ਪਾਸੇ ਭਠਾ ਚਲ ਰਿਹਾ ਹੈ। ਕੋਲੇ ਅਤੇ ਮਸਾਲੇ ਵਾਲੇ ਪ੍ਰੇਮੀ ਇਤਬਾਰ ਕਰਕੇ ਸਭ ਚੀਜ਼ਾਂ ਖੁਸ਼ੀ-ਖੁਸ਼ੀ ਦੇ ਰਹੇ ਹਨ ਤੇ ਕਹਿੰਦੇ ਹਨ ਕਿ ਤੁਹਾਡੇ ’ਤੇ ਯਕੀਨ ਹੈ। ਰਾਜ ਮਜ਼ਦੂਰ ਤੇ ਭਠੇ ਵਾਲੇ ਆਖਦੇ ਹਨ ਕਿ ਤੁਸੀਂ ਸੇਵਾ ਨਿਰੰਤਰ ਜਾਰੀ ਰਖੋ, ਸਾਡੀ ਮਾਇਆ ਸਚੀ ਬੈਂਕ ਵਿਚ ਜਮ੍ਹਾਂ ਹੈ। ਇਸ ਸਮੇਂ ਸਾਰਾ ਕਰਜ਼ਾ ਦਸ ਹਜ਼ਾਰ ਰੁਪਏ ਹੈ। ਤੇਜਾ ਸਿੰਘ ਦੀ ਬੇਨਤੀ ਪੂਰੀ ਹੋਣ ਤੋਂ ਬਾਅਦ ਸੰਤ ਜੀ ਨੇ ਤੇਜਾ ਸਿੰਘ ਨੂੰ ਆਪਣੇ ਕਲਾਵੇ ਵਿਚ ਲਿਆ ਤੇ ਕਿਹਾ ਕਿ ਤੇਜਾ ਸਿੰਘ ‘ਸਿਖ’ ਹੋਣਾ ਬੜਾ ਮੁਸ਼ਕਿਲ ਹੈ।

ਇਹ ਬਚਨ ਸੁਣਾ ਕੇ ਤੇਜਾ ਸਿੰਘ ਨੂੰ ਸੰਤ ਜੀ ਨੇ ਸੇਵਾ ਲਈ ਵਾਪਸ ਭੇਜ ਦਿਤਾ ਤੇ ਸਿਖਾਂ ਨੇ ਫਿਰ ਸ਼ਿਕਾਇਤ ਕੀਤੀ ਤਾਂ ਸੰਤ ਜੀ ਨੇ ਫੁਰਮਾਇਆ ਕਿ ਭਾਈ ਸਿਖੋ ਗੁਰੂਸਾਗਰ ਸਾਹਿਬ ਦੀ ਸਾਰੀ ਜ਼ਮੀਨ ਤੇ ਜ਼ਾਇਦਾਦ ਦਾ ਚਾਰਜ ਅਸੀਂ ਤੁਹਾਨੂੰ ਤੇਜਾ ਸਿੰਘ ਪਾਸੋਂ ਲੈ ਦਿੰਦੇ ਹਾਂ, ਪਰ ਸਕੂਲ ਉਹਨਾਂ ਪਾਸ ਹੀ ਰਹਿਣ ਦਿੰਦੇ ਹਾਂ। ਸਕੂਲ ਤੁਹਾਡੇ ਪਾਸੋਂ ਨਹੀਂ ਚਲਣਾ। ਤੇਜਾ ਸਿੰਘ ਨੂੰ ਜ਼ਾਇਦਾਦ ਨਾਲ ਕੋਈ ਪਕੜ ਨਹੀਂ ਹੈ। ਉਹ ਕਾਲਜ, ਸਕੂਲ ਦਾ ਕੰਮ ਸੰਭਾਲਣ ਜਾਣਦਾ ਹੈ। ਉਸ ਤੋਂ ਇਹ ਸੇਵਾ ਖੋਹੀ ਨਾ ਜਾਵੇ।

ਇਸ ਪ੍ਰਕਾਰ ਸੰਤ ਤੇਜਾ ਸਿੰਘ ਨੇ ਸੰਤ ਅਤਰ ਸਿੰਘ ਜੀ ਪਾਸ ਰਹਿ ਕੇ ਗੁਰਮਤਿ ਅਨੁਸਾਰ ਸੇਵਾ ਵਿਚ ਆਪਣਾ ਸਾਰਾ ਜੀਵਨ ਲਾਇਆ।

## ਸੰਤ ਸੁੰਦਰ ਸਿੰਘ

ਸੰਤ ਸੁੰਦਰ ਸਿੰਘ ਜੀ ਦਾ ਜਨਮ ਪਿੰਡ ਭਿੰਡਰ ਕਲਾਂ ਵਿਖੇ ਪਿਤਾ ਖਜ਼ਾਨ ਸਿੰਘ ਮਾਤਾ ਮਹਿਤਾਬ ਕੌਰ ਦੇ ਘਰ 18 ਅਗਸਤ 1883 ਈਸਵੀ ਨੂੰ ਹੋਇਆ ਸੀ। ਇਹਨਾਂ ਨੇ ਮੁਢਲੀ ਸਿਖਿਆ ਪਿੰਡ ਦੇ ਗੁਰਦੁਆਰਾ ਸਾਹਿਬ ਤੋਂ ਪ੍ਰਾਪਤ ਕੀਤੀ ਤੇ ਦਸ ਸਾਲ ਦੀ ਉਮਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਆਰੰਭ ਕਰ ਦਿਤਾ ਸੀ। ਜਦ ਵਡੇ ਹੋਏ ਤਾਂ ਆਪਣੇ ਨੇੜੇ ਦੇ ਪਿੰਡ ਧਰਮਕੋਟ ਦੇ ਇਕ ਬ੍ਰਾਹਮਣ ਤੋਂ ਸੰਸਕ੍ਰਿਤ ਪੜ੍ਹਨ ਲਗੇ।

ਇਸ ਤੋਂ ਬਾਅਦ ਸੰਤ ਸੁੰਦਰ ਸਿੰਘ ਜੀ ਲੁਧਿਆਣੇ ਦੇ ਨੇੜੇ ਪਿੰਡ ਦਾਦ ਦੇ ਸੰਤ ਪੰਡਿਤ ਜੁਆਲਾ ਦਾਸ ਜੀ ਉਦਾਸੀ ਮਹਾਤਮਾ ਦੀ ਮੰਡਲੀ ਵਿਚ ਵਿਦਿਆ ਪ੍ਰਾਪਤੀ ਲਈ ਗਏ। ਇਹ ਪੰਡਿਤ ਵਡੇ ਮੰਡਲੇਸ਼੍ਵਰ ਸਨ ਤੇ ਬਹੁਤ ਸਾਧੂ ਇਹਨਾਂ ਪਾਸ ਗ੍ਰੰਥ ਵਿਚਾਰਿਆ ਕਰਦੇ ਸਨ। ਇਸ ਵੇਲੇ ਸੁੰਦਰ ਸਿੰਘ ਜੀ ਦੇ ਪੰਜ ਗ੍ਰੰਥੀ ਦੀਆਂ ਬਾਣੀਆਂ ਕੰਠ ਸਨ। ਪੰਜ ਗ੍ਰੰਥੀ ਇਹਨਾਂ ਦਾ ਨਿਤਨੇਮ ਸੀ। ਪੰਡਿਤ ਜੀ ਨੂੰ ਸ਼ੁਧ ਬਾਣੀ ਸੁਣਨ ਦਾ ਬੜਾ ਚਾਉ ਸੀ। ਸੰਤ ਸੁੰਦਰ ਸਿੰਘ ਨੂੰ ਉਚੇ ਥਾਂ ਬਿਠਾ ਕੇ ਤੇ ਹੋਰ ਸਾਧੂਆਂ ਨੂੰ ਇਕਠਾ ਕਰਕੇ ਸੰਤ ਸੁੰਦਰ ਸਿੰਘ ਤੋਂ ਸ਼ੁਧ ਪਾਠ ਸੁਣਿਆ ਕਰਦੇ ਸਨ।[19] ਪੰਡਿਤ ਜੀ ਕੋਲੋ ਸੰਤ ਸੁੰਦਰ ਸਿੰਘ ਨੇ ਜਾ ਕੇ ਇਕ ਦਾਤ ਮੰਗੀ ਕਿ ਪੰਡਿਤਾਂ ਦੇ ਇਸ਼ਨਾਨ ਕਰਨ ਦੀ ਸੇਵਾ ਮੈਨੂੰ ਮਿਲ ਜਾਵੇ। ਸੋ ਹਰ ਰੋਜ਼ ਅੰਮ੍ਰਿਤ ਵੇਲੇ ਉਠ ਕੇ ਪੰਡਿਤ ਜੀ ਨੂੰ ਇਸ਼ਨਾਨ ਕਰਵਾਉਂਦੇ ਤੇ ਇਸ਼ਨਾਨ ਵੇਲੇ ਜੇ ਕੋਈ ਤੁਕਾਂ ਦੀ ਸਮਝ ਨਾ ਆਈ ਹੋਵੇ ਜਾਂ ਕੁਝ ਹੋਰ ਭੁਲੇਖਾ ਹੋਵੇ ਉਹ ਦੂਰ ਕਰ ਲੈਂਦੇ ਸਨ। ਸੋ ਇਸ ਤਰ੍ਹਾਂ ਨਾਲ ਉਨ੍ਹਾਂ ਪਾਸੋਂ ਵਿਚਾਰ ਸਾਗਰ ਤੇ ਮੋਖ ਪੰਥ ਆਦਿ ਵੇਦਾਂਤ ਤੇ ਭਾਸ਼ਾ ਦੇ ਬਹੁਤ ਗ੍ਰੰਥ ਘਟ ਸਮੇਂ ਵਿਚ ਪੜ੍ਹ ਲਏ ਸਨ।

ਸੰਤ ਸੁੰਦਰ ਸਿੰਘ ਜਦੋਂ ਸੰਤ ਬਿਸ਼ਨ ਸਿੰਘ ਜੀ ਪਾਸ ਗਏ ਤਾਂ ਉਥੇ ਉਨ੍ਹਾਂ ਦਾ ਨਿਤਨੇਮ ਅੰਮ੍ਰਿਤ ਵੇਲੇ ਸਵਾ ਪਹਿਰ ਦੋ ਵਜੇ ਉਠ ਕੇ ਇਸ਼ਨਾਨ ਕਰਨਾ ਤੇ ਸਾਧ ਸੰਗਤ ਦੇ ਇਸ਼ਨਾਨ ਲਈ ਖੂਹ ਵਿਚੋਂ ਗਾਗਰਾਂ ਕਢ ਕੇ ਹਮਾਮ ਭਰਨਾ। ਦਰਬਾਰ ਸਾਹਿਬ ਵਿਚ ਝਾੜੂ ਦੀ ਸੇਵਾ ਕਰਕੇ ਫਿਰ ਸੰਗਤਾਂ ਨੂੰ ਸ਼ਰਦਈ ਛਕਾਉਣੀ। ਜਦ

[19] ਸ਼ੇਰ ਸਿੰਘ ਗਿਆਨੀ, *ਅੰਮ੍ਰਿਤ ਜੀਵਨ*, ਸੰਤ ਨਿਰੰਜਣ ਸਿੰਘ ਵੈਦ ਗੁਰਮਤਿ ਪ੍ਰਚਾਰ ਟਰੱਸਟ, ਬੋਪਾਰਾਏ ਕਲਾਂ, ਮਿਤੀਹੀਨ, ਪੰਨਾ 37.

ਸੰਗਤ ਦਰਬਾਰ ਸਾਹਿਬ ਵਿਚ ਪਹੁੰਚ ਜਾਂਦੀ ਤਦ ਸਾਰੀ ਸੰਗਤ ਵਿਚ ਬੈਠ ਕੇ ਕੀਰਤਨ ਕਰਨਾ। ਕੀਰਤਨ ਕਰਨ ਤੋਂ ਬਾਅਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਦਿਆਰਥੀਆਂ ਨੂੰ ਸੰਥਿਆ ਦੇਣੀ।

ਸੰਤ ਸੁੰਦਰ ਸਿੰਘ ਨੇ ਕਦੀ ਉਪਰ ਨਿਗ੍ਹਾ ਕਰਕੇ ਨਹੀਂ ਵੇਖਿਆ ਸੀ, ਹਮੇਸ਼ਾ ਆਪਣਾ ਸਿਰ ਨੀਵਾਂ ਕਰਕੇ ਰਖਦੇ ਸਨ। ਇਕ ਸਿਖ ਨੇ ਸੰਤ ਸੁੰਦਰ ਸਿੰਘ ਨੂੰ ਪੁਛਿਆ ਕਿ ਤੁਸੀਂ ਕਿਸੇ ਪਾਸੇ ਵੇਖਦੇ ਕਿਉਂ ਨਹੀਂ? ਤਾਂ ਸੰਤ ਸੁੰਦਰ ਸਿੰਘ ਨੇ ਜਵਾਬ ਦਿਤਾ ਗੁਰਮੁਖਾ ਗੁਰੂ ਨਾਨਕ ਸਾਹਿਬ ਨੂੰ ਛਡ ਕੇ ਕਿਸਨੂੰ ਵੇਖੀਏ।[20]

ਸੰਤ ਸੁੰਦਰ ਸਿੰਘ ਦੋ ਸਾਲ ਮੁਰਾਲੇ ਰਹਿ ਕਿ ਆਪਣੇ ਰਹਿਣ ਦੀ ਹੋਂਦ ਭੁਲ ਗਏ ਸਨ। ਇਕ ਦਿਨ ਸੰਤ ਸੁੰਦਰ ਸਿੰਘ ਨੇ ਮਹਾਤਮਾ ਬਿਸ਼ਨ ਸਿੰਘ ਜੀ ਆਪ ਟੂਟੀਆਂ ਭਰਦੇ ਵੇਖੇ ਤਾਂ ਸੰਤ ਸੁੰਦਰ ਸਿੰਘ ਨੇ ਉਹਨਾਂ ਕੋਲੋ ਸੰਗਤਾਂ ਦੇ ਇਸ਼ਨਾਨ ਕਰਵਾਉਣ ਦੀ ਤੇ ਉਹਨਾਂ ਵਾਲੀਆਂ ਟੂਟੀਆਂ ਭਰਨ ਦੀ ਸੇਵਾ ਆਪ ਸੰਭਾਲ ਲਈ। ਉਹ ਬਹੁਤ ਸਾਦਾ ਜੀਵਨ ਬਤੀਤ ਕਰਨ ਲਗ ਪਏ। ਖੁਰਾਕ ਵੀ ਸਾਦੀ ਤੇ ਲਿਬਾਸ ਲਈ ਇਕ ਚਾਦਰ, ਕਛਹਿਰਾ ਤੇ ਸਿਰ ਉਤੇ ਪਟਕਾ ਰਖਦੇ ਸਨ। ਸਭ ਕਪੜੇ ਮੋਟੇ ਖਦਰ ਦੇ ਹੁੰਦੇ ਸਨ। ਇਥੇ ਰਹਿ ਕੇ ਉਹਨਾਂ ਨੇ ਅਹਾਰ ਵੀ ਬਹੁਤ ਘਟ ਕਰ ਦਿਤਾ ਸੀ ਤਾਂ ਜੋ ਆਲਸ ਘਟ ਜਾਵੇ। ਸੰਤ ਸੁੰਦਰ ਸਿੰਘ ਰਾਤ ਦੇ ਇਕ ਵਜੇ ਉਠ ਕੇ ਪਹਿਲਾਂ ਮਹਾਤਮਾ ਬਿਸ਼ਨ ਸਿੰਘ ਜੀ ਦਾ ਇਸ਼ਨਾਨ ਕਰਵਾਉਂਦੇ ਤੇ ਫਿਰ ਸੰਗਤਾਂ ਦਾ ਇਸ਼ਨਾਨ ਕਰਵਾਉਂਦੇ। ਫਿਰ ਪ੍ਰਕਾਸ਼ ਅਸਥਾਨ ਵਿਖੇ ਝਾੜੂ ਦੀ ਸੇਵਾ ਕਰਦੇ ਤੇ ਫਿਰ ਚੱਕੀ ਪੀਂਹਦੇ ਤਾਂ ਕਿ ਮਹਾਤਮਾ ਬਿਸ਼ਨ ਸਿੰਘ ਜੀ ਨੂੰ ਅਰਾਮ ਮਿਲ ਜਾਵੇ। ਸੰਤ ਸੁੰਦਰ ਸਿੰਘ ਨੇ ਉਹਨਾਂ ਕੋਲੋ ਚੱਕੀ ਛਡਵਾ ਲਈ ਫਿਰ ਆਪ ਇਕਲੇ ਹੀ ਕਈ ਮਣ ਆਟਾ ਲੰਗਰ ਵਿਚ ਪੀਸ ਕੇ ਪਾਇਆ ਕਰਦੇ ਸਨ।

ਸੰਤ ਸੁੰਦਰ ਸਿੰਘ ਜੀ ਸੇਵਾ ਕਰਨ ਨਾਲ ਅੰਤਹਕਰਨ ਦੀ ਸ਼ੁਧੀ ਮੰਨਦੇ ਸਨ ਤੇ ਕਹਿੰਦੇ ਸਨ ਕਿ ਮਨ ਨੂੰ ਵਸ ਕਰਨ ਦਾ ਅਤੇ ਸਿਧੇ ਰਾਹ ਪਾਉਣ ਦਾ ਸਭ ਤੋਂ ਸੌਖਾ ਰਾਹ ਸੇਵਾ ਹੈ। ਸੋ ਸੰਤਾਂ ਨੇ ਉਥੇ ਸੇਵਾ ਕੀਤੀ। ਸਾਰੇ ਗੁਰਦੁਆਰਾ ਸਾਹਿਬ ਦੀਆਂ ਦਰੀਆਂ ਝਾੜਨ ਦੀ ਸੇਵਾ ਵੀ ਆਪਣੇ ਸਿਰ ਲੈ ਲਈ ਸੀ। ਸੰਤ

---

[20] ਸ਼ੇਰ ਸਿੰਘ ਗਿਆਨੀ, *ਅੰਮ੍ਰਿਤ ਜੀਵਨ*, ਸੰਤ ਨਿਰੰਜਣ ਸਿੰਘ ਵੈਦ ਗੁਰਮਤਿ ਪ੍ਰਚਾਰ ਟਰੱਸਟ, ਬੋਪਾਰਾਏ ਕਲਾਂ, ਮਿਤੀਹੀਨ, ਪੰਨਾ 41.

ਸੁੰਦਰ ਸਿੰਘ ਕਿਹਾ ਕਰਦੇ ਸਨ ਕਿ ਸਾਧ-ਸੰਗਤ ਦੇ ਜੋੜਿਆਂ ਤੇ ਚਰਨਾਂ ਦੀ ਧੂੜ ਜਿੰਨੀ ਅੰਦਰ ਜਾਵੇ ਉਹ ਮਨ ਨੂੰ ਸ਼ੁਧ ਕਰਦੀ ਹੈ।

ਮਹਾਤਮਾ ਬਿਸ਼ਨ ਸਿੰਘ ਸਿਮਰਨ ਕਰਨ ਲਈ ਬਾਹਰ ਜਾਂਦੇ ਸਨ ਤਾਂ ਆਪਣੇ ਨਾਲ ਪਾਣੀ ਦੀ ਇਕ ਟਿੰਡ ਭਰ ਕੇ ਲੈ ਜਾਂਦੇ ਸਨ। ਜਦ ਪਾਣੀ ਦੀ ਲੋੜ ਪੈਂਦੀ ਵਰਤ ਲੈਂਦੇ ਸਨ। ਇਕ ਦਿਨ ਕੜਕਦੀ ਧੁਪ ਵਿਚ ਮਹਾਤਮਾ ਜੀ ਤੋਂ ਪਾਣੀ ਦੀ ਟਿੰਡ ਡੁਲ੍ਹ ਗਈ ਤਾਂ ਉਸੇ ਸਮੇਂ ਸੰਤ ਸੁੰਦਰ ਸਿੰਘ ਦੇ ਮਨ ਵਿਚ ਤਰਕ ਵਜੀ ਕਿ ਮਹਾਤਮਾ ਜੀ ਪਿਆਸੇ ਹੋਣਗੇ। ਸੰਤ ਸੁੰਦਰ ਸਿੰਘ ਨੇ ਪਾਣੀ ਦਾ ਗੜਵਾ ਭਰ ਕੇ ਮਹਾਤਮਾ ਜੀ ਦੀ ਭਾਲ ਵਿਚ ਤੁਰ ਪਏ। ਜਦ ਤੁਰਦੇ ਜਾ ਰਹੇ ਸਨ ਤਾਂ ਇਹ ਸ਼ਬਦ ਉਚੀ-ਉਚੀ ਗਾ ਰਹੇ ਸਨ:

ਸੁਣਿ ਸਜਣ ਪ੍ਰੀਤਮ ਮੇਰਿਆ ਮੈ ਸਤਿਗੁਰੁ ਦੇਹੁ ਦਿਖਾਲਿ।।

ਹਉ ਤਿਸੁ ਦੇਵਾ ਮਨੁ ਆਪਣਾ ਨਿਤ ਹਿਰਦੈ ਰਖਾ ਸਮਾਲਿ।।

ਇਕਸੁ ਸਤਿਗੁਰੁ ਬਾਹਰਾ ਧ੍ਰਿਗੁ ਜੀਵਣੁ ਸੰਸਾਰਿ।।

ਜਨ ਨਾਨਕ ਸਤਿਗੁਰੁ ਤਿਨਾ ਮਿਲਾਇਓਨੁ।।

ਜਿਨ ਸਦ ਹੀ ਵਰਤੈ ਨਾਲਿ।।

ਜਦ ਸੰਤ ਸੁੰਦਰ ਸਿੰਘ ਖਾਰੀਆ ਸਟੇਸ਼ਨ ਤੋਂ ਅਗੇ ਲੰਘ ਗਏ। ਰੇਲ ਦੇ ਪੁਲ ਦੇ ਬਰਾਬਰ ਇਕ ਬਿਰਛ ਹੇਠ ਮਹਾਤਮਾ ਜੀ ਬੈਠੇ ਇਸ ਤਰ੍ਹਾਂ ਆਪਣੇ ਆਪ ਨੂੰ ਹਸ ਕੇ ਕਹਿ ਰਹੇ ਸਨ ਕਿ ਪੀ ਲੈ ਪਾਣੀ ਟਿੰਡ ਭਰ ਕੇ ਕੋਲ ਰਖਦਾ ਸੀ। ਸੰਤ ਸੁੰਦਰ ਸਿੰਘ ਨੇ ਝਟ ਅਗੇ ਆ ਕੇ ਪਾਣੀ ਦਾ ਗੜਵਾ ਰਖ ਦਿਤਾ। ਮਹਾਤਮਾ ਜੀ ਨੇ ਪਾਣੀ ਪੀ ਕੇ ਮੇਹਰ ਦੀ ਨਜ਼ਰ ਨਾਲ ਸੰਤਾਂ ਦੇ ਮੂੰਹ ਵਲ ਤਕ ਕੇ ਪ੍ਰਸੰਨ ਹੋਏ।[21]

ਸੰਤ ਸੁੰਦਰ ਸਿੰਘ ਨੇ ਗੁਰਮਤਿ ਦਾ ਪ੍ਰਚਾਰ ਆਪਣੇ ਨਗਰ ਭਿੰਡਰ ਕਲਾਂ ਤੋਂ ਆਰੰਭ ਕੀਤਾ ਸੀ। ਨਗਰ ਵਿਚ ਇਕ ਸਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕੀਤੀ ਤੇ ਨਗਰ ਦੇ ਸਿਖਾਂ ਦੀ ਸੰਥਿਆ ਵੀ

[21] ਸ਼ੇਰ ਸਿੰਘ ਗਿਆਨੀ, *ਅੰਮ੍ਰਿਤ ਜੀਵਨ*, ਸੰਤ ਨਿਰੰਜਣ ਸਿੰਘ ਵੈਦ ਗੁਰਮਤਿ ਪ੍ਰਚਾਰ ਟਰੱਸਟ, ਬੋਪਾਰਾਏ ਕਲਾਂ, ਮਿਤੀਹੀਨ, ਪੰਨਾ 47.

ਕਰਵਾਈ। ਅਗਲੇ ਸਾਲ ਮੁਰਾਲੇ ਤੋਂ ਚਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਤੇ ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਦੀ ਕਥਾ ਸੰਪੂਰਨ ਕੀਤੀ। ਇਥੋਂ ਚਲ ਕੇ ਸੰਤਪੁਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਸੰਪੂਰਨ ਕੀਤੀ ਤੇ ਫਿਰ ਪਿੰਡ ਬਧਨੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਆਰੰਭ ਕੀਤੀ। ਸੰਤ ਸੁੰਦਰ ਸਿੰਘ ਦੁਆਰਾ ਕੀਤੇ ਪ੍ਰਚਾਰ ਸਦਕਾ ਇਕ ਸਾਲ ਵਿਚ ਸਾਰਾ ਨਗਰ ਅੰਮ੍ਰਿਤਧਾਰੀ ਬਣ ਗਿਆ ਸੀ। ਬਧਨੀ ਤੋਂ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਸ਼ੁਰੂ ਕੀਤੀ। ਉਥੇ ਹਰ ਇਕ ਗੁਰਦੁਆਰਾ ਸਾਹਿਬ ਵਿਚ ਸੰਤ ਸੁੰਦਰ ਸਿੰਘ ਕਥਾ ਕਰਦੇ ਸਨ।

ਭਦੌੜ ਨਗਰ ਦੇ ਸਰਦਾਰ ਨਾਨਕ ਸਿੰਘ ਦੁਆਰਾ ਬੇਨਤੀ ਕਰਨ 'ਤੇ ਸੰਤ ਸੁੰਦਰ ਸਿੰਘ ਨਗਰ ਵਿਚ ਆਏ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਕਰਵਾਈ। ਇਥੋਂ ਚਲ ਕੇ ਸੰਤ ਸੁੰਦਰ ਸਿੰਘ ਪਿੰਡ ਚਕ ਨੰ. 40 ਵਿਖੇ ਗਏ। ਇਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਆਰੰਭ ਕੀਤੀ ਤੇ ਨਾਲ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੀ ਸੰਥਿਆ ਵੀ ਆਰੰਭ ਕੀਤੀ। ਦੀਵਾਨਾਂ ਤੋਂ ਵਿਚਰਦੇ ਹੋਏ ਸੰਤ ਪਿੰਡ ਭਿੰਡਰੀ ਪਹੁੰਚੇ। ਇਥੇ ਸੰਤ ਸੁੰਦਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਕਰਵਾਈ। ਜਦੋਂ ਸੰਤ ਸੁੰਦਰ ਸਿੰਘ ਨਨਕਾਣਾ ਸਾਹਿਬ ਵਿਖੇ ਗਏ ਤਾਂ ਉਥੇ ਚਕ 388 ਪਿੰਡ ਦੀ ਸੰਗਤ ਬੇਨਤੀ ਕੀਤੀ ਕਿ ਸੰਥਿਆ ਕਰਵਾਈ ਜਾਵੇ ਤਾਂ ਸੰਤ ਸੁੰਦਰ ਸਿੰਘ ਬੇਨਤੀ ਮੰਨ ਕੇ ਉਹਨਾਂ ਦੇ ਨਗਰ ਪਹੁੰਚੇ ਤੇ ਸਾਰੇ ਨਗਰ ਨੂੰ ਸੰਥਿਆ ਕਰਵਾਈ। ਸੰਤਾਂ ਨੂੰ ਪ੍ਰਚਾਰ ਦੌਰਾਨ ਜੋ ਵੀ ਮਾਇਆ ਸੰਗਤ ਵਲੋਂ ਭੇਂਟ ਹੁੰਦੀ ਸੀ ਉਹ ਮਾਇਆ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਾਉਣ ਵਿਚ ਹਿਸਾ ਪਾ ਦਿੰਦੇ ਸਨ। ਸੰਤ ਆਪਣੇ ਜਥੇ ਸਮੇਤ ਦਮਦਮਾ ਸਾਹਿਬ ਆਏ ਤੇ 14 ਦਿਨਾਂ ਵਿਚ ਜਪੁਜੀ ਸਾਹਿਬ ਦੀ ਕਥਾ ਕੀਤੀ। ਇਥੋਂ ਚਲ ਕੇ ਪ੍ਰਚਾਰ ਕਰਦੇ ਹੋਏ ਸੰਤ ਜੀ ਬਠਿੰਡੇ ਦੀ ਸੰਗਤ ਨੂੰ ਸ੍ਰੀ ਗੁਰੂ ਸਿੰਘ ਸਭਾ ਗੋਬਿੰਦਗੜ੍ਹ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਥਿਆ ਆਰੰਭ ਕੀਤੀ।[22]

---

[22] ਸ਼ੇਰ ਸਿੰਘ ਗਿਆਨੀ, *ਅੰਮ੍ਰਿਤ ਜੀਵਨ*, ਸੰਤ ਨਿਰੰਜਣ ਸਿੰਘ ਵੈਦ ਗੁਰਮਤਿ ਪ੍ਰਚਾਰ ਟਰੱਸਟ, ਬੋਪਾਰਾਏ ਕਲਾਂ, ਮਿਤੀਹੀਨ, ਪੰਨਾ 146.

ਜਦ ਸੰਤ ਸੁੰਦਰ ਸਿੰਘ ਜੀ ਦਾ ਸਰੀਰ ਬੀਮਾਰ ਹੋ ਚੁਕਾ ਸੀ ਤਾਂ ਉਸ ਸਮੇਂ ਵੀ ਇਟਾਂ, ਚੂਨਾ, ਗਾਰਾ ਆਦਿ ਟੋਕਰੀ ਵਿਚ ਪਾ ਕੇ ਆਪ ਚੁਕਦੇ ਸਨ। ਉਹਨਾਂ ਦਾ ਪੂਰਨ ਵਿਸ਼ਵਾਸ਼ ਸੀ ਕਿ ਮਨ ਨਾਮ ਨਾਲ ਸ਼ੁਧ ਹੁੰਦਾ ਹੈ ਤੇ ਤਨ ਸੇਵਾ ਨਾਲ ਸ਼ੁਧ ਹੁੰਦਾ ਹੈ।[23]

ਸੰਤ ਸੁੰਦਰ ਸਿੰਘ ਜੀ ਨੇ 21 ਵਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਥਿਆ ਕਰਵਾਈ ਤੇ ਕਥਾ ਸੁਣਾਈ। ਤਕਰੀਬਨ 1300 ਸਿੰਘਾਂ ਨੂੰ ਪੜ੍ਹਾਇਆ। ਇਹਨਾਂ ਵਿਚੋਂ 1000 ਪਾਠੀ ਸਿੰਘ, 200 ਪ੍ਰਚਾਰਕ ਸਿੰਘ ਤੇ 100 ਗਿਆਨੀ ਸਿੰਘ ਬਣੇ।

## ਬਾਬਾ ਜਸਾ ਸਿੰਘ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਰਗ 'ਤੇ ਚਲਣ ਵਾਲੀ ਇਕ ਹੋਣਹਾਰ ਪੁਤਰੀ ਬੀਬੀ ਜਸ ਕੌਰ ਹੋਈ ਹੈ, ਜਿੰਨ੍ਹਾਂ ਨੇ ਅਧਿਆਤਮਕ ਮਾਰਗ ਤੇ ਚਲਦੀਆਂ ਪੁਰਾਤਨ ਬੀਬੀਆਂ ਦੀ ਤਰ੍ਹਾਂ ਅਣਥਕ ਘਾਲਣਾ ਘਾਲੀ ਹੈ ਤੇ ਗੁਰੂ ਘਰ ਵਿਚ ਸੰਗਤ ਦੀ ਸੇਵਾ ਕਰਕੇ ਸੰਤ ਦੀ ਪਦਵੀ ਪ੍ਰਾਪਤ ਕੀਤੀ। ਬੀਬੀ ਜਸ ਕੌਰ ਦਾ ਜਨਮ ਧਨੌਲਾ ਪਿੰਡ ਦੇ ਜਵੰਦਿਆਂ ਦੀ ਪੱਤੀ ਵਿਚ ਇਕ ਜ਼ਿਮੀਦਾਰ ਪਰਿਵਾਰ ਵਿਚ ਹੋਇਆ।[24] ਬੀਬੀ ਜਸ ਕੌਰ ਦੀ ਜਨਮ ਮਿਤੀ ਸਹੀ ਪਤਾ ਨਹੀਂ ਲਗ ਸਕੀ। ਬਚਪਨ ਵਿਚ ਹੀ ਬੀਬੀ ਜਸ ਕੌਰ ਦੇ ਮਾਤਾ ਜੀ ਚੜ੍ਹਾਈ ਕਰ ਗਏ ਤੇ ਪਿਤਾ ਜੀ ਨੇ ਸ਼ਾਦੀ ਲਈ ਯੋਗ ਵਰ ਜਾਣ ਕੇ ਬਠਿੰਡੇ ਦੇ ਨਜ਼ਦੀਕ ਪਿੰਡ ਭਾਈ ਕੇ ਚਕ ਵਿਖੇ ਸ਼ਾਦੀ ਕਰ ਦਿਤੀ। ਪ੍ਰੰਤੂ ਬਾਬਾ ਜਸਾ ਸਿੰਘ ਦੀ ਬਿਰਤੀ ਪਹਿਲਾਂ ਤੋਂ ਹੀ ਸਾਧੂ-ਸੇਵੀ ਤੇ ਭਜਨ ਬੰਦਗੀ ਵਾਲੇ ਪਾਸੇ ਸੀ। ਸਹੁਰਾ ਘਰ ਵਿਚ ਜਾ ਕੇ ਵੀ ਉਹ ਆਪਣੇ ਸੁਭਾਅ ਅਨੁਸਾਰ ਘਰ ਦੇ ਕੰਮ ਧੰਦੇ ਤੋਂ ਵਿਹਲੇ ਹੋ ਕੇ ਸਿਮਰਨ ਕਰਦੇ ਰਹਿੰਦੇ ਸੀ। ਕਈ-ਕਈ ਘੰਟੇ ਲਿਵ ਭਜਨ ਬੰਦਗੀ ਵਿਚ ਲਗੀ ਰਹਿੰਦੀ ਸੀ। ਬੀਬੀ ਜਸ ਕੌਰ ਘਰ ਵਿਚ ਆਏ ਸਾਧੂ-ਸੰਤਾਂ ਨੂੰ ਦਿਲ ਖੋਲ੍ਹ ਕੇ ਦਾਨ ਕਰਨਾ, ਆਏ ਗਏ ਦੀ ਸੇਵਾ ਕਰਨਾ, ਭੋਜਨ ਛਕਾ ਕੇ ਅਤੇ ਵਸਤਰਾਂ ਨਾਲ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨਾ ਆਦਿ ਸੁਭਾਅ ਵਿਚ ਸ਼ਾਮਲ ਸਨ। ਦੇਵ ਨੇਤ ਬੀਬੀ ਜਸ ਕੌਰ ਦੇ

---

[23] ਸ਼ੇਰ ਸਿੰਘ ਗਿਆਨੀ, *ਅੰਮ੍ਰਿਤ ਜੀਵਨ*, ਸੰਤ ਨਿਰੰਜਣ ਸਿੰਘ ਵੈਦ ਗੁਰਮਤਿ ਪ੍ਰਚਾਰ ਟਰੱਸਟ, ਬੋਪਾਰਾਏ ਕਲਾਂ, ਮਿਤੀਹੀਨ, ਪੰਨਾ 171.

[24] ਪ੍ਰਿਤਪਾਲ ਸਿੰਘ ਸੌਂਧੀ, *ਪੰਜ ਰਤਨ*, ਡੇਰਾ ਬਾਬਾ ਜੱਸਾ ਸਿੰਘ ਪ੍ਰਬੰਧਕ ਕਮੇਟੀ, ਪਟਿਆਲਾ, 2013, ਪੰਨਾ 9.

ਪਤੀ ਦੇ ਵਿਚਾਰ ਸੰਤਾਂ ਮਹਾਤਮਾ ਤੋਂ ਉਲਟ ਸਨ ਅਤੇ ਗੁਰਮਤਿ ਵਲ ਰੁਚੀ ਬਹੁਤ ਘਟ ਸੀ। ਇਕ ਦਿਨ ਬੀਬੀ ਜਸ ਕੌਰ ਦੇ ਪਤੀ ਨੇ ਉਹਨਾਂ ਨੂੰ ਕਿਹਾ ਕਿ ਤੂੰ ਤਾਂ ਘਰ ਲੁਟਾਉਂਦੀ ਰਹਿੰਦੀ ਹੈ। ਮੈਂ ਇਸ ਤਰ੍ਹਾਂ ਤੇਰੇ ਨਾਲ ਨਿਰਬਾਹ ਨਹੀਂ ਕਰ ਸਕਾਂਗਾ। ਇਹ ਸੁਣ ਕੇ ਬੀਬੀ ਜਸ ਕੌਰ ਨੇ ਦਾਨ ਦਖਣਾ ਘਟਾ ਦਿਤੀ ਪਰ ਧਿਆਨ ਫਿਰ ਵੀ ਨਾਮ ਵਲ ਲਗਾ ਰਹਿੰਦਾ ਸੀ।

ਇਕ ਵਾਰੀ ਬੀਬੀ ਜਸ ਕੌਰ ਦੇ ਪਤੀ ਨੇ ਉਹਨਾਂ ਦੁਆਰਾ ਦਾਨ, ਸੇਵਾ ਦਾ ਭਾਵ ਵੇਖ ਕੇ ਘਰੋਂ ਨਿਕਲ ਜਾਣ ਲਈ ਕਿਹਾ। ਬੀਬੀ ਜਸ ਕੌਰ ਨੇ ਕਿਹਾ ਕਿ ਮੇਰੀ ਇਸ ਘਰ ਵਿਚ ਡੋਲੀ ਆਈ ਹੈ। ਮੇਰੇ ਪਿਤਾ ਜੀ ਨੇ ਮੈਨੂੰ ਅਸ਼ੀਰਵਾਦ ਦੇ ਕੇ ਕਿਹਾ ਸੀ ਕਿ ਪੁਤਰ ਤੂੰ ਹੁਣ ਡੋਲੀ ਵਿਚ ਉਸ ਘਰ ਚਲੀ ਹੈ ਤੇ ਉਸ ਘਰ ਵਿਚੋਂ ਤੇਰੀ ਅਰਥੀ ਹੀ ਨਿਕਲੇ। ਸੋ ਮੈਂ ਘਰੋਂ ਬਾਹਰ ਨਹੀਂ ਜਾਣਾ। ਬੀਬੀ ਜਸ ਕੌਰ ਦੇ ਪਤੀ ਨੇ ਪੇਕੇ ਪਰਿਵਾਰ 'ਚ ਜਾ ਕਿਹਾ ਕਿ ਮੇਰਾ ਹੁਣ ਇਸ ਨਾਲ ਗੁਜ਼ਾਰਾ ਨਹੀਂ ਹੋ ਸਕਦਾ। ਮੈਂ ਹੁਣ ਇਸ ਨੂੰ ਆਪਣੇ ਘਰ ਨਹੀਂ ਰਖਾਂਗਾ। ਪਿਤਾ ਜੀ ਨੇ ਬੀਬੀ ਜਸ ਕੌਰ ਨੂੰ ਪੁਛਿਆ ਕੀ ਹੋ ਗਿਆ ਹੈ ਤਾਂ ਬੀਬੀ ਜਸ ਕੌਰ ਨੇ ਕਿਹਾ ਕਿ ਬਾਪੂ ਮੈਂ ਕੋਈ ਚੋਰੀ ਨਹੀਂ ਕੀਤੀ, ਕੋਈ ਠਗੀ ਨਹੀਂ ਕੀਤੀ। ਇਹ ਤਾਂ ਮੇਰੀ ਸੇਵਾ ਭਾਵ ਨੂੰ ਹੀ ਨਹੀਂ ਝਲ ਸਕਿਆ। ਬਾਪੂ ਨੇ ਫਿਰ ਕਿਹਾ ਫਿਰ ਕੀ ਬਣੇਗਾ।[25]

ਅਖੀਰ ਫੈਸਲਾ ਇਹ ਕੀਤਾ ਗਿਆ ਕਿ ਜਸ ਕੌਰ ਨੂੰ ਸੰਤ ਹਰਦਿਤ ਸਿੰਘ, ਜਿਨ੍ਹਾਂ ਦੀ ਇਲਾਕੇ ਵਿਚ ਬਹੁਤ ਮਾਨ ਪ੍ਰਤਿਸ਼ਠਾ ਸੀ, ਦੇ ਡੇਰੇ ਵਿਚ ਛਡ ਆਈਏ। ਪਿਤਾ ਜੀ ਬੀਬੀ ਜਸ ਕੌਰ ਨੂੰ ਨਾਲ ਲੈ ਕੇ ਸੰਤਾਂ ਦੇ ਡੇਰੇ ਚਲੇ ਗਏ ਤੇ ਸੰਤ ਜੀ ਨੂੰ ਜਾ ਕੇ ਕਿਹਾ ਕਿ ਕੋਈ ਫੂਲ ਭੇਂਟ ਕਰਦਾ ਹੈ, ਕੋਈ ਮਾਇਆ ਭੇਂਟ ਕਰਦਾ ਹੈ। ਅਸੀਂ ਆਪਣੇ ਬਾਲਕੇ ਨੂੰ ਆਪ ਜੀ ਦੀ ਸੇਵਾ ਵਿਚ ਭੇਂਟ ਕਰਨ ਲਈ ਲੈ ਕੇ ਆਏ ਹਾਂ। ਇਸ ਨੂੰ ਆਪਣੇ ਚਰਨੀ ਲਾ ਲਵੋ। ਸੰਤ ਹਰਦਿਤ ਸਿੰਘ ਨੇ ਬਾਲਕੇ ਵਲ ਨਜ਼ਰ ਚੁਕ ਕੇ ਦੇਖਿਆ ਤੇ ਕਿਹਾ ਕਿ ਇਹ ਤਾਂ ਬਾਲਕੀ ਹੈ, ਬਾਲਕਾ ਨਹੀਂ। ਇਹ ਸੁਣ ਕੇ ਸੰਤ ਜੀ ਬੋਲੇ ਕਿ ਜੇ ਤੈਨੂੰ ਸਮਾਜ ਵਿਚ ਰਹਿਣ ਵਾਲਿਆਂ ਦੀ ਪਰਵਾਹ ਨਹੀਂ ਤਾਂ ਸਾਨੂੰ ਤਾਂ ਕੋਈ ਫ਼ਰਕ ਨਹੀਂ ਪੈਂਦਾ। ਅਸੀਂ ਤਾਂ ਸਾਧੂ ਹਾਂ, ਮਧੂਕੜੀ ਉਗਰਾਹੀਦੀ ਹੈ। ਜੇ ਇਕ ਘਰੋਂ ਨਹੀਂ ਮਿਲਦੀ ਤਾਂ ਦੂਜੇ ਘਰੋਂ ਮਿਲ ਜਾਂਦੀ ਹੈ। ਰਬ ਦਾ ਮੁਲਕ ਤੰਗ ਨਹੀਂ, ਸਾਧੂ ਪਿੰਗਲਾ ਨਹੀਂ। ਬੀਬੀ ਜਸ ਕੌਰ ਨੇ

[25] ਪ੍ਰਿਤਪਾਲ ਸਿੰਘ ਸੌਂਧੀ, *ਪੰਜ ਰਤਨ,* ਡੇਰਾ ਬਾਬਾ ਜੱਸਾ ਸਿੰਘ ਪ੍ਰਬੰਧਕ ਕਮੇਟੀ, ਪਟਿਆਲਾ, 2013, ਪੰਨਾ 30.

ਤਨ ਦੇਹੀ ਨਾਲ ਸੰਗਤਾਂ ਦੀ ਸੇਵਾ ਕਰਨੀ ਸ਼ੁਰੂ ਕਰ ਦਿਤੀ ਤੇ ਬਾਬਾ ਜੀ ਦੀ ਰਹਿਨੁਮਾਈ ਵਿਚ ਨਾਮ ਸੇਵਾ ਦੀ ਅਣਥਕ ਸੇਵਾ ਕਾਰਨ ਉਚ ਅਵਸਥਾ ਨੂੰ ਪ੍ਰਾਪਤ ਹੋ ਗਈ।[26] ਬਾਬਾ ਹਰਦਿਤ ਸਿੰਘ ਆਈ ਸੰਗਤ ਨੂੰ ਕਿਹਾ ਕਰਦੇ ਸਨ ਕਿ ਭਾਈ ਵਡੇ ਮਹਾਂਪੁਰਸ਼ਾਂ ਦੇ ਦਰਸ਼ਨ ਕਰਕੇ ਆਉ ਫਿਰ ਸਾਡੇ ਕੋਲ ਆਉਣਾ। ਜੇ ਸੰਗਤਾਂ ਪੁਛਦੀਆਂ ਕਿ ਮਹਾਰਾਜ ਆਪ ਕੋਲੋਂ ਵਡੇ ਮਹਾਪੁਰਸ਼ ਹੋਰ ਕਿਹੜੇ ਹਨ ਤਾਂ ਆਪ ਜਵਾਬ ਦਿੰਦੇ ਤੇ ਕਹਿੰਦੇ ਕਿ ਬਾਬਾ ਜਸਾ ਸਿੰਘ ਜੀ ਡਾਲੀ ਵਾਲੇ ਮਹਾਂਪੁਰਸ਼ ਹਨ ਜੋ ਸਾਡੇ ਤੋਂ ਵੀ ਪਹੁੰਚੇ ਹੋਏ ਹਨ। ਇਹ ਵਾਹਿਗੁਰੂ ਦੇ ਵਰੋਸਾਏ ਮਹਾਂਪੁਰਸ਼ ਹਨ।

ਬਾਬਾ ਜਸਾ ਸਿੰਘ ਇਸਤਰੀ ਜਾਮੇ ਵਿਚ ਹੁੰਦਿਆਂ ਹੋਇਆ ਆਪਣਾ ਗ੍ਰਿਹਸਤੀ ਜੀਵਨ ਤਿਆਗ ਕੇ ਬਾਬਾ ਜੀ ਕੋਲ ਰਿਹਾ ਕਰਦੇ ਸਨ, ਇਹ ਗਲ ਪਿੰਡ ਜਵੰਧੇ ਦੇ ਨੌਜਵਾਨਾਂ ਨੂੰ ਪਸੰਦ ਨਹੀਂ ਸੀ। ਇਕ ਦਿਨ ਉਹ ਬੀਬੀ ਜਸ ਕੌਰ ਨੂੰ ਮਾਰਨ ਦੇ ਇਰਾਦੇ ਨਾਲ ਤਪੇਆਣੇ ਦੇ ਸਥਾਨ ਤੇ ਆ ਕੇ ਛਪਰਾਂ ਵਿਚ ਦਾਖਲ ਹੋ ਗਏ। ਕਿਹਾ ਜਾਂਦਾ ਹੈ ਕਿ ਜਦੋਂ ਉਹ ਬੀਬੀ ਜਸ ਕੌਰ ਦੇ ਕਮਰੇ ਵਲ ਵਧਣ ਲਗੇ ਤਾਂ ਉਹਨਾਂ ਨੂੰ ਦਿਸਣਾ ਬੰਦ ਹੋ ਗਿਆ। ਸਾਰੇ ਨੌਜਵਾਨ ਵਾਪਸ ਛਪਰਾਂ ਵਿਚ ਆ ਗਏ ਤੇ ਦਿਸਣਾ ਫਿਰ ਸ਼ੁਰੂ ਹੋ ਗਿਆ। ਇਹੋ ਘਟਨਾ ਕਈ ਵਾਰ ਵਾਪਰੀ। ਸਵੇਰ ਵੇਲੇ ਨੌਜਵਾਨਾਂ ਨੇ ਆਪਣੀ ਮੰਦ ਇਰਾਦੇ ਦੀ ਹਾਲਤ ਬਾਬਾ ਹਰਦਿਤ ਸਿੰਘ ਅਗੇ ਬਿਆਨ ਕੀਤੀ ਅਤੇ ਆਪਣੀ ਗਲਤ ਸੋਚ ਕਰਕੇ ਬਾਬਾ ਜੀ ਤੋਂ ਮੁਆਫੀ ਮੰਗੀ।

ਬੀਬੀ ਜਸ ਕੌਰ ਜੋ ਕਿ ਹੁਣ ਪੁਰਖ ਦੇ ਰੂਪ ਵਿਚ ਸਨ। ਬਾਬਾ ਹਰਦਿਤ ਸਿੰਘ ਦੇ ਹੁਕਮ ਅਨੁਸਾਰ ਜਸਾ ਸਿੰਘ ਆਪਣੇ ਸਹੁਰੇ ਪਿੰਡ ਗਜਾ ਲੈਣ ਗਏ ਤਾਂ ਪਿੰਡ ਦੇ ਬਜ਼ੁਰਗਾਂ ਨੇ ਪਛਾਣ ਲਿਆ। ਜਦੋਂ ਆਪਣੇ ਸਹੁਰੇ ਘਰ ਵਿਚ ਜਾ ਕੇ ਗਜਾ ਗਜਾਈ ਆਪ ਦੀ ਸੱਸ ਨੇ ਜਸਾ ਸਿੰਘ ਨੂੰ ਕਈ ਬੋਲ ਕਬੋਲ ਬੋਲੇ ਤੇ ਡਾਲੀ ਵਾਲੀ ਝੋਲੀ ਵਿਚ ਸੁਆਹ ਲਿਆ ਕੇ ਪਾ ਦਿਤੀ। ਜਸਾ ਸਿੰਘ ਨੇ ਸਭ ਕੁਝ ਚੁਪ-ਚਾਪ ਸਹਿਣ ਕਰ ਲਿਆ ਤੇ ਡਾਲੀ ਵਾਲੀ ਝੋਲੀ ਵਿਚ ਪਾਈ ਸੁਆਹ ਨੂੰ ਇਕ ਕਪੜੇ ਵਿਚ ਬੰਨ੍ਹ ਲਿਆ। ਉਥੋਂ ਚਲ ਕੇ ਸਿਧੇ ਬਾਬਾ ਹਰਦਿਤ ਸਿੰਘ ਕੋਲ ਪਹੁੰਚ ਗਏ। ਬਾਬਾ ਜੀ ਨੇ ਜਸਾ ਸਿੰਘ ਨੂੰ ਡੇਰੇ ਵਿਚ ਰਖ ਲਿਆ ਤੇ ਹੋਰ ਇਮਤਿਹਾਨ ਲੈਣ ਦੀ ਨਾ ਸੋਚੀ। ਪੁਰਖ ਲਿਬਾਸ ਵਿਚ ਰਹਿਣ ਕਰਕੇ ਬੀਬੀ ਜਸ ਕੌਰ ਦਾ ਨਾਮ ਬਾਬਾ ਜਸਾ ਸਿੰਘ ਹੋ ਗਿਆ ਅਤੇ ਲੋਕ

---

[26] ਪ੍ਰਿਤਪਾਲ ਸਿੰਘ ਸੌਂਧੀ, *ਪੰਜ ਰਤਨ,* ਡੇਰਾ ਬਾਬਾ ਜੱਸਾ ਸਿੰਘ ਪ੍ਰਬੰਧਕ ਕਮੇਟੀ, ਪਟਿਆਲਾ, 2013, ਪੰਨਾ 3.

ਬਾਬਾ ਜਸਾ ਸਿੰਘ ਕਹਿਣ ਲਗ ਪਏ ਸਨ। ਜਿਵੇਂ ਸੋਨੇ ਨੂੰ ਸ਼ੁਧ ਕਰਨ ਲਈ ਅਗ 'ਤੇ ਤਪਾਉਣਾ ਪੈਂਦਾ ਹੈ। ਉਸੇ ਪ੍ਰਕਾਰ ਬਾਬਾ ਹਰਦਿਤ ਸਿੰਘ ਨੇ ਵੀ ਬਾਬਾ ਜਸਾ ਸਿੰਘ ਦੇ ਇਮਤਿਹਾਨ ਲੈ ਕੇ ਪੂਰਨ ਬ੍ਰਹਮ ਗਿਆਨੀ ਦੀ ਅਵਸਥਾ ਵਿਚ ਲੈ ਆਏ।

ਬਾਬਾ ਹਰਦਿਤ ਸਿੰਘ ਨੇ ਬਾਬਾ ਜਸਾ ਸਿੰਘ ਨੂੰ ਤਪਾ ਕੇ ਸ਼ੁਧ ਸੋਨਾ ਬਣਾ ਦਿਤਾ ਸੀ। ਬਿਨ੍ਹਾਂ ਕਿਸੇ ਕਿੰਤੂ ਪ੍ਰੰਤੂ ਕਰਨ ਦੇ ਬਾਬਾ ਜਸਾ ਸਿੰਘ ਡੇਰੇ ਦੀ ਅਤੁਟ ਸੇਵਾ ਕਰਦੇ ਸਨ। ਸੇਵਾ ਦੌਰਾਨ ਗੁਰੂ ਸਾਹਿਬ ਦੀ ਕਿਰਪਾ ਨਾਲ ਜਸਾ ਸਿੰਘ ਨੂੰ ਵਾਕ ਸਤਿਆ ਪ੍ਰਾਪਤ ਹੋ ਗਈ ਸੀ। ਇਹ ਬੜੇ ਗੁਹਜ ਦੀ ਬਾਤ ਹੈ। ਇਕ ਵਾਰ ਸੰਤ ਹਰਦਿਤ ਸਿੰਘ ਨੇ ਬਾਬਾ ਜਸਾ ਸਿੰਘ ਨੂੰ ਕਿਹਾ ਕਿ ਪੁਰਖਾ ਘਾਲ ਕਮਾਈ ਤਾਂ ਸਾਡੀ ਵੀ ਹੈ, ਪਰ ਤੇਰੀ ਘਾਲ ਕਮਾਈ ਸਾਡੇ ਤੋਂ ਅਗੇ ਹੋ ਗਈ ਹੈ।[27] ਹੁਣ ਤੇਰੀ ਜਿਹੜੀ ਤਪਸਿਆ ਘਾਲਣਾ ਹੈ, ਇਸਨੂੰ ਤਾਂ ਥੋੜ੍ਹੇ ਦਿਨਾਂ ਵਿਚ ਹੀ ਦੁਨੀਆਂ ਲੁਟ ਕੇ ਲੈ ਜਾਵੇਗੀ। ਬਾਬਾ ਜਸਾ ਸਿੰਘ ਨੇ ਪੁਛਿਆ ਕਿ ਮੇਰਾ ਬਚਾਅ ਕਿਵੇਂ ਹੋਵੇਗਾ? ਤਾਂ ਬਾਬਾ ਹਰਦਿਤ ਸਿੰਘ ਜੀ ਨੇ ਕਿਹਾ ਕਿ ਪੁਰਖਾ ਤੂੰ ਲੋਕਾਂ ਦੀਆਂ ਗਲਾਂ ਵਿਚ ਨਾ ਜਾਇਆ ਕਰ। ਆਪਣਾ ਮਨ ਕੁਤਿਆਂ ਦੀ ਸੇਵਾ ਵਿਚ ਲਗਾ ਲੈ। ਫਿਰ ਸੰਤਾਂ ਨੇ ਬਾਬਾ ਜਸਾ ਸਿੰਘ ਨੂੰ ਅਸ਼ਰੀਵਾਦ ਦਿਤਾ ਤੇ ਕਿਹਾ ਭਾਈ ਹੁਣ ਤੇਰਾ ਨਾਉਂ ਹੀ ਚਲੇਗਾ।

ਇਕ ਵਾਰ ਬਾਬਾ ਨੰਦ ਸਿੰਘ ਨੇ ਬਾਬਾ ਹਰਦਿਤ ਸਿੰਘ ਤੋਂ ਬਾਬਾ ਜਸਾ ਸਿੰਘ ਜੀ ਦੀ ਅਧਿਆਤਮਕ ਉਨਤੀ ਦਾ ਕਾਰਨ ਪੁਛਿਆ ਤਾਂ ਬਾਬਾ ਹਰਦਿਤ ਸਿੰਘ ਨੇ ਦਸਿਆ ਕਿ ਨੰਦ ਸਿੰਘ ਜਿਹੜੀ ਘਾਲਣਾ ਅਸੀਂ ਘਾਲੀ ਹੈ, ਉਹ ਆਪਣੀ ਮਰਜ਼ੀ ਨਾਲ ਘਾਲੀ ਹੈ। ਕਿਸੇ ਦੀ ਸਾਡੇ ਉਤੇ ਜ਼ਬਰਦਸਤੀ ਨਹੀਂ ਸੀ।[28] ਪਰ ਬਾਬਾ ਜਸਾ ਸਿੰਘ ਨੇ ਸੇਵਾ ਸਾਡੇ ਹੁਕਮ ਅਨੁਸਾਰ ਕੀਤੀ ਹੈ, ਮਨ ਮਾਰ ਕੇ ਕੀਤੀ ਹੈ। ਇਸੇ ਲਈ ਇਹ ਸਾਡੇ ਮੌਜੀ ਮਨ ਦੀ ਘਾਲਣਾ ਕੋਲੋਂ ਅਗੇ ਲੰਘ ਗਏ ਹਨ।

ਸਾਧੂ ਜਨਾਂ ਨੇ (ਭਾਈ ਆਇਆ ਰਾਮ ਜੀ, ਸੰਤ ਰਾਮ ਸਿੰਘ ਜੀ, ਸੰਤ ਅਤਰ ਸਿੰਘ ਜੀ, ਮਹਾਤਮਾ ਬਿਸ਼ਨ ਸਿੰਘ ਜੀ, ਬਾਬਾ ਹਰਦਿਤ ਸਿੰਘ ਜੀ) ਆਪਣੇ ਨਜ਼ਦੀਕ ਰਹਿੰਦੇ ਗੁਰਸਿਖਾਂ (ਭਾਈ ਜਗਤਾ ਰਾਮ ਜੀ,

---

[27] ਪ੍ਰਿਤਪਾਲ ਸਿੰਘ ਸੋਂਧੀ, *ਪੰਜ ਰਤਨ,* ਡੇਰਾ ਬਾਬਾ ਜੱਸਾ ਸਿੰਘ ਪ੍ਰਬੰਧਕ ਕਮੇਟੀ, ਪਟਿਆਲਾ, 2013, ਪੰਨਾ 13.

[28] ਉਹੀ, ਪੰਨਾ 14.

ਸੰਤ ਸ਼ਾਮ ਸਿੰਘ, ਸੰਤ ਤੇਜਾ ਸਿੰਘ, ਸੰਤ ਸੁੰਦਰ ਸਿੰਘ ਤੇ ਬਾਬਾ ਜਸਾ ਸਿੰਘ) ਨੂੰ ਗੁਰੂ ਸਿਧਾਂਤ ਅਨੁਸਾਰ ਸੇਵਾ ਕਰਨ ਦਾ ਰਾਹ ਦਸਿਆ। ਜਦੋਂ ਸਾਧੂ ਜਨਾਂ ਨੇ ਗੁਰਸਿਖਾਂ ਅੰਦਰ ਸੇਵਾ ਕਰਨ, ਆਪਾ ਵਾਰਨ ਦੀ ਭਾਵਨਾ ਨੂੰ ਵੇਖਿਆ ਤਾਂ ਆਪਣੀਆਂ ਸੰਪਰਦਾਵਾਂ ਦੀਆਂ ਸੇਵਾਵਾਂ ਸੌਂਪ ਦਿਤੀਆ ਸਨ। ਭਾਈ ਜਗਤਾ ਜੀ ਨੇ ਜਾਨਵਰਾਂ ਤੇ ਪੰਛੀਆਂ ਨੂੰ ਮਾਰਨ ਤੋਂ ਬਚਾਉਂਦੇ ਸਨ ਤੇ ਉਹਨਾਂ ਨੂੰ ਖੁਰਾਕ ਦੇ ਕੇ ਪਨਾਹ ਦਾ ਪ੍ਰਬੰਧ ਕਰਦੇ ਸਨ। ਨੂਰਪੁਰ ਵਿਖੇ ਡੇਰੇ ਨਜ਼ਦੀਕ ਰਹਿੰਦੇ ਚੋਰਾਂ ਨੇ ਭਾਈ ਜਗਤਾ ਜੀ ਸੇਵਾ ਤੋਂ ਪ੍ਰਭਾਵਿਤ ਹੋ ਕੇ ਚੋਰੀਆਂ ਕਰਨੀਆਂ ਛਡ ਦਿਤੀਆਂ ਸਨ। ਜੇ ਕੋਈ ਗਰੀਬ ਜਾਂ ਦਬੇ-ਕੁਚਲੇ ਲੋਕ ਆਪਣੇ ਸਰਦਾਰ ਤਕ ਨਾ ਪਹੁੰਚ ਸਕਦੇ ਤਾਂ ਉਹਨਾਂ ਲਈ ਪਹੁੰਚਾਉਣ ਦਾ ਪ੍ਰਬੰਧ ਕਰਦੇ ਸਨ। ਜਿਸ ਇਲਾਕੇ ਵਿਚ ਪਾਣੀ ਦੀ ਲੋੜ ਹੁੰਦੀ ਸੀ ਉਸ ਇਲਾਕੇ ਵਿਚ ਭਾਈ ਜਗਤਾ ਜੀ ਜਾ ਕੇ ਖੂਹ ਪੁਟਦੇ ਸਨ। ਇਸੇ ਪ੍ਰਕਾਰ ਉਜਾੜਾਂ ਵਿਚ ਜਾ ਕੇ ਪੰਛੀਆਂ ਲਈ ਜਲ ਤੇ ਦਾਣੇ ਦਾ ਪ੍ਰਬੰਧ ਕਰਦੇ ਸਨ। ਜੰਗਲ ਵਿਚ ਰਾਤ ਨੂੰ ਪਾਣੀ ਦੀ ਘਾਟ ਕਾਰਨ ਗਿਦੜ ਹੁਆਂਕਦੇ ਰਹਿੰਦੇ ਸਨ ਤਾਂ ਭਾਈ ਜਗਤਾ ਜੀ ਨੇ ਤਲਾ ਦੀ ਖੁਦਵਾਈ ਕਰਕੇ ਜਾਨਵਰਾਂ ਲਈ ਪਾਣੀ ਦਾ ਪ੍ਰਬੰਧ ਕੀਤਾ। ਜਦ ਡੇਰੇ ਵਿਚ ਸੰਗਤ ਆਉਂਦੀ ਤਾਂ ਭਾਈ ਜਗਤਾ ਜੀ ਉਹਨਾਂ ਦੇ ਅਗੇ ਹਥ ਜੋੜ ਕੇ ਕਹਿੰਦੇ ਸਨ ਕਿ ਸਾਡੇ ਭਾਗ ਜਾਗ ਪਏ ਹਨ ਕਿ ਤੁਸੀਂ ਆ ਕੇ ਸਾਨੂੰ ਸੇਵਾ ਕਰਨ ਦਾ ਮੌਕਾ ਦਿਤਾ। ਜੋ ਸੰਗਤ ਆਉਂਦੀ ਉਹਨਾਂ ਦੀ ਮੁਠੀ-ਚਾਪੀ ਕਰਦੇ ਸਨ। ਸੰਤ ਸ਼ਾਮ ਸਿੰਘ ਅੰਮ੍ਰਿਤ ਵੇਲੇ ਉਠ ਕੇ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਬੈਠ ਕੇ ਕੀਰਤਨ ਕਰਦੇ ਸਨ। ਉਹਨਾਂ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਨਿਰੰਤਰ 70 ਸਾਲ ਤਕ ਕੀਤਾ। ਸੰਤ ਅਤਰ ਸਿੰਘ ਜੀ ਦੇ ਹੁਕਮ ਅਨੁਸਾਰ ਸੰਤ ਤੇਜਾ ਸਿੰਘ ਸਰੋਵਰ ਦੀ ਸੇਵਾ, ਗੁਰਮੁਖੀ ਪੜ੍ਹਾਉਣਾ, ਲੰਗਰ ਦੀ ਸੇਵਾ ਆਦਿ ਸੇਵਾਵਾਂ ਕਰਦੇ ਰਹੇ ਸਨ। ਸੰਤ ਸੁੰਦਰ ਸਿੰਘ ਭਿੰਡਰਾਂਵਾਲਿਆਂ ਨੇ ਸਿਖਾਂ ਨੂੰ ਸ਼ੁਧ ਗੁਰਬਾਣੀ ਪੜ੍ਹਾਉਣਾ, ਗੁਰਬਾਣੀ ਤੇ ਇਤਿਹਾਸ ਦੀ ਕਥਾ ਕਰਨੀ, ਗੁਰੂ ਘਰ ਦੀ ਸੇਵਾ ਨਿਰੰਤਰ ਕਰਦੇ ਸਨ। ਬਾਬਾ ਹਰਦਿਤ ਸਿੰਘ ਕੋਲ ਬਾਬਾ ਜਸਾ ਸਿੰਘ ਗੁਰੂ ਘਰ ਦੀ ਸੇਵਾ ਕਰਦੇ ਸਨ। ਇਹਨਾਂ ਨੇ ਸੇਵਾ ਕਰਕੇ ਹੀ ਬ੍ਰਹਮ ਗਿਆਨ ਦੀ ਪਦਵੀ ਹਾਸਲ ਕਰ ਲਈ ਸੀ। ਇਹਨਾਂ (ਬਾਬਾ ਜਸਾ ਸਿੰਘ) ਨੇ ਸਾਧੂ ਜਨਾਂ ਦੇ ਬਚਨ ਮੰਨ ਕੇ ਆਪਣਾ ਸਾਰਾ ਜੀਵਨ ਮਨੁਖਤਾ ਦੀ ਸੇਵਾ ਵਿਚ ਲਗਾ ਦਿਤਾ ਸੀ। ਇਹਨਾਂ ਨੇ ਬਾਬਾ ਹਰਦਿਤ ਸਿੰਘ ਦੇ ਹੁਕਮ ਅਧੀਨ ਰਹਿ ਕੇ ਸੇਵਾ ਕੀਤੀ। ਜਿਸ ਕਰਕੇ ਇਹ ਮਨ ਦੀ ਮੌਜ ਅਨੁਸਾਰ ਘਾਲਣਾ ਘਾਲਣ ਵਾਲਿਆਂ ਤੋਂ ਅਧਿਆਤਮਕ ਤੌਰ 'ਤੇ ਅਗੇ ਲੰਘ ਗਏ ਸਨ।

# ਸਾਰ

ਸਮਾਜ ਦੇ ਸਾਰੇ ਵਰਗਾਂ ਦੇ ਮਨੁਖ ਸਿਖ ਧਰਮ ਦੇ ਪੈਰੋਕਾਰ ਬਣੇ। ਸਮਾਜ ਦੇ ਤ੍ਰਿਸਕਾਰੇ, ਦਬੇ ਕੁਚਲੇ ਤੇ ਨੀਵੀਂ ਜਾਤ ਦੇ ਲੋਕਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗਲ ਲਗਾ ਕੇ ਸਮਾਜਿਕ ਬਰਾਬਰੀ ਦਾ ਰੁਤਬਾ ਪ੍ਰਦਾਨ ਕੀਤਾ। ਅਕਾਲ ਪੁਰਖ ਦੀ ਅਰਾਧਨਾ ਕਰਨ ਦੀ ਸੌਖੀ ਜੁਗਤੀ ਦਸ ਕੇ ਗੁਰੂ ਸਾਹਿਬ ਨੇ ਸੇਵਾ ਤੇ ਸਿਮਰਨ ਰਾਹੀਂ ਅਕਾਲ ਪੁਰਖ ਦੀ ਪ੍ਰਾਪਤੀ ਦਾ ਰਾਹ ਦਸਿਆ। ਇਸ ਮਾਰਗ ’ਤੇ ਚਲ ਕੇ ਗਰੀਬ ਤੇ ਅਨਪੜ੍ਹ ਭੋਲੀ-ਭਾਲੀ ਲੋਕਾਈ ਦਾ ਅਖੌਤੀ ਕਰਮ ਕਾਂਡ ਤੇ ਭਰਮ ਜਾਲ ਤੋਂ ਛੁਟਕਾਰਾ ਹੋਇਆ। ਬ੍ਰਾਹਮਣ ਜਾਤ ਦੁਆਰਾ ਨੀਵੇਂ ਵਰਗ ਦਾ ਸ਼ੋਸ਼ਣ ਉਸ ਦੇ ਦੁਆਰਾ ਕੀਤੇ ਜਾਂਦੇ ਕੰਮ ਨੂੰ ਵੇਖ ਕੀਤਾ ਜਾਂਦਾ ਸੀ। ਪਰੰਤੂ ਸੇਵਾ ਦੀ ਅਨੁਭੂਤੀ ਰਾਹੀਂ ਨਾ ਕੇਵਲ ਗੁਰੂ ਸਾਹਿਬਾਨ ਨੇ ਮਨੁਖ ਦੀ ਅਧਿਆਤਮਕ ਅਵਸਥਾ ਨੂੰ ਉਚਾ ਕੀਤਾ ਬਲਕਿ ਉਹਨਾਂ ਨੇ ਸਮਾਜਿਕ ਜੀਵਨ ਵਿਚ ਵੀ ਤਬਦੀਲੀ ਲਿਆਂਦੀ।

ਗੁਰਬਾਣੀ ਵਿਚ ਸੇਵਾ ਭਾਵਨਾ ਦਾ ਜ਼ਿਕਰ ਜਿਥੇ ਨੇਮਬਧ ਸੰਜਮ ਪੂਰਨ ਜੀਵਨ ਜੁਗਤਿ ਨੂੰ ਅਪਨਾਉਣ ਦੀ ਗਲ ਕਰਦਾ ਹੈ ਉਥੇ ਸਦ ਚੇਤਨਾ ਦੀ ਸਥਿਤੀ ਨੂੰ ਵੀ ਗੁਰਮੁਖ ਵਿਅਕਤੀ ਦੇ ਜੀਵਨ ਦਾ ਅੰਗ ਮੰਨਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਇਸ ਤਥ ਨੂੰ ਸਮਝਾਉਂਦੇ ਹੋਏ ਫੁਰਮਾਉਂਦੇ ਹਨ ਕਿ ਜਿਵੇਂ ਹਾਥੀ ਦੇ ਸਿਰ ’ਤੇ ਲੋਹੇ ਦੇ ਕੁੰਡੇ ਦਾ ਇਸ਼ਾਰਾ ਹਾਥੀ ਸਮਝਦਾ ਹੈ, ਮੰਨਦਾ ਹੈ ਤੇ ਅਹਿਰਨ ਲੋਹੇ ਨੂੰ ਲਾਭਦਾਇਕ ਬਣਾਉਣ ਲਈ ਉਸ ਨੂੰ ਆਪਣੇ ਸਿਰ ’ਤੇ ਰਖਾ ਕੇ ਚੋਟਾਂ ਖਾਣ ਲਈ ਤਿਆਰ ਰਹਿੰਦੀ ਹੈ। ਇਸੇ ਤਰ੍ਹਾਂ ਤਨ, ਮਨ ਨੂੰ ਪੂਰਨ ਰੂਪ ਵਿਚ ਅਰਪਣ ਕਰਕੇ ਪੂਰੀ ਚੇਤਨਾ ਨਾਲ ਨਾ ਕਿ ਅੰਧ-ਵਿਸ਼ਵਾਸ਼ੀ ਤਰੀਕੇ ਨਾਲ ਸੇਵਕ ਸੇਵਾ ਕਰਦੇ ਰਹੇ। ਸੇਵਕ ਹਉਮੈ ਨਿਵਾਰ ਕੇ ਗੁਰਮੁਖ ਭਗਤ ਬਣਦਾ ਹੈ ਤੇ ਸ੍ਰਿਸ਼ਟੀ ਦਾ ਰਾਜ ਭਾਗ ਵੀ ਉਸਦੇ ਕੋਲ ਆ ਜਾਂਦਾ ਹੈ।

ਸੇਵਕ ਦੀਨ-ਦੁਖੀਆਂ, ਲੋੜਵੰਦਾਂ ਜਾਂ ਸਾਂਝੀ ਭਲਾਈ ਲਈ ਆਰੰਭ ਕੀਤੇ ਗਏ ਕਾਰਜਾਂ ਲਈ ਦਸਵੰਧ ਦੇ ਰੂਪ ਵਿਚ ਆਪਣੇ ਕਮਾਏ ਹੋਏ ਧਨ ਦਾ ਕੁਝ ਹਿਸਾ ਗੁਰੂ ਦੇ ਚਰਨਾਂ ਵਿਚ ਭੇਂਟ ਕਰਦਾ ਹੈ ਤੇ ਬਾਕੀ ਧਨ ਨੂੰ ਆਪਣੇ ਲਈ ਗੁਰੂ ਦੀ ਬਖਸ਼ਿਸ਼ ਸਮਝਕੇ ਵਰਤਦਾ ਹੈ। ਇਸ ਤਰ੍ਹਾਂ ਧਨ ਨਾਲ ਸੇਵਾ ਸੇਵਕ ਨੂੰ ਮਾਇਆ ਦੇ

ਮੋਹ ਤੋਂ ਨਿਰਲੇਪ ਰਖਦੀ ਹੈ। ਜੇ ਸੇਵਕ ਤਨ ਨਾਲ ਸੇਵਾ ਸੰਗਤ ਦੀ ਕਰ ਰਿਹਾ ਹੋਵੇ ਤਾਂ ਆਪਣੇ ਵਲੋਂ ਆਪਣੇ ਗੁਰੂ ਨੂੰ ਦ੍ਰਿਸ਼ਟੀ ਵਿਚ ਰਖਕੇ ਹੀ ਗੁਰੂ ਦੇ ਪਿਆਰਿਆਂ ਦੀ ਭਲਾਈ ਲਈ ਆਪਣੇ ਸਰੀਰ ਦੇ ਅੰਗਾਂ ਨੂੰ ਵਰਤੋਂ ਵਿਚ ਲਿਆਉਂਦਾ ਹੈ। ਇਸ ਤਰ੍ਹਾਂ ਤਨ ਨਾਲ ਸੇਵਾ ਸੇਵਕ ਹਉਮੈ ਤੋਂ ਮੁਕਤ ਕਰਦੀ ਹੈ। ਸੇਵਕ ਸੇਵਾ ਭਾਵੇਂ ਧਨ ਨਾਲ ਕਰ ਰਿਹਾ ਭਾਵੇਂ ਤਨ ਨਾਲ ਕਰਦਾ ਹੈ ਉਹ ਹਉਮੈ ਤੋਂ ਮੁਕਤ ਹੋ ਚੁਕਿਆ ਹੁੰਦਾ ਹੈ ਤੇ ਉਸਦਾ ਮਨ ਇਕਾਗਰ ਤੇ ਸੰਤੋਖੀ ਰਹਿੰਦਾ ਹੈ। ਇਹ ਇਕਾਗਰਤਾ ਤੇ ਸੰਤੋਖ ਸੇਵਕ ਦੀ ਸੁਰਤਿ ਨੂੰ ਸ਼ਬਦ ਰੂਪੀ ਬ੍ਰਹਮ ਨਾਲ ਜੋੜੀ ਰਖਦੇ ਹਨ। ਮਨ ਦੀ ਇਕਾਗਰਤਾ ਤੇ ਸੁਰਤਿ-ਸ਼ਬਦ ਦੇ ਜੋੜ ਵਾਲੀ ਅਵਸਥਾ ਵਿਚ ਸੇਵਕ ਨਿਰੰਤਰ ਅਤੇ ਅਣਥਕ ਸੰਘਰਸ਼ ਕਰਕੇ ਪਹੁੰਚਦਾ ਹੈ। ਉਸਦੇ ਇਸ ਸੰਘਰਸ਼ ਦੀ ਯਾਤਰਾ ਉਹੀ ਹੈ ਜਿਸ ਦਾ ਅਧਿਆਤਮਕ ਸੰਦਰਭ ਵਿਚ ਧਰਮ ਖੰਡ ਤੋਂ ਸਚਿਖੰਡ ਤਕ ਦੀ ਯਾਤਰਾ ਦਾ ਜਪੁਜੀ ਸਾਹਿਬ ਵਿਚ ਜ਼ਿਕਰ ਹੈ।

ਸੇਵਕ ਸਾਰੀਆਂ ਦੁਬਿਧਾਵਾਂ, ਗਿਣਤੀਆਂ-ਮਿਣਤੀਆਂ ਤੋਂ ਉਪਰ ਉਠ ਚੁਕਿਆ ਹੁੰਦਾ ਹੈ, ਉਸਦੀ ਸੇਵਾ ਭਗਤੀ ਰਾਹੀਂ ਅਕਾਲ ਪੁਰਖ ਦੀ ਸੇਵਾ ਹੁੰਦੀ ਹੈ। ਇਸ ਲਈ ਉਹ ਡਰ ਤੋਂ ਮੁਕਤ ਹੁੰਦਾ ਹੈ ਤੇ ਆਪਣੀ ਸੁਰਤਿ ਨੂੰ ਗੁਰੂ ਨਾਲ ਜੋੜੀ ਰਖਦਾ ਹੈ। ਉਹ ਬੁਰੇ-ਭਲੇ ਨੂੰ ਇਕੋ ਜਿਹਾ ਜਾਣਦਾ ਹੈ। ਇਸ ਤਰੀਕੇ ਦੇ ਨਾਲ ਉਹ ਅਕਾਲ ਪੁਰਖ ਦਾ ਨਾਮ ਸਿਮਰਦਾ ਹੈ।

ਸੇਵਕ ਨੂੰ ਇਸ ਗਲ ਦਾ ਧਿਆਨ ਵੀ ਰਖਣਾ ਚਾਹੀਦਾ ਹੈ ਕਿ ਜੋ ਹਰਾਮ ਖਾਣੇ, ਭੇਖ ਨੂੰ ਉਪਜੀਵਕਾ ਸਮਝ ਕੇ ਮੰਗਦੇ ਫਿਰਦੇ ਹਨ, ਉਹਨਾਂ ਦੀ ਸੇਵਾ ਕਰਨਾ ਨਿਸਫਲ ਹੈ। ਅਜ ਕਲ ਸੰਸਥਾਵਾਂ ਸੇਵਾ ਕਰ ਰਹੀਆਂ ਹਨ ਪਰ ਉਹਨਾਂ ਬਾਰੇ ਪੜਤਾਲ ਕਰਨੀ ਚਾਹੀਦੀ ਹੈ ਕਿ ਉਹ ਸੰਸਥਾ ਮਨੁਖਤਾ ਦੀ ਸੇਵਾ ਕਰਨ ਦੀ ਥਾਂ ਤੇ ਮਨੁਖਤਾ ਦੀ ਅਧੋਗਤੀ ਵਿਚ ਹਿਸਾ ਤਾਂ ਨਹੀਂ ਪਾ ਰਹੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਨ (ਸ੍ਰੀ ਦਸਮ ਗ੍ਰੰਥ, 1326) ਹਨ ਕਿ ਮੈਨੂੰ ਅਕਾਲ ਪੁਰਖ ਦੀ ਸੇਵਾ ਹੀ ਚੰਗੀ ਲਗਦੀ ਹੈ, ਹੋਰਾਂ ਦੀ ਸੇਵਾ ਚੰਗੀ ਨਹੀਂ ਲਗਦੀ। ਜੇ ਕਰ ਦਾਨ ਦੀ ਗਲ ਕਰੀਏ ਤਾਂ ਵੀ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਦਾਨ ਦੇਣਾ ਵੀ ਇਹਨਾਂ (ਅਕਾਲ ਪੁਰਖ) ਨੂੰ ਹੀ ਚੰਗਾ ਲਗਦਾ ਹੈ ਕਿਉਂਕਿ ਇਹਨਾਂ ਨੂੰ ਦਿਤਾ ਹੋਇਆ ਦਾਨ ਹੀ ਅਗੇ ਫਲ

ਦੇਵੇਗਾ, ਹੋਰਾਂ ਨੂੰ ਦਿਤਾ ਦਾਨ ਵਿਅਰਥ ਜਾਵੇਗਾ। ਸੋ ਮੇਰੇ ਘਰ ਵਿਚ ਤਨ, ਮਨ, ਧਨ, ਤੇ ਸਿਰ ਤਕ ਸਭ ਅਕਾਲ ਪੁਰਖ ਦਾ ਹੀ ਹੈ।

ਗੁਰਬਾਣੀ ਵਿਚ ਦਿਤੇ ਸੇਵਾ ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਣ ਲਈ ਦਸ ਗੁਰੂ ਸਾਹਿਬਾਨ ਦੇ ਸਮਕਾਲੀ ਸੇਵਕਾਂ, ਸਾਧੂ ਜਨਾਂ ਨੇ ਵਖ-ਵਖ ਸਰੋਕਾਰਾਂ ਦੁਆਰਾ ਗੁਰੂ ਸੇਵਾ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਹਿਲੇ ਸੇਵਕ ਬੇਬੇ ਨਾਨਕੀ ਜੀ ਤੇ ਭਾਈ ਜੈ ਰਾਮ ਜੀ ਦਾ ਨਾਮ ਵਿਸ਼ੇਸ਼ ਕਰਕੇ ਆਉਂਦਾ ਹੈ। ਦੋਵੇਂ ਸੇਵਕਾਂ ਨੇ ਗੁਰੂ ਸਾਹਿਬ ਨੂੰ ਭੋਜਨ ਛਕਾਇਆ ਤੇ ਪੁਸ਼ਾਕ ਭੇਂਟ ਕੀਤੀ। ਗੁਰੂ ਸਾਹਿਬ ਦੇ ਧਰਮ ਸੁਪਤਨੀ ਮਾਤਾ ਸੁਲਖਣੀ ਗੁਰੂ ਸਾਹਿਬ ਦੇ ਚਰਨਾਂ ਦੀ ਸੇਵਾ ਕਰਦੇ ਸਨ ਤੇ ਗੁਰੂ ਸਾਹਿਬ ਦਾ ਹੁਕਮ ਮੰਨ ਕੇ ਸਾਧੂਆਂ ਦੀ ਸੇਵਾ ਕਰਦੇ ਸਨ। ਜਦ ਗੁਰੂ ਸਾਹਿਬ ਭਾਈ ਲਾਲੋ ਦੇ ਘਰ ਗਏ ਸਨ ਤਾਂ ਭਾਈ ਲਾਲੋ ਦਿਨ ਸਮੇਂ ਕਿਰਤ ਕਰਦਾ ਤੇ ਰਾਤ ਨੂੰ ਗੁਰੂ ਸਾਹਿਬ ਦੀ ਸੇਵਾ ਕਰਦਾ ਸੀ। ਜਦ ਗੁਰੂ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਸਨ ਤਾਂ ਭਾਈ ਲਹਿਣਾ ਜੀ ਗੁਰੂ ਸਾਹਿਬ ਪਾਸ ਰਹੇ। ਉਥੇ ਰਹਿ ਕੇ ਭਾਈ ਲਹਿਣਾ ਜੀ ਜੂਠੇ ਬਰਤਨ ਸਾਫ ਕਰਦੇ, ਗੁਰੂ ਸਾਹਿਬ ਦੇ ਚਰਨਾਂ ਦੀ ਸੇਵਾ, ਪਖਾ ਝਲਣਾ, ਵਸਤਰ ਧੋਣੇ ਤੇ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਸੇਵਾ ਵਿਚ ਹਾਜ਼ਰ ਰਹਿੰਦੇ ਸਨ। ਸ੍ਰੀ ਗੁਰੂ ਅੰਗਦ ਦੇਵ ਜੀ (ਭਾਈ ਲਹਿਣਾ) ਵਰਗੀ ਮਹਾਨ ਸਖ਼ਸ਼ੀਅਤ ਨੇ ਵੀ ਗੁਰੂ ਪ੍ਰਤੀ ਲਗਨ, ਸੇਵਾ, ਆਪਾ ਵਾਰਨਾ ਅਤੇ ਸਤਿਬਚਨ ਭਾਵ ਗੁਰੂ ਦਾ ਹੁਕਮ ਮੰਨਣਾ ਇਤਨਾ ਜ਼ਰੂਰੀ ਸਮਝਿਆ ਕਿ ਉਹ ਰਹਿੰਦੀ ਦੁਨੀਆਂ ਲਈ ਇਕ ਮਿਸਾਲ ਬਣ ਗਏ।

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸੇਵਕ ਤਖਤਮਲ ਚੌਧਰੀ ਗੁਰੂ ਦੇ ਲੰਗਰ ਲਈ ਦੁਧ ਦੀ ਸੇਵਾ ਕਰਦਾ ਸੀ। ਭਾਈ ਜੀਵਾ ਗੁਰੂ ਸਾਹਿਬ ਨੂੰ ਭੋਜਨ ਤਿਆਰ ਕਰਕੇ ਛਕਾਉਂਦਾ ਸੀ। ਧਿੰਗਾ ਨਾਈ ਸਿਖਾਂ ਨੂੰ ਗਰਮ ਜਲ ਨਾਲ ਇਸ਼ਨਾਨ ਕਰਵਾਉਂਦਾ, ਮੁਠੀ ਚਾਪੀ ਕਰਦਾ, ਪਖਾ ਝਲਦਾ ਤੇ ਜੂਠੇ ਬਰਤਨ ਸਾਫ ਕਰਨ ਦੀ ਸੇਵਾ ਕਰਦਾ ਸੀ। ਸ੍ਰੀ ਅਮਰਦਾਸ ਜੀ ਡੇਰੇ ਲਈ ਜਲ ਦੀ ਸੇਵਾ ਕਰਦੇ ਸਨ। ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸ੍ਰੀ ਅਮਰਦਾਸ ਜੀ ਪਹਿਲਾਂ ਇਸ਼ਨਾਨ ਕਰਵਾਉਂਦੇ ਸਨ ਤੇ ਫਿਰ ਕਪੜੇ ਧੋਂਦੇ ਸਨ। ਦਿਨ ਸਮੇਂ ਬਰਤਨ ਸਾਫ ਕਰਨੇ, ਪਖਾ ਝਲਣਾ ਆਦਿ ਸੇਵਾਵਾਂ ਕਰਦੇ ਸਨ। ਸ੍ਰੀ ਅਮਰਦਾਸ ਜੀ ਸੇਵਾ ਕਰਦੇ-ਕਰਦੇ ਗੁਰੂ ਪਦਵੀ ਤਕ ਪਹੁੰਚੇ ਤੇ ਸ੍ਰੀ ਅਮਰਦਾਸ ਤੋਂ ਸ੍ਰੀ ਗੁਰੂ ਅਮਰਦਾਸ ਜੀ ਹੋਏ।

ਸ੍ਰੀ ਗੁਰੂ ਅਮਰਦਾਸ ਜੀ ਦੇ ਸੇਵਕ ਭਾਈ ਬੱਲੂ ਬਿਆਸ ਨਦੀ ਤੋਂ ਗੁਰੂ ਸਾਹਿਬ ਦੇ ਇਸ਼ਨਾਨ ਕਰਨ ਲਈ ਜਲ ਲੈ ਕੇ ਆਉਂਦਾ ਤੇ ਗੁਰੂ ਸਾਹਿਬ ਦੇ ਸਰੀਰ ’ਤੇ ਵਟਣਾ ਮਲਦਾ। ਜਦ ਗੁਰੂ ਸਾਹਿਬ ਸਿੰਘਾਸਨ ’ਤੇ ਬੈਠਦੇ ਤਾਂ ਭਾਈ ਸਾਦੂ, ਭਾਈ ਬਾਦੂ ਕੀਰਤਨ ਕਰਦੇ ਸਨ। ਭਾਈ ਸਚਨਿ ਸਚ ਗੁਰੂ ਦੇ ਲੰਗਰਾਂ ਲਈ ਜੰਗਲ ਵਿਚ ਜਾ ਕੇ ਲਕੜਾਂ ਲਿਆਉਂਦਾ ਸੀ। ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਸ੍ਰੀ ਰਾਮਦਾਸ (ਭਾਈ ਜੇਠਾ) ਆਏ। ਜਦੋਂ ਬਾਉਲੀ ਸਾਹਿਬ ਦੀ ਸੇਵਾ ਹੋ ਰਹੀ ਸੀ ਤਾਂ ਸ੍ਰੀ ਰਾਮਦਾਸ ਜੀ ਮਿਟੀ ਦੀ ਟੋਕਰੀ ਸਿਰ ’ਤੇ ਚੁਕ ਕੇ ਬਾਹਰ ਸੁਟਦੇ ਸਨ। ਗੁਰੂ ਸਾਹਿਬ ਨੇ ਸ੍ਰੀ ਰਾਮਦਾਸ ਨੂੰ ਕਿਹਾ ਕਿ ਥੜੇ ਬਣਾਉ ਤਾਂ ਸ੍ਰੀ ਰਾਮਦਾਸ ਜੀ ਨੇ ਕਈ ਵਾਰ ਥੜੇ ਬਣਾਏ ਤੇ ਸ੍ਰੀ ਗੁਰੂ ਅਮਰਦਾਸ ਜੀ ਥੜੇ ਢਾਉਣ ਦਾ ਹੁਕਮ ਦੇ ਦਿੰਦੇ ਸਨ। ਸ੍ਰੀ ਰਾਮਦਾਸ ਨੂੰ ਜਿਵੇਂ ਗੁਰੂ ਸਾਹਿਬ ਕਹਿੰਦੇ ਸਨ ਉਹ ਉਸੇ ਤਰ੍ਹਾਂ ਹੁਕਮ ਮੰਨ ਕੇ ਸੇਵਾ ਕਰਦੇ ਸਨ। ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਰਾਮਦਾਸ ਨੂੰ ਕਿਹਾ ਕਿ ਰਾਮਦਾਸ ਜੀ ਤੁਸੀਂ ਧੰਨ ਹੋ, ਤੁਸੀਂ ਸੇਵਾ ਕਰਕੇ ਮੈਨੂੰ ਵਸ ਵਿਚ ਕਰ ਲਿਆ ਹੈ।

ਸ੍ਰੀ ਗੁਰੂ ਰਾਮਦਾਸ ਜੀ ਦਾ ਸੇਵਕ ਭਾਈ ਹੰਦਾਲ ਲੰਗਰ ਲਈ ਆਟਾ ਤਿਆਰ ਕਰਦਾ ਤੇ ਸਤਿਨਾਮ ਦਾ ਜਾਪ ਕਰਦਾ ਸੀ। ਭਾਈ ਆਦਮ ਗੁਰੂ ਦੇ ਲੰਗਰ ਲਈ ਸੁਕੀਆਂ ਲਕੜਾਂ ਇਕਠੀਆਂ ਕਰਦਾ ਸੀ। ਗੁਰੂ ਸਾਹੂ ਦਾ ਸੇਵਕ ਭਾਈ ਸੋਮਾਨ ਘੁੰਗਣੀਆਂ ਵੇਚ ਕੇ ਗੁਜ਼ਾਰਾ ਕਰਦਾ ਸੀ। ਗੁਰੂ ਸਾਹਿਬ ਨੇ ਇਕ ਦਿਨ ਉਸ ਦੀ ਬਚਤ ਦੇ ਪੈਸੇ ਮਜ਼ਦੂਰਾਂ ਵਿਚ ਵੰਡ ਦਿਤੇ। ਉਸਨੇ ਕਿਸੇ ਪ੍ਰਕਾਰ ਦਾ ਗੁਸਾ ਨਾ ਮੰਨਿਆ ਤੇ ਗੁਰੂ ਸਾਹਿਬ ਨੇ ਖੁਸ਼ ਹੋ ਕੇ ਉਸਨੂੰ ਵਰ ਦਿਤਾ ਕਿ ‘ਸੁਮਾਨ ਸ਼ਾਹ ਬੇਪਰਵਾਹ ਗੁਰੂ ਕਾ ਸ਼ਾਹ।’

ਸ੍ਰੀ ਗੁਰੂ ਅਰਜਨ ਦੇਵ ਜੀ ਸੇਵਕ ਰਾਜਾ ਨੇ ਸਰੋਵਰ ਬਣਾਉਣ ਸਮੇਂ ਧਨ ਨਾਲ ਸੇਵਾ ਕੀਤੀ। ਬਾਬਾ ਬੁਢਾ ਜੀ ਸਰੋਵਰ ਦੀ ਸੇਵਾ ਕਰਦੇ ਤੇ ਸਾਰੀ ਸੇਵਾ ਦਾ ਕਾਰਜ ਵੇਖਦੇ ਸਨ। ਭਾਈ ਗੁਰਦਾਸ ਗੁਰੂ ਘਰ ਦਾ ਲਿਖਣ-ਪੜ੍ਹਨ ਦੀ ਸੇਵਾ ਸੰਭਾਲਦੇ ਸਨ। ਭਾਈ ਭਗਤੂ ਸਵੇਰ ਦੇ ਸਮੇਂ ਤੋਂ ਹੀ ਸਰੋਵਰ ਦੀ ਮਿਟੀ ਬਾਹਰ ਕਢਣ ਲਗ ਜਾਂਦਾ ਸੀ ਤੇ ਰਾਤ ਦੇ ਸਮੇਂ ਨਾਮ ਦਾ ਸਿਮਰਨ ਕਰਦਾ ਸੀ। ਭਾਈ ਮੰਞ ਜੰਗਲ ਵਿਚੋਂ ਸੁਕੀਆਂ ਲਕੜਾਂ ਦੀਆਂ ਪੰਡਾਂ ਲਿਆਉਂਦਾ ਸੀ ਤੇ ਲੰਗਰ ਦੀ ਸੇਵਾ ਕਰਦਾ ਸੀ। ਗੁਰੂ ਸਾਹਿਬ ਦਾ ਹੁਕਮ ਮੰਨ ਕੇ ਭਾਈ ਹਰਿਬੰਸ ਤਪਾ ਧਰਮਸ਼ਾਲਾ ਵਿਚ ਜੋ ਸਿਖ ਥਕ ਜਾਂਦਾ ਸੀ ਉਸਦੇ ਚਰਨ ਗਰਮ ਪਾਣੀ ਨਾਲ ਧੋਣੇ, ਪੈਰ ਘੁਟਣੇ, ਭੋਜਨ ਛਕਾਉਣਾ ਤੇ ਅੰਮ੍ਰਿਤ ਵੇਲੇ ਗਰਮ ਪਾਣੀ ਕਰਕੇ ਸਿਖਾਂ ਨੂੰ ਇਸ਼ਨਾਨ ਕਰਵਾਉਂਦਾ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗਵਾਲੀਅਰ ਦੇ ਕਿਲ੍ਹੇ ਵਿਚ ਆਉਣਾ ਸੁਣ ਕੇ ਭਾਈ ਹਰਿਦਾਸ ਸੁੰਦਰ ਪਲੰਘ ਤਿਆਰ ਕਰਕੇ ਬਿਸਤਰਾ ਵਿਛਾਉਂਦਾ ਹੈ। ਗੁਰੂ ਸਾਹਿਬ ਲਈ ਬਾਦਸ਼ਾਹ ਕਲਗੀ, ਮਾਇਆ, ਸਤ ਸ਼ਸਤਰ, ਘੋੜੇ ਭੇਂਟ ਕਰਦਾ ਹੈ। ਭਾਈ ਕਰਮ ਚੰਦ ਆਪਣੇ ਘਰ ਜਾ ਕੇ ਘੋੜਿਆਂ ਲਈ ਦਾਣਾ ਤੇ ਲੰਗਰ ਲਈ ਰਸਦ ਲਿਆ ਕੇ ਗੁਰੂ ਸਾਹਿਬ ਅਗੇ ਭੇਂਟ ਕਰਦਾ ਹੈ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅਗੇ ਭਾਈ ਭਗਤੂ ਬ੍ਰਿਧ ਉਮਰ ਵਿਚ ਬੇਨਤੀ ਕਰਦਾ ਹੈ ਕਿ ਮੈਨੂੰ ਸੇਵਾ ਬਖਸ਼ੋ ਤਾਂ ਗੁਰੂ ਸਾਹਿਬ ਨੇ ਭਾਈ ਭਗਤੂ ਨੂੰ ਗੁਰੂ ਘਰ ਦੀ ਖੇਤੀ ਸੰਭਾਲਣ ਦਾ ਹੁਕਮ ਦਿਤਾ। ਭਾਈ ਫੇਰੂ ਨੂੰ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਬਾਕੀ ਕੰਮ ਛਡ ਕੇ ਗੁਰੂ ਘਰ ਦਾ ਲੰਗਰ ਚਲਾਵੋ ਤੇ ਸਤਿਨਾਮ ਸਿਮਰ ਕੇ ਅਕਾਲ ਪੁਰਖ ਦੇ ਗੁਣ ਗਾਵੋ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਆਉਣਾ ਸੁਣ ਕੇ ਸੇਵਕ ਰਾਜਾ ਜੈ ਸਿੰਘ ਆਪਣੇ ਪਰਿਵਾਰ ਸਮੇਤ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਆਉਂਦਾ ਹੈ। ਗੁਰੂ ਸਾਹਿਬ ਦੇ ਦਰਸ਼ਨ ਕਰਕੇ ਮੋਹਰਾਂ ਭੇਂਟ ਕਰਦਾ ਹੈ ਤੇ ਚਾਰ ਪ੍ਰਕਾਰ ਦੇ ਭੋਜਨ ਭੇਂਟ ਕਰਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੇਵਕ ਮਖਣ ਸ਼ਾਹ ਗੁਰੂ ਸਾਹਿਬ ਲਈ ਵਸਤਰ ਤੇ ਘੋੜਾ ਭੇਂਟ ਕਰਦਾ ਹੈ। ਭਾਈ ਮੋਂਹਾ ਦੂਰ ਤੋਂ ਜਲ ਦੀ ਗਾਗਰ ਆਪਣੇ ਸਿਰ ’ਤੇ ਰਖ ਕੇ ਲਿਆਉਂਦਾ ਸੀ। ਵਹਿਰ ਜਛ ਦੇ ਤਰਖਾਣ ਸਿਖ ਗੁਰੂ ਸਾਹਿਬ ਨੂੰ ਪ੍ਰਸ਼ਾਦਾ ਤਿਆਰ ਕਰਕੇ ਛਕਾਇਆ। ਜਦ ਗੁਰੂ ਸਾਹਿਬ ਪਟਨਾ ਨਗਰ ਵਿਖੇ ਪਹੁੰਚਦੇ ਹਨ ਤਾਂ ਉਥੋਂ ਦਾ ਰਹਿਣ ਵਾਲਾ ਜਗਤਾ ਸੇਠ ਗੁਰੂ ਸਾਹਿਬ ਲਈ ਮਿਠੇ ਪਕਵਾਨ ਤਿਆਰ ਕਰਕੇ ਛਕਾਉਂਦਾ ਹੈ ਤੇ ਘੋੜਿਆਂ ਲਈ ਦਾਣਾ ਦਿੰਦਾ ਹੈ। ਪਟਨੇ ਦਾ ਇਕ ਸਿਖ ਗੁਰੂ ਸਾਹਿਬ ਨੂੰ ਆਪਣੀ ਹਵੇਲੀ ਭੇਂਟ ਕਰਦਾ ਹੈ। ਜਦ ਗੁਰੂ ਸਾਹਿਬ ਕੈਦ ਵਿਚ ਸਨ ਤਾਂ ਉਸ ਸਮੇਂ ਭਾਈ ਮਤੀ ਦਾਸ ਨੇ ਗੁਰੂ ਸਾਹਿਬ ਦੇ ਚਰਨਾਂ ’ਤੇ ਮਥਾ ਟੇਕਿਆ। ਜਦ ਇਹ ਬਿਰਤਾਂਤ ਦਾ ਔਰੰਗਜ਼ੇਬ ਨੂੰ ਪਤਾ ਲਗਿਆ ਤਾਂ ਉਸਨੇ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਦਿਤਾ। ਗੁਰੂ ਸਾਹਿਬ ਦੇ ਸੇਵਕ ਬਾਬਾ ਗੁਰਦਿਤਾ ਨੇ ਗੁਰੂ ਸਾਹਿਬ ਨੂੰ ਘੋੜਾ ਭੇਂਟ ਕਰਕੇ ਨਮਸਕਾਰ ਕੀਤੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੇਵਕ ਭਗਤ ਭਗਵਾਨ ਨੇ ਗੁਰੂ ਸਾਹਿਬ ਲਈ ਸੁੰਦਰ ਚੌਕੀ ਤਿਆਰ ਕਰਕੇ ਭੋਜਨ ਛਕਾਇਆ। ਗੁਰੂ ਸਾਹਿਬ ਆਪਣੇ ਸੇਵਕ ਦੀ ਸੇਵਾ ਤੋਂ ਖੁਸ਼ ਹੋ ਕੇ ਸੇਵਕ ਨੂੰ ਕਿਰਪਾਨ ਬਖਸ਼ਦੇ ਹਨ। ਗੁਰੂ ਸਾਹਿਬ ਜਦ ਲਖਨੌਰ ਵਿਖੇ ਭਾਈ ਜੇਠਾ ਦਾ ਘਰ ਰੁਕੇ, ਇਥੇ ਗੁਰੂ ਸਾਹਿਬ ਕਈ ਮਹੀਨੇ ਰੁਕੇ ਸਨ। ਭਾਈ ਜੇਠਾ ਖੁਸ਼ ਹੋ ਕੇ ਗੁਰੂ ਸਾਹਿਬ ਦੀ ਸੇਵਾ ਕਰਦਾ ਰਿਹਾ। ਭਾਈ ਕੀਰਤੀਆ ਖੜਾ ਹੋ ਕੇ ਗੁਰੂ ਸਾਹਿਬ ਲਈ ਚੌਰ ਸਾਹਿਬ ਦੀ ਸੇਵਾ ਕਰਦਾ ਸੀ। ਜਦ ਗੁਰੂ ਸਾਹਿਬ ਨਾਹਨ ਪੁਜੇ ਤਾਂ ਰਾਜਾ ਮੇਦਨੀ ਪ੍ਰਕਾਸ਼ ਗੁਰੂ ਲਈ ਇਕ ਘੋੜਾ ਭੇਂਟ ਕਰਦਾ ਹੈ ਤੇ ਆਪਣੇ ਨਗਰ ਵਿਚ ਉਤਾਰਾ ਕਰਵਾ ਕੇ ਸੇਵਾ ਕਰਦਾ ਹੈ। ਗੁਰੂ ਸਾਹਿਬ ਦਾ ਹੁਕਮ ਮੰਨ ਕੇ ਕ੍ਰਿਪਾਲ ਮਹੰਤ ਜੰਗ ਦੇ ਮੈਦਾਨ ਵਿਚ ਵੈਰੀਆਂ ਨੂੰ ਮਾਰਦਾ ਹੈ। ਪੀਰ ਬੁਧੂ ਸ਼ਾਹ ਆਪਣੇ ਪੁਤਰਾਂ ਸਮੇਤ ਭੰਗਾਣੀ ਦੀ ਜੰਗ ਵਿਚ ਹਿਸਾ ਲੈਂਦੇ ਹਨ। ਇਸ ਜੰਗ ਵਿਚ ਪੀਰ ਬੁਧੂ ਸ਼ਾਹ ਦੇ ਦੋ ਪੁਤਰ ਸ਼ਹੀਦ ਹੋ ਗਏ ਸਨ। ਲਾਲ ਚੰਦ ਹਲਵਾਈ ਨੇ ਰਣਖੇਤਰ ਵਿਚ ਮੀਰ ਖਾਂ ਨਾਮੀ ਪਠਾਣ ਨੂੰ ਵੰਗਾਰ ਕੇ ਮਾਰਿਆ। ਭਾਈ ਦਇਆ ਸਿੰਘ ਜੀ ਭੰਗਾਣੀ ਦੀ ਜੰਗ ਤੋਂ ਲੈ ਕੇ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਦੇ ਸਮੇਂ ਤਕ ਸੇਵਾ ਵਿਚ ਹਾਜ਼ਰ ਰਹੇ ਸਨ। ਮਾਤਾ ਅਜੀਤ ਕੌਰ ਹਰ ਸਮੇਂ ਸੰਗਤ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ। ਰਾਮਗੜ੍ਹ ਦੇ ਰਾਜੇ ਨੇ ਗੁਰੂ ਸਾਹਿਬ ਨੂੰ ਇਕ ਘੋੜਾ, ਇਕ ਕਿਰਪਾਨ ਭੇਂਟ ਕੀਤੀ। ਰਾਇਪੁਰ ਦੀ ਰਾਣੀ ਨੇ ਗੁਰੂ ਸਾਹਿਬ ਨੂੰ ਇਕ ਘੋੜਾ ਤੇ ਮਾਇਆ ਭੇਂਟ ਕੀਤੀ। ਜਦ ਗੁਰੂ ਸਾਹਿਬ ਭੰਭੌਰ ਨਗਰ ਵਿਖੇ ਪਹੁੰਚੇ ਤਾਂ ਉਥੋਂ ਦੇ ਰਾਜੇ ਨੇ ਗੁਰੂ ਸਾਹਿਬ ਨੂੰ ਇਕ ਘੋੜਾ ਭੇਂਟ ਕੀਤਾ ਤੇ ਆਪਣੇ ਮਹਿਲਾਂ 'ਚ ਬਿਠਾ ਕੇ ਭੋਜਨ ਛਕਾਇਆ। ਭਾਈ ਕਨਈਆ ਜੰਗ ਦੇ ਮੈਦਾਨ ਵਿਚ ਸਾਰੇ ਸੂਰਬੀਰਾਂ ਨੂੰ ਜਲ ਛਕਾਉਂਣ ਦੀ ਸੇਵਾ ਕਰਦਾ ਸੀ। ਜਦ ਗੁਰੂ ਸਾਹਿਬ ਨੇ ਬੇਦਾਵਾ ਲਿਖਵਾਇਆ ਸੀ ਤਾਂ ਉਸ ਸਮੇਂ ਪੰਜ ਪਿਆਰੇ, ਪੰਜ ਮੁਕਤੇ ਤੇ ਭਾਈ ਉਦੇ ਸਿੰਘ ਸਮੇਤ 30 ਹੋਰ ਸਿਖ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਸਨ। ਜਦੋਂ ਗੁਰੂ ਸਾਹਿਬ ਕਾਲੀ ਟਿਬੀ ਦੇ ਸਥਾਨ 'ਤੇ ਜੰਗ ਕਰ ਰਹੇ ਸਨ ਤਾਂ ਗੁਰੂ ਸਾਹਿਬ ਤੋਂ ਭਾਈ ਉਦੇ ਸਿੰਘ ਆਗਿਆ ਲੈ ਕੇ ਜੰਗ ਦੇ ਮੈਦਾਨ ਵਿਚ ਜਾਂਦਾ ਹੈ। ਉਦੇ ਸਿੰਘ ਨੇ ਜੰਗ ਦੇ ਮੈਦਾਨ ਵਿਚ ਤੀਰ ਚਲਾ-ਚਲਾ ਕੇ ਡੇਢ ਪਹਿਰ ਤਕ ਵੈਰੀ ਦੇ ਦਲ ਨੂੰ ਰੋਕ ਕੇ ਰਖਿਆ। ਇਸੇ ਅਸਥਾਨ 'ਤੇ ਹੀ ਭਾਈ ਉਦੇ ਸਿੰਘ ਦੇ ਮਥੇ ਵਿਚ ਗੋਲੀ ਲਗਣ ਕਾਰਨ ਸ਼ਹੀਦੀ ਹੋ ਗਈ ਸੀ। ਭਾਈ ਜੀਵਨ ਸਿੰਘ ਰੰਘਰੇਟਾ ਨੂੰ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਸਾਹਿਬਜ਼ਾਦਾ ਅਜੀਤ ਸਿੰਘ ਪਾਸ ਜਾਵੋ। ਸਾਰੇ ਸਿੰਘ ਰਲ ਕੇ ਸਰਸਾ ਨਦੀ ਦੇ ਕਿਨਾਰੇ ਹੀ ਜੰਗ ਕਰਨ ਲਗੇ। ਤੁਰਕਾਂ ਵਲੋਂ ਇਕਠੀਆਂ ਬੰਦੂਕਾਂ ਚਲਾ ਦਿਤੀਆਂ ਜਿਸ

ਕਰਕੇ ਭਾਈ ਜੀਵਨ ਸਿੰਘ ਸਮੇਤ ਕਈ ਸਿੰਘ ਜੰਗ ਕਰਦੇ ਹੋਏ ਉਥੇ ਸ਼ਹੀਦ ਹੋ ਗਏ ਸਨ। ਅਜੀਤ ਸਿੰਘ (ਗੁਰੂ ਕਾ ਯੋਧਾ) ਜੋ ਕਿ ਜੰਗ ਦਾ ਮੋਹਰੀ ਸੀ। ਜਦੋਂ ਮੁਗਲ ਫੌਜ ਨੇ ਮੋਰਚਿਆਂ ਨੇੜੇ ਆਈ ਤਾਂ ਅਜੀਤ ਸਿੰਘ ਨੇ ਹੁਕਮ ਕੀਤਾ ਕਿ ਸਾਰੇ ਸਿੰਘ ਬੰਦੂਕ ਵਿਚੋਂ ਇਕੋ ਸਮੇਂ ਗੋਲੀ ਛਡਣ। ਇਕੋ ਸਮੇਂ ਗੋਲੀ ਛਡਣ ਕਰਕੇ ਦੋ ਘੜੀ ਵਿਚ ਵੈਰੀ ਦੇ ਸੈਕੜੇ ਘੋੜੇ ਤੇ ਜਵਾਨ ਮਾਰੇ ਗਏ। ਸਾਹਿਬਜ਼ਾਦਾ ਅਜੀਤ ਸਿੰਘ ਤਲਵਾਰ, ਢਾਲ ਤੇ ਤੀਰਾਂ ਦਾ ਭਥਾ ਲੈ ਕੇ ਜੰਗ ਦੇ ਮੈਦਾਨ ਗੁਰੂ ਸਾਹਿਬ ਤੋਂ ਆਗਿਆ ਲੈ ਕੇ ਜਾਂਦੇ ਹਨ। ਜੰਗ ਦੇ ਮੈਦਾਨ ਵਿਚ ਭੀਮ ਚੰਦ ਦੀ ਸੈਨਾ ’ਤੇ ਵਾਰ ਕਰਕੇ ਅਨੇਕਾਂ ਵੈਰੀਆਂ ਨੂੰ ਮਾਰ ਮੁਕਾਇਆ। ਸਾਹਿਬਜ਼ਾਦਾ ਅਜੀਤ ਸਿੰਘ ਚਮਕੌਰ ਸਾਹਿਬ ਵਿਖੇ ਜੰਗ ਕਰਦੇ ਹੋਏ ਸ਼ਹੀਦ ਹੋਏ। ਗੁਰਬਿਲਾਸ ਪਾਤਿਸਾਹੀ ਦਸਮੀ ਅਨੁਸਾਰ ਜ਼ੋਰਾਵਰ ਸਿੰਘ (ਸਪੁਤਰ ਭਾਈ ਨਥੂ) ਚਮਕੌਰ ਸਾਹਿਬ ਦੀ ਜੰਗ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਚਿਤੌੜ ਪਹੁੰਚਿਆ। ਇਥੇ ਮੁਗਲ ਫੌਜਾਂ ਦੇ ਨਾਲ ਜੰਗ ਵਿਚ ਜ਼ੋਰਾਵਰ ਸਿੰਘ ਦੀ ਸ਼ਹੀਦੀ ਹੋਈ। ਇਸੇ ਪ੍ਰਕਾਰ ਭਾਈ ਸੰਤ ਸਿੰਘ, ਭਾਈ ਸੰਗਤ ਸਿੰਘ, ਭਾਈ ਧਰਮ ਸਿੰਘ, ਭਾਈ ਗੁਲਾਬਾ, ਨਬੀ ਖਾਂ, ਗ਼ਨੀ ਖਾਂ, ਭਾਈ ਡੱਲਾ ਜੀ, ਭਾਈ ਦਰਬਾਰੀ ਸਿੰਘ ਤੇ ਭਾਈ ਘਰਬਾਰੀ ਸਿੰਘ ਵਰਗੇ ਅਨੇਕਾਂ ਸੇਵਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸੇਵਕ ਲੰਗਰ ਦੀ ਸੇਵਾ ਤੋਂ ਲੈ ਕੇ ਜੰਗ ਦੇ ਮੈਦਾਨ ਵਿਚ ਸ਼ਹੀਦ ਹੋਣ ਤਕ ਸੇਵਾ ਕਰਦੇ ਰਹੇ ਸਨ।

ਭਾਈ ਗੁਰਦਾਸ ਜੀ ਦੇ ਅਨੁਸਾਰ ਸੇਵਕ ਵਿਚ ਤਿੰਨ ਸਿਫਤਾਂ ਹੋਣ: ਸਬਰ, ਸਿਦਕ ਤੇ ਸ਼ਹਾਦਤ। ਜੋ ਸੇਵਕ ਹਮੇਸ਼ਾ ਆਪਣੇ ਗੁਰੂ ਦੇ ਦਸੇ ਹੁਕਮ ਅਨੁਸਾਰ ਚਲ ਕੇ ਜੀਵਨ ਬਤੀਤ ਕਰਦਾ ਹੈ ਭਾਵੇਂ ਗੁਰੂ ਆਪਣੇ ਸੇਵਕ ਨੂੰ ਘਾਹ ਖੋਤਣ ਦਾ ਹੁਕਮ ਕਰੇ ਤੇ ਭਾਵੇਂ ਸੇਵਕ ਨੂੰ ਜੰਗ ਦੇ ਮੈਦਾਨ ਵਿਚ ਜਾਣ ਦਾ ਹੁਕਮ ਕਰੇ। ਸੇਵਕ ਗੁਰੂ ਦਾ ਹੁਕਮ ਮੰਨ ਕੇ ਸੇਵਾ ਵਿਚ ਲਗਦਾ ਹੈ ਕਿਉਂਕਿ ਸੇਵਕ ਨੂੰ ਸੇਵਾ ਤੋਂ ਬਿਨ੍ਹਾਂ ਹੋਰ ਕੋਈ ਚੀਜ਼ ਦੀ ਲੋੜ ਨਹੀਂ ਹੁੰਦੀ।

ਗੁਰੂ ਸਾਹਿਬਾਨ ਦੇ ਸੇਵਕਾਂ ਤੋਂ ਬਾਅਦ ਸਿਖ ਇਤਿਹਾਸ ਅਨੇਕਾਂ ਸੇਵਕਾਂ ਦਾ ਨਾਮ ਆਉਂਦਾ ਹੈ ਜਿੰਨ੍ਹਾਂ ਵਿਚੋਂ ਭਾਈ ਜਗਤਾ ਜੀ, ਸੰਤ ਸ਼ਾਮ ਸਿੰਘ, ਸੰਤ ਤੇਜਾ ਸਿੰਘ, ਸੰਤ ਸੁੰਦਰ ਸਿੰਘ ਤੇ ਬਾਬਾ ਜਸਾ ਸਿੰਘ ਜੀ ਹਨ। ਇਹਨਾਂ ਸਾਧੂ ਜਨਾਂ ਨੇ ਗੁਰੂ ਸਿਧਾਂਤ ਉਪਰ ਚਲ ਕੇ ਆਪਣੇ ਆਖਰੀ ਸਮੇਂ ਤਕ ਸੇਵਾ ਨਿਭਾਈ। ਇਹਨਾਂ

ਸੇਵਕਾਂ ਦੁਆਰਾ ਪਹਿਲਾਂ ਸਾਧੂ ਜਨਾਂ ਦੇ ਨਜ਼ਦੀਕ ਰਹਿ ਕੇ ਸੇਵਾ ਕਰਨ ਦੀ ਜਾਂਚ ਸਿਖੀ ਤੇ ਇਹਨਾਂ (ਭਾਈ ਜਗਤਾ ਜੀ, ਸੰਤ ਸ਼ਾਮ ਸਿੰਘ, ਸੰਤ ਤੇਜਾ ਸਿੰਘ, ਸੰਤ ਸੁੰਦਰ ਸਿੰਘ ਤੇ ਬਾਬਾ ਜਸਾ ਸਿੰਘ) ਨੂੰ ਸਾਧੂ ਜਨਾਂ ਨੇ ਆਪ ਸੰਪਰਦਾਵਾਂ ਦੇ ਪ੍ਰਬੰਧ ਸੌਂਪੇ। ਭਾਈ ਜਗਤਾ ਜੀ ਨੇ ਜੰਗਲ ਵਿਚ ਤਲਾ ਦੀ ਖੁਦਵਾਈ ਕਰਕੇ ਜਾਨਵਰਾਂ ਲਈ ਪਾਣੀ ਦਾ ਪ੍ਰਬੰਧ ਕੀਤਾ ਤੇ ਜਾਨਵਰਾਂ ਨੂੰ ਖੁਰਾਕ ਦਾ ਪ੍ਰਬੰਧ ਕਰਦੇ ਸਨ। ਜਦ ਉਹਨਾਂ ਕੋਲ ਡੇਰੇ ਵਿਚ ਸੰਗਤ ਆਉਂਦੀ ਤਾਂ ਭਾਈ ਜਗਤਾ ਜੀ ਸੰਗਤ ਦੇ ਅਗੇ ਹਥ ਜੋੜ ਕੇ ਕਹਿੰਦੇ ਸਨ ਕਿ ਸਾਡੇ ਭਾਗ ਜਾਗ ਪਏ ਹਨ ਕਿ ਤੁਸੀਂ ਆ ਕੇ ਸਾਨੂੰ ਸੇਵਾ ਕਰਨ ਦਾ ਮੌਕਾ ਦਿਤਾ। ਡੇਰੇ ਵਿਚ ਜੋ ਵੀ ਸੰਗਤ ਆਉਂਦੀ ਸੀ ਭਾਈ ਜਗਤਾ ਜੀ ਉਹਨਾਂ ਦੀ ਮੁਠੀ-ਚਾਪੀ ਕਰਦੇ ਸਨ। ਸੰਤ ਸ਼ਾਮ ਸਿੰਘ ਅੰਮ੍ਰਿਤ ਵੇਲੇ ਉਠ ਕੇ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਬੈਠ ਕੇ ਕੀਰਤਨ ਕਰਦੇ ਸਨ। ਉਹਨਾਂ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਨਿਰੰਤਰ 70 ਸਾਲ ਤਕ ਕੀਤਾ। ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਪਈਆਂ ਵਿਠਾਂ ਨੂੰ ਚੁਕ ਕੇ ਸਾਰੀ ਪਰਿਕਰਮਾ ਦੀ ਸਫਾਈ ਕਰਦੇ ਸਨ। ਸੰਤ ਅਤਰ ਸਿੰਘ ਜੀ ਦੇ ਹੁਕਮ ਅਨੁਸਾਰ ਸੰਤ ਤੇਜਾ ਸਿੰਘ ਸਰੋਵਰ ਦੀ ਸੇਵਾ, ਗੁਰਮੁਖੀ ਪੜ੍ਹਾਉਣਾ, ਲੰਗਰ ਦੀ ਸੇਵਾ ਆਦਿ ਸੇਵਾਵਾਂ ਕਰਦੇ ਸਨ। ਸੰਤ ਸੁੰਦਰ ਸਿੰਘ ਭਿੰਡਰਾਂਵਾਲਿਆਂ ਨੇ ਸਿਖਾਂ ਨੂੰ ਸ਼ੁਧ ਗੁਰਬਾਣੀ ਪੜ੍ਹਾਉਣ ਤੇ ਕਥਾ ਕਰਨ ਦੀ ਸੇਵਾ ਨਿਰੰਤਰ ਕਰਦੇ ਸਨ। ਇਸ ਦੇ ਨਾਲ-ਨਾਲ ਜਦ ਗੁਰੂ ਘਰ ਦੀ ਸੇਵਾ ਹੁੰਦੀ ਤਾਂ ਆਪ ਅਗੇ ਹੋ ਕੇ ਸੇਵਾ ਕਰਦੇ ਸਨ। ਬਾਬਾ ਹਰਦਿਤ ਸਿੰਘ ਕੋਲ ਬਾਬਾ ਜਸਾ ਸਿੰਘ ਗੁਰੂ ਘਰ ਦੀ ਸੇਵਾ ਕਰਦੇ ਸਨ। ਬਾਬਾ ਜਸਾ ਸਿੰਘ ਨੇ ਬਾਬਾ ਹਰਦਿਤ ਸਿੰਘ ਦਾ ਬਚਨ ਮੰਨ ਕੇ ਆਪਣਾ ਸਾਰਾ ਜੀਵਨ ਸੇਵਾ ਵਿਚ ਲਾਇਆ। ਇਹਨਾਂ ਨੇ ਸੇਵਾ ਕਰਕੇ ਹੀ ਬ੍ਰਹਮ ਗਿਆਨ ਦੀ ਪਦਵੀ ਹਾਸਲ ਕਰ ਲਈ ਸੀ। ਗੁਰੂ ਸੇਵਕਾਂ ਤੇ ਸਾਧੂ ਜਨਾਂ ਦੁਆਰਾ ਕੀਤੀ ਗਈ ਸੇਵਾ ਦੇ ਤੋਂ ਪ੍ਰਸੰਗ ਸਪਸ਼ਟ ਹੋ ਜਾਂਦਾ ਹੈ ਕਿ ਸੇਵਾ ਦੇ ਜਿਸ ਅਮਲੀ ਪਖ ਦਾ ਪ੍ਰਗਟਾਵਾ ਸਿਖ ਧਰਮ ਵਿਚ ਹੋਇਆ ਹੈ, ਉਹ ਸਿਖ ਧਰਮ ਵਿਚ ਸੇਵਾ ਨੂੰ ਬਾਕੀ ਧਰਮਾਂ ਵਿਚ ਸੇਵਾ ਦੇ ਸਿਧਾਂਤ ਨਾਲੋਂ ਸਪਸ਼ਟ ਰੂਪ ਵਿਚ ਨਿਖੇੜ ਦਿੰਦਾ ਹੈ।

## ਲਭਤਾਂ

* ਗੁਰੂ ਸਾਹਿਬਾਨ ਨੇ ਪੁਰਾਣੇ ਸੰਕਲਪਾਂ ਅਤੇ ਸੰਸਥਾਵਾਂ ਦੇ ਪਿਛੇ ਕੰਮ ਕਰ ਰਹੀ ਦਾਰਸ਼ਨਿਕਤਾ ਨੂੰ ਤਬਦੀਲ ਕਰਕੇ ਨਵੀਨ ਅਰਥ ਦਿਤੇ ਹਨ। ਸਿਖੀ ਅੰਦਰ ਸੇਵਾ ਅਜਿਹੇ ਅਨੇਕਾਂ ਸੰਕਲਪਾਂ ਵਿਚੋਂ ਇਕ ਹੈ।

* ਸੇਵਾ ਨੂੰ ਗੁਰੂ ਸਾਹਿਬਾਨ ਨੇ ਤਬਦੀਲ ਕਰਕੇ ਅਧਿਆਤਮਕ ਉਨਤੀ ਦਾ ਰਸਤਾ ਨਿਰਧਾਰਿਤ ਕਰ ਦਿਤਾ।

* ਅਧਿਆਤਮਕ ਪ੍ਰਗਤੀ ਲਈ ਇਹ ਜ਼ਰੂਰੀ ਹੈ ਕਿ ਸੇਵਕ ਗੁਰੂ ਦੀ ਸੇਵਾ ਕਰੇ। ਜਦੋਂ ਸੇਵਕ ਆਪਾ ਭਾਵ ਤਿਆਗ ਕੇ ਗੁਰੂ ਦੀ ਸੇਵਾ ਕਰਦਾ ਹੈ ਤਾਂ ਸੇਵਕ ਨੂੰ ਅਧਿਆਤਮਕ ਮੰਡਲਾਂ ਦੀ ਸੋਝੀ ਹੁੰਦੀ ਹੈ।

* ਉਪਰੋਕਤ ਖੋਜ ਕਾਰਜ ਰਾਹੀਂ ਗੁਰੂ ਸਾਹਿਬ ਦੇ ਸਮਕਾਲੀ ਸੇਵਕਾਂ ਦੀ ਅਧਿਆਤਮਕ ਉਨਤੀ ਵਿਚ ਸੇਵਾ ਦਾ ਸਥਾਨ ਵੇਖ ਸਕਦੇ ਹਾਂ।

* ਸਾਧੂ ਜਨਾਂ ਦੁਆਰਾ ਕੀਤੀ ਗਈ ਸੇਵਾ ਵਿਚ ਗੁਰੂ ਸਾਹਿਬ ਦੁਆਰਾ ਦਿਤੇ ਸਿਧਾਂਤ ਨੂੰ ਵੇਖਿਆ ਜਾ ਸਕਦਾ ਹੈ।

* ਗੁਰੂ ਸੇਵਾ ਦੁਆਰਾ ਸੇਵਕ ਦੇ ਆਚਰਨ ਵਿਚ ਆਏ ਬਦਲਾਵ ਨੂੰ ਵੇਖਿਆ ਜਾ ਸਕਦਾ ਹੈ।

# "ਗੁਰਮਤਿ ਸੇਵਾ ਦੇ ਅਧਿਆਤਮਕ ਸਰੋਕਾਰ:- ਇਕ ਵਿਸ਼ਲੇਸ਼ਣ"

## (ਗੁਰਬਾਣੀ ਅਤੇ ਇਤਿਹਾਸ ਅਨੁਸਾਰ)

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਸਮਾਜਿਕ ਵਿਗਿਆਨ

ਫ਼ੈਕਲਟੀ ਅਧੀਨ ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ ਵਿਚ

ਪੀਐਚ.ਡੀ ਦੀ ਉਪਾਧੀ ਲਈ ਪੇਸ਼ ਕੀਤਾ

**ਖੋਜ-ਪ੍ਰਬੰਧ**

2022


**ਖੋਜਾਰਥੀ:**

**ਅਰਸ਼ਵੀਰ ਸਿੰਘ**

***ਨਿਗਰਾਨ***

**ਡਾ. ਕੰਵਰਜੀਤ ਸਿੰਘ**

ਰਿਟਾਇਰਡ ਪ੍ਰਿੰਸੀਪਲ

ਗੁਰਮਤਿ ਕਾਲਜ, ਪਟਿਆਲਾ


**ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ**

**ਪੰਜਾਬੀ ਯੂਨੀਵਰਸਿਟੀ, ਪਟਿਆਲਾ**

Scanned by Scanner Go

# ਸਾਰ

ਸਮਾਜ ਦੇ ਸਾਰੇ ਵਰਗਾਂ ਦੇ ਮਨੁਖ ਸਿਖ ਧਰਮ ਦੇ ਪੈਰੋਕਾਰ ਬਣੇ। ਸਮਾਜ ਦੇ ਤ੍ਰਿਸਕਾਰੇ, ਦਬੇ ਕੁਚਲੇ ਤੇ ਨੀਵੀਂ ਜਾਤ ਦੇ ਲੋਕਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗਲ ਲਗਾ ਕੇ ਸਮਾਜਿਕ ਬਰਾਬਰੀ ਦਾ ਰੁਤਬਾ ਪ੍ਰਦਾਨ ਕੀਤਾ। ਅਕਾਲ ਪੁਰਖ ਦੀ ਅਰਾਧਨਾ ਕਰਨ ਦੀ ਸੌਖੀ ਜੁਗਤੀ ਦਸ ਕੇ ਗੁਰੂ ਸਾਹਿਬ ਨੇ ਸੇਵਾ ਤੇ ਸਿਮਰਨ ਰਾਹੀਂ ਅਕਾਲ ਪੁਰਖ ਦੀ ਪ੍ਰਾਪਤੀ ਦਾ ਰਾਹ ਦਸਿਆ। ਇਸ ਮਾਰਗ ’ਤੇ ਚਲ ਕੇ ਗਰੀਬ ਤੇ ਅਨਪੜ੍ਹ ਭੋਲੀ-ਭਾਲੀ ਲੋਕਾਈ ਦਾ ਅਖੌਤੀ ਕਰਮ ਕਾਂਡ ਤੇ ਭਰਮ ਜਾਲ ਤੋਂ ਛੁਟਕਾਰਾ ਹੋਇਆ। ਬ੍ਰਾਹਮਣ ਜਾਤ ਦੁਆਰਾ ਨੀਵੇਂ ਵਰਗ ਦਾ ਸ਼ੋਸ਼ਣ ਉਸ ਦੇ ਦੁਆਰਾ ਕੀਤੇ ਜਾਂਦੇ ਕੰਮ ਨੂੰ ਵੇਖ ਕੀਤਾ ਜਾਂਦਾ ਸੀ। ਪਰੰਤੂ ਸੇਵਾ ਦੀ ਅਨੁਭੂਤੀ ਰਾਹੀਂ ਨਾ ਕੇਵਲ ਗੁਰੂ ਸਾਹਿਬਾਨ ਨੇ ਮਨੁਖ ਦੀ ਅਧਿਆਤਮਕ ਅਵਸਥਾ ਨੂੰ ਉਚਾ ਕੀਤਾ ਬਲਕਿ ਉਹਨਾਂ ਨੇ ਸਮਾਜਿਕ ਜੀਵਨ ਵਿਚ ਵੀ ਤਬਦੀਲੀ ਲਿਆਂਦੀ।

ਗੁਰਬਾਣੀ ਵਿਚ ਸੇਵਾ ਭਾਵਨਾ ਦਾ ਜ਼ਿਕਰ ਜਿਥੇ ਨੇਮਬਧ ਸੰਜਮ ਪੂਰਨ ਜੀਵਨ ਜੁਗਤਿ ਨੂੰ ਅਪਨਾਉਣ ਦੀ ਗਲ ਕਰਦਾ ਹੈ ਉਥੇ ਸਦ ਚੇਤਨਾ ਦੀ ਸਥਿਤੀ ਨੂੰ ਵੀ ਗੁਰਮੁਖ ਵਿਅਕਤੀ ਦੇ ਜੀਵਨ ਦਾ ਅੰਗ ਮੰਨਦਾ ਹੈ। ਸ੍ਰੀ ਗੁਰੂ ਅਮਰਦਾਸ ਜੀ ਇਸ ਤਥ ਨੂੰ ਸਮਝਾਉਂਦੇ ਹੋਏ ਫੁਰਮਾਉਂਦੇ ਹਨ ਕਿ ਜਿਵੇਂ ਹਾਥੀ ਦੇ ਸਿਰ ’ਤੇ ਲੋਹੇ ਦੇ ਕੁੰਡੇ ਦਾ ਇਸ਼ਾਰਾ ਹਾਥੀ ਸਮਝਦਾ ਹੈ, ਮੰਨਦਾ ਹੈ ਤੇ ਅਹਿਰਨ ਲੋਹੇ ਨੂੰ ਲਾਭਦਾਇਕ ਬਣਾਉਣ ਲਈ ਉਸ ਨੂੰ ਆਪਣੇ ਸਿਰ ’ਤੇ ਰਖਾ ਕੇ ਚੋਟਾਂ ਖਾਣ ਲਈ ਤਿਆਰ ਰਹਿੰਦੀ ਹੈ। ਇਸੇ ਤਰ੍ਹਾਂ ਤਨ, ਮਨ ਨੂੰ ਪੂਰਨ ਰੂਪ ਵਿਚ ਅਰਪਣ ਕਰਕੇ ਪੂਰੀ ਚੇਤਨਾ ਨਾਲ ਨਾ ਕਿ ਅੰਧ-ਵਿਸ਼ਵਾਸ਼ੀ ਤਰੀਕੇ ਨਾਲ ਸੇਵਕ ਸੇਵਾ ਕਰਦੇ ਰਹੇ। ਸੇਵਕ ਹਉਮੈ ਨਿਵਾਰ ਕੇ ਗੁਰਮੁਖ ਭਗਤ ਬਣਦਾ ਹੈ ਤੇ ਸ੍ਰਿਸ਼ਟੀ ਦਾ ਰਾਜ ਭਾਗ ਵੀ ਉਸਦੇ ਕੋਲ ਆ ਜਾਂਦਾ ਹੈ।

ਸੇਵਕ ਦੀਨ-ਦੁਖੀਆਂ, ਲੋੜਵੰਦਾਂ ਜਾਂ ਸਾਂਝੀ ਭਲਾਈ ਲਈ ਆਰੰਭ ਕੀਤੇ ਗਏ ਕਾਰਜਾਂ ਲਈ ਦਸਵੰਧ ਦੇ ਰੂਪ ਵਿਚ ਆਪਣੇ ਕਮਾਏ ਹੋਏ ਧਨ ਦਾ ਕੁਝ ਹਿਸਾ ਗੁਰੂ ਦੇ ਚਰਨਾਂ ਵਿਚ ਭੇਂਟ ਕਰਦਾ ਹੈ ਤੇ ਬਾਕੀ ਧਨ ਨੂੰ ਆਪਣੇ ਲਈ ਗੁਰੂ ਦੀ ਬਖਸ਼ਿਸ਼ ਸਮਝਕੇ ਵਰਤਦਾ ਹੈ। ਇਸ ਤਰ੍ਹਾਂ ਧਨ ਨਾਲ ਸੇਵਾ ਸੇਵਕ ਨੂੰ ਮਾਇਆ ਦੇ

ਮੋਹ ਤੋਂ ਨਿਰਲੇਪ ਰਖਦੀ ਹੈ। ਜੇ ਸੇਵਕ ਤਨ ਨਾਲ ਸੇਵਾ ਸੰਗਤ ਦੀ ਕਰ ਰਿਹਾ ਹੋਵੇ ਤਾਂ ਆਪਣੇ ਵਲੋਂ ਆਪਣੇ ਗੁਰੂ ਨੂੰ ਦ੍ਰਿਸ਼ਟੀ ਵਿਚ ਰਖਕੇ ਹੀ ਗੁਰੂ ਦੇ ਪਿਆਰਿਆਂ ਦੀ ਭਲਾਈ ਲਈ ਆਪਣੇ ਸਰੀਰ ਦੇ ਅੰਗਾਂ ਨੂੰ ਵਰਤੋਂ ਵਿਚ ਲਿਆਉਂਦਾ ਹੈ। ਇਸ ਤਰ੍ਹਾਂ ਤਨ ਨਾਲ ਸੇਵਾ ਸੇਵਕ ਹਉਮੈ ਤੋਂ ਮੁਕਤ ਕਰਦੀ ਹੈ। ਸੇਵਕ ਸੇਵਾ ਭਾਵੇਂ ਧਨ ਨਾਲ ਕਰ ਰਿਹਾ ਭਾਵੇਂ ਤਨ ਨਾਲ ਕਰਦਾ ਹੈ ਉਹ ਹਉਮੈ ਤੋਂ ਮੁਕਤ ਹੋ ਚੁਕਿਆ ਹੁੰਦਾ ਹੈ ਤੇ ਉਸਦਾ ਮਨ ਇਕਾਗਰ ਤੇ ਸੰਤੋਖੀ ਰਹਿੰਦਾ ਹੈ। ਇਹ ਇਕਾਗਰਤਾ ਤੇ ਸੰਤੋਖ ਸੇਵਕ ਦੀ ਸੁਰਤਿ ਨੂੰ ਸ਼ਬਦ ਰੂਪੀ ਬ੍ਰਹਮ ਨਾਲ ਜੋੜੀ ਰਖਦੇ ਹਨ। ਮਨ ਦੀ ਇਕਾਗਰਤਾ ਤੇ ਸੁਰਤਿ-ਸ਼ਬਦ ਦੇ ਜੋੜ ਵਾਲੀ ਅਵਸਥਾ ਵਿਚ ਸੇਵਕ ਨਿਰੰਤਰ ਅਤੇ ਅਣਥਕ ਸੰਘਰਸ਼ ਕਰਕੇ ਪਹੁੰਚਦਾ ਹੈ। ਉਸਦੇ ਇਸ ਸੰਘਰਸ਼ ਦੀ ਯਾਤਰਾ ਉਹੀ ਹੈ ਜਿਸ ਦਾ ਅਧਿਆਤਮਕ ਸੰਦਰਭ ਵਿਚ ਧਰਮ ਖੰਡ ਤੋਂ ਸਚਿਖੰਡ ਤਕ ਦੀ ਯਾਤਰਾ ਦਾ ਜਪੁਜੀ ਸਾਹਿਬ ਵਿਚ ਜ਼ਿਕਰ ਹੈ।

ਸੇਵਕ ਸਾਰੀਆਂ ਦੁਬਿਧਾਵਾਂ, ਗਿਣਤੀਆਂ-ਮਿਣਤੀਆਂ ਤੋਂ ਉਪਰ ਉਠ ਚੁਕਿਆ ਹੁੰਦਾ ਹੈ, ਉਸਦੀ ਸੇਵਾ ਭਗਤੀ ਰਾਹੀਂ ਅਕਾਲ ਪੁਰਖ ਦੀ ਸੇਵਾ ਹੁੰਦੀ ਹੈ। ਇਸ ਲਈ ਉਹ ਡਰ ਤੋਂ ਮੁਕਤ ਹੁੰਦਾ ਹੈ ਤੇ ਆਪਣੀ ਸੁਰਤਿ ਨੂੰ ਗੁਰੂ ਨਾਲ ਜੋੜੀ ਰਖਦਾ ਹੈ। ਉਹ ਬੁਰੇ-ਭਲੇ ਨੂੰ ਇਕੋ ਜਿਹਾ ਜਾਣਦਾ ਹੈ। ਇਸ ਤਰੀਕੇ ਦੇ ਨਾਲ ਉਹ ਅਕਾਲ ਪੁਰਖ ਦਾ ਨਾਮ ਸਿਮਰਦਾ ਹੈ।

ਸੇਵਕ ਨੂੰ ਇਸ ਗਲ ਦਾ ਧਿਆਨ ਵੀ ਰਖਣਾ ਚਾਹੀਦਾ ਹੈ ਕਿ ਜੋ ਹਰਾਮ ਖਾਣੇ, ਭੇਖ ਨੂੰ ਉਪਜੀਵਕਾ ਸਮਝ ਕੇ ਮੰਗਦੇ ਫਿਰਦੇ ਹਨ, ਉਹਨਾਂ ਦੀ ਸੇਵਾ ਕਰਨਾ ਨਿਸਫਲ ਹੈ। ਅਜ ਕਲ ਸੰਸਥਾਵਾਂ ਸੇਵਾ ਕਰ ਰਹੀਆਂ ਹਨ ਪਰ ਉਹਨਾਂ ਬਾਰੇ ਪੜਤਾਲ ਕਰਨੀ ਚਾਹੀਦੀ ਹੈ ਕਿ ਉਹ ਸੰਸਥਾ ਮਨੁਖਤਾ ਦੀ ਸੇਵਾ ਕਰਨ ਦੀ ਥਾਂ ਤੇ ਮਨੁਖਤਾ ਦੀ ਅਧੋਗਤੀ ਵਿਚ ਹਿਸਾ ਤਾਂ ਨਹੀਂ ਪਾ ਰਹੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਬਚਨ (ਸ੍ਰੀ ਦਸਮ ਗ੍ਰੰਥ, 1326) ਹਨ ਕਿ ਮੈਨੂੰ ਅਕਾਲ ਪੁਰਖ ਦੀ ਸੇਵਾ ਹੀ ਚੰਗੀ ਲਗਦੀ ਹੈ, ਹੋਰਾਂ ਦੀ ਸੇਵਾ ਚੰਗੀ ਨਹੀਂ ਲਗਦੀ। ਜੇ ਕਰ ਦਾਨ ਦੀ ਗਲ ਕਰੀਏ ਤਾਂ ਵੀ ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਦਾਨ ਦੇਣਾ ਵੀ ਇਹਨਾਂ (ਅਕਾਲ ਪੁਰਖ) ਨੂੰ ਹੀ ਚੰਗਾ ਲਗਦਾ ਹੈ ਕਿਉਂਕਿ ਇਹਨਾਂ ਨੂੰ ਦਿਤਾ ਹੋਇਆ ਦਾਨ ਹੀ ਅਗੇ ਫਲ

ਦੇਵੇਗਾ, ਹੋਰਾਂ ਨੂੰ ਦਿਤਾ ਦਾਨ ਵਿਅਰਥ ਜਾਵੇਗਾ। ਸੋ ਮੇਰੇ ਘਰ ਵਿਚ ਤਨ, ਮਨ, ਧਨ, ਤੇ ਸਿਰ ਤਕ ਸਭ ਅਕਾਲ ਪੁਰਖ ਦਾ ਹੀ ਹੈ।

ਗੁਰਬਾਣੀ ਵਿਚ ਦਿਤੇ ਸੇਵਾ ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਣ ਲਈ ਦਸ ਗੁਰੂ ਸਾਹਿਬਾਨ ਦੇ ਸਮਕਾਲੀ ਸੇਵਕਾਂ, ਸਾਧੂ ਜਨਾਂ ਨੇ ਵਖ-ਵਖ ਸਰੋਕਾਰਾਂ ਦੁਆਰਾ ਗੁਰੂ ਸੇਵਾ ਕੀਤੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਹਿਲੇ ਸੇਵਕ ਬੇਬੇ ਨਾਨਕੀ ਜੀ ਤੇ ਭਾਈ ਜੈ ਰਾਮ ਜੀ ਦਾ ਨਾਮ ਵਿਸ਼ੇਸ਼ ਕਰਕੇ ਆਉਂਦਾ ਹੈ। ਦੋਵੇਂ ਸੇਵਕਾਂ ਨੇ ਗੁਰੂ ਸਾਹਿਬ ਨੂੰ ਭੋਜਨ ਛਕਾਇਆ ਤੇ ਪੁਸ਼ਾਕ ਭੇਂਟ ਕੀਤੀ। ਗੁਰੂ ਸਾਹਿਬ ਦੇ ਧਰਮ ਸੁਪਤਨੀ ਮਾਤਾ ਸੁਲਖਣੀ ਗੁਰੂ ਸਾਹਿਬ ਦੇ ਚਰਨਾਂ ਦੀ ਸੇਵਾ ਕਰਦੇ ਸਨ ਤੇ ਗੁਰੂ ਸਾਹਿਬ ਦਾ ਹੁਕਮ ਮੰਨ ਕੇ ਸਾਧੂਆਂ ਦੀ ਸੇਵਾ ਕਰਦੇ ਸਨ। ਜਦ ਗੁਰੂ ਸਾਹਿਬ ਭਾਈ ਲਾਲੋ ਦੇ ਘਰ ਗਏ ਸਨ ਤਾਂ ਭਾਈ ਲਾਲੋ ਦਿਨ ਸਮੇਂ ਕਿਰਤ ਕਰਦਾ ਤੇ ਰਾਤ ਨੂੰ ਗੁਰੂ ਸਾਹਿਬ ਦੀ ਸੇਵਾ ਕਰਦਾ ਸੀ। ਜਦ ਗੁਰੂ ਸਾਹਿਬ ਸ੍ਰੀ ਕਰਤਾਰਪੁਰ ਸਾਹਿਬ ਸਨ ਤਾਂ ਭਾਈ ਲਹਿਣਾ ਜੀ ਗੁਰੂ ਸਾਹਿਬ ਪਾਸ ਰਹੇ। ਉਥੇ ਰਹਿ ਕੇ ਭਾਈ ਲਹਿਣਾ ਜੀ ਜੂਠੇ ਬਰਤਨ ਸਾਫ ਕਰਦੇ, ਗੁਰੂ ਸਾਹਿਬ ਦੇ ਚਰਨਾਂ ਦੀ ਸੇਵਾ, ਪਖਾ ਝਲਣਾ, ਵਸਤਰ ਧੋਣੇ ਤੇ ਗੁਰੂ ਸਾਹਿਬ ਦੇ ਹੁਕਮ ਅਨੁਸਾਰ ਸੇਵਾ ਵਿਚ ਹਾਜ਼ਰ ਰਹਿੰਦੇ ਸਨ। ਸ੍ਰੀ ਗੁਰੂ ਅੰਗਦ ਦੇਵ ਜੀ (ਭਾਈ ਲਹਿਣਾ) ਵਰਗੀ ਮਹਾਨ ਸਖ਼ਸ਼ੀਅਤ ਨੇ ਵੀ ਗੁਰੂ ਪ੍ਰਤੀ ਲਗਨ, ਸੇਵਾ, ਆਪਾ ਵਾਰਨਾ ਅਤੇ ਸਤਿਬਚਨ ਭਾਵ ਗੁਰੂ ਦਾ ਹੁਕਮ ਮੰਨਣਾ ਇਤਨਾ ਜ਼ਰੂਰੀ ਸਮਝਿਆ ਕਿ ਉਹ ਰਹਿੰਦੀ ਦੁਨੀਆਂ ਲਈ ਇਕ ਮਿਸਾਲ ਬਣ ਗਏ।

ਸ੍ਰੀ ਗੁਰੂ ਅੰਗਦ ਦੇਵ ਜੀ ਦਾ ਸੇਵਕ ਤਖਤਮਲ ਚੌਧਰੀ ਗੁਰੂ ਦੇ ਲੰਗਰ ਲਈ ਦੁਧ ਦੀ ਸੇਵਾ ਕਰਦਾ ਸੀ। ਭਾਈ ਜੀਵਾ ਗੁਰੂ ਸਾਹਿਬ ਨੂੰ ਭੋਜਨ ਤਿਆਰ ਕਰਕੇ ਛਕਾਉਂਦਾ ਸੀ। ਘਿੰਗਾ ਨਾਈ ਸਿਖਾਂ ਨੂੰ ਗਰਮ ਜਲ ਨਾਲ ਇਸ਼ਨਾਨ ਕਰਵਾਉਂਦਾ, ਮੁਠੀ ਚਾਪੀ ਕਰਦਾ, ਪਖਾ ਝਲਦਾ ਤੇ ਜੂਠੇ ਬਰਤਨ ਸਾਫ ਕਰਨ ਦੀ ਸੇਵਾ ਕਰਦਾ ਸੀ। ਸ੍ਰੀ ਅਮਰਦਾਸ ਜੀ ਡੇਰੇ ਲਈ ਜਲ ਦੀ ਸੇਵਾ ਕਰਦੇ ਸਨ। ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸ੍ਰੀ ਅਮਰਦਾਸ ਜੀ ਪਹਿਲਾਂ ਇਸ਼ਨਾਨ ਕਰਵਾਉਂਦੇ ਸਨ ਤੇ ਫਿਰ ਕਪੜੇ ਧੋਂਦੇ ਸਨ। ਦਿਨ ਸਮੇਂ ਬਰਤਨ ਸਾਫ ਕਰਨੇ, ਪਖਾ ਝਲਣਾ ਆਦਿ ਸੇਵਾਵਾਂ ਕਰਦੇ ਸਨ। ਸ੍ਰੀ ਅਮਰਦਾਸ ਜੀ ਸੇਵਾ ਕਰਦੇ-ਕਰਦੇ ਗੁਰੂ ਪਦਵੀ ਤਕ ਪਹੁੰਚੇ ਤੇ ਸ੍ਰੀ ਅਮਰਦਾਸ ਤੋਂ ਸ੍ਰੀ ਗੁਰੂ ਅਮਰਦਾਸ ਜੀ ਹੋਏ।

ਸ੍ਰੀ ਗੁਰੂ ਅਮਰਦਾਸ ਜੀ ਦੇ ਸੇਵਕ ਭਾਈ ਬੱਲੂ ਬਿਆਸ ਨਦੀ ਤੋਂ ਗੁਰੂ ਸਾਹਿਬ ਦੇ ਇਸ਼ਨਾਨ ਕਰਨ ਲਈ ਜਲ ਲੈ ਕੇ ਆਉਂਦਾ ਤੇ ਗੁਰੂ ਸਾਹਿਬ ਦੇ ਸਰੀਰ ’ਤੇ ਵਟਣਾ ਮਲਦਾ। ਜਦ ਗੁਰੂ ਸਾਹਿਬ ਸਿੰਘਾਸਨ ’ਤੇ ਬੈਠਦੇ ਤਾਂ ਭਾਈ ਸਾਦੂ, ਭਾਈ ਬਾਦੂ ਕੀਰਤਨ ਕਰਦੇ ਸਨ। ਭਾਈ ਸਚਨਿ ਸਚ ਗੁਰੂ ਦੇ ਲੰਗਰਾਂ ਲਈ ਜੰਗਲ ਵਿਚ ਜਾ ਕੇ ਲਕੜਾਂ ਲਿਆਉਂਦਾ ਸੀ। ਸ੍ਰੀ ਗੁਰੂ ਅਮਰਦਾਸ ਜੀ ਦੀ ਸੇਵਾ ਵਿਚ ਸ੍ਰੀ ਰਾਮਦਾਸ (ਭਾਈ ਜੇਠਾ) ਆਏ। ਜਦੋਂ ਬਾਉਲੀ ਸਾਹਿਬ ਦੀ ਸੇਵਾ ਹੋ ਰਹੀ ਸੀ ਤਾਂ ਸ੍ਰੀ ਰਾਮਦਾਸ ਜੀ ਮਿਟੀ ਦੀ ਟੋਕਰੀ ਸਿਰ ’ਤੇ ਚੁਕ ਕੇ ਬਾਹਰ ਸੁਟਦੇ ਸਨ। ਗੁਰੂ ਸਾਹਿਬ ਨੇ ਸ੍ਰੀ ਰਾਮਦਾਸ ਨੂੰ ਕਿਹਾ ਕਿ ਥੜੇ ਬਣਾਉ ਤਾਂ ਸ੍ਰੀ ਰਾਮਦਾਸ ਜੀ ਨੇ ਕਈ ਵਾਰ ਥੜੇ ਬਣਾਏ ਤੇ ਸ੍ਰੀ ਗੁਰੂ ਅਮਰਦਾਸ ਜੀ ਥੜੇ ਢਾਉਣ ਦਾ ਹੁਕਮ ਦੇ ਦਿੰਦੇ ਸਨ। ਸ੍ਰੀ ਰਾਮਦਾਸ ਨੂੰ ਜਿਵੇਂ ਗੁਰੂ ਸਾਹਿਬ ਕਹਿੰਦੇ ਸਨ ਉਹ ਉਸੇ ਤਰ੍ਹਾਂ ਹੁਕਮ ਮੰਨ ਕੇ ਸੇਵਾ ਕਰਦੇ ਸਨ। ਸ੍ਰੀ ਗੁਰੂ ਅਮਰਦਾਸ ਜੀ ਨੇ ਸ੍ਰੀ ਰਾਮਦਾਸ ਨੂੰ ਕਿਹਾ ਕਿ ਰਾਮਦਾਸ ਜੀ ਤੁਸੀਂ ਧੰਨ ਹੋ, ਤੁਸੀਂ ਸੇਵਾ ਕਰਕੇ ਮੈਨੂੰ ਵਸ ਵਿਚ ਕਰ ਲਿਆ ਹੈ।

ਸ੍ਰੀ ਗੁਰੂ ਰਾਮਦਾਸ ਜੀ ਦਾ ਸੇਵਕ ਭਾਈ ਹੰਦਾਲ ਲੰਗਰ ਲਈ ਆਟਾ ਤਿਆਰ ਕਰਦਾ ਤੇ ਸਤਿਨਾਮ ਦਾ ਜਾਪ ਕਰਦਾ ਸੀ। ਭਾਈ ਆਦਮ ਗੁਰੂ ਦੇ ਲੰਗਰ ਲਈ ਸੁਕੀਆਂ ਲਕੜਾਂ ਇਕਠੀਆਂ ਕਰਦਾ ਸੀ। ਗੁਰੂ ਸਾਹੂ ਦਾ ਸੇਵਕ ਭਾਈ ਸੋਮਾਨ ਘੁੰਗਣੀਆਂ ਵੇਚ ਕੇ ਗੁਜ਼ਾਰਾ ਕਰਦਾ ਸੀ। ਗੁਰੂ ਸਾਹਿਬ ਨੇ ਇਕ ਦਿਨ ਉਸ ਦੀ ਬਚਤ ਦੇ ਪੈਸੇ ਮਜ਼ਦੂਰਾਂ ਵਿਚ ਵੰਡ ਦਿਤੇ। ਉਸਨੇ ਕਿਸੇ ਪ੍ਰਕਾਰ ਦਾ ਗੁਸਾ ਨਾ ਮੰਨਿਆ ਤੇ ਗੁਰੂ ਸਾਹਿਬ ਨੇ ਖੁਸ਼ ਹੋ ਕੇ ਉਸਨੂੰ ਵਰ ਦਿਤਾ ਕਿ ‘ਸੁਮਾਨ ਸ਼ਾਹ ਬੇਪਰਵਾਹ ਗੁਰੂ ਕਾ ਸ਼ਾਹ।’

ਸ੍ਰੀ ਗੁਰੂ ਅਰਜਨ ਦੇਵ ਜੀ ਸੇਵਕ ਰਾਜਾ ਨੇ ਸਰੋਵਰ ਬਣਾਉਣ ਸਮੇਂ ਧਨ ਨਾਲ ਸੇਵਾ ਕੀਤੀ। ਬਾਬਾ ਬੁਢਾ ਜੀ ਸਰੋਵਰ ਦੀ ਸੇਵਾ ਕਰਦੇ ਤੇ ਸਾਰੀ ਸੇਵਾ ਦਾ ਕਾਰਜ ਵੇਖਦੇ ਸਨ। ਭਾਈ ਗੁਰਦਾਸ ਗੁਰੂ ਘਰ ਦਾ ਲਿਖਣ-ਪੜ੍ਹਨ ਦੀ ਸੇਵਾ ਸੰਭਾਲਦੇ ਸਨ। ਭਾਈ ਭਗਤੂ ਸਵੇਰ ਦੇ ਸਮੇਂ ਤੋਂ ਹੀ ਸਰੋਵਰ ਦੀ ਮਿਟੀ ਬਾਹਰ ਕਢਣ ਲਗ ਜਾਂਦਾ ਸੀ ਤੇ ਰਾਤ ਦੇ ਸਮੇਂ ਨਾਮ ਦਾ ਸਿਮਰਨ ਕਰਦਾ ਸੀ। ਭਾਈ ਮੰਞ ਜੰਗਲ ਵਿਚੋਂ ਸੁਕੀਆਂ ਲਕੜਾਂ ਦੀਆਂ ਪੰਡਾਂ ਲਿਆਉਂਦਾ ਸੀ ਤੇ ਲੰਗਰ ਦੀ ਸੇਵਾ ਕਰਦਾ ਸੀ। ਗੁਰੂ ਸਾਹਿਬ ਦਾ ਹੁਕਮ ਮੰਨ ਕੇ ਭਾਈ ਹਰਿਬੰਸ ਤਪਾ ਧਰਮਸ਼ਾਲਾ ਵਿਚ ਜੋ ਸਿਖ ਥਕ ਜਾਂਦਾ ਸੀ ਉਸਦੇ ਚਰਨ ਗਰਮ ਪਾਣੀ ਨਾਲ ਧੋਣੇ, ਪੈਰ ਘੁਟਣੇ, ਭੋਜਨ ਛਕਾਉਣਾ ਤੇ ਅੰਮ੍ਰਿਤ ਵੇਲੇ ਗਰਮ ਪਾਣੀ ਕਰਕੇ ਸਿਖਾਂ ਨੂੰ ਇਸ਼ਨਾਨ ਕਰਵਾਉਂਦਾ ਸੀ।

ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗਵਾਲੀਅਰ ਦੇ ਕਿਲ੍ਹੇ ਵਿਚ ਆਉਣਾ ਸੁਣ ਕੇ ਭਾਈ ਹਰਿਦਾਸ ਸੁੰਦਰ ਪਲੰਘ ਤਿਆਰ ਕਰਕੇ ਬਿਸਤਰਾ ਵਿਛਾਉਂਦਾ ਹੈ। ਗੁਰੂ ਸਾਹਿਬ ਲਈ ਬਾਦਸ਼ਾਹ ਕਲਗੀ, ਮਾਇਆ, ਸਤ ਸ਼ਸਤਰ, ਘੋੜੇ ਭੇਂਟ ਕਰਦਾ ਹੈ। ਭਾਈ ਕਰਮ ਚੰਦ ਆਪਣੇ ਘਰ ਜਾ ਕੇ ਘੋੜਿਆਂ ਲਈ ਦਾਣਾ ਤੇ ਲੰਗਰ ਲਈ ਰਸਦ ਲਿਆ ਕੇ ਗੁਰੂ ਸਾਹਿਬ ਅਗੇ ਭੇਂਟ ਕਰਦਾ ਹੈ।

ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅਗੇ ਭਾਈ ਭਗਤੂ ਬ੍ਰਿਧ ਉਮਰ ਵਿਚ ਬੇਨਤੀ ਕਰਦਾ ਹੈ ਕਿ ਮੈਨੂੰ ਸੇਵਾ ਬਖਸ਼ੋ ਤਾਂ ਗੁਰੂ ਸਾਹਿਬ ਨੇ ਭਾਈ ਭਗਤੂ ਨੂੰ ਗੁਰੂ ਘਰ ਦੀ ਖੇਤੀ ਸੰਭਾਲਣ ਦਾ ਹੁਕਮ ਦਿਤਾ। ਭਾਈ ਫੇਰੂ ਨੂੰ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਬਾਕੀ ਕੰਮ ਛਡ ਕੇ ਗੁਰੂ ਘਰ ਦਾ ਲੰਗਰ ਚਲਾਵੇ ਤੇ ਸਤਿਨਾਮ ਸਿਮਰ ਕੇ ਅਕਾਲ ਪੁਰਖ ਦੇ ਗੁਣ ਗਾਵੇ।

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਦਾ ਆਉਣਾ ਸੁਣ ਕੇ ਸੇਵਕ ਰਾਜਾ ਜੈ ਸਿੰਘ ਆਪਣੇ ਪਰਿਵਾਰ ਸਮੇਤ ਗੁਰੂ ਸਾਹਿਬ ਦੇ ਦਰਸ਼ਨ ਕਰਨ ਲਈ ਆਉਂਦਾ ਹੈ। ਗੁਰੂ ਸਾਹਿਬ ਦੇ ਦਰਸ਼ਨ ਕਰਕੇ ਮੋਹਰਾਂ ਭੇਂਟ ਕਰਦਾ ਹੈ ਤੇ ਚਾਰ ਪ੍ਰਕਾਰ ਦੇ ਭੋਜਨ ਭੇਂਟ ਕਰਦਾ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸੇਵਕ ਮਖਣ ਸ਼ਾਹ ਗੁਰੂ ਸਾਹਿਬ ਲਈ ਵਸਤਰ ਤੇ ਘੋੜਾ ਭੇਂਟ ਕਰਦਾ ਹੈ। ਭਾਈ ਮੋਂਹਾ ਦੂਰ ਤੋਂ ਜਲ ਦੀ ਗਾਗਰ ਆਪਣੇ ਸਿਰ 'ਤੇ ਰਖ ਕੇ ਲਿਆਉਂਦਾ ਸੀ। ਵਹਿਰ ਜਛ ਦੇ ਤਰਖਾਣ ਸਿਖ ਗੁਰੂ ਸਾਹਿਬ ਨੂੰ ਪ੍ਰਸ਼ਾਦਾ ਤਿਆਰ ਕਰਕੇ ਛਕਾਇਆ। ਜਦ ਗੁਰੂ ਸਾਹਿਬ ਪਟਨਾ ਨਗਰ ਵਿਖੇ ਪਹੁੰਚਦੇ ਹਨ ਤਾਂ ਉਥੋਂ ਦਾ ਰਹਿਣ ਵਾਲਾ ਜਗਤਾ ਸੇਠ ਗੁਰੂ ਸਾਹਿਬ ਲਈ ਮਿਠੇ ਪਕਵਾਨ ਤਿਆਰ ਕਰਕੇ ਛਕਾਉਂਦਾ ਹੈ ਤੇ ਘੋੜਿਆਂ ਲਈ ਦਾਣਾ ਦਿੰਦਾ ਹੈ। ਪਟਨੇ ਦਾ ਇਕ ਸਿਖ ਗੁਰੂ ਸਾਹਿਬ ਨੂੰ ਆਪਣੀ ਹਵੇਲੀ ਭੇਂਟ ਕਰਦਾ ਹੈ। ਜਦ ਗੁਰੂ ਸਾਹਿਬ ਕੈਦ ਵਿਚ ਸਨ ਤਾਂ ਉਸ ਸਮੇਂ ਭਾਈ ਮਤੀ ਦਾਸ ਨੇ ਗੁਰੂ ਸਾਹਿਬ ਦੇ ਚਰਨਾਂ 'ਤੇ ਮਥਾ ਟੇਕਿਆ। ਜਦ ਇਹ ਬਿਰਤਾਂਤ ਦਾ ਔਰੰਗਜ਼ੇਬ ਨੂੰ ਪਤਾ ਲਗਿਆ ਤਾਂ ਉਸਨੇ ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਦਿਤਾ। ਗੁਰੂ ਸਾਹਿਬ ਦੇ ਸੇਵਕ ਬਾਬਾ ਗੁਰਦਿਤਾ ਨੇ ਗੁਰੂ ਸਾਹਿਬ ਨੂੰ ਘੋੜਾ ਭੇਂਟ ਕਰਕੇ ਨਮਸਕਾਰ ਕੀਤੀ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੇਵਕ ਭਗਤ ਭਗਵਾਨ ਨੇ ਗੁਰੂ ਸਾਹਿਬ ਲਈ ਸੁੰਦਰ ਚੌਕੀ ਤਿਆਰ ਕਰਕੇ ਭੋਜਨ ਛਕਾਇਆ। ਗੁਰੂ ਸਾਹਿਬ ਆਪਣੇ ਸੇਵਕ ਦੀ ਸੇਵਾ ਤੋਂ ਖੁਸ਼ ਹੋ ਕੇ ਸੇਵਕ ਨੂੰ ਕਿਰਪਾਨ ਬਖਸ਼ਦੇ ਹਨ। ਗੁਰੂ ਸਾਹਿਬ ਜਦ ਲਖਨੌਰ ਵਿਖੇ ਭਾਈ ਜੇਠਾ ਦਾ ਘਰ ਰੁਕੇ, ਇਥੇ ਗੁਰੂ ਸਾਹਿਬ ਕਈ ਮਹੀਨੇ ਰੁਕੇ ਸਨ। ਭਾਈ ਜੇਠਾ ਖੁਸ਼ ਹੋ ਕੇ ਗੁਰੂ ਸਾਹਿਬ ਦੀ ਸੇਵਾ ਕਰਦਾ ਰਿਹਾ। ਭਾਈ ਕੀਰਤੀਆ ਖੜਾ ਹੋ ਕੇ ਗੁਰੂ ਸਾਹਿਬ ਲਈ ਚੌਰ ਸਾਹਿਬ ਦੀ ਸੇਵਾ ਕਰਦਾ ਸੀ। ਜਦ ਗੁਰੂ ਸਾਹਿਬ ਨਾਹਨ ਪੁਜੇ ਤਾਂ ਰਾਜਾ ਮੇਦਨੀ ਪ੍ਰਕਾਸ਼ ਗੁਰੂ ਲਈ ਇਕ ਘੋੜਾ ਭੇਂਟ ਕਰਦਾ ਹੈ ਤੇ ਆਪਣੇ ਨਗਰ ਵਿਚ ਉਤਾਰਾ ਕਰਵਾ ਕੇ ਸੇਵਾ ਕਰਦਾ ਹੈ। ਗੁਰੂ ਸਾਹਿਬ ਦਾ ਹੁਕਮ ਮੰਨ ਕੇ ਕ੍ਰਿਪਾਲ ਮਹੰਤ ਜੰਗ ਦੇ ਮੈਦਾਨ ਵਿਚ ਵੈਰੀਆਂ ਨੂੰ ਮਾਰਦਾ ਹੈ। ਪੀਰ ਬੁਧੂ ਸ਼ਾਹ ਆਪਣੇ ਪੁਤਰਾਂ ਸਮੇਤ ਭੰਗਾਣੀ ਦੀ ਜੰਗ ਵਿਚ ਹਿਸਾ ਲੈਂਦੇ ਹਨ। ਇਸ ਜੰਗ ਵਿਚ ਪੀਰ ਬੁਧੂ ਸ਼ਾਹ ਦੇ ਦੋ ਪੁਤਰ ਸ਼ਹੀਦ ਹੋ ਗਏ ਸਨ। ਲਾਲ ਚੰਦ ਹਲਵਾਈ ਨੇ ਰਣਖੇਤਰ ਵਿਚ ਮੀਰ ਖਾਂ ਨਾਮੀ ਪਠਾਣ ਨੂੰ ਵੰਗਾਰ ਕੇ ਮਾਰਿਆ। ਭਾਈ ਦਇਆ ਸਿੰਘ ਜੀ ਭੰਗਾਣੀ ਦੀ ਜੰਗ ਤੋਂ ਲੈ ਕੇ ਗੁਰੂ ਸਾਹਿਬ ਦੇ ਜੋਤੀ ਜੋਤਿ ਸਮਾਉਣ ਦੇ ਸਮੇਂ ਤਕ ਸੇਵਾ ਵਿਚ ਹਾਜ਼ਰ ਰਹੇ ਸਨ। ਮਾਤਾ ਅਜੀਤ ਕੌਰ ਹਰ ਸਮੇਂ ਸੰਗਤ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ। ਰਾਮਗੜ੍ਹ ਦੇ ਰਾਜੇ ਨੇ ਗੁਰੂ ਸਾਹਿਬ ਨੂੰ ਇਕ ਘੋੜਾ, ਇਕ ਕਿਰਪਾਨ ਭੇਂਟ ਕੀਤੀ। ਰਾਇਪੁਰ ਦੀ ਰਾਣੀ ਨੇ ਗੁਰੂ ਸਾਹਿਬ ਨੂੰ ਇਕ ਘੋੜਾ ਤੇ ਮਾਇਆ ਭੇਂਟ ਕੀਤੀ। ਜਦ ਗੁਰੂ ਸਾਹਿਬ ਭੰਭੌਰ ਨਗਰ ਵਿਖੇ ਪਹੁੰਚੇ ਤਾਂ ਉਥੋਂ ਦੇ ਰਾਜੇ ਨੇ ਗੁਰੂ ਸਾਹਿਬ ਨੂੰ ਇਕ ਘੋੜਾ ਭੇਂਟ ਕੀਤਾ ਤੇ ਆਪਣੇ ਮਹਿਲਾਂ 'ਚ ਬਿਠਾ ਕੇ ਭੋਜਨ ਛਕਾਇਆ। ਭਾਈ ਕਨਈਆ ਜੰਗ ਦੇ ਮੈਦਾਨ ਵਿਚ ਸਾਰੇ ਸੂਰਬੀਰਾਂ ਨੂੰ ਜਲ ਛਕਾਉਂਣ ਦੀ ਸੇਵਾ ਕਰਦਾ ਸੀ। ਜਦ ਗੁਰੂ ਸਾਹਿਬ ਨੇ ਬੇਦਾਵਾ ਲਿਖਵਾਇਆ ਸੀ ਤਾਂ ਉਸ ਸਮੇਂ ਪੰਜ ਪਿਆਰੇ, ਪੰਜ ਮੁਕਤੇ ਤੇ ਭਾਈ ਉਦੇ ਸਿੰਘ ਸਮੇਤ 30 ਹੋਰ ਸਿਖ ਗੁਰੂ ਸਾਹਿਬ ਦੀ ਸੇਵਾ ਵਿਚ ਹਾਜ਼ਰ ਸਨ। ਜਦੋਂ ਗੁਰੂ ਸਾਹਿਬ ਕਾਲੀ ਟਿਬੀ ਦੇ ਸਥਾਨ 'ਤੇ ਜੰਗ ਕਰ ਰਹੇ ਸਨ ਤਾਂ ਗੁਰੂ ਸਾਹਿਬ ਤੋਂ ਭਾਈ ਉਦੇ ਸਿੰਘ ਆਗਿਆ ਲੈ ਕੇ ਜੰਗ ਦੇ ਮੈਦਾਨ ਵਿਚ ਜਾਂਦਾ ਹੈ। ਉਦੇ ਸਿੰਘ ਨੇ ਜੰਗ ਦੇ ਮੈਦਾਨ ਵਿਚ ਤੀਰ ਚਲਾ-ਚਲਾ ਕੇ ਡੇਢ ਪਹਿਰ ਤਕ ਵੈਰੀ ਦੇ ਦਲ ਨੂੰ ਰੋਕ ਕੇ ਰਖਿਆ। ਇਸੇ ਅਸਥਾਨ 'ਤੇ ਹੀ ਭਾਈ ਉਦੇ ਸਿੰਘ ਦੇ ਮਥੇ ਵਿਚ ਗੋਲੀ ਲਗਣ ਕਾਰਨ ਸ਼ਹੀਦੀ ਹੋ ਗਈ ਸੀ। ਭਾਈ ਜੀਵਨ ਸਿੰਘ ਰੰਘਰੇਟਾ ਨੂੰ ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਸਾਹਿਬਜ਼ਾਦਾ ਅਜੀਤ ਸਿੰਘ ਪਾਸ ਜਾਵੋ। ਸਾਰੇ ਸਿੰਘ ਰਲ ਕੇ ਸਰਸਾ ਨਦੀ ਦੇ ਕਿਨਾਰੇ ਹੀ ਜੰਗ ਕਰਨ ਲਗੇ। ਤੁਰਕਾਂ ਵਲੋਂ ਇਕਠੀਆਂ ਬੰਦੂਕਾਂ ਚਲਾ ਦਿਤੀਆਂ ਜਿਸ

ਕਰਕੇ ਭਾਈ ਜੀਵਨ ਸਿੰਘ ਸਮੇਤ ਕਈ ਸਿੰਘ ਜੰਗ ਕਰਦੇ ਹੋਏ ਉਥੇ ਸ਼ਹੀਦ ਹੋ ਗਏ ਸਨ। ਅਜੀਤ ਸਿੰਘ (ਗੁਰੂ ਕਾ ਯੋਧਾ) ਜੋ ਕਿ ਜੰਗ ਦਾ ਮੋਹਰੀ ਸੀ। ਜਦੋਂ ਮੁਗਲ ਫੌਜ ਨੇ ਮੋਰਚਿਆਂ ਨੇੜੇ ਆਈ ਤਾਂ ਅਜੀਤ ਸਿੰਘ ਨੇ ਹੁਕਮ ਕੀਤਾ ਕਿ ਸਾਰੇ ਸਿੰਘ ਬੰਦੂਕ ਵਿਚੋਂ ਇਕੋ ਸਮੇਂ ਗੋਲੀ ਛਡਣ। ਇਕੋ ਸਮੇਂ ਗੋਲੀ ਛਡਣ ਕਰਕੇ ਦੋ ਘੜੀ ਵਿਚ ਵੈਰੀ ਦੇ ਸੈਕੜੇ ਘੋੜੇ ਤੇ ਜਵਾਨ ਮਾਰੇ ਗਏ। ਸਾਹਿਬਜ਼ਾਦਾ ਅਜੀਤ ਸਿੰਘ ਤਲਵਾਰ, ਢਾਲ ਤੇ ਤੀਰਾਂ ਦਾ ਭਥਾ ਲੈ ਕੇ ਜੰਗ ਦੇ ਮੈਦਾਨ ਗੁਰੂ ਸਾਹਿਬ ਤੋਂ ਆਗਿਆ ਲੈ ਕੇ ਜਾਂਦੇ ਹਨ। ਜੰਗ ਦੇ ਮੈਦਾਨ ਵਿਚ ਭੀਮ ਚੰਦ ਦੀ ਸੈਨਾ 'ਤੇ ਵਾਰ ਕਰਕੇ ਅਨੇਕਾਂ ਵੈਰੀਆਂ ਨੂੰ ਮਾਰ ਮੁਕਾਇਆ। ਸਾਹਿਬਜ਼ਾਦਾ ਅਜੀਤ ਸਿੰਘ ਚਮਕੌਰ ਸਾਹਿਬ ਵਿਖੇ ਜੰਗ ਕਰਦੇ ਹੋਏ ਸ਼ਹੀਦ ਹੋਏ। ਗੁਰਬਿਲਾਸ ਪਾਤਿਸਾਹੀ ਦਸਮੀ ਅਨੁਸਾਰ ਜ਼ੋਰਾਵਰ ਸਿੰਘ (ਸਪੁਤਰ ਭਾਈ ਨਥੂ) ਚਮਕੌਰ ਸਾਹਿਬ ਦੀ ਜੰਗ ਤੋਂ ਬਾਅਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਚਿਤੌੜ ਪਹੁੰਚਿਆ। ਇਥੇ ਮੁਗਲ ਫੌਜਾਂ ਦੇ ਨਾਲ ਜੰਗ ਵਿਚ ਜ਼ੋਰਾਵਰ ਸਿੰਘ ਦੀ ਸ਼ਹੀਦੀ ਹੋਈ। ਇਸੇ ਪ੍ਰਕਾਰ ਭਾਈ ਸੰਤ ਸਿੰਘ, ਭਾਈ ਸੰਗਤ ਸਿੰਘ, ਭਾਈ ਧਰਮ ਸਿੰਘ, ਭਾਈ ਗੁਲਾਬਾ, ਨਬੀ ਖਾਂ, ਗ਼ਨੀ ਖਾਂ, ਭਾਈ ਡੱਲਾ ਜੀ, ਭਾਈ ਦਰਬਾਰੀ ਸਿੰਘ ਤੇ ਭਾਈ ਘਰਬਾਰੀ ਸਿੰਘ ਵਰਗੇ ਅਨੇਕਾਂ ਸੇਵਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸੇਵਾ ਵਿਚ ਹਾਜ਼ਰ ਰਹਿੰਦੇ ਸਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸੇਵਕ ਲੰਗਰ ਦੀ ਸੇਵਾ ਤੋਂ ਲੈ ਕੇ ਜੰਗ ਦੇ ਮੈਦਾਨ ਵਿਚ ਸ਼ਹੀਦ ਹੋਣ ਤਕ ਸੇਵਾ ਕਰਦੇ ਰਹੇ ਸਨ।

ਭਾਈ ਗੁਰਦਾਸ ਜੀ ਦੇ ਅਨੁਸਾਰ ਸੇਵਕ ਵਿਚ ਤਿੰਨ ਸਿਫਤਾਂ ਹੋਣ: ਸਬਰ, ਸਿਦਕ ਤੇ ਸ਼ਹਾਦਤ। ਜੋ ਸੇਵਕ ਹਮੇਸ਼ਾ ਆਪਣੇ ਗੁਰੂ ਦੇ ਦਸੇ ਹੁਕਮ ਅਨੁਸਾਰ ਚਲ ਕੇ ਜੀਵਨ ਬਤੀਤ ਕਰਦਾ ਹੈ ਭਾਵੇਂ ਗੁਰੂ ਆਪਣੇ ਸੇਵਕ ਨੂੰ ਘਾਹ ਖੋਤਣ ਦਾ ਹੁਕਮ ਕਰੇ ਤੇ ਭਾਵੇਂ ਸੇਵਕ ਨੂੰ ਜੰਗ ਦੇ ਮੈਦਾਨ ਵਿਚ ਜਾਣ ਦਾ ਹੁਕਮ ਕਰੇ। ਸੇਵਕ ਗੁਰੂ ਦਾ ਹੁਕਮ ਮੰਨ ਕੇ ਸੇਵਾ ਵਿਚ ਲਗਦਾ ਹੈ ਕਿਉਂਕਿ ਸੇਵਕ ਨੂੰ ਸੇਵਾ ਤੋਂ ਬਿਨ੍ਹਾਂ ਹੋਰ ਕੋਈ ਚੀਜ਼ ਦੀ ਲੋੜ ਨਹੀਂ ਹੁੰਦੀ।

ਗੁਰੂ ਸਾਹਿਬਾਨ ਦੇ ਸੇਵਕਾਂ ਤੋਂ ਬਾਅਦ ਸਿਖ ਇਤਿਹਾਸ ਅਨੇਕਾਂ ਸੇਵਕਾਂ ਦਾ ਨਾਮ ਆਉਂਦਾ ਹੈ ਜਿੰਨ੍ਹਾਂ ਵਿਚੋਂ ਭਾਈ ਜਗਤਾ ਜੀ, ਸੰਤ ਸ਼ਾਮ ਸਿੰਘ, ਸੰਤ ਤੇਜਾ ਸਿੰਘ, ਸੰਤ ਸੁੰਦਰ ਸਿੰਘ ਤੇ ਬਾਬਾ ਜਸਾ ਸਿੰਘ ਜੀ ਹਨ। ਇਹਨਾਂ ਸਾਧੂ ਜਨਾਂ ਨੇ ਗੁਰੂ ਸਿਧਾਂਤ ਉਪਰ ਚਲ ਕੇ ਆਪਣੇ ਆਖਰੀ ਸਮੇਂ ਤਕ ਸੇਵਾ ਨਿਭਾਈ। ਇਹਨਾਂ

ਸੇਵਕਾਂ ਦੁਆਰਾ ਪਹਿਲਾਂ ਸਾਧੂ ਜਨਾਂ ਦੇ ਨਜ਼ਦੀਕ ਰਹਿ ਕੇ ਸੇਵਾ ਕਰਨ ਦੀ ਜਾਂਚ ਸਿਖੀ ਤੇ ਇਹਨਾਂ (ਭਾਈ ਜਗਤਾ ਜੀ, ਸੰਤ ਸ਼ਾਮ ਸਿੰਘ, ਸੰਤ ਤੇਜਾ ਸਿੰਘ, ਸੰਤ ਸੁੰਦਰ ਸਿੰਘ ਤੇ ਬਾਬਾ ਜਸਾ ਸਿੰਘ) ਨੂੰ ਸਾਧੂ ਜਨਾਂ ਨੇ ਆਪ ਸੰਪਰਦਾਵਾਂ ਦੇ ਪ੍ਰਬੰਧ ਸੌਂਪੇ। ਭਾਈ ਜਗਤਾ ਜੀ ਨੇ ਜੰਗਲ ਵਿਚ ਤਲਾ ਦੀ ਖੁਦਵਾਈ ਕਰਕੇ ਜਾਨਵਰਾਂ ਲਈ ਪਾਣੀ ਦਾ ਪ੍ਰਬੰਧ ਕੀਤਾ ਤੇ ਜਾਨਵਰਾਂ ਨੂੰ ਖੁਰਾਕ ਦਾ ਪ੍ਰਬੰਧ ਕਰਦੇ ਸਨ। ਜਦ ਉਹਨਾਂ ਕੋਲ ਡੇਰੇ ਵਿਚ ਸੰਗਤ ਆਉਂਦੀ ਤਾਂ ਭਾਈ ਜਗਤਾ ਜੀ ਸੰਗਤ ਦੇ ਅਗੇ ਹਥ ਜੋੜ ਕੇ ਕਹਿੰਦੇ ਸਨ ਕਿ ਸਾਡੇ ਭਾਗ ਜਾਗ ਪਏ ਹਨ ਕਿ ਤੁਸੀਂ ਆ ਕੇ ਸਾਨੂੰ ਸੇਵਾ ਕਰਨ ਦਾ ਮੌਕਾ ਦਿਤਾ। ਡੇਰੇ ਵਿਚ ਜੋ ਵੀ ਸੰਗਤ ਆਉਂਦੀ ਸੀ ਭਾਈ ਜਗਤਾ ਜੀ ਉਹਨਾਂ ਦੀ ਮੁਠੀ-ਚਾਪੀ ਕਰਦੇ ਸਨ। ਸੰਤ ਸ਼ਾਮ ਸਿੰਘ ਅੰਮ੍ਰਿਤ ਵੇਲੇ ਉਠ ਕੇ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਬੈਠ ਕੇ ਕੀਰਤਨ ਕਰਦੇ ਸਨ। ਉਹਨਾਂ ਨੇ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਨਿਰੰਤਰ 70 ਸਾਲ ਤਕ ਕੀਤਾ। ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿਚ ਪਈਆਂ ਵਿਠਾਂ ਨੂੰ ਚੁਕ ਕੇ ਸਾਰੀ ਪਰਿਕਰਮਾ ਦੀ ਸਫਾਈ ਕਰਦੇ ਸਨ। ਸੰਤ ਅਤਰ ਸਿੰਘ ਜੀ ਦੇ ਹੁਕਮ ਅਨੁਸਾਰ ਸੰਤ ਤੇਜਾ ਸਿੰਘ ਸਰੋਵਰ ਦੀ ਸੇਵਾ, ਗੁਰਮੁਖੀ ਪੜ੍ਹਾਉਣਾ, ਲੰਗਰ ਦੀ ਸੇਵਾ ਆਦਿ ਸੇਵਾਵਾਂ ਕਰਦੇ ਸਨ। ਸੰਤ ਸੁੰਦਰ ਸਿੰਘ ਭਿੰਡਰਾਂਵਾਲਿਆਂ ਨੇ ਸਿਖਾਂ ਨੂੰ ਸ਼ੁਧ ਗੁਰਬਾਣੀ ਪੜ੍ਹਾਉਣ ਤੇ ਕਥਾ ਕਰਨ ਦੀ ਸੇਵਾ ਨਿਰੰਤਰ ਕਰਦੇ ਸਨ। ਇਸ ਦੇ ਨਾਲ-ਨਾਲ ਜਦ ਗੁਰੂ ਘਰ ਦੀ ਸੇਵਾ ਹੁੰਦੀ ਤਾਂ ਆਪ ਅਗੇ ਹੋ ਕੇ ਸੇਵਾ ਕਰਦੇ ਸਨ। ਬਾਬਾ ਹਰਦਿਤ ਸਿੰਘ ਕੋਲ ਬਾਬਾ ਜਸਾ ਸਿੰਘ ਗੁਰੂ ਘਰ ਦੀ ਸੇਵਾ ਕਰਦੇ ਸਨ। ਬਾਬਾ ਜਸਾ ਸਿੰਘ ਨੇ ਬਾਬਾ ਹਰਦਿਤ ਸਿੰਘ ਦਾ ਬਚਨ ਮੰਨ ਕੇ ਆਪਣਾ ਸਾਰਾ ਜੀਵਨ ਸੇਵਾ ਵਿਚ ਲਾਇਆ। ਇਹਨਾਂ ਨੇ ਸੇਵਾ ਕਰਕੇ ਹੀ ਬ੍ਰਹਮ ਗਿਆਨ ਦੀ ਪਦਵੀ ਹਾਸਲ ਕਰ ਲਈ ਸੀ। ਗੁਰੂ ਸੇਵਕਾਂ ਤੇ ਸਾਧੂ ਜਨਾਂ ਦੁਆਰਾ ਕੀਤੀ ਗਈ ਸੇਵਾ ਦੇ ਤੋਂ ਪ੍ਰਸੰਗ ਸਪਸ਼ਟ ਹੋ ਜਾਂਦਾ ਹੈ ਕਿ ਸੇਵਾ ਦੇ ਜਿਸ ਅਮਲੀ ਪਖ ਦਾ ਪ੍ਰਗਟਾਵਾ ਸਿਖ ਧਰਮ ਵਿਚ ਹੋਇਆ ਹੈ, ਉਹ ਸਿਖ ਧਰਮ ਵਿਚ ਸੇਵਾ ਨੂੰ ਬਾਕੀ ਧਰਮਾਂ ਵਿਚ ਸੇਵਾ ਦੇ ਸਿਧਾਂਤ ਨਾਲੋਂ ਸਪਸ਼ਟ ਰੂਪ ਵਿਚ ਨਿਖੇੜ ਦਿੰਦਾ ਹੈ।

## ਲਭਤਾਂ

* ਗੁਰੂ ਸਾਹਿਬਾਨ ਨੇ ਪੁਰਾਣੇ ਸੰਕਲਪਾਂ ਅਤੇ ਸੰਸਥਾਵਾਂ ਦੇ ਪਿਛੇ ਕੰਮ ਕਰ ਰਹੀ ਦਾਰਸ਼ਨਿਕਤਾ ਨੂੰ ਤਬਦੀਲ ਕਰਕੇ ਨਵੀਨ ਅਰਥ ਦਿਤੇ ਹਨ। ਸਿਖੀ ਅੰਦਰ ਸੇਵਾ ਅਜਿਹੇ ਅਨੇਕਾਂ ਸੰਕਲਪਾਂ ਵਿਚੋਂ ਇਕ ਹੈ।

* ਸੇਵਾ ਨੂੰ ਗੁਰੂ ਸਾਹਿਬਾਨ ਨੇ ਤਬਦੀਲ ਕਰਕੇ ਅਧਿਆਤਮਕ ਉਨਤੀ ਦਾ ਰਸਤਾ ਨਿਰਧਾਰਿਤ ਕਰ ਦਿਤਾ।

* ਅਧਿਆਤਮਕ ਪ੍ਰਗਤੀ ਲਈ ਇਹ ਜ਼ਰੂਰੀ ਹੈ ਕਿ ਸੇਵਕ ਗੁਰੂ ਦੀ ਸੇਵਾ ਕਰੇ। ਜਦੋਂ ਸੇਵਕ ਆਪਾ ਭਾਵ ਤਿਆਗ ਕੇ ਗੁਰੂ ਦੀ ਸੇਵਾ ਕਰਦਾ ਹੈ ਤਾਂ ਸੇਵਕ ਨੂੰ ਅਧਿਆਤਮਕ ਮੰਡਲਾਂ ਦੀ ਸੋਝੀ ਹੁੰਦੀ ਹੈ।

* ਉਪਰੋਕਤ ਖੋਜ ਕਾਰਜ ਰਾਹੀਂ ਗੁਰੂ ਸਾਹਿਬ ਦੇ ਸਮਕਾਲੀ ਸੇਵਕਾਂ ਦੀ ਅਧਿਆਤਮਕ ਉਨਤੀ ਵਿਚ ਸੇਵਾ ਦਾ ਸਥਾਨ ਵੇਖ ਸਕਦੇ ਹਾਂ।

* ਸਾਧੂ ਜਨਾਂ ਦੁਆਰਾ ਕੀਤੀ ਗਈ ਸੇਵਾ ਵਿਚ ਗੁਰੂ ਸਾਹਿਬ ਦੁਆਰਾ ਦਿਤੇ ਸਿਧਾਂਤ ਨੂੰ ਵੇਖਿਆ ਜਾ ਸਕਦਾ ਹੈ।

* ਗੁਰੂ ਸੇਵਾ ਦੁਆਰਾ ਸੇਵਕ ਦੇ ਆਚਰਨ ਵਿਚ ਆਏ ਬਦਲਾਵ ਨੂੰ ਵੇਖਿਆ ਜਾ ਸਕਦਾ ਹੈ।

# ਸਾਰੰਸ਼


ਮੌਜੂਦਾ ਖੋਜ ਕਾਰਜ ਧਰਮ ਅਧਿਐਨ ਵਿਚ ਸੇਵਾ ਦੇ ਅਧਿਆਤਮਕ ਸਰੋਕਾਰਾਂ ਨਾਲ ਸੰਬੰਧਿਤ ਹੈ। ਇਸ ਖੋਜ ਦਾ ਮੁਖ ਉਦੇਸ਼ ਸੇਵਾ ਦੇ ਵਖ-ਵਖ ਸਰੋਕਾਰਾਂ ਨੂੰ ਸਮਝਣਾ ਤੇ ਪ੍ਰਸਤੁਤ ਕਰਨਾ ਹੈ। ਇਸ ਖੋਜ ਕਾਰਜ ਰਾਹੀਂ ਮੁਖ ਰੂਪ ਵਿਚ ਗੁਰੂ ਸੇਵਕਾਂ ਤੇ ਸਾਧੂ ਜਨਾਂ ਦੁਆਰਾ ਕੀਤੀ ਗਈ ਸੇਵਾ ਨੂੰ ਪ੍ਰਸਤੁਤ ਕੀਤਾ ਗਿਆ ਹੈ।

ਇਸ ਅਧਿਐਨ ਰਾਹੀਂ ਗੁਰਮਤਿ ਵਿਚ ਸੇਵਾ ਤੇ ਬਾਕੀ ਧਰਮਾਂ ਵਿਚ ਸੇਵਾ ਦੀ ਮਹੱਤਤਾ ਨੂੰ ਸਮਝਿਆ ਗਿਆ ਹੈ। ਗੁਰੂ ਕਾਲ ਵਿਚ ਸੇਵਾ ਦੇ ਸਰੋਕਾਰਾਂ, ਸੇਵਕਾਂ ਦੇ ਜੀਵਨ ਵਿਚ ਆਏ ਬਦਲਾਵ ਨੂੰ ਵੇਖਿਆ ਗਿਆ ਹੈ। ਇਸ ਖੋਜ ਕਾਰਜ ਲਈ ਧਰਮ ਸ਼ਾਸਤਰੀ ਵਿਧੀ ਦੀ ਵਰਤੋਂ ਕੀਤੀ ਗਈ ਹੈ। ਗੁਰੂ ਸੇਵਕਾਂ ਤੇ ਸਾਧੂ ਜਨਾਂ ਦੁਆਰਾ ਕੀਤੀ ਗਈ ਸੇਵਾ ਦਾ ਅਧਿਐਨ ਇਤਿਹਾਸਕ ਵਿਧੀ ਰਾਹੀਂ ਕੀਤਾ ਹੈ। ਇਸ ਤੋਂ ਇਲਾਵਾ ਸਾਧੂ ਜਨ ਦੀ ਸੇਵਾ ਬਾਰੇ ਜਾਣਨ ਲਈ ਸੰਵਾਰਤਾ ਵਿਧੀ ਦੀ ਵਰਤੋਂ ਵੀ ਕੀਤੀ ਗਈ ਹੈ ਕਿਉਂਕਿ ਗਹਿਰੀ ਜਾਣ-ਪਛਾਣ ਤੇ ਅੰਦਰੂਨੀ ਗਲ ਜਾਣਨ ਦਾ ਇਹੋ ਇਕ ਢੰਗ ਹੈ।

ਸੰਸਾਰ ਦੇ ਧਰਮਾਂ ਵਿਚ ਸੇਵਾ ਦੇ ਸਿਧਾਂਤ ਦਾ ਜ਼ਿਕਰ ਕੀਤਾ ਗਿਆ ਹੈ ਤੇ ਇਹ ਧਾਰਮਿਕ ਅਨੁਭਵ ਦਾ ਵੀ ਹਿਸਾ ਹੈ। ਇਸ ਲਈ ਅਸੀਂ ਖੋਜ ਕਾਰਜ ਵਿਚ ਸਾਮੀ ਧਰਮਾਂ ਤੇ ਪੂਰਬੀ ਧਰਮਾਂ ਵਿਚ ਸੇਵਾ ਦਾ ਸੰਖੇਪ ਅਧਿਐਨ ਕੀਤਾ ਹੈ। ਗੁਰਮਤਿ ਵਿਚ ਸੇਵਾ ਦੇ ਸਿਧਾਂਤ ਦਾ ਮੁਖ ਸਥਾਨ ਹੈ। ਇਸ ਖੋਜ ਕਾਰਜ ਵਿਚ ਸੇਵਾ ਦੇ ਸਿਧਾਂਤ ਨੂੰ ਗੁਰਬਾਣੀ ਅਤੇ ਇਤਿਹਾਸ ਅਨੁਸਾਰ ਪ੍ਰਗਟ ਕਰਨ ਦਾ ਯਤਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਇਸ ਖੋਜ ਕਾਰਜ ਨੂੰ ਗੁਰੂ ਸਾਹਿਬ ਦੇ ਸਮਕਾਲੀ ਸੇਵਕਾਂ ਤੇ ਸਾਧੂ ਜਨਾਂ ਦੁਆਰਾ ਕੀਤੀ ਗਈ ਸੇਵਾ ਤਕ ਸੀਮਤ ਕੀਤਾ ਗਿਆ ਹੈ। ਗੁਰਮਤਿ ਅਨੁਸਾਰ ਸੇਵਾ ਦੇ ਸਰੋਕਾਰਾਂ ਨੂੰ ਵੇਖਿਆ ਗਿਆ ਹੈ ਤੇ ਸੇਵਾ ਕਰਦੇ ਹੋਏ ਸੇਵਕ ਦਾ ਆਪਾ ਸਮਰਪਣ ਕਰਨ ਦੀ ਭਾਵਨਾ ਨੂੰ ਪ੍ਰਸਤੁਤ ਕਰਨ ਦਾ ਯਤਨ ਕੀਤਾ ਗਿਆ ਹੈ। ਗੁਰੂ ਸੇਵਕਾਂ ਦੇ ਸੰਦਰਭ ਵਿਚ ਸੇਵਾ ਦੀ ਗਲ ਕਰੀਏ ਤਾਂ ਸੇਵਕ ਦੁਨਿਆਵੀ ਦੌਲਤ ਨੂੰ ਪਾਸੇ ਰਖ ਕੇ ਸੇਵਾ ਕਰਦੇ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸੇਵਕ ਗੁਰੂ ਸਾਹਿਬ ਦੇ ਬਚਨ ਮੰਨ ਕੇ ਲੰਗਰ ਦੀ ਸੇਵਾ ਤੋਂ ਲੈ ਕੇ ਯੁਧ ਵਿਚ ਆਪਾ ਸਮਰਪਣ ਕਰਨ ਦੀ ਸੇਵਾ ਕਰਦੇ ਰਹੇ ਸਨ।

ਸਾਧੂ ਜਨਾਂ ਦੁਆਰਾ ਪੋਥੀ ਲਿਖਣ ਦੀ ਸੇਵਾ, ਗੁਰਬਾਣੀ ਪੜ੍ਹਾਉਣ ਦੀ ਸੇਵਾ, ਕੀਰਤਨ ਕਰਨਾ, ਲੰਗਰ ਛਕਾਉਣਾ, ਗੁਰਮੁਖੀ ਪੜ੍ਹਾਉਣੀ, ਮਲ੍ਹਮ ਪਟੀ, ਮੁਠੀ ਚਾਪੀ, ਪਖਾ ਝਲਣਾ, ਡੇਰੇ ਆਈ ਸੰਗਤ ਨੂੰ ਇਸ਼ਨਾਨ ਕਰਵਾਉਣਾ ਆਦਿ ਸੇਵਾਵਾਂ ਕਰਦੇ ਸਨ।

ਸਿਖ ਧਰਮ ਵਿਚ ਸੇਵਾ ਦੇ ਸਿਧਾਂਤ ਪਿਛੇ ਕਾਰਜਸ਼ੀਲ ਸਿਧਾਂਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੇ ਗੁਰ ਇਤਿਹਾਸ ਉਪਰ ਆਸ੍ਰਿਤ ਹੈ। ਇਸ ਲਈ ਅਸੀਂ ਗੁਰਬਾਣੀ ਤੇ ਇਤਿਹਾਸ ਅਨੁਸਾਰ ਸੇਵਾ ਦੇ ਸਰੋਕਾਰਾਂ ਨੂੰ ਲਭਣ ਦੀ ਕੋਸ਼ਿਸ਼ ਕੀਤੀ ਗਈ ਹੈ।

ਨਿਗਰਾਨ　　　　　　　　　　　　　　　　　　　　ਖੋਜਾਰਥੀ

ਡਾ. ਕੰਵਰਜੀਤ ਸਿੰਘ　　　　　　　　　　　　　　　　ਅਰਸ਼ਵੀਰ ਸਿੰਘ

ਰਿਟਾਰਿਡ ਪ੍ਰਿੰਸੀਪਲ (ਕ.)

ਗੁਰਮਤਿ ਕਾਲਜ, ਪਟਿਆਲਾ

## ABSTRACT

The present research deals with the spiritual concerns of Service in religious studies. The main objective of this research is to understand and present the different concerns of the service. Through this research work, the Service done by Guru Servants (Sevaks) and Sadhus has been presented in the main form.

Through this study, the importance of Service in Gurmat and other religions has been understood. During the periods of all Sikh Gurus, several changes have been seen in the lives of Servants. Theological method has been used for this research work. The Service done by Guru Servants (Sevak) and Sadhus has been studied through historical method. Interview method has been used to find out about Sadhu's Service as it is a good method to gain deep insight and insight.

The principle of service is mentioned in the religions of the world and it is also a part of religious experience. Therefore, we have briefly studied service in Semitic religions and Eastern religions in the research work. In Gurmat, the principle of Service is central. In this research work, an attempt has been made to express the principle of Service according to Gurbani and history. Apart from this, this research work has been limited to the Service done by Guru Sahib's contemporary servants and sadhus. According to Gurmat, the concerns of Service have been seen and an effort has been made to represent the spirit of self-surrender of the servant while Serving. If we talk about service in the context of Guru Servants (Sevaks), then the Servants (Sevaks) used to keep worldly wealth aside and serve. From Sri Guru Nanak Dev Ji to Sri Guru Gobind Singh Ji's contemporaneous

Servants obeying the words of Guru Sahib, they were serving form the service of Langar to surrendering themselves in Battels.

The Sadhus used to do the service of writing scriptures, teaching Gurbani, performing kirtan, serving langar, teaching Gurmukhi, applying ointment, massaging in the battels, fanning, giving bath to the people who came to the camp, etc.

The working principle behind the principle of service in Sikhism is based on the scriptures of Sri Guru Granth Sahib and Guru History. So we have tried to find the concerns of service according to Gurbani and history.

Supervisor

Dr. Kanwarjit Singh

Retired Principal

Gurmat College, Patiala

Researcher

Arshveer Singh

# ਪੁਸਤਕ ਸੂਚੀ

## ਪੰਜਾਬੀ ਪੁਸਤਕਾਂ


ਸੰਤੋਖ ਸਿੰਘ, ਭਾਈ, *ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ,* (ਸੰਪਾ.), ਭਾਈ ਵੀਰ ਸਿੰਘ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1989.

ਸੰਤਾ ਸਿੰਘ, ਬਾਬਾ, (ਪ੍ਰਕਾ.), *ਸ੍ਰੀ ਸਰਬਲੋਹ ਗ੍ਰੰਥ,* ਗੁਰੂ ਕਾ ਬਾਗ, ਸ੍ਰੀ ਆਨੰਦਪੁਰ ਸਾਹਿਬ, 2000.

ਸੁਖਾ ਸਿੰਘ, ਭਾਈ, *ਗੁਰਬਿਲਾਸ ਪਾਤਿਸਾਹੀ ਦਸਮੀ,* (ਸੰਪਾ.), ਮਨਵਿੰਦਰ ਸਿੰਘ, ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2016.

ਸੈਨਾਪਤਿ, ਕਵੀ, *ਸ੍ਰੀ ਗੁਰ ਸੋਭਾ,* (ਸੰਪਾ.), ਗੰਡਾ ਸਿੰਘ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1996

ਸੋਚ, ਨਰਿੰਦਰ ਸਿੰਘ, *ਬ੍ਰਹਮ ਗਿਆਨੀ ਭਾਈ ਜਗਤਾ ਜੀ ਜੀਵਨ ਤੇ ਜੀਵਨ-ਦਰਸ਼ਨ,* ਸੇਵਾ ਜੋਤੀ ਪ੍ਰਕਾਸ਼ਨ, ਗੋਨਿਆਣਾ ਮੰਡੀ, 2009.

ਸੌਂਧੀ, ਪ੍ਰਿਤਪਾਲ ਸਿੰਘ, *ਪੰਜ ਰਤਨ,* ਡੇਰਾ ਬਾਬਾ ਜੱਸਾ ਸਿੰਘ ਪ੍ਰਬੰਧਕ ਕਮੇਟੀ, ਪਟਿਆਲਾ, 2013.

ਹਰਬੰਸ ਸਿੰਘ ਤੇ ਐਲ.ਐਮ. ਜੋਸ਼ੀ, *ਸੰਸਾਰ ਦੇ ਧਰਮ,* ਅਨੁ. ਭਗਤ ਸਿੰਘ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1980.

ਹਜ਼ਾਰਾ ਸਿੰਘ, ਗਿਆਨੀ, *ਸ੍ਰੀ ਗੁਰੂ ਗ੍ਰੰਥ ਕੋਸ਼,* (ਸੰਪਾ.), ਹਰਭਜਨ ਸਿੰਘ, ਡਾ. ਬਲਬੀਰ ਸਿੰਘ ਸਾਹਿਤ ਸਦਨ ਕੇਂਦਰ, ਦੇਹਰਾਦੂਨ, 2008.

ਹੀਰਾ, ਭਗਤ ਸਿੰਘ, *ੴ ਦਰਸ਼ਨ,* ਭਗਤ ਹੀਰਾ ਸਿੰਘ, ਨਵੀਂ ਦਿੱਲੀ, 1982.

ਕਵੀਸ਼ਰ, ਸਰਦੂਲ ਸਿੰਘ, *ਸਿੱਖ ਧਰਮ ਦਰਸ਼ਨ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

ਗੁਪਤਾ, ਸ਼ਾਤੀ ਨਾਥ, *ਭਾਰਤੀ ਦਰਸ਼ਨ,* ਪੰਜਾਬ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ, ਚੰਡੀਗੜ੍ਹ, 1974.

ਗੁਰਨਾਮ ਕੌਰ (ਸੰਪਾ.), *ਸਿੱਖ ਚਿੰਤਨ ਅਨੁਸਾਰ ਸੇਵਾ ਦਾ ਸੰਕਲਪ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1986.

ਗੁਰਮੁਖ ਨਿਹਾਲ ਸਿੰਘ (ਸੰਪਾ.), *ਗੁਰੂ ਨਾਨਕ: ਜੀਵਨ, ਯੁਗ ਅਤੇ ਉਪਦੇਸ਼,* ਨਵਯੁਗ ਪਬਲਿਸ਼ਰਜ਼, ਦਿੱਲੀ, 1969.

ਗੰਗਾ ਸਿੰਘ, *ਸਿੱਖ ਧਰਮ ਫਿਲਾਸਫੀ,* ਭਾਈ ਮੇਹਰ ਸਿੰਘ ਸੁਰਿੰਦਰ ਸਿੰਘ, ਅੰਮ੍ਰਿਤਸਰ, 1978.

ਗੰਡਾ ਸਿੰਘ, *ਹੁਕਮਨਾਮੇ ਗੁਰੂ ਸਾਹਿਬਾਨ, ਮਾਤਾ ਸਾਹਿਬਾਨ, ਬੰਦਾ ਸਿੰਘ ਅਤੇ ਖਾਲਸਾ ਜੀ ਦੇ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1967.

_______, *ਸਿੱਖ ਇਤਿਹਾਸ ਦੇ ਕੁਝ ਇਤਿਹਾਸਿਕ ਪਤਰੇ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ 1998.

ਗਿਆਨ ਸਿੰਘ, ਗਿਆਨੀ, *ਤਵਾਰੀਖ ਗੁਰੂ ਖਾਲਸਾ* , ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970.

ਗਿਆਨੀ, ਸ਼ੇਰ ਸਿੰਘ, *ਅੰਮ੍ਰਿਤ ਜੀਵਨ,* ਸੰਤ ਨਿਰੰਜਣ ਸਿੰਘ ਵੈਦ ਗੁਰਮਤਿ ਪ੍ਰਚਾਰ ਟਰੱਸਟ, ਬੋਪਾਰਾਏ ਕਲਾਂ, ਮਿਤੀਹੀਨ.

ਚਾਕਰ, ਅਮਰ ਸਿੰਘ (ਸੰਪਾ.), *ਵਾਰਾਂ ਭਾਈ ਗੁਰਦਾਸ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1998.

ਜੋਧ ਸਿੰਘ, ਬਾਬਾ, *ਸਤਿਗੁਰ ਕੀ ਸੇਵਾ ਗਾਖੜੀ,* ਗੁਰਮਤਿ ਪ੍ਰਕਾਸ਼ਨ, ਪਟਿਆਲਾ, 2011.

ਜੋਧ ਸਿੰਘ, *ਗੁਰਮਤ ਨਿਰਣਯ.* ਮੈਸਰਜ਼ ਅਤਰ ਚੰਦ ਕਪੂਰ ਐਂਡ ਸੰਨਜ਼, ਲਾਹੌਰ, 1940.

_______, *ਸਿੱਖ ਭਗਤੀ ਸਰੂਪ ਤੇ ਆਧਾਰ,* ਵੀਜ਼ਨ ਐਂਡ ਵੈਂਚਰ, ਪਟਿਆਲਾ, 1996.

_______ (ਸੰਪਾ.), *ਸਿੱਖ ਧਰਮ ਵਿਸ਼ਵਕੋਸ਼,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008.

ਜੱਗੀ, ਰਤਨ ਸਿੰਘ, *ਗੁਰੂ ਗ੍ਰੰਥ ਵਿਸ਼ਵਕੋਸ਼,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

_____________, *ਸਿੱਖ ਪੰਥ ਵਿਸ਼ਵਕੋਸ਼,* ਗੁਰ ਰਤਨ ਪਬਲਿਸ਼ਰਜ਼, ਪਟਿਆਲਾ, 2005.

_____________, *ਗੁਰੂ ਨਾਨਕ ਦੀ ਵਿਚਾਰਧਾਰਾ,* ਨਵਯੁਗ ਪਬਲਿਸ਼ਰਜ਼, ਦਿੱਲੀ, 1969.

_____________, *ਸੇਵਾ-ਪੰਥ ਸਾਧਨਾ ਅਤੇ ਸਾਹਿਤ,* ਨੈਸ਼ਨਲ ਬੁਕ ਟਰੱਸਟ ਇੰਡੀਆ, ਚੰਡੀਗੜ੍ਹ, 2014.

ਤਾਰਨ ਸਿੰਘ, *ਭਗਤੀ ਤੇ ਸ਼ਕਤੀ,* ਫ਼ਕੀਰ ਸਿੰਘ ਐਂਡ ਸੰਨਜ਼, ਅੰਮ੍ਰਿਤਸਰ, 1962.

ਤੇਜਾ ਸਿੰਘ, *ਜਪੁਜੀ ਸਟੀਕ,* ਪ੍ਰਕਾਸ਼ ਪੁਸਤਕਾਲਾ, ਅੰਮ੍ਰਿਤਸਰ, ਮਿਤੀਹੀਨ.

ਤੇਜਾ ਸਿੰਘ, ਸੰਤ, *ਜੀਵਨ ਕਥਾ ਗੁਰਮੁਖ ਪਿਆਰੇ ਸੰਤ ਅਤਰ ਸਿੰਘ ਜੀ ਮਹਾਰਾਜ,* ਕਲਗੀਧਰ ਟਰੱਸਟ, ਗੁਰਦੁਆਰਾ ਬੜੂ ਸਾਹਿਬ, 2008.ਸ਼ੇ

ਤਾਲਿਬ, ਗੁਰਬਚਨ ਸਿੰਘ (ਸੰਪਾ.), *ਸੰਸਾਰ ਦੇ ਕੁਝ ਮੁਖ ਧਰਮ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1977.

ਥਾਨਵੀ, ਅਸ਼ਰਫ ਅਲੀ, *ਦੀਨੀ ਬਹਿਸ਼ਤੀ ਜੇਵਰ,* ਅਨੁ. ਸਈਦ ਅਖਤਰਬ, ਦੀਨੀ ਬੁਕ ਡੀਪੂ, ਦਿਲੀ, 1982.

ਦਰਸ਼ਨ ਸਿੰਘ, *ਗੁਰੂ ਗ੍ਰੰਥ ਬਾਣੀ ਵਿਚ ਗੁਰੂ ਦਾ ਸੰਕਲਪ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਅੰਮ੍ਰਿਤਸਰ, 1976.

ਦੀਪ, ਦਲੀਪ ਸਿੰਘ, *ਜਪੁਜੀ ਇਕ ਤੁਲਨਾਤਮਕ ਅਧਿਐਨ,* ਪੰਜਾਬੀ ਬੁਕ ਸੈਂਟਰ, ਨਵੀਂ ਦਿੱਲੀ, 1969.

ਧਾਲੀਵਾਲ, ਤੇਜਿੰਦਰ ਕੌਰ, *ਯਹੂਦੀ ਅਤੇ ਇਸਾਈ ਧਰਮ,* ਗਰੇਸ਼ੀਅਸ ਬੁਕਸ, ਪਟਿਆਲਾ, 2008.

ਨਰੋਤਮ, ਤਾਰਾ ਸਿੰਘ, ਪੰਡਿਤ, *ਗੁਰ ਗਿਰਾਰਥ ਕੋਸ਼,* ਸੰਪਾ., ਹਰਭਜਨ ਸਿੰਘ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2010.

___________________, *ਸ੍ਰੀ ਗੁਰ ਤੀਰਥ ਸੰਗ੍ਰਹ,* ਸ੍ਰੀ ਨਿਰਮਲ ਪੰਚਾਇਤੀ ਅਖਾੜਾ, ਕਨਖਲ, 1975.

ਨਾਭਾ, ਕਾਨ੍ਹ ਸਿੰਘ, ਭਾਈ, *ਗੁਰਸ਼ਬਦ ਰਤਨਾਕਰ ਮਹਾਨ ਕੋਸ਼,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1994.

ਪਦਮ, ਪਿਆਰਾ ਸਿੰਘ (ਸੰਪਾ.), *ਰਹਿਤਨਾਮੇ,* ਕਲਮ ਮੰਦਰਿ, ਪਟਿਆਲਾ, 1978.

*ਪਵਿੱਤਰ ਬਾਈਬਲ,* ਬਾਈਬਲ ਸੁਸਾਇਟੀ ਆਫ਼ ਇੰਡੀਆ, ਨਵੀਂ ਦਿੱਲੀ, 1984.

ਪਾਲ, ਮੁਹਿੰਦਰ ਸਿੰਘ, *ਗੁਰਮਤਿ ਜੀਵਨ,* ਗਰੇਟਰ ਪੰਜਾਬ ਪ੍ਰੈਸ, ਚੰਡੀਗੜ, 1990.

ਪੂਰਨ ਸਿੰਘ, *ਖੁਲ੍ਹੇ ਲੇਖ,* ਲਾਹੌਰ ਬੁਕ ਸ਼ਾਪ, ਲੁਧਿਆਣਾ, 1981.

ਪ੍ਰੀਤਮ ਸਿੰਘ, *ਸਿੱਖ ਵੀਚਾਰਧਾਰਾ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1962.

ਪ੍ਰੇਮ ਪ੍ਰਕਾਸ਼ ਸਿੰਘ, *ਸੰਸਕ੍ਰਿਤ ਪੰਜਾਬੀ ਕੋਸ਼,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2002.

ਬਲਬੀਰ ਸਿੰਘ, *ਨਿਰੁਕਤ ਸ੍ਰੀ ਗੁਰੂ ਗ੍ਰੰਥ ਸਾਹਿਬ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1972.

ਬਲਕਾਰ ਸਿੰਘ (ਸੰਪਾ.), *ਸੇਵਾ ਦਾ ਸਿੱਖ ਸੰਕਲਪ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1998.

ਬੇਦੀ, ਕਾਲਾ ਸਿੰਘ, *ਗੁਰੂ ਨਾਨਕ ਸ਼ਬਦ ਰਤਨਾਕਰ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1969.

ਭਾਟੀਆ, ਸੁਰਜੀਤ ਸਿੰਘ, *ਸਿਮਰਨ, ਸੇਵਾ ਤੇ ਸਿੱਖ ਆਚਰਨ,* ਲਾਹੌਰ ਬੁਕ ਸ਼ਾਪ, ਲੁਧਿਆਣਾ, 1987.

ਭੰਗੂ, ਰਤਨ ਸਿੰਘ, ਭਾਈ, *ਸ੍ਰੀ ਗੁਰ ਪੰਥ ਪ੍ਰਕਾਸ਼,* (ਸੰਪਾ.), ਜੀਤ ਸਿੰਘ ਸੀਤਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1994.

ਮੇਜਰ, ਪ੍ਰੇਮ ਸਿੰਘ, *ਸੰਤ ਗਾਥਾ* (ਭਾਗ ਦੂਜਾ), ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ, 2009.

ਮਨੀ ਸਿੰਘ, ਗਿਆਨੀ, *ਸੇਵਾ ਚਮਤਕਾਰ,* ਗਿ. ਜਸਵੰਤ ਕੌਰ ਤਕਦੀਰ, ਅੰਮ੍ਰਿਤਸਰ, 1976.

ਮਾਚਵੇ, ਪ੍ਰਭਾਕਰ, *ਨਾਮਦੇਵ- ਜੀਵਨ ਤੇ ਦਰਸ਼ਨ,* ਅਨੁ. ਵਜ਼ੀਰ ਸਿੰਘ, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1969.

ਮੌਦੂਦੀ, ਸੱਯਦ ਅਬੁਲ ਆਲਾ (ਸੰਪਾ.), *ਕੁਰਆਨ ਮਜੀਦ,* ਪੰਜਾਬੀ ਇਸਲਾਮਿਕ ਪਬਲੀਕੇਸ਼ਨਜ਼, ਮਲੇਰਕੋਟਲਾ, 2021.

ਰਾਮ ਸਿੰਘ, *ਜਪੁਜੀ ਦਾ ਵਿਸ਼ਾ ਤੇ ਰੂਪ,* ਪੰਜਾਬੀ ਸਾਹਿਤ ਅਕੈਡਮੀ, ਲੁਧਿਆਣਾ, 1969.

ਰਾਮ, ਤਨ ਸੁਖ (ਸੰਪਾ.), *ਵਿਵਹਾਰਿਕ ਹਿੰਦੀ ਵਿਆਕਰਣ ਕੋਸ਼,* ਹਿੰਦੀ ਪੁਸਤਕ ਭਵਨ, ਦਿੱਲੀ, 1961.

ਰਣਧੀਰ ਸਿੰਘ (ਸੰਪਾ.), *ਸ਼ਬਦਾਰਥ ਦਸਮ ਗ੍ਰੰਥ ਸਾਹਿਬ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 1973.

ਰਿਆਲ, ਜੀ. ਐਸ. (ਸੰਪਾ.), *ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, 2006.

ਲਾਲ ਚੰਦ, ਸੰਤ, *ਸ੍ਰੀ ਸੰਤ ਰਤਨ ਮਾਲਾ,* ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ, ਅੰਮ੍ਰਿਤਸਰ, ਮਿਤੀਹੀਨ.

ਵੀਰ ਸਿੰਘ, ਭਾਈ (ਸੰਪਾ.), *ਪੁਰਾਤਨ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ,* ਖਾਲਸਾ ਸਮਾਚਾਰ, ਅੰਮ੍ਰਿਤਸਰ, 1967.

____________, *ਭਾਈ ਵੀਰ ਸਿੰਘ ਰਚਨਾਵਲੀ* (ਜਿਲਦ ਚੌਥੀ), ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1973.

______________, ਸੰਪਾ., *ਕਬਿੱਤ ਭਾਈ ਗੁਰਦਾਸ,* ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 2015.

*ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ,* ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, 1992.

## ਪ੍ਰਤਿਕਾ

ਬਲਕਾਰ ਸਿੰਘ (ਸੰਪਾ.), *ਨਾਨਕ ਪ੍ਰਕਾਸ਼ ਪਤ੍ਰਿਕਾ,* ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਦਸੰਬਰ, 1984.

*ਭਗਤੀ ਕਾਵਿ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1970.

## ਹਿੰਦੀ ਪੁਸਤਕਾਂ

ਉਪਾਧਿਆਇ, ਬਲਦੇਵ, *ਭਾਰਤੀਯ ਦਰਸ਼ਨ,* ਚੌਖੰਬਾ ਉਰੀਅੰਟਾਲਿਯਾ, ਵਾਰਾਨਸੀ, 1976.

ਸਹਿਗਲ, ਮਨਮੋਹਨ, *ਗੁਰੂ ਗ੍ਰੰਥ ਸਾਹਿਬ: ਏਕ ਸਾਂਸਕ੍ਰਿਤਕ ਸਰਵੇਕਸ਼ਣ,* ਭਾਸ਼ਾ ਵਿਭਾਗ ਪੰਜਾਬ, ਪਟਿਆਲਾ, 1971.

________________, *ਹਿੰਦੀ ਸ਼ਬਦ ਸਾਗਰ* (ਦਸਵਾਂ ਭਾਗ), ਨਾਗਰੀ ਮੁਦਰਣ, ਵਾਰਾਨਸੀ, 1973.

ਚਟੋਪਾਧਯ, ਸਤੀਸ਼ ਤੇ ਧੀਰੇਂਦਰ ਦੱਤ, *ਭਾਰਤੀਯ ਦਰਸ਼ਨ,* ਪੁਸਤਕ ਭੰਡਾਰ, ਪਟਨਾ, 1961.

ਥਾਨਵੀ, ਅਸ਼ਰਫ ਅਲੀ, *ਦੀਨੀ ਬਹਿਸ਼ਤੀ ਜੇਵਰ.* ਅਨੁ. ਸਈਯਦ ਅਖ਼ਤਰ ਇਸਲਾਮ, ਦੀਨੀ ਬੁਕ ਡੀਪੂ, ਦਿੱਲੀ, 1982.

ਮਿਸਰ, ਜਯ ਰਾਮ, *ਸ੍ਰੀ ਗੁਰੂ ਗ੍ਰੰਥ ਦਰਸ਼ਨ,* ਸਾਹਿਤਯ ਭਵਨ, ਇਲਾਹਾਬਾਦ, 1960.

ਮਨੂੰ ਸਿਮਰਤੀ, ਪੰਡਿਤ ਜਵਾਲਾ ਪ੍ਰਸਾਦ ਚਤੁਰਵੇਦੀ, ਰਣਬੀਰ ਪ੍ਰਕਾਸ਼ਨ, ਹਰਿਦੁਆਰ, 2002.

ਸ਼ਾਸਤਰੀ, ਮੰਗਲਦੇਵ, *ਭਾਰਤੀ ਸੰਸਕ੍ਰਿਤੀ ਕਾ ਵਿਕਾਸ,* ਸਮਾਜ ਵਿਗਿਆਨ ਪ੍ਰੀਸ਼ਦ, ਬਨਾਰਸ, 1956.

## ਅੰਗੇਰਜ਼ੀ ਪੁਸਤਕਾਂ


Ali, Muhammad, Maulana, *The Religion of Islam,* The Ahmadiyya Anjuman Ishaat Islam, Lahore, 1936.

Burnner, Emil, *The Divine Imperative,* The Westminster Press, Philadelpha, 1936.

Harbans Singh (ed.), *The Encyclopaedia of Sikhism*, Publications Bureau Punjabi University, Patiala, 1998.

Prabhananda, Swami, *The Spiritual Heritage of India,* George Allen & Unwin Ltd., London, 1962.

Puran Singh, *The Ten Masters,* Chief Khalsa Diwan, Amritsar, 1975.

Radhakrishnan, S., *The Principal Upanisads,* George Allen & Unwin Ltd., London, 1953.

________________, *Indian Philosophy,* George Allen & Unwin Ltd., London, 1966.

Taran Singh (ed.), *The Teachings of Guru Nanak,* Publication Bureau Punjabi University, Patiala, 1977.

Sikka, Ajit Singh, *The Philosophy of Mind in the Poetry on Guru Nanak,* Bee Kay Publications, Ludhiana, 1973.

_______________, *Beacons of Light,* Bee Kay Publications, Ludhiana, 1973.

Sivananda, Swami, *The Conquest of Mind,* The Divine Life Society, Shivanandanagar, 1968.

*The Holy Bible* (Containing Old and New Testaments), American Bible Society, Tr. New York, 1874.

It is certified that Arshveer Singh has published 02 research papers in the refereed journals out of Ph.D. work. He has also presented 02 research papers in seminar/conference out of Ph.D. work.

**Publications**

1.ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮਾਲਵਾ ਦੇਸ ਵਿਚਰਨਾ. Panchbati Sandesh. Vol. 43. Issue. 1. April. 2021.

2. Guru Nanak Dev 's Servants (Sewak). Universe International Journal of Interdisciplinary Research. Vol. 3. Issue 2. July 2022.

**Conference/Seminar**

1. Research Paper 'ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਂਗਰ ਦੇਸ ਦੀ ਯਾਤਰਾ' presented in Seminar on theme "Guru Teg Bahadur Ji: Spiritual Legacy and Journeys" organized by Akal University, Talwandi Sabo (Bathinda)on 27-28 April, 2022.

2. Research Paper 'ਗੁਰੂ ਜਾਮਭੌਜੀ: ਜੀਵਨ, ਵਿਅਕਤੀਤਵ, ਬਾਣੀ ਤੇ ਸਿਧਾਂਤ' presented in the Conference on the theme "ਭਗਤੀ ਅੰਦੋਲਨ ਅਤੇ ਗੁਰੂ ਜਾਮਭੋਜੀ: ਵੈਸ਼ਿਵਕ ਸੰਦਰਭ" organized byGoa University, Goa, on 16-17February, 2019.

Submit Your Paper For Publish in upcoming Issue - submit@uijir.com
ISSN (Online) - 2582-6417

Universe International Journal of Interdisciplinary Research
(An International Peer Reviewed Refereed Journal)
IMPACT FACTOR-2.2

Home About Us Editorial Board Manuscript Submission For Author For Readers Indexing Contact Us

## Universe International Journal of Interdisciplinary Research (UIJIR)

The Universe is everything we can touch, feel, sense, measure or detect. Before the birth of the Universe, time, space and matter did not exist. Keeping this aspect in the mind 'Universe' has been created. UIJIR has been aimed at promotion the exchange of applied research among the interdisciplinary domains of researchers and academics all over the world. It also aims to arouse conversation on emerging research paradigms and fosters networking within various research groups.

UIJIR is world-class journals of which Universe International Journal of Interdisciplinary Research (UIJIR) is the first one to its well-regarded readers and contributors. UIJIR is focused to distribute knowledge, which ensures good practice of professional researcher and reflections appropriate to academicians and working professionals. UIJIR enjoys a worldwide network of professionals, academicians, researchers, thinkers, educationists and readership base. UIJIR appreciates innovative and evolutionary inspection over popular interdisciplinary research, ethics, differing from the humdrum bulk of monotonous content. UIJIR focuses on publishing quality research manuscripts on diverse areas of interdisciplinary research such as

- Medicine
- Nursing
- Pharmacy
- Bioinformatics
- Philosophy
- Economics
- Biology

Scanned by Scanner Go

Search:

| Title | Authors | Volume/Issue | Country | DOI Link |
|---|---|---|---|---|
| STUDY OF EFFICIENCY OF DETECTING M. TUBERCULOSIS BY AFB MICROSCOPY AND CBNAAT IN VARIOUS TISSUE/FLUIDS AND ITS IMPACT ON DIAGNOSIS OF TUBERCULOSIS | 1. Shital Bhadane 2. Dhruvi Patel | 03/02 | India | https://www.doi-ds.org/doilink/08.2022-91928162/UIJIR |
| THE MOMENTS OF INERTIA TIE-UP WITH FEMALE SIZE, HOURS OF SUNSHINE THROUGHOUT THE YEAR, LATITUDE, LONGITUDE AND MINIMUM TEMPERATURE IN RED MILLIPEDES CENTROBOLUS COOK, 1897 | M. Ian Cooper | 03/02 | South Africa | https://www.doi-ds.org/doilink/08.2022-76913842/UIJIR |
| FORMALIZATION OF INDIAN INFORMAL ECONOMY | Mandeep Kaur | 03/02 | India | https://www.doi-ds.org/doilink/08.2022-65755783/UIJIR |
| WILD EDIBLE FRUITS OF SITHIMANI HILL, BAGALKOT DISTRICT OF KARNATAKA, INDIA | 1. Arati Laddimat 2. Prashanth PKM | 03/02 | India | https://www.doi-ds.org/doilink/08.2022-57785218/UIJIR |
| JUNIOR HIGH SCHOOL TEACHERS USE OF MANIPULATIVE MATERIALS IN TEACHING MATHEMATICS IN THE UPPER WEST REGION OF GHANA | 1. Edward Abatanie Padmore 2. Prof. Michael Johnson Nabie | 03/02 | Africa | https://www.doi-ds.org/doilink/08.2022-93359538/UIJIR |
| GURU NANAK DEV'S SERVANTS (SEWAK) | Arshveer Singh | 03/02 | India | https://www.doi-ds.org/doilink/08.2022-89928824/UIJIR |

Scanned by Scanner Go

Universe International Journal of Interdisciplinary Research
(Peer Reviewed Refereed Journal)

© UIJIR | ISSN (O) – 2582-6417
JULY 2022 | Vol. 3 Issue 2
www.uijir.com

# GURU NANAK DEV'S SERVANTS (SEWAK)

**Author's Name:** Arshveer Singh

**Affiliation:** Research Scholar, Punjabi University, Patiala, Punjab, India

**E-Mail:** toofansingh641@gmail.com

**DOI No.** – 08.2020-25662434

***Abstract***

*The importance of Seva is accepted in all religions. Service in Indian society was the work done by a compelled and humble person for his master. They were the property of their master, and they had nothing to do but serve the master day and night. The concept of Seva is found in all the Dharam Granths of the world, if we talk about its literal meaning then according to Bhai Kahn Singh Nabha "Seva". Service. Worship. "Name does all service." Shevah. The way. Rule. "Gurmat Paaye Sehaj Seva." (Asa M: 1) 2 Habits. Temperament seva The pronunciation of seva in Sindhi is 'sheva' and it also means worship offering. The form of service is different in every religion. Serving in the Vedic religion was the work of the lower castes. "In ancient Indian (Hindu) society, service in the sense of worship (of the gods) was the prerogative of the upper caste Brahmins, whereas in the context of service (of the individual) it was delegated to the lower castes."*

***Keywords:*** *Servant, Seva, Religions, Dharam Granth*

## INTRODUCTION

The importance of Seva is accepted in all religions. Service in Indian society was the work done by a compelled and humble person for his master. They were the property of their master, and they had nothing to do but serve the master day and night. According to the alphabetical order, these persons (Shudras) were seated at the lowest place and were given leftover food to eat. The Gur sahib introduced the means of service and meditation to bring about change in religion and society and to lead a good life. Seva itself has been described as the means of salvation. The servant becomes the form of the master by serving his master as Sri Guru Nanak Dev Ji did the service of Bhai Lehna Ji and in the end became the form of the Guru.

## SERVICE: MEANING AND DEFINITION

The concept of Seva is found in all the Dharam Granths of the world, if we talk about its literal meaning then according to Bhai Kahn Singh Nabha "Seva". Service. Worship. "Name does all service." Shevah. The way. Rule. "Gurmat Paaye Sehaj Seva." (Asa M: 1) 2 Habits. Temperament seva The pronunciation of seva in Sindhi is 'sheva' and it also means worship offering.

The Encyclopaedia of Sikhism according to service "Sanskrit root sev (to serve, wait or attend upon, honor, or worship), is usually translated as 'service' or 'serving' which commonly relates to work paid for, but does not convey the sense. in which the term is used in the Sikh tradition. The word sevā has, in fact, had two distinct connotations; one, it means to serve, to attend, to render obedience to; and the second, to worship, to adore, to reverence, to pay homage to."

In GurBani, the synonyms of seva, tahal, chakri, kar, mashkat and bhagti are beads of the same series, which reinforces the worship and devotion performed under the devotion of God and Guru. According to which doing Naam Simran of God is the main service. Services to the Guru, service to the Sangat, etc. are focused on Naam Simran of God. As recorded in Gurbani: ਗੁਰੁ ਕੀ ਸੇਵਾ ਗੁਰ ਭਗਤਿ ਹੈ ਵਿਰਲਾ ਪਾਏ ਕੋਈ ||



Scanned by Scanner Go

Volume 43 Issue : I

ISSN : 0970-7689

April 2021

# PANCHBATI SANDESH

*Interdisciplinary Research Journal*

A BIANNUAL PUBLICATION

ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਦੀ ॥



Special Issue

Guru Teg Bahadur

Dr. Balbir Singh Sahitya Kendra, Dehradun

PUNJABI UNIVERSITY, PATIALA (INDIA)

(Established under Punjab Act No. 35 of 1961)

Scanned by Scanner Go

| | | |
|---|---|---|
| 12. ਸ੍ਰੀ ਗੁਰੂ ਤੇਗ ਬਹਾਦਰ ਸਾਹਿਬ : ਪ੍ਰਕਾਸ਼ ਅਤੇ ਗੁਰਿਆਈ (ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਵਿਸ਼ੇਸ਼ ਹਵਾਲੇ ਨਾਲ) | ਭੁਪਿੰਦਰਪਾਲ ਸਿੰਘ | 109 |
| 13. ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸਫ਼ਰਾਂ ਦਾ ਅਧਿਐਨ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਦੇ ਸੰਦਰਭ ਵਿਚ | ਡਾ. ਜਸਵਿੰਦਰ ਕੌਰ | 116 |
| 14. ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮਾਲਵਾ ਦੇਸ ਵਿਚਰਨਾ | ਅਰਸ਼ਬੀਰ ਸਿੰਘ | 125 |
| 15. ਸ੍ਰੀ ਗੁਰੂ ਤੇਗ ਬਹਾਦਰ ਜੀ : ਡਾ. ਤ੍ਰਿਲੋਚਨ ਸਿੰਘ ਦੇ ਦ੍ਰਿਸ਼ਟੀਕੋਣ ਵਿਚ | ਸਵਰਨਦੀਪ ਸਿੰਘ ਨੂਰ | 131 |
| 16. Guru Tegh Bahadur's Martyrdom | Prof. Harbans Singh | 149 |
| 17. Guru Tegh Bahadur Holy Travels to the East | Jagmohan Singh Gill | 155 |

Scanned by Scanner Go

Panchbati Sandesh (Interdisciplinary Research Journal)
Vol. 43 Issue 1, April-2021 - 125-130

Panchbati Sandesh
Interdisciplinary
Research Journal

# ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਮਾਲਵਾ ਦੇਸ ਵਿਚਰਨਾ
## (ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਅਤੇ ਤਵਾਰੀਖ ਗੁਰੂ ਖਾਲਸਾ ਦੇ ਹਵਾਲੇ ਨਾਲ)

*ਅਰਸ਼ਵੀਰ ਸਿੰਘ**
**ਖੋਜਾਰਥੀ, ਗੁਰੂ ਗੋਬਿੰਦ ਸਿੰਘ ਧਰਮ ਅਧਿਐਨ ਵਿਭਾਗ,, ਪੰਜਾਬੀ ਯੂਨੀ., ਪਟਿਆਲਾ*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਦਾਸੀਆਂ ਰਾਹੀਂ ਪਤਨ ਵਲ ਜਾ ਰਹੀ ਧਾਰਮਿਕ ਅਤੇ ਸਮਾਜਿਕ ਪਧਤੀ ਨੂੰ ਸਤ ਦਾ ਉਪਦੇਸ਼ ਦੇ ਕੇ ਮਨੁੱਖਤਾ ਅੰਦਰ ਧਰਮ ਦਾ ਉਥਾਨ ਕੀਤਾ। ਇਸ ਪਰਿਵਰਤਨ ਨਾਲ ਸੰਕੀਰਣਤਾ, ਕੁਚੇਸ਼ਟਾ ਅਤੇ ਕੁਰੀਤੀਆਂ ਵਿਨਸ਼ਟ ਹੋ ਗਈਆਂ ਅਤੇ ਕਲਿਆਣਕਾਰੀ ਆਦਰਸ਼ ਸਮਾਜ ਦੀ ਸਿਰਜਣਾ ਲਈ ਸੁਹਿਦਰਤਾ ਅਤੇ ਸੁਚੇਤਤਾ ਨਾਲ ਸੰਪੰਨ ਗੁਰਮੁਖ ਦਾ ਸੰਕਲਪ ਉਦੈ ਹੋਇਆ। ਗੁਰੂ ਨਾਨਕ ਦੇਵ ਜੀ ਦੀ ਨੌਵੀਂ ਜੋਤ ਗੁਰੂ ਤੇਗ ਬਹਾਦਰ ਜੀ ਨੇ ਇਸੇ ਰਵਾਇਤ ਦਾ ਅਨੁਸਰਣ ਕਰਦੇ ਹੋਏ ਆਨੰਦਪੁਰ ਸਾਹਿਬ ਤੋਂ ਚਲ ਕੇ ਮਾਲਵਾ, ਬਾਂਗਰ, ਆਗਰਾ, ਬਨਾਰਸ, ਤ੍ਰਿਬੈਣੀ ਸੰਗਮ, ਪਟਨਾ, ਆਸਾਮ, ਬੰਗਾਲ, ਉੜੀਸਾ ਆਦਿ ਸਥਾਨਾਂ ਦੀ ਯਾਤਰਾ ਕੀਤੀ ਹੈ। ਸਿੱਖ ਇਤਿਹਾਸਕਾਰਾਂ ਨੇ ਕਠਿਨ ਘਾਲਣਾ ਸਦਕਾ ਇਸ ਰਸਤੇ ਦੀ ਨਿਸ਼ਾਨਦੇਹੀ ਕਰਕੇ ਗੁਰੂ ਪਾਤਸ਼ਾਹ ਦੇ ਇਹ ਗੁਰਧਾਮ ਪ੍ਰਗਟ ਕੀਤੇ ਹਨ। ਇਸ ਪਰਚੇ ਰਾਹੀਂ ਅਸੀਂ ਮਹਾਂਕਵੀ ਭਾਈ ਸੰਤੋਖ ਸਿੰਘ ਰਚਿਤ 'ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ' ਅਤੇ ਗਿਆਨੀ ਗਿਆਨ ਸਿੰਘ ਰਚਿਤ 'ਤਵਾਰੀਖ ਗੁਰੂ ਖਾਲਸਾ' ਦੇ ਹਵਾਲੇ ਨਾਲ ਗੁਰੂ ਤੇਗ ਬਹਾਦਰ ਜੀ ਦੀ ਮਾਲਵਾ ਦੇਸ ਦੀ ਫੇਰੀ ਨੂੰ ਵਾਚਣ ਦਾ ਪ੍ਰਯਤਨ ਕੀਤਾ ਹੈ।

ਅਜੋਕੇ ਪੰਜਾਬ ਵਿਚ ਸਤਲੁਜ ਦਰਿਆ ਤੋਂ ਦਖਣ ਦੇ ਹਿਸੇ ਨੂੰ ਮਾਲਵਾ ਕਿਹਾ ਜਾਂਦਾ ਹੈ। ਮਹਾਨ ਕੋਸ਼ ਅਨੁਸਾਰ ਫਿਰੋਜਪੁਰ, ਲੁਧਿਆਣਾ, ਪਟਿਆਲਾ, ਨਾਭਾ, ਜੀਂਦ ਅਤੇ ਫਰੀਦਕੋਟ ਦਾ ਇਲਾਕਾ ਮਾਲਵਾ ਹੈ। ਇਸ ਧਰਤੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਵਰਦਾਨ ਨਾਲ ਸਰਸਬਜ਼ ਕੀਤਾ ਅਤੇ ਜੰਗਲ ਤੋਂ ਮਾਲਵਾ ਨਾਮ ਦਾ ਪ੍ਰਚਲਨ ਕੀਤਾ। ਇਤਿਹਾਸ ਵਿਚ ਕਥਾ ਹੈ ਕਿ ਜਦ ਗੁਰੂ ਗੋਬਿੰਦ ਸਿੰਘ ਜੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਵਿਰਾਜ ਰਹੇ ਸਨ, ਤਾਂ ਇਕ ਦਿਨ ਪਾਤਸ਼ਾਹ ਉਚੇ ਟਿਬੇ ਉਪਰ ਖੜ੍ਹੇ ਹੋਕੇ ਫ਼ਰਮਾਉਣ ਲਗੇ ਕਿ 'ਅਹੋ ਕਿਤਨੀ ਸੁੰਦਰ ਨਹਿਰ ਚਲ ਰਹੀ ਹੈ, ਕੈਸੇ ਮਨੋਹਰ ਅੰਬ ਫਲੇ ਹਨ, ਕੇਹੀ ਉਤਮ ਕਣਕ ਖੜੀ ਹੈ।' ਇਹ ਵਾਕ ਸੁਣ ਕੇ ਭਾਈ ਡੱਲੇ ਨੇ ਕਿਹਾ ਮਹਾਰਾਜ ਆਪ ਨੂੰ ਭੁਲੇਖਾ ਲਗਦਾ ਹੈ, ਇਥੇ ਇਹ ਵਸਤਾਂ ਕਿਥੇ? ਸੂਰਜ ਦੀ ਚਮਕ ਨਾਲ ਰੇਤ ਨਹਿਰ ਭਾਸਦੀ ਹੈ, ਅਕ ਅੰਬ ਪ੍ਰਤੀਤ ਹੁੰਦੇ ਹਨ, ਅਤੇ ਕਾਹੀਂ ਘਾਹ ਕਣਕ ਜੇਹੀ ਦਿਖਾਈ ਦਿੰਦੀ ਹੈ। ਗੁਰੂ ਸਾਹਿਬ ਨੇ ਬਚਨ ਕੀਤਾ, 'ਓ ਡੱਲਿਆ, ਤੂੰ ਨਹੀਂ ਜਾਣਦਾ ਕਿ ਮੈਂ ਇਸ ਮੁਲਕ ਨੂੰ ਮਾਲਵਾ ਬਣਾ ਦਿਤਾ ਹੈ ਅਰ ਸਭ ਪਦਾਰਥ ਇਸ ਦੇਸ ਨੂੰ ਬਖਸ਼ੇ ਹਨ।' (ਮਹਾਨ ਕੋਸ਼, 967) ਅਜ ਪਾਤਸ਼ਾਹ ਦੇ ਉਹ ਭਵਿਖਤ ਬਚਨ ਪੂਰੇ ਹੋਏ ਦੇਖ ਕੇ ਸੰਗਤ ਪਰਮਕ੍ਰਿਤਗਯ ਅਤੇ ਅਸਚਰਜ ਹੁੰਦੀ ਹੈ। ਗੁਰੂ ਤੇਗ ਬਹਾਦਰ ਜੀ ਦੇ ਸਮੇਂ ਇਸ ਇਲਾਕੇ ਦਾ ਨਾਮ ਜੰਗਲ ਦੇਸ ਸੀ ਇਸ ਲਈ ਮਹਾਂਕਵੀ ਭਾਈ ਸੰਤੋਖ ਸਿੰਘ ਗੁਰੂ ਪਾਤਸ਼ਾਹ ਦੀ ਇਸ ਇਲਾਕੇ ਦੀ ਫੇਰੀ ਨੂੰ 'ਜੰਗਲ ਦੇਸ ਬਿਚਰਨਿ' ਦੇ ਨਾਮ ਨਾਲ ਅੰਕਿਤ ਕਰਦਾ ਹੈ।

Scanned by Scanner Go

# [Ouriginal] 1% similarity - arshsingh0022@gmail.com

noreply@ouriginal.com <noreply@ouriginal.com>
Sat 2/18/2023 5:18 PM
To: tejinder99@live.in <tejinder99@live.in>

Document sent by: arshsingh0022@gmail.com
Document received: 2/18/2023 12:36:00 PM
Report generated 2/18/2023 12:48:10 PM by Ouriginal's system for automatic control.

Student message:

---------------------------------------------------------------------------

Document : Arshveer Singh Ph.D. Thesis.pdf[D158969079]
IMPORTANT! The analysis contains 1 warning(s).
About 1% of this document consists of text similar to text found in 35 sources. The largest marking is 22 words long and is 87% similar to its primary source.

PLEASE NOTE that the above figures do not automatically mean that there is plagiarism in the document. There may be good reasons as to why parts of a text also appear in other sources. For a reasonable suspicion of academic dishonesty to present itself, the analysis, possibly found sources and the original document need to be examined closely.

Click here to open the analysis:
https://secure.urkund.com/view/151767518-680272-357206

Click here to download the document:
https://secure.ouriginal.com/archive/download/158969079-664838-273131



Scanned by Scanner Go

# ਤਤਕਰਾ

ਪੰਨਾ

ਭੂਮਿਕਾ i-x

ਅਧਿਆਇ ਪਹਿਲਾ

ਸੇਵਾ: ਅਰਥ, ਪਰਿਭਾਸ਼ਾ ਤੇ ਸਰੂਪ 1-42

ਅਧਿਆਇ ਦੂਜਾ

ਗੁਰੂ ਸੇਵਕਾਂ ਦੇ ਸੰਦਰਭ ਵਿਚ ਸੇਵਾ 43-209

ਅਧਿਆਇ ਤੀਜਾ

ਸਾਧੂ ਜਨਾਂ ਦੁਆਰਾ ਸੇਵਾ 210-233

ਸਾਰ 234-242

ਪੁਸਤਕ ਸੂਚੀ 243-250

Scanned by Scanner Go

# ਪ੍ਰਮਾਣ ਪੱਤਰ

ਤਸਦੀਕ ਕੀਤਾ ਜਾਂਦਾ ਹੈ ਕਿ "ਗੁਰਮਤਿ ਸੇਵਾ ਦੇ ਅਧਿਆਤਮਕ ਸਰੋਕਾਰ:- ਇਕ ਵਿਸ਼ਲੇਸ਼ਣ" (ਗੁਰਬਾਣੀ ਅਤੇ ਇਤਿਹਾਸ ਅਨੁਸਾਰ) ਖੋਜ-ਪ੍ਰਬੰਧ ਖੋਜਾਰਥੀ ਅਰਸ਼ਵੀਰ ਸਿੰਘ ਨੇ ਮੇਰੀ ਨਿਗਰਾਨੀ ਹੇਠ ਪੂਰਾ ਕੀਤਾ ਹੈ। ਇਹ ਖੋਜਾਰਥੀ ਦੀ ਮੌਲਿਕ ਖੋਜ ਦਾ ਪ੍ਰਤੀਫਲ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਪੀਐਚ.ਡੀ. ਦੀ ਡਿਗਰੀ ਲਈ ਪੇਸ਼ ਕਰਨ ਦੀ ਆਗਿਆ ਦਿੰਦਾ ਹਾਂ।

ਮਿਤੀ : 4-9-2023

ਨਿਗਰਾਨ

ਡਾ. ਕੰਵਰਜੀਤ ਸਿੰਘ

ਰਿਟਾਇਰਡ ਪ੍ਰਿੰਸੀਪਲ

ਗੁਰਮਤਿ ਕਾਲਜ, ਪਟਿਆਲਾ

Scanned by Scanner Go

# ਘੋਸ਼ਣਾ ਪੱਤਰ

ਮੈਂ ਬਿਆਨ ਕਰਦਾ ਹਾਂ ਕਿ "ਗੁਰਮਤਿ ਸੇਵਾ ਦੇ ਅਧਿਆਤਮਕ ਸਰੋਕਾਰ:- ਇਕ ਵਿਸ਼ਲੇਸ਼ਣ" (ਗੁਰਬਾਣੀ ਅਤੇ ਇਤਿਹਾਸ ਅਨੁਸਾਰ) ਵਿਸ਼ੇ ਉਤੇ ਲਿਖੇ ਖੋਜ-ਪ੍ਰਬੰਧ ਵਿਚਲਾ ਖੋਜ-ਕਾਰਜ ਨਿਰੋਲ ਰੂਪ ਵਿਚ ਮੇਰਾ ਆਪਣਾ ਹੈ। ਇਸ ਵਿਚ ਕੋਈ ਅਜਿਹਾ ਕਾਰਜ ਸ਼ਾਮਿਲ ਨਹੀਂ, ਜਿਸ ਲਈ ਕਿਸੇ ਹੋਰ ਯੂਨੀਵਰਸਿਟੀ ਜਾਂ ਵਿਦਿਅਕ ਅਦਾਰੇ ਵਲੋਂ ਕੋਈ ਡਿਗਰੀ ਜਾਂ ਡਿਪਲੋਮਾ ਦਿਤਾ ਗਿਆ ਹੋਵੇ।

ਨਿਗਰਾਨ

ਡਾ. ਕੰਵਰਜੀਤ ਸਿੰਘ

ਰਿਟਾਰਿਡ ਪ੍ਰਿੰਸੀਪਲ

ਗੁਰਮਤਿ ਕਾਲਜ, ਪਟਿਆਲਾ

ਖੋਜਾਰਥੀ

ਅਰਸ਼ਵੀਰ ਸਿੰਘ

Scanned by Scanner Go

# ਧੰਨਵਾਦ

- ਸਭ ਤੋਂ ਪਹਿਲਾਂ ਮੈਂ ਅਕਾਲ ਪੁਰਖ ਅਗੇ ਸਿਜਦਾ ਕਰਦਾ ਹਾਂ ਕਿ ਜਿਸ ਦੀ ਬਖਸ਼ਿਸ਼ ਨੇ ਮੈਨੂੰ ਇਹ ਖੋਜ ਕਾਰਜ ਕਰਨ ਦੇ ਸਮਰਥ ਬਣਾਇਆ।
- ਮੈਂ ਆਪਣੇ ਨਿਗਰਾਨ ਡਾ. ਕੰਵਰਜੀਤ ਸਿੰਘ ਜੀ ਦਾ ਧੰਨਵਾਦੀ ਹਾਂ ਜਿੰਨ੍ਹਾਂ ਦੀ ਸੁਯੋਗ ਨਿਗਰਾਨੀ ਹੇਠ ਮੈਨੂੰ ਆਪਣਾ ਖੋਜ ਕਾਰਜ ਕਰਨ ਦਾ ਮੌਕਾ ਮਿਲਿਆ।
- ਮੈਂ ਡਾ. ਦਿਲਵਰ ਸਿੰਘ ਜੀ ਦਾ ਧੰਨਵਾਦੀ ਹਾਂ ਜਿੰਨ੍ਹਾਂ ਨੇ ਖੋਜ ਕਾਰਜ ਕਰਨ ਵਿਚ ਸਹਾਇਤਾ ਕੀਤੀ।
- ਮੈਂ ਭਾਈ ਕਾਨ੍ਹ ਸਿੰਘ ਨਾਭਾ ਤੇ ਡਾ. ਗੰਡਾ ਸਿੰਘ ਪੰਜਾਬੀ ਰੈਫਰੈਂਸ ਲਾਇਬ੍ਰੇਰੀ ਦੇ ਸਮੂਹ ਸਟਾਫ ਦਾ ਧੰਨਵਾਦੀ ਹਾਂ, ਜਿੰਨ੍ਹਾਂ ਦੀ ਸਹਾਇਤਾ ਬਿਨਾਂ ਇਹ ਖੋਜ ਕਾਰਜ ਸੰਪੂਰਨ ਹੋਣਾ ਔਖਾ ਸੀ।
- ਮੈਂ ਬਾਬਾ ਹਰਨੇਕ ਸਿੰਘ ਜੀ ਲੰਗਰਾਂ ਵਾਲੇ, ਬਾਬਾ ਪਰਦੀਪ ਸਿੰਘ ਜੀ ਬਧਨੀ ਕਲਾਂ ਵਾਲੇ, ਬਾਬਾ ਤੇਜਾ ਸਿੰਘ ਜੀ ਫਲਾਹਸਰ ਦਾ ਧੰਨਵਾਦੀ ਹਾਂ ਜਿੰਨ੍ਹਾਂ ਨੇ ਇਸ ਖੋਜ ਕਾਰਜ ਕਰਨ ਲਈ ਬਹੁਤ ਅਸੀਸਾਂ ਦਿਤੀਆ।
- ਮੈਂ ਭਾਈ ਅਮਨਦੀਪ ਸਿੰਘ ਭਾਈ ਰੂਪਾ, ਭਾਈ ਸਿਕੰਦਰ ਸਿੰਘ, ਭਾਈ ਬਜਿੰਦਰ ਸਿੰਘ ਤੇ ਮਨਜਿੰਦਰ ਸਿੰਘ ਦਾ ਧੰਨਵਾਦੀ ਹਾਂ ਜਿੰਨ੍ਹਾਂ ਨੇ ਗੁਰਬਾਣੀ ਤੇ ਇਤਿਹਾਸ ਸੰਬੰਧੀ ਪੈਂਦੇ ਸ਼ੰਕਿਆ ਨੂੰ ਦੂਰ ਕਰਨ ਲਈ ਹਰ ਸਮੇਂ ਸਹਾਇਤਾ ਕੀਤੀ।
- ਮੈਂ ਆਪਣੇ ਪਰਿਵਾਰ ਵਲੋਂ ਮਿਲੇ ਪਿਆਰ, ਵਿਸ਼ਵਾਸ਼ ਤੇ ਹੌਸਲਾ ਅਫਜ਼ਾਈ ਦਾ ਬਹੁਤ ਸ਼ੁਕਰਗੁਜ਼ਾਰ ਹਾਂ। ਮੇਰੇ ਪਿਤਾ ਸਿਰਦਾਰ ਹਰਜਿੰਦਰ ਸਿੰਘ, ਮਾਤਾ ਪਰਮਜੀਤ ਕੌਰ ਤੇ ਛੋਟੇ ਭਰਾ ਗੁਰਵੀਰ ਸਿੰਘ ਨੇ ਪਰਿਵਾਰਿਕ ਜ਼ਿੰਮੇਵਾਰੀਆਂ ਨੂੰ ਆਪਣੇ ਤਕ ਸੀਮਤ ਰਖ ਕੇ ਮੇਰੀ ਜ਼ਿੰਦਗੀ ਨੂੰ ਵਧੇਰੇ ਅਰਥ-ਪੂਰਨ ਬਣਾਇਆ।

ਅਰਸ਼ਵੀਰ ਸਿੰਘ

Scanned by Scanner Go

# ਭੂਮਿਕਾ

ਪੁਰਾਤਨ ਸਮਾਜ ਵਿਚ ਦੇਵਤਿਆਂ ਦੀ ਪੂਜਾ ਉਚ-ਜਾਤੀ ਦੇ ਲੋਕ ਕਰਦੇ ਸਨ, ਜਦ ਕਿ ਵਿਅਕਤੀਆਂ ਦੀ ਸੇਵਾ ਨੀਵੀਆਂ ਜਾਤਾਂ ਦੇ ਲੋਕ ਕਰਦੇ ਸਨ। ਸਿਖ ਸੰਦਰਭ ਵਿਚ ਸੇਵਾ ਦੇ ਦੋਵੇਂ ਅਰਥ ਅਭੇਦ ਦੇ ਪ੍ਰਤੀਕ ਹਨ ਜਿਵੇਂ ਕਿ ਸਮਾਨਤਾ ਦੇ ਭਾਵ ਵਿਚ ਸਿਖ ਧਰਮ ਜਾਤੀ ਭਿੰਨਤਾਵਾਂ ਨੂੰ ਨਹੀਂ ਮੰਨਦਾ ਅਤੇ ਇਸ ਕਰਕੇ ਸਿਖ ਧਰਮ ਵਿਚ ਕਿਸੇ ਇਕ ਜਾਤ ਨੂੰ ਮਹਤਵ ਨਹੀਂ ਦਿਤਾ ਜਾਂਦਾ। ਸਿਖ ਧਰਮ ਵਿਚ ਅਕਾਲ ਪੁਰਖ ਆਪਣੇ ਜੀਵਾਂ ਤੋਂ ਵਖ ਨਹੀਂ ਬਲਕਿ ਉਹ ਆਪਣੀ ਸ੍ਰਿਸ਼ਟੀ ਵਿਚ ਸਮਾਇਆ ਹੋਇਆ ਹੈ। ਇਸ ਤਰ੍ਹਾਂ ਅਕਾਲ ਪੁਰਖ ਦੀ ਸੇਵਾ ਨੂੰ ਹੀ ਅਸਲ ਵਿਚ ਪੂਜਾ ਦਾ ਰੂਪ ਸਮਝਿਆ ਜਾਂਦਾ ਹੈ। ਸਿਖ ਨੂੰ ਅਕਾਲ ਪੁਰਖ ਤੋਂ ਬਿਨ੍ਹਾਂ ਕਿਸੇ ਹੋਰ ਦੀ ਸੇਵਾ ਕਰਨ ਦੀ ਮਨਾਹੀ ਹੈ ਭਾਵ ਕਿ ਸਿਖ ਜਿਸਦੀ ਸੇਵਾ ਕਰ ਰਿਹਾ ਉਸ ਰਾਹੀਂ ਅਕਾਲ ਪੁਰਖ ਦੀ ਸੇਵਾ ਕਰ ਰਿਹਾ ਹੈ।

ਸਿਖ ਧਰਮ ਦੇ ਮੁਖ ਅੰਗਾਂ ਵਿਚੋਂ ਸੇਵਾ ਇਕ ਹੈ। ਇਹ ਸ਼ਖਸ਼ੀ ਤੇ ਪੰਥਕ ਰਹਿਤ ਦੋਵਾਂ ਵਿਚ ਸ਼ਾਮਲ ਹੈ। ਸੇਵਾ ਨਾਲ ਸਰੀਰ ਅਤੇ ਮਨ ਦੋਵੇਂ ਪਵਿਤਰ ਹੁੰਦੇ ਹਨ। ਗੁਰਮਤਿ ਵਿਚ ਸੇਵਾ ਤੇ ਭਗਤੀ ਮੁਕਤੀ ਦੇ ਸਾਧਨ ਮੰਨੇ ਗਏ ਹਨ। ਇਸ ਕਰਕੇ ਸੇਵਾ ਨੂੰ ਆਤਮਿਕ ਤਰਕੀ ਦੀ ਪੌੜੀ ਮੰਨਿਆ ਗਿਆ ਹੈ। ਗੁਰਮਤਿ ਵਿਚ ਸੇਵਾ ਗੁਰ ਪਰਮੇਸ਼ਵਰ, ਸਾਧ-ਸੰਗਤ, ਗੁਰਸਿਖਾਂ ਦੀ ਮੰਨੀ ਗਈ ਹੈ। ਜੇਕਰ ਸੇਵਾ ਦਿਖਾਵੇ ਲਈ ਜਾਂ ਕਿਸੇ ਡਰ ਦੇ ਅਧੀਨ ਕੀਤੀ ਜਾਵੇ ਤਾਂ ਉਹ ਮਨੁਖ ਦੀ ਸਵੈ-ਆਤਮਾ ਨੂੰ ਕਮਜ਼ੋਰ ਕਰ ਦਿੰਦੀ ਹੈ। ਗੁਰਮਤਿ ਵਿਚ ਪਾਖੰਡ ਅਤੇ ਦਿਖਾਵੇ ਲਈ ਕੀਤੀ ਸੇਵਾ ਦਾ ਖੰਡਨ ਕੀਤਾ ਗਿਆ ਹੈ। ਸ਼ਰਧਾ, ਪ੍ਰੇਮ, ਸਿਦਕ ਤੇ ਉਤਸ਼ਾਹ ਨਾਲ ਕੀਤੀ ਨਿਸ਼ਕਾਮ ਸੇਵਾ ਨੂੰ ਪ੍ਰਵਾਨ ਕੀਤਾ ਗਿਆ ਹੈ। ਸੰਸਾਰਕ ਪਦਵੀ, ਮਾਣ ਤੇ ਵਡਿਆਈ ਪ੍ਰਾਪਤ ਕਰਕੇ ਨਿਮਰਤਾ ਨਾਲ ਸੇਵਾ ਕਰਨੀ ਗੁਰਮਤਿ ਨੇ ਸਿਖਾਈ ਹੈ:

ਸੇਵਾ ਕਰਤ ਹੋਇ ਨਿਹਕਾਮੀ।। ਤਿਸ ਕਉ ਹੋਤ ਪਰਾਪਤਿ ਸੁਆਮੀ।।

(ਸ੍ਰੀ ਗੁਰੂ ਗ੍ਰੰਥ ਸਾਹਿਬ, 286)

ਸਿਖ ਦੇ ਅਧਿਆਤਮਕ ਜੀਵਨ ਲਈ ਸੇਵਾ ਜ਼ਰੂਰੀ ਹੈ ਤੇ ਇਹ ਉਚਤਮ ਤਪ ਹੈ। ਸਿਖ ਅਕਸਰ ਹੀ ਸੇਵਾ ਦਾ ਮੌਕਾ ਮੰਗਣ ਲਈ ਅਕਾਲ ਪੁਰਖ ਅਗੇ ਅਰਦਾਸ ਕਰਦੇ ਹਨ:

ਸੇਵਾ ਮੰਗੈ ਸੇਵਕੋ ਲਾਈਆ ਅਪੁਨੀ ਸੇਵ॥

(ਸ੍ਰੀ ਗੁਰੂ ਗ੍ਰੰਥ ਸਾਹਿਬ, 43)

ਸਿਖ ਸਿਧਾਂਤ ਵਿਚ ਤਨ, ਧਨ, ਮਨ, ਸੁਰਤਿ, ਸ਼ਬਦ ਤੇ ਸ਼ਹੀਦੀ ਦੀ ਸੇਵਾ ਪ੍ਰਵਾਨ ਕੀਤੀ ਗਈ ਹੈ। ਭਾਈ ਚੌਪਾ ਸਿੰਘ ਦੇ ਰਹਿਤਨਾਮੇ ਅਨੁਸਾਰ "ਗਰੀਬ ਦਾ ਮੂੰਹ ਗੁਰੂ ਕੀ ਗੋਲਕ" ਹੈ। ਜੋ ਕਿ ਹਿੰਦੂ ਧਰਮ ਵਿਚ ਬ੍ਰਾਹਮਣ ਦੇ ਬਣਾਏ ਅਸੂਲਾਂ ਤੋਂ ਵਖ ਹੈ। ਜੇ ਸੇਵਕ ਕਿਸੇ ਗਰੀਬ ਦੀ ਸੇਵਾ ਕਰ ਰਿਹਾ ਹੈ ਤਾਂ ਉਹ ਸੇਵਾ ਗੁਰੂ ਦੀ ਸੇਵਾ ਹੈ, ਜੇ ਸੇਵਕ ਦਾਨ ਦੇ ਰਿਹਾ ਹੈ ਤਾਂ ਵੀ ਗੁਰੂ ਨੂੰ ਹੀ ਦਾਨ ਦੇ ਰਿਹਾ ਹੈ। ਸੇਵਾ ਕਰਦਾ ਹੋਇਆ ਸੇਵਕ ਕਿਸੇ ਵਿਸ਼ੇਸ਼ ਦੀ ਸੇਵਾ ਨਹੀਂ ਕਰਦਾ ਬਲਕਿ ਉਸ ਰਾਹੀਂ ਅਕਾਲ ਪੁਰਖ ਦੀ ਸੇਵਾ ਕਰਦਾ ਹੈ। ਇਥੋਂ ਤਕ ਕਿ ਜੇਕਰ ਸੇਵਕ ਕਿਸੇ ਭੁਖੇ ਨੂੰ ਭੋਜਨ ਛਕਾਉਂਦਾ ਹੈ ਤਾਂ ਗੁਰਮਤਿ ਵਿਚ ਇਹ ਕਿਹਾ ਜਾਂਦਾ ਹੈ ਕਿ 'ਲੰਗਰ ਗੁਰੂ ਦਾ ਹੈ ਤੇ ਸੇਵਾ ਸਿਖਾਂ ਦੀ ਹੈ।' ਸਿਖ ਅਕਾਲ ਪੁਰਖ ਨਾਲ ਅਭੇਦ ਹੋਣ ਲਈ ਅਕਾਲ ਪੁਰਖ ਦੀ ਸੇਵਾ ਕਰਦਾ ਹੈ ਤੇ ਇਸ ਮਾਰਗ ਲਈ ਸੇਵਾ ਸਾਧਨ ਹੈ। ਪਰ ਸਿਖ ਧਰਮ ਵਿਚ ਅਕਾਲ ਪੁਰਖ ਨਿਰਾਕਾਰ ਤੇ ਸਾਕਾਰ ਦੋਵੇਂ ਰੂਪ ਵਿਚ ਹੈ। ਨਿਰਾਕਾਰ ਅਪਹੁੰਚ ਹੈ ਤੇ ਉਸ ਨੂੰ ਸਾਧਨਾ ਰਾਹੀਂ ਅਨੁਭਵ ਕੀਤਾ ਜਾ ਸਕਦਾ ਹੈ। ਇਸ ਤਰ੍ਹਾਂ ਅਕਾਲ ਪੁਰਖ ਦੀ ਸੇਵਾ ਉਸਦੇ ਸਾਕਾਰ ਸਰੂਪ ਨਾਲ ਸੰਬੰਧਿਤ ਹੈ ਜਿਸ ਵਿਚ ਉਸਦੇ ਜੀਵਾਂ, ਖਾਸ ਤੌਰ ਤੇ ਗੁਰਸਿਖਾਂ ਦੀ ਸੇਵਾ ਵੀ ਸ਼ਾਮਿਲ ਹੈ, ਪਰ ਮੁਖ ਸੰਬੰਧ ਨਿਰਾਕਾਰ ਨਾਲ ਹੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਨੇਕਾਂ ਵਾਰ ਸੇਵਾ ਕਰਨ ਦੀ ਤਾਕੀਦ ਕੀਤੀ ਗਈ ਹੈ। ਗੁਰਬਾਣੀ ਸਿਖੀ ਜੀਵਨ-ਜਾਂਚ ਦਾ ਆਧਾਰ ਹੈ। ਇਸ ਅੰਦਰ ਜੀਵਨ-ਜਾਂਚ ਦਾ ਇਕ ਵਿਕਸਤ ਹੁਨਰ ਸਥਾਪਿਤ ਕੀਤਾ ਗਿਆ ਹੈ। ਇਸ ਆਦਰਸ਼ ਦੀ ਸਥਾਪਤੀ ਹਿਤ ਜਿਥੇ ਗੁਰੂ ਸਾਹਿਬਾਨ ਨੇ ਆਪਣਾ ਸਾਰਾ ਜੀਵਨ ਲਗਾਇਆ ਹੈ, ਉਥੇ ਸਮੁਚੀ ਮਾਨਵਤਾ ਨੂੰ ਸੇਵਾ ਦੇ ਸਹੀ ਸੰਦਰਭ ਤੋਂ ਵੀ ਜਾਣੂ ਕਰਵਾਇਆ ਹੈ। ਗੁਰਮਤਿ ਵਿਚ ਸੇਵਾ ਦੇ ਆਦਰਸ਼ ਅਨੁਸਾਰ ਸਿਖ ਸੇਵਾਦਾਰ ਹੈ ਅਤੇ ਸਿਖੀ ਸੇਵਾ ਦਾ ਨਾਮ ਹੈ। ਸੇਵਾ ਨੂੰ ਅਕਾਲ ਪੁਰਖ ਦੀ ਪ੍ਰਾਪਤੀ

ਦਾ ਸਾਧਨ ਵੀ ਮੰਨਿਆ ਗਿਆ ਹੈ। ਗੁਰਮਤਿ ਅਨੁਸਾਰ ਸੇਵਾ ਤੇ ਸਿਮਰਨ ਦੋ ਅਜਿਹੇ ਥੰਮ ਹਨ, ਜਿਨ੍ਹਾਂ ਰਾਹੀਂ ਸੇਵਕ ਗੁਰਮਤਿ ਸਿਧਾਂਤਾਂ ਦੁਆਰਾ ਸਥਾਪਿਤ ਜੀਵਨ-ਜਾਂਚ ਜਿਉਂਦਾ ਹੈ। ਉਥੇ ਇਹਨਾਂ ਸਿਧਾਤਾਂ ਤੇ ਪਹਿਰਾ ਦੇ ਕੇ ਸਰਬੱਤ ਦਾ ਭਲਾ ਵੀ ਲੋਚਦਾ ਹੈ। ਅਸਲ ਵਿਚ ਸੇਵਾ ਤੇ ਸਿਮਰਨ ਦੋਵੇਂ ਹੀ ਸੇਵਾ ਦੇ ਹੀ ਰੂਪ ਹਨ।

ਏਸ਼ੀਆ ਮਹਾਂਦੀਪ ਵਿਚ ਸਿਖ ਧਰਮ ਬਹੁਤ ਨਵੀਨ ਧਰਮ ਹੈ। ਜਿਸ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਖੀ। ਇਸ ਨਵੀਨ ਧਰਮ ਦੀ ਧਰਮ ਚਿੰਤਨ ਨਾਲ ਸੰਬੰਧਿਤ ਪਹੁੰਚ ਵੀ ਨਵੀਂ ਹੈ। ਭਾਵੇਂ ਇਸ ਪਹੁੰਚ ਦੇ ਆਧਾਰ ਨੂੰ ਭਾਰਤ ਵਿਚ ਪ੍ਰਚਲਿਤ ਪੁਰਾਤਨ ਹਿੰਦੂ ਧਰਮ ਤੇ ਇਸਲਾਮ ਧਰਮ ਨਾਲ ਜੋੜਿਆ ਜਾਂਦਾ ਰਿਹਾ ਹੈ, ਪਰ ਅਜ ਸਿਖ ਧਰਮ ਵਿਚ ਸੇਵਾ ਦਾ ਸਿਧਾਂਤ ਨਿਵੇਕਲਾ ਹੈ, ਜਿਸ ਵਿਚ ਗੁਰੂ ਗ੍ਰੰਥ ਤੇ ਗੁਰੂ ਪੰਥ ਦੀ ਰਹਿਨੁਮਾਈ ਵਿਚ ਮਨੁਖਤਾ ਦੀ ਸੇਵਾ ਹੁੰਦੀ ਹੈ। ਦਸ ਗੁਰੂ ਦੇਹ ਰੂਪ ਵਿਚ ਸਨ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਖਤ ਸਚਖੰਡ ਸ੍ਰੀ ਹਜ਼ੂਰ ਅਬਿਚਲਨਗਰ ਸਾਹਿਬ ਵਿਖੇ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਤੇ ਜੁਗਤਿ ਪੰਥ ਵਿਚ ਪ੍ਰਵੇਸ਼ ਕੀਤੀ। ਹੁਣ ਜਦੋਂ ਸ਼ਬਦ ਗੁਰੂ ਹੈ ਤਾਂ ਸੇਵਾ ਦੇ ਸੰਕਲਪ ਵਿਚ ਵੀ ਬਦਲਾਵ ਆਉਣਾ ਸੁਭਾਵਿਕ ਸੀ। ਹੋਰਨਾਂ ਧਰਮਾਂ ਅਨੁਸਾਰ ਜਿਥੇ ਦੇਹਧਾਰੀ ਗੁਰੂ ਦੀ ਸੇਵਾ ਕਰਨਾ ਆਦਰਸ਼ ਸੀ, ਉਥੇ ਗੁਰਮਤਿ ਸਿਧਾਂਤ ਅਨੁਸਾਰ ਗੁਰੂ ਸ਼ਬਦ ਨੂੰ ਆਪਣੇ ਅੰਦਰ ਢਾਲ ਕੇ ਕੀਤੀ ਗਈ ਸੇਵਾ, ਸੇਵਾ ਅਖਵਾਉਂਦੀ ਹੈ। ਇਸ ਪਰਮ ਉਦੇਸ਼ ਦੀ ਪ੍ਰਾਪਤੀ ਲਈ ਗੁਰਮਤਿ ਅਨੁਸਾਰ ਦਰਸਾਈ ਗਈ ਜੀਵਨ-ਜਾਂਚ 'ਤੇ ਚਲਣਾ ਜ਼ਰੂਰੀ ਹੈ। ਇਹ ਜੀਵਨ-ਜਾਂਚ ਗੁਰੂ ਸਾਹਿਬਾਨ, ਭਗਤਾਂ, ਮਹਾਪੁਰਖਾਂ ਦੇ ਜੀਵਨ ਅਨੁਸਾਰ ਦਰਸਾਏ ਮਾਰਗ ਤੋਂ ਪ੍ਰਾਪਤ ਹੁੰਦੀ ਹੈ।

ਗੁਰੂ ਸਾਹਿਬਾਨ ਦੁਆਰਾ ਸਥਾਪਿਤ ਸੇਵਾ ਦੇ ਸਰੋਕਾਰ ਵਿਅਕਤੀਗਤ ਨਹੀਂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਸਿਖ ਧਰਮ ਦੇ ਮੁਢਲੇ ਅਸੂਲਾਂ ਦੀ ਸਥਾਪਤੀ ਨਾਲ ਹੀ ਸੇਵਾ ਦਾ ਸੰਕਲਪ ਸਾਹਮਣੇ ਆ ਗਿਆ ਸੀ। ਸਿਖ ਧਰਮ ਅਨੁਸਾਰ ਜਿਥੇ ਅਕਾਲ ਪੁਰਖ ਦਾ ਨਾਮ ਜਪਦਿਆਂ ਸੇਵਾ ਕਰਨਾ ਜਾਂ ਉਸਨੂੰ ਹਿਰਦੇ ਵਿਚ ਧਾਰਨ ਕਰਕੇ ਕਾਰਜ ਕਰਨਾ ਸੇਵਾ ਹੈ, ਉਥੇ ਵੰਡ ਕੇ ਛਕਣਾ ਵੀ ਸੇਵਾ ਹੈ। ਪੁਰਾਤਨ ਧਰਮਾਂ ਵਿਚ ਪਰਮਾਤਮਾ ਦਾ ਨਾਮ ਜਪਣ ਲਈ ਅਡੰਬਰ ਤੇ ਕਰਮ ਕਾਂਡ ਪ੍ਰਮੁਖ ਸਨ ਪ੍ਰੰਤੂ ਸਿਖ ਧਰਮ ਦੇ ਮੋਢੀਆਂ ਦੁਆਰਾ ਪੇਸ਼ ਕੀਤੇ ਸਰੋਕਾਰ ਇਹਨਾਂ ਅਡੰਬਰਾਂ ਤੇ ਕਰਮਕਾਡਾਂ ਤੋਂ ਬਿਨ੍ਹਾਂ ਹੀ ਅਕਾਲ ਪੁਰਖ ਦੀ ਅਰਾਧਨਾ

ਦਾ ਸੰਦੇਸ਼ ਦਿੰਦੇ ਹਨ। ਇਸ ਲਈ ਗੁਰੂ ਸਾਹਿਬਾਨ ਨੇ ਜੋ ਆਦਰਸ਼ ਪੇਸ਼ ਕੀਤੇ ਉਹਨਾਂ ਅਨੁਸਾਰ ਸਚ ਦੇ ਮਾਰਗ ਵਾਲੀ ਸੇਵਾ ਨੂੰ ਪ੍ਰਵਾਨਗੀ ਦਿਤੀ ਗਈ ਹੈ:

ਸੇਵਾ ਸੁਰਤਿ ਸਬਦਿ ਵੀਚਾਰਿ।। ਜਪੁ ਤਪੁ ਸੰਜਮ ਹਉਮੈ ਮਾਰਿ।।

(ਸ੍ਰੀ ਗੁਰੂ ਗ੍ਰੰਥ ਸਾਹਿਬ, 975)

ਗੁਰਮਤਿ ਵਿਚ ਰਹਿਤ ਮਰਿਯਾਦਾ ਭੰਗ ਹੋਣ 'ਤੇ ਮਿਲਣ ਵਾਲੀ ਤਨਖਾਹ ਨੂੰ ਸੇਵਾ ਦੇ ਤੌਰ 'ਤੇ ਪਰਵਾਨ ਕੀਤਾ ਜਾਂਦਾ ਹੈ। ਇਸ ਤਰ੍ਹਾਂ ਸੇਵਾ ਚਾਲ-ਚਲਨ ਨੂੰ ਸੰਵਾਰਨ ਦਾ ਕੰਮ ਕਰਦੀ ਹੈ। ਆਮ ਤੌਰ ਤੇ ਸਜ਼ਾ ਮਿਲਣ ਕਾਰਨ ਕਸੂਰਵਾਰ ਤੇ ਸਜ਼ਾ ਦੇਣ ਵਾਲੇ ਵਿਚਕਾਰ ਫਾਸਲਾ ਪੈਦਾ ਹੋ ਜਾਂਦਾ ਹੈ ਪਰ ਗੁਰਮਤਿ ਵਿਚ ਸਜ਼ਾ ਨੂੰ ਸੇਵਾ ਦੇ ਰੂਪ ਵਿਚ ਦੇਣ ਕਰਕੇ ਇਹ ਫਾਸਲਾ ਨਹੀਂ ਪੈਂਦਾ। ਸੇਵਕ ਦੁਆਰਾ ਸੇਵਾ ਨਿਭਾਈ ਜਾਂਦੀ ਹੈ, ਭੁਗਤੀ ਨਹੀਂ ਜਾਂਦੀ।

## ਪੂਰਵ ਅਧਿਐਨ ਸਰਵੇਖਣ

ਸ਼ਮਸ਼ੇਰ ਸਿੰਘ ਦੀ ਪੁਸਤਕ (*ਸਿਖ ਧਰਮ ਵਿਚ ਆਦਰਸ਼ ਮਨੁਖ ਦਾ ਸੰਕਲਪ*, ਪਟਿਆਲਾ, 1995) ਵਿਚ ਆਦਰਸ਼ ਜੀਵਨ ਮਨੁਖ ਬਾਰੇ ਲਿਖਿਆ ਗਿਆ ਹੈ ਜੋ ਪੰਜ ਗੁਣਾਂ ਦਾ ਧਾਰਨੀ ਹੁੰਦਾ ਹੈ ਤੇ ਪੰਜ ਅਵਗੁਣਾਂ ਦਾ ਤਿਆਗੀ ਹੁੰਦਾ ਹੈ। ਸੇਵਾ ਨੂੰ ਆਦਰਸ਼ ਪ੍ਰਾਪਤੀ ਦੇ ਸ੍ਰੋਤ ਵਜੋਂ ਲਿਆ ਗਿਆ ਹੈ। ਸੇਵਾ ਰਾਹੀਂ ਮਨੁਖ ਜੀਵਨ ਆਦਰਸ਼ ਪ੍ਰਾਪਤ ਕਰਨ ਦੇ ਸਮਰਥ ਹੁੰਦਾ ਹੈ। ਆਦਰਸ਼ਕ ਮਨੁਖ ਆਪਣਾ ਸਾਰਾ ਕੁਝ ਗੁਰੂ ਨੂੰ ਸਮਰਪਿਤ ਕਰ ਦਿੰਦਾ ਹੈ ਤੇ ਜਾਤ-ਪਾਤ ਦਾ ਤਿਆਗ ਕਰਕੇ ਜ਼ਿੰਦਗੀ ਬਤੀਤ ਕਰਦਾ ਹੈ।

ਗੁਲਵੰਤ ਸਿੰਘ ਦੀ ਪੁਸਤਕ (*ਗੁਰਮਤਿ ਸਾਹਿਤ ਚਿੰਤਨ,* ਅੰਮ੍ਰਿਤਸਰ, 1997) ਵਿਚ ਜਪੁ ਜੀ ਦੇ ਪੰਜ ਖੰਡਾਂ ਦੀ ਵਿਆਖਿਆ ਕੀਤੀ ਗਈ ਹੈ। ਧਰਮ ਖੰਡ ਵਿਚ ਧਰਮ ਦੀ ਕਮਾਈ ਕੀਤੀ ਜਾਂਦੀ ਹੈ। ਗਿਆਨ ਖੰਡ ਵਿਚ ਕੁਦਰਤ ਦੇ ਵਿਸ਼ਾਲ ਪਸਾਰੇ ਦਾ ਪਤਾ ਲਗਦਾ ਹੈ। ਜੀਵ ਨੂੰ ਪ੍ਰਭੂ ਦੀ ਖੇਡ ਅਤੇ ਆਪਣੀ ਪਦਵੀ ਦੀ ਸਮਝ ਆਉਂਦੀ ਹੈ। ਮਨ ਤੇ ਬੁਧੀ ਦੀ ਘਾੜਤ ਘੜਨੀ ਹੁੰਦੀ ਹੈ। ਸਰਮ ਖੰਡ ਵਿਚ ਜੀਵ ਦੀ ਸੁਰਤਿ ਦੀ ਘਾੜਤ ਘੜੀ ਜਾਂਦੀ ਹੈ। ਕਰਮ ਖੰਡ ਨੂੰ ਪ੍ਰਭੂ ਦੀ ਬਖਸ਼ਿਸ਼ ਦਾ ਦਰਜਾ ਦਸਿਆ ਗਿਆ ਹੈ। ਸਚਖੰਡ ਅੰਤਲਾ

ਪੜਾਅ ਹੈ, ਇਥੇ ਪੁਜ ਕੇ ਜਗਿਆਸੂ ਆਪਣੇ ਪ੍ਰਭੂ ਵਿਚ ਲੀਨ ਹੁੰਦਾ ਹੈ। ਇਸੇ ਦੇ ਨਾਲ ਹੀ ਸੇਵਾ ਬਾਰੇ ਲਿਖਿਆ ਗਿਆ ਹੈ ਕਿ ਸੇਵਾ ਇਕ ਅਧਿਆਤਮਕ ਸਾਧਨਾ ਹੈ, ਜਿਸਦੇ ਦੁਆਰਾ ਸੇਵਕ ਉਚੀ ਅਵਸਥਾ ਪ੍ਰਾਪਤ ਕਰਦਾ ਹੈ।

ਬਲਵੰਤ ਸਿੰਘ ਦੁਆਰਾ (*ਸੇਵਾ ਦਾ ਸਿਖ ਸੰਕਲਪ,* ਪਟਿਆਲਾ, 1998) ਸੰਪਾਦਕ ਪੁਸਤਕ ਵਿਚ ਸੇਵਾ ਦੇ ਸੰਕਲਪ ਨਾਲ ਸੰਬੰਧਿਤ ਵਿਦਵਾਨਾਂ ਦੇ 20 ਖੋਜ ਪੱਤਰ ਸ਼ਾਮਿਲ ਹਨ। ਪ੍ਰਿ. ਜੋਗਿੰਦਰ ਸਿੰਘ, ਪ੍ਰਿੰ. ਗੁਰਦੀਪ ਸਿੰਘ ਭੰਡਾਰੀ, ਪ੍ਰਿ. ਪ੍ਰਕਾਸ਼ ਸਿੰਘ, ਜੋਗਿੰਦਰ ਸਿੰਘ ਰੇਖੀ ਤੇ ਸੁਰਜੀਤ ਸਿੰਘ ਭਾਟੀਆ ਦੁਆਰਾ ਤਨ, ਮਨ, ਧਨ ਦੁਆਰਾ ਸੇਵਾ ਤੇ ਨਿਸ਼ਕਾਮ ਸੇਵਾ ਦੇ ਨਾਲ ਸੰਬੰਧਿਤ ਖੋਜ ਪੇਪਰਾਂ ਵਿਚ ਬਿਆਨ ਕੀਤਾ ਗਿਆ ਹੈ। ਆਸ਼ਾ ਨੰਦ ਵੋਹਰਾ, ਜਾਗੀਰ ਸਿੰਘ ਤੇ ਸੁਰਜੀਤ ਸਿੰਘ ਦੁਆਰਾ ਮਾਨਵਤਾ ਦੀ ਸੇਵਾ ਬਾਰੇ ਖੋਜ ਪੇਪਰਾਂ ਵਿਚ ਬਿਆਨ ਕੀਤਾ ਗਿਆ ਹੈ। ਬਲਬੀਰ ਕੌਰ, ਗੁਰਮੁਖ ਸਿੰਘ, ਬਲਦੇਵ ਸਿੰਘ ਤੇ ਕੁਲਵੰਤ ਸਿੰਘ ਦੁਆਰਾ ਗੁਰੂ ਦੀ ਸੇਵਾ, ਗੁਰੂ ਦੀ ਬਾਹਰੀ ਤੇ ਅੰਦਰਲੀ ਸੇਵਾ ਦੇ ਨਾਲ ਸੰਬੰਧਿਤ ਗੁਰਬਾਣੀ ਦੀ ਵਿਆਖਿਆ ਕੀਤੀ ਹੈ। ਨਵਰਤਨ ਕਪੂਰ ਦੁਆਰਾ ਸੇਵਾ ਦੇ ਯੋਗ ਹਸਤੀਆਂ ਦੇ ਆਦਰਸ਼, ਸੇਵਾ ਦੀਆਂ ਵਿਧੀਆਂ ਤੇ ਸੇਵਾ ਭਗਤੀ ਦੇ ਫਲ ਬਾਰੇ ਬਿਆਨ ਕੀਤਾ ਗਿਆ ਹੈ। ਗਿਆਨੀ ਬ੍ਰਹਮ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ ਦੁਆਰਾ ਭਾਈ ਲਹਿਣਾ ਜੀ, ਭਾਈ ਜੇਠਾ ਜੀ, ਗੁਰੂ ਅਰਜਨ ਦੇਵ ਜੀ, ਗੁਰੂ ਤੇਗ ਬਹਾਦਰ ਸਾਹਿਬ, ਗੁਰੂ ਗੋਬਿੰਦ ਸਿੰਘ ਤੇ ਭਾਈ ਘਨਈਆ ਦੀ ਸੇਵਾ ਬਾਰੇ ਬਿਆਨ ਕੀਤਾ ਗਿਆ ਹੈ। ਗੁਰਚਰਨ ਸਿੰਘ ਦੁਆਰਾ ਗੁਰਬਾਣੀ ਅਨੁਸਾਰ ਸੰਗਤ ਦੀ ਨਿਸ਼ਕਾਮ ਸੇਵਾ ਬਾਰੇ ਲਿਖਿਆ ਹੈ। ਗੁਰਮੁਖ ਸਿੰਘ ਦੁਆਰਾ ਸੇਵਾਪੰਥੀ ਸੰਪਰਦਾਇ ਦੇ ਬਾਨੀ ਭਾਈ ਘਨਈਆ, ਭਾਈ ਸੇਵਾ ਰਾਮ, ਸੰਤ ਸੁਬਾਇਆ ਸਿੰਘ ਦੀ ਸੇਵਾ ਬਾਰੇ ਖੋਜ ਪੱਤਰ ਲਿਖਿਆ ਗਿਆ ਹੈ।

ਜਸਬੀਰ ਸਿੰਘ ਸਾਬਰ ਦੁਆਰਾ (*ਗੁਰਮਤਿ ਵਿਚ ਬਹੁਪਖੀ ਸੇਵਾ ਦਾ ਸੰਕਲਪ,* ਲੁਧਿਆਣਾ, 2013) ਸੰਪਾਦਕ ਪੁਸਤਕ ਵਿਚ ਵਖ-ਵਖ ਵਿਦਵਾਨਾਂ ਦੁਆਰਾ ਸੇਵਾ ਨਾਲ ਸੰਬੰਧਿਤ ਖੋਜ ਪੱਤਰ ਸ਼ਾਮਿਲ ਕੀਤੇ ਗਏ ਹਨ। ਜਸਬੀਰ ਸਿੰਘ ਸਾਬਰ, ਕਿਰਪਾਲ ਸਿੰਘ ਬਡੂੰਗਰ, ਸੰਤ ਤੇਜਾ ਸਿੰਘ, ਰੂਪ ਸਿੰਘ, ਤੇਜਿੰਦਰ ਕੌਰ ਧਾਲੀਵਾਲ, ਗੁਲਜਾਰ ਸਿੰਘ ਕੰਗ ਦੁਆਰਾ ਤਨ, ਮਨ ਤੇ ਸੁਰਤਿ ਨਾਲ ਸੇਵਾ ਅਤੇ ਨਿਸ਼ਕਾਮ ਸੇਵਾ ਬਾਰੇ ਆਪਣੇ ਖੋਜ ਪੱਤਰਾਂ ਵਿਚ ਬਿਆਨ ਕੀਤਾ ਹੈ। ਸ਼ਸ਼ੀ ਬਾਲਾ, ਜਸਵਿੰਦਰ ਕੌਰ ਮਹਾਲ ਤੇ ਪਵਨ ਕੁਮਾਰ

ਦੁਆਰਾ ਮਾਨਵਤਾ ਦੀ ਸੇਵਾ ਬਾਰੇ, ਜਸਬੀਰ ਕੌਰ ਦੁਆਰਾ ਸੰਗੀਤ ਦੇ ਸੰਬੰਧ ਵਿਚ ਨਿਸ਼ਕਾਮ ਸੇਵਾ ਬਾਰੇ ਖੋਜ ਪੱਤਰ ਵਿਚ ਬਿਆਨ ਕੀਤਾ ਹੈ। ਵਨੀਤਾ ਕੌਰ ਦੁਆਰਾ ਹਥੀ ਸੇਵਾ ਤੇ ਧਨ ਨਾਲ ਸੇਵਾ ਕਰਕੇ ਸੰਸਥਾਵਾਂ ਦੇ ਨਿਰਮਾਣ ਕਰਨ ਬਿਆਨ ਕੀਤਾ ਗਿਆ ਹੈ। ਚੇਤਨ ਸਿੰਘ ਦੁਆਰਾ ਤਿਆਰ ਕੀਤੇ ਖੋਜ ਪੱਤਰ ਵਿਚ ਪੁਰਾਤਨ ਹਥ ਲਿਖਤਾਂ ਦੀ ਸੇਵਾ ਕਰਨ ਬਾਰੇ ਬਿਆਨ ਕੀਤਾ ਗਿਆ ਹੈ। ਗੁਰਮੇਲ ਸਿੰਘ ਦੁਆਰਾ ਤਿਆਰ ਕੀਤੇ ਖੋਜ ਪੱਤਰ ਵਿਚ ਗੁਰਬਾਣੀ ਲਿਖਣ ਦੀ ਸੇਵਾ ਕਰਨ ਵਾਲੇ ਸੇਵਕਾਂ ਬਾਰੇ ਚਾਨਣਾ ਪਾਇਆ ਗਿਆ ਹੈ। ਪ੍ਰਦੁਮਨ ਸ਼ਾਹ ਸਿੰਘ ਤੇ ਅਰਵਿੰਦ ਰੀਤੂ ਰਾਜ ਦੁਆਰਾ ਜੈਨ ਧਰਮ ਵਿਚ ਸੇਵਾ, ਬੁਧ ਧਰਮ ਵਿਚ ਸੇਵਾ ਦੇ ਸਰੂਪ ਬਾਰੇ ਖੋਜ ਪਤਰ ਲਿਖਿਆ ਗਿਆ ਹੈ।

## ਖੋਜ ਵਿਧੀ ਵਿਗਿਆਨ

ਇਸ ਖੋਜ ਕਾਰਜ ਦਾ ਮੁਖ ਸੰਬੰਧ ਧਰਮ ਨਾਲ ਹੋਣ ਕਰਕੇ ਇਸ ਨੂੰ ਧਰਮ-ਸ਼ਾਸ਼ਤਰੀ ਵਿਧੀ ਰਾਹੀਂ ਵੇਖਣ ਦਾ ਯਤਨ ਕੀਤਾ ਗਿਆ ਹੈ। ਧਰਮ ਅਧਿਐਨ ਦੇ ਯਥਾਰਥ ਮੁਲ ਦਾ ਮੁਲੰਕਣ ਕਰਨ ਵਾਲੀ ਧਰਮ-ਸ਼ਾਸਤਰੀ ਵਿਧੀ (Theological Approach) ਵਿਸ਼ਵ ਭਰ ਦੇ ਧਰਮ ਚਿੰਤਕਾਂ ਵਲੋਂ ਪ੍ਰਵਾਨ ਕੀਤੀ ਗਈ ਹੈ। ਧਰਮ ਸ਼ਾਸਤਰੀ ਵਿਧੀ ਦੁਆਰਾ ਗੁਰਬਾਣੀ ਅਨੁਸਾਰ ਸੇਵਾ ਤੇ ਸੇਵਕ ਬਾਰੇ ਜਾਣਿਆ ਗਿਆ ਹੈ। ਗੁਰਮਤਿ ਵਿਚ ਗੁਰੂ ਸੇਵਾ, ਹਰਿ ਦੀ ਸੇਵਾ ਦਾ ਆਦੇਸ਼ ਹੈ ਇਸਦੇ ਨਾਲ-ਨਾਲ ਉਨ੍ਹਾਂ ਜਨਾਂ ਦੀ ਸੇਵਾ ਦਾ ਵੀ ਆਦੇਸ਼ ਹੈ, ਜੋ ਸਦਾ ਅਕਾਲ ਪੁਰਖ ਦੀ ਹਜ਼ੂਰੀ ਵਿਚ ਵਸਦੇ ਹਨ ਤੇ ਉਨ੍ਹਾਂ ਨੇ ਅਕਾਲ ਪੁਰਖ (ਪ੍ਰਭੂ) ਨੂੰ ਪਛਾਣ ਲਿਆ ਹੈ:

ਮਨ ਮੇਰੇ ਤਿਨ ਕੀ ਓਟਿ ਲੇਹਿ।। ਮਨੁ ਤਨੁ ਅਪਨਾ ਤਿਨ ਜਨ ਦੇਹਿ।।

ਜਿਨਿ ਜਨਿ ਅਪਨਾ ਪ੍ਰਭੂ ਪਛਾਤਾ।। ਸੋ ਜਨੁ ਸਰਬ ਥੋਕ ਕਾ ਦਾਤਾ।।

(ਸ੍ਰੀ ਗੁਰੂ ਗ੍ਰੰਥ ਸਾਹਿਬ, 286)

ਸੋ ਇਸ ਪ੍ਰਕਾਰ ਧਰਮ ਦ੍ਰਿਸ਼ਟੀ ਦੇ ਰਾਹੀਂ ਸਮਝਣ ਦੀ ਕੋਸ਼ਿਸ਼ ਕੀਤੀ ਗਈ ਹੈ। ਗੁਰੂ ਸੇਵਕਾਂ ਤੇ ਸਾਧੂ ਜਨਾਂ ਦੁਆਰਾ ਕੀਤੀ ਗਈ ਸੇਵਾ ਦੇ ਸਰੋਕਾਰਾਂ ਦਾ ਅਧਿਐਨ ਇਤਿਹਾਸਕ ਵਿਧੀ ਰਾਹੀਂ ਕੀਤਾ ਗਿਆ ਹੈ।

ਇਤਿਹਾਸਕ ਵਿਧੀ ਰਾਹੀਂ ਖੋਜ ਦਾ ਮੁਖ ਨਿਸ਼ਾਨਾ ਅਤੀਤ ਦਾ ਪੁਨਰ ਨਿਰਮਾਣ ਕਰਨਾ ਹੁੰਦਾ ਹੈ। ਅਤੀਤ ਦਾ ਪੁਨਰ ਨਿਰਮਾਣ ਦਸਤਾਵੇਜ਼ਾਂ ਦੇ ਅਧਾਰ ’ਤੇ ਕੀਤਾ ਜਾਂਦਾ ਹੈ। ਇਸ ਵਿਧੀ ਰਾਹੀਂ ਸੇਵਕਾਂ ਦੁਆਰਾ ਵਖ-ਵਖ ਸਰੋਕਾਰਾਂ ਦੁਆਰਾ ਕੀਤੀਆਂ ਗਈਆਂ ਸੇਵਾਵਾਂ ਦੌਰਾਨ ਹੋਈਆਂ ਘਟਨਾਵਾਂ ਦਾ ਭਾਵਪੂਰਤ ਢੰਗ ਨਾਲ ਵਰਣਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸਾਧੂ ਜਨਾਂ ਦੀ ਸੇਵਾ ਬਾਰੇ ਜਾਣਨ ਲਈ ਸੰਵਾਰਤਾ ਵਿਧੀ ਦੀ ਵਰਤੋਂ ਵੀ ਕੀਤੀ ਗਈ ਹੈ ਕਿਉਂਕਿ ਗਹਿਰੀ ਜਾਣ-ਪਛਾਣ ਤੇ ਅੰਦਰੂਨੀ ਗਲ ਜਾਣਨ ਦਾ ਇਹੋ ਇਕ ਢੰਗ ਹੈ। ਬੁਨਿਆਦੀ ਰੂਪ ਵਿਚ ਇਸ ਖੋਜ ਰਾਹੀਂ ਇਹ ਜਾਣਨ ਦਾ ਯਤਨ ਕੀਤਾ ਗਿਆ ਹੈ ਕਿ ਗੁਰੂ ਸੇਵਕਾਂ ਤੇ ਸਾਧੂ ਜਨਾਂ ਦੁਆਰਾ ਕੀਤੀ ਗਈ ਸੇਵਾ ਦੇ ਕਿਹੜੇ-ਕਿਹੜੇ ਸਰੋਕਾਰ ਸਾਹਮਣੇ ਆਉਂਦੇ ਹਨ।

## ਅਧਿਆਇ ਵੰਡ

ਇਸ ਖੋਜ ਕਾਰਜ ਨੂੰ ਮੁਖ ਰੂਪ ਵਿਚ ਹੇਠ ਦਿਤੇ ਤਿੰਨ ਅਧਿਆਇਆਂ ਵਿਚ ਵੰਡਿਆ ਗਿਆ ਹੈ:

1. ਸੇਵਾ: ਅਰਥ, ਪਰਿਭਾਸ਼ਾ ਤੇ ਸਰੂਪ
2. ਗੁਰੂ ਸੇਵਕਾਂ ਦੇ ਸੰਦਰਭ ਵਿਚ ਸੇਵਾ
3. ਸਾਧੂ ਜਨਾਂ ਦੁਆਰਾ ਸੇਵਾ

## ਅਧਿਆਇ ਪਹਿਲਾ

ਪਹਿਲੇ ਅਧਿਆਏ ਵਿਚ ਸੇਵਾ ਦੇ ਅਰਥ, ਪਰਿਭਾਸ਼ਾ ਤੇ ਸਰੂਪ (ਸਾਮੀ ਧਰਮਾਂ ਵਿਚ, ਪੂਰਬੀ ਧਰਮਾਂ ਵਿਚ) ਨੂੰ ਉਜਾਗਰ ਕਰਨ ਦਾ ਯਤਨ ਕੀਤਾ ਗਿਆ ਹੈ। ਇਸਦੇ ਨਾਲ-ਨਾਲ ਤਨ, ਧਨ, ਮਨ, ਸੁਰਤਿ, ਸ਼ਬਦ ਤੇ ਸ਼ਹੀਦੀ ਦੀ ਸੇਵਾ ਦਾ ਅਧਿਐਨ ਕਰਨ ਦਾ ਵੀ ਯਤਨ ਕੀਤਾ ਗਿਆ ਹੈ। ਇਸ ਲਈ ਇਸ ਖੋਜ ਪ੍ਰਬੰਧ ਦਾ ਪਹਿਲਾ ਅਧਿਆਇ ਗੁਰਮਤਿ ਵਿਚ ਸੇਵਾ ਦੇ ਸਿਧਾਂਤ ’ਤੇ ਕੇਂਦਰਿਤ ਕੀਤਾ ਗਿਆ ਹੈ। ਤਨ, ਮਨ, ਧਨ ਦੀ ਸੇਵਾ ਦੁਆਰਾ ਸਾਧਕ ਨਿਮਰ, ਨਿਰਮਲ ਤੇ ਨਿਸ਼ਕਾਮ ਕਿਵੇਂ ਹੁੰਦਾ ਹੈ ਅਤੇ ਸੁਰਤਿ ਦੀ ਸੇਵਾ ਦੇ ਯੋਗ ਕਿਵੇਂ

ਬਣਦਾ ਹੈ? ਆਦਿ ਬਾਰੇ ਇਸ ਅਧਿਆਇ ਵਿਚ ਜ਼ਿਕਰ ਕੀਤਾ ਗਿਆ ਹੈ। ਇਸ ਤੋਂ ਇਲਾਵਾ ਸੇਵਕ ਦੇ ਅਰਥ, ਪਰਿਭਾਸ਼ਾ ਤੇ ਸੇਵਕ ਦੇ ਵਿਕਾਸ ਬਾਰੇ ਲਿਖਿਆ ਗਿਆ ਹੈ।

## ਅਧਿਆਇ ਦੂਜਾ

ਖੋਜ ਪ੍ਰਬੰਧ ਦਾ ਦੂਜਾ ਅਧਿਆਇ ਗੁਰਮਤਿ ਸੇਵਾ ਦੇ ਸਰੋਕਾਰਾਂ ਨਾਲ ਸੰਬੰਧਿਤ ਹੈ। ਗੁਰਮਤਿ ਵਿਚ ਸੇਵਾ ਨੂੰ ਸਮਰਪਿਤ ਗੁਰੂ ਸਾਹਿਬ ਦੇ ਸਮਕਾਲੀ ਸੇਵਕਾਂ ਨੇ ਆਪਣਾ ਸਾਰਾ ਜੀਵਨ ਉਹਨਾਂ ਸਰੋਕਾਰਾਂ 'ਤੇ ਲਗਾਇਆ, ਜਿਸ ਮਾਰਗ ਬਾਰੇ ਗੁਰੂ ਸਾਹਿਬਾਨ ਨੇ ਫੁਰਮਾਇਆ ਸੀ। ਦੂਜੇ ਅਧਿਆਇ ਦੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸੇਵਕਾਂ ਬਾਰੇ ਖੋਜ ਕਰਨ ਦਾ ਯਤਨ ਕੀਤਾ ਗਿਆ ਹੈ, ਜਿੰਨ੍ਹਾਂ ਨੇ ਆਪਣਾ ਤਨ, ਮਨ ਤੇ ਧਨ ਵਾਰ ਦਿਤਾ ਤੇ ਮਾਣ ਵਡਿਆਈਆਂ ਨੂੰ ਕੁਰਬਾਨ ਕਰ ਦਿਤਾ।

## ਅਧਿਆਇ ਤੀਜਾ

ਤੀਜੇ ਅਧਿਆਇ ਵਿਚ ਭਾਈ ਜਗਤਾ ਜੀ, ਸੰਤ ਸ਼ਾਮ ਸਿੰਘ, ਸੰਤ ਤੇਜਾ ਸਿੰਘ, ਸੰਤ ਸੁੰਦਰ ਸਿੰਘ ਤੇ ਬਾਬਾ ਜਸਾ ਸਿੰਘ ਦੁਆਰਾ ਕੀਤੀ ਗਈ ਸੇਵਾ ਬਾਰੇ ਅਧਿਐਨ ਕੀਤਾ ਗਿਆ ਹੈ। ਇਸ ਖੋਜ ਕਾਰਜ ਵਿਚ ਸੰਤ, ਸਾਧੂ ਜਨਾਂ ਦੀ ਸੇਵਾ ਆਦਿ ਸ਼ਬਦਾਵਲੀ ਨੂੰ ਗੁਰੂ ਗ੍ਰੰਥ ਸਾਹਿਬ ਅਨੁਸਾਰ ਅਧਿਐਨ ਕਰਨ ਦਾ ਯਤਨ ਕੀਤਾ ਗਿਆ ਹੈ। ਪਰ ਇਹ ਤਥ ਸ਼ਪਸ਼ਟ ਹੈ ਕਿ ਗੁਰੂ ਕਾਲ ਦੌਰਾਨ ਤੇ ਗੁਰੂ ਸਾਹਿਬਾਨ ਤੋਂ ਬਾਅਦ ਜੋ ਸੰਤ ਜਨਾਂ ਦੀ ਸੇਵਾ ਦੀ ਗਲ ਆਈ ਹੈ, ਉਹ ਸਾਧੂ/ਸੰਤ ਉਹੀ ਮਨੁਖ ਹਨ ਜਿਨ੍ਹਾਂ ਨੇ ਗੁਰ ਮਰਿਯਾਦਾ ਅਨੁਸਾਰ ਗੁਰੂ ਸਾਹਿਬਾਨ ਦੀ ਸੇਵਾ ਤੇ ਭਗਤੀ ਕੀਤੀ। ਗੁਰੂ ਸਾਹਿਬਾਨ ਦੇ ਸਰੀਰਕ ਤੌਰ 'ਤੇ ਚਲੇ ਜਾਣ ਤੋਂ ਬਾਅਦ ਉਹ ਗੁਰਸਿਖ ਖਾਲਸਾ ਪੰਥ ਦਾ ਹਿਸਾ ਬਣੇ, ਜਿਨ੍ਹਾਂ ਨੇ ਗੁਰ ਮਰਿਯਾਦਾ ਅਨੁਸਾਰ ਸੇਵਾ ਕਮਾਈ ਤੇ ਫਿਰ ਉਹਨਾਂ ਨੂੰ ਬਖਸ਼ਿਸ਼ ਪ੍ਰਾਪਤ ਹੋਈ। ਸ੍ਰੀ ਗੁਰੂ ਅਰਜਨ ਦੇਵ ਜੀ ਬਚਨ ਕਰਦੇ ਹਨ ਕਿ:

ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ।।

(ਸ੍ਰੀ ਗੁਰੂ ਗ੍ਰੰਥ ਸਾਹਿਬ, 763)

ਗੁਰੂ ਸਾਹਿਬ ਦੇ ਹਿਰਦੇ ਦਾ ਭੇਦ ਹਰ ਮਨੁਖ ਦੀ ਸਮਝ ਵਿਚ ਨਹੀਂ ਪੈ ਸਕਦਾ ਕਿ ਗੁਰੂ ਸਾਹਿਬ ਨੂੰ ਕੀ ਚੰਗਾ ਲਗਦਾ ਹੈ। ਸੋ ਗੁਰੂ ਸਾਹਿਬ ਦੀ ਪ੍ਰਸੰਨਤਾ ਹਾਸਲ ਕਰਨ ਕਠਿਨ ਹੈ। ਪਰ ਗੁਰੂ ਸਾਹਿਬ ਸਚੇ ਸਿਖਾਂ ਦੇ ਹਿਰਦੇ ਵਿਚ ਵਿਆਪਕ ਹਨ ਕਿਉਂਕਿ ਉਹਨਾਂ ਨੂੰ ਗੁਰੂ ਸਾਹਿਬ ਜੋ ਆਗਿਆ ਦਿੰਦੇ ਹਨ ਉਹੋ ਕਾਰਜ ਗੁਰਸਿਖ ਕਰਦੇ ਹਨ। ਗੁਰੂ ਸਾਹਿਬ ਉਹਨਾਂ ਸਿਖਾਂ ਦੀ ਸੇਵਾ ਕਬੂਲ ਕਰਦੇ ਹਨ। ਸ੍ਰੀ ਗੁਰੂ ਅਰਜਨ ਦੇਵ ਜੀ ਬਚਨ ਕਰਦੇ ਹਨ ਕਿ:

ਗੁਰਸਿਖਾਂ ਅੰਦਰਿ ਸਤਿਗੁਰੂ ਵਰਤੈ ਜੋ ਸਿਖਾਂ ਨੋ ਲੋਚੈ ਸੋ ਗੁਰ ਖੁਸੀ ਆਵੈ॥

ਸਤਿਗੁਰੁ ਆਖੈ ਸੁ ਕਾਰ ਕਮਾਵਨਿ ਸੁ ਜਪੁ ਕਮਾਵਹਿ ਗੁਰਸਿਖਾਂ ਕੀ ਘਾਲ ਸਚਾ ਥਾਇ ਪਾਵੈ॥

(ਸ੍ਰੀ ਗੁਰੂ ਗ੍ਰੰਥ ਸਾਹਿਬ, 317)

ਗੁਰਸਿਖਾਂ ਦੀ ਸੇਵਾ ਦਾ ਉਲੇਖ ਭਾਈ ਗੁਰਦਾਸ ਜੀ ਨੇ ਕਬਿਤ ਵਿਚ ਖਾਸ ਤੌਰ ’ਤੇ ਕਰਦੇ ਹਨ:

ਪੰਚ ਬਾਰ ਗੰਗ ਜਾਇ ਬਾਰ ਪੰਚ ਪ੍ਰਾਗ ਨਾਇ ਤੈਸਾ ਪੁੰਨ ਏਕ ਗੁਰਸਿਖ ਕਉ ਨਵਾਏ ਕਾ॥

(ਭਾਈ ਗੁਰਦਾਸ ਜੀ, ਕਬਿਤ 673)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਖਾਲਸੇ ਨੂੰ ਆਪਣਾ ਰੂਪ ਮੰਨਿਆ ਹੈ ਤੇ ਬਚਨ ਕੀਤੇ ਕਿ ਜਿਸਨੇ ਨਾਮ ਰਸ ਪ੍ਰਾਪਤ ਕੀਤਾ, ਉਹ ਖਾਲਸਾ ਹੈ:

ਆਤਮ ਰਸ ਜਿਹ ਜਾਨਹੀ ਸੋ ਹੈ ਖਾਲਸ ਦੇਵ॥

ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਿਕ ਨਾਹਿਨ ਭੇਵ॥

(ਸ੍ਰੀ ਸਰਬਲੋਹ ਗ੍ਰੰਥ, 669)

ਅਜਿਹੇ ਸਾਧੂ ਜਨਾਂ (ਗੁਰਸਿਖਾਂ) ਦੀ ਸੇਵਾ ਬਾਰੇ ਦਸਣਾ ਹੀ ਇਸ ਅਧਿਆਇ ਦਾ ਮੰਤਵ ਹੈ। ਇਸ ਅਧਿਆਇ ਦਾ ਮੌਜੂਦਾ ਡੇਰਾਵਾਦ ਦੀ ਸਮਸਿਆ ਨਾਲ ਕੋਈ ਸਰੋਕਾਰ ਨਹੀਂ ਹੈ।

ਸੰਤਾਂ ਦੇ ਨਜ਼ਦੀਕ ਰਹਿੰਦੇ ਗੁਰਸਿਖਾਂ (ਭਾਈ ਜਗਤਾ ਰਾਮ ਜੀ, ਸੰਤ ਸ਼ਾਮ ਸਿੰਘ, ਸੰਤ ਤੇਜਾ ਸਿੰਘ, ਸੰਤ ਸੁੰਦਰ ਸਿੰਘ ਤੇ ਬਾਬਾ ਜਸਾ ਸਿੰਘ) ਨੇ ਗੁਰੂ ਸੇਵਕਾਂ ਦੁਆਰਾ ਪਾਈਆਂ ਹੋਈਆਂ ਲੀਹਾਂ 'ਤੇ ਚਲਦਿਆਂ ਅਨੇਕਾਂ ਪ੍ਰਕਾਰ ਦੀਆਂ ਸੇਵਾਵਾਂ ਕੀਤੀਆਂ। ਸੋ ਗੁਰੂ ਸਾਹਿਬਾਨ ਦੁਆਰਾ ਦਿਤੇ ਸੇਵਾ ਦੇ ਸਿਧਾਂਤ ਨੂੰ ਮੁਖ ਰਖ ਕੇ ਸਾਧੂ ਜਨਾਂ ਨੇ ਜਲ ਦੀ ਸੇਵਾ, ਗੁਰਸਿਖਾਂ ਨੂੰ ਸੁਖ ਦੇਣ ਲਈ ਮੁਠੀ-ਚਾਪੀ ਕਰਨਾ, ਗੁਰਬਾਣੀ ਸੰਥਿਆ ਦੇਣੀ, ਜ਼ਖਮੀਆਂ ਨੂੰ ਪਟੀਆਂ ਕਰਨੀਆਂ, ਗੁਰਮੁਖੀ ਪੜ੍ਹਾਉਣਾ, ਸਰੋਵਰ ਦੀ ਸੇਵਾ, ਕੀਰਤਨ ਕਰਨਾ ਆਦਿ ਸੇਵਾਵਾਂ ਕਰਵਾਈਆਂ। ਸਿਖ ਧਰਮ ਦੀਆਂ ਸੰਪਰਦਾਵਾਂ ਵਿਚ ਹੁਣ ਤਕ ਇਹ ਸੇਵਾਵਾਂ ਨਿਰੰਤਰ ਚਲ ਰਹੀਆਂ ਹਨ।

ਇਸ ਖੋਜ ਕਾਰਜ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮਕਾਲੀ ਸੇਵਕਾਂ ਦੁਆਰਾ ਕੀਤੀ ਗਈ ਸੇਵਾ ਤੇ ਸਾਧੂ ਜਨਾਂ ਦੁਆਰਾ ਕੀਤੀ ਗਈ ਸੇਵਾ ਨੂੰ ਅਕਾਦਮਿਕ ਜਗਤ ਵਿਚ ਪੇਸ਼ ਕਰਨ ਦਾ ਯਤਨ ਕੀਤਾ ਗਿਆ ਹੈ।